# ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ

ਅਤੇ

# 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ

ਸਤਨਾਮ ਸਿੰਘ ਖਾਲਸਾ

ਕੇਵਲ 150/ ਰੁਪਏ

Krishnan


14.12.1992

# ੧ਓ

# ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ

ਅਤੇ

# 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ



# ਹਰਿਮੰਦਰ ਮਹਿ ਹਰਿ ਵਸੈ

ਸਿੱਖ ਧਰਮ ਦੀ ਇਹ ਵੱਡਮੁਲੀ ਇਤਿਹਾਸਕ ਡਾਇਰੈਕਟਰੀ ਆਪਣੇ ਗੁਰੂ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ, ਇਸ ਪਾਵਨ ਧਰਤੀ ਨੂੰ ਅਰਪਨ ਕੀਤੀ ਜਾ ਰਹੀ ਹੈ।

ਸੰਸਾਰ ਦਾ ਇਤਿਹਾਸ ਹੰਕਾਰੀ ਜ਼ਾਲਮ ਰਾਜੇ ਸ਼ੀਂਹ ਮੁਕਦਮ ਕੁਤਿਆਂ ਦੇ ਅਤਿਆਚਾਰਾਂ ਨਾਲ ਭਰਪੂਰ ਹੈ। ਈਸਾਈ, ਯਹੂਦੀ, ਪਾਰਸੀ, ਅਰਬ ਦੇਸ਼ਾਂ ਦੇ ਸ਼ੀਹਾ, ਸੁਨੀ ਆਪਣੇ ਇਸ਼ਟ ਯਸੂਹ ਮਸੀਹ ਅਤੇ ਮੁਹੰਮਦ ਬਾਰੇ ਕਹਿੰਦੇ ਤਾਂ ਹਨ ਕਿ ਰੱਬ ਦੇ ਬੰਦਿਆਂ ਨਾਲ ਪਿਆਰ ਕੀਤਾ ਜਾਵੇ, ਪਰ ਅਰਬਾਂ ਡਾਲਰ ਖਰਚ ਕਰਕੇ ਸਰਬ ਨਾਸ ਵਾਲੇ ਬੰਬ, ਰਾਕਟ, ਮਿਜ਼ਾਈਲਾਂ, ਟੈਂਕ, ਤੋਪਾਂ ਨਾਲ ਰੱਬ ਦੇ ਬੰਦਿਆਂ ਦਾ ਤਾਂ ਕੀ, ਸਗੋਂ ਪਸ਼ੂ ਪੰਛੀਆਂ, ਜਲ-ਚਰਾਂ ਨੂੰ ਵੀ ਨਸ਼ਟ ਕਰਕੇ ਆਪਣੇ ਇਸ਼ਟਾਂ ਦੇ ਉਪਦੇਸ਼ਾਂ ਦੀ ਅਸਲੀਅਤ ਦਾ ਸਬੂਤ ਕਿਸ ਤਰ੍ਹਾਂ ਦਰਸਾ ਰਹੇ ਹਨ ?

ਸਤਿਗੁਰੂ ਨਾਨਕ ਦੇਵ ਜੀ ਨੇ ਹਰ ਕਿਸੇ ਨੂੰ ਬ੍ਰਹਮੰਡ ਦੇ ਸਦੀਵੀ ਮਾਲਕ ਅਕਾਲ ਪੁਰਖ ਦਾ ਸਿਮਰਨ, ਸ਼ੁਕਰ ਕਰਨ, ਘਾਲਿ ਖਾਇ ਕਿਛੁ ਹਥਹੁ ਦੇਇ, ਸਰਬਤ ਦੇ ਭਲੇ ਦਾ ਉਪਦੇਸ਼ ਦਿਤਾ ਹੈ।

ਸਿੱਖ ਧਰਮ ਦਾ ਇਤਿਹਾਸ ਸਾਰੇ ਧਰਮਾਂ ਦੇ ਇਤਿਹਾਸ ਨਾਲੋਂ ਮਹਾਨ ਗੌਰਵਮਈ ਹੈ, ਪਰ ਪ੍ਰਚਾਰ ਦੀ ਘਾਟ ਹੈ। ਆਪਣੇ ਗੌਰਵਮਈ ਵਿਰਸੇ, ਇਤਿਹਾਸ ਦੀ ਵੱਡਮੁੱਲੀ ਸੁਗਾਤ ਦਾ ਪ੍ਰਚਾਰ ਹਰ ਘਰ ਤਕ ਕਰਨ ਵਾਸਤੇ ਹਰ ਮਾਈ ਭਾਈ ਨੂੰ ਆਪਣੇ ਦਸਵੰਧ ਵਿਚੋਂ ਵੱਧ ਤੋਂ ਵੱਧ ਹਿੱਸਾ ਪਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਲਾਭ ਉਠਾਉਣ ਦੀ ਬਹੁਤ ਲੋੜ ਹੈ। ਇਹ ਸੰਗਤਾਂ ਦੇ ਉਦਮ ਅਤੇ ਸਹਿਯੋਗ ਨਾਲ ਹੀ ਹੋਣਾ ਹੈ ਜੀ !

ਗੁਰ ਸਿਖਾਂ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥

ਗੁਰੂ ਪੰਥ ਦਾ ਸੇਵਕ

**ਸਤਨਾਮ ਸਿੰਘ ਖਾਲਸਾ**

ਐਡਵੋਕੇਟ

ਹੈਪੀ ਨਿਵਾਸ

ਗੋਬਿੰਦਪੁਰਾ,

ਡਾਕਖਾਨਾ ਰੇਅਨ ਮਿਲਜ਼,

ਸ਼ੇਰ ਸ਼ਾਹ ਸੂਰੀ ਰੋਡ,

ਸ੍ਰੀ ਅੰਮ੍ਰਿਤਸਰ-143104

# ਵਾਹਿਗੁਰੂ ਨਾਮ ਜਹਾਜ਼ ਹੈ

ਸਤਿਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਭਾਵੇਂ ਇਤਨੇ ਬ੍ਰਹਮਾ ਵਿਸ਼ਨੂੰ, ਮਹੇਸ਼, ਗਨੇਸ਼, ਰਾਮ, ਕ੍ਰਿਸ਼ਨ, ਗੌਤਮ, ਜੈਨੀ, ਜੋਗੀ, ਗੋਰਖ ਨਾਥ, ਸਿਧ ਪੀਰ, ਮੂਸਾ, ਈਸਾ, ਮੁਹੰਮਦ ਅਨੇਕਾਂ ਅਵਤਾਰ, ਨਬੀ, ਪੈਗੰਬਰ ਹੋ ਚੁੱਕੇ ਹਨ, ਪਰ ਕਿਸੇ ਨੇ ਵੀ ਆਮ ਲੋਕਾਂ ਨੂੰ ਬ੍ਰਹਮੰਡ ਦੇ ਸਦੀਵੀ ਮਾਲਕ, ਅਕਾਲ ਪੁਰਖ ਦੀ ਸੂਝ ਗਿਆਨ ਨਹੀਂ ਦਿਤਾ, ਸਗੋਂ ਹਰ ਕਿਸੇ ਨੇ ਆਪਣੇ ਨਾਮ ਦੇ ਪੰਥ, ਫ਼ਿਰਕੇ ਅਖੌਤੀ ਧਰਮ ਚਲਾ ਕੇ ਆਪਣੀ ਆਪਣੀ ਪੂਜਾ ਵਡਿਆਈ ਕਰਵਾਉਣੀ ਸ਼ੁਰੂ ਕਰ ਦਿਤੀ ਅਤੇ ਧਰਤੀ ਦੇ ਇਨਸਾਨਾਂ ਵਿਚ ਆਪਸੀ ਇਲਾਕਿਆਂ, ਫਿਰਕਿਆਂ, ਵਿਚਾਰਾਂ, ਗਰੀਬ ਅਮੀਰ, ਜ਼ਾਤ ਪਾਤ, ਹਿੰਦੂ ਪੰਡਤ, ਮੁਸਲਮਾਨ ਦੇ ਫਿਰਕੂ ਦੰਗੇ ਨਫ਼ਰਤ ਅਤੇ ਕਤਲ ਕਰਵਾਉਣੇ ਸ਼ੁਰੂ ਕਰਵਾ ਦਿਤੇ। "ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ" ਸੰਨ ੭੧੨ ਤੋਂ ਮੁਹੰਮਦ ਦੇ ਇਸਲਾਮ ਦੇ ਦੁਸ਼ਟ ਮੁਹੰਮਦੇ ਬਿਨ ਕਾਸਮ ਵਲੋਂ ਜ਼ੁਲਮ ਦੀ ਤਲਵਾਰ ਨਾਲ ਭਾਰਤ ਦੇ ਜ਼ਾਤ ਅਭਿਮਾਨੀ ਗੰਗੂ ਪੰਡਤਾਂ, ਅਹਿੰਸਾਵਾਦੀ ਅਤੇ ਨਾਸਤਕ ਜੈਨੀ ਬੋਧੀ ਭਿਖਸ਼ੂਆਂ ਦੇ ਕਤਲ ਇਕ ਹਜ਼ਾਰ ਸਾਲ ਹੁੰਦੇ ਰਹੇ, ਕਰੋੜਾਂ ਹੀ ਮੁਸਲਮਾਨ ਬਣ ਗਏ, ਕਿਸੇ ਤਰਸ਼ੂਲਧਾਰੀ ਨੇ ਹਿੰਦੂ ਧਰਮ ਅਤੇ ਦੇਸ਼ ਖ਼ਾਤਰ ਕੋਈ ਕੁਰਬਾਨੀ ਦੇਣ ਦਾ ਹੌਂਸਲਾ ਹੀ ਨਹੀਂ ਕੀਤਾ।

ਇਨ੍ਹਾਂ ਅਖੌਤੀ ਆਗੂਆਂ ਦੇ ਜੀਵਨ ਆਚਰਨ ਪਵਿੱਤਰ ਨਹੀਂ ਸਨ, ਸੋਮ ਰਸ ਸ਼ਰਾਬ ਅਤੇ ਹੋਰ ਅਨੇਕ ਪ੍ਰਕਾਰ ਦੇ ਨਸ਼ਿਆਂ ਦੇ ਸੇਵਨ ਕਰਦੇ, ਕੁਕਰਮ ਕਰਦੇ, ਆਮ ਜਨਤਾ ਗਰੀਬ, ਅਨਪੜ੍ਹ, ਬੇ-ਸਮਝ ਸੀ। ਗੁਰੂ ਨਾਨਕ ਦੇਵ ਜੀ ਨੇ ਹਰ ਕਿਸੇ ਇਨਸਾਨ ਨੂੰ ਅਕਾਲ ਪੁਰਖ ਦੀ ਸੂਝ ਗਿਆਨ, ਮੂਲ-ਮੰਤਰ ਰਾਹੀਂ ਦ੍ਰਿੜ੍ਹ ਕਰਵਾਇਆ, ਅਣਖ ਇਜ਼ਤ, ਬਰਾਬਰੀ ਅਤੇ ਆਪਸੀ ਪਿਆਰ, ਇਨਸਾਨੀ ਹਮਦਰਦੀ ਗਰੀਬਾਂ ਅਨਾਥਾਂ ਨਾਲ ਦਯਾ ਭਾਵਨਾ

ਵਾਲਾ ਸਲੂਕ ਕਰਨ ਅਤੇ ਨਿਰਮਲ ਕਰਮ ਕਰਨ ਦਾ ਉਪਦੇਸ਼ ਦਿਤਾ ।

ਗੁਰੂ ਨਾਨਕ ਦੇਵ ਜੀ ਨੇ ਦੁਸ਼ਟ ਬਾਬਰ ਨੂੰ ਜਾਬਰ ਕਿਹਾ ਜੇਲ ਵਿਚ ਚੱਕੀ ਪੀਸ ਕੇ ਹੋਰਨਾਂ ਦਰਵੇਸ਼ਾਂ ਨੂੰ ਵੀ ਰਿਹਾ ਕਰਵਾਇਆ ।

ਗੁਰੂ ਨਾਨਕ ਦੇਵ ਜੀ ਨੇ ਹੋਰਨਾਂ ਧਰਮਾਂ ਦੇ ਅਵਤਾਰਾਂ, ਪੈਗੰਬਰਾਂ ਵਾਂਗ ਆਪਣੇ ਜਨਮ ਅਸਥਾਨ ਨੂੰ ਧਰਮ ਦਾ ਮਹਾਨ ਕੇਂਦਰ ਨਹੀਂ ਬਣਾਇਆ ਸਗੋਂ ਅਕਾਲ ਪੁਰਖ ਦੀ ਪਵਿਤਰ ਧਰਤੀ ਅੰਮ੍ਰਿਤਸਰ ਨੂੰ ਸਿਫਤੀ ਦਾ ਘਰ ਕਹਿ ਕੇ ਸੰਸਾਰ ਪ੍ਰਸਿਧ ਹੋਣ ਦਾ ਵਰ ਦਿਤਾ, ਇਸ ਨੂੰ ਹੀ ਅਕਾਲ ਪੁਰਖ ਦੀ ਦਰਗਾਹ ਦਾ ਮਾਡਲ ਧਰਤੀ ਤੇ ਸੱਚਖੰਡ ਬਣਾਇਆ ਜਿਥੇ ਸ਼ਬਦ ਸੁਰਤ ਦਾ ਸੁਮੇਲ ਹੁੰਦਾ ਹੈ, ਮਾਤ ਲੋਕ ਵਿਚ ਹੀ ਇਲਾਹੀ ਅਤੇ ਅਗੰਮੀ ਅਨੁਭਵ ਅਨੰਦ ਪ੍ਰਾਪਤ ਹੁੰਦਾ ਹੈ । ਤਹਾ ਬੈਕੁੰਠ ਜਹ ਕੀਰਤਨ ਤੇਰਾ । ਸ੍ਰੀ ਹਰਿਮੰਦਰ ਸਾਹਿਬ, ਸਿਖ ਧਰਮ ਦਾ ਪੂਰਾ ਇਤਿਹਾਸ ਹੈ ਸੰਸਾਰ ਦਾ ਹਰ ਕੋਈ ਮਨੁਖ ਸਿਖ ਧਰਮ ਦੀ ਮਹਾਨਤਾ ਅਤੇ ਇਤਿਹਾਸ ਸਮਝਣ ਵਾਸਤੇ ਉਤਾਵਲਾ ਹੈ, ਸੋ ਸ: ਸਤਨਾਮ ਸਿੰਘ ਐਡਵੋਕੇਟ ਨੇ ਅਕਾਲ ਪੁਰਖ ਅਗੇ ਅਰਦਾਸ ਕਰਕੇ, ਪਿਛਲੇ ੫੦੦ ਸਾਲਾਂ ਵਿਚ ਵਾਪਰੀਆਂ ਘਟਨਾਵਾਂ ਦੇ ਵੇਰਵੇ ਇਕੱਠੇ ਕਰਕੇ ਇਕ ਸੁੰਦਰ ਇਤਿਹਾਸਕ ਡਾਇਰੈਕਟਰੀ ਸੁੰਦਰ ਚਿਤਰਾਂ ਸਮੇਤ ਤਿਆਰ ਕੀਤੀ ਹੈ, ਹੁਣ ਹਰ ਮਾਈ ਭਾਈ ਦਾ ਪਹਿਲਾ ਫ਼ਰਜ਼ ਹੈ ਕਿ ਉਹ ਆਪਣੀ ਕਿਰਤ ਕਮਾਈ ਦਾ ਦਸਵੰਧ ਧਰਮ ਦੇ ਗੌਰਵਮਈ ਵਿਰਸੇ ਦਾ ਪ੍ਰਚਾਰ ਵਲ ਲਗਾਵੇ, ਇਹ ਵਡਮੁਲੀ ਜਾਣਕਾਰੀ ਦਾ ਘਰ ਘਰ ਪ੍ਰਚਾਰ ਹੋਵੇ ਹਰ ਕੋਈ ਲਾਭ ਉਠਾਵੇ । ਗੁਰੂ ਸਾਹਿਬ ਨੇ ਵਾਰਨਿੰਗ ਦਿਤੀ ਹੈ ਕਿ ਝੂਠਾ ਮੱਦ ਮੂਲ ਨ ਪੀਚਈ, ਪਰ ਸਾਲ ੧੯੪੭ ਤੋਂ ਭਾਰਤ ਆਜ਼ਾਦ ਤਾਂ ਹੋਇਆ, ਪਰ ਮੁੱਠੀ ਭਰ ਰਾਜੇ ਮਹਾਰਾਜੇ, ਜਾਗੀਰਦਾਰ, ਕਾਰਖਾਨੇਦਾਰ ਸਮਗਲਰ ਹੀ ਦੇਸ਼ ਦੇ ਹਾਕਮ ਬਣ ਰਹੇ ਹਨ, ਇਹ ਕਿਸ ਤਰ੍ਹਾਂ ਦਾ ਲੋਕ ਰਾਜ ਹੈ ਕਿ ੯੦ ਕਰੋੜ ਜਨਤਾ ਦੀ ਕੋਈ ਸੁਣਵਾਈ ਹੀ ਨਹੀਂ । ਸੈਕੂਲਰ ਦੀ ਆੜ ਵਿਚ ਗੰਗੂ ਰਾਜ ਹੋ ਰਿਹਾ ਹੈ, ਜੀਵਨ ਦੇ ਹਰ ਖੇਤਰ ਵਿਚੋਂ ਧਾਰਮਕ ਅੰਸ਼ ਕੀਮਤਾਂ ਕਦਰਾਂ ਖ਼ਤਮ ਹੋ ਰਹੀਆਂ ਹਨ, ਦੁਖ ਦੀ ਗੱਲ ਹੈ ਕਿ ਸਮਾਜ ਅਤੇ ਧਰਮ ਦੇ ਆਗੂ ਹੀ ਧਾਰਮਕ ਜੀਵਨ ਤੋਂ ਸਖਣੇ ਹਨ, ਆਪਣੇ ਜ਼ਾਤੀ ਲੋਭ ਲਾਲਚ ਹਕੂਮਤਾਂ, ਪ੍ਰਧਾਨਗੀਆਂ ਦੀ ਖ਼ਾਤਰ ਧਰਮ ਪ੍ਰਚਾਰ ਦੇ ਸਾਰੇ ਫ਼ੰਡ ਆਪਣੀਆਂ ਅਲੈਕਸ਼ਨਾਂ, ਸਮਾਗਮਾਂ, ਪ੍ਰੈਸ ਰਪੋਰਟਰਾਂ ਨੂੰ ਰੈਸਟੋਰੈਂਟਾਂ ਕਲੱਬਾਂ ਵਿਚ ਮੀਟ ਮੁਰਗੇ ਵਿਸਕੀਆਂ ਛਕਾ ਕੇ ਨਸ਼ਟ ਕਰ ਰਹੇ ਹਨ, ਗੁਰੂ ਸਾਹਿਬ ਨੇ ਅਜਿਹੇ ਲਾਲਚੀ ਮਸੰਦਾਂ ਨੂੰ ਤੋਲ ਪਾ ਕੇ ਸਾੜਿਆ ਸੀ ।

ਈਸਾਈ ਪੋਪ ਪਾਦਰੀ ਮਿਸ਼ਨਰੀ ਸੰਸਾਰ ਦੀ ਹਰ ਭਾਸ਼ਾ ਵਿਚ ਲਿਟਰੇਚਰ ਵੰਡ ਕੇ ਪ੍ਰਚਾਰ ਕਰਦੇ ਹਨ, ਪਰ ਅੱਜ ਦੇ ਕਿਸੇ ਅਖੌਤੀ ਲੀਡਰ ਨੂੰ ਸ਼ੁਧ ਪਾਠ ਨਹੀਂ ਕਰਨਾ ਆਉਂਦਾ, ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਨਹੀਂ ਆਉਂਦਾ, ਮਾਤ ਬੋਲੀ ਦਾ ਸਤਿਕਾਰ ਨਹੀਂ ਕਿਸੇ ਨੂੰ ਆਪਣੇ ਗੌਰਵ-ਮਈ ਵਿਰਸੇ ਇਤਿਹਾਸ ਦੀ ਕੋਈ ਜਾਣਕਾਰੀ ਹੀ ਨਹੀਂ, ਕਿਸੇ ਨੂੰ ਅਰਦਾਸ ਵੀ ਨਹੀਂ ਕਰਨੀ ਆਉਂਦੀ, ਕਿਸੇ ਦੇ ਅੰਦਰ ਗਰੀਬਾਂ ਅਨਾਥਾਂ ਦੀ ਸੇਵਾ ਸੰਭਾਲ ਕਰਨ ਦਾ ਖ਼ਿਆਲ ਨਹੀਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਅਧੂਰੀ ਖੜੀ ਹੈ ਸੰਗਤਾਂ ਉਸਾਰੀ ਮੁਕੰਮਲ ਕਰਵਾਉਣ ਲਈ ਸੇਵਾ ਕਰਨ ਲਈ ਉਤਾਵਲੀਆਂ ਹਨ । ਹਰ ਇਲਾਕੇ ਵਿਚ ਜ਼ਾਤ ਬਰਾਦਰੀਆਂ, ਰਾਮਗੜ੍ਹੀਆਂ, ਸਰਗੋਧਾ, ਅਰੋੜਾ, ਭਲੇ, ਸੋਢੀ ਰਾਮਦਾਸੀਆ ਦੇ ਨਾਮ ਤੇ ਗੁਰਦੁਆਰੇ, ਪ੍ਰਬੰਧਕ ਹਨ । ਯੂਨੀਵਰਸਿਟੀਆਂ ਦੇ ਦੇ ਸਕਾਲਰਾਂ ਵਲੋਂ ਲਿਖੀਆਂ ਪੁਸਤਕਾਂ ਕਠਨ ਫ਼ਿਲਾਸਫੀ ਕਾਸ਼ਾ ਕੇਵਲ ਰਾਇਲਟੀ, ਪਬਲਿਸ਼ਰਾਂ ਦੇ ਕਮਿਸ਼ਨ ਅਤੇ ਲਾਇਬਰੇਰੀਆਂ ਤਕ ਹੀ ਸੀਮਤ ਹਨ । ੧੩ ਹਜ਼ਾਰ ਪਿੰਡਾਂ ਦੇ ਲੋਕਾਂ ਵਾਸਤੇ ਸਰਲ ਪੰਜਾਬੀ ਭਾਸ਼ਾ ਵਿਚ ਧਰਮ ਦਾ ਕੋਈ ਲਿਟਰੇਚਰ ਇਤਿਹਾਸ ਘਰ ਘਰ ਨਹੀਂ ਹਨ, ''ਪੜ੍ਹਿਆ ਮੂਰਖ ਆਖੀਐ ਜਿਸ ਲਬੁ ਲੋਭੁ ਅਹੰਕਾਰਾ ।'' ਹਰ ਥਾਂ ਸ੍ਰੀ ਅਖੰਡ ਪਾਠਾਂ ਦੀਆਂ ਲੜੀਆਂ ਤਾਂ ਹੋ ਰਹੀਆਂ ਹਨ, ਪਰ ਕੋਈ ਵਿਦਵਾਨ ਸਕਾਲਰ ਸ਼ੁਧ ਪਾਠ ਕਰਨ ਸੁਣਨ ਮੰਨਣ ਵਾਲੇ ਨਜ਼ਰ ਨਹੀਂ ਆਉਂਦੇ, ਹਰ ਕੋਈ ਆਪਣੇ ਜਨਮ ਦਿਹਾੜੇ ਮਨਾਉਣ, ਵਿਆਹ ਸ਼ਾਦੀਆਂ, ਵਡੇ ਮਰਨੇ ਸਮੇਂ ਲੱਖਾਂ ਰੁਪਏ ਦੋਸਤਾਂ ਮਿਤਰਾਂ ਦੀ ਖ਼ੁਸ਼ੀ, ਮੀਟ ਮੁਰਗੇ ਵਿਸਕੀਆਂ, ਰਾਗ ਰੰਗ ਮਹਿਫਲਾਂ ਸਜਾਵਟਾਂ ਆਪਣੀ ਮਸ਼ਹੂਰੀ ਵਾਸਤੇ ਖ਼ਰਚ ਕਰਦਾ ਹੈ, ਪਰ ਸਾਰੇ ਅੰਮ੍ਰਿਤ ਛਕਣ ਤੋਂ ਸੰਕੋਚ ਕਰਦੇ ਹਨ, ਦਸਵੰਧ ਧਰਮ ਕਾਰਜਾਂ ਵਲ ਦੇਣ ਤੋਂ ਸੰਕੋਚ ਹੀ ਕਰਦੇ ਹਨ ।

ਹਰ ਕੋਈ ਖਾਲਿਸਤਾਨ ਦਾ ਨਾਹਰਾ ਲਗਾ ਕੇ ਖ਼ੁਸ਼ ਤਾਂ ਹੋ ਜਾਂਦਾ ਹੈ ਪਰ ਅੰਮ੍ਰਿਤ ਛਕ ਕੇ ਗੁਰੂ ਵਾਲਾ ਸੰਤ ਸਿਪਾਹੀ ਖਾਲਸਾ ਅਕਾਲ ਪੁਰਖ ਕੀ ਫ਼ੌਜ ਬਣਨ ਪਵਿਤਰ ਜੀਵਨ ਬਤੀਤ ਕਰਨ, ਰਾਜ ਕਰੇਗਾ ਖਾਲਸਾ ਦੇ ਲਕਸ਼ ਨੂੰ ਪੂਰਾ ਕਰਨ ਵਲ ਕੋਈ ਧਿਆਨ ਹੀ ਨਹੀਂ । ਖ਼ਾਲਸਾ ਸੋ ਜੋ ਨਿਰਧਨ ਕੋ ਪਾਲੈ, ਅੱਜ ਸਾਡੇ ਸਾਹਮਣੇ ਲੱਖਾਂ ਗਰੀਬ ਅਨਾਥ ਲਾਵਾਰਸ ਸੜਕਾਂ ਉਪਰ ਸਰਦੀਆਂ ਦੀਆਂ ਠੰਡੀਆਂ ਰਾਤਾਂ ਵਿਚ ਰੱਬ ਦੇ ਨਾਮ ਤੇ ਕੁਰਲਾ ਰਹੇ ਹਨ, ਵਿਲਕ ਰਹੇ ਹਨ, ਪਿਛਲੇ ੪੪ ਸਾਲਾਂ ਤੋਂ ਕਿਸੇ ਪ੍ਰਧਾਨ ਮੰਤਰੀ, ਭਲਾਈ

ਮੰਤਰੀ, ਰਾਜੇ ਸ਼ੀਂਹ ਮੁਕਦਮ ਕੁਤੇ ਹਾਕਮ ਵਲੋਂ ਇਨ੍ਹਾਂ ਦੀਆਂ ਲੋੜਾਂ ਲਈ ਕੋਈ ਆਸ਼ਰਮ ਤਕ ਵੀ ਨਹੀਂ ਬਣਾਏ ਗਏ, ਹੋਰਨਾਂ ਆਜ਼ਾਦ ਦੇਸ਼ਾਂ ਵਿਚ ਹਰ ਇਨਸਾਨ ਲਈ ਹਰ ਤਰ੍ਹਾਂ ਦੀ ਰਿਹਾਇਸ਼ ਕੰਮ ਧੰਦੇ ਰੋਜ਼ਗਾਰ ਦੇ ਪੂਰੇ ਪ੍ਰਬੰਧ ਹਨ।

ਸਿਖ ਧਰਮ ਵਿਰੁਧ ਬਹੁਤ ਸਾਰੀਆਂ ਇਤਰਾਜ਼ ਯੋਗ ਪੁਸਤਕਾਂ, ਲੇਖ, ਲਿਟਰੇਚਰ ਛਪ ਰਿਹਾ ਹੈ, ਪਰ ਕਿਸੇ ਵਕੀਲ ਜਾਂ ਅਖੌਤੀ ਲੀਡਰ ਵਲੋਂ ਕੋਈ ਠੋਸ ਕਾਰਵਾਈ ਹੀ ਨਹੀਂ ਕੀਤੀ ਜਾ ਰਹੀ। ਅੱਜ ਸਾਰੇ ਸੰਸਾਰ ਵਿਚ ਕਲੇਸ਼ ਕਤਲ ਹੋ ਰਹੇ ਹਨ। ਅਕਾਲ ਪੁਰਖ ਦਾ ਸਿਮਰਨ ਸ਼ੁਕਰ ਕਰਨ ਨਾਲ ਹੀ ਆਪਸੀ ਫਿਰਕੂ ਪਿਆਰ, ਅਮਨ ਸ਼ਾਂਤੀ ਇਨਸਾਨੀ ਭਾਈਚਾਰਾ ਕਾਇਮ ਹੋ ਸਕਦਾ ਹੈ, ਧਰਮ ਬਿਨਾਂ ਸਭ ਦਲੇ ਮਲੇ ਹੈ।

ਸੰਸਾਰ ਵਿਚ ਸਿੱਖ ਧਰਮ ਹੀ ਅਜਿਹਾ ਧਰਮ ਹੈ, ਜੋ ਹਰ ਇਨਸਾਨ ਸਮਝਦਾ ਹੈ, ਕਦੇ ਕਿਸੇ ਨੂੰ ਦੁਸ਼ਮਨ ਸਮਝ ਕੇ ਨਫ਼ਰਤ ਨਹੀਂ ਕੀਤੀ, ਆਪ ਸ਼ਹੀਦੀਆਂ ਦਿਤੀਆਂ ਹਨ ਫਿਰ ਵੀ ਕਦੇ ਕਿਸੇ ਉਪਰ ਪਹਿਲਾਂ ਹਮਲਾ ਨਹੀਂ ਕੀਤਾ, 'ਨਾ ਕੋ ਵੈਰੀ ਨਾ ਹੀ ਬੇਗਾਨਾ ਸਗਲ ਸੰਗ ਹਮ ਕੋ ਬਨਿ ਆਈ' ਦੇ ਸੰਦੇਸ਼ ਦੀ ਸਾਰੇ ਸੰਸਾਰ ਦੇ ਧਰਮਾਂ ਨੂੰ ਪਾਲਣਾ ਕਰਨ ਦੀ ਲੋੜ ਹੈ। ਸਰਬੱਤ ਦਾ ਭਲਾ।

ਸ: ਕਿਰਪਾਲ ਸਿੰਘ ਐਮ.ਪੀ.
ਪ੍ਰਧਾਨ,
ਚੀਫ਼ ਖ਼ਾਲਸਾ ਦੀਵਾਨ
ਸ੍ਰੀ ਅੰਮ੍ਰਿਤਸਰ

# ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ

ਸਤਿਗੁਰੂ ਨਾਨਕ ਦੇਵ ਜੀ ਦਾ ਅੰਮ੍ਰਿਤਸਰ ਜ਼ਿਲੇ ਨਾਲ ਗੂੜ੍ਹਾ ਸਬੰਧ ਹੈ। ਆਪ ਜੀ ਦੇ ਦਾਦਾ ਭਾਈ ਸ਼ਿਵਰਾਮ ਅਤੇ ਵਡ-ਵਡੇਰੇ ਦਾ ਜੱਦੀ ਪਿੰਡ ਡੇਹਰਾ ਸਾਹਿਬ ਜਾਮਾ ਰ ਇ, ਤਹਿਸੀਲ ਤਰਨਤਾਰਨ ਵਿਖੇ ਹੈ।

ਜਿਸ ਥਾਂ ਝਿਲਮਿਲ ਕਰਦਾ ਸੁਨਹਿਰੀ ਸ੍ਰੀ ਹਰਿਮੰਦਰ ਹੈ, ਸਤਿਗੁਰੂ ਨਾਨਕ ਦੇਵ ਜੀ ਨੇ ਨਵੰਬਰ ਸੰਨ ੧੫੦੧ ਵਿਚ ਸੁਲਤਾਨਪੁਰ ਲੋਧੀ ਤੋਂ ਸ੍ਰੀ ਗੋਇੰਦਵਾਲ, ਫਤਹਿਬਾਦ ਤੋਂ ਅੰਮ੍ਰਿਤਸਰ ਇਕ ਢਾਬ ਦੇ ਕੰਢੇ, ਬੇਰੀ ਦੇ ਥੱਲੇ ਬੈਠ ਕੇ ਭਾਈ ਮਰਦਾਨੇ ਨਾਲ ਸੱਚੇ ਅਕਾਲ ਪੁਰਖ ਦੀ ਸੱਚੀ ਸਿਫਤ-ਸਲਾਹ ਸ਼ਬਦ ਕੀਰਤਨ ਕਰਦੇ ਰਿਹਾ—ਬੋਲ ਭਾਈ ਬਾਲਿਆ ਸਤਿ ਕਰਤਾਰ, ਛੇੜ ਭਾਈ ਮਰਦਾਨਿਆ ਰਬਾਬ ਦੇ ਤਾਰ, ਰੱਬੀ ਬਾਣੀ ਆਈ ਆ :

"ਬਾਬਾ ਅਲਹੁ ਅਗਮ ਅਪਾਰ ॥
ਪਾਕੀ ਨਾਈ ਪਾਕ ਥਾਹਿ ਸਚਾ ਪਰਵਦਿਗਾਰੁ ॥" (੫੩)

ਸੇਵਹੁ ਸਤਿਗੁਰ ਸਮੁੰਦ ਅਥਾਹਾ
ਪਾਵਹੁ ਨਾਮੁ ਰਤਨੁ ਧਨੁ ਲਾਹਾ ॥ (੧੦੪੩)
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ
ਗੁਰ ਸਰ ਸੰਤੋਖੁ ਪਾਇਆ ॥ ੧੦੪੩)

ਗੁਰੂ ਜੀ ਨੇ ਸਪਸ਼ਟ ਕੀਤਾ ਕਿ :

"ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥" (੭੬੩)
ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥" (੭੨੨)

ਇਸੇ ਥਾਂ ਵਿਖੇ ਦਰਿਆ ਰਾਵੀ ਅਤੇ ਬਿਆਸ ਵਹਿੰਦੇ ਸਨ, ਅੰਬ ਅਤੇ ਬੇਰੀਆਂ ਦੇ ਬਹੁਤ ਸਾਰੇ ਦਰਖਤਾਂ ਦੇ ਝੁੰਡ ਸਨ ਸੁੰਦਰ ਨਜ਼ਾਰਾ ਸੀ।

ਸੁਲਤਾਨਵਿੰਡ ਦਾ ਚੌਧਰੀ ਭਾਈ ਤਾਰਾ ਇਲਾਕੇ ਦੀਆਂ ਸੰਗਤਾਂ ਦੇ ਨਾਲ ਦਰਸ਼ਨ ਕਰਨ ਲਈ ਆਇਆ। ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ ਵਰਤਾਈ ਗਈ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ ਦੇ ਸੰਸਾਰ

ਪ੍ਰਸਿੱਧ ਹੋਣ ਬਾਰੇ ਕਿਹਾ ਕਿ ਇਥੇ ਸਦਾ ਹੀ ਐਸਾ ਅੰਮ੍ਰਿਤ ਵੰਡੀਂਦਾ ਰਹੇਗਾ।

ਸੁਲਤਾਨਪੁਰ, ਤਰਨਤਾਰਨ, ਪੱਟੀ, ਝਬਾਲ ਪਖੋ ਕੇ ਦੇ ਇਲਾਕੇ ਦੇ ਲੋਕ ਸਖੀ ਸਰਵਰ ਦੀ ਬਹੁਤ ਪੂਜਾ ਕਰਿਆ ਕਰਦੇ ਸਨ।

ਸਤਿਗੁਰੂ ਨਾਨਕ ਦੇਵ ਜੀ ਪਿੰਡ ਵੈਰੋਕੀ ਦੇ ਹੰਕਾਰੀ ਪੀਰ ਸ਼ਾਹ ਬਖਤਿਆਰ ਨੂੰ ਮਿਲੇ, ਉਹ ਕਿਹਾ ਕਰਦਾ ਸੀ ਕਿ ਹਿੰਦੂਆਂ ਨੂੰ ਨਿੰਬੂਆਂ ਵਾਂਗ ਨਿਚੋੜ ਦੇਵਾਂਗੇ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਉਸ ਹੰਕਾਰੀ ਨੂੰ ਇਕ ਨਿੰਬੂ ਪਕੜਾ ਕੇ ਨਿਚੋੜਨ ਲਈ ਕਿਹਾ, ਉਹ ਉਸ ਨਿੰਬੂ ਨੂੰ ਵੀ ਨਾ ਨਿਚੋੜ ਸਕਿਆ, ਬੜਾ ਸ਼ਰਮਸਾਰ ਹੋਇਆ।

ਵਡੇ ਵਡੇ ਹੰਕਾਰੀਆ ਨਾਨਕ ਗਰਬ ਗਲੇ ॥

ਸੰਨ ੧੫੧੯ ਵਿਚ ਕਥੂ ਨੰਗਲ ਦੇ ਇਲਾਕੇ ਦਾ ਬਾਲਕ ਬੂੜਾ (ਬਾਬਾ ਬੁੱਢਾ ਜੀ ਨੂੰ ਰਮਦਾਸ ਵਿਖੇ ਅਕਾਲ ਪੁਰਖ ਦਾ ਗਿਆਨ ਦ੍ਰਿੜ੍ਹ ਕਰਵਾਇਆ ਸੀ। ਸੰਨ ੧੫੩੨ ਨੂੰ ਗੁਰੂ ਨਾਨਕ ਦੇਵ ਜੀ ਨੇ ਇਸ ਢਾਬ ਦੇ ਕੰਢੇ ਬੈਠ ਕੇ ਬਾਲਕ ਬੂੜਾ ਨੂੰ ਇਸ ਥਾਂ ਤੋਂ ਪਾਣੀ ਦਾ ਲੋਟਾ ਭਰ ਕੇ ਲਿਆਉਣ ਲਈ ਕਿਹਾ, ਖੁਸ਼ਕ ਢਾਬ ਨਿਰਮਲ ਪਾਣੀ ਨਾਲ ਭਰ ਗਈ, ਅੰਮ੍ਰਿਤ ਕੁੰਡ ਬਣ ਗਿਆ।

ਸੰਨ ੧੫੩੭ ਨੂੰ ਭਾਈ ਲਹਿਣਾ ਜੀ ਨੂੰ ਕਿਹਾ ਇਸ ਥਾਂ ਕਾਮ ਅਰਥ ਅਰ ਧਰਮ ਮੋਖ ਦੇ ਪ੍ਰਵਾਹ ਚਲਣਗੇ, ਇਸ ਥਾਂ ਦੀ ਸੇਵਾ ਸੰਭਾਲ ਕਰਨੀ। ਇਥੇ ਇਕ ਵੱਡਾ ਨਗਰ ਵੱਸੇਗਾ, ਜੋ ਸੰਸਾਰ ਪ੍ਰਸਿਧ ਹੋਵੇਗਾ।

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ
ਗੁਰ ਸਰ ਸੰਤੋਖ ਪਾਇਆ ॥ (੧੦੪੩)

ਗੁਰੂ ਜੀ ਸੁਲਤਾਨਪੁਰ ਲੋਧੀ, ਭੈਣ ਨਾਨਕੀ ਨੂੰ ਮਿਲਣ ਵਾਸਤੇ ਕਰਤਾਰ ਪੁਰ ਤੋਂ ਜਾਂਦੇ ਆਉਂਦੇ ਇਸ ਅਸਥਾਨ ਤੇ ਪੜਾਅ ਕਰਦੇ, ਸੰਗਤ ਕਰਦੇ ਸਨ।

ਸਾ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ (੩੧੦)

੧੪ ਜੂਨ ਸੰਨ ੧੫੩੯ ਵਿਚ ਭਾਈ ਲਹਿਣਾ ਜੀ ਨੂੰ ਅਕਾਲ ਪੁਰਖ ਦੇ ਸ਼ਬਦ ਦੇ ਪ੍ਰਚਾਰ ਲਈ ਗੁਰ-ਗੱਦੀ ਸੌਂਪੀ ਗਈ। ਬਾਬਾ ਸ੍ਰੀ ਚੰਦ ਦੇ ਸਰਾਪ ਕਰਕੇ ਗੁਰੂ ਅੰਗਦ ਦੇਵ ਜੀ ਦੇ ਪੈਰ ਦੇ ਅੰਗੂਠੇ ਤੇ ਨਾਸੂਰ ਹੋ ਗਿਆ ਸੀ। ਭਾਈ ਲਹਿਣਾ ਨਾਲ ਇਸ ਥਾਂ ਬੈਠ ਕੇ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੇ ਹੋਏ ਅੰਮ੍ਰਿਤ ਬਾਣੀ ਦੀ ਵਰਖਾ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਅਮਰਦਾਸ ਜੀ ਨੂੰ ਸ੍ਰੀ ਖਡੂਰ ਸਾਹਿਬ

ਤੋਂ ੧੫੪੯ ਵਿਚ ਇਸ ਅਸਥਾਨ ਤੇ ਲੈ ਕੇ ਆਏ ਸਨ; ਗੁਰੂ ਅੰਗਦ ਦੇਵ ਜੀ ਦੇ ਪੈਰ ਦਾ ਅੰਗੂਠਾ ਜੋ ਨਾਸੂਰ ਨਾਲ ਰੋਗੀ ਸੀ, ਇਸ ਢਾਬ ਤੇ ਇਸ਼ਨਾਨ ਕਰਨ ਨਾਲ ਠੀਕ ਹੋ ਗਿਆ—

ਫੇਰ ਅਮਰਾ ਬੂਟੀ ਦੇਖਣ ਗਇਆ।
ਇਕ ਛਪੜੀ ਡਿਠੀ ਜਲ ਉਥੋਂ ਲਇਆ।
ਕਰ ਇਸ਼ਨਾਨ ਉਥੇ ਬੈਠੇ ਆਸਨ ਲਾਏ।
(ਗੁਰ ਪ੍ਰਤਾਪ ਸੂਰਜ—੨੦੮)

ਗੁਰੂ ਅਮਰਦਾਸ ਜੀ ਨੇ ਮਹਾਨ ਸੇਵਾ ੧੨ ਸਾਲ ਕੀਤੀ। ਸੋ ਸੰਨ ੧੫੫੨ ਵਿਚ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬੈਠੇ ਸਨ, ਸੰਨ ੧੫੫੬ ਵਿਚ ਅਕਬਰ ਤਖ਼ਤ ਤੇ ਬੈਠਾ ਸੀ।

ਸੰਨ ੧੫੬੪ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਦੇ ੨੨ ਕੇਂਦਰ ਕਾਇਮ ਕੀਤੇ। ਬਾਬਾ ਬੁੱਢਾ ਜੀ ਮੁਖ ਇੰਚਾਰਜ ਸਨ। ਇਸ ਸਥਾਨ ਨੂੰ ਸੰਸਾਰ ਪ੍ਰਸਿੱਧ ਕੇਂਦਰ ਬਨਾਉਣ ਦੀ ਵਿਉਂਤ ਬਣਾਈ। ਢਾਬ ਨੂੰ ਅੰਮ੍ਰਿਤ ਕੁੰਡ ਕਿਹਾ ਕਰਦੇ ਸਨ—

ਮੈਲੁ ਗਈ ਮਨੁ ਨਿਰਮਲੁ ਹੋਆ,
ਅੰਮ੍ਰਿਤ ਸਰਿ ਤੀਰਥਿ ਨਾਇ॥ (੫੮੭)

ਜ਼ਾਤ ਅਭਿਮਾਨੀ ਪੰਡਤਾਂ ਵਲੋਂ, ਗਰੀਬ ਇਨਸਾਨਾਂ ਨੂੰ ਆਪਣੇ ੬੮ ਤੀਰਥਾਂ ਤੇ ਇਸ਼ਨਾਨ, ਅਕਾਲ ਪੁਰਖ ਦੀ ਭਗਤੀ ਪੂਜਾ ਕਰਨ ਦੀ ਬਿਲਕੁਲ ਮਨਾਹੀ ਸੀ। ਇਹਨਾਂ ਦੇ ਤੀਰਥਾਂ ਤੇ ਕੇਵਲ ਸਰੀਰ ਦੇ ਡੱਕੂ ਇਸ਼ਨਾਨ ਹੀ ਹੁੰਦੇ ਸਨ, ਆਤਮਾ ਦੇ ਕਲਿਆਣ ਦੀ ਕੋਈ ਗਲ ਨਹੀਂ ਸੀ ਹੁੰਦੀ। ਸਤਿਗੁਰੂ ਨਾਨਕ ਦੇਵ ਜੀ ਨੇ ਹਰ ਇਨਸਾਨ ਨੂੰ ਅਕਾਲ ਪੁਰਖ ਦੀ ਭਗਤੀ ਪਾਠ-ਪੂਜਾ, ਸਿਮਰਨ ਕਰਨ ਦੀ ਅਜ਼ਾਦੀ ਦਾ ਅਹਿਸਾਸ ਕਰਾਇਆ। ਜ਼ਾਤ-ਪਾਤ, ਉਚ-ਨੀਚ ਦੇ ਵਿਤਕਰੇ ਖਤਮ ਕਰਨ ਲਈ ਸੰਗਤ-ਪੰਗਤ ਕਾਇਮ ਕੀਤੇ। ਹਰ ਸਥਾਨ ਤੇ ਇਸ਼ਨਾਨ ਕਰਨ ਲਈ ਖੂਹ, ਬਾਉਲੀਆਂ ਸਰੋਵਰ ਬਣਾਏ ਗਏ। ਪੰਡਤਾਂ ਦੇ ਫੋਕਟ ਕਰਮ-ਕਾਂਡਾਂ, ਬੁਤ-ਪੂਜਾ ਦਾ ਵਿਰੋਧ ਕੀਤਾ ਤਾਂ ਪੰਡਤਾਂ ਨੇ ਈਰਖਾ-ਵਸ ਹੋ ਕੇ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਕੀਤੀ। ੧੭ ਮਈ ੧੫੬੫ ਨੂੰ ਜਦੋਂ ਅਕਬਰ ਬਾਦਸ਼ਾਹ ਨੇ ਆ ਕੇ ਸ੍ਰੀ ਗੋਇੰਦਵਾਲ ਸਾਹਿਬ, ਗੁਰੂ ਦੇ ਲੰਗਰ ਵਿਚ ਹਰ ਤਰ੍ਹਾਂ ਦੇ ਗਰੀਬ, ਨਿਆਸਰੇ ਅਪਾਹਜਾਂ ਨੂੰ ਇਕ ਕਤਾਰ ਵਿਚ ਭੋਜਨ ਕਰਦੇ ਵੇਖਿਆ ਤਾਂ ਬਹੁਤ ਪ੍ਰਸੰਨ ਹੋਇਆ।

ਲੰਗਰ ਦੀ ਸੇਵਾ-ਸੰਭਾਲ ਦਾ ਕੰਮ ਬੀਬੀ ਭਾਨੀ ਜੀ ਆਪ ਕਰਿਆ ਕਰਦੇ ਸਨ। ਉਹ ਇਸ ਗੱਲ ਤੋਂ ਸ਼ਰਮਸਾਰ ਵੀ ਹੋਇਆ ਕਿ ਬਾਦਸ਼ਾਹ ਦਾ ਫਰਜ਼ ਹੈ ਕਿ ਉਹ ਆਪਣੀ ਗਰੀਬ ਪਰਜਾ ਦਾ ਖਿਆਲ ਕਰੇ। ਇਸ ਮਹਾਨ ਪਰਉਪਕਾਰ ਵਾਲੇ ਕੰਮ ਲਈ ਬਹੁਤ ਸਾਰੀ ਜਾਗੀਰ ਦੀ ਪੇਸ਼ਕਸ਼ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਭਾਈ ਜੇਠਾ ਰਾਮਦਾਸ ਸਾਹਿਬ ਨਾਲ ਕੀਤੀ। ਰਾਮਦਾਸ ਸਾਹਿਬ ਗੁਰੂ ਘਰ ਵਿਚ ਰਾਤ-ਦਿਨ ਸੇਵਾ ਸਿਮਰਨ ਕਰਿਆ ਕਰਦੇ ਸਨ। ੨੮ ਸਾਲ ਸੇਵਾ ਕੀਤੀ। ਬਾਲਕ ਅਰਜਨ ਦੇਵ ਦੀ ਰੁਚੀ ਵੇਖ ਕੇ ਉਸ ਦੇ ਮਹਾਨ ਗੁਰੂ ਹੋਣ ਦਾ ਪ੍ਰਗਟਾਅ ਕੀਤਾ—'ਦੋਹਤਾ ਬਾਣੀ ਕਾ ਬੋਹਿਥਾ।'

ਮੁਸਲਮਾਨ ਹਾਕਮਾਂ ਵਲੋਂ ਹਿੰਦੂ ਤੀਰਥਾਂ ਤੇ ਜਾਣ ਵਾਸਤੇ ਜਜ਼ੀਆ, ਡੰਨ ਅਤੇ ਜਗਾਤਿ ਲਗਾਈ ਗਈ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਕਿਹਾ—"ਪੁਰਖਾ! ਕੋਈ ਤੀਰਥ-ਮੰਦਰ ਦੇਸ਼ ਵਿਚ ਕਰੀਏ ਜੋ ਤਰਲੋਕੀ ਦੇ ਸਭਨਾਂ ਤੀਰਥਾਂ ਦਾ ਫਲ ਹੋਵਸਿ, ਜਿਸ ਦੇ ਇਸ਼ਨਾਨ ਕਰਨ ਤੇ ਫਲਤੇ।"

ਸੰਨ ੧੫੭੧ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਇਹ ਪਵਿੱਤਰ ਅਸਥਾਨ ਵਿਖਾ ਕੇ ਹਕਮ ਕੀਤਾ ਸੀ—

ਗ੍ਰਾਮ ਤੁੰਗ ਤੇ ਅਹੇ ਉਰੇਰੇ।
ਗਿਲਵਾਲੀ ਤੇ ਲਖਹੁ ਪਰੇਰੇ।
ਹੈ ਸੁਲਤਾਨ ਵਿੰਡ ਜਿਸ ਨਾਮੂ।
ਤਿਸ ਤੇ ਪਸਚਮ ਦਿਸ ਅਭਿਰਾਮੂ।
ਤਹਾਂ ਜਾਇ ਕਰਿ ਗਰਾਮ ਵਸਾਵਹੁ।

ਸੁੰਦਰ ਆਪਣੇ ਸਦਨ ਬਨਾਵਹੁ। (ਸੂਰਜ ਪ੍ਰਕਾਸ਼)

ਬਾਬਾ ਬੁੱਢਾ ਜੀ ਨਾਲ ਆਏ ਸਨ। (ਚਿਤਰ ਅਜਾਇਬ ਘਰ ਹੈ)

ਭਗਤ-ਮਾਲ ਅਨੁਸਾਰ ਕਿਹਾ—"ਪੁਰਖਾ! ਕਲਿਜੁਗ ਦੇ ਜੀਆਂ ਦੀਆਂ ਆਰਜਾਵਾਂ ਛੋਟੀਆਂ ਹੋਣਗੀਆਂ ਤੇ ਬੁਧਾਂ ਮੋਟੀਆਂ, ਸੋ ਐਸਾ ਤੀਰਥ ਬਣਾਈਏ ਜਿਥੇ ਥੋੜੇ ਚਿਰ ਵਿਚ ਹੀ ਜੀਵਨ-ਰਾਹ ਬਿਬੇਕ ਬੁਧੀ ਮਿਲੇ।

੧ ਸਤੰਬਰ ੧੫੭੪ ਵਿਚ ਗੁਰੂ ਅਮਰਦਾਸ ਜੀ ਨੇ ਆਪਣੀ ਉਮਰ ਦੇ ੭ ਸਾਲ ਰਾਮਦਾਸ ਸਾਹਿਬ ਜੀ ਨੂੰ ਦੇ ਕੇ ਗੁਰੂ-ਗੱਦੀ ਸੌਂਪੀ। ਧਰਮ ਪ੍ਰਚਾਰ





ਗੁਰੂ ਅਮਰਦਾਸ ਜੀ ਇਸ ਪਵਿਤਰ ਅਸਥਾਨ ਦੀ ਸੰਭਾਲ ਵਾਸਤੇ
ਗੁਰੂ ਰਾਮਦਾਸ ਜੀ ਨੂੰ ਸਮਝਾ ਰਹੇ ਹਨ।



ਬੀਬੀ ਰਜਨੀ ਦਾ ਪਿੰਗਲਾ ਇਸ਼ਨਾਨ ਕਰਨ ਉਪਰੰਤ



ਬਾਦਸ਼ਾਹ ਅਕਬਰ, ਗੁਰੂ ਜੀ ਦੇ ਦਰਬਾਰ ਵਿੱਚ



ਲੇਖਕ ਕੜਾਹ ਪ੍ਰਸ਼ਾਦ ਦੀ ਦੇਗ ਲੈਂਦਾ ਹੋਇਆ

ਦਾ ਕੇਂਦਰ ਗੋਇੰਦਵਾਲ ਤੋਂ ੨੫ ਮੀਲ ਦੇ ਫਾਸਲੇ ਤੇ ਗੁਰੂ ਕੇ ਚੱਕ ਰਾਮਦਾਸਪੁਰ (ਅੰਮ੍ਰਿਤਸਰ) ਬਣਾਉਣ ਦਾ ਹੁਕਮ ਕੀਤਾ। ਸੂਰਜ ਪ੍ਰਕਾਸ਼ ਪੰਨਾ ੬੧੭ ਅਨੁਸਾਰ :—

ਗੁਰ ਤੀਸਰ ਮਨ ਮੈਂ ਧਾਰ ਯਹੀ ਇਕ ਨਯੋ ਸੁ ਨਗਰ ਬਸਾਇ ਦਯੋ ॥
ਸੰਨ ਸੋਲਾ ਸੈ ਸਤ ਬੀਸ ਮਹੇ ਰਾਮਦਾਸ ਪੁਰ ਤਿਹ ਨਾਮ ਧਰਯੋ ॥
ਅਬ ਅੰਮ੍ਰਿਤਸਰ ਜਨ ਜਾਂਹਿ ਕਹੈਂ ॥ (੫੭)

ਸ੍ਰੀ ਗੁਰੂ ਅਮਰਦਾਸ ਜੀ ਪਹਿਲੀ ਸਤੰਬਰ ੧੫੭੪ ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ ਆਬਾਦ ਕਰਨ ਲਈ ਅਕਬਰ ਦੇ ਸਮੇਂ ਪਰਗਣਾ ਝਬਾਲ ਦੇ ਪਿੰਡ ਸੁਲਤਾਨਵਿੰਡ, ਤੁੰਗ, ਗੁਮਟਾਲਾ, ਚਾਟੀਵਿੰਡ ਅਤੇ ਗਿਲਵਾਲੀ ਦੀ ਪੰਜ ਸੌ ਵਿਘੇ ਸ਼ਾਮਲਾਤ ਅਰਥਾਤ ੧੨ ਮੀਲ ਥਾਂ ੭੦੦/- ਰੁਪਏ ਵਿਚ ਖਰੀਦ ਕਰਕੇ ਨਗਰ ਦੇ ਵਿਚਕਾਰ ਆਪਣੇ ਪ੍ਰਵਾਰ ਦੀ ਰਿਹਾਇਸ਼ ਲਈ ਕਾਨਿਆਂ ਦੀ ਛਪਰੀ ੧੫੭੩ ਵਿਚ ਤਿਆਰ ਕਰਵਾਈ, ਇਹ ਗੁਰੂ ਬਜ਼ਾਰ ਵਿਚ ਹੈ, ਬਾਅਦ ਵਿਚ ਇਸ ਨੂੰ ਗੁਰੂ ਕੇ ਮਹਿਲ ਬਣਾ ਦਿਤਾ ਹੈ। ਗੋਇੰਦਵਾਲ, ਤਰਨ ਤਾਰਨ, ਖਡੂਰ ਸਾਹਿਬ, ਰਮਦਾਸ, ਪੱਟੀ, ਕਲਾਨੌਰ, ਕਸੂਰ ਆਦਿ ਦੇ ਇਲਾਕੇ ਦੀਆਂ ਸੰਗਤਾਂ ਦਰਸ਼ਨਾਂ ਤੇ ਸੇਵਾ ਲਈ ਆਉਣ ਲੱਗੀਆਂ। ਭਾਈ ਸਾਲ੍ਹੋ, ਚੰਦਰ ਭਾਨ, ਰੂਪ ਰਾਮ, ਗੁਰੀਆ, ਬਾਬਾ ਬੁਢਾ ਜੀ, ਊਧਮ ਅਤੇ ਭਾਈ ਗੁਰਦਾਸ ਜੀ ਸੇਵਾ ਸੰਭਾਲ ਪ੍ਰਚਾਰ ਦੇ ਕੰਮ ਕਰਨ ਲਗੇ।

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ ਮਃ ੩ (੧੪੧੨)

ਇਲਾਕੇ ਵਿਚ ਪਾਣੀ ਦੀ ਥੁੜ ਸੀ,ਗੁਰੂ ਜੀ ਨੇ ਇਕ ਸਰੋਵਰ ਤਿਆਰ ਕਰਨ ਲਈ ਇਕ ਟੱਕ ਲਗਾਇਆ। ਇਥੇ ਬਾਅਦ ਵਿਚ ੧੫੮੪ ਤੋਂ ੧੫੮੮ ਤਕ ਸੰਤੋਖਸਰ ਬਣਾਇਆ ਗਿਆ, ਇਹ ਸੁੰਦਰ ਗੁਰਦੁਆਰਾ ਨਗਰ ਪਾਲਕਾ ਕਾਰਪੋਰੇਸ਼ਨ ਦਫਤਰ ਦੇ ਸਾਹਮਣੇ ਹੈ।

ਪੱਟੀ ਦੇ ਇਲਾਕੇ ਦਾ ਚੌਧਰੀ ਦੁਨੀ ਚੰਦ ਧਨਾਢ ਅਤੇ ਅਭਿਮਾਨੀ ਸੀ, ਉਸ ਦੀ ਛੋਟੀ ਲਾਡਲੀ ਬੀਬੀ ਰਜਨੀ ਗੁਰਬਾਣੀ ਅਤੇ ਅਕਾਲ ਪੁਰਖ ਵਿਚ ਵਿਸਵਾਸ ਰਖਦੀ ਸੀ, ਕਿਹਾ ਰੱਬ ਦਾ ਦਿਤਾ ਖਾਂਦੀ ਹਾਂ। ਉਸ ਦੇ ਅਭਿਮਾਨੀ ਪਿਤਾ ਨੇ ਸਜ਼ਾ ਦੇਣ ਵਜੋਂ ਸਿਦਕਵਾਨ ਬੀਬੀ ਰਜਨੀ ਦੀ ਸ਼ਾਦੀ ਸੰਨ ੧੫੭੬ ਵਿਚ ਇਲਾਕੇ ਦੇ ਪਿੰਗਲੇ ਨਾਲ ਕਰ ਦਿਤੀ, ਬੀਬੀ ਰਜਨੀ ਦਾ ਦ੍ਰਿੜ੍ਹ ਨਿਸਚਾ ਸੀ ਕਿ :

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ (ਪੰਨਾ ੪੬੭)

ਇਸ ਅਨੋਖੈ ਰਿਸ਼ਤੇ ਨੂੰ ਅਕਾਲ ਪੁਰਖ ਦਾ ਭਾਣਾ ਸਮਝ ਕੇ ਅਕਾਲ ਪੁਰਖ ਦੇ ਸ਼ਬਦ ਦੇ ਆਸਰੇ ਲਈ ਗੁਰੂ ਕੇ ਚੱਕ ਰੱਬ ਦੇ ਘਰ ਪਹੁੰਚ ਗਈ, ਆਪਣੇ ਪਿੰਗਲੇ ਪਤੀ ਦੀ ਸੇਵਾ ਪੂਰੀ ਤਰ੍ਹਾਂ ਕੀਤੀ। ਉਸ ਦੀ ਖਾਰੀ, ਢਾਬ ਦੇ ਕਿਨਾਰੇ ਇਕ ਬੇਰੀ ਦੀ ਛਾਂ ਵਿਚ ਰੱਖ ਕੇ ਭੋਜਨ ਲਈ ਪ੍ਰਸ਼ਾਦਾ ਗੁਰੂ ਕੇ ਲੰਗਰ ਤੋਂ ਲੈਣ ਗਈ। ਉਸ ਪਿੰਗਲੇ ਨੇ ਇਕ ਕੌਤਕ ਵੇਖਿਆ ਕਿ ਕਾਂ ਉਸ ਢਾਬ ਵਿਚੋਂ ਚੁਭੀ ਮਾਰ ਕੇ ਹੰਸ ਬਣ ਗਿਆ ਸੀ, ਉਸ ਦੇ ਅੰਦਰ ਬਿਹਬਲਤਾ ਝਰਨਾਹਟ ਹੋਈ, ਉਸ ਨੇ ਆਪਣੀ ਇਕ ਲੱਤ ਪਾਣੀ ਵਿਚ ਪਾਈ, ਉਹ ਬਿਲਕੁਲ ਨੀਕ ਹੋ ਗਈ ਤਾਂ ਖਾਰੀ ਵਿਚੋਂ ਰਿੜ੍ਹ ਕੇ ਪਾਣੀ ਵਿਚ ਇਸ਼ਨਾਨ ਕਰਨ ਲੱਗਾ, ਜਿਸ ਉਂਗਲ ਨਾਲ ਖਾਰੀ ਨੂੰ ਪਕੜਿਆ ਸੀ, ਤੋਂ ਛੁਟ ਸਾਰਾ ਸਰੀਰ ਰਿਸ਼ਟ ਪੁਸ਼ਟ ਕਰ ਲਿਆ। ਬੀਬੀ ਰਜਨੀ ਪਹਿਲਾਂ ਹੈਰਾਨ ਹੋਈ ਤਾਂ ਰਹਿੰਦੀ ਕੋੜ੍ਹ ਵਾਲੀ ਉਂਗਲ ਨੂੰ ਸਰੋਵਰ ਵਿਚ ਡੁਬੋ ਕੇ ਰਿਸ਼ਟ ਵਿਖਾ ਕੇ ਤਸੱਲੀ ਕਰਵਾ ਦਿਤੀ। ਬੀਬੀ ਰਜਨੀ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ। ਇਸ ਪਵਿੱਤਰ ਅਸਥਾਨ ਦੀ ਮਹੱਤਤਾ ਅਤੇ ਇਸ ਘਟਨਾ ਬਾਰੇ ਤਸੱਲੀ ਕਰਨ ਲਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੇਨਤੀ ਕੀਤੀ। ਉਹਨਾਂ ਨੇ ਕਿਹਾ:

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਏ ॥ ਮ: ੪ (੪੦)
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥ (੧੧੩)
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥ (੨੩੪)

ਅੰਮ੍ਰਿਤ ਸਰੋਵਰ ਬਾਰੇ ਕਿਹਾ :

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ॥ (੨੪੦)
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (੩੦੫)
ਗੁਰਮਤਿ ਸਤਿ ਸਰਿ ਹਰਿ ਜਲਿ ਨਾਇਆ ॥
ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥ (੩੬੨)
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ (੩੬੩)
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥ (੪੯੩)
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਅੰਮ੍ਰਿਤ ਸਰਿ ਨਾਤਾ ॥ (੫੧੦)
ਹਉਮੈ ਮੈਲੁ ਸਭੁ ਉਤਰੀ ਮੇਰੀ ਜਿੰਦੁੜੀਏ,
ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥ (੫੩੯)
ਕਰਿ ਮਜਨੁ ਹਰਿ ਪਾਰੇ ਸਭਿ ਕਿਲਬਿਖ ਨਾਸੁ ਮਨਾ ॥ (੫੪੫)

ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ (੫੪੨)

ਗਿ: ਗਿਆਨ ਸਿੰਘ ਅਨੁਸਾਰ :—

ਜੀਵਨ ਬੈਕੁੰਠ ਜਿਸ ਦੇਖਨੋ ਸੋ ਦੇਖਨ ਆਇ ॥
ਸੁਧਾ ਸਰ ਬੀਚ ਝਲੇ ਅੰਮ੍ਰਿਤ ਤਰੰਗ ਤੇ ॥

ਇਹ ਖਾਲਸੇ ਦੀ ਰਾਜਧਾਨੀ ਹੈ :—

ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥ (੬੯੩)
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥ (੭੩੧)
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥ (੭੬੨)
ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ,
ਭਏ ਪਵਿਤੁ ਸਰੀਰਾ ॥ (੭੭੪)
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ (੭੮੪)
ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥ (੮੧੪)
ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥ (੮੧੪)
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੋ ਵਡਭਾਗੀ ਤਿਤੁ ਨਾਵਾਈਐ ॥ (੮੮੧)
ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥ (੯੮੧)
ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥(੯੮੪)
ਗੁਰ ਸਾਗਰੁ ਅੰਮ੍ਰਿਤ ਸਰੁ ਜੋ ਇਛੈ ਸੋ ਫਲੁ ਪਾਏ ॥ (੧੦੧੭)
ਸਿਖਾਂ ਪੁਤਾਂ ਭਾਈਆਂ ਭਾਉ ਇਕੋ ਜਿਹਾ ॥

ਸ੍ਰੀ ਗੁਰੂ ਰਾਮਦਾਸ ਜੀ ਇਸ ਅਸਥਾਨ ਤੇ ਬੈਠ ਕੇ ਸਿਮਰਨ ਸੰਗਤ ਕਰਦੇ ਸਨ, ਬਾਲਕ ਅਰਜਨ ਦੇਵ ਜੀ ਸਮਾਧੀ ਵਿਚ ਬੈਠਦੇ ਸਨ।

੧੩ ਜੂਨ ਸੰਨ ੧੫੭੭ ਵਿਚ ਨਗਰ ਆਬਾਦ ਕਰਕੇ, ਨਾਮ ਗੁਰੂ ਕਾ ਚੱਕ ਰਖਿਆ, ਆਮ ਲੋਕ ਰਾਮਦਾਸ ਸਰ ਵੀ ਕਹਿਣ ਲਗੇ। ਬੰਸਾਵਲੀ ਨਾਮੇ ਅਨੁਸਾਰ ਸੰਮਤ ਸੋਲਾ ਸੌ ਚਉਤਰੀ ਜਬ ਭਏ ਨਗਰ ਤਲਾਉ ਤਯਾਰ ਕਰ ਲਏ।

ਦੁਇ ਨਾਮ ਤੀਰਥ ਕੋ ਪਏ ਸੰਸਾਰ ਕੋਈ ਕਹੇ ਰਾਮਦਾਸ ਸਰ ॥
ਕੋਈ ਕਹੇ ਅਮਰ ਸਰ ਉਚਾਰ ॥
ਨਗਰ ਵਿਚ ਤਹਾ ਧਾਮ ਅਪਨੇ ਭੀ ਬਨਵਾਏ ॥
ਕਈ ਸਾਲ ਤਹਾਂ ਆਪ ਭੀ ਬਸ ਆਏ ॥
ਸਚੁ ਤੀਰਥੁ ਨਾਵਹੁ ਹਰਿ ਗੁਣ ਗਾਵਹੁ ॥ (੧੦੩੦)
ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣ ॥

ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥
ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥ ੧੧੭੯
ਗੁਰ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲ ਹਰੇ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥ (੧੩੨੯)

੧੩ ਜੂਨ ਸੰਨ ੧੫੭੯ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਅਠਸਠ ਅਸਥਾਨ ਤੇ ਬੈਠ ਕੇ ਇਸ ਢਾਬ, ਢੰਢ ਨੂੰ ਸਰੋਵਰ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਹਰਕੀ ਪਉੜੀ ਤੋਂ ਸਰੋਵਰ ਦੀ ਖੁਦਵਾਈ ਸ਼ੁਰੂ ਕਰਵਾਈ ਤੇ ਕਿਹਾ :

ਹਰਿ ਕੀ ਪਉੜੀ ਹਰਿ ਜੀ ਵਸੈ ॥

ਅੰਮ੍ਰਿਤਸਰ ਦੇ ਸਰੋਵਰ ਕਰਕੇ ਸਿਖ,ਹਿੰਦੂ-ਤੀਰਥਾਂ ਤੇ ਜਾਣਾ ਬੰਦ ਹੋ ਗਏ:

ਵਸ੍ਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮਦਾਸ ਸਰ ॥ (੧੩੬੨)
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ (੧੩੪੬)
ਤਟਿ ਨਗਰ ਕਰਨ ਕਾ ਕੀਆ ਉਪਾਉ ॥ ਚਕ ਗੁਰ ਕਾ ਧਰਿਆ ਨਾਉ ॥
ਪਕਾ ਤਲਾਉ ਤੇ ਹਰਿਮੰਦਰ ਬਣਿਆ ॥ ਤੀਰਥ ਵਡਾ ਵਿਚਿ ਸ਼ਾਸਤਰ ਗਣਿਆ ॥

ਇਲਾਕੇ ਦੀਆ ਸੰਗਤਾਂ ਆਪਣੇ ਦੁਖ ਰੋਗ, ਕਸ਼ਟ ਕੱਟਣ ਲਈ, ਇਸ਼ਨਾਨ ਕਰਨ ਲਈ ਜੁੜਨ ਲੱਗੀਆਂ। ਬੀਬੀ ਰਜ਼ਨੀ ਦਾ ਸਿਦਕ ਸਾਰੇ ਸੰਸਾਰ ਦੇ ਦੁਖਾਂ, ਰੋਗਾਂ ਨੂੰ ਕੱਟਣ ਲਈ ਸਦੀਵੀ ਉਦਾਹਰਣ ਬਣ ਗਿਆ :

ਕਰਿ ਇਸਨਾਨ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥

ਦੁਖ ਭੰਜਨੀ ਬੇਰੀ ਹਮੇਸ਼ਾਂ ਹਰੀ ਭਰੀ ਮਿਠੇ ਬੇਰਾਂ ਨਾਲ ਲੱਦੀ ਰਹਿੰਦੀ ਹੈ। ਦੁਖ ਭੰਜਨੀ ਨਾਮ ਗੁਰੂ ਰਾਮਦਾਸ ਜੀ ਨੇ ਆਪ ਰਖਿਆ ਸੀ। ਬੀਬੀ ਭਾਨੀ ਜੀ ਹੋਰ ਸੰਗਤਾਂ ਸਮੇਤ ਇਸ ਅਸਥਾਨ ਤੇ ਸੇਵਾ ਕਰਨ ਲਗੇ। ਇੱਟਾਂ ਦੀ ਲੋੜ ਪੂਰੀ ਕਰਨ ਲਈ ਭੱਠੇ ਲਗਵਾਏ ਗਏ। ਭਾਈ ਢਿਲੋਂ, ਬਹਿਲੋਂ, ਭਾਈ ਭਗਤੂ, ਬਾਬਾ ਬੁਢਾ, ਚੌਧਰੀ ਲਾਲ ਤੇ ਭਾਈ ਲੰਗਾਹ ਵਲੋਂ ਸੇਵਾ ਕੀਤੀ ਗਈ। ਭਾਈ ਬਹਿਲੋ ਫੀਰੋਜਪੁਰ ਦਾ ਵਸਨੀਕ ਸਖੀ ਸਰਵਰ ਦਾ ਚੇਲਾ ਸੀ. ਆਵਿਆਂ ਵਿਚ ਇੱਟਾਂ ਪਕਾਉਣ ਦਾ ਮਾਹਰ ਸੀ, ਲੋਕਾਂ ਦੇ ਭੂਤ ਪ੍ਰੇਤ ਕਢਣ ਦਾ ਕੰਮ ਕਰਦਾ ਸੀ, ਅੰਮ੍ਰਿਤਸਰ ਵਿਖੇ ਗੁਰੂ ਘਰ ਦਾ ਸੇਵਕ ਬਣ ਗਿਆ, ੨੨ ਮੰਜੀਆਂ ਦੇ ਸਾਰੇ ਪ੍ਰਚਾਰਕ ਇਕੱਠੇ ਹੋਏ।

ਸੰਨ ੧੫੭੯ ਵਿਚ ਬਾਬਾ ਸ੍ਰੀ ਚੰਦ ਜੀ, ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਲਈ ਆਏ ਅਤੇ ਕਿਹਾ :




ਉਦਾਸੀਆਂ ਸ੍ਰੀ ਗੁਰੂ ਨਾਨਕ ਦੇਵ ਜੀ



ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਦੇ ਹੋਏ ਸਾਈਂ ਮੀਆਂ ਮੀਰ ਜੀ

ਇਹ ਤੋ ਹੈ ਹਰਿ ਜੀ ਕਾ ਧਾਮੁ, ਤਾਲ ਨਾਮ ਅੰਮ੍ਰਿਤਸਰ ਰਖੇਂ ॥
ਰਿਧਿ ਸਿਧਿ ਬਸੈ ਇਸ ਥਾਂਹੀ, ਬਸਨਹਾਰ ਦੁਖ ਪਾਵਹਿ ਨਾਹੀ ॥

ਸਰੋਵਰ ਦੇ ਵਿਚਕਾਰਲੇ ਪਵਿਤਰ ਥੜ੍ਹੇ ਵਾਲੀ ਥਾਂ ਛਡ ਕੇ ਬਾਕੀ ਖੁਦਵਾਈ ਕਰਵਾਈ ਗਈ।

ਸੰਨ ੧੫੮੧ ਵਿਚ ਸਰੋਵਰ ਤਿਆਰ ਹੋਣ ਤੇ ਦਰਸ਼ਨੀ ਡਿਓੜੀ ਤਿਆਰ ਕੀਤੀ ਗਈ :

੧. ਗੁਰ ਰਾਮਦਾਸ ਕਲ੍ਹ ਚਰੈ ਤੁਅ ਸਹਜ ਸਰੋਵਰਿ ਬਾਸ ॥
੨. ਪੂਰਨ ਤਾਲੁ ਖਟਾਇਆ,
ਅੰਮ੍ਰਿਤ ਸਰਿ ਵਿਚਿ ਜੋਤਿ ਜਗਾਵੈ ॥

ਭਾਈ ਗੁਰਦਾਸ (੧/੪੭)

ਸੰਨ ੧੫੮੧ ਵਿਚ ਗੁਰੂ ਜੀ ਗੋਇੰਦਵਾਲ ਸਾਹਿਬ ਚਲੇ ਗਏ, ਪਹਿਲੀ ਸਤੰਬਰ ੧੫੮੧ ਨੂੰ ਗੁਰ-ਗੱਦੀ 'ਤਖਤਿ ਬਹੇ ਤਖਤੇ ਕੀ ਲਾਇਕ' ਆਪਣੇ ਛੋਟੇ ਬਾਲਕ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ। ਪਰ ਭਾਈ ਪ੍ਰਿਥੀ ਚੰਦ ਨੇ ਸਾਰੇ ਪ੍ਰਬੰਧ ਆਪ ਸੰਭਾਲ ਲਏ।

ਸਾਲ ੧੫੮੧ ਤੋਂ ੮੬ ਤਕ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੋਇੰਦਵਾਲ, ਬਾਸਰਕੇ ਅਤੇ ਵਡਾਲੀ ਵਿਖੇ ਰਹੇ ਅਤੇ ਅੰਮ੍ਰਿਤਸਰ ਵਿਚ ਆ ਕੇ ਸਰੋਵਰ ਨੂੰ ਪੱਕਾ ਕਰਨ ਦਾ ਕੰਮ ਕਰਵਾਇਆ। ਗੁਰੂ ਅਰਜਨ ਦੇਵ ਜੀ ਬਚਪਨ ਤੋਂ ਹੀ ਗੋਇੰਦਵਾਲ ਬਾਉਲੀ ਉਸਾਰੀ ਦੀ ਸੇਵਾ ਕਰਦੇ ਰਹੇ, ਭਾਈ ਬਹਿਲੋ, ਭਾਈ ਮੰਝ, ਭਾਈ ਸਾਲ੍ਹੋ, ਭਾਈ ਭਗਤਾ ਜੀ, ਪਿਆਰਾ ਜੀ, ਕਲਿਆਣਾ ਜੀ ਉਸਾਰੀ ਦੇ ਕਾਰਜ ਕਰਦੇ ਰਹੇ। ਮੱਘਰ ਦੀ ਸੰਗਰਾਂਦ ਸੰਮਤ ੧੬੪੫, ੧੩ ਜਨਵਰੀ ਸੰਨ ੧੫੮੮ ਵਿਚ ਇਸ ਸਰੋਵਰ ਦੇ ਵਿਚਕਾਰ ਸੁੰਦਰ ਹਰਿਮੰਦਰ ਦੀ ਨੀਂਹ ਲਾਹੌਰ ਦੇ ਨਾਲ ਲੱਗਦੇ ਪਿੰਡ ਮੀਆਂ ਮੀਰ (ਲਾਹੌਰ ਛਾਉਣੀ) ਦੇ ਮੁਸਲਮਾਨ ਸੂਫੀ ਪੀਰ ਸਾਈਂ ਮੀਰ ਮੁਯੀਨ-ਉਲ ਅਸਲਾਮ ਹਜ਼ਰਤ ਮੀਆਂ ਮੀਰ ਜੀ ਦੇ ਹਥੋਂ ਰਖਵਾਈ :

ਮੀਆਂ ਮੀਰ ਤੇ ਨੀਉਂ ਰਖਾਈ ਕਾਰੀਗਰ ਪਲਟ ਕਰ ਲਾਈ ॥

(ਤਵਾਰੀਖ-ਏ ਪੰਜਾਬ-੧੩੯)

ਮਿਸਤਰੀ ਨੇ ਉਹ ਇਟ ਉਲਟਾ ਕੇ ਸਿੱਧੀ ਕਰਕੇ ਰੱਖ ਦਿੱਤੀ ਤਾਂ ਸਾਂਈਂ ਜੀ ਨੇ ਕਿਹਾ ਕਿ ਇਹ ਢਹਿ ਕੇ ਫਿਰ ਉਸਰੇਗਾ, ਜੋ ਪਰਤੱਖ ਹੋਇਆ। ਦੁਬਾਰਾ ਉਸਾਰੀ ਸੰਨ ੧੭੬੫ ਤੋਂ ਸ਼ੁਰੂ ਹੋਈ, ਇਸਲਾਮ ਧਰਮ ਦੇ ਪੀਰ ਹਥੋਂ ਸਾਂਝੇ ਰਬ ਦੇ ਘਰ ਦੀ ਨੀਂਹ ਰਖਵਾਉਣੀ, ਸੰਸਾਰ ਵਿਚ ਵਾਹਿਗੁਰੂ ਦੀ ਸਾਂਝੀਵਾਲਤਾ ਅਤੇ

ਸਾਰੀ ਮਨੁੱਖਤਾ ਦੇ ਕਲਿਆਣ ਦਾ ਸਬੂਤ ਹੈ, ਲਾਸਾਨੀ ਮਿਸਾਲ ਹੈ। 'ਹਰਿ ਜੀ ਹਰਿ ਮੰਦਰ ਸਾਜਿਆਂ' ਦੀ ਉਸਾਰੀ ਕੀਤੀ।

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥(੭੮੩)

੧੫੯੬ ਵਿਚ ਲਾਹੌਰ ਵਿਚ ਸੋਕਾ ਪੈ ਜਾਣ ਨਾਲ ਕਾਲ ਪੈ ਗਿਆ ਗੁਰੂ ਜੀ ਨੇ ਲਾਹੌਰ ਡਬੀ ਬਾਜ਼ਾਰ ਵਿਚ ਇਕ ਬਾਉਲੀ ਬਣਵ ਈ ਲਾਹੌਰ ਤੋਂ ਬਹੁਤ ਸਾਰੇ ਲੋਕ ਅੰਮ੍ਰਿਤਸਰ ਆ ਕੇ ਆਬਾਦ ਹੋ ਗਏ।

ਸੰਨ ੧੬੦੧ ਵਿਚ ਸੰਪੂਰਨ ਹੋਇਆ। ਧੁਰ ਕੀ ਬਾਣੀ ਦਾ ਸਬਦ ਕੀਰਤਨ, ਕਥਾ ਹੋਣ ਲਗਾ। ੧੬ ਅਗਸਤ ਸੰਨ ੧੬੦੪ ਨੂੰ ਸ਼ਬਦ-ਗੁਰੂ ਪੋਥੀ ਪ੍ਰਮੇਸ਼ਰ ਦੀ ਸਥਾਪਨਾ ਭਾਈ ਗੁਰਦਾਸ ਜੀ ਰਾਹੀਂ ਕੀਤੀ ਗਈ। ਬਾਬਾ ਬਢਾ ਜੀ ਨੇ ਗੁਰ ਸ਼ਬਦ ਸੂਹੀ ਮ: ੫, ਪੰਨਾ ੭੪੩ ਤੋ "ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥" ਸੁਣਾਇਆ। ਸੇਵਾ ਸਿਮਰਨ ਦਾ ਪ੍ਰਬੰਧ ਕਰਨ ਲਗੇ। ਇਹ ਸਾਰੀ ਮਨੁਖਤਾ ਦੇ ਕਲਿਆਣ ਦਾ ਧਰਮ-ਕੇਂਦਰ ਸੁਭਾਇਮਾਨ ਹੈ।

ਉਸਾਰੀ ਕਾਰਜਾਂ ਲਈ ਸੰਗਤਾਂ ਕਾਬਲ, ਕੰਧਾਰ ਤੋਂ ਵੀ ਆਉਦੀਆਂ ਸਨ।

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੇ ਸਰਿ ਨਾਵੰਦੇ ॥

(ਭਾਈ ਗੁਰਦਾਸ)

ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਕਿ ਇਥੇ ਸਹਿਜ ਸੁਭਾਇ ਭਗਤੀ ਦੀ ਰੌ ਚਲ ਪਵੇਗੀ। ਇਹ ਮੁਕਤ-ਭੁਗਤ ਦੀ ਪਉੜੀ ਹੈ, ਗੁਰੂ-ਛੇਤਰ ਹੈ। ਇਹ ਪ੍ਰਚਾਰ ਦਾ ਸੋਮਾਂ ਰਾਜਧਾਨੀ ਕਾਇਮ ਕੀਤੀ ਗਈ ਹੈ।

ਕਲ ਭਟ ਨੇ ਉਸਤਤ ਕੀਤੀ :

੧, ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ
ਗੁਰ ਬਿਮਲ ਸਰ ਸੰਤ ਸਿਖ ਨਾਈਐ ॥

ਮਹਿਮਾ ਪ੍ਰਕਾਸ਼ ਅਨੁਸਾਰ :

੨. ਨਿਰਮਲ ਨਾਮ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਤਿ ਦਿਨ ਆਗਰੁ।
ਗੁਰੂ ਨਾਨਕ ਗੁਰੂ ਅੰਗਦ ਖਾਸ। ਅਮਰ ਦੇਵ ਸ੍ਰੀ ਗੁਰੂ ਰਾਮ ਦਾਸ।
ਚਾਰੇ ਗੁਰ ਦੀ ਮਰਜੀ ਸੰਗਾ। ਪਗਟਯੋ ਤੀਰਥ ਇਹ ਚੰਗਾ।
ਲਾਹੌਰ ਸਹਰੁ ਜਹਰੁ ਕਹਰੁ, ਅੰਮ੍ਰਿਤਸਰੁ ਸਿਫਤੀ ਦਾ ਘਰੁ। (੧੪੧੨)

੧੭ ਅਕਤੂਬਰ ੧੬੦੫ ਨੂੰ ਅਕਬਰ ਦੀ ਮੌਤ ਹੋ ਗਈ ੨੪ ਅਕਤੂਬਰ ੧੬੦੫ ਨੂੰ ਦੁਸ਼ਟ ਜਹਾਂਗੀਰ ਤਖਤ ਤੇ ਬੈਠ ਗਿਆ, ਦਸੰਬਰ ੧੬੦੫ ਨੂੰ ਖੁਸਰੋ ਨੇ ਬਗਾਵਤ ਕੀਤੀ ਸੀ।

੩੦ ਮਈ ੧੬੦੬ ਨੂੰ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ। ੧੩ ਜੂਨ ੧੬੦੬ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁਢਾ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ।

੧੫ ਜੂਨ ੧੬੦੬ ਨੂੰ ਅਕਾਲ ਤਖਤ ਦੀ ਨਹੀਂ ਰਖੀ ਗਈ। ੧੬੦੬ ਤੋਂ ਤਖਤ ਤੇ ਦਰਬਾਰ ਲਗਣੇ ਸ਼ੁਰੂ ਹੋਏ। ੧੬੧੦ ਤੋਂ ੧੬੧੨ ਤਕ ਗਵਾਲੀਅਰ ਦੇ ਕਿਲੇ ਵਿਚ ਕੈਦ ਰਹੇ ਬਾਬਾ ਬੁਢਾ ਜੀ ਨੇ ਮਿਸਾਲਾਂ ਜਗਾ ਕੇ ਸ਼ਬਦ-ਚੌਕੀ ਸ਼ੁਰੂ ਕੀਤੀ। ੧੬੧੬ ਨੂੰ ਅਕਾਲ ਤਖਤ ਦੇ ਪਿਛਲੇ ਪਾਸੇ ਇਕ ਖੂਹ ਅਕਾਲ ਸਰ ਲਗਵਾਇਆ। ੮ ਨਵੰਬਰ ੧੬੨੭ ਨੂੰ ਜਹਾਂਗੀਰ ਮਰ ਗਿਆ। ੮ ਫਰਵਰੀ ੧੬੨੮ ਨੂੰ ਸ਼ਾਹਜਹਾਨ ਤਖਤ ਤੇ ਬੈਠ ਗਿਆ ਸੰਨ ੧੬੨੮ ਨੂੰ ਮੁਗਲ ਸੈਨਾ ਵਲੋਂ ਅੰਮ੍ਰਿਤਸਰ ਤੇ ਹਮਲਾ ਕੀਤਾ ਗਿਆ, ਗੁਰੂ ਸਾਹਿਬ ਨੇ ਅਕਾਲ ਤਖਤ ਤੋਂ ਅਰਦਾਸ ਕਰਕੇ ਫ਼ਤਹਿ ਪ੍ਰਾਪਤ ਕੀਤੀ, ਇਹ ਖਾਲਸੇ ਦਾ ਪਹਿਲਾ ਯੁਧ ਸੀ। ੧੬੩੪ ਤੋਂ ਗੁਰੂ ਸਾਹਿਬ ਕੀਰਤਪੁਰ ਚਲੇ ਗਏ, ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੋਢੀ ਮਿਹਰਵਾਨ ਕਰਨ ਲਗਾ, ੧੬੩੯ ਵਿਚ ਮੌਤ ਹੋਣ ਤੇ ਇਸ ਦਾ ਪੁਤਰ ਹਰਿ ਜੀ ੧੬੬੬ ਤਕ ਪਬੰਧ ਕਰਦਾ ਰਿਹਾ, ਇਸ ਦੇ ਮਰ ਜਾਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪ੍ਰਬੰਧ ਸੌਂਪ ਦਿਤੇ।

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾ ਵਾਸਤੇ ਜੋ ਸੰਗਤਾਂ ਪਹੁੰਚਦੀਆਂ ਹਨ, ਉਹ ਹਾਲ ਬਜ਼ਾਰ ਤੋਂ ਨਗਰ ਨਿਗਮ ਕੋਤਵਾਲੀ ਚੌਂਕ ਵਲ ਪਹੁੰਚਦੇ ਹਨ, ਇਥੋਂ ਚੌਕ ਘੰਟਾ ਘਰ ਵਿਚ ਸਾਈਕਲ ਸਕੂਟਰ, ਕਾਰ ਤੇ ਜੀਪ ਸਟੈਡ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਲੋਂ ਹਨ। ਜੋੜਾ ਘਰ ਵਿਚ ਜੋੜਾ ਰੱਖਣ, ਗਠੜੀ ਘਰ ਵਿਚ ਆਪਣਾ ਸਮਾਨ ਰੱਖਣ ਦੇ ਪ੍ਰਬੰਧ ਹਨ। ਨੰਗੇ ਸਿਰ ਵਾਲੇ ਸੱਜਣਾਂ ਵਾਸਤੇ ਸਿਰ ਢੱਕਣ ਲਈ ਰੁਮਾਲ ਦਿਤੇ ਜਾਂਦੇ ਹਨ। ਜਲ ਦੀ ਛਬੀਲ ਹੈ, ਹਥ ਧੋਣ ਵਾਸਤੇ ਟੂਟੀਆਂ ਹਨ। ਫੁਲ ਤੇ ਹਾਰ ਵਾਲਾ ਸਟਾਲ ਹੈ। ਪੈਰ ਧੋ ਕੇ ਅੰਦਰ ੧੩ ਪਉੜੀਆਂ ਉਤਰ ਕੇ ਬਰਾਂਡਾ ਅਤੇ ਵਡੀ ਪ੍ਰਕਰਮਾ, ਅੰਮ੍ਰਿਤ ਸਰੋਵਰ ਹੈ। ਇਸ ਸਰੋਵਰ ਦੇ ਵਿਚਕਾਰ ਸਾਹਮਣੇ ਝਿਲਮਿਲ ਲਿਸ਼ਕਦਾ ਸੁਨਹਿਰੀ ਹਰਿਮੰਦਰ ਸਾਹਿਬ ਹੈ। ਆਪਣਾ ਸੀਸ ਝੁਕਾ ਕੇ ਸ਼ਬਦ ਕੀਰਤਨ ਦਾ ਅਨੰਦ ਮਾਣਦੇ ਹੋਏ ਆਪਣੇ ਖੱਬੇ ਹਥ ਵਾਲੇ ਪਾਸੇ ਵਲੋਂ ਸਰੋਵਰ ਦੀ ਪ੍ਰਕਰਮਾਂ ਕਰਦੇ ਹੋਏ, ਸਰੋਵਰ ਦੇ ਕੰਢੇ ਦੁਖ ਭੰਜਨੀ ਬੇਰ ਸੁਭਾਇਮਾਨ ਹੈ। ਇਥੋਂ ੧੬੧੨ ਵਿਚ ਚਨਿਓਟ ਦਾ ਨਵਾਬ ਵਜ਼ੀਰ ਖਾਂ ਦਾ ਜਲੰਧਰ, ੧੭੮੬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਚੇਚਕ ਰੋਗ ਖ਼ਤਮ ਹੋਇਆ ਅਤੇ ਅੰਬਾਲਾ ਦੇ ਕਾਹਲਾ ਸਿੰਘ ਜਿਸ ਨੇ ੧੨ ਅਕਤੂਬਰ ੧੯੭੩ ਨੂੰ ਇਸ਼ਨਾਨ ਕਰਕੇ ਅਧਰੰਗ ਦੇ ਲਾ-ਇਲਾਜ

ਰੋਗ ਤੋਂ ਰਿਸ਼ਟ-ਪੁਸ਼ਟ ਹੋਣ ਦੀ ਯਾਦ ਤਾਜ਼ਾ ਕਰ ਰਹੀ ਹੈ,ਸੰਗਤਾਂ ਇਥੇ ਇਸ਼ਨਾਨ ਕਰਦੀਆਂ ਹਨ, ਅੰਮ੍ਰਿਤ ਜਲ ਦੇ ਚੁਲੇ ਲੈਂਦੀਆਂ ਹਨ, ਇਸ ਦੇ ਨਾਲ ਬੀਬੀਆਂ ਦੇ ਇਸ਼ਨਾਨ ਕਰਨ ਵਾਸਤੇ ਪੌਣਾ ਹੈ, ਪੁਰਾਤਨ ਬੇਰੀ ਮਿਠੇ ਗੋਲ ਬੇਰਾਂ ਨਾਲ ਲਦੀ ਰਹਿੰਦੀ ਹੈ।


ਇਹ ਹਿੰਦੂ ੬੮ ਤੀਰਥਾਂ ਤੋਂ ਵੀ ਮਹਾਨ ਹੈ :

੧, ਰਾਮ ਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥

ਪ੍ਰਕਰਮਾਂ ਵਿਚ ਇਸ ਨਾਲ ਅਠ-ਸਠ ਤੀਰਥ ਵਾਲਾ ਅਸਥਾਨ ਹੈ। ਇਕ ਕਮਰੇ ਵਿਚ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਚਲਦੇ ਰਹਿੰਦੇ ਹਨ, ਚੌੜੇ ਖੁਲ੍ਹੇ ਥੜ੍ਹੇ ਉਪਰ ਕਬੂਤਰ ਬੈਠੇ ਨਜ਼ਰ ਆਉਂਦੇ ਹਨ। ਪ੍ਰਕਰਮਾਂ ਦੇ ਖਬ ਪਾਸੇ ਵਡੀ ਡਿਓੜੀ ਹੈ, ਜਿਥੋਂ ਗੁਰੂ ਦੇ ਲੰਗਰ ਹਾਲ ਵਲ ਜਾਣ ਅਤੇ ਗੁਰੂ ਰਾਮਦਾਸ ਸਰਾਏ ਅਕਾਲ ਰੈਸਟ ਹਾਊਸ ਵਲ ਜਾਣ ਦਾ ਰਸਤਾ ਹੈ।


ਸਰੋਵਰ ਦੀ ਪ੍ਰਕਰਮਾਂ ਕਰਦੇ ਖਬੇ ਹਥ ਵਲ ਮੰਜੀ ਸਾਹਿਬ ਦਾ ਦੀਵਾਨ ਹਾਲ ਅਤੇ ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ ਅਤੇ ਬਾਬਾ ਅਟੱਲ ਸਾਹਿਬ ਵੱਲ ਜਾਣ ਦਾ ਰਸਤਾ ਹੈ।

ਸਰੋਵਰ ਦੀ ਪ੍ਰਕਰਮਾ ਕਰਦੇ ਹੋਏ ਗੁਰਦੁਆਰਾ ਸ਼ਹੀਦ ਬੁੰਗਾ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਬੁੰਗਾ ਹੈ। ਸ੍ਰੀ ਅਖੰਡ ਪਾਠ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਪਵਿੱਤਰ ਅਸਥਾਨ ਜਿਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਪ੍ਰਕਰਮਾਂ ਵਿਚ ਡਿਗਿਆ ਸੀ, ਗੋਲ ਚੱਕਰ ਹੈ, ਇਥੇ ਫੁੱਲ ਅਤੇ ਹਾਰ ਪਏ ਹੁੰਦੇ ਹਨ, ਸੰਗਤਾਂ ਮੱਥਾ ਟੇਕਦੀਆਂ ਅਗੇ ਜਾਂਦੀਆਂ ਹਨ। ਵਡੀ ਡਿਓੜੀ ਦੀਆਂ ਪਉੜੀਆਂ ਹਨ ਜੋ ਬਾਹਰ ਵਲ ਨਿਕਲ ਕੇ ਰਸਤਾ ਬਜ਼ਾਰ ਵਲ ਹੈ ਉਪਰਲੀ ਛਤ ਤੇ ਸਿਖ ਇਤਿਹਾਸ ਲਾਇਬਰੇਰੀ ਹੈ। ਸਰੋਵਰ ਦੀ ਪ੍ਰਕਰਮਾਂ ਵਿਚ ਜਾਂਦੇ ਅਗੇ ਇਕ ਬਰਾਂਡੇ ਵਿਚ ਇਕ ਕਮਰਾ ਹੈ ਜਿਥੇ ਗਿੱਲੇ ਕਪੜੇ ਰਖੇ ਜਾਣ ਦਾ ਪ੍ਰਬੰਧ ਹੈ, ਨਾਲ ਅਗੇ ਬਰਾਂਡੇ ਵਿਚ ਦੇਗ ਕਰਵਾਉਣ ਵਾਸਤੇ, ਪਰਚੀ ਲੈਣ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ਼ ਤਿਆਰ ਕੀਤੀ ਜਾਂਦੀ ਹੈ। ਅਗੇ ਪ੍ਰਕਰਮਾਂ ਵਿਚ ਸਜੇ ਹੱਥ ਸਰੋਵਰ ਦੇ ਕੰਢੇ ਇਲਾਇਚੀ ਬੇਰੀ ਹੈ। ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਇਸ ਦੇ ਨਾਲ ਲਗਦੇ ਵਡੇ ਕਮਰੇ ਵਿਚ ਸੁੰਦਰ ਸੁਨਹਿਰੀ ਪਾਲਕੀ ਰਖੀ ਹੁੰਦੀ ਹੈ ਇਸ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਲ ਜਾਣ ਵਾਸਤੇ ਦਰਸ਼ਨੀ ਦਰਵਾਜ਼ਾ ਹੈ। ਇਹ ਦਰਵਾਜ਼ਾ ੧੦ ਫੁਟ ਉਚਾ ਅਤੇ ੮ ਫੁਟ ੬ ਇੰਚ ਚੌੜਾ ਹੈ। ਸੰਗਤਾਂ ਇਸ ਦੀ ਚੁਗਾਠ ਉਪਰ ਨਮਸਕਾਰ ਕਰਦੀਆਂ ਹਰਿਮੰਦਰ ਸਾਹਿਬ ਵਲ ਸਤਿਨਾਮ-ਵਾਹਿਗੁਰੂ




ਸ੍ਰੀ ਹਰਿਮੰਦਰ ਸਾਹਿਬ, ਗਠੜੀ ਘਰ ਵਿਖੇ ਨੰਗੇ ਸਿਰ ਵਾਲੇ
ਸੱਜਣਾਂ ਨੂੰ ਰੁਮਾਲ ਸਜਾਏ ਜਾ ਰਹੇ ਹਨ

ਸੱਚ ਖੰਡ ਵਸੈ ਨਿਰੰਕਾਰ



ਤਹਾਂ ਬੈਕੁੰਠ ਜਹ ਕੀਰਤਨੁ ਤੇਰਾ

ਦਾ ਸਿਮਰਨ ਕਰਦੀਆਂ, ਸ਼ਬਦ ਕੀਰਤਨ ਸਰਵਣ ਕਰਦੀਆਂ ਜਾਂਦੀਆਂ ਹਨ। ਡਿਓੜੀ ਦੇ ਅੰਦਰ ਵੜਦੇ ਚੋਬਦਾਰ ਖੜਾ ਹੈ, ਇਸ ਦੇ ਨਾਲ ਇਕ ਢੋਲ ਰਖਿਆ ਹੈ, ਜਿਸ ਵਿਚ ਕੜਾਹ ਪ੍ਰਸ਼ਾਦਿ ਵਾਲੀ ਪਰਚੀ ਪਾਉਣੀ ਹੁੰਦੀ ਹੈ। ਇਥੋਂ ਹੀ ਉਪਰ ਇਕ ਪਉੜੀ ਚੜ੍ਹਦੀ ਹੈ, ਉਪਰ ਬਹੁਤ ਵਡਾ ਹਾਲ, ਤੋਸ਼ਾਖਾਨਾ ਹੈ ਜਿਸ ਵਿਚ ਵਡਮੁਲੀਆਂ ਯਾਦਗਾਰੀ ਵਸਤਾਂ ਸੰਭਾਲ ਕੇ ਰਖੀਆਂ ਹਨ। ਦਰਸ਼ਨੀ ਦਰਵਾਜ਼ੇ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਇਕ ਸੁੰਦਰ ਸੰਗਮਰਮਰ ਦਾ ਪੁਲ ੮੪ ਕਦਮ ਲੰਮਾ ਹੈ, ਆਪਣੀ ਸੁਰਤ ਸ਼ਬਦ ਨਾਲ ਜੋੜ ਕੇ ਜਾਣ ਨਾਲ ਮਨੁਖ ਦੀ ਚੁਰਾਸੀ ਕੱਟੀ ਜਾਂਦੀ ਹੈ।

ਗਿਆਨੀ ਗਿਆਨ ਸਿੰਘ ਜੀ ਅਨੁਸਾਰ ਪੰਥ ਪ੍ਰਕਾਸ਼ ਪੰਨਾ (੯੪੧)

ਕਦਮ ਚੁਰਾਸੀ ਵਾਹਿ ਸਦਮ ਲੇ ਹੇਤ ਯਾਹਿ।
ਛਦਮ ਚੁਰਾਸੀ ਲਾਖ ਜੋਨਿ ਹੋਇ ਭਾਵਨੋ।

ਸ਼ਰਧਾ ਵਿਸ਼ਵਾਸ ਅਤੇ ਭਾਵਨਾ ਦੀ ਲੋੜ ਹੈ।

ਕੜਾਹ ਪ੍ਰਸ਼ਾਦਿ ਦੀ ਦੇਗ ਵਾਲੇ ਸਿੰਘਾਂ ਵਾਸਤੇ ਰਸਤਾ ਵਿਚਕਾਰ ਵਾਲਾ ਹੈ। ਇਸ ਪੁਲ ਦੇ ਹੇਠਾਂ ੩੮ ਸੁਰਗ-ਦਵਾਰੀਆਂ ਹਨ, ਸਰੋਵਰ ਦਾ ਜਲ ਇਹਨਾਂ ਗੋਟਾਂ ਰਾਹੀਂ ਆਰ-ਪਾਰ ਚਲਦਾ ਰਹਿੰਦਾ ਹੈ। ਉਸਾਰੀ ਕਲਾ ਡੀਜ਼ਾਈਨ ਬੜਾ ਸੁੰਦਰ ਹੈ। ਪੁਲ ਦੇ ਦੋਹਾਂ ਪਾਸਿਆਂ ਵਲ ਜੰਗਲਾ ਤੇ ਸੰਗਮਰਮਰ ਦੀਆਂ ੬ ਬੁਰਜੀਆਂ ਹਨ। ਰਸਤੇ ਵਿਚ ਪੁਲ ਦੇ ਅੱਧ-ਵਿਚਕਾਰ ਖਬੇ ਪਾਸੇ ਸੰਗਮਰਮਰ ਦੀ ਇਕ ਬੁਰਜੀ ਦੇ ਉਪਰ ਇਕ ਪਲੇਟ ਟੇਢੇ ਦਾਅ ਲੱਗੀ ਹੋਈ ਹੈ, ਇਹ ਸੂਰਜ ਦੀ ਧੁਪ ਦੇ ਨਾਲ ਚਲਣ ਵਾਲੀ ਘੜੀ ਬਣੀ ਹੋਈ ਹੈ,ਸੂਰਜ ਦੀ ਗਤੀ ਅਨੁਸਾਰ ਇਸ ਪਲੇਟ ਦਾ ਪ੍ਰਛਾਵਾਂ ਘੜੀ ਉਪਰ ਘਟ ਵਧ ਹੁੰਦਾ ਰਹਿੰਦਾ ਹੈ ਅਤੇ ਬਿਲਕੁਲ ਠੀਕ ਵਕਤ ਦਾ ਪਤਾ ਲਗ ਜਾਂਦਾ ਹੈ ਇਹ ਸ: ਲਹਿਣਾ ਸਿੰਘ ਮਜੀਠੀਆ ਨੇ ੧੮੫੧ ਵਿਚ ਲਗਾਈ ਸੀ। ਰਾਤ ਸਮੇਂ ਰੌਸ਼ਨੀ ਦਾ ਪੂਰਾ ਪ੍ਰਬੰਧ ਹੈ।

ਸ੍ਰੀ ਹਰਿਮੰਦਰ ਸਾਹਿਬ ਉਸ ਪਵਿੱਤਰ ਅਸਥਾਨ ਤੇ ਦੋ-ਮੰਜ਼ਲਾ ਸੰਗਮਰਮਰ ਨਾਲ ਬਣਾਇਆ ਗਿਆ ਹੈ, ਜਿਸ ਅਸਥਾਨ ਤੇ ਸਤਿਗੁਰੂ ਨਾਨਕ ਦੇਵ ਜੀ ਨੇ ਬੈਠ ਕੇ ਇਲਾਹੀ ਸ਼ਬਦ ਕੀਰਤਨ ਕੀਤਾ ਸੀ। ਇਹ ਅੰਮ੍ਰਿਤ ਸਰੋਵਰ ਦੇ ਵਿਚਕਾਰ ਚੌੜਾ ਥੜ੍ਹਾ ੬੬'×੬੬' ਫੁਟ ਹੈ।

ਇਸ ਦਾ ਉਪਰਲਾ ਗੁੰਬਦ ਉਲਟਾ ਅਧਖਿੜੇ ਕੰਵਲ ਫੁਲ ਸਮਾਨ ੧੮ ਫੁਟ ਚੌੜਾ ਅਤੇ ੮ ਫੁਟ ਉਚਾ ਹੈ। ਇਸ ਤੇ, ਅਤੇ ਉਪਰਲੀਆਂ ਦੀਵਾਰਾਂ ਤੇ ਸੋਨੇ ਦੇ ਪਤਰੇ ਲਗੇ ਹੋਏ ਹਨ। ਇਹ ਮਹਾਰਾਜਾ ਰਣਜੀਤ ਸਿੰਘ ਵਲੋਂ

ਆਪਣੇ ਗੁਰੂ ਦਰਬਾਰ ਦੀ ਸੋਭਾ ਲਈ ਸੰਨ ੧੮੩੦ ਵਿਚ ਲਗਵਾ ਕੇ ਸ਼ੁਕਰਾਨਾ ਕੀਤਾ ਗਿਆ ਸੀ।

ਜਿਸ ਕਮਰੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਵਨ ਸਰੂਪ ਦਾ ਅੰਮ੍ਰਿਤ ਵੇਲੇ ਪ੍ਰਕਾਸ਼ ਹੁੰਦਾ ਹੈ ਹਰ ਰੋਜ਼ ਰਾਤ ੧੨ ਵਜੇ ਇਸ ਦਰਬਾਰ ਹਾਲ ਦੀ ਸਫਾਈ ਕਰਕੇ ਤਿਆਰ-ਬਰ-ਤਿਆਰ ਸਿੰਘ ਹਰਿ ਕੀ ਪਉੜੀ ਤੋਂ ਜਲ ਲੈ ਕੇ ਦੁਧ ਪਾ ਕੇ ਲਸੀ ਨਾਲ ਇਸ਼ਨਾਨ ਸੇਵਾ ਕੀਤੀ ਜਾਂਦੀ ਹੈ, ਚੁਲੇ ਭਰ ਕੇ ਛਕੇ ਜਾਂਦੇ ਹਨ, ਤੌਲੀਏ ਨਾਲ ਫਰਸ਼ ਪੂੰਝ ਕੇ ਵਿਛਾਈ ਹੁੰਦੀ ਹੈ, ਅਲੌਕਿਕ ਨਜ਼ਾਰਾ ਹੁੰਦਾ ਹੈ, ਜੋ ਕਿਸੇ ਹੋਰ ਧਰਮ ਦੇ ਅਸਥਾਨ ਤੇ ਰੱਬ ਦੇ ਘਰ ਵਾਂਗ ਨਹੀਂ ਹੁੰਦਾ। ਸਾਰਾ ਦਿਨ ਸ਼ਬਦ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਇਹ ਕਮਰਾ ੪੦ ਫੁਟ×੪੦ ਫੁਟ ਦਾ ਹੈ। ਇਸ ਦੇ ਚਾਰ ਦਰਵਾਜ਼ੇ ਹਨ। ਅੰਦਰ ਸੁੰਦਰ ਚੰਦੋਆ ੧੨'×੧੨' ਲਗਾ ਹੋਇਆ ਹੈ। ਹਰ ਕੋਈ ਇਥੇ ਬੜੇ ਅਦਬ ਤੇ ਸ਼ਰਧਾ ਨਾਲ ਕੜਾਹ ਪ੍ਰਸ਼ਾਦਿ ਦੀ ਦੇਗ ਅਰਪਨ ਕਰਦਾ ਫੁਲਾਂ ਦੇ ਹਾਰ ਭੇਂਟ ਕਰਦਾ ਆਪਣਾ ਸੀਸ ਝੁਕਾਉਂਦਾ ਮੱਥਾ ਟੇਕਦਾ ਹੈ ਅਤੇ ਸਿਰੋਪਾਓ ਪ੍ਰਾਪਤ ਕਰਦਾ ਹੈ। ਸੰਗਤ ਬੈਠ ਕੇ ਸ਼ਬਦ ਕੀਰਤਨ ਦਾ ਅਨੰਦ ਮਾਣਦੀ ਹੈ। ਇਸ ਕਮਰੇ ਦੇ ਬਾਹਰ ੧੩ ਫੁਟ ਚੌੜੀ ਪ੍ਰਦਖਨਾ ਹੈ, ਇਸ ਤਰ੍ਹਾਂ ਪ੍ਰਦਖਨਾ ਕਰਦੇ ਖਬੇ ਹਥ ਪੂਰਬ ਵਲ ਹਰਿ ਕੀ ਪਉੜੀ ਅਤੇ ਅੰਮ੍ਰਿਤ ਸਰੋਵਰ ਹੈ। ਹਰਿਮੰਦਰ ਸਾਹਿਬ ਤਿਆਰ ਹੋਣ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਜਲ ਲਿਆ ਅਤੇ ਕਾਰ ਸੇਵਾ ਆਰੰਭ ਕੀਤੀ ਗਈ ਸੀ ਉਦੋਂ ਤੋਂ ਹਰ ਸਾਲ ਵਿਸਾਖੀ ਦਾ ਜੋੜ ਮੇਲਾ ਹੁੰਦਾ ਹੈ। ਇਸ ਅਸਥਾਨ ਤੋਂ ਅੰਮ੍ਰਿਤ ਜਲ ਦਾ ਚੁਲ੍ਹਾ ਲੈ ਕੇ ਛਕਿਆ ਜਾਂਦਾ ਹੈ, ਆਪਣੇ ਸੀਸ ਅਤੇ ਨੇਤਰਾਂ ਤੇ ਛਿੜਕਿਆ ਜਾਂਦਾ ਹੈ। ਸਾਰੇ ਰੋਗ ਦੂਰ ਹੁੰਦੇ ਹਨ।

ਇਥੇ ਨਾਲ ਹੀ ਉਪਰਲੀ ਮੰਜ਼ਲ ਦੇ ਕਮਰੇ ਤਕ ਚੜ੍ਹਨ ਵਾਸਤੇ ਪੌੜੀਆਂ ਹਨ। ਇਸ ਕਮਰੇ ਦੀਆਂ ਦੀਵਾਰਾਂ ਸ਼ੀਸ਼ੇ ਨਾਲ ਜੜਤ ਹਨ। ਸੁੰਦਰ ਚਿਤ੍ਰਕਾਰੀ ਮੀਨਾਕਾਰੀ ਅਤੇ ਨਕਾਸ਼ੀ ਦੇ ਕੰਮ ਵੇਖਣ ਯੋਗ ਹਨ। ਇਹ ਹਾਲ ੪੦×੪੦ ਫੁਟ ਦਾ ਹੈ। ਗੁਰੂ ਸਾਹਿਬ ਇਥੇ ਸੁਬਾਇਮਾਨ ਹੋ ਕੇ ਸ਼ਬਦ-ਕੀਰਤਨ ਦਾ ਅਨੰਦ ਮਾਣਿਆ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਦੇਂਦੇ ਸਨ। ਇਸ ਕਮਰੇ ਦੇ ਹਾਲ ਬਰਾਂਡੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮੋਟੇ ਅੱਖਰਾਂ ਦਾ ਇਕ ਬਹੁਤ ਵਡੇ ਅਕਾਰ ਦੇ ਪਾਵਨ ਸਰੂਪ ਦਾ ਪ੍ਰਕਾਸ਼ ਹੁੰਦਾ ਹੈ। ਹਰ ਸਮੇਂ ਸ੍ਰੀ ਅਖੰਡ ਪਾਠ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਦੀਵਾਰਾਂ ਉਪਰ ਸੁਨਹਿਰੀ ਅੱਖਰਾਂ ਵਿਚ ਸ਼ਬਦ-ਸਲੋਕ ਉਕਰੇ ਹੋਏ ਹਨ।

ਇਸ ਤੋਂ ਉਪਰਲੀ ਛਤ ਉਪਰ ਇਕ ਕਮਰਾ ਹੈ, ਇਥੇ ਵੀ ਅਖੰਡ ਪਾਠ ਦੇ ਪ੍ਰਵਾਹ ਚਲਦੇ ਰਹਿੰਦੇ ਹਨ। ਇਸ ਸਾਰੀ ਇਮਾਰਤ ਦੀ ਉਸਾਰੀ-ਕਲਾ ਆਪਣੀ ਕਿਸਮ ਦੀ ਅਨੂਠੀ ਹੈ। ਕੁਲ ਉਚਾਈ ੫੪ ਫੁਟ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੇ, ਸੇਵਾਦਾਰ ਖੜੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਂਦੇ ਹਨ। ਸੰਗਤਾਂ ਕੜਾਹ ਪ੍ਰਸ਼ਾਦ ਲੈਂਦੀਆਂ ਹਨ। ਸਿਖ ਧਰਮ ਵਿਚ ਕੁਛੜ ਵਾਲੇ ਮਾਸੂਮ ਬੱਚੇ ਨੂੰ ਵੀ ਬਰਾਬਰ ਪ੍ਰਸ਼ਾਦ ਦਿਤਾ ਜਾਂਦਾ ਹੈ। ਪੁਲ ਤੋਂ ਵਾਪਸ ਦਰਸ਼ਨੀ ਦਰਵਾਜ਼ੇ ਤਕ ਬਾਹਰ ਸੱਜੇ ਹੱਥ ਦੇ ਕਮਰੇ ਵਿਚ ਹੈਡ ਗ੍ਰੰਥੀ ਬੈਠਦੇ ਹਨ, ਸ੍ਰੀ ਅਖੰਡ ਪਾਠਾਂ ਦੀ ਪੇਸ਼ਗੀ ਬੁਕਿੰਗ ਹੁੰਦੀ ਹੈ, ਅੰਮ੍ਰਿਤ ਛਕਣ ਵਾਲੇ ਸਜਣ ਆਪਣੇ ਨਾਮ ਲਿਖਵਾ ਕੇ; ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹਨ, ਆਪਣੀ ਕੈਸ਼ ਨਕਦੀ ਇਮਾਨਤ ਵਜੋਂ ਜਮ੍ਹਾਂ ਕਰਵਾਉਂਦੇ ਹਨ, ਇਥੋਂ ਬਾਹਰ ਖੁਲੇ ਮੈਦਾਨ ਵਿਚ ਖੜੇ ਹੋ ਕੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਹੈ। ਸਾਲ ੧੫੭੮ ਵਿਚ ਕਸਰਤ ਕਰਨ ਲਈ ਅਖਾੜਾ ਹੁੰਦਾ ਸੀ। ਇਹ ਅਕਾਲ ਪੁਰਖ ਦਾ ਸਚਾ ਤਖਤ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਨ ੧੬੦੬ ਵਿਚ ਤਿਆਰ ਕਰਵਾਇਆ ਸੀ। ਗੁਰੂ ਸਾਹਿਬ ਆਪ ਬੈਠ ਕੇ ਸਿਖਾਂ ਦੇ ਹਰ ਤਰ੍ਹਾਂ ਦੇ ਮਾਮਲੇ ਦਾ ਫੈਸਲਾ ਕਰਦੇ, ਨਿਆਂ ਹੁੰਦਾ, ਮੁਗਲ ਦੁਸ਼ਟ ਹਾਕਮਾਂ ਨੂੰ ਚੈਲੰਜ ਸੀ। ੧੬੧੨ 'ਚ ਗਵਾਲੀਅਰ ਤੋਂ ੫੨ ਕੈਦੀ ਰਾਜੇ ਰਿਹਾ ਕਰਵਾ ਕੇ ਆਏ, ਦੀਵਾਲੀ ਦੀਆਂ ਰੌਣਕਾਂ ਮਨਾਈਆਂ ਗਈਆਂ। (੬ ਜੂਨ ੧੯੮੪ ਤੋਂ ਪਹਿਲਾਂ ਵਾਲੀ ਇਮਾਰਤ ਵਿਖੇ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਚਲਦੇ ਰਹਿੰਦੇ ਸਨ ਅੰਮ੍ਰਿਤ ਅਭਿਲਾਸ਼ੀਆਂ ਨੂੰ ਪੰਜ ਪਿਆਰਿਆਂ ਵਲੋਂ ਬਾਣੀ ਦੀ ਪਾਹੁਲ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਛਕਾਇਆ ਜਾਂਦਾ ਸੀ) ਹੁਣ ੨੬ ਜਨਵਰੀ ੧੯੮੬ ਤੋਂ ਨਵੀਂ ਇਮਾਰਤ ਤਿਆਰ ਹੋ ਰਹੀ ਹੈ।

ਗੁਰ ਬਿਲਾਸ ਪਾ: ਛੇਵੀਂ ਅਨੁਸਾਰ :—

ਸਾਂਤ ਰੂਪ ਹੈ ਮੈ ਰਹੋ ਹਰਿਮੰਦਰ ਕੈ ਮਾਹਿ
ਰਜੋ ਰੂਪ ਇਹ ਠਾਂ ਰਹੋਂ ਅਕਾਲ ਤਖਤ ਸੁਖ ਪਾਇ ॥

ਇਸ ਦੇ ਪਿਛਲੇ ਪਾਸੇ ਨਾਲ ਲਗਦਾ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਹੈ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਸੱਜੇ ਹੱਥ ਇਕ ਪਾਸੇ ਵਲ ੧੩ ਪਉੜੀਆਂ ਚੜ੍ਹ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਥੜਾ ਸਾਹਿਬ ਤੇ ਭੋਰਾ ਸਾਹਿਬ ਹੈ। ਗੁਰੂ ਜੀ ੧੬੬੪ ਨੂੰ ਇਥੇ ਆ ਕੇ ਬੈਠੇ ਸਨ, ਉਦੋਂ ਮੀਣੇ ਧੀਰਮਲੀਏ ਹਰਿਜੀ

ਦਾ ਕਬਜ਼ਾ ਸੀ। ਇਸ ਅਸਥਾਨ ਤੇ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਚਲਦੇ ਰਹਿੰਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਦੇ ਵਿਚਕਾਰ ਜੋ ਖੁਲ੍ਹਾ ਅਸਥਾਨ ਹੈ, ਦੋ ਕੇਸਰੀ ਨਿਸ਼ਾਨ ਸਾਹਿਬ ਝੁਲਦੇ ਰਹਿੰਦੇ ਹਨ। ਸੰਗਤਾਂ ਪ੍ਰਕਰਮਾਂ ਕਰਦੀਆਂ : ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ, ਉਚਾਰਨ ਕਰਦੀਆਂ, ਇਥੇ ਦੀਵਾਨ ਸਜਦੇ ਰਹਿੰਦੇ ਹਨ।

ਬਰਾਂਡੇ ਵਿਚ ਇਕ ਬੋਰਡ ਦੇ ਉਪਰ ਸੰਗਤਾਂ ਲਿਖਿਆ ਅੰਮ੍ਰਿਤ ਵੇਲੇ ਦਾ ਸ਼ਬਦ ਮੁਖਵਾਕ ਪੜਦੀਆਂ ਹਨ। ਇਕ ਹੋਰ ਬੋਰਡ ਦੇ ਉਪਰ ਰੋਜ਼ਾਨਾ ਮਰਯਾਦਾ, ਮਹੀਨੇ ਦੇ ਦਿਨ ਤਿਉਹਾਰ ਲਿਖੇ ਪੜਦੀਆਂ ਹਨ।

ਇਸ ਤੋਂ ਅਗੇ ਪਰਕਰਮਾਂ ਵਿਚ ਬੇਰ ਬਾਬਾ ਬੁੱਢਾ ਜੀ ਦੀ ਹੈ, ਇਥੇ ਬਾਬਾ ਬੁੱਢਾ ਜੀ ਬੈਠ ਕੇ ਕਾਰ ਸੇਵਾ ਦੇ ਕਾਰਜ ਕਰਵਾਉਂਦੇ ਸਨ।

੧੫ ਜੁਲਾਈ ੧੫੮੯ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਪਿੰਡ ਮੌਅ ਫਿਲੌਰ ਦੇ ਭਾਈ ਰਿਖ ਰਾਉ ਦੀ ਸਪੁਤਰੀ ਗੰਗਾ ਜੀ ਨਾਲ ਹੋਈ, ਬਰਾਤ ਸ੍ਰੀ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਈ ਸੀ।

ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ (੧੪੭)
ਜਿਥੈ ਬਾਬਾ ਪੈਰੁ ਧਰਿ ਪੂਜਾ ਆਸਣ ਥਾਪਣਿ ਸੋਆ ॥

ਮਹਿਮਾ ਪ੍ਰਕਾਸ਼—

"ਗੁਰੂ ਨਾਨਕ ਗੁਰ ਅੰਗਦ ਖਾਸ, ਅਮਰ ਦੇਵ ਸ੍ਰੀ ਗੁਰੂ ਰਾਮ ਦਾਸ ॥
ਚਾਰੋਂ ਗੁਰ ਕੀ ਮਰਜੀ ਸੰਗਾ, ਪ੍ਰਗਟਾਯੋ ਤੀਰਥ ਇਹ ਚੰਗਾ ॥"

ਇਥੋਂ ਯਾਤਰਾ ਜਥੇ ਹਰ ਸਾਲ ਪਾਕਿਸਤਾਨ ਲਈ. ਨਨਕਾਣਾ ਸਾਹਿਬ, ਪੰਜਾ ਸਾਹਿਬ, ਲਾਹੌਰ ਆਦਿ ਲਈ ਜਾਂਦੇ ਹਨ।

ਅਪ੍ਰੈਲ ਵਿਸਾਖੀ ਸਮੇਂ ਪੰਜਾ ਸਾਹਿਬ।
ਮਈ ਸ਼ਹੀਦੀ ਗੁ: ਅਰਜਨ ਦੇਵ ਜੀ, ਲਾਹੌਰ।
ਜੂਨ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ, ਲਾਹੌਰ।
ਨਵੰਬਰ ਸਤਿਗੁਰੂ ਨਾਨਕ ਆਗਮਨ ਦਿਵਸ, ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ, ਲਾਹੌਰ ਲਈ ਦਸ ਦਿਨ ਦੇ ਪ੍ਰੋਗਰਾਮ ਹੁੰਦੇ ਹਨ।

## ਜਲੌ ਦੀਆਂ ਵਡਮੁਲਾ ਵਸਤਾਂ ਤੋਸ਼ੇ ਖਾਨੇ ਵਿਚ ਹਨ

ਜਲੌ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਅਤੇ ਬਾਬਾ ਅਟਲ ਵਿਖੇ ਦਿਨੇ ਦੋ ਘੰਟੇ ਵਾਸਤੇ ਨਿਮਨ ਗੁਰਪੁਰਬਾਂ ਸਮੇਂ ਸਜਾਇਆ ਜਾਂਦਾ ਹੈ।

੧. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕਤਕ ਦੀ ਪੂਰਨ ਮਾਸ਼ੀ।
੨. ਸ੍ਰੀ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਉਤਸਵ ਕਤਕ ਵਦੀ ਦੂਜ।
੩. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਜੇਠ ਵਦੀ ਅਠਵੀਂ।
੪. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਪੋਹ ਸੁਦੀ ਸਤਮੀਂ।
੫. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਭਾਦੋਂ ਦੀ ਸੰਗਾਂਦ।



# ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ

ਸਤਿਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਧਰਮ ਦੇ ਨਾਮ ਤੇ ਲਖਾਂ ਹੀ ਮੰਦਰ, ਮਠ, ਡੇਰੇ ਹਨ, ਲਖਾਂ ਹੀ ਮਸੀਤਾਂ, ਮਕਬਰੇ ਹਨ, ਪਰ ਕਿਸੇ ਮਨੁਖ ਨੂੰ ਆਪਣੇ ਕਰਤਾ-ਪੁਰਖ ਇਸ਼ਟ, ਜੀਵਨ ਦੀ ਮਹਾਨਤਾ ਮਨੋਰਥ ਅਤੇ ਮੁਕਤੀ ਪ੍ਰਾਪਤ ਕਰ ਸਕਣ ਬਾਰੇ ਕੋਈ ਸੂਝ ਹੀ ਨਹੀਂ। ਇਕ ਰਬ ਦੇ ਸਾਰੇ ਬੰਦੇ, ਜੀਅ ਜੰਤ ਪੈਦਾ ਕੀਤੇ ਹੋਏ ਹਨ, ਪਰ ਮਨੁਖਾਂ ਵਿਚ ਆਪਸੀ ਪਿਆਰ, ਸਾਂਝ ਨਹੀਂ ਹੈ, ਧਰਮ ਦੇ ਨਾਮ ਤੇ ਵੀ ਵੈਰ ਵਿਰੋਧ, ਪਾਪ, ਕਲੇਸ਼ ਅਤੇ ਕਤਲ ਹੋ ਰਹੇ ਹਨ।

ਹਿੰਦੂ ਅੰਨ੍ਹਾ ਤੁਰਕੂ ਕਾਣਾ, ਹਿੰਦੂ ਧਰਮ ਦਾ ਕੋਈ ਇਕ ਇਸ਼ਟ ਨਹੀਂ ਲਖਾਂ ਮੰਦਰ ਹਨ, ਹਰ ਮੰਦਰ ਵਿਚ ਵਖ ਵਖ ਕਲਪਤ ਮੂਰਤੀ ਨੂੰ ਇਸ਼ਟ ਕਰਕੇ ਪੂਜਾ ਕੀਤੀ ਜਾਂਦੀ ਹੈ, ਭਗਤੀ ਪਾਠ ਪੂਜਾ ਦਾ ਅਧਿਕਾਰ ਕੇਵਲ ਬ੍ਰਾਹਮਣ ਜਾਤੀ ਨੂੰ ਹੈ, ਖਤਰੀ ਵੈਸ਼ ਅਤੇ ਸ਼ੂਦਰ ਇਨ੍ਹਾਂ ਦੇ ਮੰਦਰਾਂ, ਤੀਰਥਾਂ ਵਿਖੇ ਨਹੀਂ ਜਾ ਸਕਦੇ ਜਾਤ ਪਾਤ ਉੱਚ ਨੀਚ ਦੇ ਵਿਤਕਰੇ ਹਨ ਮੁਸਲਮਾਨਾਂ ਦਾ ਇਕ ਇਸ਼ਟ ਅਲਾਹ ਹੈ, ਪਰ ਕਹਿੰਦੇ ਹਨ ਕਿ ਇਸ ਤਕ ਰਸਾਈ ਕੇਵਲ ਮੁਹੰਮਦ ਰਸੂਲ ਰਾਹੀਂ ਹੀ ਹੋ ਸਕਦੀ ਹੈ, ਮਕਾ ਦੀ ਵਡੀ ਮਸੀਤ ਕਾਬ੍ਹਾ ਨੂੰ ਰਬ ਦਾ ਘਰ ਕਹਿੰਦੇ ਹਨ, ਇਸ ਦੀ ਨੀਂਹ ਹਜ਼ਰਤ ਇਬਰਾਹੀਮ ਵਲੋਂ ਰਖੀ ਗਈ ਸੀ, ਇਥੇ ਵੀ ਸ਼ਿਵਲਿੰਗ ਅਤੇ ਕਾਲੇ ਪਥਰ ਦੀ ਪੂਜਾ ਹੁੰਦੀ ਹੈ, ਕੁਰਾਨ ਦਾ ਪ੍ਰਕਾਸ਼ ਨਹੀਂ ਹੁੰਦਾ। ਸ਼ੀਹਾਂ. ਸੁਨੀ, ਅਹਿਮਦੀਏ, ਕਾਦੀਆਨੀ, ਅਹਿਗਰੀ ਜ਼ਾਤਾਂ ਦੇ ਆਪਸੀ ਕਲੇਸ਼ ਕਤਲ ਹੁੰਦੇ ਹਨ, ਕੋਈ ਗੈਰ ਮੁਸਲਮਾਨ ਇਥੇ ਜਾ ਨਹੀਂ ਸਕਦਾ।

ਗੁਰੂ ਨਾਨਕ ਦੇਵ ਜੀ ਨੇ ਬੜੇ ਦੁਖ ਨਾਲ ਦਸਿਆ ਕਿ ਹਰ ਮੰਦਰ, ਮਸੀਤ, ਡੇਰੇ ਵਿਚ ਚਿੜੀਆਂ, ਕਾਂ, ਕਬੂਤਰ, ਪੰਛੀ, ਕੁਤੇ, ਬਿਲੇ, ਚੂਹੇ ਤਾਂ ਜਾ ਸਕਦੇ ਹਨ ਪਰ ਰਬ ਦੇ ਬੰਦੇ ਨਹੀਂ ਜਾ ਸਕਦੇ ਤਾਂ ਇਨ੍ਹਾਂ ਅਸਥਾਨਾਂ ਨੂੰ

ਰੱਬ ਦੇ ਘਰ ਨਹੀਂ ਕਿਹਾ ਜਾ ਸਕਦਾ। ਸੋ ਅਜਿਹਾ ਧਰਮ ਮੰਦਰ ਬਣਾਉਣ ਲਈ ਅਕਾਲ ਪੁਰਖ ਅਗੇ ਅਰਦਾਸ ਕੀਤੀ।

ਸੇਵਹੁ ਸਤਿਗੁਰ ਸਮੁੰਦੁ ਅਥਾਹਾ, ਪਾਵਹੁ ਨਾਮੁ ਰਤਨੁ ਧਨ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤਸਰ ਨਾਵਹੁ ਗੁਰ ਸਰ ਸੰਤੋਖ ਪਾਇਆ ॥
(ਮਾਰੂ ਸੋਹਲੇ ਪੰਨਾ ੧੦੪੩)

ਜਿਥੇ ਹਰ ਜ਼ਾਤ, ਇਲਾਕੇ ਦਾ ਮਨੁਖ, ਇਸਤਰੀ, ਬਚਾ ਬੈਠ ਕੇ, ਆਪਸੀ ਪਿਆਰ ਸਾਂਝ ਨਾਲ ਵਾਹਿਗੁਰੂ ਦਾ ਸ਼ੁਕਰ, ਸਿਮਰਨ, ਪਾਠ, ਭਗਤੀ ਬੰਦਗੀ, ਸੰਗਤ ਰੂਪ ਵਿਚ ਕਰ ਸਕੇ। ਉਪਦੇਸ਼ ਚਹੁ ਵਰਨਾ ਕਉ ਸਾਂਝਾ। ਮਨ ਦੀ ਇਕਾਗਰਤਾ ਅਤੇ ਸ਼ਾਂਤੀ, ਅਕਾਲ ਪੁਰਖ ਦੇ ਇਲਾਹੀ ਸ਼ਬਦ ਨਾਲ ਸੁਰਤ ਜੋੜਨ, ਅਕਾਲ ਪੁਰਖ ਦਾ ਗਿਆਨ ਪ੍ਰਾਪਤ ਕਰ ਸਕਣ, ਮਨੁਖ ਤੋਂ ਦੇਵਤਾ ਬਣਨ, ਬ੍ਰਹਮ ਗਿਆਨੀ ਬਣ ਸਕਣ ਵਾਲਾ ਮਾਹੌਲ ਕਿਸੇ ਵੀ ਹੋਰ ਧਰਮ ਦੇ ਅਸਥਾਨ ਤੇ ਨਹੀਂ ਸੀ, ਜਿਥੇ ਹਰ ਸਮੇਂ ਨਿਰਗੁਣ, ਨਿਰੰਕਾਰ, ਪਾਰਬ੍ਰਹਮ ਦੀ ਪੂਜਾ, ਸਿਮਰਨ ਬੰਦਗੀ ਹੁੰਦੀ ਹੋਵੇ। ਪਵਿਤਰ ਮਾਹੌਲ ਹੋਵੇ।

ਸ੍ਰੀ ਹਰਿਮੰਦਰ, ਅਕਾਲ ਪੁਰਖ ਦੀ ਦਰਗਾਹ ਦਾ ਨਮੂਨਾ ਦੇਵ ਸਥਲ ਹੈ, ਜਿਥੇ ਸੰਗਤ ਰੂਪ ਵਿਚ ਸੰਗੀਤ ਸਾਜ਼ਾਂ ਦੇ ਨਾਲ ਇਲਾਹੀ ਸ਼ਬਦ ਦਾ ਕੀਰਤਨ ਹੁੰਦਾ ਰਹਿੰਦਾ ਹੈ, ਸ਼ਬਦ-ਸੁਰਤ ਦਾ ਮਿਲਾਪ ਹੁੰਦਾ ਹੈ, ਅਗੰਮੀ ਅਨੰਦ, ਸ਼ਾਂਤੀ ਅਤੇ ਆਤਮਕ ਸ਼ਕਤੀ ਮਿਲਦੀ ਹੈ। ਗੁਰਦੁਆਰਾ ਗੁਰੂ ਦਾ ਦਰ ਹੈ, ਗੁਰੂ ਦਾ ਘਰ ਹੈ।

"ਗੁਰਦੁਆਰੇ ਲਾਇ ਭਾਵਨੀ ਇਕਨਾ ਦਸਵਾਂ ਦੁਆਰ ਦਿਖਾਇਆ ॥"
"ਵਿਚਿ ਸੰਗਤਿ ਹਰਿ ਪ੍ਰਭੂ ਵਸੈ ਜੀਉ ॥" (੯੪)

ਸ੍ਰੀ ਹਰਿਮੰਦਰ ਵਿਖੇ ਅੰਮ੍ਰਿਤ ਵੇਲੇ ਤੋਂ ਸਤਿਨਾਮੁ ਵਾਹਿਗੁਰੂ ਦਾ ਸਿਮਰਨ ਇਲਾਹੀ ਸ਼ਬਦ ਕੀਰਤਨ, ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਹਾਜ਼ਰਾ ਹਜ਼ੂਰ, ਪ੍ਰਤਖ ਵਾਹਿਗੁਰੂ ਬਰਾਜਮਾਨ ਹੁੰਦੇ ਹਨ, ਹਰ ਕਿਸੇ ਜ਼ਾਤ, ਇਲਾਕੇ ਦਾ ਮਨੁਖ, ਇਸਤਰੀ, ਬਚਾ, ਆਪਣੇ ਗੁਰੂ ਦੇ ਘਰ ਵਿਚ ਆਪਣੇ ਧਰਮ ਦੇ ਪਹਿਰਾਵੇ ਵਿਚ ਆ ਸਕਦਾ ਹੈ, ਮਥਾ ਟੇਕਦਾ ਹੈ, ਹਰ ਧਰਮ ਦਾ ਮਨੁਖ ਸ਼ਬਦ-ਕੀਰਤਨ ਕਰ ਸਕਦਾ ਹੈ, ਮੁਸਲਮਾਨ ਰਬਾਬੀ, ਭਾਈ ਮਰਦਾਨੇ ਤੋਂ ਪਿਛੋਂ ਇਲਾਹੀ ਸ਼ਬਦ ਕੀਰਤਨ ਕਰਦੇ ਰਹੇ ਹਨ।

ਸੰਸਾਰ ਦੇ ਹੋਰ ਕਿਸੇ ਧਰਮ ਅਸਥਾਨ, ਤੇ ਉਨ੍ਹਾਂ ਦੇ ਵੇਦ ਸ਼ਾਸ਼ਤਰਾਂ, ਕੁਰਾਨ ਬਾਈਬਲ ਦੇ ਇਲਾਹੀ ਹੋਣ ਵਜੋਂ ਪ੍ਰਕਾਸ਼ ਨਹੀਂ ਹੁੰਦਾ, ਨਾ ਹੀ ਉਨ੍ਹਾਂ ਅਗੇ ਗੁਰੂ ਸਮਝ ਕੇ ਕੋਈ ਮਥਾ ਟੇਕਦਾ ਹੈ। ਮੰਦਰਾਂ ਵਿਚ ਮੂਰਤੀਆਂ

ਦੀ ਸਤਗੁਣ ਪੂਜਾ ਹੈ, ਨਿਰੰਕਾਰ ਦੀ ਪੂਜਾ ਨਹੀਂ ਹੁੰਦੀ । ਮੰਦਰਾਂ ਵਿਚ ਪੁਜਾਰੀ ਅਨੇਕ ਪ੍ਰਕਾਰ ਦੇ ਕਰਮ ਕਾਂਡ, ਵਹਿਮ ਭਰਮ ਜੰਤਰ ਤੰਤਰ, ਧਾਗੇ ਤਵੀਤ ਦੇਂਦੇ ਹਨ, ਬਲੀਆਂ ਲੈਂਦੇ ਹਨ, ਮਾਸ ਸ਼ਰਾਬ ਦੇ ਚੜ੍ਹਾਵੇ ਲੈਂਦੇ ਹਨ, ਨਸ਼ਿਆਂ ਦਾ ਸੇਵਨ, ਮਨੋਰੰਜਨ ਅਤੇ ਕੁਕਰਮ ਕਰਦੇ ਹਨ, ਇਨ੍ਹਾਂ ਦੇ ਜੀਵਨ ਸਦਾਚਾਰਕ ਨਹੀਂ ਹੁੰਦੇ, ਮਾਇਆ ਦੇ ਅਡੰਬਰ ਹੁੰਦੇ ਹਨ, ਨਿਰਤ ਅਤੇ ਸ਼ਿੰਗਾਰ, ਰਾਸ ਲੀਲ੍ਹਾ ਵਿਲਾਸੀ ਮਾਹੌਲ, ਦੇਵੀਆਂ ਦੇ ਨਗਨ ਅਤੇ ਡਰਾਉਣੀਆਂ ਸ਼ਕਲਾਂ ਹੁੰਦੀਆਂ ਹਨ, ਵਿਕਾਰ ਪੈਦਾ ਹੁੰਦੇ ਹਨ, ਆਤਮਕ ਸ਼ਾਂਤੀ ਕਲਿਆਣ ਦੀ ਕੋਈ ਗਲ ਨਹੀਂ ਹੁੰਦੀ ।

ਮਸੀਤ ਵਿਚ ਕੋਈ ਮੁਸਲਮਾਨ ਇਸਤਰੀ ਆਪਣੇ ਮਰਦ ਨਾਲ ਜਾ ਕੇ ਨਮਾਜ਼ ਵੀ ਨਹੀਂ ਪੜ੍ਹ ਸਕਦੀ, ਨਾ ਹੀ ਕੋਈ ਧਰਮ ਕਰਮ ਕਰ ਸਕਦੀ ਹੈ, ਆਤਮਕ ਸ਼ਾਂਤੀ ਕਲਿਆਣ ਅਤੇ ਸਰਬਤ ਦੇ ਭਲੇ ਵਾਲੀ ਕੋਈ ਗਲ ਨਹੀਂ ਹੁੰਦੀ ।

ਗੁਰੂ ਰਾਮ ਦਾਸ ਜੀ ਨੇ ਆਪ ਸ੍ਰੀ ਅੰਮ੍ਰਿਤਸਰ ਦੇ ਇਲਾਕੇ ਦੀ ਧਰਤੀ, ਖ਼ਰੀਦ ਕੀਤੀ, ਇਕ ਵਡਾ ਤੀਰਥ ਬਣਾਉਣ ਵਾਸਤੇ ਸਰੋਵਰ ਦੀ ਖੁਦਾਈ ਕਰਵਾਈ, ਨਗਰ ਦੀ ਸੋਹਣੀ ਬੰਨ੍ਹੀ, ਪਰ ਹਰ ਕਿਸੇ ਧਰਮ, ਜ਼ਾਤ, ਇਲਾਕੇ ਦੇ ਲੋਕਾਂ ਨੂੰ ਥਾਂ ਮੁਫ਼ਤ ਦੇ ਕੇ ਸੋਚੀਆਂ ਨੂੰ ਵੀ ਹਰ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਇਥੇ ਅਬਾਦ ਕੀਤਾ। ਬਾਜ਼ਾਰ ਕਾਠੀਆਂ ਅਤੇ ਸੋਚੀ ਬਜ਼ਾਰ, ਗੁਰੂ ਦਰਬਾਰ ਦੇ ਨਾਲ ਲਗਦੇ ਹਨ।

ਹੋਰ ਕਿਸੇ ਧਰਮ ਦੇ ਅਵਤਾਰ, ਨਬੀ, ਰਸੂਲ, ਪੈਗੰਬਰ ਨੇ ਆਪ ਕੋਈ ਜ਼ਮੀਨ ਖ਼ਰੀਦ ਕਰਕੇ, ਰਬ ਦੇ ਨਾਮ ਤੇ ਕੋਈ ਨਗਰ ਅਤੇ ਧਰਮ ਕੇਂਦਰ ਅਬਾਦ ਨਹੀਂ ਕੀਤਾ ਨਾ ਹੀ ਕਿਸੇ ਗੈਰ ਨੂੰ ਆਬਾਦ ਹੋਣ ਦੀ ਗਲ ਕੀਤੀ। ਮੱਕੇ ਵਲ ਤਾਂ ਕਿਸੇ ਗ਼ੈਰ-ਮੁਸਲਮਾਨ ਨੂੰ ਜਾਣ ਦੀ ਇਜਾਜਤ ਹੀ ਨਹੀਂ।

ਗੁਰੂ ਰਾਮ ਦਾਸ ਜੀ ਨੇ ਸੰਤੋਖਸਰ ਅਤੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਆਪ ਕਰਵਾਈ, ਅਕਾਲ ਪੁਰਖ ਦਾ ਸਿਮਰਨ ਕੀਤਾ। ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਤੇ ਅਜਿਹਾ ਅੰਮ੍ਰਿਤ ਸਰੋਵਰ ਨਹੀਂ ਹੈ, ਜਿਥੇ ਕੋਹੜੀ ਪਿੰਗਲੇ ਅਪਾਹਜ, ਲਾ-ਇਲਾਜ ਰੋਗੀ, ਇਸ਼ਨਾਨ ਕਰਨ ਤੇ ਰਿਸ਼ਟ ਪੁਸ਼ਟ ਹੋ ਜਾਣ ਕਾਲੇ ਕਾਂ ਵੀ ਹੰਸ ਹੋ ਗਏ ਹੋਣ, ਜਿਤੁ ਨਾਤੇ ਕਊਆ ਹੰਸੁ ਹੋਹੈ। ਗੁਰੂ ਪਰਵਾਰ ਜਿਥੇ ਇਸ਼ਨਾਨ ਕਰਦੇ, ਉਥੇ ਹਰ ਕਿਸੇ ਜ਼ਾਤ, ਧਰਮ, ਇਲਾਕੇ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਆਜ਼ਾਦੀ ਹੈ। ਪਾਪੀ, ਕੁਕਰਮੀ ਵੀ ਪਵਿਤਰ ਹੋ ਜਾਂਦੇ ਹਨ :—

ਰਾਮ ਦਾਸ ਸਰੋਵਰਿ ਨਾਤੇ ਸਭ ਉਤਰੇ ਪਾਪ ਕਮਾਤੇ ॥

ਡਾ. ਜੋਗਿੰਦਰ ਸਿੰਘ ਨੇ ਜੋੜਾਂ ਦੇ ਦਰਦਾਂ ਵਾਲੇ ਅਨੇਕਾਂ ਰੋਗੀਆਂ ਨੂੰ ਇਥੇ ਇਸ਼ਨਾਨ ਕਰਵਾਉਣ ਨਾਲ ਰਿਸ਼ਟ ਪੁਸ਼ਟ ਕੀਤਾ ਹੈ।

ਪੰਡਤਾਂ ਦੇ ੬੮ ਤੀਰਥਾਂ ਦੇ ਡਡੂ ਇਸ਼ਨਾਨ, ਕਰਮ ਕਾਂਡ, ਵਹਿਮ ਭਰਮ ਹਨ। "ਤੀਰਥ ਜਾਉ ਤ ਹਉ ਹਉ ਕਰਤੇ, ਪੰਡਿਤ ਪੂਛਉ ਤਾ ਮਾਇਆ ਰਾਤੇ ॥" (੩੯੫) ਹਰਿਦੁਆਰ ਗੰਗਾ ਦਾ ਇਸ਼ਨਾਨ, ਸ਼ੂਦਰ ਜਾਤੀ ਦੇ ਲੋਕ ਨਹੀਂ ਕਰ ਸਕਦੇ ਨਾ ਹੀ ਉਥੇ ਹਰਿ ਕੀ ਪਉੜੀ ਵਿਖੇ ਜਾ ਸਕਦੇ ਹਨ। ਗਰੂ ਰਾਮਦਾਸ ਜੀ ਨੇ ਦੁਖ ਭੰਜਨੀ ਦਾ ਨਾਮ ਰਖਿਆ :—

"ਜਹਿ ਘਾਟ ਪਰਥਾ ਸੋ ਨ੍ਹਾਇਓ ਦੁਖ ਭੰਜਨੀ ਨਾਮ ਰਖਾਇਓ ॥"

ਸ੍ਰੀ ਹਰਿਮੰਦਰ ਦੇ ਅੰਮ੍ਰਿਤ ਸਰੋਵਰ ਵਿਖੇ ਹਰ ਸੰਗਰਾਂਦ, ਅਮਾਵਸ, ਪੰਚਮੀ. ਵਿਸਾਖੀ, ਬਸੰਤ ਪੰਚਮੀ. ਮਾਘੀ, ਗੁਰਪੁਰਬ, ਦੀਵਾਲੀ ਸਮੇਂ ਲਖਾਂ ਸੰਗਤਾਂ ਇਸ਼ਨਾਨ ਕਰਦੀਆਂ ਹਨ, ਹਰ ਪਾਸੇ ਸਫਾਈ, ਸਵੱਛਤਾ, ਪਵਿਤਰਤਾ, ਸੇਵਾ ਸਿਮਰਨ, ਸ਼ੁਕਰਾਨਾ ਅਤੇ ਅਮਨ ਸ਼ਾਂਤੀ ਵਾਲਾ ਮਾਹੌਲ ਹੁੰਦਾ ਹੈ। ਇਸ ਦੇ ਮੁਕਾਬਲੇ ਕੁੰਭ ਦਾ ਮੇਲਾ, ਹਰਦੁਆਰ, ਅਲਾਹਬਾਦ, ਪ੍ਰਯਾਗ, ਕੁਰਕਸ਼ਤਰ ਵਿਖੇ ਭੀੜ ਭੜਕਾ, ਗੰਦਗੀ, ਕੁਕਰਮ, ਬੀਮਾਰੀਆਂ, ਹੈਜ਼ਾ ਮੌਤਾਂ, ਅਤੇ ਪੰਡਤਾਂ ਦੇ ਕਰਮ ਕਾਂਡ ਅਤੇ ਮਾਇਆ ਦੇ ਅਡੰਬਰ ਹੁੰਦੇ ਹਨ।

"ਹਰਿ ਕਾ ਮੰਦਰੁ ਸੋਹਣਾ ਕੀਆ ਕਰਣੇ ਹਾਰਿ ॥" (੫੭)

ਸ੍ਰੀ ਹਰਿਮੰਦਰ ਰਬ ਦਾ ਘਰ ਹੈ, ਇਸ ਦੀ ਮਹਾਨਤਾ ਅਪਰ ਅਪਾਰ ਹੈ, ਇਹ ਮੁਕਤੁ ਭੁਗਤ ਦਾ ਦਰ ਹੈ। ਮਨੁਖਾ ਜੀਵਨ ਦਾ ਮੰਤਵ, ਬ੍ਰਹਮ ਵਿਚ ਲੀਨ ਹੋਣਾ ਹੈ ਜੀਵਨ ਮੁਕਤ ਹੋਣਾ ਹੈ। ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਤੋਂ ਕੇਵਲ ਨਾਮ ਦੀ ਦਾਤ ਮੰਗੀ ਸੀ, ਇਸ ਅਸਥਾਨ ਤੇ ਸਿਮਰਨ ਕਰਨ ਨਾਲ ਕਾਮ ਕਰੋਧ ਲੋਭ ਮੋਹ ਹੰਕਾਰ ਦਾ ਤਿਆਗ ਹੁੰਦਾ ਹੈ, ਮਨ, ਬੁਧੀ ਆਤਮਕ ਨਿਰਮਲ ਹੋ ਜਾਂਦੀ ਹੈ। ਇਥੇ ਅਕਾਲ ਪੁਰਖ ਦੀ ਜੋਤਿ ਦਾ ਪ੍ਰਕਾਸ਼ ਹੈ। ਇਥੇ ਅੰਮ੍ਰਿਤ ਸਰੋਵਰ ਵਿਚ ਤਨੁ ਸਰੀਰ ਨੂੰ ਸਵਛ ਨਿਰਮਲ ਕਰਨ ਦੇ ਨਾਲ ਅੰਮ੍ਰਿਤ ਮਈ ਬਾਣੀ ਦੇ ਉਪਦੇਸ਼ ਨਾਲ ਸ਼ੈਤਾਨ, ਕੁਕਰਮੀ ਮਨ ਨੂੰ ਵੀ ਨਿਰਮਲ ਕਰਨਾ ਹੈ।

"ਮਨ ਲੋਚੈ ਬੁਰਿਆਈਆ' ਗੁਰ ਸ਼ਬਦੀ ਇਹ ਮਨ ਹੋੜੀਐ।"

ਗੋਰਖ ਨਾਥ ਦੇ ਜੋਗੀ, ਸਿਧ ਨਾਥ, ਜੰਗਲਾਂ, ਪਰਬਤਾਂ ਤੇ ਹਠ ਯੋਗ ਕਰਦੇ ਉਥੇ ਨਸ਼ੇ ਸੇਵਨ ਕਰਦੇ, ਕੁਕਰਮ ਕਰਦੇ, ਜੀਵਨ ਸਦਾ ਚਾਰਕ ਨਹੀਂ ਸੀ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਕਾਮ ਕਰੋਧ ਹੰਕਾਰ, ਕਰਨ ਤੋਂ ਸਾਵਧਾਨ

ਕੀਤਾ, ਅਤੇ ਸਹਿਜ ਯੋਗ ਦਾ ਅਭਿਆਸ ਕਰਵਾਇਆ।

ਹਿੰਦੂ ਤੀਰਥ ਸ਼ਹਿਰਾਂ ਤੋਂ ਦੂਰ, ਨਦੀਆਂ, ਦਰਿਆ ਦੇ ਕਿਨਾਰੇ, ਜੰਗਲਾਂ ਵਿਚ ਹੁੰਦੇ ਸਨ, ਕੇਵਲ ਸਨਿਆਸੀ, ਉਦਾਸੀ, ਤਿਆਗੀ ਲੋਕ ਜਾ ਕੇ ਤਪ ਸਾਧਨਾ, ਹਠ ਯੋਗ ਕਰਦੇ, ਰਿਧੀਆਂ, ਸਿਧੀਆਂ, ਕਰਾਮਾਤਾਂ ਵੀ ਕਰਦੇ, ਆਪਣੇ ਭੋਜਨ, ਰਾਸ਼ਨ, ਕਪੜੇ ਆਦਿ ਵਾਸਤੇ ਸ਼ਹਿਰਾਂ ਨਗਰਾਂ ਵਿਚ ਗ੍ਰਿਹਸਤੀ ਲੋਕਾਂ ਦੇ ਦਰਾਂ ਤੋਂ ਭਿਖਿਆ, ਖੈਰ ਮੰਗਦੇ ਰਹਿੰਦੇ।

ਗੁਰੂ ਸਾਹਿਬ ਨੇ ਆਪਣੇ ਧਰਮ ਪ੍ਰਚਾਰ ਦੇ ਤੀਰਥ ਨਗਰ ਅਬਾਦ ਕੀਤੇ, ਕਿਰਤ ਅਤੇ ਕੀਰਤੀ ਦੇ ਕੇਂਦਰ ਬਣਾਏ। ਸੰਕਰਾ ਚਾਰੀਆ ਵਲੋਂ ਨਿਰਾਕਾਰ ਬ੍ਰਹਮ ਦਾ ਪ੍ਰਚਾਰ ਕੀਤਾ ਗਿਆ, ਜੋ ਆਮ ਲੋਕਾਂ ਦੇ ਦੁਖ ਸੁਖ ਤੋਂ ਬੇ-ਖਬਰ ਅਤੇ ਲਾ-ਪ੍ਰਵਾਹ ਹੈ।

ਗੁਰਬਾਣੀ ਅਨੁਸਾਰ ਨਿਰੰਕਾਰ, ਬ੍ਰਹਮ ਆਪਣੇ ਜੀਅ ਜੰਤੂਆਂ ਦੀ ਪਾਲਣਾ, ਪਿਤਾ ਸਮਾਨ ਕਰਦਾ ਹੈ, ਜਾਗਤ ਜੋਤ. ਮੁਕਤੀ ਦਾਤਾ ਹੈ। ਸੰਸਾਰ ਵਿਚ ਕੇਵਲ ਸਿਖ ਧਰਮ ਹੀ ਅਕਾਲ ਪੁਰਖ, ਨਿਰੰਕਾਰ ਦੀ ਪੂਜਾ ਭਗਤੀ ਸਿਮਰਨ ਕਰਦਾ ਹੈ।

ਮੁਸਲਮਾਨਾ ਦਾ ਗ੍ਰੰਥ ਕੁਰਾਨ ਅਰਬੀ ਭਾਸ਼ਾ ਵਿਚ ਹੈ, ਆਮ ਲੋਕ ਇਸ ਨੂੰ ਨਹੀਂ ਪੜ੍ਹ ਸਕਦੇ, ਅਤੇ ਇਸ ਵਿਚ ਕੁਝ ਅਖਰ ਇਤਨੇ ਕਠਨ ਹਨ, ਜਿਨ੍ਹਾਂ ਦਾ ਅਰਥ ਕੋਈ ਵਿਦਵਾਨ ਕਾਜ਼ੀ ਵੀ ਨਹੀਂ ਕਰ ਸਕਦੇ। (ਅਜਾਤ-੬)

ਸਿਖ ਧਰਮ ਦੇ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਹਰਿਮੰਦਰ ਨੂੰ ਸ੍ਰੀ ਹਰਿਮੰਦਰ ਸਾਹਿਬ, ਹਰ ਮਨੁਖ ਨੂੰ ਭਾਈ ਸਾਹਿਬ ਕਹਿ ਕੇ ਬੜੇ ਅਦਬ ਸਤਿਕਾਰ ਨਾਲ ਬੁਲਾਇਆ ਜਾਂਦਾ ਹੈ, ਕਿਸੇ ਹੋਰ ਧਰਮ ਦੇ ਅਸਥਾਨ ਤੇ ਅਜਿਹੀ ਭਾਸ਼ਾ ਦੀ ਵਰਤੋਂ ਨਹੀ ਹੁੰਦੀ।

# ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ

ਸ੍ਰੀ ਹਰਿਮੰਦਰ, ਹਰਿ ਦੇ ਜਸ ਗਾਉਣ ਵਾਸਤੇ, ਉਸੇ ਹਰਿ ਦੇ ਨਾਮ ਤੇ ਸੁਭਾਏਮਾਨ ਹੈ।

ਹਰਿ ਜਪੈ ਹਰਿ ਮੰਦਰੁ ਸਾਜਿਆ ॥

ਉਸ ਦੀ ਸਿਫਤ ਸਾਲਾਹ ਤੋਂ ਬਿਨਾਂ ਕੋਈ ਹੋਰ ਵਿਚਾਰ ਕਰਮ ਕਾਂਡ ਨਹੀਂ ਹੁੰਦਾ।

ਹਰਿ ਕੀ ਪਉੜੀ ਤੋਂ ਨੀਂਹ ਪੁਟਣ ਸਮੇਂ ਇਕ ਭਾਰੀ ਸਿਲ ਨੂੰ ਅਰਦਾਸ ਕਰਕੇ ਤੋੜਿਆ ਗਿਆ ਤਾਂ ਕੁਦਰਤੀ ਪ੍ਰਕਾਸ਼ ਹੋਇਆ, ਕਾਰ ਸੇਵਾ ਟੋਕਰੀ ਦੀ ਸੇਵਾ ਇਕ ਸੁੰਦਰ ਪੁਰਸ਼ ਕਰਨ ਲਗਾ, ਉਸ ਦੀ ਟੋਕਰੀ ਉਸ ਦੇ ਸਿਰ ਤੋਂ ਸਵਾ ਗਿਠ ਉਚੀ ਸੀ, ਇਸ ਅਲੌਕਿਕ ਦ੍ਰਿਸ਼ ਬਾਰੇ ਗੁਰ ਜੀ ਨੇ ਸ਼ਬਦ ਉਚਾਰਨ ਕੀਤਾ :

"ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥" (੭੮੩)

ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸੇ ਵਕਤੀ ਹਾਕਮ, ਬਾਦਸ਼ਾਹ ਤੋਂ ਨਹੀਂ ਰਖਵਾਈ, ਸਗੋਂ ਲਾਹੌਰ ਦੇ ਸੂਫੀ ਦਰਵੇਸ਼ ਮੀਰ ਮੁਹੰਮਦ ਮਯਾਇਉਲ-ਅਸਲਾਮ, ਹਜ਼ਰਤ ਮੀਆਂ ਮੀਰ ਜੀ ਤੋਂ ੧੩ ਜਨਵਰੀ ੧੫੮੮ ਨੂੰ ਰਖਵਾਈ, ਸਾਰੇ ਹਿੰਦੂ ਅਤੇ ਮੁਸਲਮਾਨ ਸੇਵਾ ਕਰਨ ਲਗੇ, ਇਸ ਅਲੌਕਿਕ ਨਜ਼ਾਰੇ ਬਾਰੇ ਮੌਲਾਨਾ ਜਫਰ ਅਲੀ ਜਫਰ ਨੇ ਕਿਹਾ ਹੈ :-

"ਹਰਿਮੰਦਰ ਕੀ ਬੁਨਿਆਦ ਕੀ ਈਂਟ ਹੈ ਦੇ ਰਹੀ ਗਵਾਹੀ
ਕਿ ਕਭੀ ਅਹਿਲੇ ਮੁਸਾਹਿਬ ਮੇ ਦੋਸਤੀ ਮੁਸਕਾਈ ਥੀ ॥"

ਰੱਬ ਦੇ ਸਾਝੇ ਘਰ ਹੋਣ ਦਾ ਸਬੂਤ ਹੈ। ਉਨ੍ਹਾਂ ਦਿਨਾਂ ਵਿਚ ਮੁਗਲ ਹਾਕਮ ਹਿੰਦੂਆਂ ਦੇ ਮੰਦਰ ਢਹਿ ਢੇਰੀ ਕਰਦੇ, ਹਿੰਦੂ ਉਨ੍ਹਾਂ ਨੂੰ ਮਲੇਛ ਕਹਿ ਕੇ ਨਫਰਤ ਕਰਦੇ ਸਨ।

# ਇਲਾਹੀ ਸ਼ਬਦ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੇ ਸੰਗਤਾਂ ਦੇ ਅਨੰਦ ਮਾਨਣ ਵਾਸਤੇ ਇਕ ਵਡਾ ਸੁੰਦਰ ੪੦'×੪੦' ਦਾ ਦਰਬਾਰ ਹਾਲ ਬਣਾਇਆ। ਅਕਾਲ ਪੁਰਖ ਦੀ ਜੋਤ ਦਾ ਪ੍ਰਕਾਸ਼ ਹਰ ਸਮੇਂ, ਹਰ ਥਾਂ, ਸਾਰੇ ਪਾਸੇ ਹੈ, ਇਸੇ ਕਰਕੇ ਚਾਰ ਦਰਵਾਜ਼ੇ ਰਖੇ ਗਏ, ਕਿ ਇਲਾਹੀ ਸ਼ਬਦ-ਕੀਰਤਨ ਦੀ ਆਵਾਜ਼ ਹਰ ਪਾਸੇ ਤੋਂ ਬਾਹਰ ਜਾ ਕੇ ਆਲੇ ਦੁਆਲੇ ਦੇ ਹਰ ਜ਼ਾਤ ਦੇ ਲੋਕ ਸੁਣ ਕੇ ਅਨੰਦ ਮਾਣ ਸਕਣ। ਇਥੋਂ ਸਦਾਚਾਰਕ ਜੀਵਨ ਦੀ ਸੇਧ ਅਗਵਾਈ ਹਰ ਕਿਸੇ ਨੂੰ ਮਿਲਦੀ ਹੈ ਉਪਦੇਸ਼ ਚਹੁ ਵਰਨਾ ਕਉ ਸਾਂਝਾ।

ਹਿੰਦੂ ਕਹਿੰਦੇ, ਰਬ ਪੂਰਬ ਵਲ ਹੈ, ਮੰਦਰ ਦਾ ਦਰਵਾਜਾ ਰਸਤਾ ਪੂਰਬ ਵਲ ਹੁੰਦਾ ਹੈ, ਪਛਮ ਤੇ ਅਰਬ ਦੇ ਲੋਕ ਕਹਿੰਦੇ ਹਨ ਅਲਾਹ ਪਛਮ ਵਲ ਹੈ, ਮਸੀਤ ਦਾ ਮੂੰਹ ਰਸਤਾ ਪਛਮ ਵਲ ਰਖਦੇ ਹਨ, ਇਨ੍ਹਾਂ ਅਸਥਾਨਾਂ ਤੇ ਇਲਾਹੀ ਸ਼ਬਦ ਦਾ ਕਦੇ ਪ੍ਰਕਾਸ਼ ਨਹੀਂ ਹੁੰਦਾ, ਨਾ ਹੀ ਸ਼ਬਦ ਕੀਰਤਨ ਹੁੰਦਾ ਹੈ, ਨਾ ਹੀ ਕਿਸੇ ਹੋਰ ਜ਼ਾਤ ਧਰਮ ਦੇ ਲੋਕਾਂ ਨੂੰ ਅੰਦਰ ਆਉਣ ਦੀ ਆਜ਼ਾਦੀ ਹੈ। ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਦੀ ਨੀਂਹ ਉਸਾਰੀ ਸੇਵਾ ਕਿਸੇ ਗ਼ੈਰ ਤੋਂ ਨਹੀਂ ਕਰਵਾਈ ਗਈ।

ਗੁਰੂ ਜੀ ਨੇ ਹਰਕੀ ਪਉੜੀ ਤੋਂ ਅੰਮ੍ਰਿਤ ਜਲ ਦਾ ਚੁਲ੍ਹਾ ਲੈ ਕੇ ਛਕਿਆ ਹਰ ਕਿਸੇ ਜ਼ਾਤ, ਧਰਮ ਇਲਾਕੇ ਦੇ ਆਮ ਲੋਕਾਂ ਨੇ ਵੀ ਉਥੋਂ ਹੀ ਚੁਲ੍ਹਾ ਲੈ ਕੇ ਛਕਿਆ। ਗੁਰੂ ਜੀ ਨੇ ਇਸ ਪਵਿਤਰ ਅਸਥਾਨ ਦੀ ਅਹਿਮੀਅਤ ਦਰਸਾਈ ਹੈ ਕਿ "ਏਹੁ ਅੰਮ੍ਰਿਤਸਰ ਆਦਿ ਤੀਰਥੁ ਹੈ; ਪਰ ਜੁਗਾਂ ਦੇ ਪ੍ਰਭਾਉ ਕਰਿ ਲੋਪੁ ਹੋ ਗਿਆ ਸੀ, ਜੋ ਇਥੇ ਇਸ਼ਨਾਨ ਕਰੇਗਾ ਉਸ ਦੇ ਪਾਪ ਨਾਸ਼ ਹੋਣਗੇ, ਸੰਤੋਖ ਨੂੰ ਪ੍ਰਾਪਤ ਹੋਵੇਗਾ।" "ਮੰਦਰ ਤਾਂ ਅਨੇਕਾਂ ਹੀ ਹਨ, ਪਰ ਹਰਿਮੰਦਰ ਇਹ ਹੀ ਹੈ।"

"ਅੰਮ੍ਰਿਤਸਰ ਮਾਨ ਸਰੋਵਰ ਕੀਤਾ ਹੈ, ਅਤੇ ਹਰਿਮੰਦਰ ਜੀ ਜਹਾਜ ਬਣਾਇਆ ਹੈ, ਜਿਸ ਦਾ ਬਾਦਬਾਨ ਵਾਹਿਗੁਰੂ ਹੈ ਅਤੇ ਮਲਾਹ ਸ਼ਬਦ-ਗੁਰੂ ਹੈ।"

ਸ੍ਰੀ ਹਰਿਮੰਦਰ, ਸ਼ਬਰੁ ਸੰਤੋਖ ਅਤੇ ਆਤਮਕ ਸ਼ਕਤੀ ਦਾ ਸੋਮਾ ਹੈ, ਇਥੋਂ

ਹੀ ਜਬਰ ਜੁਲਮ ਅਤੇ ਦੁਸ਼ਟਾਂ ਦਾ ਨਾਸ ਕੀਤੇ ਜਾਣ ਵਾਸਤੇ ਸ਼ਕਤੀ ਮਿਲਦੀ ਹੈ। ਮਨੁਖ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ, ਸ੍ਰੀ ਹਰਿਮੰਦਰ, ਪੋਥੀ ਪਰਮੇਸ਼ਰ, ਇਲਾਹੀ ਸ਼ਬਦ ਕੀਰਤਨ, ਸੰਗਤ ਪੰਗਤ ਦੇ ਪ੍ਰਵਾਹ. ਗੁਰੂ ਦੇ ਲੰਗਰ ਆਦਿ ਦੇ ਕਾਰਜ, ਅਕਾਲ ਪੁਰਖ ਨੇ ਆਪ ਕੀਤੇ ਹਨ, ਇਸ ਕਰਕੇ ਸੁੰਦਰ ਸੁਭਾਇਮਾਨ ਹਨ, ਦਰਗਾਹ ਹੈ :—

੧. "ਬਧੋਹ ਪਰਖਿ ਬਿਧਾਤੈ ਤਾਂ ਤੂ ਸੋਹਿਆ ॥" (੧੩੬੨)

੨. "ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ।"

੩. "ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥"

ਸ੍ਰੀ ਹਰਿਮੰਦਰ ਕਰਕੇ ਹੀ ਗੁਰੂ ਦੀ ਨਗਰੀ ਅੰਮ੍ਰਿਤਸਰ ਸਾਰੇ ਸੰਸਾਰ ਵਿਚ ਪ੍ਰਸਿਧ ਹੈ।

ਕਰਤੈ ਆਪਿ ਵਸਾਇਆ ਰਾਮ ॥" (੭੮੩)

ਸ੍ਰੀ ਹਰਿਮੰਦਰ ਦੇ ਦੁਆਲੇ ਪਰਦਖਣਾ ਹੈ, ਆਪਣੇ ਗੁਰੂ ਦੀ ਪਰਕਰਮਾ ਕਰਕੇ, ਬਲਿਹਾਰੇ ਜਾਣਾ ਹੈ, ਇਸ ਤਰ੍ਹਾਂ ਦਾ ਮਾਹੌਲ ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਤੇ ਨਹੀਂ ਹੈ।

ਸ੍ਰੀ ਹਰਿਮੰਦਰ ਵਿਖੇ ਪੋਥੀ ਪਰਮੇਸ਼ਰ, ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਤੋਂ ਹੋ ਜਾਂਦਾ ਹੈ, ਸੁਖਾਸਨ ਅਸਥਾਨ ਤੋਂ ਸੋਨੇ ਦੀ ਪਾਲਕੀ ਵਿਚ ਸ਼ਬਦ ਕੀਰਤਨ ਫੁਲਾਂ ਦੀ ਵਰਖਾ ਕਰਦੇ ਅਰਦਾਸ ਕਰਕੇ ਪ੍ਰਕਾਸ਼ ਕੀਤਾ ਜਾਂਦਾ ਹੈ, ਹੁਕਮ ਲਿਆ ਜਾਂਦਾ ਹੈ, ਧਾਰਮਕ ਜੀਵਨ ਲਈ ਸੇਧ ਮਿਲਦੀ ਹੈ, ਘੜੀਐ ਸ਼ਬਦ ਸਚੀ ਟਕਸਾਲ, ਪੀਰੀ ਦੀ ਰਾਜਧਾਨੀ ਹੈ, ਹਉਮੈਂ ਅਤੇ ਕਾਮ ਕਰੋਧ ਦਾ ਤਿਆਗ ਹੁੰਦਾ ਹੈ। ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰ ਜ਼ਾਤ, ਧਰਮ, ਇਲਾਕੇ ਦੇ ਨਿਰਗੁਣ ਸੰਤਾਂ ਭਗਤਾਂ, ਸੂਫੀ ਫਕੀਰਾਂ ਦੇ ਇਲਾਹੀ ਸ਼ਬਦ ਦਰਜ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਬਾਣੀ ਦੇ ਨਾਲ ਭਾਈ ਮਰਦਾਨਾ ਡੂਮ ਮਰਾਸੀ ਅਤੇ ਹੋਰ ਭਟਾਂ ਦੇ ਸ਼ਬਦ ਵੀ ਦਰਜ ਹਨ। ਇਹ ਸਾਰੀ ਸੰਤ ਬਾਣੀ ਆਮ ਲੋਕਾਂ ਦੀ ਭਾਸ਼ਾ ਹੈ। ਗੁਰੂ ਸਾਹਿਬਾਨ ਨੇ ਆਪ ਉਚਾਰਨ ਕੀਤੀ, ਇਕਠੀ ਕੀਤੀ, ਤਰਤੀਬ ਦਿਤੀ. ਗੁਰੂ ਦਾ ਦਰਜਾ ਦਿਤਾ, ਚੌਰ ਕੀਤਾ, ਚੰਦੋਆ ਲਗਾ ਕੇ ਪ੍ਰਕਾਸ਼ ਕੀਤਾ, ਆਪ ਸਤਿਕਾਰ ਨਾਲ ਮਥਾ ਟੇਕਿਆ, ਸ਼ਬਦ ਕੀਰਤਨ ਕੀਤਾ।

"ਬੈਕੁੰਠ ਨਗਰੁ ਜਹਾਂ ਸੰਤ ਵਾਸਾ ॥" (੪੫੦)


"ਜੋ ਜੋ ਕਥੇ ਗੁਨੈ ਹਰਿ ਕੀਰਤਨ ਤਾਂ ਕੀ ਦੁਰਮਤਿ ਨਾਸੁ ॥"



ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੁਨੇਹਰੀ ਪਾਲਕੀ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ
ਪ੍ਰਕਾਸ਼ ਸਮੇਂ ਦਾ ਅਲੌਕਿਕ ਦ੍ਰਿਸ਼।



ਬੀਬੀ ਅਮਨਦੀਪ ਕੌਰ, ਆਪਣੇ ਗੁਰੂ ਦਰਬਾਰ ਵਿਚ ਅਮਨ ਸ਼ਾਤੀ ਲਈ ਅਰਦਾਸ ਕਰ ਰਹੇ ਹਨ।



ਸੰਗਤਾਂ ਹਰਿ ਕੀ ਪਉੜੀ ਤੋਂ ਅੰਮ੍ਰਿਤਜਲ ਲੈ ਰਹੀਆਂ ਹਨ

ਮੁਸਲਮਾਨ ਰਬਾਬੀ, ਭਾਈ ਬਲਵੰਡ ਸਤਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਸਜਾਦਾ, ਬਾਬਕ. ਝਾਝੂ. ਮੁਕੰਦ, ਕਿਦਾਰਾ,ਤਾਨ ਸੈਨ, ਭਾਈ ਚਾਂਦ, ਭਾਈ ਲਾਲ ਜੀ ਕੀਰਤਨ ਕਰਦੇ ਰਹੇ।

ਹਿੰਦੂ ਮੰਦਰਾਂ ਵਿਚ ਕੋਈ ਮੁਸਲਮਾਨ ਜਾਣ ਲਈ ਤਿਆਰ ਨਹੀਂ, ਕੇਵਲ ਪੁਜਾਰੀ ਹੀ ਕੀਰਤਨ ਕਰ ਸਕਦਾ ਹੈ। ਹੋਰ ਕਿਸੇ ਧਰਮ ਦੇ ਅਵਤਾਰ, ਨਬੀ, ਰਸੂਲ ਪੈਗੰਬਰ ਨੇ ਕੋਈ ਬਾਣੀ, ਕਲਾਮ ਨਹੀਂ ਲਿਖਿਆ, ਨਾ ਹੀ ਕੋਈ ਗ੍ਰੰਥ ਆਪ ਤਿਆਰ ਕੀਤਾ ਹੈ, ਗੀਤਾ, ਤਮਾਇਣ, ਬਾਈਬਲ, ਕੁਰਾਨ ਆਦਿ ਬਹੁਤ ਦੇਰ ਪਿਛੋਂ ਪੈਰੋਕਾਰਾਂ ਵਲੋਂ ਲਿਖੇ ਗਏ ਹਨ; ਬਾਈਬਲ ਵਿਚ ੨੭ ਪੁਸਤਕਾ ਦਾ ਮੈਟਰ ਈਸਾ ਤੋਂ ਬਹੁਤ ਦੇਰ ਪਿਛੋਂ ਦਰਜ ਕੀਤਾ ਗਿਆ। ਇਨ੍ਹਾਂ ਵਿਚੋਂ ਕਿਸੇ ਗ੍ਰੰਥ ਨੂੰ ਗੁਰੂ ਦਾ ਦਰਜਾ ਨਹੀਂ ਹੈ, ਨਾਂ ਹੀ ਇਨਾਂ ਦਾ ਪ੍ਰਕਾਸ਼ ਹੁੰਦਾ ਹੈ, ਨਾ ਹੀ ਕੋਈ ਸਤਿਕਾਰ ਵਜੋਂ ਮਥਾ ਟੇਕਦਾ ਹੈ, ਇਹ ਸੰਸਕ੍ਰਿਤ ਅਤੇ ਅਰਬੀ ਭਾਸ਼ਾ ਵਿਚ ਹਨ, ਇਨ੍ਹਾਂ ਗ੍ਰੰਥਾਂ ਵਿਚ ਕਿਸੇ ਗੈਰ ਜਾਤ ਦੇ ਸੰਤਾਂ ਭਗਤਾਂ ਦੀ ਬਾਣੀ ਦਰਜ ਨਹੀਂ ਹੈ। ਇਨ੍ਹਾਂ ਗ੍ਰੰਥਾਂ ਵਿਚ ਕਤਮ ਕਾਂਡ ਦਰਜ ਹਨ।

ਮਕਾ ਵਿਖੇ ਕਾਬਾ ਵਿਚ ਕਾਲੇ ਪੱਥਰ, ਹਰਜ-ਅਲ-ਅਸਵਾਦ ਸਿਲ ਦੀ ਪੂਜਾ ਹੁੰਦੀ ਹੈ।

ਈਸਾ, ਮੁਹੰਮਦ, ਜੋਗੀ ਨਾਥ ਰਿਧੀਆਂ ਸਿਧੀਆਂ ਅਤੇ ਕਰਾਮਾਤਾਂ ਕਰਦੇ ਆਮ ਲੋਕਾਂ ਨੂੰ ਭਰਮਾਉਂਦੇ ਰਹਿੰਦੇ, ਪਰ ਸਿਖ ਧਰਮ ਵਿਚ ਕਰਾਮਾਤਾਂ ਨੂੰ ਕਹਿਰ ਕਿਹਾ ਗਿਆ ਹੈ। ਬਨਾਰਸ ਹਿੰਦੂ ਧਰਮ ਦਾ ਵਡਾ ਕੇਂਦਰ, ਬਾਨਾਰਸ ਕੇ ਠੱਗ, ਬਨਾਰਸੀ ਨਗ ਕਰਕੇ ਪ੍ਰਸਿਧ ਹੈ।

ਹਿੰਦੂ ਮੰਦਰਾਂ ਵਿਚ ਭਗਤ ਨਾਮ ਦੇਵ, ਕਬੀਰ, ਸਧਨਾ, ਸੈਣ ਰਵਿਦਾਸ ਜੀ ਵਰਗੇ ਦਰਵੇਸ਼ ਨਿਰਗੁਣ ਭਗਤਾਂ ਨੂੰ ਸ਼ੂਦਰ ਜ਼ਾਤੀ ਦੇ ਨੀਚ ਕਹਿ ਕੇ ਬਾਹਰ ਕਢ ਦਿਤਾ ਗਿਆ ਅਤੇ ਜ਼ੁਲਮ ਕੀਤੇ ਗਏ। ਦਿਲੀ ਵਿਖੇ ਬਿਰਲਾ ਮੰਦਰ, ਕਾਰਖਾਨੇਦਾਰ ਬਿਰਲੇ ਦੇ ਨਾਮ ਤੇ ਹੈ, ਸਾਰਾ ਪ੍ਰਬੰਧ ਬਿਰਲੇ ਦੇ ਹੁਕਮ ਅਨੁਸਾਰ ਹੁੰਦਾ ਹੈ, ਉਥੇ ਕੋਈ ਸ਼ੂਦਰ ਨਹੀਂ ਜਾ ਸਕਦਾ। ਹਿੰਦੂ ਮੰਦਰਾਂ ਦੇ ਕੰਵਲ ਵਿਚ ਲਕਸ਼ਮੀ ਦੀ ਮੂਰਤੀ ਪੂਜਾ ਹੁੰਦੀ ਹੈ।

## ਅਰਦਾਸ

ਸ੍ਰੀ ਹਰਿਮੰਦਰ ਸਾਹਿਬ ਵਿਖੇ ਅਕਾਲ ਪੁਰਖ ਅਗੇ ਸਰਬਤ ਦੇ ਭਲੇ ਵਾਸਤੇ ਅਰਦਾਸਾਂ ਹੁੰਦੀਆਂ ਹਨ। ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਤੇ ਸਰਬਤ ਦੇ ਭਲੇ ਵਾਸ਼ਤੇ ਕੋਈ ਕਾਮਨਾ, ਆਰਤੀ, ਨਮਾਜ਼, ਦੁਆ, ਪ੍ਰਾਰਥਨਾ ਨਹੀਂ ਹੁੰਦੀ।

## ਸ਼ਹੀਦੀਆਂ

ਗੁਰੂ ਸਾਹਿਬਾਨ ਅਤੇ ਸਿੰਘਾਂ ਨੇ ਜ਼ਾਤ-ਅਭਿਮਾਨੀ ਅਕ੍ਰਿਤਘਨ ਲੋਕਾਂ ਦੇ ਤਿਲਕ ਜੰਞੂ ਅਤੇ ਬਹੂ-ਬੇਟੀਆਂ ਦੀ ਇਜ਼ਤ ਬਚਾਉਣ ਲਈ ਅਨ-ਗਿਣਤ ਕੁਰਬਾਨੀਆਂ ਦਿਤੀਆਂ ਹਨ, ਕਿਸੇ ਹੋਰ ਧਰਮ ਵਾਲੇ ਕਿਸੇ ਅਵਤਾਰ ਨਬੀ ਪੈਗੰਬਰ ਨੇ ਕਿਸੇ ਗੈਰ ਵਾਸਤੇ ਕਦੀ ਸੋਚਿਆ ਵੀ ਨਹੀਂ। ਹਿੰਦੂ ਧਰਮ ਉਪਰ ਇਕ ਹਜ਼ਾਰ ਸਾਲ ਜ਼ੁਲਮ ਹੁੰਦੇ ਰਹੇ. ਅਨੇਕਾਂ ਮੰਦਰ ਢਹਿ ਢੇਰੀ ਹੋਏ ਪਰ ਕਦੇ ਕਿਸੇ ਵੀ ਪੰਡਤ ਆਰਯਾ ਸਮਾਜੀ ਨੇ ਆਪਣੀ ਕੁਰਬਾਨੀ ਨਹੀਂ ਦਿਤੀ। ਸ੍ਰੀ ਹਰਿਮੰਦਰ ਦੀ ਅਜ਼ਮਤ ਲਈ ਲਖਾਂ ਸਿੰਘਾਂ ਨੇ ਕੁਰਬਾਨੀਆਂ ਦਿਤੀਆਂ ਹਨ। ਸੂਰਜ ਪ੍ਰਕਾਸ਼ ਅਨੁਸਾਰ :

"ਤੀਨ ਲੋਕ ਮਹਿ ਹੋਇ ਨ ਜੈਸੋ
ਭਜਨ ਪ੍ਰਤਾਪ ਬਨਹਿ ਨਿਤਿ ਐਸੋ ॥
ਨਰਕ ਨਿਵਾਰਣ ਕਾਰਣ ਮੋਖ
ਮੇਰੇ ਸਿਮਰਨ ਹੋਇ ਨਿਰਦੋਖ ॥" (੩੭)

ਸੰਸਾਰ ਦੇ ਕਿਸੇ ਹੋਰ ਧਰਮ ਦੇ ਕੇਂਦਰ ਤੇ ਕੋਈ ਸ਼ਬਦ-ਕੀਰਤਨ, ਰਬ ਦੀ ਸਿਫਤ ਸਾਲਾਹ ਨਹੀਂ ਹੁੰਦੀ, ਕੇਵਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਅਠੇ ਪਹਿਰ ਅਕਾਲ ਪੁਰਖ ਦੇ ਸ਼ਬਦ ਦਾ ਕੀਰਤਨ ਸੰਗਤ ਰੂਪ ਵਿਚ ਹੁੰਦਾ ਹੈ, ਜਿਸ ਤੋਂ ਉਸ ਪਾਰਬ੍ਰਹਮ ਦਾ ਗਿਆਨ ਹੁੰਦਾ ਹੈ।

"ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨ ॥" (੨੧੮)

"ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ (੧੬੭)

ਕਿਸੇ ਹੋਰ ਧਰਮ ਦੇ ਅਸਥਾਨ ਤੇ ਆਤਮਾ ਦੇ ਕਲਿਆਣ ਦੀ ਕੋਈ ਗਲ ਨਹੀਂ ਹੈ।

## ਸ੍ਰੀ ਅਕਾਲ ਤਖਤ ਸਾਹਿਬ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਅਕਾਲ ਪੁਰਖ ਦੇ ਨਾਮ ਤੇ ਦੁਸ਼ਟਾਂ ਦਾ ਨਾਸ ਕਰਨ ਵਾਸਤੇ, ਇਸ ਤਖਤ ਦੀ ਉਸਾਰੀ, ਕੀਤੀ, ਦੁਸ਼ਟ ਜਹਾਂਗੀਰ ਦੇ ਦਰਬਾਰ ਤਖਤ ਦੇ ਮੁਕਾਬਲੇ ਵਿਚ ਸਚਾ ਤਖਤ ਬਣਾਇਆ, ਸੱਚਾ ਪਾਤਸ਼ਾਹ ਬਣ ਕੇ ਸ਼ਸਤਰ ਧਾਰਨ ਕੀਤੇ, ਮੀਰੀ ਦੀ ਰਾਜਧਾਨੀ, ਇਥੇ ਬੈਠ ਕੇ ਨਿਆਂ ਕੀਤਾ, ਤਖਤ ਬਹੇ ਤਖਤੇ ਕੀ ਲਾਇਕ। ਇਹ ਸਿਖ ਰਾਜ ਯੋਗ ਦਾ ਸਿੰਘਾਸਨ ਹੈ, ਢਾਡੀਆਂ ਵਲੋਂ ਬੀਰ ਰਸ ਦੀਆਂ ਵਾਰਾਂ ਗਾਇਨ ਹੁੰਦੀਆਂ। ਭਗਤੀ ਦੇ ਨਾਲ, ਮਜ਼ਲੂਮਾਂ ਦੀ ਰਖਿਆ ਲਈ ਸ਼ਕਤੀ ਵੀ ਜ਼ਰੂਰੀ ਹੈ। ਸਿਖ ਧਰਮ ਦੇ ਮਾਮਲੇ ਵਿਚਾਰਾਂ, ਫੈਸਲੇ ਸਰਬਤ ਖਾਲਸਾ ਸਮਾਗਮ, ਹੁਕਮ

ਜਾਰੀ ਹੁੰਦੇ ਹਨ। ਸ਼ਸਤਰ ਗਰੀਬ ਕੀ ਰਖਿਆ. ਜਰਵਾਣੇ ਕੀ ਭਖਿਆ ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਤੇ ਇਸ ਤਰ੍ਹਾਂ ਦਾ ਤਖਤ ਦਰਬਾਰ ਕਾਰਵਾਈਆਂ ਨਹੀਂ ਹਨ।

## ਕੜਾਹ ਪ੍ਰਸ਼ਾਦ

ਸਤਿਗੁਰੂ ਨਾਨਕ ਦੇਵ ਜੀ ਨੇ ਨਵੰਬਰ ੧੫੦੧ ਨੂੰ ਇਸ ਅਸਥਾਨ ਤੇ ਇਲ ਹੀ ਸ਼ਬਦ ਦਾ ਕੀਰਤਨ ਕੀਤਾ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ, ਸੰਗਤਾਂ ਨੂੰ ਵਰਤਾਈ ਗਈ, ਅਤੇ ਕਿਹਾ ਕਿ ਇਥੇ ਸਦਾ ਹੀ ਐਸਾ ਅੰਮ੍ਰਿਤ ਵੰਡੀਦਾ ਰਹੇਗਾ, ਜੋ ਹੁਣ ਤਕ ਵਰਤ ਰਿਹਾ ਹੈ। ਕੜਾਹ ਪ੍ਰਸ਼ਾਦਿ ਦੀ ਦੇਗ, ਸਵਛ ਬਰਤਨਾਂ ਵਿਚ, ਸੁਆਸ ਸੁਆਸ ਸਿਮਰਨ ਕਰਦੇ ਤਿਆਰ ਕੀਤੀ ਜਾਂਦੀ ਹੈ, ਸਵਛ ਬਰਤਨਾਂ ਵਿਚ ਸ਼ਰਧਾਲੂ ਸੰਗਤਾਂ ਲੈ ਕੇ, ਆਪਣੇ ਗੁਰੂ ਦਰਬਾਰ ਵਿਚ ਭੇਟ ਕਰਦੇ ਹਨ, ਸਿਮਰਨ ਕਰਦੇ, ਕਿਰਪਾਨ ਭੇਟ ਕਰਕੇ ਸੰਗਤਾਂ ਨੂੰ ਵਰਤਾਈ ਜਾਂਦੀ ਹੈ, ਗੋਦੀ ਵਾਲੇ ਬੱਚੇ ਨੂੰ ਵੀ ਬਰਾਬਰ ਦਾ ਪ੍ਰਸਾਦ ਦਿਤਾ ਜਾਂਦਾ ਹੈ, ਹਰ ਕੋਈ ਦੋ ਹਥਾਂ ਵਿਚ ਬੁਕ ਕਰਕੇ ਪ੍ਰਸ਼ਾਦ ਸਤਕਾਰ ਨਾਲ ਲੈਂਦਾ ਹੈ, ਛਕਦਾ ਹੈ। ਹਰ ਰੋਜ਼ ਹਜ਼ਾਰਾਂ, ਲਖਾਂ ਰੁਪਏ ਦਾ ਕੜਾਹ ਪ੍ਰਸ਼ਾਦ ਭੇਟਾ ਹੁੰਦਾ ਹੈ, ਹੋਰ ਕਿਸੇ ਧਰਮ ਅਸਥਾਨ ਤੇ ਇਸ ਤਰ੍ਹਾਂ ਦਾ ਸਵਛ ਪ੍ਰਬੰਧ ਨਹੀਂ। ਮੰਦਰਾਂ ਵਿਚ ਜੋ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ ਉਹ ਬਾਜ਼ਾਰ ਦੀਆਂ ਦੁਕਾਨਾਂ, ਰੇੜ੍ਹੀਆਂ ਤੋਂ ਲਡੂ ਜਲੇਬੀਆਂ, ਫੁਲੀਆਂ, ਮਖਾਣੇ, ਪਤਾਸੇ, ਮੱਖੀਆਂ, ਮੱਛਰਾਂ, ਚੂਹਿਆਂ ਵਾਲੇ ਹੁੰਦੇ ਹਨ, ਗੰਦੇ ਕਾਗਜ਼ਾਂ, ਲਿਫਾਫਿਆਂ ਵਿਚ ਹੁੰਦਾ ਹੈ। ਕਈ ਮੰਦਰਾਂ ਵਿਚ ਹਲਵਾ, ਕੜਾਹ ਹੀ ਭੇਟਾ ਹੁੰਦਾ ਹੈ, ਪਰ ਉਥੇ ਕੋਈ ਸਵਛਤਾ, ਪਵਿਤਰਤਾ ਅਤੇ ਸਤਿਕਾਰ ਨਹੀਂ ਹੁੰਦਾ।

## ਲਾਇਬਰੇਰੀ

ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਦੀ ਡਿਉਢੀ ਉਪਰ ਸਿਖ ਰੈਫਰੈਂਸ ਲਾਇਬ੍ਰੇਰੀ ਬਹੁਤ ਵਡੀ ਹੈ, ਇਕ ਗੁਰੂ ਰਾਮ ਦਾਸ ਲਾਇਬ੍ਰੇਰੀ ਹੈ। ਕੇਂਦਰੀ ਅਜ਼ਾਇਬ ਘਰ, ਘੰਟਾ ਘਰ ਡਿਉਢੀ ਦੇ ਉਪਰ ਹੈ।

## ਗੁਰੂ ਦਾ ਲੰਗਰ

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗਰੀਬਾਂ, ਅਨਾਥਾਂ, ਸਾਧੂ ਸੰਤਾਂ, ਦਰਵੇਸ਼ਾਂ ਦੇ ਭੋਜਨ ਲਈ ਲੰਗਰ ਲਗਾਏ, ਸੰਗਤ ਪੰਗਤ ਦੇ ਪ੍ਰਵਾਹ ਚਲਾਏ, ਹਰ ਸਿਖ ਵਾਸਤੇ ਕਿਰਤ ਕਰਨਾ ਨਾਮ ਜਪਣਾ ਵੰਡ ਛਕਣਾ, ਆਪਣੀ ਕਿਰਤ ਕਮਾਈ ਵਿਚੋਂ ਧਰਮ ਕਾਰਜਾਂ ਲਈ ਦਸਵੰਧ ਦੇਣਾ, ਜਦੋਂ ਵੀ ਕਿਸੇ

ਜ਼ਾਤ, ਧਰਮ ਦੇ ਲੋਕਾਂ ਉਪਰ ਬਿਪਤਾ, ਬੀਮਾਰੀ ਹੋਵੇ, ਤਾਂ ਗੁਰੂ ਦੇ ਲੰਗਰ, ਸਹਾਇਤਾ ਸਹੂਲਤਾਂ ਸਿਖਾਂ ਵਲੋਂ ਪ੍ਰਬੰਧ ਕੀਤੇ ਜਾਂਦੇ ਹਨ, ਹਰ ਰੋਜ਼ ਹਜ਼ਾਰਾਂ ਲੋਕ ਹਰ ਜ਼ਾਤ ਧਰਮ ਇਲਾਕੇ ਦੇ,ਇਕ ਪੰਗਤ ਵਿਚ ਬਰਾਬਰ ਬੈਠਕੇ ਲੰਗਰ ਛਕਦੇ ਸਿਮਰਨ ਸ਼ੁਕਰ ਕਰਦੇ ਹਨ, ਕਿਸੇ ਹੋਰ ਧਰਮ ਦੇ ਅਸਥਾਨ ਤੇ ਅਜਿਹੇ ਪ੍ਰਬੰਧ ਨਹੀਂ ਹਨ।

## ਸਰਾਏ ਰਹਾਇਸ਼

ਸ੍ਰੀ ਗੁਰੂ ਰਾਮ ਦਾਸ ਨਿਵਾਸ ਵਿਖੇ ਹਰ ਜ਼ਾਤ, ਧਰਮ, ਇਲਾਕੇ ਦੇ ਲੋਕਾਂ ਵਾਸਤੇ ਰਿਹਾਇਸ਼, ਮੰਜੇ, ਬਿਸਤਰੇ ਦੇ ਪ੍ਰਬੰਧ ਹਨ, ਹੋਰ ਕਿਸੇ ਧਰਮ ਦੇ ਅਸਥਾਨ ਤੇ ਇਸ ਤਰ੍ਹਾਂ ਦੇ ਵਿਸ਼ਾਲ ਪ੍ਰਬੰਧ ਨਹੀਂ ਹਨ।

ਹਰ ਰੋਗੀ ਦੇ ਇਲਾਜ, ਦਵਾ ਦਾਰੂ ਵਾਸਤੇ ਗੁਰੂ ਰਾਮ ਦਾਸ ਹਸਪਤਾਲ ਅਤੇ ਡਿਸਪੈਨਸਰੀ ਹੈ, ਇਤਨਾ ਵਡਾ ਪ੍ਰਬੰਧ ਕਿਸੇ ਹੋਰ ਧਰਮ ਦੇ ਅਸਥਾਨ ਤੇ ਨਹੀਂ ਹੈ।

## ਗੁੰਬਦ

ਸ੍ਰੀ ਹਰਿਮੰਦਰ ਸਾਹਿਬ ਦਾ ਗੁੰਬਦ ਮੂਧਾ ਕੰਵਲ ਫੁਲ, ਬੈਠਵਾਂ ਹੈ, ਇਸ ਗੁੰਬਦ ਦੀਆਂ ੧੬ ਫਾੜੀਆਂ ਹਨ, ਉਪਰ ਛਤਰ ਹੈ।

ਹਿੰਦੂ ਮੰਦਰਾਂ ਦਾ ਗੁੰਬਦ ਗਾਜਰ-ਨਮਾ ਹੁੰਦਾ ਹੈ। ਮਸੀਤ ਦਾ ਗੁੰਬਦ ਗੰਢੇ ਜਾਂ ਥੋਮ ਵਰਗਾ ਹੁੰਦਾ ਹੈ।

ਭਾਈ ਪ੍ਰਿਥੀ ਚੰਦ ਨੇ ਈਰਖਾ ਵਸ ਹੋ ਕੇ ਸ੍ਰੀ ਹਰਿਮੰਦਰ ਜਿਹਾ, ਫੌਜਦਾਰ ਸੁਲਹੀ ਖਾਨ ਦੀ ਸਰਕਾਰੀ ਸਹਾਇਤਾ ਨਾਲ ਪਿੰਡ ਹੇਹਰ ਵਿਖੇ ਤਾਲਾਬ ਅਤੇ ਦਰਬਾਰ ਬਣਾ ਕੇ ਆਪਣੀ ਰਚੀ ਕਚੀ ਬਾਣੀ ਦਾ ਗ੍ਰੰਥ ਰੱਖ ਲਿਆ, ਪਰ ਉਸ ਲਾਲਚੀ ਭੇਖੀ, ਹੰਕਾਰੀ ਕਪਟੀ ਦੇ ਤਾਲਾਬ ਵਿਚ ਕੀੜੇ ਪੈ ਗਏ, ਪਾਣੀ ਸੜ ਗਿਆ।

ਬਾਬਾ ਰਾਮ ਰਾਏ, ਨੇ ਈਰਖਾ ਵਸ, ਅਕਤੂਬਰ ੧੬੬੧ ਤੋਂ ਦੁਸ਼ਟ ਔਰੰਗਜ਼ੇਬ ਦੀ ਸਹਾਇਤਾ ਨਾਲ, ਆਪਣਾ ਡੇਰਾ, ਦਰਬਾਰ ਡੇਹਰਾ ਦੂਨ ਵਿਖੇ ਬਣਾ ਲਿਆ ਪਰ ਇਹ ਲਾਲਚੀ ਆਪਣੇ ਲਾਲਚੀ ਮਸੰਦਾਂ ਹਥੋਂ ਜੁਲਾਈ ੧੬੮੭ ਨੂੰ ਮਾਰਿਆ ਗਿਆ।

"ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥"
(੧੦੪੩)

ਮਹਾਰਾਜਾ ਰਣਜੀਤ ਸਿੰਘ ਵਲੋਂ ੧੮੦੨ ਤੋਂ ੧੮੩੯ ਤਕ ਆਪਣੇ




ਸੰਗਤਾਂ ਕੜਾਹ ਪ੍ਰਸ਼ਾਦ ਦੀ ਦੇਗ ਲੈ ਰਹੀਆਂ ਹਨ




ਖ਼ਾਲਸੇ ਦੀ ਸ਼ੇਰਨੀ ਮਾਤਾ ਭਾਗੋ ਜੀ

ਗੁਰੂ-ਦਰਬਾਰ ਨੂੰ ਸੁੰਦਰ ਬਣਾਉਣ ਵਾਸਤੇ ਹਰ ਤਰ੍ਹਾਂ ਦੇ ਮਾਹਰ ਕਾਰੀਗਰ, ਨਕਾਸ਼, ਚਿਤਰਕਾਰ ਲਗਾ ਕੇ ਮੁਹਰਾਕਸ਼ੀ, ਨਕਾਸੀ, ਚਿਤਰਕਾਸ਼ੀ ਦੇ ਕਾਰਜ ਕਰਵਾਏ, ਸੰਗਮਰਮਰ ਲਗਵਾਇਆ, ਸੋਨੇ ਦੇ ਪਤਰੇ ਲਗਵਾ ਕੇ ਸਵਰਨ ਮੰਦਰ ਬਣਵਾ ਦਿਤਾ।

ਮਹਾਰਾਜਾ ਅਸ਼ੋਕ ਨੇ ਬੁਧ ਧਰਮ ਦਾ ਪ੍ਰਚਾਰ ਕੀਤਾ,ਸ਼ਾਹ ਜਹਾਨ ਨੇ ਆਪਣੀ ਬੇਗਮ ਨੂਰਜਹਾਂ ਦੀ ਯਾਦ ਵਿਚ ਆਗਰਾ ਵਿਖੇ (ਮਕਬਰਾ) ਰੋਜਾ ਤਾਜ ਮਹਲ ਬਣਵਾਇਆ, ਔਰੰਗਜ਼ੇਬ ਨੇ ਇਸਲਾਮ ਧਰਮ ਦਾ ਪ੍ਰਚਾਰ, ਤਲਵਾਰ ਦੇ ਜ਼ੋਰ ਜੁਲਮ ਨਾਲ ਕੀਤਾ।

ਈਸਾਈਆਂ ਨੇ ੧੭੫੮ ਤੋਂ ਭਾਰਤ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨਾ ਸੁਰੂ ਕੀਤਾ।

ਤੋਸ਼ਾ ਖਾਨਾ ਵਿਚ ਵਡ-ਮੁਲੇ ਹੀਰੇ, ਜਵਾਹਰਾਤ, ਸੋਨੇ ਦੇ ਜ਼ੇਵਰ,ਦਰਵਾਜ਼ੇ ਸੋਨੇ ਦੀਆਂ ਕਹੀਆਂ ਚਾਂਦੀ ਦੇ ਬਾਟੇ ਆਦਿ ਹਨ। ਜੋ ਹਰ ਜਲੌ ਦੇ ਮੌਕੇ ਤੇ ਸਜਾਏ ਜਾਂਦੇ ਹਨ।

## ਦੀਪ ਮਾਲਾ

ਦੀਵਾਲੀ, ਵਿਸਾਖੀ ਅਤੇ ਗੁਰਪੁਰਬਾਂ ਸਮੇਂ ਦੀਪਮਾਲਾ ਕੀਤੀ ਜਾਂਦੀ ਹੈ, ਆਤਸ਼ਬਾਜ਼ੀ ਦੇ ਮੁਕਾਬਲੇ, ਰੌਣਕਾਂ ਹੁੰਦੀਆਂ ਹਨ ਇਸ ਤਰ੍ਹਾਂ ਦੇ ਪ੍ਰਬੰਧ ਕਿਸੇ ਹੋਰ ਧਰਮ ਦੇ ਅਸਥਾਨ ਤੇ ਨਹੀਂ ਹੁੰਦੇ।

## ਪਵਿਤਰਤਾ

ਸ੍ਰੀ ਹਰਿਮੰਦਰ ਵਿਖੇ ਕੋਈ ਵੀ ਸਿਗਰਟ, ਤਮਾਕੂ, ਸ਼ਰਾਬ ਦੀਵਰਤੋਂ ਨਹੀਂ ਕਰ ਸਕਦਾ, ਕੋਈ ਨੰਗੇ ਸਿਰ ਅੰਦਰ ਨਹੀਂ ਆ ਸਕਦਾ, ਜੋੜੇ ਜਰਾਬਾਂ ਬਾਹਰ ਉਤਾਰ ਕੇ ਹਰ ਕੋਈ ਪੈਰ ਧੋ ਕੇ ਅੰਦਰ ਆਉਂਦਾ ਹੈ, ਇਸ ਤਰ੍ਹਾਂ ਦੀ ਮਰਯਾਦਾ ਅਤੇ ਪ੍ਰਬੰਧ ਸੰਸਾਰ ਦੇ ਕਿਸੇ ਹੋਰ ਧਰਮ ਦੇ ਅਸਥਾਨ ਤੇ ਨਹੀਂ ਹਨ। ਸ੍ਰੀ ਹਰਿਮੰਦਰ ਕਰਕੇ ਸ਼ਹਿਰ ਦੇ ਲੋਕਾਂ ਦੇ ਕੰਮ ਕਾਰ ਵਪਾਰ, ਕੰਮ ਧੰਦੇ ਚਲ ਰਹੇ ਹਨ। ਹਰ ਕੋਈ ਗੁਰੂ ਰਾਮ ਦਾਸ ਦਾ ਸ਼ੁਕਰਾਨਾ, ਸਿਮਰਨ ਕਰਦਾ ਹੈ।

ਗਿਰਜੇ ਵਿਚ ਯਸੂ ਦੀ ਮੂਰਤੀ, ਸਲੀਬ ਉਤੇ ਟੰਗੀ ਹੁੰਦੀ ਹੈ, ਯਸੂ ਮਸੀਹ ਦੀ ਮੂਰਤੀ ਨੂੰ ਹੀ ਇਸ਼ਟ ਮੰਨਿਆ ਜਾਂਦਾ ਹੈ ਕਿ ਕਿਆਮਤ ਵਾਲੇ ਦਿਹਾੜੇ ਰਬ ਤੋਂ ਗੁਨਾਹ ਮੁਆਫ ਕਰਵਾ ਦੇਵੇਗਾ। ਈਸਾਈ ਪਾਦਰੀਆਂ ਦੀਆਂ ਕਬਰਾਂ ਵੀ ਗਿਰਜੇ ਦੇ ਸਿਹਨ ਵਿਚ ਹੀ ਹੁੰਦੀਆਂ ਹਨ। ਇਸਰਾਈਲਾਂ ਅਤੇ ਗੈਰ-

ਇਸਰਾਈਲੀਆਂ ਦੇ ਕਤਲ ਹੋ ਰਹੇ ਹਨ। ਈਸਾਈਆਂ ਵਿਚ ਆਪਸੀ ਗਰੀਕ ਕੈਥੋਲਿਕ, ਅਤੇ ਪ੍ਰੋਟੈਸਟੈਂਟ ਦੇ ਕਲੇਸ਼ ਕਤਲ ਹੋ ਰਹੇ ਹਨ,ਈਸਾ ਯਸੂਮਸੀਹ ਆਪ ਕਰਾਮਾਤਾਂ ਵਿਚ ਵਿਸ਼ਵਾਸ ਕਰਦਾ ਸੀ,ਆਪ ਗਰੀਬ, ਅਨਾਥ ਸੀ,ਹਾਕਮ ਅਤੇ ਅਮੀਰ ਲੋਕ ਇਸ ਨੂੰ ਨਫਰਤ ਕਰਦੇ ਸਨ, ਅੰਤ ਇਸ ਉਪਰ ਮੈਰੀ ਮੈਗਡੇਨ ਨਾਲ ਬਦ-ਚਲਨੀ, ਵਿਭਚਾਰ ਦੇ ਦੋਸ਼ ਲਗਾ ਕੇ ਸਲੀਬ ਤੇ ਚੜ੍ਹਾ ਕੇ ਕਤਲ ਕਰ ਦਿਤਾ ਗਿਆ। ਯਸੂ ਕਹਿੰਦਾ ਸੀ ਕਿ ਰਬ ਦੇ ਬੰਦਿਆਂ ਨਾਲ ਪਿਆਰ ਕੀਤਾ ਜਾਵੇ,ਪਰ ਹੈਰਾਨੀ ਹੈ ਕਿ ਈਸਾ ਦੇ ਦਰਿੰਦੇ ਹਾਕਮਾਂ ਨੇ ਸੰਸਾਰ ਦੇ ਕਿਤਨੇ ਦੇਸ਼ਾਂ ਤੇ ਜ਼ੁਲਮ ਕੀਤਾ। ਉਨ੍ਹਾਂ ਨੂੰ ਗੁਲਾਮ ਬਣਾਯਾ, ਸੰਸਾਰ ਯੁਧ ਕਰਕੇ ਲਖਾਂ ਕਤਲ ਕੀਤੇ, ਦੂਜੇ ਸੰਸਾਰ ਯੁਧ ਵਿਚ ਹੀਰੋਸੀਮਾ ਅਤੇ ਨਾਗਾਸ਼ਾਕੀ ਵਿਖੇ ਬੰਬ ਸੁਟ ਕੇ ਸਰਬਨਾਸ਼ ਕਰ ਦਿਤਾ, ਸਾਰਾ ਸੰਸਾਰ ਇਨ੍ਹਾਂ ਹੰਕਾਰੀ ਜ਼ਾਲਮਾਂ ਨੂੰ ਲਾਹਨਤਾਂ ਪਾ ਰਿਹਾ ਹੈ। ਯਸੂ ਆਪ ਕੇਸਾ-ਧਾਰੀ ਸੀ ਪਰ ਇਸ ਦੇ ਈਸਾਈ ਲੋਕ ਕੇਸਾ-ਧਾਰੀ ਨਹੀਂ ਹਨ, ਚੰਗੇ ਪੈਰੋਕਾਰ ਹਨ ?

ਸ੍ਰੀ ਹਰਿਮੰਦਰ ਦਾ ਚਿਤਰ ਹਰ ਘਰ ਵਿਚ ਹੈ, ਕਿਸੇ ਹੋਰ ਧਰਮ ਦੇ ਕੇਂਦਰ ਮੰਦਰ, ਮਸੀਤ, ਗਿਰਜੇ ਦੇ ਚਿਤਰ ਹਰ ਘਰ ਵਿਚ ਨਹੀਂ ਹਨ।

ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਕੇਵਲ ੪੦੦ ਸਾਲ ਦਾ ਹੈ, ਪਰ ਇਸ ਦੀ ਮਹਾਨਤਾ, ਕਲਾ, ਸੁੰਦਰਤਾ, ਕੁਰਬਾਨੀਆਂ ਸਬੰਧੀ ਅਨੇਕਾਂ ਬਦੇਸ਼ੀ ਸੈਲਾਨੀਆਂ, ਲੇਖਕਾਂ ਵਲੋਂ ਆਪਣੇ ਵਿਚਾਰ, ਲੇਖ, ਕਵਿਤਾਵਾਂ, ਕਿਤਾਬਾਂ, ਗ੍ਰੰਥ ਅਤੇ ਇਤਿਹਾਸ ਲਿਖੇ ਗਏ ਹਨ, ਕਿ ਸੰਸਾਰ ਦੇ ਕਿਸੇ ਹੋਰ ਧਰਮ ਅਸਥਾਨ ਬਾਰੇ ਇਤਨਾ ਕੁਝ ਨਹੀਂ ਲਿਖਿਆ ਗਿਆ।

ਸ੍ਰੀ ਹਰਿਮੰਦਰ ਸੇਵਾ ਅਤੇ ਸਿਮਰਨ ਦਾ ਅਸਥਾਨ ਹੈ, ਇਸ ਰਬ ਦੇ ਘਰ ਦੀ ਉਸਾਰੀ. ਕਾਰ ਸੇਵਾ, ਸਜਾਵਟ, ਗੁਰੂ ਦੇ ਲੰਗਰ, ਵਿਚ ਵਡੇ ਵਡੇ ਰਾਜੇ, ਮਹਾਰਾਜੇ ਅਤੇ ਇਨ੍ਹਾਂ ਦੇ ਪਰਵਾਰ ਹਰ ਕਾਰਜ ਵਿਚ ਖੁਸ਼ੀ ਖੁਸ਼ੀ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੇ ਸੇਵਾ ਕਰ ਕੇ ਧੰਨ ਭਾਗ ਸਮਝਦੇ ਹਨ, ਇਸ ਵਰਗਾ ਸੰਸਾਰ ਤੇ ਕਿਸੇ ਹੋਰ ਧਰਮ ਦਾ ਕੋਈ ਕੇਂਦਰ ਨਹੀਂ ਹੈ। ਜਿਥੇ ਹਰ ਅਮੀਰ ਗਰੀਬ ਦੀ ਸਾਂਝ ਪਿਆਰ ਹੋਵੇ, ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।

"ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤਿ ॥"

ਹਜ਼ਾਰਾਂ ਯਾਤਰੂ, ਦੇਸ਼ ਦੇ ਹਰ ਸਕੂਲ, ਕਾਲਜ: ਯੂਨੀਵਰਸਿਟੀ ਦੇ ਬੱਚੇ ਯਾਤਰਾ ਲਈ ਭਾਰੀ ਗਿਣਤੀ ਵਿਚ ਇਥ ਆਉਂਦੇ ਹਨ।

ਸਿਖ ਧਰਮ ਦੀ ਵਿਸ਼ਾਲਤਾ ਹੈ, ਕਿ ਸੂਫੀ ਬਾਬਾ ਫਰੀਦ, ਦੇ ਦਿਹਾੜੇ

੨੦ ਤੋਂ ੨੩ ਸਤੰਬਰ ਤਕ ਭਾਰੀ ਰੌਣਕਾਂ ਨਾਲ ਮਨਾਏ ਹਾਂਦੇ ਹਨ।

ਉੜੀਸਾ ਵਿਖੇ ਜਗਨ ਨਾਥ ਪੁਰੀ ਦਾ ਵੱਡਾ ਮੰਦਰ ਹੈ, ਇਨ੍ਹਾਂ ਮੰਦਰਾਂ ਵਿਚ ਬੁੱਤ ਹੀ ਹਨ, ਪਰ ਕੋਈ ਸਰਧਾਲੂ ਆਪਣੇ ਨਾਲ ਕੋਈ ਸ਼ਸਤਰ, ਹਥਿਆਰ, ਛਤਰੀ ਅਤੇ ਕੈਮਰਾ ਤਕ ਵੀ ਨਹੀਂ ਲੈ ਸਕਦਾ, ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਕੋਈ ਸ਼ਰਧਾਲੂ ਕੈਮਰੇ ਨਾਲ ਫੋਟੋ ਖਿਚ ਕੇ ਲੈ ਜਾਂਦਾ ਹੈ। ਸਿਕੰਦਰ ਲੋਧੀ ਨੇ ਮਥਰਾ, ਨਗਰ ਕੋਟ, ਜਵਾਲਾ ਮੁਖੀ ਦੇ ਮੰਦਰ ਢਾਹ ਦਿਤੇ ਸਨ।

ਭਾਰਤ ਵਿਚ ਹਿੰਦੂਆਂ ਦੇ ਤਿੰਨ ਵਡੇ ਮੰਦਰ ਅਯੁਧਿਆ ਰਾਮ ਜਨਮ ਭੂਮੀ ਮਥਰਾ ਵਿਖੇ ਕ੍ਰਿਸ਼ਨ ਅਤੇ ਸ਼ਿਵਾ ਮੰਦਰ ਹਾਲਾਂ ਵੀ ਮੁਸਲਮਾਨਾਂ ਦੇ ਕਬਜ਼ੇ ਚੋਠ ਹਨ, ਇਨ੍ਹਾਂ ਸਬੰਧੀ ਕਦੇ ਕਿਸੇ ਪੰਡਤ ਨੇ ਕੋਈ ਕੁਰਬਾਨੀ ਨਹੀਂ ਦਿਤੀ।

ਨਿਪਾਲ ਵਿਚ ਜੋ ਵਡਾ ਮੰਦਰ ਹੈ, ਇਸ ਦਾ ਨਾਮ ਪਸ਼ੂ-ਪਤੀ ਮੰਦਰ ਹੈ। ਭੁਬਨੇਸ਼ਵਰ ਵਿਖੇ ਲਿੰਗ-ਰਾਜ ਮੰਦਰ ਹੈ. ਮੋਹਨੀ ਮੰਦਰ ਹੈ, ਇਨ੍ਹਾਂ ਮੰਦਰਾਂ ਵਿਚ ਮਹਾਂ-ਪ੍ਰਸ਼ਾਦ ਦਾ ਸੇਵਨ ਹੁੰਦਾ ਹੈ।

ਸਿਖ ਧਰਮ ਵਿਚ ਕੇਸਰੀ ਨਿਸ਼ਾਨ ਸਾਹਿਬ ਹੁੰਦੇ ਹਨ, ਹੋਰਨਾ ਮੰਦਰਾਂ ਦੇ ਰੰਗ ਬਰੰਗੇ ਝੰਡੇ ਹੁੰਦੇ ਹਨ।

ਸਿਖ ਧਰਮ ਵਿਚ ਨਗਰ-ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸ਼ਬਦ-ਕੀਰਤਨ ਹੁੰਦਾ ਹੈ, ਪਰ ਹੋਰਨਾਂ ਧਰਮਾਂ ਦੇ ਜਲੂਸ, ਸ਼ੋਭਾ ਯਾਤਰਾ ਵਿਚ ਉਨ੍ਹਾਂ ਦੇ ਗ੍ਰੰਥ, ਜਾਂ ਵੇਦ, ਅਤੇ ਸ਼ਬਦ-ਕੀਰਤਨ ਨਹੀਂ ਹੰਦਾ।

"ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥"

ਵਾਲਾ ਮਾਹੌਲ ਹੈ।

ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਸ਼ਬਦ ਦੇ ਆਸਰੇ, ਮਨ ਨੂੰ ਨਿਰਮਲ ਪਵਿਤਰ, ਸੁਹਿਰਦ, ਨਿਮਰਤਾ, ਪਿਆਰ ਵਾਲਾ ਬਣਾਉਣ ਤੇ ਜ਼ੋਰ ਦਿਤਾ ਹੈ ਕਿ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ. ਰਬ ਦੇ ਘਰ ਵਿਚ ਸਦਾਚਾਰਕ, ਵਿਹਾਰ ਤੇ ਜ਼ੋਰ ਹੈ।

ਮੁਸਲਮਾਨ ਸਾਜ਼ ਸੰਗੀਤ ਰਾਗ ਨੂੰ ਨਫ਼ਰਤ ਕਰਦੇ ਸਨ, ਗੁਰੂ ਜੀ ਨੇ ਇਲਾਹੀ ਸ਼ਬਦ ਨੂੰ ਭਾਰਤੀ ਸ਼ਾਸਤਰੀ ਰਾਗਾਂ ਵਿਚ ਸਾਜ਼ਾਂ ਨਾਲ ਗਾਇਨ ਕਰਕੇ ਮਨ ਨੂੰ ਇਕਾਗਰ ਕਰਨ ਤੇ ਜ਼ੋਰ ਦਿਤਾ ਹੈ, ਭਗਤੀ ਦੇ ਨਾਲ ਨਾਲ ਗਰੀਬਾਂ ਅਨਾਥਾਂ, ਅਪਾਹਜਾਂ, ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨਾ, ਸਹਾਇਤਾ ਕਰਨਾ ਵੀ ਜ਼ਰੂਰੀ ਦਸਿਆ ਹੈ। ਮੁਸਲਮਾਨ ਜ਼ਕਾਤ, ਖੈਰਾਤ ਕੇਵਲ ਮੁਸਲਮਾਨਾਂ ਨੂੰ ਹੀ ਦੇਂਦੇ ਹਨ, ਹੋਰ ਗੈਰ-ਮੁਸਲਮਾਨ ਗਰੀਬ ਅਨਾਥ ਨੂੰ ਨਹੀਂ।

ਸ੍ਰੀ ਹਰਿਮੰਦਰ ਸਾਰੀ ਧਰਤੀ ਉਪਰ ਕੇਵਲ ਇਕੋ ਇਕ ਅਜਿਹਾ ਅਸਥਾਨ ਹੈ ਜਿਥੇ ਰਾਤ ਦਿਨ, ਅਕਾਲ ਪੁਰਖ ਦੇ ਸ਼ਬਦ ਦਾ ਸਿਮਰਨ, ਸ਼ੁਕਰ ਹੁੰਦਾ ਹੈ, ਗਰੀਬਾਂ ਅਨਾਥਾਂ ਦੀ ਸੇਵਾ ਹੁੰਦੀ ਹੈ, ਹੋਰ ਕਿਸੇ ਧਰਮ ਅਸਥਾਨ ਤੇ ਅਜਿਹਾ ਸੰਗਤ ਪੰਗਤ ਦਾ ਪ੍ਰਵਾਹ ਨਹੀਂ ਹੈ।

ਸੰਸਾਰ ਦੇ ਕਿਸੇ ਹੋਰ ਧਾਰਮਕ ਅਸਥਾਨ ਦੀ ਉਸਾਰੀ ਆਮ ਲੋਕਾਂ ਵਲੋਂ ਸਿਮਰਨ ਕਰਦੇ, ਸੇਵਾ ਵਜੋਂ ਨਹੀਂ ਹੋਈ। ਇਸ ਅਸਥਾਨ ਦੀ ਆਤਮਕ ਸ਼ਕਤੀ ਨੇ ਹੀ ਮੁਹੰਮਦ ਦੇ ਇਸਲਾਮ ਦੇ ਦਰਿੰਦੇ ਹਾਕਮਾਂ ਨੂੰ ਹਰ ਸਮੇਂ ਮੂੰਹ ਭੰਨਵਾਂ ਜਵਾਬ ਦਿਤਾ, ਮੁਠੀ ਭਰ ਸਿੰਘਾਂ ਨੂੰ ਫਤਹਿ ਹੁੰਦੀ ਰਹੀ।

ਹੋਰਨਾਂ ਧਰਮਾਂ ਦੇ ਅਸਥਾਨਾਂ ਤੇ ਹਰ ਤਰ੍ਹਾਂ ਦੇ ਨਸ਼ੇ, ਕਰਮ ਕਾਂਡ, ਕਰਾਮਾਤਾਂ, ਵਿਤਕਰੇ, ਕਲੇਸ਼ ਹੁੰਦੇ ਹਨ। ਪੁਜਾਰੀਆਂ ਦੇ ਜੀਵਨ ਹੀ ਸਦਾਚਾਰਕ ਨਹੀਂ ਹੁੰਦੇ ਜ਼ਾਤ-ਪਾਤ ਦਾ ਵਿਤਕਰਾ ਹੰਕਾਰ ਹੈ।

ਸ੍ਰੀ ਹਰਿਮੰਦਰ ਦਾ ਅਸਥਾਨ ਸਤਯੁਗ ਤੋਂ ਹੀ ਸ਼ਬਦ ਦੀ ਸੁਰਤ ਦੇ ਮੇਲ ਦਾ ਪਵਿਤਰ ਅਸਥਾਨ ਹੈ, ਵਿਸ਼ਨੂੰ ਪੁਰਾਣ ਅਤੇ ਭਵਿਖਤ ਪੁਰਾਣ ਅਨੁਸਾਰ ਕਲਜੁਗ ਦੇ ਸਮੇਂ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਗਟ ਕੀਤੇ ਜਾਣ ਦਾ ਜ਼ਿਕਰ ਹੈ।

੧. "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ॥" (੧੩੧੪)

੨. ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ
ਸਾਧ ਸੰਗਤਿ ਮੋਹਿ ਪਾਈ ॥ (੧੨੯੯)

ਮਨੁਖਾ ਜੀਵਨ ਦਾ ਮੰਤਵ ਕੇਵਲ ਸ੍ਰੀ ਹਰਿਮੰਦਰ ਸਾਹਿਬ ਦੇ ਅਸਥਾਨ ਤੋਂ ਪੂਰਾ ਹੁੰਦਾ ਹੈ।

੧. "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥"

੨. "ਬਹਿਦਿਆਂ ਉਠਦਿਆਂ ਹਰਿ ਨਾਮੁ ਧਿਆਵੈ ॥" (੩੦੫)

੩. "ਪਰ ਨਾਰੀ ਧੀ ਭੈਣ ਵਖਾਣੈ ॥"

ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਸਮੇਂ ਸਰਬਤ ਦੇ ਭਲੇ ਵਾਸਤੇ ਅਰਦਾਸਾਂ ਹੁੰਦੀਆਂ ਹਨ, ਸੰਸਾਰ ਦੇ ਕਿਸੇ ਹੋਰ ਅਸਥਾਨ ਤੇ ਸਾਰੀ ਮਨੁੱਖਤਾ ਦੇ ਭਲੇ ਵਾਸਤੇ ਕਦੇ ਕਾਮਨਾ ਨਹੀਂ ਹੁੰਦੀ।

ਸੰਸਾਰ ਦਾ ਹਰ ਸਿਖ ਭਾਵੇਂ ਉਹ ਕਿਸੇ ਥਾਂ ਵੀ ਰਹਿੰਦਾ ਹੈ, ਆਪਣੀ ਨਿਤ ਦੀ ਅਰਦਾਸ ਵਿਚ ਆਪਣੇ ਮਹਾਨ ਕੇਂਦਰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਹਿੰਦਾ ਹੈ ਤਾਂ ਅੰਤਰ ਆਤਮੇ, ਸ੍ਰੀ ਹਰਿਮੰਦਰ ਨਾਲ ਜੁੜ

ਜਾਂਦਾ ਹੈ। ਜਦੋਂ ਕਦੇ ਕੋਈ ਅਣ-ਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਹਜ਼ਾਰਾਂ ਮੀਲ ਦੂਰ ਬੈਠੇ ਸਿਖ ਦਾ ਮਨ ਵਲੂੰਧਰਿਆ ਜਾਂਦਾ ਹੈ, ਅਜਿਹਾ ਸਨੇਹ ਕਿਸੇ ਹੋਰ ਧਰਮ ਦੇ ਅਸਥਾਨ ਬਾਰੇ ਨਹੀਂ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ, ਅੰਮ੍ਰਿਤ ਸਰੋਵਰ ਦੀ ਖੁਦਾਈ ੧੫੭੭ ਨੂੰ ਹੋਈ, ਉਸ ਤੋਂ ਪਿਛੋਂ ਪੜਾ ਕਰਨ, ਸ੍ਰੀ ਹਰਿਮੰਦਰ ਦੀ ਨੀਂਹ, ਉਸਾਰੀ, ਅਬਦਾਲੀ ਦੇ ਹਮਲਿਆਂ ਸਮੇਂ ਬਰਬਾਦੀ, ਸਫਾਈ, ਕਾਰ ਸੇਵਾ, ਜਲ ਲਈ ਹੰਸਲੀ ਬਣਾਉਣ, ਆਦਿ ਦੇ ਮੌਕੇ ਲੱਖਾਂ ਸੰਗਤਾਂ, ਹਰ ਇਲਾਕੇ, ਜ਼ਾਤ, ਉਮਰ, ਰਾਜੇ ਮਹਾਰਾਜੇ, ਬੜੀ ਖੁਸ਼ੀ ਨਾਲ ਰਾਤ ਦਿਨ ਸਤਿਨਾਮ, ਵਾਹਿਗੁਰੂ ਦਾ ਸਿਮਰਨ ਕਰਦੇ. ਸੇਵਾ, ਸ਼ੁਕਰ ਕਰਦੇ ਹਨ, ਸੰਸਾਰ ਦੇ ਕਿਸੇ ਹੋਰ ਧਰਮ ਦੇ ਤੀਰਥ ਸਰੋਵਰ ਵਿਖੇ ਅਜਿਹਾ ਨਜ਼ਾਰਾ ਕਦੇ ਨਹੀਂ ਵੇਖਿਆ ਜਾ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸਵ ਹਰ ਸਾਲ ਭਾਰੀ ਰੌਣਕਾਂ ਨਾਲ ਮਨਾਇਆ ਜਾਂਦਾ ਹੈ, ਹੋਰ ਕਿਸੇ ਧਰਮ ਦੇ ਗ੍ਰੰਥ, ਵੇਦ ਸ਼ਾਸਤਰ, ਬਾਈਬਲ, ਕੁਰਾਨ ਆਦਿ ਦਾ ਕੋਈ ਦਿਹਾੜਾ ਨਹੀਂ ਮਨਾਇਆ ਜਾਂਦਾ, ਹੋਰਨਾਂ ਧਰਮਾਂ ਦੇ ਗ੍ਰੰਥਾਂ ਦੇ ਕਰਤਾ ਜਾਂ ਸ਼ੁਰੂ ਹੋਣ ਬਾਰੇ ਕਿਸੇ ਨੂੰ ਕੋਈ ਪਤਾ ਹੀ ਨਹੀਂ ਹੈ।

ਸ਼ਹੀਦੀ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ. ਚਾਰ ਸਾਹਿਬਜਾਦੇ, ਭਾਈ ਮਨੀ ਸਿੰਘ, ਬੰਦਾ ਬਹਾਦਰ, ਬਾਬਾ ਦੀਪ ਸਿੰਘ, ਦੇ ਪੁਰਬ ਮਨਾਏ ਜਾਂਦੇ ਹਨ, ਕੋਈ ਦੁਖ ਅਫਸੋਸ ਨਹੀਂ ਕੀਤਾ ਜਾਂਦਾ, ਪਰ ਮਹੁੰਮਦ ਦੇ ਇਸਲਾਮ ਦੇ ਸ਼ੀਹਾਂ ਕੌਮਾਂ ਵਲੋਂ ਹਰ ਸਾਲ ੧੩ ਅਗਸਤ ਨੂੰ ਮੁਹਰਮ ਸਮੇਂ ਤਾਜੀਏ ਕਢ ਕੇ ਯਾ ਅਲੀ, ਯਾ ਹੁਸੈਨ, ਰੋਣ ਪਿਟਣ ਸਿਆਪਾ ਹੁੰਦਾ ਹੈ, ਇਹ ਮੌਤ ਨੂੰ ਅਲਾਹ ਦੀ ਰਜ਼ਾ ਨਹੀਂ ਮੰਨਦੇ।

ਅਕਬਰ ਬਾਦਸ਼ਾਹ ਨੇ ਗੁਰੂ ਦਾ ਲੰਗਰ ਛਕਿਆ, ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣ ਕੇ ਮੁਹਰਾਂ ਮਥਾ ਟੇਕਿਆ, ਪਰ ਉਸ ਦੇ ਲੜਕੇ ਜਹਾਂਗੀਰ ਨੇ ਝੂਠ ਦੀ ਦੁਕਾਨ ਕਹਿ ਕੇ, ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ। ਦੁਸ਼ਟ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕੀਤਾ।

ਸਿਖ ਆਪਣੇ ਸੰਸਕਾਰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਗ੍ਰੰਥ ਦੀ ਹਜ਼ੂਰੀ ਵਿਚ ਕਰਦੇ ਹਨ ਕਿਸੇ ਹੋਰ ਧਰਮ ਦੇ ਲੋਕ ਆਪਣੇ ਗ੍ਰੰਥਾਂ ਨੂੰ ਗੁਰੂ ਸਮਝ ਕੇ ਸਤਿਕਾਰ ਨਹੀਂ ਕਰਦੇ।

ਸ੍ਰੀ ਹਰਿਮੰਦਰ ਦੇ ਸਰੋਵਰ ਦੀ ਇਨੀ ਪਵਿਤਰਤਾ ਹੈ ਕਿ ਇਸ਼ਨਾਨ ਕਰਕੇ, ਗਿਲੇ ਕਛਹਿਰੇ, ਤੌਲੀਏ ਇਸ ਵਿਚ ਨਹੀਂ ਨਚੋੜੇ ਜਾਂਦੇ, ਸੰਸਾਰ ਭਰ ਵਿਚ ਕਿਸੇ ਹੋਰ ਤੀਰਥ, ਸਰੋਵਰ ਦੀ ਏਨੀ ਪਵਿਤਰਤਾ ਨਹੀਂ ਹੈ।

ਮੁਹੰਮਦ ਦੇ ਇਸਲਾਮ ਵਾਲੇ ਤਾਂ ਇਸ ਦੁਨੀਆਂ ਵਿਚ ਵੀ ਵਧ ਤੋਂ ਵਧ ਔਰਤਾਂ ਰਖ ਨੇ ਖ਼ੁਸ਼ ਹੁੰਦੇ ਹਨ, ਅਤੇ ਮਰਨ ਤੋਂ ਪਿਛੋਂ ਬਹਿਸ਼ਤ ਵਿਚ ਵੀ ਹੂਰਾਂ ਪਰੀਆਂ ਦੇ ਸੁਪਨੇ ਲੈਂਦੇ ਹਨ, ਪਰ ਸਿਖ ਧਰਮ ਵਿਚ ਸੇਵਾ, ਸਿਮਰਨ ਮਰਨ ਤੋਂ ਪਿਛੋਂ ਅਕਾਲ ਪੁਰਖ ਦੇ ਚਰਨਾਂ ਵਿਚ ਨਿਵਾਸ ਦੀ ਇਛਾ ਹੈ, ਇਹ ਸ਼ੁਭ ਕਰਮ ਕਰਨ ਨਾਲ—

ਵਿਚਿ ਦੁਨੀਆਂ ਸੇਵ ਕਮਾਈਐ ਤਾ ਦਰਗਹਿ ਬੈਸਣੁ ਪਾਈਐ ।।

ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਰੋਜ਼ ਹਜ਼ਾਰਾਂ ਯਾਤਰੂ ਸਾਰੇ ਸੰਸਾਰ ਤੋਂ ਆਉਂਦੇ ਹਨ, ਸ਼ਬਦ ਕੀਰਤਨ, ਆਤਮਕ ਅਨੰਦ ਪ੍ਰਾਪਤ ਕਰਦੇ ਹਨ, ਸਾਰੇ ਅਲੌਕਿਕ ਮਾਹੌਲ ਦੇਖ ਕੇ ਵੰਡਰਫੁਲ ਕਹਿੰਦੇ ਹਨ । ਇਹ ਅਸਥਾਨ ਪਿਆਰ, ਸਾਂਝ ਅਤੇ ਮਨੁਖੀ ਭਾਈ ਚਾਰੇ ਦੇ ਅਮਨ ਸ਼ਾਂਤੀ ਵਾਲਾ ਰੱਬ ਦਾ ਘਰ ਹੈ ।

"ਕੋਈ ਬੋਲੈ ਰਾਮ ਰਾਮ ਕੋਇ ਖੁਦਾਇ ।।
ਕੋਈ ਸੇਵੈ ਗੁਸਈਆ ਕੋਈ ਅਲਾਹਿ ।।
ਕਾਰਣ ਕਰਣ ਕਰੀਮ ਕਿਰਪਾ ਧਾਰਿ ਰਹੀਮ ।।"

ਕੁਤਬਉਦਦੀਨ ਐਬੁਕ ਨੇ ਦਿਲੀ ਵਿਚ ਇਕ ਬਹੁਤ ਵਡੀ ਜਾਮਾ ਮਸਜਦ ੧੧੯੨ ਵਿਚ ਬਣਾਉਣੀ ਸ਼ੁਰੂ ਕੀਤੀ, ਅਤੇ ਇਸਲਾਮ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਹੋਇਆ ਇਸ ਜਾਮਾ ਮਸਜਦ ਵਿਚ ਹਿੰਦੂ ਮੰਦਰਾਂ ਵਰਗੇ ਸਤੂਨ ਅਤੇ ਕਾਰੀਗਰੀ ਹੋਈ ਹੈ। ਕੁਤਬ ਮੀਨਾਰ ਵੀ ਕਮਾਲ ਦੀ ਯਾਦਗਾਰ ਹੈ ਸੰਨ ੧੩੦੦ ਵਿਚ ਅਲਾਉ ਦੀਨ ਖਿਲਜੀ ਨੇ ਜਾਮਾ ਮਸਜਦ ਨੂੰ ਹੋਰ ਸੁੰਦਰ ਬਣਾਉਣ ਲਈ ਸਜਾਵਟ ਦੇ ਕੰਮ ਕਰਵਾਏ, ਪਰ ਇਥੇ ਹਰ ਸਮੇਂ ਅਲਾਹ ਦੀ ਯਾਦ, ਬੰਦਗੀ ਨਹੀਂ ਹੁੰਦੀ, ਨਾ ਹੀ ਕੋਈ ਪੰਡਤ ਇਸ ਵਿਚ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪੰਥ ਦੇ ਦੋ ਕੇਸਰੀ ਨਿਸ਼ਾਨ ਸਾਹਿਬ ਝੂਲ ਰਹੇ ਹਨ, ਹਰ ਕੋਈ ਇਨ੍ਹਾਂ ਦੀ ਪਰਕਰਮਾਂ ਕਰਦਾ ਹੈ 'ਝੂਲਦੇ ਨਿਸ਼ਾਨ ਰਹੋਂ ਪੰਥ ਮਹਾਰਾਜ ਕੇ', ਕਿਸੇ ਹੋਰ ਧਰਮ ਦੇ ਅਸਥਾਨ ਤੇ ਝੰਡੇ ਨੂੰ ਕੋਈ ਨਹੀਂ ਵੇਖਦਾ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪਿਆਰੇ ਅੰਮ੍ਰਿਤ ਸੰਚਾਰ ਪ੍ਰੋਗਰਾਮ ਵਾਸਤੇ ਜਾਂਦੇ ਹਨ। ਕਿਸੇ ਹੋਰ ਧਰਮ ਦੇ ਅਸਥਾਨ ਤੇ ਅਜਿਹਾ ਤਖਤ ਨਹੀਂ ਹੈ ਨਾ ਹੀ ਅਜਿਹੇ ਪ੍ਰਬੰਧ ਹਨ।

# ਗੁਰੂ ਕੇ ਮਹਿਲ

ਸਤਿਗੁਰੂ ਨਾਨਕ ਦੇਵ ਜੀ ਸੰਨ ੧੫੦੧ ਵਿਚ ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਆਏ ਸਨ ਇਥੋਂ ਦਾ ਵਾਤਾਵਰਣ ਵੇਖ ਕੇ ਕਿਹਾ ਸੀ ਕਿ ਇਥੇ ਇਕ ਵਡਾ ਨਗਰ ਵਸੇਗਾ ਜੋ ਸੰਸਾਰ ਪ੍ਰਸਿਧ ਹੋਵੇਗਾ, ਸੰਨ ੧੫੩੭ ਨੂੰ ਆਪਣੇ ਸਚੇ ਸੇਵਕ ਭਾਈ ਲਹਿਣਾ ਜੀ ਨੂੰ ਦਸਿਆ ਕਿ ਇਸ ਥਾਂ ਤੇ ਕਾਮ ਅਰਥ ਅਰ ਧਰਮ ਮੋਖ ਦੇ ਪ੍ਰਵਾਹ ਚਲਣਗੇ। ਸਤਿਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਸ਼ਬਦ ਦੀ ਗਦੀ ਸਨਾਤਨੀ ਮਰਯਾਦਾ ਅਨੁਸਾਰ ਆਪਣੇ ਸਪੁਤਰਾਂ ਨੂੰ ਨਹੀਂ ਸੌਂਪੀ ਸਗੋਂ ਤਖਤਿ ਬਹੇ ਤਖਤੇ ਕੀ ਲਾਇਕ, ਆਪਣੇ ਸਚੇ ਸੇਵਕ ਭਾਈ ਲਹਿਣਾ ਜੀ ਨੂੰ ਸੌਂਪ ਕੇ ਖਡੂਰ ਸਾਹਿਬ ਵਿਖੇ ਰਹਿ ਕੇ ਗੁਰੂ ਸ਼ਬਦ ਦਾ ਪ੍ਰਚਾਰ ਕਰਨ ਦਾ ਉਪਦੇਸ਼ ਦਿਤਾ, ਇਸੇ ਮਰਯਾਦਾ ਅਨੁਸਾਰ ਹੀ ਗੁਰੂ ਅੰਗਦ ਦੇਵ ਜੀ ਨੇ ਇਹ ਗਦੀ ਆਪਣੇ ਸਪੁਤਰਾਂ ਨੂੰ ਨਹੀਂ ਸੌਂਪੀ, ਸਗੋਂ ਸਚੇ ਸੇਵਕ ਅਮਰ ਦਾਸ ਜੀ ਨੂੰ ਸੌਂਪ ਕੇ ਸ੍ਰੀ ਗੋਇੰਦਵਾਲ ਵਿਖੇ ਰਹਿ ਕੇ ਗੁਰੂ ਸ਼ਬਦ ਦਾ ਪ੍ਰਵਾਹ ਚਲਾਉਣ ਲਈ ਕਿਹਾ, ਅਤੇ ਗੁਰੂ ਅਮਰਦਾਸ ਜੀ ਨੇ ਇਹ ਸ਼ਬਦ ਗੁਰੂ ਦੀ ਗਦੀ ਆਪਣੇ ਸਪੁਤਰਾਂ ਨੂੰ ਨਹੀਂ ਸੌਂਪੀ ਸਗੋਂ ਸਚੇ ਸੇਵਕ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਇਹ ਅਸਥਾਨ ਸੰਨ ੧੫੬੪ ਵਿਚ ਵਿਖਾ ਕੇ ਹੁਕਮ ਕੀਤਾ, ਖੁਰਖਾ, ਕੋਈ ਤੀਰਥ ਮੱਦਰ ਦੇਸ਼ ਵਿਚ ਕਹੀਏ ਜੋ ਤਰਲੋਕੀ ਦੇ ਸਭਨਾਂ ਤੀਰਥਾਂ ਦਾ ਫਲ ਹੋਵਸਿ :

੧. "ਗ੍ਰਾਮ ਤੁੰਗ ਤੇ ਅਹੈ ਉਚੇਰੇ,
ਗਿਲਵਾਲੀ ਤੇ ਲਖਹੁ ਪਰੇਰੇ ॥
ਹੈ ਸੁਲਤਾਨ ਵਿੰਡ ਜਿਸ ਨਾਮੂੰ,
ਤਿਸ ਤੇ ਪਸਚਮ ਦਿਸ ਅਭਿਰਾਮੂੰ ॥
ਤਹਾਂ ਜਾਇ ਕਰ ਗਰਾਮ ਬਸਾਵਹੁ,
ਸੁੰਦਰ ਆਪਨੇ ਸਦਨ ਬਨਾਵਹੁ ॥

੨. "ਅਖੇ ਪਰਗਣਾ ਤੁਮਰੇ ਪਾਸੁ,
ਥਲ ਆਛੇ ਪਿਖਿ ਕਰਹੁ ਅਵਾਸ ॥" (ਸੂਰਜ ਪ੍ਰਕਾਸ਼)

ਸੰਨ ੧੫੭੧ ਵਿਚ ਲਾਹੌਰ ਦੇ ਕਟੜ ਕਾਜ਼ੀਆਂ ਨੇ ਰਾਮਦਾਸ ਸੋਢੀ

ਦਾ ਮਕਾਨ ਜੋ ਉਥੇ ਮਹਲਾ ਸੋਢੀਆਂ ਵਿਚ ਸੀ, ਜਬਰੀ ਕਬਜ਼ਾ ਕਰ ਲਿਆ ਗਿਆ।

ਗੁਰੂ ਰਾਮਦਾਸ ਜੀ ਨੇ ਪਰਗਣਾ ਝਬਾਲ ਦੇ ਪਿੰਡ ਸੁਲਤਾਨ ਵਿੰਡ, ਤੁੰਗ, ਗੁਮਟਾਲਾ, ਚਾਟੀ ਵਿੰਡ ਅਤੇ ਗਿਲਵਾਲੀ ਦੀ ੫੦੦ ਵਿਘੇ ਸ਼ਾਮਲਾਤ ਅਰਥਾਤ ੧੨ ਮੀਲ ਧਰਤੀ, ੭੦੦/ ਰੁਪਏ ਵਿਚ ਖਰੀਦ ਕਰਕੇ ਨਗਰ ਦੇ ਵਿਚਕਾਰ, ਆਪਣੇ ਪਰਵਾਰ ਦੀ ਰਿਹਾਇਸ਼ ਵਾਸਤੇ ੫ ਹਾੜ, ੧੮ ਜੂਨ ਸੰਨ ੧੫੭੩ ਵਿਚ ਮੋਹੜੀ ਗਡੀ ਇਸ ਅਸਥਾਨ ਤੇ ਘਣਾ ਜੰਗਲ ਸੀ, ਬੇਰੀਆਂ ਅਤੇ ਅੰਬ ਦੇ ਦਰਖਤ ਸਨ, ਪਹਿਲਾਂ ਕਾਨਿਆਂ ਦੀ ਇਕ ਛਪਰੀ ਤਿਆਰ ਕਰਵਾਈ, ਬਾਬਾ ਬੁਢਾ ਜੀ ਨੇ ਅਰਦਾਸ ਕੀਤੀ. ਇਲਾਕੇ ਦੀਆਂ ਸੰਗਤਾਂ ਦਾ ਭਾਰੀ ਇਕਠ ਹੋਇਆ ਖੁਸ਼ੀਆਂ ਕੀਤੀਆਂ ਗਈਆਂ, ਜੰਗਲ ਵਿਚ ਮੰਗਲ ਬਣ ਗਿਆ। ੨੨ ਮੰਜੀਆਂ ਦੇ ਸਾਰੇ ਪ੍ਰਚਾਰਕ ਮਸੰਦ ਇਕਠੇ ਹੋਏ ਸਨ। ਲਾਹੌਰ ਪੰਜਾਬ ਦਾ ਵਡਾ ਨਗਰ ਸੀ, ਪਰ ਉਥੇ ਹਾਕਮਾਂ ਅਹਿਲਕਾਰਾਂ ਵਲੋਂ ਰਾਤ ਦਿਨ ਜ਼ੁਲਮ ਕੀਤੇ ਜਾਂਦੇ, ਕਹਿਰ ਢਾਹੇ ਜਾਂਦੇ ਸਨ, ਉਸ ਦੇ ਮੁਕਾਬਲੇ ਵਿਚ ਸ੍ਰੀ 'ਅੰਮ੍ਰਿਤਸਰੁ ਸਿਫਤੀ ਦਾ ਘਰੁ' ਤਿਆਰ ਕੀਤਾ ਗਿਆ।

ਗੁਰੂ ਰਾਮ ਦਾਸ ਜੀ, ਬੀਬੀ ਭਾਨੀ ਜੀ ਆਪਣੇ ਤਿੰਨ ਸਪੁਤਰਾਂ ਪ੍ਰਿਥੀ ਚੰਦ, ਮਹਾਂ ਦੇਵ ਅਤੇ ਅਰਜਨ ਦੇਵ ਜੀ ਨਾਲ ਇਸ ਅਸਥਾਨ ਤੇ ਗੁਰੂ ਕੇ ਮਹਲ ਵਿਚ ਰਹਿਣ ਲਗੇ, ਇਥੇ ਇਕ ਖੂਹ ਵੀ ਲਗਵਾਇਆ ਗਿਆ, ਜਿਸ ਦਾ ਜਲ ਅੰਮ੍ਰਿਤ ਸਮਾਨ ਹੈ। ਇਹ ਇਮਾਰਤ ਸਭ ਤੋਂ ਪਹਿਲੀ ਅਤੇ ਪੁਰਾਤਨ ਯਾਦ ਤਾਜ਼ਾ ਕਰ ਰਹੀ ਹੈ। ਗੁਰੂ ਦਰਬਾਰ ਵਿਚ ਇਲਾਹੀ ਬਾਣੀ ਦਾ ਕੀਰਤਨ ਕਰਨ ਵਾਲੇ ਰਬਾਬੀਆਂ ਦੀ ਰਿਹਾਇਸ਼ ਦਾ ਪ੍ਰਬੰਧ ਵੀ ਇਸ ਦੇ ਨੇੜੇ ਕੀਤਾ ਗਿਆ, ਜੋ ਗਲੀ ਰਬਾਬੀਆਂ ਕਰਕੇ ਪ੍ਰਸਿਧ ਹੈ।

ਗੁਰੂ ਕੇ ਮਹਿਲ ਵਿਚ ਗੁਰੂ ਸਾਹਿਬ, ਸੰਗਤ ਪੰਗਤ ਦੇ ਦੀਵਾਨ ਸਜਾਉਂਦੇ ਗੁਰਮਤਿ ਦਾ ਉਪਦੇਸ਼ ਦੇਂਦੇ। ਇਥੇ ਮੰਜੀ ਸਾਹਿਬ ਭੋਰਾ ਸਾਹਿਬ ਦੇ ਅਸਥਾਨ ਹਨ। ਇਸ ਅਸਥਾਨ ਤੇ ਬਾਲਕ ਅਰਜਨ ਦੇਵ ਜੀ ਦੀ ਸ਼ਾਦੀ ੧੫ ਜੁਲਾਈ ਸੰਨ ੧੫੭੯ ਨੂੰ ਹੋਈ ਭਾਰੀ ਰੌਣਕਾਂ, ਖੁਸ਼ੀਆਂ ਸ਼ੁਕਰਾਨੇ ਹੋਏ। ਇਨ੍ਹਾਂ ਦਿਨਾਂ ਵਿਚ ਬੱਤੀ ਹਟੇ ਬਜ਼ਾਰ ਦੀ ਉਸਾਰੀ ਸ਼ੁਰੂ ਹੋਈ, ਇਸ ਦਾ ਨਾਮ ਗੁਰੂ ਕਾ ਬਾਜ਼ਾਰ ਪ੍ਰਸਿਧ ਹੈ।

ਸਾ ਧਰਤ ਪਈ ਹਰਿਆਵਲੀ
ਜਿਥੈ ਮੇਰਾ ਸਤਿਗੁਰੂ ਬੈਠਾ ਆਇ ॥ (੩੧੦)

# ਕਾਰ ਸੇਵਾ—ਸੰਤ ਬਾਬਾ ਸੇਵਾ ਸਿੰਘ ਜੀ
# ਸੰਤ ਬਾਬਾ ਭਾਗ ਸਿੰਘ ਜੀ

ਜਨਮ ਅਸਥਾਨ
ਗੁਰਦੁਆਰਾ
ਗੁਰੂ ਕੇ ਮਹਿਲ



ਜਿਸ ਦੀ ਨਵੀਂ ਇਮਾਰਤ ਲੱਖਾਂ ਰੁਪਏ ਖਰਚ ਕੇ 9 ਮੰਜ਼ਲੀ
113 ਫੁਟ ਉੱਚੀ ਤਿਆਰ ਹੋ ਗਈ ਹੈ।

ਪ੍ਰਬੰਧਕ-**ਸੰਤ ਬਾਬਾ ਲਾਭ ਸਿੰਘ ਜੀ**

ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ

# ਗੁਰਪੁਰਵਾਸੀ ਸ੍ਰੀਮਾਨ ਸੰਤ ਸੇਵਾ ਸਿੰਘ ਜੀ



ਸ੍ਰੀ ਮਾਨ ਸੰਤ ਸੇਵਾ ਸਿੰਘ ਜੀ

ਜਿਨ੍ਹਾਂ ਅਤੇ ਜਥੇ ਸ੍ਰੀ ਅਖੰਡ ਪਾਠ

ਗੁਰੂ ਰਾਮਦਾਸ ਜੀ ੨ ਸਤੰਬਰ ੧੫੮੧ ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਂ ਗਏ ਅਤੇ ਸ਼ਬਦ ਗੁਰੂ ਦੀ ਗੁਰ ਗਦੀ ਆਪਣੇ ਛੋਟੇ ਹੋਣਹਾਰ (ਦੋਹਤਾ ਬਾਣੀ ਕਾ ਬੋਹਿਥਾ) ਬਾਲਕ ਅਰਜਨ ਦੇਵ ਜੀ ਨੂੰ ਸੌਂਪ ਗਏ, ਜਿਸ ਕਰਕੇ ਵਡਾ ਭਾਈ ਪ੍ਰਿਥੀ ਚੰਦ ਈਰਖਾ ਕਰਕੇ ਹਰ ਮਾਮਲੇ ਵਿਚ ਮੁਸ਼ਕਲਾਂ, ਮੁਸੀਬਤਾਂ ਖੜੀਆਂ ਕਰਨ ਲਗ ਪਿਆ, ਉਸ ਦੀ ਪਤਨੀ ਬੀਬੀ ਕਰਮੋ ਹਰ ਗਲ ਤੇ ਕਲੇਸ਼ ਕਰਦੀ, ਮਾਤਾ ਗੰਗਾ ਜੀ ਨਾਲ ਦੁਰ-ਵਿਹਾਰ ਕਰਦੀ, ਸੋ ਗੁਰੂ ਅਰਜਨ ਦੇਵ ਜੀ ਨੇ ਗੁਰੂ ਕੇ ਮਹਲ ਛਡ ਕੇ ਸੰਨ ੧੫੮੭ ਵਿਚ ਗੋਬਿੰਦਪੁਰ, ਸੰਨ ੧੫੯੦ ਵਿਚ ਤਰਨ ਤਾਰਨ, ਸੰਨ ੧੫੯੩ ਵਿਚ ਕਰਤਾਰਪੁਰ ਸੋਢੀਆਂ ਦੇ ਨਗਰ ਆਬਾਦ ਕੀਤੇ ਸੰਗਤ ਪੰਗਤ ਦੇ ਪ੍ਰਵਾਹ ਚਲਾਏ, ਪਿੰਡ ਬਾਸਰਕੇ ਵਿਚ ਰਹੇ ਛੇਹਰਟਾ ਦੇ ਇਲਾਕੇ ਵਿਚ ਵਡਾਲੀ ਵਿਖੇ ਚਲੇ ਗਏ; ੧੪ ਜੂਨ ਸੰਨ ੧੫੯੫ ਵਿਚ ਬਾਲਕ ਹਰਗੋਬਿੰਦ ਸਾਹਿਬ ਦਾ ਜਨਮ ਵਡਾਲੀ ਵਿਖੇ ਹੋਇਆ, ਛੇਹਰਟਾ ਖੂਹ ਲਗਵਾਇਆ । ਸੰਨ ੧੫੯੮ ਵਿਚ ਮਾਤਾ ਭਾਨੀ ਜੀ, ਗੋਇੰਦਵਾਲ ਵਿਖੇ ਅਕਾਲ ਚਲਾਣਾ ਕਰ ਗਏ, ਗੁਰੂ ਅਰਜਨ ਦੇਵ ਜੀ ਨੇ ਅੰਤਮ ਸੰਸਕਾਰ ਕੀਤੇ।

ਬਾਲਕ ਹਰ ਗੋਬਿੰਦ ਸਾਹਿਬ ਦੀ ਸ਼ਾਦੀ ਅਗਸਤ ੧੬੦੪ ਨੂੰ ਗਲੀ ਲਾਂਬੇ ਵਾਲੀ ਵਿਚ ਇਸੇ ਅਸਥਾਨ ਤੇ ਹੋਈ ਭਾਰੀ ਰੌਣਕਾਂ, ਖੁਸ਼ੀਆਂ ਸ਼ੁਕਰਾਨੇ ਹੋਏ, ਉਸ ਪਿਛੋਂ ਦੂਜੀ ਸ਼ਾਦੀ ੧੬੧੩ ਅਤੇ ਤੀਜੀ ਸ਼ਾਦੀ ਸੰਨ ੧੬੧੫ ਨੂੰ ਇਥੇ ਹੀ ਹੋਈਆਂ ਸਨ। ਇਸੇ ਅਸਥਾਨ ਤੇ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ, ਸੂਰਜ ਮਲ, ਅਣੀ ਰਾਏ, ਅਟਲ ਰਾਇ, ਗੁਰੂ ਤੇਗ ਬਹਾਦਰ ਅਤੇ ਕਿ ਸਪੁਤਰੀ ਬੀਬੀ ਵੀਰੋ ਜੀ ਪੈਦਾ ਹੋਏ ਸਨ, ਗੁਰੂ ਜੀ ਸ਼ਿਕਾਰ ਖੇਡਦੇ ਸਨ, ਇਨ੍ਹਾਂ ਦੇ ਨਾਲ ਜੋ ਸੇਵਕ ਸ਼ਿਕਾਰ ਖੇਡਣ ਜਾਂਦ ਉਨ੍ਹਾਂ ਦੀ ਰਿਹਾਇਸ਼ ਦੇ ਪ੍ਰਬੰਧ ਸਨ ਗਲੀ ਸ਼ਿਕਾਰ ਪੁਰੀਆਂ ਪ੍ਰਸਿਧ ਹੈ। ੮ ਨਵੰਬਰ ੧੬੨੭ ਨੂੰ ਜਹਾਂਗੀਰ ਦੇ ਮਰਨ ਤੋਂ ਪਿਛੋਂ ਸ਼ਾਹ ਜਹਾਨ ਤਖਤ ਤੇ ਬੈਠ ਗਿਆ । ਮਈ ਸੰਨ ੧੬੨੮ ਨੂੰ ਬੀਬੀ ਵੀਰੋ ਦੀ ਸ਼ਾਦੀ ਸਮੇਂ ਤਿਆਰ ਹੋਈ ਮਿਠਾਈ ਸੰਗਤਾਂ ਨੂੰ ਨਾ ਦਿਤੇ ਜਾਣ ਕਰਕੇ ਸਰਾਪ ਦਿਤਾ ਕਿ ਇਹ ਤੁਰਕ ਮੁਗਲ ਸੈਨਾ ਛਕੇਗੀ, ਸਚ ਹੋਇਆ, ਗੁਰੂ ਹਰਿਗੋਬਿਦ ਸਾਹਿਬ ਇਸ ਅਸਥਾਨ ਤੇ ਸੰਨ ੧੬੨੮ ਤਕ ਰਹੇ ਸਨ ਉਸ ਤੋਂ ਬਾਅਦ ਕੀਰਤਪੁਰ ਸਾਹਿਬ ਜਾ ਕੇ ਆਬਾਦ ਹੋ ਗਏ । ਗੁਰੂ ਕੇ ਮਹਲ ਵਿਖੇ ੫੨ ਸਾਲ ਰੌਣਕਾਂ ਰਹੀਆਂ ਸਨ ।

ਪ੍ਰਿਥੀ ਚੰਦ ਦਾ ਪ੍ਰਵਾਰ ਸੋਢੀ ਮਿਹਰਬਾਨ ਆਦਿ ਇਥੇ ਪੂਰੀ ਤਰ੍ਹਾਂ ਕਾਬਜ

ਹੋ ਗਏ। ਬਾਜ਼ਾਰ ਕਰਮੋਂ ਡਿਉਡੀ ਅਬਾਦ ਹੋ ਗਿਆ। ਹੁਣ ਇਥੇ ਕਪੜੇ ਦੀ ਬਹੁਤ ਵਡੀ ਮਾਰਕੀਟ ਹੈ, ਕਟੜਾ ਜੈਮਲ ਸਿੰਘ, ਇਕ ਰਸਤਾ ਚੌਂਕ ਪਾਸੀਆਂ ਤੋਂ ਸ਼ਿਕਾਰ ਪੁਰੀਆਂ ਦੀ ਗਲੀ ਹੈ ਅਤੇ ਨਾਲ ਹੀ ਗਲੀ ਰਬਾਬੀਆਂ ਹੈ ਸ੍ਰੀ ਹਰਿਮੰਦਰ ਸਾਹਿਬ, ਚੌਕ ਘੰਟਾ ਘਰ ਤੋਂ ਬਾਜ਼ਾਰ ਮਾਈ ਸੇਵਾ ਤੋਂ ਸਰਾਫਾ ਬਾਜ਼ਾਰ ਇਕ ਰਸਤਾ ਗੁਰੂ ਬਾਜ਼ਾਰ ਤੋਂ ਗੁਰੂ ਕੇ ਮਹਲ ਵਾਲੀ ਗਲੀ ਹੈ। ਇਸ ਅਸਥਾਨ ਦੇ ਨਾਲ ਲਗਦੀਆਂ ਇਮਾਰਤਾਂ ਬਹੁਤ ਉਚੀਆਂ ਹਨ ਪ੍ਰਿਥੀ ਚੰਦ ਦੀ ਹਵੇਲੀ ਉਚੀ ਸੀ ਮਹਾਰਾਜਾ ਰਣਜੀਤ ਸਿੰਘ ਜੀ ਵਲੋਂ ਬਹੁਤ ਸਾਰੇ ਸੇਵਕਾਂ ਨੂੰ ਮਕਾਨ ਦਿਤੇ ਗਏ ਗੁਰੂ ਕੇ ਮਹਲ ਵਾਲਾ ਅਸਥਾਨ ਡੇਰੇ ਸਮਾਨ ਲਗਦਾ ਸੀ ਆਲੇ ਦੁਆਲੇ ਵਾਲੀਆਂ ਗਲੀਆਂ ਦਾ ਰਸਤਾ ਵੀ ਤੰਗ ਸੀ। ਇਸ ਅਸਥਾਨ ਤੇ ਮਹੰਤਾਂ ਦਾ ਕਬਜਾ ਮਹੰਤ ਮੂਲ ਸਿੰਘ ਜੀ ਦਾ ਡੇਰਾ ਸੀ। ਸੰਨ ੧੯੭੨ ਵਿਚ ਇਹ ਥਾਂ ਖਰੀਦ ਕੇ ਬਾਬਾ ਸ਼ਾਮ ਸਿੰਘ ਜੀ ਵਲੋਂ ਕਾਰ ਸੇਵਾ ਕਰਵਾਈ ਗਈ ਸੀ। ਸੰਤ ਬਾਬਾ ਸੇਵਾ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਇਲਾਕੇ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਇਸ ਪਵਿਤਰ ਅਸਥਾਨ ਨੂੰ ਸੁੰਦਰ ਬਣਾਉਣ ਲਈ ਪ੍ਰੇਰਣਾ ਕੀਤੀ, ਪਰ ਗਲੀਆਂ ਬਹੁਤ ਤੰਗ ਸਨ। ਸੰਤ ਸੇਵਾ ਸਿੰਘ ਪਿੰਡ ਨੌਰਾ ਜ਼ਿਲਾ ਜਲੰਧਰ ਜੀ ਨੇ ਇਸ ਪਵਿਤਰ ਯਾਦਗਾਰ ਅਸਥਾਨ ਨੂੰ ਸੁੰਦਰ ਬਣਾਉਣ ਦੀ ਸੇਵਾ ਲਈ ਅਰਦਾਸ ਕਰਕੇ ਕਮਰਕਸਾ ਕੀਤਾ ਆਲੇ ਦੁਆਲੇ ਦੀਆਂ ਇਮਾਰਤਾਂ ਖਰੀਦ ਕੀਤੀਆਂ ੧੧੦੦੦ ਗਜ ਥਾਂ ਪ੍ਰਾਪਤ ਕਰ ਲਈ ਸਫਾਈ ਕਰਵਾਈ, ੧੧੩ ਫੁਟ ਉਚਾ, ਨੌ ਮੰਜ਼ਲਾ ਸੁੰਦਰ ਮਹਲ ਬਣਾਏ ਜਾਣ ਦਾ ਨਕਸ਼ਾ ਤਿਆਰ ਕੀਤਾ, ਸ: ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਸਿੰਧ ਬੈਂਕ ਐਂਡ ਰਾਹੀਂ ਗੁਰੂ ਤੇਗ ਬਹਾਦਰ ਸਾਹਿਬ ੩੦੦ ਸਾਲਾ ਸ਼ਹੀਦੀ ਦਿਵਸ ਸਮੇਂ ੩੦੩ ਸ੍ਰੀ ਅਖੰਡ ਪਾਠਾਂ ਦੀ ਲੜੀ ਦਾ ਪ੍ਰਵਾਹ ਸ਼ੁਰੂ ਹੋਇਆ। ਸ੍ਰੀ ਅੰਮ੍ਰਿਤਸਰ ਦੇ ੪੦੦ ਸਾਲਾ ਸਥਾਪਨਾ ਦਿਵਸ ੧੭ ਅਕਤੂਬਰ ੧੯੭੭ ਤੋਂ ਇਸ ਮਹਲ ਦੀ ਉਸਾਰੀ ਦਾ ਕਾਰਜ਼ ਪੰਜ ਪਿਆਰਿਆਂ ਦੇ ਹਥੋਂ ਆਰੰਭ ਹੋਇਆ, ਸੰਗਤਾਂ ਹੁਮ ਹੁਮਾ ਕੇ ਸੇਵਾ ਕਰਨ ਲਗੀਆਂ। ਇਸ ਦਾ ਹਾਲ ੬੦'×੭੦' ਦਾ ਹੈ। ਇਸ ਅਸਥਾਨ ਤੇ ਸਾਲ ੧੯੭੬ ਤੋਂ ਸੰਗਤਾਂ ਦੇ ਉਦਮ ਨਾਲ ਸੇਵਾ ਸਿਮਰਨ ਉਸਾਰੀ ਅਤੇ ਗੁਰੂ ਦੇ ਲੰਗਰ ਦੇ ਪ੍ਰਵਾਹ ਰਾਤ ਦਿਨ ਚਲ ਰਹੇ ਹਨ। ਹੁਣ ਇਹ ਇਮਾਰਤ ਨੌ ਮੰਜ਼ਲ ੧੧੩ ਫੁਟ ਉਚੀ ਤਿਆਰ ਹੋ ਚੁਕੀ ਹੈ, ਗੁੰਬਦ ਵੀ ਤਿਆਰ ਹੋ ਚੁਕਾ ਹੈ ਇਸਦੇ ਹਾਲ ਵਿਚ ੮੦ ਪਿਲਰ ਸੰਗਮਰਮਰ ਦੇ ਲਗਾਏ ਜਾ ਰਹੇ ਹਨ। ਸੰਤ ਸੇਵਾ ਸਿੰਘ ਜੀ ਆਪਣਾ ਪ੍ਰਣ ਪੂਰਾ ਕਰਕੇ ਸਤਿਗੁਰੂ ਕੀ

ਸੇਵਾ ਸਫਲ ਹੈ ਇਸ ਅਸਥਾਨ ਨੂੰ ਸੁੰਦਰ ਮਹਲ ਖੜਾ ਕਰਵਾ ਕੇ ਆਪ ੨੨ ਜਨਵਰੀ ਸਾਲ ੧੯੮੨ ਨੂੰ ਅਕਾਲ ਪੁਰਖ ਦੇ ਚਰਨਾ ਵਿਚ ਬਰਾਜ ਗਏ ਹਨ। ਉਨ੍ਹਾਂ ਦੇ ਨਿਕਟ ; ਵਰਤੀ ਸੰਤ ਬਾਬਾ ਭਾਗ ਸਿੰਘ ਜੀ ਸੁਆਸ ਸੁਆਸ ਸਿਮਰਨ ਸੇਵਾ ਉਸਾਰੀ ਦੇ ਕਾਰਜ਼ ਕਰਕੇ ੨੨ ਸਤੰਬਰ, ੧੯੮੭ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ ਹਨ। ਹੁਣ ਉਨ੍ਹਾਂ ਦੇ ਨਿਕਟਵਰਤੀ ਸੰਤ ਬਾਬਾ ਲਾਭ ਸਿੰਘ ਜੀ ਇਸ ਨੂੰ ਹਰ ਪਖ ਤੋਂ ਮੁਕੰਮਲ ਤਿਆਰੀਆਂ ਕਰਵਾਉਣ ਵਿਚ ਜੁਟੇ ਹੋਏ ਹਨ। ਉਪਰ ਸੋਨੇ ਦਾ ਕਲਸ ਤਿਆਰ ਹੋ ਰਿਹਾ ਹੈ।

ਇਸ ਅਸਥਾਨ ਤੇ ਇਕ ਪੁਰਾਤਨ ਖੂਹ ਹੈ ਜੋ ੨੫ ਫੁਟ ਡੂੰਘਾ ਹੈ ਇਸ ਉਪਰ ਭੌਣੀ ਲੱਗੀ ਹੋਈ ਹੈ, ਪਰ ਹੁਣ ਬੰਬੀ (ਮੋਟਰ) ਲਗ ਜਾਣ ਨਾਲ. ਇਸ ਦੇ ਪਵਿਤਰ ਅੰਮ੍ਰਿਤ ਮਈ ਜਲ ਦੀ ਵਰਤੋਂ ਯਾਦ ਤਾਜ਼ਾ ਕਰ ਰਹੀ ਹੈ। ਮਾਤਾ ਭਾਨੀ ਜੀ ਦਾ ਜਨਮ ਦਿਹਾੜਾ ੨੧ ਮਾਘ ਨੂੰ ਇਸ ਅਸਥਾਨ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਅਤੇ ਸ਼ਹੀਦੀ ਦਿਵਸ ਭਾਰੀ ਰੌਣਕਾਂ ਨਾਲ ਮਨਾਏ ਜਾਂਦੇ ਹਨ, ਸੰਤ ਸੇਵਾ ਸਿੰਘ ਜੀ ਦੀ ਬਰਸੀ ਵੀ ਮਨਾਈ ਜਾਂਦੀ ਹੈ। ਹਰ ਮਹੀਨੇ ਸੰਗਰਾਂਦ ਤੋਂ ਅਗਲੇ ਐਤਵਾਰ ਨੂੰ ਭਾਰੀ ਸਮਾਗਮ ਹੁੰਦੇ ਹਨ।

ਸ: ਵਾਹਿਗੁਰੂ ਸਿੰਘ ਪਿਛਲੇ ੨੦ ਸਾਲ ਤੋਂ ਇਸ ਅਸਥਾਨ ਦੀ ਸੇਵਾ ਸੰਭਾਲ ਉਸਾਰੀ ਦੇ ਕਾਰਜ ਕਰਵਾ ਰਹੇ ਹਨ, ਸ: ਗੁਲਾਬ ਸਿੰਘ ਵੀ ਨਾਲ ਹਨ ਇਥੇ ਟੈਲੀਫੋਨ ਦਾ ਨੰਬਰ ੪੧੪੦੪ ਹੈ। ਵਾਹਿਗੁਰੂ ਆਪਣੇ ਸੇਵਕਾਂ ਨੂੰ ਚੜ੍ਹਦੀ ਕਲਾ ਬਖਸ਼ੇ।



# ਗੁ: ਸ੍ਰੀ ਸੰਤੋਖਸਰ (ਟਾਹਲੀ ਸਾਹਿਬ)

ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਗੁਰੂ ਕੇ ਮਹਲ ਵਿੱਚ ਕਰਨ ਤੋਂ ਬਾਅਦ ਇਲਾਕੇ ਨੂੰ ਆਬਾਦ ਕਰਨ ਵਾਸਤੇ ਵੇਖਿਆ ਕਿ ਪਾਣੀ ਦੀ ਥੁੜ੍ਹ ਹੈ, ਸੋ ਇਕ ਸਰੋਵਰ ਬਣਾਏ ਜਾਣ ਵਾਸਤੇ ਸੰਨ ੧੫੬੪ ਵਿਚ ਗੁਰੂ ਅਮਰਦਾਸ ਜੀ ਨੇ ਸਰੋਵਰ ਲਈ ਟੱਕ ਲਗਾਇਆ ਸੀ ਅਤੇ ਸੰਨ ੧੫੭੩ ਨੂੰ ਖੁਦਾਈ ਸ਼ੁਰੂ ਕਰਵਾਈ, ਉਸ ਤੋਂ ਬਾਅਦ ਹੀ ਸੁਧਾਸਰ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕਾਰਜ ਸ਼ੁਰੂ ਕਰਵਾ ਦਿੱਤਾ ਗਿਆ। ਸ੍ਰੀ ਗੋਇੰਦਵਾਲ ਵਿਖੇ ੨ ਸਤੰਬਰ ੧੫੮੧ ਨੂੰ ਜੋਤੀ ਜੋਤਿ ਸਮਾਂ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ ੧੫੮੬ ਵਿਚ ਇਸ ਸਰੋਵਰ ਨੂੰ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ, ਭਾਰੀ ਰੌਣਕਾਂ ਹੋਈਆਂ, ਖੁਦਾਈ ਕਰਦੇ, ੨ ਹੇਠੋਂ ਇਕ ਮਹਾਨ ਰਿਸ਼ੀ ਤੱਪ ਸਾਧਨਾ ਕਰਦੇ ਵੇਖੇ ਗਏ ਤਾਂ ਬਾਬਾ ਬੁੱਢਾ ਜੀ ਨੇ ਇਨ੍ਹਾਂ ਬਾਰੇ ਪੁੱਛ ਕੀਤੀ ਤਾਂ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਕਿਹਾ ਕਿ ਹੁਣ ਤਪ ਸਾਧਨਾਂ ਪੂਰੀ ਹੋ ਗਈ ਹੈ ਅਤੇ ਪਰਲੋਕ ਸਿਧਾਰ ਗਏ। ਇਸ ਸਾਧੂ ਦਾ ਨਾਮ ਭਾਈ ਸੰਤੋਖਾ ਸੀ, ਗੁਰੂ ਜੀ ਨੇ ਇਸ ਮਹਾਨ ਪੁਰਸ਼ ਦੇ ਤਪ ਅਸਥਾਨ ਦੇ ਸਰੋਵਰ ਦਾ ਨਾਮ ਉਸ ਦੀ ਯਾਦ ਤਾਜ਼ਾ ਰਖੇ ਜਾਣ ਵਾਸਤੇ ਸੰਤੋਖਸਰ ਦਾ ਨਾਮ ਰੱਖ ਦਿੱਤਾ। ਇਸ ਸਰੋਵਰ ਲਈ ਪਿਸ਼ੋਰੀ ਵਾਪਾਰੀ ਸਿੱਖ ਨੇ ਆਪਣੀ ਮਾਇਆ ਸਫ਼ਲ ਕੀਤੀ ਭਾਈ ਸੰਤੋਖਾ ਜੀ ਦਾ ਚਿਤਰ ਗੁਰਦੁਆਰਾ ਦੇ ਦਰਵਾਜ਼ੇ ਤੇ ਲੱਗਾ ਹੋਇਆ ਹੈ। ਇਹ ਸਰੋਵਰ ੪੮੯ ਫੁਟ ਲੰਮਾ ਅਤੇ ੩੬੨ ਫੁਟ ਚੌੜਾ ਹੈ। ਇਥੇ ਇਕ ਟਾਹਲੀ ਦਾ ਦਰੱਖਤ ਹੈ, ਇਸ ਦੇ ਥੱਲੇ ਸ੍ਰੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਬੈਠ ਕੇ ਕਾਰ ਸੇਵਾ ਕਰਵਾਉਦੇ ਰਹੇ; ਸੋ, ਉਸ ਥਾਂ ਤੇ ਗੁਰਦੁਆਰਾ ਦੋ ਮੰਜ਼ਲਾ ਬਣਾ ਦਿੱਤਾ ਗਿਆ। ਇਹ ਸਾਰਾ ਸੰਗਮਰਮਰ ਦਾ ਹੈ। ਨਗਰ ਪਾਲਿਕਾ ਕਾਰਪੋਰੇਸ਼ਨ ਦੇ ਦਫਤਰ ਦੇ ਸਾਹਮਣੇ ਹੈ। ਇਕ ਰਸਤਾ ਕਟੜਾ ਜੈਮਲ ਸਿੰਘ ਤੋਂ ਹੈ, ਕਪੜੇ ਦੀ ਮਾਰਕਿਟ ਹੈ। ਇਸ ਅਸਥਾਨ ਤੇ ਫੱਗਣ ਦੀ ਸੰਗਰਾਂਦ ਨੂੰ ਭਾਰੀ ਰੌਣਕਾਂ ਹੁੰਦੀਆਂ ਹਨ।

ਸਾਲ ੧੯੧੮ ਵਿਚ ਇਸ ਅਸਥਾਨ ਦੀ ਹਾਲਤ ਬਹੁਤ ਖਰਾਬ ਹੋ ਗਈ ਸੀ ਤਾਂ ਸੰਤ ਸ਼ਾਮ ਸਿੰਘ ਜੀ ਆਟਾ ਮੰਡੀ, ਬਾਬਾ ਗੁਰਮੁਖ ਸਿੰਘ, ਬਾਬਾ ਭਾਗ ਸਿੰਘ, ਸੰਤ ਸਾਧੂ ਸਿੰਘ, ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸਫ਼ਾਈ, ਸੰਭਾਲ ਉਸਾਰੀ ਦੇ ਕਾਰਜ ਕਰਵਾਏ। ਸੰਨ ੧੯੭੩ ਵਿਚ ਸੰਤ ਬਾਬਾ ਜੀਵਨ ਸਿੰਘ ਜੀ, ਸ: ਹਰੀ ਸਿੰਘ ਜੀ ਨੇ ਸੇਵਾ ਉਸਾਰੀ ਦੇ ਕਾਰਜ ਕਰਵਾਏ। ਸਾਲ ੧੯੮੧ ਤੋਂ ਗੁਰਦੁਆਰਾ ਉਪਰਲੀ ਮੰਜ਼ਲ ਤੇ ਹੈ। ਦਰਵਾਜ਼ੇ ਦੇ ਬਾਹਰ ਜੋਗੀ ਮਹਾਤਮਾ ਸੰਤੋਖੇ ਦਾ ਚਿੱਤਰ ਲਗਾ ਹੋਇਆ ਹੈ। ਜੂਨ ੧੯੮੪ ਅਤੇ ਮਈ ੧੯੮੮ ਨੂੰ ਆਜ਼ਾਦ ਭਾਰਤ ਦੀ ਲਾਹਨਤੀ ਸਰਕਾਰ ਵਲੋਂ ਫੌਜੀ ਹਮਲੇ ਕਰਵਾ ਕੇ ਬਰਬਾਦੀ ਕੀਤੀ ਗਈ। ਸਾਲ ੧੯੮੯ ਤੋਂ ਦੁਬਾਰਾ ਉਸਾਰੀ ਸ਼ੁਰੂ ਹੈ, ਹੁਣ ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਕਾਰ ਸੇਵਾ ਵਾਲੇ ਇਸ ਅਸਥਾਨ ਤੇ ਯਾਤਰੀ ਸੰਗਤਾਂ ਦੀ ਰਿਹਾਇਸ਼ ਵਾਸਤੇ ਸਰਾਏ ਅਤੇ ਲੰਗਰ ਅਸਥਾਨ ਦੀ ਉਸਾਰੀ ਕਰਵਾ ਰਹੇ ਹਨ ਅਤੇ ਸੰਗਤ ਪੰਗਤ ਦੇ ਪ੍ਰਚਾਰ ਚਲਦੇ ਰਹਿੰਦੇ ਹਨ।

# ਗੁਰਦੁਆਰਾ ਸ੍ਰੀ ਪਿਪਲੀ ਸਾਹਿਬ ਪੁਤਲੀਘਰ

ਇਹ ਗੁਰਦੁਆਰਾ ਰੇਲਵੇ ਸਟੇਸ਼ਨ ਤੋਂ ਪੁਤਲੀ ਘਰ ਚੌਂਕ ਤੋਂ ਆਬਾਦੀ ਇਸਲਾਮਾਬਾਦ ਵਾਲੇ ਬਾਜ਼ਾਰ ਦੇ ਵਿਚਕਾਰ ਬੜਾ ਸੁੰਦਰ ਦੋ ਮੰਜ਼ਲਾਂ ਗੁਰਦੁਆਰਾ ਹੈ। ਸਾਲ ੧੫੮੧ ਵਿਚ ਪ੍ਰਿਥੀ ਚੰਦ ਨੂੰ ਗੁਰੂਗੱਦੀ ਨਾ ਮਿਲ ਸਕਣ ਕਰਕੇ ਉਸ ਨੇ ਈਰਖਾ, ਕਰੋਧ ਵੱਸ ਹੋ ਕੇ ਗੁਰੂ ਕੇ ਮਹਲ ਨਿਵਾਸ ਅਸਥਾਨ ਤੇ ਜ਼ਬਰੀ ਕਬਜ਼ਾ ਕਰ ਲਿਆ, ਤਾਂ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ, ਸ੍ਰੀ ਗੋਇੰਦਵਾਲ, ਬਾਸਰਕੇ, ਛੇਹਰਟਾ ਆਦਿ ਤੋਂ ਹੁੰਦੇ ਹੋਏ, ਇਸ ਅਸਥਾਨ ਤੇ ਰਹਿਣ ਲੱਗੇ, ਇਥੇ ਪਿਪਲ ਦੇ ਦਰਖਤ ਸਨ, ਖੂਹ ਲਗਵਾਇਆ, ਸੰਗਤ ਪੰਗਤ ਦੇ ਪ੍ਰਵ ਹ ਚਲਾਏ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਮ੍ਰਿਤ ਸਰੋਵਰ ਦੀ ਸੇਵਾ ਕਰਨ ਵਾਸਤੇ ਜੋ ਸੰਗਤਾਂ ਬਾਹਰ ਦੇ ਇਲਾਕਿਆਂ ਤੋਂ ਆਉਂਦੀਆਂ ਉਨ੍ਹਾਂ ਦੇ ਪੜ੍ਹਾਅ ਲੰਗਰ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਰਿਹਾ।

ਸੰਨ ੧੫੮੬ ਵਿਚ ਭਾਈ ਗੁਰਦਾਸ ਜੀ ਜੋ ਗੁਰੂ ਅਰਜਨ ਦੇਵ ਜੀ ਦੇ ਰਿਸ਼ਤੇ ਵਿਚ ਮਾਮਾ ਜੀ ਲੱਗਦੇ ਸਨ, ਆਗਰਾ ਆਦਿ ਦੇ ਇਲਾਕੇ ਤੋਂ ਪ੍ਰਚਾਰ ਕਰਦੇ ਹੋਏ ਵਾਪਸ ਆਏ ਤਾਂ ਸਾਰੀ ਹਾਲਾਤ ਬਾਰੇ ਵਿਚਾਰਾਂ ਕੀਤੀਆਂ, ਬਾਬਾ ਬੁੱਢਾ ਜੀ ਆਏ, ਤੇ ਗੁਰੂ ਕੇ ਮਹਿਲ ਵਿਖੇ ਰਿਹਾਇਸ਼ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਸੇਵਾ ਦੇ ਕੰਮ ਹੋਣ ਲੱਗੇ। ਜੋ ਸੰਗਤਾਂ ਕਾਬਲ ਆਦਿ ਤੋਂ ਸੇਵਾ ਵਾਸਤੇ ਆਉਂਦੀਆਂ ਸਨ ਉਹਨਾਂ ਨੂੰ ਇਥੇ ਠਹਿਰਾ ਕੇ ਜੀ ਆਇਆਂ ਕਿਹਾ ਜਾਂਦਾ ਸੀ।

੨੨ ਮਈ ੧੬੦੬ ਨੂੰ ਜਦੋਂ ਗੁਰੂ ਅਰਜਨ ਦੇਵ ਜੀ, ਲਾਹੌਰ ਵਿਖੇ ਸ਼ਹਾਦਤ ਦੇਣ ਵਾਸਤੇ ਗਏ ਤਾਂ ਸ਼ਹਿਰ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਨਾਲ ਤੁਰੀਆਂ। ਇਸ ਅਸਥਾਨ ਤੇ ਗੁਰੂ ਜੀ ਦੇ ਨਾਲ ਵਾਪਸ ਮੁੜੀਆਂ ਸਨ। ਸੰਨ ੧੬੨੮ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਦੁਸ਼ਟ ਸ਼ਾਹਜਹਾਨ ਦੀਆਂ ਮੁਗਲ ਫੌਜਾਂ ਨਾਲ ਖਾਲਸਾ ਪੰਥ ਦਾ ਪਹਿਲਾ ਧਰਮ ਯੁੱਧ ਹੋਇਆ ਜੋ ਖਾਲਸਾ ਕਾਲਜ ਪਿਪਲੀ ਸਾਹਿਬ ਅਤੇ ਲੋਹਗੜ੍ਹ ਤਕ ਮੈਦਾਨੇ ਜੰਗ ਬਣ ਗਿਆ ਅਤੇ ਗੁਰੂ ਸਾਹਿਬ ਦੀ ਫਤਹਿ ਹੋਈ। ਲਾਹੌਰ ਦਾ ਦੁਸ਼ਟ ਰਸੂਲ ਖਾਂ,

ਸ਼ੂਰਬੀਰ ਯੋਧੇ ਭਾਈ ਬਿਧੀ ਚੰਦ ਜੀ ਦੇ ਹਥੋਂ ਕੱਬਰਾਂ ਵਿਚ ਪਹੁੰਚ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਕਾਫੀ ਜ਼ਮੀਨ ਲਗਵਾ ਦਿੱਤੀ ਸੀ। ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ੨੭ ਜੂਨ ੧੯੨੩ ਨੂੰ ਸ਼ੁਰੂ ਕਰਨ ਸਮੇਂ, ਜੱਥਾ, ਕਹੀਆਂ, ਬਾਟੇ, ਤੱਸਲੇ ਲੈ ਕੇ ਇਸ ਅਸਥਾਨ ਤੋਂ ਅਰਦਾਸ ਕਰਕੇ ਹੀ ਹਰਿਮੰਦਰ ਸਾਹਿਬ ਜੀ ਨੂੰ ਕਾਰ ਸੇਵਾ ਲਈ ਪਹੁੰਚਿਆ ਸੀ।

ਸਾਲ ੧੯੩੭ ਤੋਂ ਇਸ ਗੁਰਦੁਆਰੇ ਦੀ ਸੇਵਾ ਸੰਭਾਲ, ਸੰਗਤ ਪੰਗਤ ਦੇ ਪ੍ਰਵਾਹ ਚਲਾਉਣ ਦੇ ਕੰਮ ਗੁਰਮਤਿ ਪ੍ਰਚਾਰ ਸੁਸਾਇਟੀ ਕਰ ਰਹੀ ਹੈ। ਹੁਣ ਸ: ਬਲਵੰਤ ਸਿੰਘ ਗੁਰਦੁਆਰਾ ਲੋਕਲ ਕਮੇਟੀ ਦੇ ਪ੍ਰਧਾਨ ਹਨ। ਪਿਛਲੇ ੪-੫ (ਚਾਰ ਪੰਜ) ਸਾਲ ਤੋਂ ਸੰਗਮਰਮਰ ਲਗਾ ਕੇ ਸੁੰਦਰ ਇਮਾਰਤ ਬਣ ਗਈ ਹੈ। ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬੀਬੀਆਂ ਵਲੋਂ ਕਾਇਮ ਹੈ ਜੋ ਹਰ ਵੀਰਵਾਰ ਦੁਪਹਿਰ ਸਮੇਂ ਪਾਠ ਕੀਰਤਨ ਦੇ ਪ੍ਰਵਾਹ ਚਲਾਉਂਦੇ ਹਨ। ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਲਿਟਰੇਚਰ ਦੀ ਇਕ ਵਡੀ ਲਾਇਬਰੇਰੀ ਹੈ।

ਇਸ ਅਸਥਾਨ ਤੇ ਬਸੰਤ ਪੰਚਮੀ ਦਾ ਦਿਹਾੜਾ ਭਾਰੀ ਰੌਣਕਾਂ ਨਾਲ ਮਨਾਇਆ ਜਾਂਦਾ ਹੈ। ਪੁਰਾਤਨ ਖੂਹ ਅਤੇ ਪਿਪਲ ਯਾਦ ਤਾਜ਼ਾ ਕਰ ਰਹੇ ਹਨ।

# ਗੁਰਦੁਆਰਾ ਸ੍ਰੀ ਰਾਮਸਰ ਸਾਹਿਬ

ਇਹ ਪਵਿਤਰ ਅਸਥਾਨ ਚਾਟੀ ਵਿੰਡ ਗੇਟ ਦੇ ਅੰਦਰ-ਵਾਰ ਹੈ, ਇਸ ਅਸਥਾਨ ਤੇ ਅੰਬ ਦੇ ਦਰਖਤ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਸੰਨ ੧੬੦੨ ਵਿਚ ਬੇਰੀ ਦੇ ਦਰਖਤ ਦੇ ਹੇਠਾਂ ਮੰਜੀ ਸਾਹਿਬ ਵਿਖੇ ਬਰਾਜ ਕੇ ਸੁਖਮਨੀ ਸਾਹਿਬ ਦਾ ਉਚਾਰਨ ਕੀਤਾ। ਇਥੋਂ ਦੇ ਇਲਾਕੇ ਦੇ ਲੋਕਾਂ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਇਕ ਸਰੋਵਰ ਤਿਆਰ ਕਰਵਾਇਆ। ਸਰੋਵਰ ਤਿਆਰ ਹੋ ਜਾਣ ਤੇ ਇਸ ਸ਼ਾਂਤ ਮਾਹੌਲ ਵਿਚ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਤਕ ਦੀ ਸਾਰੀ ਇਲਾਹੀ ਬਾਣੀ ਦੀਆਂ ਪੋਥੀਆਂ, ਗੋਇੰਦਵਾਲ ਸਾਹਿਬ ਤੋਂ ਲਿਆ ਕੇ, ਭਾਈ ਗੁਰਦਾਸ ਜੀ ਰਾਹੀਂ ਆਪਣੀ ਉਚਾਰਨ ਕੀਤੀ ਬਾਣੀ ਸਮੇਤ ਤਰਤੀਬ ਦੇ ਕੇ ਪੋਥੀ ਪਰਮੇਸ਼ਵਰ ਗ੍ਰੰਥ ਤਿਆਰ ਕਰਵਾਇਆ, ਕਿਉਂਕਿ ਵਡਾ ਭਾਈ ਪ੍ਰਿਥੀ ਚੰਦ ਅਤੇ ਉਸਦਾ ਲੜਕਾ ਮਿਹਰਬਾਨ ਆਪਣੇ ਵਲੋਂ ਕੱਚੀ ਬਾਣੀ ਰਚ ਕੇ ਰਲਾ ਕੇ ਆਪਣੇ ਆਪ ਨੂੰ ਗੁਰੂ ਪਾਤਸ਼ਾਹੀ ਪ (ਪੰਜਵੇਂ ਛੇਵੇਂ) ਦਾ ਭੁਲੇਖਾ ਸੰਗਤਾਂ ਵਿਚ ਪਾ ਕੇ ਰਹੇ ਸਨ। ਆਪ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਦੇ ਪਰਉਪਕਾਰ ਲਈ, ਧੁਰ ਕੀ ਬਾਣੀ ਦੀ ਸੰਭਾਲ ਕੀਤੀ। ਅਗਸਤ ੧੬੦੪ ਵਿਚ ਇਹ ਪੋਥੀ ਪਰਮੇਸ਼ਰ ਸੰਪੂਰਨ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ "ਤਖਤਿ ਬਹੇ ਤਖਤੇ ਕੀ ਲਾਇਕ" ਪਹਿਲਾਂ ਪ੍ਰਕਾਸ਼ ਕਰ ਦਿਤਾ। ਬਾਬਾ ਬੁੱਢਾ ਜੀ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਹੋਣ ਕਰਕੇ ਇਸ ਦੀ ਸੇਵਾ ਚੌਰ ਕਰਨ ਦਾ ਕਾਰਜ ਕਰਨ ਲੱਗੇ।

ਇਥੇ ਪੁਰਾਤਨ ਬੇਰ ਦਾ ਬਿਰਧ ਦਰੱਖਤ ਯਾਦ ਤਾਜ਼ਾ ਕਰ ਰਿਹਾ ਹੈ। ਗੁ: ਮੰਜੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਹਿੰਦਾ ਹੈ। ਸ਼ਰਧਾਲੂ ਸੱਜਣ ਬੈਠ ਕੇ ਗੁਟਕੇ ਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ਾਂਤ ਚਿਤ ਕਰਕੇ ਅਨੰਦ ਮਾਣਦੇ ਹਨ। ਬਾਬਾ ਖੜਕ ਸਿੰਘ ਜੀ ਵਲੋਂ ਰਾਮਸਰ ਦੇ ਅਸਥਾਨ ਜਿਥੇ ਪੋਥੀ ਸਾਹਿਬ ਦਾ ਸਕੰਲਨ ਕੀਤਾ ਗਿਆ ਸੀ ਹੁਣ ਪਿਛਲੇ

ਪੰਜ ਸਾਲ ਤੋਂ ਪੰਜ ਮੰਜ਼ਲਾਂ ਸੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸ਼ਸ਼ੋਭਤ ਹੈ, ਉਸਾਰੀ ਤਿਆਰੀ ਦੇ ਕਾਰਜ ਚਲ ਰਹੇ ਹਨ। ਹਰ ਸਾਲ ਭਾਦਰੋਂ ਦੀ ਸੰਗਰਾਂਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਭਾਰੀ ਰੌਣਕਾਂ ਨਾਲ ਮਨਾਇਆ ਜਾਂਦਾ ਹੈ। ਇਸ ਅਸਥਾਨ ਤੋਂ ਭਾਰੀ ਰੌਣਕਾਂ ਨਾਲ ਸ਼ਬਦ ਕੀਰਤਨ ਕਰਦਾ ਨਗਰ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਪਹੁੰਚਦਾ ਹੈ।

ਜਦੋਂ ਕੋਈ ਸਿੰਘ ਅਕਾਲ ਚਲਾਣਾ ਕਰ ਜਾਵੇ ਤਾਂ ਉਸ ਦੀ ਮਿਰਤਕ ਦੇਹ ਨੂੰ ਰਾਮਸਰ ਅਗੋਂ ਮੱਥਾ ਟੇਕ ਕੇ, ਅੰਦਰੋਂ ਫੁਲਾਂ ਦਾ ਹਾਰ (ਸੇਹਰਾ) ਅਰਥੀ ਤੇ ਪਵਾ ਕੇ ਸ਼ਮਸ਼ਾਨ ਭੂਮੀ ਸਸਕਾਰ ਕਰਨ ਲਈ ਲੈ ਜਾਂਦੇ ਹਨ।


# ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ

ਭਾਈ ਸਾਲ੍ਹੋ ਜੀ ਗੁਰੂ ਰਾਮਦਾਸ ਜੀ ਦੇ ਨਿਕਟਵਰਤੀ ਸੇਵਕ ਸਨ। ਜਦੋਂ ੧੫੭੪ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਕੇ ਮਹਲ ਦੀ ਨੀਂਹ ਰੱਖੀ ਅਤੇ ਉਸਾਰੀ ਕੀਤੀ ਗਈ ਤਾਂ ਉਸ ਦੇ ਨੇੜੇ ਇਕ ਟੋਭਾ ਸੀ, ਉਥੇ ਖੂਹ ਲਗਵਾ ਕੇ, ਗੁਰੂ ਦੀਆਂ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਕਰਦੇ, ਸੁਆਸ ਸੁਆਸ ਸਿਮਰਨ ਕਰਦੇ। ਇਹ ਅਸਥਾਨ ਗੁਰੂ ਕੇ ਮਹਲ ਦੇ ਨਾਲ ਲਗਦੀ ਲੰਮੇ ਵਾਲੀ ਗਲੀ ਵਿਚ, ਬੰਬੇ ਵਾਲੇ ਖੂਹ ਦੇ ਨਾਲ ਹੈ। ਭਾਈ ਸਾਲ੍ਹੋ ਜੀ ਗੁਰਬਾਣੀ ਦੇ ਰਸੀਏ, ਵਿਦਵਾਨ ਅਤੇ ਕਵੀ ਸਨ।

ਆਪ ਜੀ ਦਾ ਜਨਮ ੨੬ ਸਤੰਬਰ ੧੪ ਅੱਸੂ ਸੰਮਤ ੧੬੭੧ ਸੋਮਵਾਰ ਵਾਲੇ ਦਿਨ, ਮਾਲਵੇ ਦੇ ਨਗਰ ਧੌਲਾ ਕਾਂਗੜ ਵਿਖੇ ਭਾਈ ਦਿਆਲਾ ਜੀ ਦੇ ਘਰ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਸੁਖਦਈ ਜੀ ਸੀ। ਬਚਪਨ ਤੋਂ ਹੀ ਤੇਜ ਪਰਤਾਪ ਵਾਲੇ ਸਾਂਈ ਫਕੀਰ ਸਾਧੂ ਸੁਭਾਅ ਵਾਲੇ ਸਨ। ਆਪ ਜੀ ਦੇ ਮਾਤਾ ਪਿਤਾ ਸਖੀ ਸਰਵਰ ਦੇ ਸ਼ਰਧਾਲੂ ਸਨ, ਪਰ ਬਾਲਕ ਤੇ ਗੁਰੂ ਨਾਨਕ ਦੀ ਧੁਰ ਕੀ ਬਾਣੀ ਦਾ ਬਹੁਤ ਅਸਰ ਸੀ, ਆਪ ਦੇ ਪਿਤਾ ਜਿੰਮੀਂਦਾਰ ਸਨ, ਖੇਤੀ ਦਾ ਕੰਮ ਕਰਦੇ ਸਨ। ਹਮਾਯੂੰ, ਸ਼ੇਰ ਸ਼ਾਹ ਸੂਰੀ ਅਤੇ ਅਕਬਰ ਵਲੋਂ ਤਖਤ ਸੰਭਾਲਣ ਲਈ ਹਫੜਾ ਦਫੜੀ ਦਾ ਦੌਰ ਸੀ, ਤਾਂ ਆਪ ਦਾ ਪਰਿਵਾਰ ਪਿੰਡ ਧੌਲਾ ਕਾਂਗੜ ਤੋਂ ਉਜੜ ਕੇ, ਅੰਮ੍ਰਿਤਸਰ ਦੇ ਲਾਗੇ ਆਬਾਦ ਹੋ ਗਿਆ। ਇਕ ਦਿਨ ਸਾਰਾ ਪਰਿਵਾਰ ਸਖੀ ਸਰਵਰ ਦੇ ਡੇਰੇ ਵਲ ਜਾ ਰਹੇ ਸਨ ਤਾਂ ਅੰਮ੍ਰਿਤਸਰ ਤੋਂ ਹੁੰਦੇ ਹੋਏ ਰਸਤੇ ਵਿਚ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਕੇ ਸੇਵਾ ਅਤੇ ਸਿਮਰਨ ਦੀ ਪ੍ਰੇਰਣਾ ਸਦਕਾ ਬਾਲਕ ਸਾਲ੍ਹੋ ਜੀ ਸੇਵਾ ਸਿਮਰਨ ਵਿਚ ਜੁੱਟ ਗਏ। ਗੁਰੂ ਰਾਮਦਾਸ ਜੀ ਨੇ ਸੇਵਾ ਦੀ ਲਗਨ ਸਦਕਾ ਭਾਈ ਸਾਲ੍ਹੋ ਨੂੰ ਥਾਪੜਾ ਦੇ ਕੇ ਅੰਮ੍ਰਿਤਸਰ ਦਾ ਕੋਤਵਾਲ ਹੋਣ ਦਾ ਵਰ ਦਿੱਤਾ।

"ਰਾਮਦਾਸ ਗੁਰ ਮੁਖਹੁੰ ਉਚਾਰਾ,
ਅਨਿਨ ਭਗਤ ਸਾਲ੍ਹੋ ਮਮ ਪਿਆਰਾ,
ਇਹ ਗੁਰਸਿੱਖੀ ਕੇ ਕੋਤਵਾਲ
ਖਰੇ ਖੋਟੇ ਕੀ ਕਰਹਿ ਸੰਭਾਲ।"


ੴ ਸਤਿਗੁਰ ਪ੍ਰਸਾਦਿ ॥



# ਗੁਰਦੁਆਰਾ

# ਟੋਭਾ ਛਾਣੀ ਸਾਲ੍ਹੋ ਜੀ

## ਸ੍ਰੀ ਅੰਮ੍ਰਿਤਸਰ


पू. भक्त गोविन्द राम
उर्फ़ गिन्दा साहेब जी

ਸ੍ਰੀ ਅੰਮ੍ਰਿਤ ਸਰੋਵਰ ਦੀ ਉਸਾਰੀ ਸਮੇਂ ਲਾਚੀ ਬੇਰ ਦੇ ਹੇਠਾਂ ਥੜ੍ਹੇ ਤੇ ਬੈਠ ਕੇ ਸੇਵਾ ਸਿਮਰਨ ਕਰਦੇ ਦੂਜੇ ਪਾਸੇ ਬਾਬਾ ਬੁੱਢਾ ਜੀ ਇਕ ਬੇਰੀ ਦੇ ਹੇਠਾਂ ਬੈਠ ਕੇ ਸੇਵਾ ਸਿਮਰਨ ਕਰਦੇ। ਤੀਜੇ ਪਾਸੇ ਭਾਈ ਗੁਰਦਾਸ ਜੀ ਸੇਵਾ ਅਤੇ ਸਿਮਰਨ ਦੇ ਕਾਰਜ ਕਰਾਉਂਦੇ ਸਨ। ਦੁੱਖ ਭੰਜਨੀ ਬੇਰੀ ਦੇ ਹੇਠ ਭਾਈ ਬਹਿਲੋ ਜੀ ਬੈਠ ਕੇ ਸੇਵਾ ਸਿਮਰਨ ਦੇ ਕਾਰਜ ਕਰਵਾਉਂਦੇ ਸਨ।

ਭਾਈ ਸਾਲੋ ਜੀ ਗਰ ਦੇ ਲੰਗਰ ਵਾਸਤੇ ਲੱਕੜਾਂ, ਪਾਥੀਆਂ ਪਿੰਡਾਂ ਤੋਂ ਹਰ ਘਰ ਤੋਂ ਇਕੱਠੀਆਂ ਕਰਕੇ ਲਿਆਉਂਦੇ। ਭਾਈ ਮੰਝ ਵਾਂਗ ਅਣਥੱਕ ਸੇਵਕ ਸਨ। ਆਲੇ ਦੁਆਲੇ ਦੀਆਂ ਸੰਗਤਾਂ ਨੂੰ ਗੁਰੂ ਘਰ ਦੀ ਸੇਵਾ ਨਾਲ ਜੋੜਦੇ, ਜੋ ਵੀ ਦੁਖੀ, ਮਾਯੂਸ, ਲਾਚਾਰ, ਬੇਵੱਸ ਸੱਜਣ ਆਉਂਦਾ,ਉਸ ਦੇ ਦੁੱਖ ਦੂਰ ਕਰਦੇ। ਗੁਰੂ ਘਰ ਦੀ ਸੇਵਾ ਕਰਨ ਤੇ ਹਰ ਤਰ੍ਹਾਂ ਦੇ ਸੁੱਖ ਖੁਸ਼ੀਆਂ ਦਾਤਾਂ ਦੇ ਕੇ ਭਰਪੂਰ ਕਰਦੇ ਸਨ।

ਸੋਕੇ ਅਤੇ ਤਈਏ ਤਾਪ ਵਾਲੇ ਬਚੇ ਬਾਬਾ ਸਾਲ੍ਹੋ ਜੀ ਦੇ ਥਾਪੜੇ ਨਾਲ ਟੋਭੇ ਦੇ ਇਸ਼ਨਾਨ ਨਾਲ ਤੰਦਰੁਸਤ ਰਿਸ਼ਟਪੁਸ਼ਟ ਹੋ ਜਾਂਦੇ। ਭਾਈ ਸਾਲ੍ਹੋ ਜੀ ਦੀ ਤੇਈਏ ਤਾਪ ਉਤਾਰਨ ਵਾਲੀ ਕਥਾ ਸੁਣ ਕੇ ਠੀਕ ਹੋ ਜਾਂਦੇ। ਜਦੋਂ ਲਾਹੌਰ ਵਿਚ ਹੈਜ਼ਾ ਫੈਲ ਗਿਆ ਤਾਂ ਉਥੋਂ ਦੁਖੀ ਪੀੜਤ ਲੋਕ ਅੰਮ੍ਰਿਤਸਰ ਵਿਖੇ ਆ ਗਏ, ਭਾਈ ਸਾਲ੍ਹੋ ਜੀ ਨੇ ਉਨ੍ਹਾਂ ਦੁਖੀ ਰੋਗੀਆਂ ਨੂੰ ਆਬਾਦ ਕੀਤਾ ਤੇ ਸੇਵਾ ਕੀਤੀ। ਭਾਈ ਸੱਤਾ ਬਲਵੰਡਾ ਗੁਰੂ ਘਰ ਦੇ ਰਬਾਬੀ ਸਨ, ਇਨ੍ਹਾਂ ਦੀ ਰਿਹਾਇਸ਼ ਵੀ ਗੁਰੂ ਕੇ ਮਹਿਲ ਦੇ ਨੇੜੇ ਹੀ ਸੀ।


ਭਾਈ ਲੱਧਾ ਜੀ ਵੀ ਗੁਰੂ ਘਰ ਦੇ ਸੇਵਕ ਸਨ। ਭਾਈ ਸਾਲ੍ਹੋ ਜੀ ਦੇ ਲਾਗੇ ਹੀ ਰਹਿੰਦੇ ਸਨ। ਭਾਈ ਸਾਲ੍ਹੋ ਜੀ ਦੇ ਡੇਰੇ ਵਿਚ ਇਕ ਬੱਕਰੀ ਰੱਖੀ ਹੋਈ ਸੀ, ਇਹ ਬੱਕਰੀ ਵੀ ਕਰਾਮਾਤੀ ਸ਼ਕਤੀ ਵਾਲੀ ਸੀ, ਲੋੜ ਪੈਣ ਤੇ ਦੁੱਧ ਦੀ ਸਾਰੀ ਲੋੜ ਪੂਰੀ ਕਰਦੀ। ਸੂਫੀ ਪੀਰ ਸਾਂਈਂ ਫਤਹਿ ਸ਼ਾਹ ਬੁਮਾਰੀ ਵੀ ਗੁਰੂ ਘਰ ਦੇ ਪ੍ਰੇਮੀ ਸੀ। ਭਾਈ ਕਮਲੀਆ ਵੀ ਗੁਰੂ ਦਰਬਾਰ ਦੇ ਸੇਵਕ ਹੋਏ। ਇਥੇ ਤੇਈਏ ਤਾਪ ਦੇ ਰੋਗੀ ਸਾਖੀ ਸੁਣ ਕੇ ਰਿਸ਼ਟ- ਪੁਸ਼ਟ ਹੋ ਜਾਂਦੇ ਹਨ।

ਸ੍ਰੀ ਅੰਮ੍ਰਿਤਸਰ ਪਿੰਡ ਟੋਭਾ ਭਾਈ ਸਾਲ੍ਹੋ ਦੀ ਧਰਮਸ਼ਾਲਾ ਗੁਰੂ ਅਰਜਨ ਦੇਵ ਜੀ ਨੇ ਬਣਵਾਈ ਸੀ। ਉਸ ਤੋਂ ਪਿਛੋਂ ਬੱਤੀ ਹਟਾ ਬਾਜ਼ਾਰ ਅਤੇ ਗੁਰੂ ਬਾਜ਼ਾਰ ਬਣਾਏ ਗਏ ਸਨ। ਭਾਈ ਸਾਲ੍ਹੋ ਜੀ ਨੇ ਲੋਹਗੜ੍ਹ ਦੀ ਲੜਾਈ ਸਮੇਂ ਕਾਫੀ ਸੰਗਤਾਂ ਨੂੰ ਯੁੱਧ ਵਿਚ ਸ਼ਾਮਲ ਕਰਵਾਇਆ।

ਭਾਈ ਸਾਲ੍ਹੋ ਜੀ ਸੰਨ ੧੬੨੮ ਵਿੱਚ ਬਾਬਾ ਅਟੱਲ ਰਾਏ ਦੇ ਅਕਾਲ ਚਲਾਣਾ ਕਰਨ ਤੋਂ ਇਕ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ।

ਬਾਬਾ ਜੀ ਦੀ ਕੁਲ ਉਮਰ ੭੪ ਸਾਲ ਸੀ। ਆਪ ਦਾ ਅੰਤਮ ਸੰਸਕਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਕੀਤਾ। ਬਾਬਾ ਸਾਲ੍ਹੂ ਜੀ ਦੇ ਜੀਵਨ ਦੇ ਤਿੰਨ ਚਿੱਤਰ ਯਾਦਗਾਰ ਤਾਜ਼ਾ ਕਰ ਰਹੇ ਹਨ। ਸਥਾਨਕ ਕਮੇਟੀ ਦੇ ਮੁੱਖ ਸੇਵਾਦਾਰ, ਸ: ਧਰਮਬੀਰ ਸਿੰਘ ਪ੍ਰੀਤਮ ਸਿੰਘ, ਗਿਆਨੀ ਪ੍ਰੇਮ ਸਿੰਘ, ਸ: ਹਰਮੋਹਨ ਸਿੰਘ ਬੇਦੀ, ਸਰਦਾਰਨੀ ਦੇਵਿੰਦਰ ਕੌਰ, ਸ: ਅਰਜਨ ਸਿੰਘ ਬਮਰਾਹ, ਸ: ਰਣਬੀਰ ਸਿੰਘ ਚੋਪੜਾ, ਸ: ਸੁਰਿੰਦਰ ਸਿੰਘ ਗੋਲ ਹੱਟੀ ਆਦਿ ਅਨੇਕਾਂ ਸਿੰਘ, ਇਸ ਅਸਥਾਨ ਦੀ ਸੇਵਾ ਸੰਭਾਲ ਕਰ ਰਹੇ ਹਨ। ਸੰਗਤ ਪੰਗਤ ਦੇ ਪ੍ਰਵਾਹ ਚਲਦੇ ਹਨ। ਚੁਬੱਚੇ ਦਾ ਜਲ ਅੰਮ੍ਰਿਤ ਮਈ ਹੈ। ਸੰਗਤਾਂ ਦੇ ਦੁਖ ਦੂਰ ਹੁੰਦੇ ਹਨ।

ਹਰ ਐਤਵਾਰ ਭਾਰੀ ਰੌਣਕਾਂ ਹੁੰਦੀਆਂ ਹਨ। ਭਾਈ ਸਾਲ੍ਹੂ ਜੀ ਦਾ ਜਨਮ ਦਿਹਾੜਾ ਅਤੇ ਅਕਾਲ ਚਲਾਣਾ ਦਿਵਸ ਹਰ ਸਾਲ ਭਾਰੀ ਰੌਣਕਾਂ ਨਾਲ ਮਨਾਏ ਜਾਂਦੇ ਹਨ।



# ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵਿਸਾਖੀ ਦੀਵਾਲੀ ਅਤੇ ਹੋਰ ਦਿਨ ਤਿਉਹਾਰਾਂ ਸਮੇਂ ਦੇਸ਼ ਦੇ ਹਰ ਇਲਾਕੇ ਤੋਂ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਦਰਸ਼ਨਾਂ ਵਾਸਤੇ ਆਉਂਦੀਆਂ ਸਨ। ੮ ਨਵੰਬਰ ੧੬੨੭ ਨੂੰ ਜਹਾਂਗੀਰ ਦੇ ਮਰ ਜਾਣ ਤੋਂ ਪਿਛੋਂ ਦੁਸ਼ਟ ਸ਼ਾਹ ਜਹਾਨ ਤਖ਼ਤ ਤੇ ਬੈਠ ਗਿਆ, ਮੁਗਲ ਸਰਕਾਰ ਦੇ ਮੌਲਵੀ, ਕਾਜ਼ੀ, ਨਵਾਬਾਂ, ਸੂਬੇ, ਜ਼ਾਤ ਅਭਿਮਾਨੀ ਹਿੰਦੂ ਅਤੇ ਅਕ੍ਰਿਤਘਣ ਬ੍ਰਾਹਮਣ, ਗਰੂ ਜੀ ਦੇ ਸ਼ਾਹੀ ਠਾਠ ਦਰਬਾਰਾਂ, ਫੌਜਾਂ ਸ਼ਸਤਰਾਂ ਤੋਂ ਸਹਿਮ ਕੇ ਈਰਖਾ ਕਰਦੇ, ਸੋ, ਗੁਰੂ ਜੀ ਨੇ ਵਿਵੇਕੀ ਬਿਹੰਗਮ ਸਿੱਖਾਂ, ਫੌਜਾਂ ਘੋੜਿਆਂ ਵਾਸਤੇ ਚਾਟੀ ਵਿੰਡ ਦਰਵਾਜ਼ੇ ਦੇ ਅੰਦਰ, ਸ੍ਰੀ ਰਾਮਸਰ ਦੇ ਬਿਲਕੁਲ ਸਾਹਮਣੇ ਇਕ ਬਹੁਤ ਵੱਡਾ ਸਰੋਵਰ ਸੰਨ ੧੬੨੮ ਵਿਚ ਤਿਆਰ ਕਰਵਾਇਆ। ਇਸ ਛਾਉਣੀ ਅਤੇ ਗੁਰਦੁਆਰਾ ਬਿਬੇਕਸਰ ਦੀ ਨੀਂਹ ਭਾਈ ਗੁਰਦਾਸ ਜੀ ਨੇ ਸੰਨ ੧੬੨੨ ਵਿਚ ਰੱਖੀ ਸੀ। ਇਥੇ ਇਕ ਕਰੀਰ ਦਾ ਪੁਰਾਤਨ ਯਾਦਗਾਰੀ ਪੇੜ ਯਾਦਗਾਰ ਤਾਜਾ ਕਰ ਰਿਹਾ ਹੈ।

ਗੁਰੂ ਸਾਹਿਬ ਦਾ ਵਰ ਹੈ ਕਿ ਇਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਦੀ ਬੁਧੀ ਵਿਵੇਕ ਹੋ ਜਾਂਦੀ ਹੈ। ਸ਼ਸਤਰ ਸਿਖਿਆ ਦਿੱਤੀ ਜਾਂਦੀ ਸੀ। ਇਕ ਰਸਤਾ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਬਾ ਅਟੱਲ ਤੇ ਚੌਕ ਕਰੋੜੀ ਅਤੇ ਰਾਮਸਰ ਰੋਡ ਵਲ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਲ੍ਹਾ ਰਾਮਗੜ੍ਹ ਰਾਮ ਰਾਉਣੀ ਤਿਆਰ ਕਰਵਾਇਆ ਸੀ।

ਜਦੋਂ ਕੋਈ ਸਿੰਘ ਅਕਾਲ ਚਲਾਣਾ ਕਰ ਜਾਂਦਾ, ਤਾਂ ਉਸ ਦੀ ਮ੍ਰਿਤਕ ਦੇਹ ਨੂੰ ਇਥੋਂ ਮੱਥਾ ਟਿਕਵਾ ਕੇ ਫੁੱਲਾਂ ਦਾ ਹਾਰ ਸਿਹਰਾ)ਪਵਾ ਕੇ ਸ਼ਮਸ਼ਾਨ ਭੂਮੀ ਸਸਕਾਰ ਕੀਤਾ ਜਾਂਦਾ, ਉਥੋਂ ਵਾਪਸ ਆ ਕੇ ਸੰਗਤ ਇਥੇ ਸ਼ਬਦ ਕੀਰਤਨ ਸੋਹਿਲਾ, ਅਰਦਾਸ, ਕੜਾਹ ਪਰਸ਼ਾਦ ਦੀ ਦੇਗ ਵਰਤਾ ਕੇ ਰਸਮ ਪੂਰੀ ਕੀਤੀ ਜਾਂਦੀ।


# ਗੁਰਦੁਆਰਾ ਸ੍ਰੀ ਕਿਲ੍ਹਾ ਲੋਹਗੜ੍ਹ ਸਾਹਿਬ

ਦੁਸ਼ਟ ਬਾਬਰ ਨੇ ੧੫੨੬ ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ ਸਨ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਕੁਲ ੧੩ ਦਰਵਾਜ਼ੇ ਹਨ, ਲੋਹਗੜ੍ਹ ਦਰਵਾਜ਼ੇ ਦੇ ਅੰਦਰ ਕਿਲ੍ਹਾ ਲੋਹਗੜ੍ਹ ਹੈ, ਵਕਤ ਦੀ ਮੁਗਲ ਸਰਕਾਰ ਦੁਸ਼ਟ ਜ਼ਾਲਮ ਸੀ, ਗੁਰੂ ਸਾਹਿਬ ਨੇ ਅਣਖ, ਇੱਜ਼ਤ ਅਤੇ ਬਰਾਬਰੀ ਨਾਲ ਜੀਉਣ ਦੀ ਜਾਂਚ ਦੱਸੀ, ਪਰ ਅਕ੍ਰਿਤਘਨ ਜ਼ਾਤ ਅਭਿਮਾਨੀ ਹਿੰਦੂ ਪੰਡਤ ਹਕੂਮਤ ਦੀ ਗੁਲਾਮੀ ਕਰਕੇ ਖੁਸ਼ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਦਲ ਭੰਜਨ ਗੁਰੂ ਸੂਰਮਾ ਸਨ। ਜਾਬਰਾਂ ਜਰਵਾਣਿਆਂ ਦਾ ਨਾਸ ਕਰਨ ਵਾਸਤੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨੀਆਂ। ਸ੍ਰੀ ਅਕਾਲ ਤਖਤ ਬਣਇਆ, ਫੌਜਾਂ ਰੱਖੀਆਂ, ਸ਼ਸਤਰ ਰੱਖੇ, ਸ਼ਿਕਾਰ ਖੇਡਦੇ, ਸ਼ਾਹੀ ਠਾਠ ਨਾਲ ਰਹਿੰਦੇ, ਜਿਸ ਕਰਕੇ ਜ਼ਾਤ ਅਭਿਮਾਨੀ ਪੰਡਤ ਵੀ ਮੁਗਲ ਹਾਕਮਾਂ ਦੀ ਝੋਲੀ ਚੁਕਣ ਲੱਗ ਪਏ, ਅਜਿਹੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਸੰਨ ੧੬੧੯ ਵਿਚ ਸਿੱਖ ਧਰਮ ਦਾ ਪਹਿਲਾ ਕਿਲ੍ਹਾ ਲੋਹਗੜ੍ਹ ਤਿਆਰ ਕੀਤਾ ਗਿਆ ੮ ਨਵੰਬਰ ਸੰਨ ੧੬੨੭ ਵਿਚ ਜਹਾਂਗੀਰ ਦੇ ਕਬਰਾਂ ਵਿਚ ਪਹੁੰਚ ਜਾਣ ਤੋਂ ਪਿਛੋਂ ਦੁਸ਼ਟ ਸ਼ਾਹਜਹਾਨ ਤਖਤ ਤੇ ਬੈਠ ਗਿਆ ਤੇ ਹਮਲੇ ਕਰਨ ਤੇ ਬਹਾਨੇ ਸੋਚਣ ਲੱਗਾ।

੭ ਜੂਨ ੧੬੨੮ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਦੀ ਸ਼ਾਦੀ ਦਾ ਦਿਨ ਨਿਸ਼ਚਿਤ ਸੀ, ਉਨ੍ਹਾਂ ਦਿਨਾਂ ਵਿਚ ਲਾਹੌਰ ਦਾ ਸੂਬੇਦਾਰ, ਰਾਮ ਤੀਰਥ ਸੜਕ ਤੇ, ਪਿੰਡ ਕੁਹਾਲਾ ਜੋ ਸ਼ਹਿਰ ਤੋਂ ੧੨ ਕਿਲੋਮੀਟਰ ਹੈ, ਸ਼ਿਕਾਰ ਖੇਡਣ ਦੇ ਬਹਾਨੇ ਆ ਗਿਆ, ਬਾਜ਼ ਦਾ ਬਹਾਨਾ ਲਗਾਉਣ ਤੇ ਮੁਖਲਿਸ ਖਾਨ ਨੇ ਭਾਰੀ ਫੌਜਾਂ ਨਾਲ ਸ਼ਹਿਰ ਤੇ ਹਮਲਾ ਕਰ ਦਿੱਤਾ, ਅਤੇ ਲੁੱਟਮਾਰ ਕਰ ਦਿੱਤੀ। ਗੁਰੂ ਸਾਹਿਬ ਆਪਣੀ ਸਪੁੱਤਰੀ ਦੀ ਸ਼ਾਦੀ ਕਰਨ ਵਾਸਤੇ ਪਿੰਡ ਝਬਾਲ ਵੱਲ ਚਲੇ ਗਏ, ਸ਼ਾਦੀ ਤੋਂ ਵਿਹਲੇ ਹੁੰਦੇ ਹੀ ਦੁਸ਼ਮਨਾਂ ਨੂੰ ਮੂੰਹ ਭੰਨਵਾਂ ਉਤਰ ਦਿੱਤਾ, ਪਿੰਡ ਕੋਹਾਲਾ ਤੋਂ ਲੈ ਕੇ ਖਾਲਸਾ ਕਾਲਜ, ਪਿਪਲੀ ਸਾਹਿਬ ਅਤੇ ਲੋਹਗੜ੍ਹ ਤਕ ਮੈਦਾਨ-ਜੰਗ ਬਣ ਗਿਆ। ਪੈਂਦੇ ਖਾਨ ਅਤੇ ਭਾਈ ਬਿਧੀ ਚੰਦ ਜੀ ਨੇ ਦੁਸ਼ਟ ਮੁਖਲਿਸ ਖਾਨ ਨੂੰ ਕਬਰਾਂ ਵਿਚ ਪਹੁੰਚਾ ਦਿੱਤਾ। ਖਾਲਸੇ ਦੀ ਜਿੱਤ ਹੋਈ। ਖਾਲਸੇ ਦਾ ਇਹ ਪਹਿਲਾ ਧਰਮ ਯੁੱਧ ਸੀ।

# ਗੁ: ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ

ਪਾਤਸ਼ਾਹੀ ੬, ਸ੍ਰੀ ਅੰਮ੍ਰਿਤਸਰ।



ਇਹ ਕਿਲ੍ਹਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ
ਸ੍ਰੀ ਅੰਮ੍ਰਿਤਸਰ ਦੀ ਰੱਖਿਆ ਲਈ ਬਣਾਇਆ।
ਦੁਸ਼ਟ ਮੁਖਲਿਸ ਖ਼ਾਨ ਦੀ ਭਾਰੀ ਫ਼ੌਜ ਤੇ
ਸੰਨ 1629 ਨੂੰ ਫ਼ਤਹਿ ਪਾਈ।

# ਕਾਠ ਦੀ ਤੋਪ



ਕਾਠ ਦੀ ਤੋਪ ਜੋ
ਮੀਰੀ ਪੀਰੀ ਦੇ ਮਾਲਕ
ਸਤਿਗੁਰੂ ਜੀ ਨੇ ਪਹਿਲੇ ਜੰਗ
ਸੰਨ 1629 ਸਮੇਂ ਵਰਤੀ ।

੧. ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
੨. ਜੇ ਜੀਵੇ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ ॥

ਗੁਰੂ ਸਾਹਿਬ ਨੇ ਲੌਹਗੜ੍ਹ ਵਿਖੇ ਲਕੜ ਦੀ ਬੇਰੀ ਵਿਚ ਮਘੋਰਾ ਕਰਕੇ ਬਰੂਦ ਭਰ ਕੇ ਤੋਪ ਵਾਂਗ ਚਲਾਇਆ ਇਹ ਖਾਲਸੇ ਦਾ ਪਹਿਲਾ ਕਿਲ੍ਹਾ ਹੈ, ਅਤੇ ਲੱਕੜ ਦੀ ਬੇਰੀ ਦੀ ਪਹਿਲੀ ਤੋਪ ਹੈ। ਜੋ ਹਾਲਾਂ ਤਕ ਯਾਦ ਤਾਜ਼ਾ ਕਰ ਰਹੀ ਹੈ। ਗੁਰੂ ਸਾਹਿਬ ਦੀਆਂ ਦੋ ਸ੍ਰੀ ਸਾਹਿਬ ਜੋ ਢਾਈ ਫੁੱਟ ਹਨ, ਯਾਦ ਤਾਜ਼ਾ ਕਰ ਰਹੀਆਂ ਹਨ। ਇਕ ਪੁਰਾਤਨ ਖਹ ਹੈ। ਹੁਣ ਸੁੰਦਰ ਗੁਰਦੁਆਰਾ ਹੈ, ਸੰਗਤ ਪੰਗਤ ਦੇ ਪ੍ਰਵਾਹ ਰੋਜ਼ਾਨਾ ਚਲਦੇ ਹਨ। ਸ: ਸੁਰਿੰਦਰ ਸਿੰਘ ਪ੍ਰਧਾਨ ਲੋਕਲ ਸੇਵਾ ਸੁਸਾਇਟੀ ਕਮੇਟੀ (ਪ੍ਰਬੰਧਕ) ਹੈ, ਉਨ੍ਹਾਂ ਵਲੋਂ ਇਕ ਸੁੰਦਰ ਗੁਰਮਤਿ ਦੀ ਲਾਇਬਰੇਰੀ ਹੈ। ਜੂਨ ੧੯੮੪ ਅਤੇ ਮਈ ੧੯੮੮ ਨੂੰ ਆਜ਼ਾਦ ਭਾਰਤ ਦੀ ਲਾਹਨਤੀ ਸਰਕਾਰ ਦੀ ਦੁਸ਼ਟ ਫ਼ੌਜ ਵਲੋਂ ਕਾਫੀ ਬਰਬਾਦੀ ਕੀਤੀ ਗਈ ਹੈ। ਹੁਣ ਮੁਰੰਮਤ ਆਦਿ ਹੋ ਰਹੀ ਹੈ।

ਇਸ ਅਸਥਾਨ ਦੀ ਸੇਵਾ ਸੰਭਾਲ ਦੇ ਕਾਰਜ,ਗਿ: ਕਿਰਪਾ ਸਿੰਘ ਜੀ ੬੨ ਸਾਲ ਤੋਂ ਕਰ ਰਹੇ ਹਨ। ਕਾਠ ਵਾਲੀ ਤੋਪ, ਦੋ ਸ੍ਰੀ ਸਾਹਿਬ, ਅਤੇ ਜੰਗ ਦੇ ਸਮੇਂ ਦਾ ਚਿਤਰ, ਯਾਦਗਾਰ ਵਜੋਂ ਸ਼ੀਸ਼ੇ ਦੀ ਅਲਮਾਰੀ ਵਿਚ ਸੰਭਾਲ ਕੇ ਦਰਸ਼ਨਾਂ ਲਈ ਰਖੇ ਹੋਏ ਹਨ, ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਦਿਹਾੜੇ ਅਵਤਾਰ ਧਾਰਨ, ਗੁਰੂਗੱਦੀ, ਫਤਹਿ ਦਿਵਸ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣ ਅਤੇ ਜੋਤੀ ਜੋਤਿ ਸਮਾਉਣ ਦਿਵਸ ਮਨਾਏ ਜਾਂਦੇ ਹਨ। ਇਨਕਿਲ੍ਹੇ ਦੇ ਪਿਛਲੇ ਪਾਸੇ ਬੰਬੇ ਵਾਲੇ ਖੂਹ ਵਾਲੇ ਪਾਸੇ ਤਕ ਜ਼ਮੀਨ ਹੋਰ ਖਰੀਦ ਲਈ ਹੈ, ਇਥੇ ਸਕੂਲ ਅਤੇ ਹਸਪਤਾਲ ਬਣਾਏ ਜਾਣ ਦੀ ਸਕੀਮ ਹੈ।


# ਗੁਰਦੁਆਰਾ ਕੌਲਸਰ ਸਾਹਿਬ

ਇਹ ਪਵਿੱਤਰ ਸਰੋਵਰ, ਸ੍ਰੀ ਹਰਿਮੰਦਰ ਸਾਹਿਬ ਤੋਂ ਅਗੇ ਨਾਲ ਲੱਗਦੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੇ ਅੰਦਰ ਹੈ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਨ ੧੬੨੪ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਤਿਆਰ ਕਰਵਾਉਣਾ ਸ਼ੁਰੂ ਕੀਤਾ ਅਤੇ ਸੰਨ ੧੬੨੭ ਵਿਚ ਮੁਕੰਮਲ ਹੋ ਗਿਆ । ਇਹ ਬੀਬੀ ਕੌਲਾਂ ਦੇ ਨਾਮ ਨਾਲ ਪ੍ਰਸਿੱਧ ਹੈ ।

ਬੀਬੀ ਕੌਲਾਂ ਲਾਹੌਰ ਦੇ ਸ਼ਾਹੀ ਕਾਜ਼ੀ ਰੁਸਤਮ ਖਾਨ ਦੀ ਲੜਕੀ ਸੀ। ਇਹ ਮੁਜੰਗ ਦਾ ਵਸਨੀਕ ਸੀ, ਅਤੇ ਸਾਈਂ ਮੀਰ ਮੁਹੰਮਦ ਮੁਆਇਨੁਲ ਇਸਲਾਮ, ਜੋ ਲਾਹੌਰ ਛਾਉਣੀ ਦੇ ਨਾਲ ਲੱਗਦੇ ਪਿੰਡ ਮੀਆਂ ਮੀਰ ਦੇ ਰਹਿਣ ਵਾਲੇ ਸਨ ਅਤੇ ਸਾਈਂ ਮੀਰ ਕਰਕੇ ਪ੍ਰਸਿੱਧ ਸਨ, ਦੀ ਮੁਰੀਦ ਸੀ । ਸੰਨ ੧੫੮੮ ਵਿਚ ਸਾਈਂ ਮੀਆਂ ਮੀਰ ਜੀ ਨੇ, ਅਕਬਰ ਦੇ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ, ਸ੍ਰੀ ਹਰਿਮੰਦਰ ਸਾਹਿਬ, ਰੱਬ ਦੇ ਘਰ ਦੀ ਨੀਂਹ ਰੱਖੀ ਸੀ, 'ਧੁਰ ਕੀ ਬਾਣੀ' ਦੀ ਸ਼ਰਧਾਲੂ ਸੀ। ਬੀਬੀ ਕੌਲਾਂ ਦੇ ਜੀਵਨ ਤੇ ਇਸ 'ਸਭੇ ਸਾਂਝੀਵਾਲ ਸਦਾਇਨਿ' ਦਾ ਬਹੁਤ ਅਸਰ ਸੀ। 'ਅਵਲ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ', ਜਪੁ ਜੀ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਦੀ।

ਦੁਸ਼ਟ ਜਹਾਂਗੀਰ ਦੇ ਸਮੇਂ ਸ਼ਾਂਤੀ ਦੇ ਪੰਜ ਗੁਰੂ ਅਰਜਨ ਦੇਵ ਜੀ ਨੂੰ ੩੦ ਮਈ ੧੬੦੬ ਨੂੰ ਅਤਿ ਦੇ ਜ਼ੁਲਮ ਕਰਕੇ ਸ਼ਹੀਦ ਕੀਤਾ ਗਿਆ, ਸਾਈਂ ਮੀਆਂ ਮੀਰ ਅਤੇ ਉਸ ਦੇ ਮੁਰੀਦਾਂ ਤੇ ਬਹੁਤ ਮਾੜਾ ਅਸਰ ਪਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੧੧ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਕੈਦੀ ਬਣਾ ਦਿੱਤਾ ਗਿਆ । ਤਾਂ ਸਾਈਂ ਮੀਆਂ ਮੀਰ ਜੀ ਨੇ ਜਹਾਂਗੀਰ ਦੀ ਗਲਤਫਹਿਮੀ ਨੂੰ ਦੂਰ ਕਰਕੇ ਰਿਹਾਅ ਕਰਵਾਇਆ ।

ਸੰਨ ੧੬੨੧ ਨੂੰ ਬੀਬੀ ਕੌਲਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅੰਮ੍ਰਿਤਸਰ ਆਈ, ਤਾਂ ਲਾਹੌਰ ਦੇ ਮੌਲਵੀਆਂ, ਕਾਜੀਆਂ ਨੇ ਬਹੁਤ ਬੁਰਾ ਮਨਾਇਆ, ਇਥੋਂ ਤਕ ਕਿ ਆਪਣੀ ਸ਼ਰ੍ਹਾ ਮੁਤਾਬਕ ਕਤਲ ਕਰਨ ਦਾ ਫਤਵਾ ਲਗਾ ਦਿੱਤਾ ਤਾਂ ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਲਾਗੇ ਇਕ ਵੱਖ ਥਾਂ




GATT
ਮਰਣ ਮਣਸਾ ਸ਼ੂਰਿਆ
ਅਣਖੀਲਾ ਮਹਾਨ

ਤੇ ਉਸ ਦੀ ਰਿਹਾਇਸ਼ ਦਾ ਪਰਬੰਧ ਕਰਵਾ ਦਿੱਤਾ ਕਿ ਗੁਰਬਾਣੀ ਦਾ ਅਨੰਦ ਮਾਣ ਸਕੇ।

ਬਾਬਾ ਅਟੱਲ ਰਾਇ ਜੀ ਆਪਣੀ ਬਾਲ ਅਵਸਥਾ ਵਿਚ ਬੱਚਿਆਂ ਨਾਲ ਖੇਡਣ ਲਈ ਉਸ ਦੇ ਵਿਹੜੇ ਵਲ ਆ ਜਾਂਦੇ। ਬੀਬੀ ਕੌਲਾਂ ਜੀ ਦਾ ਬਾਲਕ ਅਟੱਲ ਰਾਇ ਨਾਲ ਕਾਫੀ ਪਿਆਰ ਸੀ । ਬੀਬੀ ਕੌਲਾਂ ਜੀ ਕੰਵਲ-ਫੁੱਲ ਸਮਾਨ ਸਨ।

ਮਾਤਾ ਕੌਲਾਂ ਜੀ ੪ ਜੁਲਾਈ ੧੬੨੦ ਨੂੰ ਕਰਤਾਰ ਪੁਰ ਵਿਖੇ ਅਕਾਲ ਚਲਾਣਾ ਕਰ ਗਏ,ਉਥੇ ਵੀ ਸਮਾਧ ਬਣੀ ਹੋਈ ਹੈ । ਬਾਬਾ ਅਟੱਲ ਰਾਏ ਜੀ ਦੀ ਯਾਦਗਾਰ ਦੇ ਨਾਲ ਜੋ ਸਰੋਵਰ ਹੈ ਇਸ ਸਰੋਵਰ ਦੇ ਦੂਜੇ ਪਾਸੇ ਵਲ ਮਾਤਾ ਕੌਲਾਂ ਦੀ ਯਾਦ ਵਿਚ ਇਕ ਗੁਰਦੁਆਰਾ ਹੈ, ਸੰਗਤ-ਪੰਗਤ ਦੇ ਪਰਵਾਹ ਚਲਦੇ ਰਹਿੰਦੇ ਹਨ।

# ਗੁਰਦੁਆਰਾ ਬਾਬਾ ਅਟੱਲ ਰਾਏ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਾਰੇ ਦੇਸ਼ ਤੋਂ ਸੰਗਤਾਂ ਭਾਰੀ ਗਿਣਤੀ ਵਿਚ ਦਰਸ਼ਨ ਇਸ਼ਨਾਨ ਵਾਸਤੇ ਆਇਆ ਕਰਦੀਆਂ ਸਨ। ਉਨ੍ਹਾਂ ਦਾ ਲੰਗਰ ਤਿਆਰ ਕਰਨ ਵਾਸਤੇ ਇਥੇ ਪ੍ਰਬੰਧ ਕੀਤਾ ਜਾਂਦਾ ਸੀ। ਇਸ ਦੇ ਨਾਲ ਢਾਬ ਵਿਚ ਕੰਵਲ ਫੁੱਲ ਖਿੜਦੇ ਸਨ। ਬਾਲਕ ਅਟੱਲ ਰਾਏ ੨੨ ਦਸੰਬਰ ਸਾਲ ੧੬੧੬ ਵਿਚ ਗੁਰੂ ਕੇ ਮਹਲ ਵਿਖੇ ਪੈਦਾ ਹੋਏ। ਬਾਲ ਅਵਸਥਾ ਵਿਚ ਆਪਣੇ ਸਾਥੀ ਬੱਚਿਆਂ ਦੇ ਨਾਲ ਇਸ ਅਸਥਾਨ ਦੇ ਮੈਦਾਨ ਵਿਚ ਖੇਡਿਆ ਕਰਦੇ ਸਨ, ਕਸਰਤ ਕਰਦੇ ਸਨ। ਭਾਈ ਸੋਨੀ ਦਾ ਇਕੋ ਇਕ ਪੁੱਤਰ ਮੋਹਨ ਸੀ। ਇਕ ਦਿਨ ਜਦੋਂ ਖੇਡਣ ਲਈ ਆਏ ਤਾਂ ਪਤਾ ਲੱਗਾ ਕਿ ਸਾਥੀ ਮੋਹਨ ਨੂੰ ਰਾਤ ਸਮੇਂ ਸੱਪ ਨੇ ਡਸ ਲਿਆ ਹੈ। ਤਾਂ ਆਪ ਜੀ ਨੇ ਮਰੇ ਪਏ ਮੋਹਨ ਦੇ ਗਲ ਵਿਚ ਖੁੰਡੀ ਪਾ ਕੇ ਜ਼ੋਰ ਦੀ ਆਖਿਆ :—

"ਚਲ ਕੇ ਆਪਣੀ ਮੀਟੀ (ਵਾਰੀ) ਦੇ ਤੇ ਬਹਾਨੇ ਨਾ ਬਣਾ" ਅਤੇ ਮੋਹਨ ਉਠ ਕੇ ਖੜਾ ਹੋ ਗਿਆ, ਤਾਂ ਇਸ ਅਚਾਨਕ ਕੌਤਕ ਮਈ ਘਟਨਾਂ ਦੀ ਚਰਚਾ ਹੋ ਗਈ, ਬਾਲਕ ਅਟੱਲ ਰਾਏ ਕਰਨੀ ਵਾਲੇ ਸਨ, ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਾਮਾਤ ਨੂੰ ਕਹਿਰ ਕਹਿ ਕੇ ਸਮਝਾਇਆ ਕਿ "ਹੁਣ ਤੁਸੀਂ ਮੁਰਦੇ ਜੀਵਾਣ ਲੱਗ ਪਏ ਹੋ" ਇਹ ਅਕਾਲ ਪੁਰਖ ਦੇ ਹੁਕਮ ਵਿਚ ਵਿਘਨ ਪਾਉਣਾ ਹੈ ਤਾਂ ਬਾਲਕ ਨੇ ਕਿਹਾ ਕਿ ਮੈਂ ਵਾਹਿਗੁਰੂ ਤੋਂ ਆਪਣੇ ਸਾਥੀ ਦੀ ਜਾਨ ਲਈ ਹੈ ਉਸ ਦੀ ਥਾਂ ਮੈਂ ਵਾਹਿਗੁਰੂ ਨੂੰ ਆਪਣੀ ਜਾਨ ਦੇ ਦੇਂਦਾ ਹਾਂ। ਸੋ, ਸਮਾਧੀ ਲਗਾ ਕੇ ਚਾਦਰਾ ਤਾਣ ਕੇ ਲੇਟ ਗਏ, ਆਪਣੇ ਪ੍ਰਾਣ ਤਿਆਗ ਦਿਤੇ। ੨੪ ਸਤੰਬਰ ੧੬੨੦ ਅਸੂ ਵਦੀ ੧੦ ਸੰਮਤ ੧੬੮੫ ਨੂੰ ਅਕਾਲ ਪੁਰਖ ਦੀ ਜੋਤਿ ਵਿਚ ਸਮਾ ਗਏ। ਉਸ ਸਮੇਂ ਬਾਲਕ ਦੀ ਉਮਰ ੬ ਸਾਲ ਦੀ ਸੀ, ਸੋ, ਉਸ ਅਸਥਾਨ ਤੇ ਹੀ ਨੌਂ ਮੰਜ਼ਲਾ ਉੱਚੀ ਇਮਾਰਤ ਹੈ। ਇਹ ਗੁ: ਕੌਲਸਰ ਦੇ ਨਾਲ ਹੈ। ੧੨੫ ਫੁੱਟ ਥਾਂ ਉਪਰ ੧੫੦ ਫੁੱਟ ਉੱਚਾ ਅਤੇ ੧੬ ਫੁੱਟ ਚੌੜਾ ਮਿਨਾਰ ਹੈ। "ਸੰਨ ੧੭੭੮ ਵਿਚ ਸ: ਜੱਸਾ ਸਿੰਘ ਜੀ ਰਾਮਗੜ੍ਹੀਆ ਅਤੇ ਸ: ਜੋਧ ਸਿੰਘ ਵਲੋਂ ਤਿੰਨ ਮੰਜ਼ਲਾਂ ਤਕ ਉਸਾਰੀ ਕੀਤੀ ਗਈ। ਸੰਨ ੧੮੨੧ ਵਿਚ ਮਹਾਰਾਜਾ ਰਣਜੀਤ ਸਿੰਘ ਜੀ, ਰਾਣੀ ਸਦਾ ਕੌਰ ਜਿੰਦ

ਵਲੋਂ ਨੌਂ ਮੰਜ਼ਲਾਂ ਤਕ ਉਸਾਰੀ ਕਰਵਾਈ ਗਈ ਇਸ ਦੀਆਂ ੬ ਮੰਜ਼ਲਾਂ ਵੱਡੀਆਂ ਅਤੇ ਤਿੰਨ ਮੰਜ਼ਲਾਂ ਛੋਟੀਆਂ ਹਨ। ਸੋਨੇ ਦਾ ਕੰਮ ਸ: ਦਿਆਲ ਸਿੰਘ ਜੀ ਰਾਹੀਂ ਕਰਵਾਇਆ ਗਿਆ।

ਬਾਬਾ ਅਟੱਲ ਰਾਏ ਜੀ ਨੂੰ ਅੰਮ੍ਰਿਤਸਰ ਦਾ ਥਾਣੇਦਾਰ(ਕੋਤਵਾਲ) ਕਿਹਾ ਜਾਂਦਾ ਸੀ। ਇਸ ਦੀਆਂ ਉਪਰਲੀਆਂ ਮੰਜ਼ਲਾਂ ਦੀਆਂ ਦੀਵਾਰਾਂ ਤੇ ਪ੍ਰਸਿੱਧ ਨਕਾਸ਼ਾਂ ਵਲੋਂ ਸਿੱਖ ਇਤਿਹਾਸ ਦੇ ਸੁੰਦਰ ਚਿੱਤਰ ਬਣਾਏ ਹੋਏ ਹਨ। ਉਪਰਲੀ ਛਤ ਤੇ ਖੜੇ ਹੋ ਕੇ ਸਾਰਾ ਸ਼ਹਿਰ ਵੇਖਿਆ ਜਾ ਸਕਦਾ ਹੈ। ਇਸ ਅਸਥਾਨ ਤੇ ਨਵਾਬ ਕਪੂਰ ਸਿੰਘ ਜੀ ਦਾ ਦਿਹਾਂਤ ਸੰਨ ੧੭੫੩ ਨੂੰ ਹੋਣ ਤੇ ਸੰਸਕਾਰ ਕੀਤਾ ਗਿਆ। ਸ: ਜੱਸਾ ਸਿੰਘ ਜੀ ਆਹਲੂਵਾਲੀਆ ਸੁਲਤਾਨ ਉਲ-ਕੌਮ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਜ਼ਮਤ ਖਾਤਰ ਜੂਝਦੇ ਹੋਏ ੨੦ ਅਕਤੂਬਰ, ੧੭੮੩ ਨੂੰ ਸ਼ਹੀਦ ਹੋਏ ਸਨ। ਇਨ੍ਹਾਂ ਦੋਹਾਂ ਸੂਰਬੀਰ ਯੋਧਿਆਂ ਦੀਆਂ ਸਮਾਧਾਂ ਇਥੇ ਯਾਦ ਤਾਜ਼ਾ ਕਰ ਰਹੀਆਂ ਹਨ। ਇਨ੍ਹਾਂ ਦੀ ਸੰਭਾਲ ਦਾ ਪ੍ਰਬੰਧ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਵਲੋਂ ਹੈ। ਇਥੇ ਸ: ਜੱਸਾ ਸਿੰਘ ਆਹਲੂਵਾਲੀਆ ਦੀ ਦੋ ਸੌ ਸਾਲਾ ਬਰਸੀ ੨੦ ਅਕਤੂਬਰ ੧੯੮੩ ਨੂੰ ਪੰਥ ਵਲੋਂ ਭਾਰੀ ਰੌਣਕਾਂ ਨਾਲ ਮਨਾਈ ਗਈ. ਉਹਨਾਂ ਦੇ ਜੀਵਨ ਤੇ ਪ੍ਰਕਾਸ਼ ਪਾਉਣ ਲਈ ਗੁਰਮਤਿ ਪ੍ਰਕਾਸ਼ ਦਾ ਵਿਸ਼ੇਸ਼ ਅੰਕ ਛਾਪ ਕੇ ਵੰਡਿਆ ਗਿਆ।

ਦੁੱਖ ਹੈ ਕਿ ਆਜ਼ਾਦ ਭਾਰਤ ਦੀ ਲਾਹਨਤੀ ਸਰਕਾਰ ਵਲੋਂ ਜੂਨ ੧੯੮੪ ਵਿਚ ਫੌਜੀ ਕਾਰਵਾਈ ਰਾਹੀਂ ਕਾਫੀ ਬਰਬਾਦੀ ਹੋਈ ਜਿਸ ਦੀ ਮੁਰੰਮਤ ੧੯੮੯ ਤੋਂ ਕਰਵਾਈ ਜਾ ਰਹੀ ਹੈ। ਇਸ ਅਸਥਾਨ ਤੇ ਕਹਾਵਤ ਹੈ—

"ਬਾਬਾ ਅਟੱਲ ਪੱਕੀਆਂ ਪਕਾਈਆਂ ਘਲ।"

ਸਾਲ ੧੯੮੮ ਤੋਂ ਇਸ ਦੇ ਆਲੇ ਦੁਆਲੇ ਦੇ ਮਕਾਨ ਦੁਕਾਨਾਂ ਬਾਜ਼ਾਰ ਢਾਹ ਕੇ ਖੁਲ੍ਹਾ ਵੱਡਾ ਮੈਦਾਨ ਬਣਾ ਦਿਤਾ ਗਿਆ ਹੈ। ਫੌਜੀ ਪਹਿਰਾ ਲੱਗਾ ਰਹਿੰਦਾ ਹੈ। ਹੋਲਾ ਮਹਲਾ ਦਾ ਭਾਰੀ ਸਮਾਗਮ ਮਨਾਇਆ ਜਾਂਦਾ ਹੈ।

੨੪ ਸਤੰਬਰ ੧੯੮੯ ਨੂੰ ਬਾਬਾ ਅਟੱਲ ਰਾਏ ਜੀ ਦੀ ਯਾਦਗਾਰ ਮਨਾਈ ਗਈ।

# ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ


ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਿੰਡ ਪਹੁਵਿੰਡ ਵਿਖੇ, ਸ: ਭਗਤ ਸਿੰਘ ਜੀ ਦੇ ਘਰ ਹੋਇਆ, ਬਚਪਨ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਰਹਿਣ ਲਗੇ। ਭਾਈ ਮਨੀ ਸਿੰਘ ਸ਼ਹੀਦ ਵੀ ਆਪ ਦੇ ਸਾਥੀ ਸਨ, ਦਸਮ ਪਿਤਾ ਜੀ ਦੇ ਪਵਿੱਤਰ ਹੱਥੋਂ, ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ, ਰਾਤ ਦਿਨ ਗੁਰੂ ਘਰ ਵਿਚ ਸੇਵਾ ਸਿਮਰਨ ਕਰਦੇ, ਸ਼ਸਤਰ ਚਲਾਉਂਦੇ, ਧਰਮ ਯੁਧ ਵਿਚ ਅਗੇ ਹੋ ਕੇ ਜੂਝਦੇ ਖਾਲਸਾ ਬੀਰ ਦਲ ਦੇ ਜਥੇਦਾਰ ਰਹੇ।

ਸੰਨ ੧੭੦੬ ਵਿਚ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੀ ਅਗਵਾਈ ਵਿਚ ਭਾਈ ਮਨੀ ਸਿੰਘ ਜੀ ਦੇ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖ ਕੇ ਤਿਆਰ ਕਰਨ ਦਾ ਮਹਾਨ ਕਾਰਜ਼ ਕੀਤਾ। ਆਪ ਜੀ ਸਾਰੀਆਂ ਜ਼ਬਾਨਾਂ ਦੇ ਉਚ ਕੋਟੀ ਦੇ ਵਿਦਵਾਨ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਕੇ ਸਾਰੇ ਤਖਤਾਂ ਤੇ ਪ੍ਰਚਾਰ ਲਈ ਭੇਜਿਆ। ਸ਼੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਗੁਰਮਤਿ ਪ੍ਰਚਾਰ ਕਰਨ ਦੇ ਕਾਰਜ਼ ਕਰਨ ਲਗੇ। ਹਰ ਵਿਸਾਖੀ ਦੀਵਾਲੀ ਸਮੇਂ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਸ਼੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ ਪਹੁੰਚਦੇ ਸਨ। ਬੰਦਾ ਬਹਾਦਰ ਨੂੰ ਵੀ ਪੂਰੀ ਤਰ੍ਹਾਂ ਸਾਥ ਦਿਤਾ। ੧੭੦੮ ਤੋਂ ੧੭੧੬, ਤੱਕ ਅਨੇਕ ਜੰਗ ਫਤਹਿ ਕੀਤੇ। ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਤਤਪਰ ਰਹਿੰਦੇ। ਸ: ਜੱਸਾ ਸਿੰਘ ਜੀ ਆਹਲੂਵਾਲੀਆ ਦੇ ਨਾਲ ਰਹਿੰਦੇ।

ਸੰਨ ੧੭੫੭ ਨੂੰ ਦੁਸ਼ਟ ਅਬਦਾਲੀ ਨੇ ਕਪੂਰ ਸ਼ਾਹ ਨੂੰ ਕਿਹਾ ਕਿ ਸਿੱਖਾਂ ਦਾ ਹਰਿਮੰਦਰ ਸਾਹਿਬ ਨੂੰ ਢਾਹ ਢੇਰੀ ਕਰਕੇ, ਅੰਮ੍ਰਿਤ ਸਰੋਵਰ, ਮਿੱਟੀ ਨਾਲ ਪੂਰ ਦਿੱਤਾ ਜਾਵੇ। ਜਹਾਂਖ਼ਾਨ ਨੇ ੧੮ ਜਨਵਰੀ ੧੭੫੭ ਨੂੰ ਸਰੋਵਰ ਪੂਰ ਦਿਤਾ। ਜਥੇਦਾਰ ਭਾਗ ਸਿੰਘ ਨੇ ਦਮਦਮਾ ਸਾਹਿਬ ਪਹੁੰਚ ਕੇ ਬਾਬਾ ਦੀਪ ਸਿੰਘ ਜੀ ਨੂੰ ਸਾਰੀ ਹਾਲਤ ਦਰਸਾਈ ਤਾਂ ਬਾਬਾ ਜੀ ਨੇ ਕੱਮਰਕਸੇ, ਕਰਕੇ ਨਗਾਰੇ ਤੇ ਚੋਟ ਲਗਾਈ।

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥"
"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥" (੧੧੦੫)

ਆਪਣੇ ਸੂਰਬੀਰ ਸਿੰਘਾਂ ਨੂੰ ਨਾਲ ਲੈ ਕੇ, ਤਰਨ ਤਾਰਨ ਪਹੁੰਚ ਗਏ,



ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਚਾਟੀਵਿੰਡ



ਖ਼ਾਲਸੇ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ

ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮੁ ਸੁਹੇਲਾ



ਅਮਰ ਸ਼ਹੀਦ ਭਾਈ ਤਾਰੂ ਸਿੰਘ ਜੀ; ਕੇਸ ਗੁਰੂ ਦੀ ਮੁਹਰ ਹਨ।

ਉਥੇ ਪ੍ਰਣ ਕੀਤਾ ਸ਼ਹਾਦਤ ਲਈ ਗੁਰਚਰਨਾਂ ਵਿਚ ਅਰਦਾਸ ਕੀਤੀ, ੧੦ ਫਰਵਰ। ੧੬੬੦ ਦੀ ਗਲ ਹੈ।

"ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ ॥" (੧੧੦੫)

ਬਾਬਾ ਨੋਧ ਸਿੰਘ ਬਾਬਾ ਗਰਬਖਸ਼ ਸਿੰਘ ਸੂਰਬੀਰ ਜਥੇਦਾਰ ਨਾਲ ਸਨ, ਘਮਸਾਨ ਦਾ ਯੁੱਧ ਹੋਇਆ, ਜੈਕਾਰੇ ਗੂੰਜ ਰਹੇ ਸਨ। ਪਿੰਡ ਚਬੇ ਦੇ ਨੇੜੇ ਬਾਬਾ ਨੌਧ ਸਿੰਘ ਜੀ ਜੂਝਦੇ ਹੋਏ ਸ਼ਹੀਦ ਹੋ ਗਏ, ਬਾਬਾ ਦੀਪ ਸਿੰਘ ਜੀ ਨੇ ਆਪਣਾ ਦੋ ਧਾਰਾਂ ਖੰਡਾ ਵਾਹਿਆ, ਗੋਹਲਵੜ ਵਿਖੇ ਮੁਕਾਬਲੇ ਵਿਚ ਗਮਾਲ ਖਾਂ ਕਤਲ ਹੋ ਗਿਆ ਅਤੇ ਬਾਬਾ ਦੀਪ ਸਿੰਘ ਜੀ ਦਾ ਸ਼ੀਸ ਧੜ ਤੋਂ ਵੱਖ ਹੋ ਗਿਆ। ਹੁਣ ਇਥੇ ਗੁਰਦੁਆਰਾ ਟਾਹਲਾ ਸਾਹਿਬ ਹੈ। ਬਾਬਾ ਜੀ ਨੇ ਆਪਣਾ ਸੀਸ ਆਪਣੇ ਖੱਬੇ ਹੱਥ ਦੀ ਤਲੀ ਤੇ ਰਖ ਲਿਆ, ਖੰਡਾ ਵਾਹੁੰਦੇ ਵਧਦੇ ਚਾਟੀ ਵਿੰਡ ਤਕ ਪਹੁੰਚ ਗਏ। ਦੁਸ਼ਟਾਂ ਦੇ ਘੇਰੇ ਵਿਚ ਜਕੜੇ ਗਏ ਤਾਂ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਵਲ ਵਗਾਹ ਕੇ ਸੁਟਿਆ ਜੋ ਪਰਕਰਮਾਂ ਵਿਚ ਭੇਟਾ ਪ੍ਰਵਾਨ ਹੋ ਗਈ। ੧੧ ਨਵੰਬਰ ੧੭੬੦ ਨੂੰ ਸ਼ਹੀਦ ਹੋਏ।

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥"
"ਮਰਣੁ ਮਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੈ ॥" (੫੭੬)

ਚਾਟੀ ਵਿੰਡ ਦੇ ਅਸਥਾਨ ਤੇ ਬਾਬਾ ਦੀਪ ਸਿੰਘ ਜੀ ਦੇ ਧੜ ਅਤੇ ਹੋਰ ਸ਼ਹੀਦ ਸਿੰਘਾਂ ਦਾ ਸੰਸਕਾਰ ਚਾਟੀ ਵਿੰਡ ਰਾਮਗੜ੍ਹੀਆ ਮਿਸਲ ਦੇ ਸਰਦਾਰਾਂ ਦੀਆਂ ਸਮਾਧਾਂ ਵਿਖੇ ਕੀਤਾ ਗਿਆ। ਇਹ ਸੁੰਦਰ ਅਸਥਾਨ ੧੯੭੬ ਤੋਂ ਸੰਤ ਬਾਬਾ ਭੂਰੀ ਵਾਲੇ ਵਲੋਂ ਬਣਾਇਆ ਜਾ ਰਿਹਾ ਹੈ। ੨੬ ਜਨਵਰੀ ੧੯੮੨ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ੩੦੦ ਸਾਲਾ ਜਨਮ ਦਿਹਾੜਾ ਪੰਥ ਵਲੋਂ ਭਾਰੀ ਰੌਣਕਾਂ ਨਾਲ ਮਨਾਇਆ ਗਿਆ, ਜਨਮ ਅਸਥਾਨ ਪਹੂਵਿੰਡ ਤੋਂ ੬੦ ਕਿਲੋਮੀਟਰ ਦਾ ਜਲੂਸ ਚਾਟੀ ਵਿੰਡ ਦੇ ਸ਼ਹੀਦੀ ਅਸਥਾਨ ਤਕ ਪਹੁੰਚਿਆ। ਸਾਰਾ ਅਸਥਾਨ ਹੁਣ ਬਹੁਤ ਸੁੰਦਰ ਸੰਗਮਰਮਰ ਵਾਲਾ ਹੈ। ਸੇਵਕ ਜਥਾ ਇਸ਼ਨਾਨ ਬੜੀ ਲਗਨ ਸ਼ਰਧਾ ਨਾਲ ਸੇਵਾ ਸਿਮਰਨ ਕਰਦਾ ਹੈ। ਹਰ ਐਤਵਾਰ ਭਾਰੀ ਸਮਾਗਮ ਹੁੰਦੇ ਹਨ। ਪੰਥ ਦੇ ਸੂਰਬੀਰ ਸ਼ਹੀਦ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦੀ ਯਾਦਗਰ ਨਾਲ ਹੈ। ਵਿਸਾਖੀ ੧੯੭੮ ਦੇ ਸਾਕੇ ਸਮੇਂ ਦੁਸ਼ਟ ਨਰਕਧਾਰੀਆਂ ਵਲੋਂ ਸੂਰਬੀਰ ਭਾਈ ਫੌਜਾ ਸਿੰਘ ਸਮੇਤ ੧੩ ਸਿੰਘ ਸ਼ਹੀਦ ਹੋਏ ਸਨ। ਉਨ੍ਹਾਂ ਦੇ ਸੰਸਕਾਰ ਵੀ ਇਸ ਦੇ ਸਾਹਮਣੇ ਬਿਬੇਕਸਰ ਦੇ ਨਾਲ ਵਾਲੀ ਥਾਂ ਤੇ ਕੀਤੇ ਗਏ ਸਨ।

# ਸ੍ਰੀ ਦੁਰਗਿਆਣਾ ਮੰਦਰ

ਹਾਥੀ ਦਰਵਾਜ਼ੇ ਤੋਂ ਬਾਹਰ ਖੱਬੇ ਪਾਸੇ ਵਲ ਇਹ ਮੰਦਰ ਹੈ। ਇਸ ਅਸਥਾਨ ਤੇ ਪਹਿਲਾਂ ਸੀਤਲਾ ਮੰਦਰ ਅਤੇ ਹਨੂਮਾਨ ਦਾ ਮੰਦਰ ਹੁੰਦੇ ਸਨ। ਸ੍ਰੀ ਅੰਮ੍ਰਿਤਸਰ ਦੇ ਸਾਰੇ ਵਸਨੀਕ ਹਿੰਦੂ ਅਤੇ ਸਿੱਖ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹਰ ਤਰ੍ਹਾਂ ਦੀਆਂ ਮੂਰਤੀਆਂ ਰੱਖੀਆਂ ਹੁੰਦੀਆਂ ਸਨ, ਜਿਨ੍ਹਾਂ ਦੀ ਪੰਡਤ, ਮਹੰਤ ਲੋਕ ਚੜਾਵਾ ਭੇਟ ਲੈ'ਦੇ ਸਨ। ਸਾਲ ੧੯੨੦-੨੧ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ। ਪਰਕਰਮਾਂ ਵਿਚੋਂ ਪੱਥਰ ਦੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਹਟਾ ਦਿਤੀਆਂ ਗਈਆਂ ਤਾਂ ਸ਼ਹਿਰ ਦੇ ਆਰੀਆ ਸਮਾਜੀ ਜਾਤ, ਅਭਿਮਾਨੀਆਂ ਨੇ ਪੱਥਰ ਦੀਆਂ ਕਲਪਤ ਮੂਰਤੀਆਂ ਦੀ ਪੂਜਾ ਕਰਨ ਵਾਲੇ ਲੋਕਾਂ ਨੇ ਅਕਾਲ ਪੁਰਖ ਦੇ ਸ਼ਬਦ, ਬਾਣੀ ਨੂੰ ਸੁਣਨ ਦੀ ਬਜਾਏ ਅਤੇ ਹਿਰਦੇ ਵਿਚ ਵਸਾਉਣ ਦੀ ਬਜਾਏ, ਮੁਕਾਬਲੇ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਨਮੂਨੇ ਦਾ ਦੁਰਗਿਆਨਾ ਮੰਦਰ ਇਕ ਸਰੋਵਰ ਦੇ ਵਿਚਕਾਰ ਤਿਆਰ ਕਰ ਲਿਆ, ਅਤੇ ੪ ਜਨਵਰੀ ੧੯੨੧ ਨੂੰ ਦੁਰਗਿਆਨਾ ਮੰਦਰ ਕਮੇਟੀ ਬਣਾ ਕੇ ਵੱਖਰਾ ਪ੍ਰਬੰਧ ਕਰਕੇ, ਹਰ ਤਰ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਸ਼ੁਰੂ ਕਰ ਦਿਤੀ। ਆਮ ਤੌਰ ਤੇ ਮੰਦਰਾਂ ਵਿਚ ਇਕ ਪ੍ਰਕਾਰ ਦੀਆਂ ਮੂਰਤੀਆਂ ਹੁੰਦੀਆਂ ਹਨ, ਪਰ ਇਸ ਮੰਦਰ ਵਿਚ ਸ੍ਰੀ ਰਾਮ ਚੰਦਰ, ਸੀਤਾ, ਲਕਸ਼ਮਣ, ਭਰਤ, ਸ਼ਤਰੂਘਨ, ਹਨੂਮਾਨ ਦੀਆਂ ਮੂਰਤੀਆਂ, ਰਾਮ ਦਰਬਾਰ, ਲਕਸ਼ਮੀ ਨਾਰਾਇਣ ਸ਼ਿਵਜੀ, ਦੀ ਮੂਰਤੀ, ਸ੍ਰੀ ਕ੍ਰਿਸ਼ਨ ਰਾਧਾ, ਤੋਂ ਇਲਾਵਾ ਸੀਤਲਾ ਦੁਰਗਾ ਮਾਤਾ ਹਨੂਮਾਨ ਸੰਤ ਤੁਲਸੀ ਦਾਸ ਅਤੇ ਮਹਾਂਵੀਰ ਦੀਆਂ ਮੂਰਤੀਆਂ ਵੀ ਹਨ। ਹਰ ਕੀ ਪਉੜੀ ਹੈ।

ਪੰਡਤ ਮਦਨ ਮੋਹਨ ਮਾਲਵੀਆ ਵਲੋਂ ੧੦ ਜੂਨ ੧੯੨੭ ਨੂੰ ਸਥਾਪਤ ਕੀਤੀਆਂ ਗਈਆਂ, ਉਸ ਨੇ ਗਊ ਦੀ ਪੂਛ ਪਕੜ ਕੇ ਸਰੋਵਰ ਪਾਰ ਕੀਤਾ ਸੀ। ਇਸ ਮੰਦਰ ਵਿਚ ਵੇਦਾਂ ਗ੍ਰੰਥਾਂ, ਗੀਤਾ ਰਾਮਾਇਣ ਦੀ ਬਾਣੀ ਦੇ ਸ਼ਬਦ ਸਲੋਕ ਦਾ ਉਚਾਰਨ, ਭਜਨ, ਕੀਰਤਨ, ਪੂਜਾ ਘਟ ਹੁੰਦਾ, ਸਗੋਂ ਬੁੱਤਾਂ

ਮੂਰਤੀਆਂ ਨੂੰ ਹੀ ਮੱਥਾ ਟੇਕਿਆ ਜਾਂਦਾ ਤੇ ਮਾਯਾ ਚੜਾਵਾ ਭੇਟਾ ਕੀਤੀ ਜਾਂਦੀ ਹੈ। ਸਰੋਵਰ ਦੀ ਕਾਰ ਸੇਵਾ ੧੪ ਮਾਰਚ ੧੯੨੦ ਨੂੰ ਹੋਈ ਸੀ। ਇਥੇ ਇਕ ਹਨੂਮਾਨ ਦਾ ਮੰਦਰ ਹੈ, ਕਹਾਵਤ ਹੈ ਕਿ ਜਦੋਂ ਰਾਮ ਚੰਦਰ ਦੀ ਲੜਾਈ ਇਥੇ ਰਾਮਤੀਰਥ ਦੇ ਅਸਥਾਨ ਤੇ ਲਵ ਅਤੇ ਕੁਛ ਨਾਲ ਹੋਈ ਸੀ ਤਾਂ ਹਨੂਮਾਨ ਨੂੰ ਇਥੇ ਇਕ ਬੋਹੜ ਦੇ ਦਰਖਤ ਨਾਲ ਜਕੜ ਕੇ ਬੰਨਿਆ ਗਿਆ ਸੀ। ਇਥੇ ਪੁਰਾਤਨ ਬੋਹੜ ਦਾ ਦਰਖਤ ਖੜ੍ਹਾ ਹੈ। ਇਸ ਅਸਥਾਨ ਤੇ ਸਾਲ ੧੯੨੦ ਤੋਂ ਸੰਸਕ੍ਰਿਤੀ ਦਾ ਕਾਲਜ ਹੈ, ਲਾਇਬ੍ਰੇਰੀ ਵੇਦ ਭਵਨ ਹਨ। ਮੰਦਰ ਦੀਆਂ ਦੀਵਾਰਾਂ ਤੇ ਸਲੋਕ ਲਿਖੇ ਹੋਏ ਹਨ ਆਯੂਰਵੈਦਿਕ ਕਾਲਜ ਹੈ। ਅੰਧ ਵਿਦਿਆਲਯ ਹੈ। ਸਰੋਵਰ ਵਿਚ ਇਕ ਕਿਸ਼ਤੀ ਹੈ ਇਸ ਵਿਚ ਝਾਕੀਆਂ ਕੱਢੀਆਂ ਜਾਂਦੀਆਂ ਹਨ। ਇਕ ਮੂਰਤੀ ਗੁਰੂ ਸਹਾਈ ਮਲ ਕਪੂਰ ਦੀ ਹੈ।

ਇਸ ਮੰਦਰ ਅੰਦਰ ਕਮੇਟੀ ਦਾ ਦਫਤਰ ਹੈ। ਦੁਰਗਿਆਨਾਂ ਕਮੇਟੀ ਦੇ ਪ੍ਰਧਾਨ ਡਾ. ਗੋਪੀਚੰਦ ਭਾਟੀਆ ਅਤੇ ਸਕੱਤਰ ਸ੍ਰੀ ਪ੍ਰਤਾਪ ਚੰਦ ਭੰਡਾਰੀ ਸਰਮਾਏਦਾਰ ਵਪਾਰੀ ਹਨ। ਇਨ੍ਹਾਂ ਦਾ ਆਮਦਨ ਖਰਚ ਵੀ ਲੱਖਾਂ ਰੁਪਏ ਹੈ। ਇਨ੍ਹਾਂ ਦਾ ਕੋਈ ਇਕ ਇਸ਼ਟ ਨਹੀਂ।ਇਨ੍ਹਾਂ ਮੰਦਰਾਂ ਵਿਚ ਅਨੇਕ ਪ੍ਰਕਾਰ ਦੇ ਪਥਰ ਦੇ ਭਗਵਾਨ ਹਨ। ਇਥੇ ਆਤਮਕ ਕਲਿਆਣ ਦੀ ਕੋਈ ਗੱਲ ਨਹੀਂ ਹੁੰਦੀ। ਜੋ ਸਾਰੇ ਬ੍ਰਹਿਮੰਡ ਦਾ ਕਰਤਾ ਅਕਾਲ ਪੁਰਖ ਹੈ ਉਸ ਦੀ ਭਗਤੀ ਪਾਠ ਪੂਜਾ ਦਾ ਕੋਈ ਪ੍ਰਬੰਧ ਨਹੀਂ ਹੈ। ਮੰਦਰ ਤੋਂ ਬਾਹਰ ਪੁਲਸ ਥਾਣੇ ਦਾ ਦਫਤਰ ਅਤੇ ਡਾਕਖਾਨਾ ਵੀ ਹੈ।

ਇਹ ਮੰਦਰ ਹਰ ਸਮੇਂ ਖੁਲਾ ਨਹੀਂ ਰਹਿੰਦਾ, ਇਸ ਦੇ ਖੋਲਣ ਅਤੇ ਬੰਦ ਹੋਣ ਦੇ ਸਮੇਂ ਨਿਸਚਿਤ ਹਨ।

ਇਸ ਦੇ ਤਲਾਬ ਦੀ ਕਾਰ ਸੇਵਾ ੧੯੭੫ ਵਿਚ ਹੋਈ ਸੀ।

# ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਇਤਿਹਾਸਕ ਘਟਨਾਵਾਂ

ਸੰਨ ੧੫੬੪—ਸ੍ਰੀ ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ ਅਤੇ ਗੁਰੂ ਰਾਮਦਾਸ ਜੀ ਪਿੰਡ ਤੁੰਗ, ਗੁਮਟਾਲਾ, ਸੁਲਤਾਨ ਵਿੰਡ ਵਿਖੇ ਪਹੁੰਚੇ। ਇਸ ਪਵਿੱਤਰ ਅਸਥਾਨ ਦੀ ਮਹਾਨਤਾ ਦਰਸਾ ਕੇ, ਇਕ ਤਾਲ (ਸੰਤੋਖ ਸਰ) ਦੀ ਕਾਰ-ਸੇਵਾ ਸ਼ੁਰੂ ਕਰਵਾਈ।

੧੫੭੪—ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ, ਸ੍ਰੀ ਅੰਮ੍ਰਿਤਸਰ ਨਗਰ 'ਗੁਰੂ ਕਾ ਚੱਕ' ਦੀ ਮੌਹੜੀ ਗੱਡੀ, ਗੁਰੂ ਕੇ ਮਹਲ ਦੀ ਨੀਂਹ ਰੱਖੀ ਗਈ।

ਅਪਰੈਲ ੧੫੭੬ — ਵਿਸਾਖੀ ਵਾਲੇ ਦਿਹਾੜੇ ਬੀਬੀ ਰਜਨੀ ਦਾ ਪਿੰਗਲਾ ਦੁਖ-ਭੰਜਨੀ ਬੇਰੀ ਦੇ ਘਾਟ ਵਿਖੇ ਇਸ਼ਨਾਨ ਕਰਕੇ ਰਿਸ਼ਟ-ਪੁਸ਼ਟ ਹੋਇਆ।

੧੩ ਜੂਨ ੧੫੭੭—ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਸ਼ੁਰੂ ਕਰਵਾਈ। ਗੁਰੂ ਕੇ ਮਹਲ ਤਿਆਰ ਕਰਵਾਏ, ਨਗਰ ਦਾ ਨਾਂ 'ਗੁਰੂ ਕਾ ਚੱਕ' ਰੱਖਿਆ।

੧੫੭੭—ਲਾਹੌਰ ਵਿਖੇ ਕਾਲ ਪੈ ਗਿਆ, ਉਥੋਂ ਉਜੜ ਕੇ ਆਏ ਦੁਖੀ ਲੋਕਾਂ ਨੂੰ ਅੰਮ੍ਰਿਤਸਰ ਵਿਖੇ ਆਬਾਦ ਕੀਤਾ ਗਿਆ।

੧੫੭੮· ਗੁਰੂ ਰਾਮਦਾਸ ਜੀ ਨੇ ਕਸਰਤ ਕਰਨ ਲਈ ਅਖਾੜਾ ਤਿਆਰ ਕੀਤਾ। ਬਾਅਦ ਵਿਚ ਇਥੇ ਅਕਾਲ ਤਖ਼ਤ ਬਣਾਇਆ ਗਿਆ।

੧੫੭੮—ਬਾਬਾ ਸ੍ਰੀ ਚੰਦ ਜੀ, ਗੁਰੂ ਰਾਮਦਾਸ ਜੀ ਦੇ ਮਹਾਨ ਕਾਰਜ ਨੂੰ ਵੇਖਣ ਆਏ ਤੇ ਕਿਹਾ—

"ਤੁਮਰੀ ਮਹਿਮਾ ਅਧਿਕ ਹੈ, ਨਹੀਐ ਕਾਹਿ ਬਨਾਇ।
ਤੁਮਰੇ ਸਰ ਮਹਿ ਜੋ ਮਜਹਿ, ਪਾਪੀ ਭੀ ਗਤਿ ਪਾਇ।"

੧੫ ਜੁਲਾਈ ੧੫੭੯ — ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਬਰਾਤ, ਭਾਰੀ ਰੌਣਕਾਂ ਹੋਈਆਂ।




ਹਮਾਊਂਬਾਦ
ਸ਼ਾਹ ਸ੍ਰੀਗੁਰੂਅੰਗਦਜੀਤੇ ਤਲਵਾਰਚਲਾ
ਵਣਲਗਾਜਾਂਗੁਰੂਜੀ ਨੇ ਇਧੂਦੇਖਿਆਤ ਇਸਦਾਹਥ
ਕਬਜੇਦੇਨਾਲਹੀਜੁੜਗਿਆ

੧੫੮੧—ਭਾਈ ਪ੍ਰਿਥੀ ਚੰਦ ਈਰਖਾ-ਵਸ ਹੋ ਕੇ ਚੜ੍ਹਤ-ਭੇਟਾ ਵਸੂਲ ਕਰਨ ਲੱਗਾ। ਗੁਰੂ ਦਾ ਲੰਗਰ ਵੀ ਮਸਤਾਨਾ ਹੋਣ ਲੱਗਾ। ਰਬਾਬੀ ਬਲਵੰਡ ਅਤੇ ਸੱਤਾ ਨੂੰ ਉਕਸਾਉਣ ਲੱਗਾ।

੧੫੮੧—ਜਹਾਂਗੀਰ ਨੇ ਗਦੀ ਦੀ ਖ਼ਾਤਰ ਪਿਤਾ ਅਕਬਰ ਨੂੰ ਜ਼ਹਿਰ ਦੇ ਕੇ ਮਰਵਾਉਣ ਦੀ ਕੋਸ਼ਿਸ਼ ਕੀਤੀ।

੧੫੮੫—ਮਹੇਸ਼ ਦਾਸ ਬੀਰਬਲ ਗੰਗੂ ਬ੍ਰਾਹਮਣ ਅਕਬਰ ਦਾ ਦਰਬਾਰੀ ਸੀ, ਵਲੋਂ ਤੀਰਥ ਇਸ਼ਨਾਨ ਤੇ ਟੈਕਸ ਲਗਾਇਆ ਗਿਆ ਪਰ ਗੁਰੂ ਅਰਜਨ ਦੇਵ ਜੀ ਵਲੋਂ ਟੈਕਸ ਦੇਣ ਤੋਂ ਇਨਕਾਰ ਕਰ ਦਿਤਾ।

੧੫੮੬—ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਪੱਕਾ ਕਰਵਾਉਣ ਦਾ ਕਾਰਜ ਕੀਤਾ, ਨਗਰ ਦਾ ਨਾਮ ਅੰਮ੍ਰਿਤਸਰ ਰਖਿਆ। ਭਾਈ ਪ੍ਰਿਥੀ ਚੰਦ ਨੇ ਈਰਖਾ ਵਸ ਆਪਣੇ ਸੌਹਰੇ ਪਿੰਡ ਹੇਹਰ ਵਿਖੇ ਇੱਟਾਂ ਦੇ ਭੱਠੇ ਲਗਵਾ ਕੇ ਸ੍ਰੀ ਹਰਿਮੰਦਰ ਦੇ ਮੁਕਾਬਲੇ ਦੁਖ ਨਿਵਾਰਨ ਦਰਬਾਰ ਅਤੇ ਸਰੋਵਰ ਬਣਾ ਲਿਆ।

੧੫੮੮—ਸੰਤੋਖਸਰ ਦਾ ਸਰੋਵਰ ਮੁਕੰਮਲ ਹੋਇਆ।

੧੩ ਜਨਵਰੀ ੧੫੩੮ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਲਾਹੌਰ ਛਾਉਨੀ ਦੇ ਮੀਰ ਮੁਆਈਨ-ਉਲ-ਅਸਲਾਮ ਜੀ ਦੇ ਹਥੋਂ ਰਖਵਾਈ ਗਈ।

੨੯ ਅਪ੍ਰੈਲ ੧੫੯੦—ਸ੍ਰੀ ਤਰਨ ਤਾਰਨ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ।

੧੫੯੩—ਕਰਤਾਰਪੁਰ ਸੋਢੀਆਂ (ਜਲੰਧਰ) ਨਗਰ ਆਬਾਦ ਕੀਤਾ।

੧੫੯੪—ਗੁਰੂ ਕੀ ਵਡਾਲੀ, ਛੇਹਰਟਾ ਆਬਾਦ ਕੀਤਾ।

੧੫੯੭—ਲਾਹੌਰ, ਕਾਲ ਪੈ ਗਿਆਂ, ਗੁਰੂ ਜੀ ਨੇ ਡਬੀ ਬਾਜ਼ਾਰ ਇਕ ਬਾਉਲੀ ਤਿਆਰ ਕਰਵਾ ਦਿਤੀ, ਉਥੋਂ ਜੋ ਲੋਕ ਉਜੜ ਕੇ ਆਏ, ਅੰਮ੍ਰਿਤਸਰ ਵਿਖੇ ਆਬਾਦ ਕੀਤਾ, ਮੁਸਲਮਾਨਾਂ ਲਈ ਇਕ ਮਸੀਤ ਹਾਥੀ ਗੇਟ ਵਿਖੇ ਬਣਵਾ ਦਿਤੀ।

੧੬੦੧—ਜਹਾਂਗੀਰ ਨੇ ਪਿਤਾ ਅਕਬਰ ਵਿਰੁਧ ਬਗਾਵਤ ਕਰ ਦਿਤੀ।

੧੬੦੧—ਰਾਮਸਰ ਸਰੋਵਰ ਤਿਆਰ ਕਰਵਾਇਆ ਅਤੇ ਮੰਜੀ ਸਾਹਿਬ ਵਿਖੇ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਉਚਾਰਨ ਕੀਤੀ। ਇਕ ਪਾਸੇ ਤੰਬੂ ਲਗਵਾ ਕੇ ਭਾਈ ਗੁਰਦਾਸ ਜੀ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਪੋਥੀ ਸਾਹਿਬ ਤਿਆਰ ਕਰਨ ਲਗੇ। ਭਾਈ ਸੰਤ ਦਾਸ, ਭਾਈ ਮਨਸ਼ਾ ਰਾਮ, ਭਾਈ ਹਰੀਆ, ਭਾਈ ਸੁਖਾ ਜੀ ਵਿਦਵਾਨ ਲਿਖਾਰੀ

ਨਾਲ ਸਹਾਇਤਾ ਕਰਦੇ ਰਹੇ। ਹੁਣ ਇਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਭਵਨ ਤਿਆਰ ਹੈ।

੧੬੦੩—ਲਾਹੌਰ ਵਿਖੇ ਗਲ੍ਹਟੀ-ਤਾਪ ਫੈਲ ਗਿਆ, ਤਾਂ ਗੁਰੂ ਅਰਜਨ ਦੇਵ ਜੀ ਰੋਗੀਆਂ ਦੀ ਸੇਵਾ ਲਈ ਗੁਰੂ ਦੇ ਲੰਗਰ, ਰਾਸ਼ਨ, ਵਸਤਾਂ, ਸੇਵਾ ਕਰਨ ਲਗੇ, ਲਾਹੌਰ ਦੇ ਕਾਜੀ ਰੁਸਤਮ ਦੀ ਲੜਕੀ ਬੀਬੀ ਕੌਲਾਂ, ਬੜੀ ਪ੍ਰਭਾਵਤ ਹੋਈ।

੧੬ ਅਗਸਤ ੧੬੦੪—ਪੋਥੀ ਪਰਮੇਸ਼ਵਰ ਤਿਆਰ ਹੋ ਜਾਣ ਤੇ. ਸ੍ਰੀ ਰਾਮਸਰ ਤੋਂ ਸ਼ਬਦ ਕੀਰਤਨ ਕਰਦੇ ਭਾਰੀ ਰੌਣਕਾਂ ਨਾਲ ਸ੍ਰੀ ਹਰਿਮੰਦਰ ਸਾਹਿਬ, ਲਾਚੀ ਬੇਰੀ ਦੇ ਨਾਲ ਕਮਰੇ ਵਿਚ ਉਤਾਰਾ ਕੀਤਾ ਗਿਆ, ਸ੍ਰੀ ਹਰਿਮੰਦਰ ਸਾਹਿਬ ਵਿਖੇ, ਸੁੰਦਰ ਪਾਲਕੀ ਤੇ ਪ੍ਰਕਾਸ਼ ਕੀਤਾ ਗਿਆ, ਚੰਦੋਆ ਲਗਾਇਆ ਗਿਆ, ਬਾਬਾ ਬੁਢਾ ਜੀ ਨੇ ਗੁਰਬਾਣੀ ਦੀ ਸੇਵਾ ਸੰਭਾਲ ਦੇ ਕਾਰਜ ਸ਼ੁਰੂ ਕੀਤੇ, ਭਾਰੀ ਰੌਣਕਾਂ ਹੋਈਆਂ, ਗੁਰੂ ਅਰਜਨ ਦੇਵ ਜੀ ਨੇ ਇਲਾਹੀ ਸ਼ਬਦ ਕੀਰਤਨ ਦੀ ਮਰਯਾਦਾ ਸ਼ੁਰੂ ਕੀਤੀ, ਰਬਾਬੀਆਂ ਦਾ ਬੜਾ ਸਤਿਕਾਰ ਕੀਤਾ। ਇਹ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ।

੨੮ ਅਗਸਤ ੧੬੦੪—ਹਰਿਗੋਬਿੰਦ ਸਾਹਿਬ ਜੀ ਦੀ ਸ਼ਾਦੀ, ਦਮੋਦਰੀ ਜੀ ਨਾਲ ਡਲਾ ਵਿਖੇ ਹੋਈ।

੧੬੦੫—ਤਾਨ ਸੈਨ ਅਕਬਰ ਬਾਦਸ਼ਾਹ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਇਆ, ਬੜਾ ਪ੍ਰਭਾਵਤ ਹੋਇਆ, ਆਪ ਨੇ ਇਲਾਹੀ ਕੀਰਤਨ ਕੀਤਾ।

੧੬੦੫—ਭਾਈ ਪ੍ਰਿਥੀ ਚੰਦ ਨੇ ਈਰਖਾ ਵਸ ਹੋ ਕੇ ਦੁਸ਼ਟ ਫੌਜਦਾਰ ਸੁਲਹੀ ਖਾਨ ਨੂੰ ਚੜ੍ਹਾਈ ਕਰਨ ਵਾਸਤੇ ਭੜਕਾਇਆ, ਤਾਂ ਗੁਰੂ ਦਾ ਭਾਣਾ ਕਿ ਉਹ ਰਸਤੇ ਵਿੱਚ ਆਪਣੇ ਘੋੜੇ ਤੋਂ ਡਿਗ ਕੇ, ਇਟਾਂ ਦੇ ਭੱਠੇ ਵਿਚ ਡਿਗ ਕੇ ਸੜ ਗਿਆ।

੧੭ ਅਕਤੂਬਰ ੧੬੦੫—ਅਕਬਰ ਦੀ ਮੌਤ, ਆਗਰਾ ਵਿਖੇ ਹੋ ਗਈ।

੨੪ ਅਕਤੂਬਰ ੧੬੦੫—ਦੁਸ਼ਟ ਜਹਾਂਗੀਰ, ਨਕਸਬੰਦੀਆਂ ਦੀ ਸਹਾਇਤਾ ਨਾਲ ਤਖਤ ਤੇ ਬੈਠ ਗਿਆ, ਇਸ ਦੇ ਪੁਤਰ ਖੁਸਰੋ ਨੇ ਹੀ ਬਗਾਵਤ ਕਰ ਦਿਤੀ, ਜਨਵਰੀ ੧੬੦੬ ਨੂੰ ਤਰਨ ਤਾਰਨ ਵਿਖੇ ਪੜਾਅ ਕੀਤਾ, ਗੁਰੂ ਅਰਜਨ ਦੇਵ ਜੀ ਤੋਂ ਆਸ਼ੀਰਵਾਦ ਲੈ ਕੇ ਕਾਬਲ ਚਲਾ ਗਿਆ, ਬੀਰਬਲ ਬਰਾਹਮਣ, ਚੰਦੂ ਸ਼ਾਹ ਅਤੇ ਭਾਈ ਪ੍ਰਿਥੀ ਚੰਦ ਵਲੋਂ

ਜਹਾਂਗੀਰ ਨੂੰ ਭੜਕਾਇਆ ਗਿਆ।

ਦਸੰਬਰ ੧੬੦੫–ਭਾਈ ਪ੍ਰਿਥੀ ਚੰਦ ਦੀ ਮੌਤ ਹੋ ਗਈ।

੬ ਅਪਰੈਲ ੧੬੦੬—ਖੁਸਰੋ ਨੇ ਪਿਤਾ ਜਹਾਂਗੀਰ ਵਿਰੁਧ ਬਗ਼ਾਵਤ ਕਰ ਦਿੱਤੀ।

੨੮ ਅਪਰੈਲ ੧੬੦੬—ਜਹਾਂਗੀਰ ਨੇ ਲਾਹੌਰ ਵਿਖੇ ਬਾਗੀ ਖੁਸਰੋ ਦੇ ਸਾਥੀਆਂ ਨੂੰ ਕਤਲ ਕੀਤਾ।

੨੪ ਮਈ ੧੬੦੬ — ਗੁਰੂ ਅਰਜਨ ਦੇਵ ਜੀ ਧਰਮ ਦੀ ਖਾਤਰ ਸ਼ਹੀਦੀ ਦੇਣ ਵਾਸਤੇ ਲਾਹੌਰ ਪਹੁੰਚੇ। ੬ ਦਿਨ ਜਾਸਾ ਅਨੁਸਾਰ ਅਤਿ ਦੇ ਜ਼ੁਲਮ ਬਰਦਾਸ਼ਤ ਕੀਤੇ। ਸ਼ਹੀਦੀ ਦੇ ਮੌਕੇ ਸਾਈਂ ਮੀਆਂ ਮੀਰ ਜੀ ਦੇ ਨਾਲ ਪੁਰਤਗਾਲ ਦਾ ਇਕ ਪਾਦਰੀ ਸੇਂਟ ਜੋਰੋਮ ਜੇਵੀਯਰ ਨੇ ਦਰਦ-ਭਰੀ ਘਟਨਾ ਦਾ ਵਰਣਨ ਕੀਤਾ – "ਅਨੇਕ ਤਰ੍ਹਾਂ ਦੇ ਤਸੀਹੇ ਦੇ ਕੇ ਅਨਾਦਰ ਕੀਤਾ ਅਤੇ ਸ਼ਹੀਦੀ ਹੋਈ।" ਮੁਹੰਮਦ ਦੇ ਇਸਲਾਮ ਦੇ 'ਰਾਜੇ ਸ਼ੀਂਹ ਮੁਕਦਮ ਕੁਤੇ' ਹਾਕਮਾਂ ਨੇ ਅਲਾਹ ਦੇ ਬੰਦਿਆਂ ਨਾਲ ਪਿਆਰ ਕਰਨ ਦਾ ਕਿਸ ਤਰ੍ਹਾਂ ਦਾ ਸਬੂਤ ਦਿੱਤਾ?

੧੩ ਜੂਨ ੧੬੦੬ —ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੁਸ਼ਟਾਂ ਦਾ ਨਾਸ ਕਰਨ ਵਾਸਤੇ ਸੰਤ-ਸਿਪਾਹੀ ਬਾਬਾ ਬੁੱਢਾ ਜੀ ਵਲੋਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ ਗਈਆਂ। ਢਾਡੀ ਅਬਦੁਲਾ ਨੇ ਵਾਰ ਉਚਾਰਨ ਕੀਤੀ—

"ਦੋ ਤਲਵਾਰਾਂ ਬੱਧੀਆਂ,
ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ।"

੧੫ ਜੂਨ ੧੬੦੬--ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਵਿੱਤਰ ਹੱਥਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ। ਨਾਮ ਅਕਾਲ ਪੁਰਖ ਦੇ ਨਾਮ ਤੇ ਅਕਾਲ ਤਖ਼ਤ ਰਖਿਆ। ਭਾਰੀ ਰੌਣਕਾਂ ਹੋਈਆਂ।

੧੬੦੮--ਸ੍ਰੀ ਅਕਾਲ ਤਖ਼ਤ ਤਿਆਰ ਹੋ ਗਿਆ। ਚੰਦੂ ਸ਼ਾਹ ਚੁਗਲੀਆਂ ਕਰਕੇ ਜਹਾਂਗੀਰ ਨੂੰ ਭੜਕਾਉਣ ਲੱਗਾ।

੧੬੦੮--ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਬੁੰਗਾ ਵਿਖੇ ਨਿਸ਼ਾਨ ਸਾਹਿਬ ਝੁਲਾਇਆ।

੧੬੦੯--ਸ੍ਰੀ ਅਕਾਲ ਤਖ਼ਤ ਵਿਖੇ ਸੱਚੇ ਦਰਬਾਰ ਲੱਗਦੇ, ਤਾਂ ਦੁਸ਼ਟ ਜਹਾਂਗੀਰ ਨੇ ਬਗ਼ਾਵਤ ਦਾ ਝੂਠਾ ਇਲਜ਼ਾਮ ਲਗਾ ਕੇ ਮੁਰਤਜਾ ਖ਼ਾਨ ਰਾਹੀਂ

ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਹੋਰ ਪਹਾੜੀ ੫੨ ਰਾਜਿਆਂ ਦੇ ਨਾਲ ਕੈਦ ਕਰ ਦਿੱਤਾ। ਪਿਛੋਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਵਲੋਂ ਧਰਮ-ਯੁਧ ਮੋਰਚਾ ਸ਼ੁਰੂ ਕੀਤਾ ਗਿਆ, ਮਿਸ਼ਾਲਾਂ ਜਗਾ ਕੇ ਪਰਕਰਮਾ ਵਿਚ ਸ਼ਬਦ ਚੌਂਕੀ ਦੀ ਮਰਯਾਦਾ ਸ਼ੁਰੂ ਕੀਤੀ। ਰੋਜ਼ਾਨਾ ਅਰਦਾਸ ਕਰਕੇ ਜਥੇ ਦਰਸ਼ਨਾਂ ਵਾਸਤੇ ਗਵਾਲੀਅਰ ਦੇ ਕਿਲ੍ਹੇ ਵਲ ਜਾਣੇ ਸ਼ੁਰੂ ਹੋ ਗਏ। ਦੋ ਸਾਲ ਸਿਲਸਿਲਾ ਚਲਦਾ ਰਿਹਾ।

੧੬੧੨—ਨਵਾਬ ਵਜ਼ੀਰ ਖਾਨ ਚਨਿਓਟ ਦਾ ਵੈਦ ਹਕੀਮ ਸੀ, ਇਸ ਨੂੰ ਜਲੋਧਰ ਦਾ ਭਿਆਨਕ ਰੋਗ, ਦੁਖ ਭੰਜਣੀ ਘਾਟ ਵਿਖੇ ਇਸ਼ਨਾਨ ਕਰਨ ਅਤੇ ਬਾਬਾ ਬੁਢਾ ਜੀ ਵਲੋਂ ਸਰੋਵਰ ਦੀ ਗਾਰ ਦਾ ਲੇਪ ਕੀਤੇ ਜਾਣ ਨਾਲ ਠੀਕ ਹੋ ਗਿਆ। ਵਜ਼ੀਰ ਖਾਨ ਨੇ ਨੂਰਜਹਾਂ ਨੂੰ ਦਸਿਆ, ਉਸ ਦੇ ਪੈਰ ਉਤੇ ਨਾਸੂਰ ਸੀ, ਤਾਂ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ੫੨ ਪਹਾੜੀ ਰਾਜਿਆਂ ਸਮੇਤ, ਕੈਦ ਤੋਂ ਰਿਹਾ ਕੀਤਾ, ਜਹਾਂਗੀਰ, ਨੂਰ ਜਹਾਂ, ਗੁਰੂ ਸਾਹਿਬ ਦੇ ਨਾਲ ਸ੍ਰੀ ਹਰਿਮੰਦਰ, ਅੰਮ੍ਰਿਤ ਸਰੋਵਰ ਵਿਖੇ ਪਹੁੰਚਿਆ, ਨੂਰ-ਜਹਾਂ ਦਾ ਰੋਗ, ਠੀਕ ਹੋ ਗਿਆ। ਸ੍ਰੀ ਹਰਿਮੰਦਰ ਸਾਹਿਬ, ਭਾਰੀ ਰੌਣਕਾਂ, ਦੀਪ ਮਾਲਾ ਹੋਈ।

੩੦ ਸਤੰਬਰ ੧੬੧੨ - ਬਾਬਾ ਸ੍ਰੀ ਚੰਦ ਜੀ, ੧੧੮ ਸਾਲ ਦੀ ਉਮਰ ਵਿਚ ਜੋਤੀ ਜੋਤਿ ਸਮਾ ਗਏ।

੨੦ ਅਪ੍ਰੈਲ ੧੬੧੩ ਗੁਰੂ ਹਰਿ ਗੋਬਿੰਦ ਸਾਹਿਬ ਦੀ ਸ਼ਾਦੀ ਨਾਨਕੀ ਜੀ ਨਾਲ ਬਾਬਾ ਬਕਾਲਾ ਵਿਖੇ ਹੋਈ।

੧੬੧੩—ਚੰਦੂ ਚੰਦਰੇ ਨੂੰ ਲਾਹੌਰ ਤੋਂ ਲਿਆ ਕੇ ਘਸੀਟ ਘਸੀਟ ਕੇ ਤਸੀਹੇ ਦੇ ਕੇ ਮਾਰਿਆ ਗਿਆ।

੧੬੧੩—ਬਾਬਾ ਗੁਰਦਿਤਾ ਜੀ ਦਾ ਜਨਮ ਹੋਇਆ, ਸ਼ੁਕਰਾਨਾ, ਖੁਸ਼ੀਆਂ ਮਨਾਈਆਂ।

੧੬੧੪—ਗੁਰੂ ਸਾਹਿਬ ਨੇ ਕਿਲ੍ਹਾ ਲੋਹ ਗੜ੍ਹ ਤਿਆਰ ਕਰਵਾਇਆ।

੭ ਜੁਲਾਈ ੧੬੧੫—ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਾਦੀ ਮਹਾਂ ਦੇਵੀ ਜੀ ਨਾਲ ਮੰਡਿਆਲੀ ਵਿਖੇ ਹੋਈ।

੧੬੧੬—ਗੁਰੂ ਸਾਹਿਬ ਨੇ ਇਕ ਖੂਹ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਲਗਵਾਇਆ, ਇਸ ਖੂਹ ਦਾ ਨਾਮ 'ਅਕਾਲ ਸਰ' ਰਖਿਆ।

੧੬੧੬—ਬਾਬਾ ਅਟਲ ਰਾਏ ਦਾ ਜਨਮ ਹੋਇਆ, ਭਾਰੀ ਖੁਸ਼ੀਆਂ, ਸ਼ੁਕਰਾਨਾ, ਰੌਣਕਾਂ ਹੋਈਆਂ।

੧ ਅਪ੍ਰੈਲ ੧੬੨੧ ਬਾਲਕ ਤੇਗ ਬਹਾਦਰ ਦਾ ਜਨਮ, ਗੁਰੂ ਕੇ ਮਹਲ ਵਿਖੇ ਹੋਇਆ, ੧੬੩੧ ਤਕ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਤੋਂ ਗੁਰਮਤਿ ਅਤੇ ਸ਼ਸਤਰ ਵਿਦਿਆ ਦੀ ਸਿਖਿਆ ਪ੍ਰਾਪਤ ਕਰਦੇ ਰਹੇ।

੧੬੨੭—ਬੀਬੀ ਕੌਲਾਂ ਦੇ ਨਾਮ ਤੇ ਕੌਲਸਰ ਤਿਆਰ ਕਰਵਾਇਆ।

੨੮ ਅਕਤੂਬਰ ੧੬੨੭ ਜਹਾਂਗੀਰ ਕਬਰਾਂ ਵਿਚ ਪਹੁੰਚ ਗਿਆ ੮ ਫਰਵਰੀ ੧੬੨੮ ਨੂੰ ਦੁਸ਼ਟ ਸ਼ਾਹ ਜਹਾਨ ਤਖਤ ਤੇ ਬੈਠ ਗਿਆ।

੧੬੨੮—ਅਕਾਲੀ ਫੌਜਾਂ ਦੀ ਛਾਉਣੀ ਲਈ ਬਿਬੇਕ ਸਰ ਦੀ ਉਸਾਰੀ ਕਰਵਾਈ ਗਈ, ਭਾਈ ਗੁਰਦਾਸ ਜੀ ਨੇ ਨੀਂਹ ਰਖੀ।

੨੩ ਜੁਲਾਈ ੧੬੨੮—ਬਾਬਾ ਅਟੱਲ ਰਾਏ ਜੋਤੀ ਜੋਤਿ ਸਮਾ ਗਏ, ਯਾਦਗਾਰ ਬਾਬਾ ਅਟਲ ਹੈ।

ਗੁਰੂ ਹਰਿਗੋਬਿੰਦ ਸਾਹਿਬ ਤੋਂ ਜਦੋਂ ਸ਼ਾਹਜਹਾਨ ਏਲਚੀ ਬਾਜ਼ ਵਾਪਸ ਮੰਗਣ ਆਏ ਤਾਂ ਗੁਰੂ ਜੀ ਨੇ ਫਰਮਾਇਆ—

"ਤੁਸੀਂ ਬਾਜ਼ ਅਸਾਥੋਂ ਮੰਗਦੇ ਹੋ,
ਅਸੀਂ ਤਾਜ ਤੁਹਾਡਾ ਚਾਹਵਦੇ ਹਾਂ ॥"

੧੬੨੮—ਲਾਹੌਰ ਦਾ ਸ਼ਾਹੀ ਬਾਜ਼ ਗੁਰੂ ਸਾਹਿਬ ਦੇ ਬਾਜ ਦੇ ਕਾਬੂ ਆ ਗਿਆ, ਦੁਸ਼ਟ ਮੁਖਲਿਸ ਖਾਨ ਨੇ ਭਾਰੀ ਫੌਜ ਨਾਲ ਹਮਲਾ ਕੀਤਾ, ਗੁਮਟਾਲਾ, ਵਡਾਲੀ ਤੋਂ ਸੰਗਰਾਣਾ ਤਕ ਘਮਸਾਣ ਦਾ ਯੁੱਧ ਹੋਇਆ, ਗੁਰੂ ਸਾਹਿਬ ਵਲੋਂ ਲੋਹਗੜ੍ਹ ਤੋਂ ਲਕੜੀ ਦੀ ਤੋਪ ਵਜੋਂ ਵਰਤੋਂ ਕੀਤੀ ਗਈ, ਦੁਸ਼ਟ ਮੁਖਲਿਸਖਾਨ ਕਤਲ ਹੋ ਗਿਆ। ਫਤਹਿ ਹੋਈ ਸ਼ੁਕਰਾਨਾ ਕੀਤਾ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰਤਾ ਬਾਰੇ ਹੁਕਮ ਕੀਤਾ : "ਸ੍ਰੀ ਹਰਿਮੰਦਰ ਸਾਹਿਬ ਵਾਹਿਗੁਰੂ ਦੇ ਨਾਮ ਸਿਮਰਨ ਦਾ ਪਾਵਨ ਅਸਥਾਨ ਹੈ, ਕੋਈ ਮੰਦਾ ਕਰਮ ਇਥੇ ਨਹੀਂ ਕਰਨਾ ਜੂਆ, ਸ਼ਰਾਬ ਦੇ ਨੇੜੇ ਨਹੀਂ ਜਾਣਾ, ਨਿੰਦਾ, ਚੁਗਲੀ ਠਠਾ ਨਹੀਂ ਕਰਨਾ, ਅਦਾਲਤੀ ਝਗੜੇ ਖੜੇ ਨਹੀਂ ਕਰਨੇ, ਦੀਨ, ਅਨਾਥ ਦੀ ਭਾਉ ਨਾਲ ਸੇਵਾ ਕਰਨੀ।

੧੬੩੦—ਹਰਿ ਗੋਬਿੰਦਪੁਰ (ਗੁਰਦਾਸਪੁਰ) ਅਬਾਦ ਕੀਤਾ, ਮੁਸਲਮਾਨਾਂ ਵਾਸਤੇ ਇਕ ਮਸੀਤ ਬਣਵਾਈ, ਜਲੰਧਰ ਦੇ ਦੁਸ਼ਟ ਹਾਕਮ ਅਬਦੁਲਾ ਖਾਨ ਵਲੋਂ ਹਮਲਾ ਕੀਤਾ ਗਿਆ, ਗੁਰੂ ਸਾਹਿਬ ਨੂੰ ਫਤਹਿ ਹੋਈ।

੨੬ ਨਵੰਬਰ ੧੬੩੧—ਸੰਤ-ਸਿਪਾਹੀ ਬਾਬਾ ਬੁੱਢਾ ਜੀ ੧੨੫ ਸਾਲ ਦੀ ਉਮਰ ਵਿਚ ਰਮਦਾਸ ਵਿਖੇ ਜੋਤੀ-ਜੋਤਿ ਸਮਾ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਅੰਤਮ ਸੰਸਕਾਰ ਆਪ ਕੀਤੇ। ਸਮਾਧ ਸਰੋਵਰ ਵਿਖੇ ਭਾਰੀ

ਰੌਣਕਾਂ ਹੁੰਦੀਆਂ ਹਨ । ਇਨ੍ਹਾਂ ਦੇ ਸਪੁੱਤਰ ਭਾਈ ਭਾਨਾ ਜੀ ਸ੍ਰੀ ਹਰਿਮੰਦਰ ਸਾਹਿਬ ਮੁਖ ਗ੍ਰੰਥੀ ਪ੍ਰਬੰਧਕ ਥਾਪੇ ਗਏ ।

੩੦ ਸਤੰਬਰ ੧੬੩੨--ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਦੀ ਕਰਤਾਰਪੁਰ (ਜਲੰਧਰ) ਦੇ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਈ ।

੧੧ ਅਗਸਤ ੧੬੩੪— ਸਾਈਂ ਮੀਆਂ ਮੀਰ ਜੀ, ਲਾਹੌਰ ਛਾਉਣੀ ਵਿਖੇ ਅਕਾਲ ਚਲਾਣਾ ਕਰ ਗਏ ।

੧੬੩੪ — ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਵਿਖੇ ਸਨ ਕਿ ਦੁਸ਼ਟ ਕਾਲੇ ਖਾਨ ਅਤੇ ਅਕ੍ਰਿਤਘਨ ਪੈਂਦੇ ਖਾਨ ਵਲੋਂ ਹਮਲਾ ਕੀਤਾ ਗਿਆ । ਗੁਰੂ ਤੇਗ ਬਹਾਦਰ ਨੇ ਇਨ੍ਹਾਂ ਦੋਹਾਂ ਦੁਸ਼ਟਾਂ ਨੂੰ ਕਬਰਾਂ ਵਿਚ ਪਹੁੰਚਾ ਦਿੱਤਾ ।

ਗੁਰੂ ਸਾਹਿਬ ਗੁਰਬਾਣੀ ਦੇ ਪ੍ਰਚਾਰ ਲਈ ਕੀਰਤ ਪੁਰ ਚਲੇ ਗਏ, ਪਿਛੋਂ ਪ੍ਰਬੰਧ ਪ੍ਰਿਥੀ ਚੰਦ ਦੇ ਪੁੱਤਰ ਸੋਢੀ ਮਿਹਰਵਾਨ (ਮਨੋਹਰ ਦਾਸ) ਮੀਣੇ ਪੁਜਾਰੀ ਧੀਰ ਮੱਲੀਏ, ਸਰਕਾਰੀ ਸਹਾਇਤਾ ਨਾਲ ਕਰਨ ਲੱਗੇ ।

੨੩ ਸਤੰਬਰ ੧੬੩੭—ਸੰਤ ਸਿਪਾਹੀ ਭਾਈ ਗੁਰਦਾਸ ਜੀ ਅਕਾਲ ਚਲਾਣਾ ਕਰ ਗਏ, ਆਪ ਜੀ ਦੀਆਂ ੪੦ ਵਾਰਾਂ ਪ੍ਰਸਿੱਧ ਹਨ ।

੧੬੩੯—ਸੋਢੀ ਮਿਹਰਵਾਨ ਅਕਾਲ ਚਲਾਣਾ ਕਰ ਗਿਆ । ਇਸ ਦਾ ਪੁਤਰ ਹਰਿ ਜੀ, ਪਰਬੰਧ ਚਲਾਉਣ ਲੱਗਾ ।

੧੮ ਮਾਰਚ ੧੬੫੭ — ਦੁਸ਼ਟ ਔਰੰਗਜ਼ੇਬ ਜੋ ਆਪਣੇ ਪਿਤਾ ਸ਼ਾਹ ਜਹਾਨ ਨੂੰ ਨਜ਼ਰਬੰਦ ਕਰਕੇ ਭਾਈ ਦਾਰਾ ਨੂੰ ਅਤੇ ਸੂਫੀ ਫਕੀਰ ਸਰਮਦ ਨੂੰ ਕਤਲ ਕਰਕੇ ਤਖ਼ਤ ਤੇ ਬੈਠ ਗਿਆ । ਇਸ ਨੀਚ ਅਤੇ ਕਮੀਨੇ ਹਿੰਦੂਆਂ ਉਪਰ ਅਤਿ ਦੇ ਜ਼ੁਲਮ ਕਰਨੇ ਸ਼ੁਰੂ ਕਰ ਦਿਤੇ, ਕਸ਼ਮੀਰ ਮਹਾਨ ਪੰਡਤਾਂ ਦਾ ਗੜ੍ਹ ਸੀ, ਕਿਸੇ ਪੰਡਤ ਵਿਚ ਆਪਣੀ ਜ਼ਾਤ, ਧਰਮ, ਕੌਮ ਵਾਸਤੇ ਕੋਈ ਕੁਰਬਾਨੀ ਦੇਣ ਦਾ ਹੌਸਲਾ ਹੀ ਨਹੀਂ ਸੀ, ਕਸ਼ਮੀਰ ਵਿਚ ਸਾਰੇ ਪੰਡਤ ਆਪਣਾ ਧਰਮ ਛਡ ਕੇ ਕਲਮਾ ਪੜ੍ਹ ਕੇ ਸੁੰਨਤ ਕਰਵਾ ਕੇ ਮਸਲਮਾਨ ਸ਼ੇਖ ਬਣਨ ਲੱਗ ਪਏ ।

ਅਗਸਤ ੧੬੬੪—ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲਾ ਤੋਂ ਆਪਣੇ ਗੁਰੂ ਦੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਏ ਤਾਂ ਮੀਣੇ ਸੋਢੀ ਹਰਿ ਜੀ ਦੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਦਿਤੇ, ਗੁਰੂ ਜੀ ਇਕ ਪਾਸ ਬੇਰੀ ਦੇ ਥੱਲੇ ਥੜ੍ਹੇ ਤੇ ਬੈਠ ਗਏ, ਲਾਲਚੀ ਮਸੰਦਾਂ ਬਾਰੇ



ਫੁਰਮਾਨ ਕੀਤਾ—

"ਨਹ ਮਸੰਦ ਤੁਮ ਅੰਮ੍ਰਿਤਸਰੀਏ ।
ਤ੍ਰਿਸ਼ਨਾਗਨ ਤੇ ਅੰਤਰ ਸੜੀਏ ।"

ਪਿੰਡ ਵੱਲਾ ਵਲ ਚਲੇ ਗਏ, ਤਾਂ ਅੰਮ੍ਰਿਤਸਰ ਨਗਰ ਦੀਆਂ ਸੰਗਤਾਂ ਓਥੇ ਪਹੁੰਚੀਆਂ ਤਾਂ ਉਹਨਾਂ ਦੇ ਪਿਆਰ ਬਾਰੇ ਕਿਹਾ —

"ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ"

ਗਰ ਤੇਗ ਬਹਾਦਰ ਸਾਹਿਬ ਬੰਗਾ ਤੋਂ ਹੁੰਦੇ ਹੋਏ ਕੀਰਤਪਰ ਚਲੇ ਗਏ। ਪਿੰਡ ਮਾਖੋਵਾਲ ਜਾ ਕੇ ਨਵਾਂ ਨਗਰ ਅਨੰਦਪੁਰ ਆਬਾਦ ਕੀਤਾ।

੧੬੮੨—ਭਾਈ ਨੰਦ ਲਾਲ ਜੀ, ਮੁਲਤਾਨ ਤੋਂ ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆਏ, ਇਥੋਂ ਅਨੰਦਪੁਰ ਗਏ ਸਨ।

੧੬੯੦—ਕਲਕਤਾ ਦਾ ਨਗਰ ਅਬਾਦ ਹੋਣਾ ਸ਼ੁਰੂ ਹੋਇਆ।

੧੬੯੬—ਸੋਢੀ ਹਰਿ ਜੀ ਅਕਾਲ ਚਲਾਣਾ ਕਰ ਗਿਆ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦ ਪੁਰ ਤੋਂ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਦੇ ਪ੍ਰਬੰਧ ਸੌਂਪ ਦਿਤੇ, ਗੁਰਮਤਿ ਮਰਯਾਦਾ ਚਾਲੂ ਹੋ ਗਈ।

੧੬੯੭—ਭਾਈ ਨੰਦ ਲਾਲ ਜੀ ਨੇ ਅੰਮ੍ਰਿਤ ਸਰੋਵਰ ਬਾਰੇ ਕਿਹਾ :—

"ਚਿਹ ਗੰਗਾ ਮੁਕਾਬਲ ਬਾ-ਅੰਮ੍ਰਿਤਸਰ,
ਕਿ ਹਰ ਸਮਤ ਆਮਦਹ ਨਾਕਰਸ਼ ॥" (ਜੋਤਿ ਬਿਗਾਸ)

੧੬੯੯—ਹੁਕਮਨਾਮਾ : ੧ਓ ਸਤਿਗੁਰੂ ਜੀ ਸਹਾਇ "ਸਰਬਤ ਸੰਗਤ ਕਾ ਬਲ ਗੁਰੂ ਰਖੇਗਾ, ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਸਾਡੀ ਮੋਹਰ ਹੈ, ਕਛ ਕਿਰਪਾਨ ਦਾ ਵਿਸਾਹ ਨਹੀਂ ਕਰਨਾ ਸਰਬ ਲੋਹ ਦਾ ਕੜਾ ਹਥ ਰਖਣਾ। ਅਭਾਖਿਆ ਕਾ ਕੁਠਾ ਖਾਵੈ ਨਾ ਹੀ, ਤਮਾਕੂ ਨਾ ਵਰਤਣਾ, ਗੁਰਬਾਣੀ ਪੜ੍ਹਨੀ ਰਹਿਤ ਰਖਣੀ ਹੈ।

੩੦ ਮਾਰਚ ੧੬੯੯ – (ਵਿਸਾਖੀ) ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਟਾਂ ਦਾ ਨਾਸ ਕਰਨ ਵਾਸਤੇ ਖਾਲਸਾ ਪੰਥ ਦੀ ਸਾਜਨਾ ਕੀਤੀ, ਭਾਈ ਮਨੀ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਤੋਂ ਭਾਰੀ ਜਥੇ ਲੈ ਕੇ ਅਨੰਦਪੁਰ ਪਹੁੰਚੇ ਸਿੰਘਾਂ ਨੂੰ ਅੰਮ੍ਰਿਤ ਦਾ ਬਾਟਾ ਛਕਾ ਕੇ ਸ਼ਸਤਰ ਧਾਰੀ, ਸੰਤ ਸਿਪਾਹੀ ਬਣਾਇਆ। ਗੁਰੂ ਜੀ ਨੇ ਆਮ ਮੁਸਲਮਾਨਾਂ ਨੂੰ ਕਦੇ ਨਫਰਤ ਨਹੀਂ ਕੀਤੀ, ਸਗੋਂ ਸਾਰੇ ਮਨੁੱਖਾਂ ਲਈ– "ਮਾਨਸ ਕੀ ਜਾਤਿ ਸਭੈ ਏਕੈ

ਪਹਿਚਾਨਬੋ" ਕਿਹਾ। ਮਹੁੰਮਦ ਨੈ ਕਦੇ ਵੀ ਸਾਰੇ ਮਨੁੱਖਾ ਵਾਸਤੇ ਪਿਆਰ, ਸਾਂਝ ਸਰਬਤ ਦੇ ਭਲੇ ਵਾਸਤੇ ਨਹੀਂ ਕਿਹਾ, ਉਸ ਨੇ ਗੈਰ-ਮੁਸਲਮਾਨਾਂ ਨੂੰ ਕਾਫਰ ਕਹਿ ਕੇ ਨਫਰਤ ਕੀਤੀ ਅਤੇ ਬਿਨਾਂ ਕਿਸੇ ਆਪ ਸਾਬਤ ਸੂਰਤ ਕੇਸਾਧਾਰੀ ਸੀ, ਪਰ ਇਸ ਦੇ ਪੈਰੋਕਾਰ, ਮਹੁੰਮਦ ਵਾਂਗ ਸਾਬਤ ਸੂਰਤ ਕੇਸਾ ਧਾਰੀ ਰਹਿਣ ਨੂੰ ਤਿਆਰ ਨਹੀਂ? ਜੇ ਕਰ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਸੰਤ ਸਿਪਾਹੀ ਮਰਜੀਵੜੇ ਸਿੰਘਾ ਨਾਲ ਜ਼ਾਲਮ ਮੁਗਲ ਹਾਕਮਾਂ ਨਾਲ ਟਕਰ ਨਾ ਲੈਂਦੇ ਤਾਂ ਹਿੰਦੂ ਧਰਮ ਤਿਲਕ ਜੰਞੂ ਸਭ ਖ਼ਤਮ ਹੋ ਜਾਣਾ ਸੀ।

"ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।"

ਦਸੰਬਰ ੧੭੦੪—ਸ੍ਰੀ ਅਨੰਦਪੁਰ ਵਿਖੇ ਅਕ੍ਰਿਤਘਣ ਪਹਾੜੀ ਰਾਜਿਆਂ ਨੇ ਆਪਣੇ ਇਸ਼ਟ ਗਊ ਆਦਿ ਦੀਆਂ ਕਸਮਾਂ ਖਾਧੀਆਂ, ਸਿੰਘਾਂ ਨੇ ਕਿਲ੍ਹਾ ਛਡ ਦਿਤਾ ਤਾਂ ਇਨ੍ਹਾਂ ਦੇਸ਼ ਧਰੋਹੀਆਂ ਨੇ ਹਮਲਾ ਕਰ ਦਿਤਾ, ਸਾਰਾ ਪ੍ਰਵਾਰ ਵਿਛੜ ਗਿਆ।

੨੨ ਦਸੰਬਰ ੧੭੦੪—ਚਮਕੌਰ ਦੀ ਗੜ੍ਹੀ ਵਿਖੇ ਦੋ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਤਿੰਨ ਪਿਆਰੇ ਭਾਈ ਮੋਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ ਅਤੇ ੯੦ ਸੂਰਬੀਰ ਯੋਧੇ ਸ਼ਹੀਦ ਹੋਏ।

੨੭ ਦਸੰਬਰ ੧੭੦੪—ਦੁਸ਼ਟ ਗੰਗੂ ਬ੍ਰਾਹਮਣ, ਛੋਟ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ, ਮਾਤਾ ਗੁਜਰੀ ਨੂੰ ਮੋਰਿੰਡਾ ਵਿਖੇ ਗ੍ਰਿਫਤਾਰ ਕਰਵਾ ਕੇ ਸਰਹੰਦ ਦੀਆਂ ਨੀਂਹਾਂ ਵਿਚ ਸ਼ਹੀਦ ਕਰਵਾ ਦਿਤਾ।

੧੭੦੫—ਭਾਈ ਨੰਦ ਲਾਲ ਗੋਯਾ, ਅਕਾਲ ਚਲਾਣਾ ਕਰ ਗਏ।

੨੦ ਫਰਵਰੀ ੧੭੦੭—ਨੂੰ ਦੁਸ਼ਟ ਔਰੰਗਜ਼ੇਬ ਕਬਰਾਂ ਵਿਚ ਪਹੁੰਚ ਗਿਆ।

੭ ਅਕਤੂਬਰ ੧੭੦੮—ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਖੇ ਜੋਤੀ ਜੋਤਿ ਸਮਾ ਗਏ ਪਿਛੋਂ ਪ੍ਰਬੰਧ ਮਾਤਾ ਸੁੰਦਰ ਕੌਰ ਜੀ ਦਿਲੀ ਰਹਿ ਕੇ ਕਰਨ ਲਗੇ।

੧੭੦੯—ਕਵੀ ਦਰਸ਼ਨ ਨੇ ਸ੍ਰੀ ਹਰਿਮੰਦਰ ਬਾਰੇ ਪ੍ਰਸਿਧ ਵਾਰ ਲਿਖੀ:—

"ਅੰਮ੍ਰਿਤਸਰ ਜਲੁ ਅੰਮ੍ਰਿਤ ਤੇਰਾ,
ਚਾਰਿ ਕੁੰਟ ਮਿਲ ਆਵੇ॥
ਦਰਸ਼ਨ ਕੀਤੇ ਪਾਪ ਖੰਡੀਅਨਿ,
ਜਨਮ ਮਰਨ ਮਿਟ ਜਾਵੇ॥
ਚਉਰਾਸੀ ਵਿਚਿ ਪਵਨਿ ਨ
ਮੁਲੇ ਅੰਮ੍ਰਿਤਸਰ ਜੋ ਨ੍ਹਾਵੇ॥





ਸਾਹਿਬਜ਼ਾਦੇ ਚਮਕੌਰ ਦੀ ਜੰਗ ਦੀ ਤਿਆਰੀ ਵਿਚ

ਕਹੁ ਜੀ ਦਰਸਨੁ ਅੰਮ੍ਰਿਤਸਰ ਕੋ,
ਨਾਵਨ ਕੋ ਵਡਭਾਗੀ ਪਾਵੈ ॥"

੨੯ ਮਾਰਚ ੧੭੦੯—ਭਾਈ ਮਨੀ ਸਿੰਘ ਜੀ ਦੇ ਪ੍ਰਬੰਧ ਵੇਲੇ ਵਿਸਾਖੀ ਦੇ ਸਮਾਗਮ ਸਮੇਂ ਇਕ ਚੂਹੜ ਮਲ ਨੇ ਤੂਤਾਂ ਦੀ ਮਾਮੂਲੀ ਜਿਹੀ ਗਲ ਤੋਂ ਝਗੜਾ ਹੋ ਜਾਣ ਕਰਕੇ ਪੱਟੀ ਦੇ ਆਮੀਨ ਹਰਿਸਹਾਇ ਅਤੇ ਲਾਹੌਰ ਦੇ ਸੂਬੇਦਾਰ ਅਸਲਮ ਖਾਨ ਨੇ ਅੰਮ੍ਰਿਤਸਰ ਤੇ ਭਾਰੀ ਹਮਲਾ ਕਰ ਦਿਤਾ, ਤਿੰਨ ਪਹਰ ਡਟਵੀਂ ਲੜਾਈ ਹੋਈ ਦੁਸ਼ਟ ਅਮੀਨ ਹਰਿ-ਸਹਾਇ ਮਾਰਿਆ ਗਿਆ, ਸਿੰਘਾਂ ਨੂੰ ਫਤਹਿ ਹੋਈ ਬਹਾਦਰ ਸ਼ਾਹ ਨੇ ਅਸਲਮ ਖਾਨ ਨੂੰ ਲਾਹਨਤਾਂ ਪਾਈਆਂ। ਇਸ ਹਮਲੇ ਦੀ ਬਰਬਾਦੀ ਦੇ ਮਾਹੌਲ ਬਾਰੇ ਕਵੀ ਦਰਸ਼ਨ ਨੇ ਵਾਰ ਲਿਖੀ ਹੈ।

ਅਪਰੈਲ ੧੭੧੦—ਸ੍ਰੀ ਹਰਿਮੰਦਰ ਸਾਹਿਬ ਦਾ ਪਰਬੰਧ, ਸਰਦਾਰ ਅਜੀਤ ਸਿੰਘ ਮੁਤਬਨਾ ਸਾਹਿਬਜ਼ਾਦਾ ਮਾਤਾ ਸੁੰਦਰ ਕੌਰ ਜੀ ਕਰਨ ਲਗੇ, ਪਰ ਹੰਕਾਰੀ ਹੋ ਗਿਆ ਅਤੇ ਦਿੱਲੀ ਵਿਖੇ ਕਤਲ ਹੋ ਗਿਆ।

੨੨ ਮਈ ੧੭੧੦—ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੇ ਦੁਸ਼ਟ ਵਜ਼ੀਰ ਖਾਨ ਨੂੰ ਚਪੜ-ਚਿੜੀ ਦੇ ਮੈਦਾਨ ਵਿਚ ਕਤਲ ਕੀਤਾ। ਸਰਹੰਦ ਨੂੰ ਬਰਬਾਦ ਕੀਤਾ। ਆਪਣੀ ਰਾਜਧਾਨੀ ਮੁਖਲਸ ਪੁਰ ਬਣਾ ਦਿੱਤੀ, ੧੭੨੦ ਤਕ ਸਾਰੇ ਕਾਰਜ ਇਥੋਂ ਹੁੰਦੇ ਰਹੇ।

੧੦ ਦਸੰਬਰ ੧੭੧੦—ਦੁਸ਼ਟ ਬਹਾਦਰ ਸ਼ਾਹ ਨੇ ਸ਼ਾਹੀ ਹੁਕਮ ਕੀਤਾ ਕਿ ਜਿਥੇ ਵੀ ਕੋਈ ਸਿੰਘ ਨਜ਼ਰ ਆਵੇ ਮਾਰ ਦਿੱਤਾ ਜਾਵੇ, ਹਾਲਾਂ ਕਿ ਇਸ ਅਕ੍ਰਿਤਘਣ ਨੂੰ ਸਾਲ ੧੭੦੭ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਤੇ ਬੈਠਾ ਕੇ ਤਾਜਪੋਸ਼ੀ ਕੀਤੀ ਸੀ।

੩੦ ਸਤੰਬਰ ੧੭੧੧—ਬਹਾਦਰ ਸ਼ਾਹ ਨੇ ਅੰਮ੍ਰਿਤਸਰ ਦਾ ਇਲਾਕਾ ਸਰਦਾਰ ਅਜੀਤ ਸਿੰਘ ਪਾਲਕ ਪੁਤਰ ਮਾਤਾ ਸੁੰਦਰ ਕੌਰ ਨੂੰ ਸੌਂਪ ਦਿੱਤਾ, ਪਰ ਹੰਕਾਰ-ਵਸ ਹੋ ਕੇ ਆਪਣੀ ਪੂਜਾ ਕਰਵਾਉਣ ਲੱਗਾ ਤਾਂ ਮਾਤਾ ਸੁੰਦਰ ਕੌਰ ਜੀ ਨੇ ਵਾਪਸ ਦਿੱਲੀ ਬੁਲਾ ਲਿਆ।

੧੮ ਫਰਵਰੀ ੧੭੧੨ — ਦੁਸ਼ਟ ਬਹਾਦਰ ਸ਼ਾਹ ਲਾਹੌਰ ਵਿਖੇ ਕਬਰਾਂ ਵਿਚ ਪਹੁੰਚ ਗਿਆ।

੧੭੧੩—ਫਰੁਖਸੀਅਰ, ਜਮਦਾਰ ਸ਼ਾਹ ਨੂੰ ਕਤਲ ਕਰਕੇ ਤਖਤ ਤੇ ਬੈਠ ਗਿਆ, ਸਿੱਖਾਂ ਤੇ ਜ਼ੁਲਮ ਕਰਨ ਲੱਗਾ।

੧੭੧੩--ਸ੍ਰੀ ਹਰਿਮੰਦਰ ਸਾਹਿਬ ਦਾ ਪਰਬੰਧ ਬੰਦਈ ਖਾਲਸਾ ਭਾਈ ਮਹੰਤ

ਸਿੰਘ ਦੇ ਹਥਾ ਵਿਚ ਸੀ। ਲਾਹੌਰ ਦੇ ਹਾਕਮ ਜ਼ੁਲਮ ਕਰਦੇ ਰਹੇ।

੧੭੧੩ — ਭਾਈ ਨੰਦ ਲਾਲ ਜੀ ਗੋਯਾ, ਹਜ਼ੂਰੀ ਕਵੀ, ਅਕਾਲ ਚਲਾਣਾ ਕਰ ਗਏ।

੧੭੧੬—ਸ: ਹਰਦਾਸ ਸਿੰਘ (ਦਾਦਾ ਸ: ਜੱਸਾ ਸਿੰਘ ਰਾਮਗੜ੍ਹੀਆ) ਬਿਜੈਵਾੜਾ ਵਿਖੇ ਜੂਝਦੇ ਹੋਏ ਸ਼ਹੀਦ ਹੋਏ।

੯ ਜੂਨ ੧੭੧੬—ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਦਿੱਲੀ ਕੁਤਬ ਮਿਨਾਰ ਦੇ ਨੇੜੇ ਸ਼ਹੀਦ ਕੀਤਾ ਗਿਆ। ਦੁਸ਼ਟ ਫਰੁਖਸੀਅਰ ਹਾਕਮ ਸੀ।

੧੭੧੬--ਸ੍ਰੀ ਹਰਿਮੰਦਰ ਸਾਹਿਬ ਦਾ ਪਰਬੰਧ ਬੰਦਈ ਖਾਲਸਾ ਕਰਦਾ ਸੀ। ਇਸ ਨੂੰ 'ਫਤਹ ਦਰਸ਼ਨ' ਕਹਿੰਦੇ ਸਨ। ਪਰ ਸ੍ਰੀ ਅਕਾਲ ਤਖ਼ਤ ਦਾ ਪਰਬੰਧ ਤੱਤ ਖਾਲਸਾ ਬਾਬਾ ਕਾਹਨ ਸਿੰਘ ਜੀ ਕਰਦੇ ਸਨ।

੧੬ ਅਪਰੈਲ ੧੭੧੭--ਭਾਈ ਮਨੀ ਸਿੰਘ ਜੀ ਨੇ ਪਰਬੰਧ ਸੰਭਾਲ ਲਏ ਅਤੇ ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਮਲੇਛਾਂ ਵਲੋਂ ਦਰਦ-ਭਰੀ ਹਾਲਤ ਬਾਰੇ ਇਕ ਚਿੱਠੀ ਦਿੱਲੀ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਲਿਖ ਕੇ ਦੱਸੀ ਸੀ। ਬੰਦਈ ਖਾਲਸਾ ਨੂੰ ਕੱਢ ਦਿੱਤਾ।

੧੬ ਮਈ ੧੭੧੯--ਫਰਖੁਸੀਅਰ ਨੂੰ ਹੁਸੈਨ ਅਲੀ ਨੇ ਕਤਲ ਕਰ ਦਿੱਤਾ।

੨੬ ਜਨਵਰੀ ੧੭੨੦--ਦੁਸ਼ਟ ਨਾਦਰ ਸ਼ਾਹ ਨੇ ਦਿੱਲੀ ਵਿਖੇ ਹਮਲਾ ਕਰਕੇ ਭਾਰੀ ਲੁਟ-ਮਾਰ ਕੀਤੀ।

ਔਰੰਗਜ਼ੇਬ, ਬਹਾਦਰ ਸ਼ਾਹ, ਫਰਖਸੀਅਰ, ਨਾਦਰ ਅਬਦਾਲੀ ਦੇ ਜ਼ੁਲਮ ਸਮੇਂ ਇਨ੍ਹਾਂ ਪੰਡਤਾਂ ਬ੍ਰਾਹਮਣਾ ਉਪਰ ਕਿਤਨੇ ਜ਼ੁਲਮ ਹੋਏ, ਗੁਰੂ ਦੇ ਸਿੰਘ ਇਨ੍ਹਾਂ ਦੀਆਂ ਬਹੂ ਬੇਟੀਆਂ, ਧਰਮ ਬਚਾਉਣ ਲਈ ਕੁਰਬਾਨੀਆਂ ਕਰਦੇ ਰਹੇ, ਉਦੋਂ ਇਹ ਅਕ੍ਰਿਤਘਣ ਅਕਾਲੀ ਫੌਜਾਂ ਨੂੰ ਰਾਜ ਰਿਸ਼ੀ ਕਹਿ ਕੇ ਸਤਿਕਾਰ ਕਰਦੇ ਸਨ।

੧੭੨੧—ਭਾਈ ਮਨੀ ਸਿੰਘ ਜੀ ਵਲੋਂ ਗੁਰਮਤਿ ਦੀ ਟਕਸਾਲ ਕਾਇਮ ਕਰਕੇ ਗੁਰਬਾਣੀ ਗੁਟਕੇ ਤਿਆਰ ਕਰਕੇ ਸ਼ਰਧਾਲੂ ਸੰਗਤਾਂ ਨੂੰ ਭੇਟਾ ਕੀਤੇ ਜਾਂਦੇ, ਸ਼ੁਧ ਉਚਾਰਨ ਲਈ ਪ੍ਰਚਾਰਕ ਤਿਆਰ ਕੀਤੇ ਜਾਂਦੇ।

੧੭੨੬—ਦੁਸ਼ਟ ਅਬਦੁਲ ਸਮਦ ਖਾਨ ਦਾ ਪੁਤਰ ਦੁਸ਼ਟ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣ ਗਿਆ ਅਤੇ ਸਿੰਘਾਂ ਉਪਰ ਅਤਿ ਦੇ ਜ਼ੁਲਮ ਕਰਨ ਲਗਾ। ਸਿੰਘਾਂ ਨੂੰ ਗਰਿਫਤਾਰ ਕਰਕੇ, ਦਿਲੀ ਦਰਵਾਜ਼ਾ, ਲਾਹੌਰ ਨਖਾਸ ਚੌਕ ਵਿਖੇ ਸ਼ਹੀਦ ਕਰ ਦਿਤਾ ਜਾਂਦਾ, ਸਿੰਘ ਕਹਿੰਦੇ :

"ਰਾਜ ਕਰੇਗਾ ਖਾਲਸਾ"



੧੭੨੭—ਭਾਈ ਤਾਰਾ ਸਿੰਘ ਪਿੰਡ ਵਾਂ (ਡਲਵਾਂ) ਨੂੰ ਤਸੀਹੇ ਦੇ ਕੇ ਤੇ ਹੋਰ ੨੧ ਸਿੰਘਾਂ ਦੇ ਨਾਲ ਸ਼ਹੀਦ ਕੀਤਾ ਗਿਆ, ਦੀਵਾਨ ਸਾਹਿਬ ਰਾਏ ਨੇ ਬਹੁਤ ਜ਼ੁਲਮ ਕੀਤੇ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਸ: ਦਰਬਾਰਾ ਸਿੰਘ ਨੇ ਸਰਬਤ ਖਾਲਸਾ ਇਕਠਾ ਕੀਤਾ।

ਸਿੰਘਾਂ ਦੀ ਮੁਖਬਰੀ ਕਰਨ ਵਾਲੇ ਚੌ: ਕਰਮਾਂ ਪਿੰਡ ਛੀਨਾਂ, ਚੌ: ਰਾਮਾ ਰੰਧਾਵਾ ਤਲਵੰਡੀ, ਸਰਨ ਦਾਸ ਹੰਦਾਲੀਆ, ਹਰਿਭਗਤ ਨਿਰੰਜਨੀਆਂ ਜੰਡਿਆਲਾ, ਚੌ: ਸਾਹਿਬ ਰਾਏ ਨੁਸ਼ਹਿਰਾ ਨੇ ਸਿੰਘਾਂ ਨੂੰ ਗਰਿਫਤਾਰ ਕਰਵਾ ਕੇ ਸ਼ਹੀਦ ਕਰਵਾਇਆ।

ਸੰਨ ੧੭੨੭ ਤੋਂ ੧੭੩੩ ਤਕ ਜ਼ਕਰੀਆ ਖਾਨ ਵਲੋਂ ਸ੍ਰੀ ਹਰਿਮੰਦਰ ਦੇ ਦੁਆਲੇ ਫੌਜੀ ਪਹਿਰਾ ਬੈਠਾ ਦਿਤਾ ਗਿਆ ਕਾਫੀ ਸਖਤੀ ਅਤੇ ਜ਼ੁਲਮ ਹੋਣ ਲਗਾ।

ਅਪ੍ਰੈਲ ੧੭੩੩—ਖਾਲਸਾ ਪੰਥ ਵਲੋਂ ਅੰਮ੍ਰਿਤਸਰ ਵਿਖੇ ੫ ਛਾਉਣੀਆਂ ਇਕ ਹਰਿਮੰਦਰ ਸਾਹਿਬ, ਰਾਮਸਰ, ਬਿਬੇਕਸਰ, ਲਛਮਨਸਰ ਅਤੇ ਕੌਲਸਰ ਕਾਇਮ ਕੀਤੀਆਂ ਗਈਆਂ ਵਿਸਾਖੀ ਦੇ ਮੌਕੇ, ਸਾਰੇ ਸਿੰਘ, ਭਾਰੀ ਗਿਣਤੀ ਵਿਚ ਇਕਠੇ ਹੋਏ।

ਅਪ੍ਰੈਲ ੧੭੩੩—ਖਾਲਸਾ ਪੰਥ ਦੇ ਦੋ ਦਲ (੧) ਬੁਢਾ ਦਲ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਕਰਨ ਲਗਾ (੨) ਤਰਨਾ ਦਲ ਹੋਰਨਾਂ ਅਸਥਾਨਾਂ ਤੇ ਪ੍ਰਬੰਧ ਅਤੇ ਪ੍ਰਚਾਰ ਦੌਰੇ ਕਰਨ ਲਗਾ। ਸ: ਕਪੂਰ ਸਿੰਘ ਜੀ ਪੰਥ ਦੇ ਆਗੂ ਸਨ।

ਅਪ੍ਰੈਲ ੧੭੩੩—ਦੁਸ਼ਟ ਜ਼ਕਰੀਆ ਖਾਨ ਨੇ ਸਿੰਘਾਂ ਨਾਲ ਮਿਤਰਤਾ ਕਾਇਮ ਕਰਨ ਵਾਸਤੇ ਸ: ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਲਗਾ ਦਿਤਾ, ਸ੍ਰੀ ਹਰਿਮੰਦਰ ਤੋਂ ਫੌਜੀ ਪਹਿਰਾ ਤੇ ਸਖਤੀ ਖ਼ਤਮ ਕਰ ਦਿਤੀ, ਨਵਾਬੀ ਭੇਜੀ ਗਈ ਜੋ ਸ੍ਰੀ ਅਕਾਲ ਤਖਤ ਤੇ ਸਰਬਤ ਖ ਲਸਾ ਵਲੋਂ ਵਿਚਾਰ ਕਰਦੇ ਸਿੰਘਾਂ ਦੇ ਜੋੜਿਆਂ ਨਾਲ ਛੁਹਾ ਕੇ ਪ੍ਰਦਾਨ ਕੀਤੀ ਗਈ, ਜਥੇਦਾਰ ਕਪੂਰ ਸਿੰਘ ਨੂੰ ਨਵਾਬੀ ਸੌਂਪੀ ਗਈ, ਸਿੰਘਾਂ ਨੂੰ ਦੀਵਾਲੀ ਮਨਾਉਣ ਦੀ ਖੁਲ ਦਿਤੀ ਗਈ। ਜ਼ਕਰੀਆ ਖਾਨ ਦੀ ਕਮੀਨੀ ਚਾਲ ਸੀ ਕਿ ਸਿੰਘ ਦੀਵਾਲੀ ਦੇ ਮੌਕੇ ਭਾਰੀ ਗਿਣਤੀ ਵਿਚ ਇਕਠੇ ਹੋ ਜਾਣਗੇ ਤਾਂ ਸਭ ਨੂੰ ਕਤਲ ਕਰ ਦਿਤਾ ਜਾਵੇਗਾ, ਸੋ ਸਿੰਘ ਸੁਚੇਤ ਹੋ ਗਏ ਅਤੇ ਦੀਵਾਲੀ ਨਾ ਮਨਾਈ।

੨੪ ਜੂਨ ੧੭੩੪—ਭਾਈ ਮਨੀ ਸਿੰਘ ਜੀ ਨੂੰ ਨਿਖਾਸ ਚੌਂਕ ਲਾਹੌਰ ਵਿਖੇ, ਬੰਦ ਬੰਦ ਕਟੇ ਅਤੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਪੰਥ ਵਲੋਂ ਇਨ੍ਹਾਂ ਦੀ ਯਾਦਗਾਰ ਬਨਾਉਣੀ ਚਾਹੀਦੀ ਹੈ। ਦੁਸ਼ਟ ਕਾਜ਼ੀ ਅਬਦੁਲ ਰਜ਼ਾਕ ਜੋ ਅੰਮ੍ਰਿਤਸਰ ਦਾ ਹਾਕਮ ਸੀ ਨੇ ਸ੍ਰੀ ਹਰਿਮੰਦਰ ਉਪਰ ਕਬਜ਼ਾ ਕਰ ਲਿਆ, ਸਰੋਵਰ ਨੂੰ ਮਿਟੀ ਨਾਲ ਭਰਵਾਉਣ ਦੀ ਬੇ-ਅਦਬੀ ਕਰਨ ਲਗਾ ਤਾਂ ਭਾਈ ਅਘੜ ਸਿੰਘ (ਭਤੀਜਾ ਸ਼ਹੀਦ ਭਾਈ ਮਨੀ ਸਿੰਘ) ਨੇ ਇਸ ਦੁਸ਼ਟ ਨੂੰ ਕਤਲ ਕਰ ਦਿਤਾ।

ਭਾਈ ਥਰਾਜ ਸਿੰਘ ਨੇ ਉਸ ਕਾਜ਼ੀ ਨੂੰ ਵੀ ਕਤਲ ਕਰ ਦਿਤਾ ਜਿਸ ਨੇ ਭਾਈ ਮਨੀ ਸਿੰਘ ਨੂੰ ਸ਼ਹੀਦ ਕੀਤੇ ਜਾਣ ਦਾ ਫਤਵਾ ਦਿਤਾ ਸੀ।

ਨਵਾਬ ਕਪੂਰ ਸਿੰਘ ਨੇ ਸੁਮੱਦ ਖਾਨ ਨੂੰ ਕਤਲ ਕਰ ਦਿਤਾ ਅਤੇ ਸਾਰੇ ਜਥੇ ਰਾਜਸਥਾਨ, ਰਾਜਪੂਤਾਨਾ ਵਲ ਚਲੇ ਗਏ।

੧੭੩੪—ਮਾਤਾ ਸਾਹਿਬ ਕੌਰ ਜੀ ਨੇ ਦਿਲੀ ਤੋਂ ਮਾਮਾ ਕਿਰਪਾਲ ਸਿੰਘ ਅਤੇ ਭਾਈ ਰਾਮ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵਾਸਤੇ ਭੇਜਿਆ। ਸੇਵਾ ਪੰਥੀ ਅਡਣ ਸ਼ਾਹੀਏ ਇਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਭਾਲ ਕੇ ਲੈ ਗਏ।

੧੭੩੬—ਨਾਦਰ ਸ਼ਾਹ, ਈਰਾਨ ਦਾ ਬਾਦਸ਼ਾਹ ਬਣ ਗਿਆ, ਪਹਿਲਾ ਭੇਡਾਂ ਚਾਰਨ ਵਾਲਾ ਸੀ।

੧੭੩੭—ਜ਼ਕਰੀਆ ਖਾਨ ਵਲੋਂ ਐਲਾਨ ਕੀਤਾ ਗਿਆ ਕਿ ਸਿੰਘਾਂ ਦਾ ਖਾਤਮਾ ਹੋ ਗਿਆ ਹੈ ਸ੍ਰੀ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ ਗਿਆ ਪਰ ਮਰਜੀਵੜੇ ਸਿੰਘ ਸਿਰ ਧੜ ਦੀ ਬਾਜ਼ੀ ਲਗਾ ਕੇ ਵੀ ਸ੍ਰੀ ਹਰਿਮੰਦਰ ਪਹੁੰਚ ਜਾਂਦੇ। ਸ੍ਰੀ ਹਰਿਮੰਦਰ ਦਾ ਪ੍ਰਬੰਧ ਉਦਾਸੀ ਨਿਰਮਲੇ ਸਾਧ ਮਹੰਤ ਚਲਾਉਣ ਲਗੇ।

੧੭੩੮—ਸ: ਭਗਵਾਨ ਸਿੰਘ (ਪਿਤਾ ਸ: ਜਸਾ ਸਿੰਘ ਰਾਮਗੜ੍ਹੀਆ) ਲਾਹੌਰ ਵਿਖੇ ਜੂਝਦੇ ਸ਼ਹੀਦ ਹੋਏ।

੧੭੩੯—ਦੁਸ਼ਟ ਅਬਦੁਲ ਸੁਮੱਦ ਖਾਨ (ਸਮੰਦ ਖਾਨ) ਮਰ ਗਿਆ।

੧੭੩੯—ਭਾਈ ਬੋਤਾ ਸਿੰਘ ਗਰਜਾ ਸਿੰਘ, ਨੂਰਦੀਨ ਦੀ ਸਰਾਏ ਤਰਨ ਤਾਰਨ ਵਿਖੇ ਖਾਲਸਾ ਰਾਜ ਦਾ ਮੋਰਚਾ ਲਗਾ ਕੇ ਸ਼ਹੀਦ ਹੋਏ।

੧੭੩੯—ਦੁਸ਼ਟ ਨਾਦਰ ਨੇ ਦਿੱਲੀ ਬਰਬਾਦ ਕਰਕੇ ਤਖਤੇ ਤਾਉਸ ਅਤੇ ਕੋਹੇ-ਨੂਰ ਹੀਰਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਸਿਖਾਂ ਨੇ ਪੰਡਤਾਂ ਦੀ ਇਜ਼ਤ ਬਚਾਈ, ਕਿਸੇ ਪੰਡਤ ਨੇ ਕੁਰਬਾਨੀ ਨਹੀਂ ਦਿਤੀ।

੯ ਮਾਰਚ—ਨਾਦਰ ਸ਼ਾਹ ਦਾ ਅਸਲ ਨਾਮ ਤਹਮਾਸਪ ਕੁਲੀ ਖਾਨ ਸੀ, ਦਿਲੀ ਮੁਹੰਮਦ ਸ਼ਾਹ ਰੰਗੀਲਾ ਸੀ।

੧੭੩੯--ਨਾਦਰ ਸ਼ਾਹ ਨੇ ਵਾਪਸੀ ਤੇ ਸਿੰਘਾਂ ਨੇ ਹਿੰਦੂ ਔਰਤਾਂ ਨੂੰ ਛੁਡਾਇਆ ਸੀ। ਤਾਂ ਨਾਦਰ ਦੀ ਜ਼ਕਰੀਆ ਖਾਨ ਨੂੰ ਕਿਹਾ ਸੀ "ਕਿ ਇਹ ਕੌਮ ਇਕ ਦਿਨ ਰਾਜ ਕਰੇਗੀ"

੧੭੩੯—ਚੌਧਰੀ ਮਸਾ ਰੰਘੜ ਨੂੰ ਅੰਮ੍ਰਿਤਸਰ ਦਾ ਹਾਕਮ ਬਣਾ ਦਿਤਾ ਜੋ ਸ੍ਰੀ ਹਰਿਮੰਦਰ ਵਿਖੇ ਬੇ-ਅਦਬੀ ਕਰਨ ਲਗਾ, ਉਥੋਂ ਨਿਰਮਲੇ ਸਾਧੂ ਸੰਤਾਂ ਨੂੰ ਕਢ ਦਿਤਾ ਗਿਆ।

੩ ਅਗਸਤ ੧੭੪੦—ਮੁਹੰਮਦ ਦੇ ਇਸਲਾਮ ਦੇ ਦੁਸ਼ਟ ਮੱਸਾ ਰੰਘੜ (ਮਸਲਾਉਲ-ਦੀਨ) ਮੰਡਿਆਲੀ ਦਾ ਫੌਜਦਾਰ ਸੀ, ਸ੍ਰੀ ਅੰਮ੍ਰਿਤਸਰ ਦੀ ਜ਼ਮੀਨ ਪਹਿਲਾਂ ਰੰਘੜਾਂ ਦੀ ਮਲਕੀਅਤ ਹੁੰਦੀ ਸੀ।

੨ ਜਨਵਰੀ ੧੭੪੧—ਸ: ਸੁਖਾ ਸਿੰਘ ਮਹਿਤਾਬ ਸਿੰਘ ਜੀ, ਇਸ ਦੁਸ਼ਟ ਮੱਸਾ ਰੰਘੜ ਦਾ ਸਿਰ ਵਢ ਕੇ ਨੇਜ਼ੇ ਉਤੇ ਟੰਗ ਕੇ ਲੈ ਗਏ। ਜ਼ਕਰੀਆ ਖਾਨ ਅਤੇ ਦੀਵਾਨ ਲਖਪਤ ਰਾਏ ਵਲੋਂ ਜ਼ੁਲਮ ਹੋਣ ਲਗੇ, ਬਹੁਤ ਸਾਰੇ ਸਾਧੂ ਸੰਤ ਵੀ ਮਾਰੇ ਗਏ।

੧੭੪੦—ਪੰਥ ਦਾ ਜਥੇਦਾਰ ਸ: ਭਾਗ ਸਿੰਘ ਆਹਲੂਵਾਲੀਆ ਸੀ, ਇਸ ਦਾ ਭਾਣਜਾ ਸ: ਜੱਸਾ ਸਿੰਘ ਆਹਲੂਵਾਲੀਆ, ਸੂਰਬੀਰ ਯੋਧਾ ਨਾਲ ਸੀ। ਇਨ੍ਹਾਂ ਦਿਨਾਂ ਵਿਚ ਸਿੰਘਾਂ ਦੇ ਸਿਰਾਂ ਦੇ ਮੁਲ ੧੦/-ਰੁਪਏ ਫੜ ਕੇ ਲਿਆਉਣ ਦੇ ੫੦/-ਰੁਪਏ, ਸੂਹ ਦੇਣ ਦੇ ੧੦/-ਰੁਪਏ ਆਦਿ ਇਨਾਮ ਰਖੇ ਸਨ, ਪਰ ਸਿੰਘਾਂ ਦੇ ਹੌਂਸਲੇ ਬਲੰਦ ਹੀ ਰਹੇ।

੧੭੪੨--ਸਿੰਘਾਂ ਨੇ ਇਕਠੇ ਹੋ ਕੇ, ਸਰੋਵਰ ਦੀ ਕਾਰਸੇਵਾ ਅਤੇ ਸ੍ਰੀ ਹਰਿਮੰਦਰ ਨੂੰ ਸਾਫ ਪਵਿਤਰ ਕੀਤਾ, ਉਦਾਸੀ ਨਿਰਮਲੇ ਸਾਧ ਸੰਤ, ਪ੍ਰਬੰਧ ਚਲਾਉਣ ਲਗੇ।

ਜੁਲਾਈ ੧੭੪੫ ਸ: ਸੁਬੇਗ ਸਿੰਘ, ਅਤੇ ਇਸ ਦੇ ਪੁਤਰ ਸ਼ਾਹਬਾਜ਼ ਸਿੰਘ ਨੂੰ ਲਾਹੌਰ ਵਿਖੇ ਚਰਖੜੀਆਂ ਤੇ ਚੜ੍ਹਾ ਕੇ ਤੁੰਬਾ-ਤੁੰਬਾ ਕਰਕੇ ਸ਼ਹੀਦ ਕਰ ਦਿਤਾ ਗਿਆ। ਦੁਸ਼ਟ ਜ਼ਾਲਮ ਵੀ ਸਿੰਘਾਂ ਦੀਆਂ ਕੁਰਬਾਨੀਆਂ ਦੀ ਪ੍ਰਸੰਸਾ ਕਰਦੇ, ਸਿੰਘਾਂ ਨੇ ਧਰਮ ਨਹੀਂ ਛਡਿਆ :—

"ਜੇਹ ਸਿਖ ਬਹਾਦਰ ਸੂਰੇ,
ਆਪਣੇ ਹਠ ਦੇ ਪੂਰੇ।"

੮ ਅਕਤੂਬਰ ੧੭੪੫ ਸੂਰਬੀਰ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ ਨੂੰ ਦੁਸ਼ਟ ਚੌਧਰੀ ਹਰਭਗਤ ਨਿਰੰਜਣੀਏ ਨੇ ਗਰਿਫਤਾਰ ਕਰਵਾ ਦਿਤਾ, ਭਾਈ ਸਾਹਿਬ ਨੇ ਆਪਣੇ ਕੇਸ ਨਹੀਂ ਕਟਵਾਏ ਸਗੋਂ ਰੰਬੀ ਨਾਲ ਆਪਣੀ ਖੋਪਰੀ ਕਟਵਾ ਲਈ ਸੀ। ਦੁਸ਼ਟ ਜ਼ਕਰੀਆਂ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤਾਂ ਭਾਈ ਤਾਰੂ ਸਿੰਘ ਦੀਆਂ ਜੁਤੀਆਂ, ਖਾਨ ਦੇ ਸਿਰ ਤੇ ਮਾਰਨ ਨਾਲ ਠੀਕ ਹੋਇਆ ਪਰ ਦੁਖ ਨਾਲ ਮਰ ਗਿਆ।

ਨਿਰਦੋਸ਼ ਸਿੰਘਾਂ ਨੂੰ ਬਿਨਾਂ ਕਿਸੇ ਦੋਸ਼ ਸ਼ਹੀਦ ਕੀਤਾ ਜਾਣ ਲਗਾ, ਕਰਤਾਰਪੁਰ (ਜਲੰਧਰ) ਵਿਖੇ ਗੁਰਦੁਆਰਾ ਥੰਮ੍ਹ ਸਾਹਿਬ ਨੂੰ ਸਾੜ ਦਿਤਾ ਗਿਆ, ਉਥੇ ਸੂਰਬੀਰ ਭਾਈ ਬਾਘ ਸਿੰਘ ਹਲੋਵਾਲੀਏ ਨੇ ਦੁਸ਼ਟ ਕੁਤਬਦੀਨ ਨੂੰ ਕਬਰਾਂ ਵਿਚ ਪਹੁੰਚਾ ਦਿਤਾ।

ਜ਼ਕਰੀਆ ਖਾਨ ਦੇ ਮਰ ਜਾਣ ਤੋਂ ਪਿਛੋਂ ਇਸ ਦਾ ਪੁਤਰ ਯਹੀਆ ਖਾਨ ਲਾਹੌਰ ਦਾ ਨਾਜ਼ਮ ਬਣ ਗਿਆ, ਇਸ ਦਾ ਭਾਈ ਸ਼ਾਹ ਨਿਵਾਜ਼ ਖਾਨ ਜਲੰਧਰ ਦਾ ਫੌਜਦਾਰ ਸੀ, ਇਹ ਲਾਹੌਰ ਦਾ ਸੂਬਾ ਬਣਨ ਲਈ ਸੰਘਰਸ਼ ਕਰਨ ਲਗਾ।

੧੪ ਅਕਤੂਬਰ ੧੭੪੫ (ਦੀਵਾਲੀ) ਸਿੰਘ ਭਾਰੀ ਗਿਣਤੀ ਵਿਚ ਸ੍ਰੀ ਹਰਿਮੰਦਰ ਸਾਹਿਬ ਇਕਠੇ ਹੋਏ ਭਾਰੀ ਰੋਣਕਾਂ ਹੋਈਆਂ ਸਰਬਤ ਖਾਲਸਾ ਇਕਠੇ ਹੋਇਆ, ਦੋਖੀ ਮੁਖਬਰਾਂ ਕਰਮਾਂ ਛੀਨਾ, ਹਰ ਭਗਤ ਨਿਰੰਜਨੀਆਂ ਨੂੰ ਕਤਲ ਕੀਤਾ ਗਿਆ। ਤਰਨਾ ਦਲ ਨੂੰ ੨੫ ਜਥਿਆਂ ਵਿਚ ਵੰਡ ਦਿਤਾ ਗਿਆ।

ਨਵੰਬਰ ੧੭੪੫—ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਖਾਲਸਾ ਪੰਥ ਦੀ ਮਾਤਾ ਸਾਹਿਬ ਦੇਵਾਂ ਜੀ ਦਿੱਲੀ ਅਕਾਲ ਚਲਾਣਾ ਕਰ ਗਏ।

ਫਰਵਰੀ ੧੭੪੬ — ਦੁਸ਼ਟ ਜਸਪਤ ਰਾਏ ਨੇ ਸਿੰਘਾਂ ਉਪਰ ਜ਼ੁਲਮ ਕੀਤੇ, ਤਾਂ ਭਾਈ ਨਿਬਾਹੂ ਸਿੰਘ ਔਮਨਾਬਾਦ ਨੇ ਜਸਪਤ ਰਾਏ ਨੂੰ ਕਤਲ ਕਰ ਦਿੱਤਾ। ਇਸ ਦੇ ਭਾਈ ਦੁਸ਼ਟ ਲਖਪਤ ਰਾਏ ਨੇ ਲਾਹੌਰ ਦੇ ਸਿੰਘਾਂ ਨੂੰ ਕਤਲ ਕਕਵਾਉਣਾ ਅਤੇ ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿਤੇ। ਸਾਰੇ ਸਿੰਘ ਕਾਹਨੂੰਵਾਨ (ਗੁਰਦਾਸਪੁਰ) ਚਲੇ ਗਏ। ਦੁਸ਼ਟਾਂ ਨੇ ਸਰੋਵਰ ਨੂੰ ਮਲਬੇ ਨਾਲ ਭਰ ਦਿੱਤਾ। ਸਿੱਖਾਂ ਨੂੰ ਸ਼ਬਦ ਗੁਰੂ ਤੇ ਪਾਬੰਦੀ ਲਗਾ ਕੇ ਗੁੜ ਕਹਿਣ ਤੇ ਵੀ ਸਖਤੀ ਕਰ ਦਿੱਤੀ। ਗੁੜ ਨੂੰ ਵੀ ਰੋੜੀ ਕਹਿਣ ਲੱਗ ਗਏ।

੨੧ ਮਾਰਚ ੧੭੪੭—ਸ਼ਾਹ ਨਿਵਾਜ਼ ਸਿੰਘਾਂ ਦੀ ਸਹਾਇਤਾ ਨਾਲ ਲਾਹੌਰ ਦਾ ਸੂਬਾ ਬਣ ਗਿਆ। ਦੀਵਾਨ ਕੌੜਾ ਮਲ ਵਜ਼ੀਰ ਬਣ ਗਿਆ।

੨੬ ਮਾਰਚ ੧੭੪੬—ਯਹੀਆ ਖਾਨ ਅਤੇ ਲਖਪਤ ਰਾਏ ਦੀ ਫ਼ੌਜ ਨੇ ਕਾਹਨੂੰਵਾਨ ਘੇਰਾ ਪਾ ਕੇ ਜੰਗਲ ਨੂੰ ਅੱਗ ਲਗਾ ਦਿੱਤੀ। ੭ ਹਜ਼ਾਰ ਸਿੰਘ ਜੂਝਦੇ ਸ਼ਹੀਦ ਹੋ ਗਏ। ੩ ਹਜ਼ਾਰ ਸਿੰਘ ਲਾਹੌਰ ਜਾ ਕੇ ਸ਼ਹੀਦ ਕੀਤੇ ਗਏ।

ਦਿੱਲੀ ਤੋਂ ਮਾਤਾ ਸੁੰਦਰ ਕੌਰ ਜੀ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਸ੍ਰੀ ਕਲਗੀਧਰ ਦੇ ਕਰ-ਕਮਲਾਂ ਵਾਲਾ ਗੁਰਜ ਬਖਸ਼ ਕੇ ਅਸੀਸ ਦਿੱਤੀ।

ਵਿਸਾਖੀ ੩੦ ਮਾਰਚ ੧੭੪੭—ਸਿੰਘ ਭਾਰੀ ਗਿਣਤੀ ਵਿਚ ਹਰਿਮੰਦਰ ਸਾਹਿਬ ਇਕੱਠੇ ਹੋਏ, ਸਰੋਵਰ ਦੀ ਸਫਾਈ ਕੀਤੀ, ਕਿਲ੍ਹਾ ਰਾਮ ਰੌਣੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਲੋਂ ਨੀਂਹ ਰੱਖ ਕੇ ਸ਼ੁਰੂ ਕੀਤਾ। ਇਹ ਗੁਰੂ ਰਾਮਦਾਸ ਜੀ ਦੇ ਨਾਮ ਤੇ ਸਿੰਘਾਂ ਦਾ ਦੂਜਾ ਕਿਲ੍ਹਾ ਸੀ। ਇਥੇ ਬਾਣ (ਤੀਰ) ਬਣਾਏ ਗਏ, ਇਹਨਾਂ ਦਾ ਨਾਮ ਗੁਰੂ ਰਾਮਦਾਸ ਦੇ ਨਾਮ ਤੇ ਰਾਮ-ਬਾਣ ਕਿਹਾ ਗਿਆ। ਖਜ਼ਾਨੇ ਦਾ ਨਾਮ ਰਾਮ ਰਾਸ ਰਖਿਆ ਗਿਆ।

੯ ਜੂਨ ੧੭੪੭—ਦੁਸ਼ਟ ਨਾਦਰ ਸ਼ਾਹ ਤਹਿਰਾਨ ਵਿਖੇ ਕਤਲ ਹੋ ਗਿਆ, ਦੁਸ਼ਟ ਅਹਿਮਦ ਸ਼ਾਹ ਅਬਦਾਲੀ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ ੨੦ ਸਾਲ ਭਾਰਤ ਦੀ ਬਰਬਾਦੀ ਲੁਟ-ਮਾਰ ਕੀਤੀ।

ਦੀਵਾਲੀ ਅਕਤੂਬਰ ੧੭੪੭ — ਸਿੰਘ ਭਾਰੀ ਗਿਣਤੀ ਵਿਚ ਸ੍ਰੀ ਹਰਿਮੰਦਰ ਸਾਹਿਬ ਇਕਠੇ ਹੋਏ, ਰੌਣਕਾਂ ਹੋਈਆਂ।

੧੭੪੭—ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਸੁੰਦਰ ਕੌਰ ਜੀ ਦਿਲੀ ਵਿਖੇ ਅਕਾਲ ਚਲਾਣਾ ਕਰ ਗਏ।

ਫਰਵਰੀ ੧੭੪੮—ਦੁਸ਼ਟ ਅਬਦਾਲੀ ਨੇ ਲਾਹੌਰ ਤੇ ਕਬਜ਼ਾ ਕਰ ਲਿਆ, ਮੁਈਨ ਉਲ ਮੁਲਕ (ਮੀਰ ਮੰਨੂ) ਲਾਹੌਰ ਦਾ ਸੂਬੇਦਾਰ ਬਣ ਗਿਆ।

੪-੫ ਮਾਰਚ ੧੭੪੮ ਹੋਲਾ ਮਹਲਾ ਮਨਾਉਣ ਲਈ ਅਨੰਦ ਪੁਰ ਇਕਠੇ ਹੋਏ।

੨੯ ਮਾਰਚ ੧੭੪੮ ਵਿਸਾਖੀ ਭਾਰੀ ਰੌਣਕਾਂ ਨਾਲ ਮਨਾਈ ਗਈ, ਦਲ ਖਾਲਸਾ ਦੇ ੧੨ ਮਿਸਲਾਂ ਜਥੇ ਕਾਇਮ ਕੀਤੇ ਗਏ। ਸ, ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਜਥੇਦਾਰ ਬਣਾ ਦਿਤਾ ਗਿਆ। ਰਾਮ ਰਾਉਣੀ ਸ਼ੁਰੂ ਕੀਤੀ।

੧੧ ਅਪਰੈਲ ੧੭੪੮—ਸ: ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਦੇ ਨਾਜ਼ਮ ਦੁਸ਼ਟ ਸਲਾਬਤ ਖਾਨ ਨੂੰ ਕਤਲ ਕਰ ਦਿਤਾ, ਦੀਵਾਨ ਕੌੜਾ ਮਲ ਨੇ ੧੩ ਅਪ੍ਰੈਲ ੧੭੪੮ ਨੂੰ ਦੁਸ਼ਟ ਲਖਪਤ ਰਾਏ ਨੂੰ ਕਤਲ ਕਰ ਦਿਤਾ ਮਾਨਾਵਾਲਾ ਅਤੇ ਦੱਬੁਰਜੀ ਵਿਖੇ ਘਮਸਾਨ ਦਾ ਯੁਧ ਹੋਇਆ।

ਸ: ਕਪੂਰ ਸਿੰਘ ਭਾਰੀ ਫੌਜਾਂ ਨਾਲ ਲਾਹੌਰ ਵਲ ਚਲੇ ਗਏ, ਸਿੰਘਾਂ ਨੂੰ ਜੋ ਜਾਗੀਰ ਮਿਲੀ, ਗੁਰੂ ਦੇ ਲੰਗਰ ਵਿਚ ਖ਼ਰਚ ਕੀਤੀ ਗਈ। ਮੀਰ ਮੰਨੂੰ ਪੰਜਾਬ ਦਾ ਗਵਰਨਰ ਬਣ ਗਿਆ।

ਦੀਵਾਲੀ ਅਕਤੂਬਰ ੧੭੪੮—ਦੁਸ਼ਟ ਮੀਰ ਮੰਨੂੰ ਅਤੇ ਅਦਨਾ ਬੇਗ ਨੇ ਅੰਮ੍ਰਿਤਸਰ ਕਿਲ੍ਹਾ ਰਾਮ ਰੌਣੀ ਦੁਆਲੇ ਘੇਰਾ ਪਾ ਲਿਆ ਦੋ ਹਜਾਰ ਸਿੰਘ ਅੰਦਰ, ੪ ਮਹੀਨੇ ਭੁਖੇ ਭਾਣੇ ਡਕੇ ਰਹੇ ਤੇ ਸ਼ਹੀਦ ਹੋ ਗਏ। ਸ: ਜਸਾ ਸਿੰਘ ਰਾਮਗੜ੍ਹੀਆ ਨੇ ਹਾਲਾਤ ਤੋਂ ਮਜਬੂਰ ਹੋ ਕੇ ਆਪਣੀ ਸਪੁਤਰੀ ਨੂੰ ਕਤਲ ਕਰ ਦਿਤਾ।

੧੭੪੯—ਈਸਾ ਦੇ ਧੋਖੇਬਾਜ਼ ਅੰਗਰੇਜ਼ ਬੰਗਾਲ ਪਹੁੰਚੇ ਤਾਂ ਨਵਾਬ ਮੀਰ ਕਾਸਮ ਨੇ ਪਟਨਾ ਵਿਖੇ ਅੰਗਰੇਜ਼ ਕਤਲ ਕਰਵਾ ਦਿਤੇ ਸਨ।

ਵਿਸਾਖੀ ੧੭੪੯—ਸ੍ਰੀ ਹਰਿਮੰਦਰ ਸਾਹਿਬ ਭਾਰੀ ਰੋਣਕਾਂ ਨਾਲ ਮਨਾਈ ਗਈ, ਕਾਰ ਸੇਵਾ ਕੀਤੀ ਗਈ।

੧੭੫੦—ਸ: ਸੁਖਾ ਸਿੰਘ ਮਾੜੀਕੰਬੋਕੀ, ਲਾਹੌਰ ਵਿਖੇ ਅਬਦਾਲੀ ਦੀ ਫੌਜ ਨਾਲ ਜੂਝਦਾ ਸ਼ਹੀਦ ਹੋਇਆ।

ਮਈ ੧੭੫੧—ਈਸਾ ਤੇ ਦੁਸ਼ਟ ਅੰਗਰੇਜ਼ ਹਾਕਮਾਂ ਰੋਬਰਟ ਕਲਾਈਵ ਨੇ ਬੰਗਾਲ ਦੇ ਨਵਾਬ ਸਰਾਜੁਲ ਦੌਲਾ ਦੀ ਹਕੂਮਤ ਖਤਮ ਕਰ ਦਿਤੀ।

ਦੀਵਾਲੀ ੧੭੫੧—ਦੀਵਾਨ ਕੌੜਾ ਮਲ ਨੇ ਸਰੋਵਰ ਦੀ ਕਾਰ ਸੇਵਾ, ਸਫਾਈ ਕਰਵਾ ਕੇ, ਹਰਟਾਂ ਵਾਲੇ ਖੂਹ ਲਗਵਾ ਕੇ ਸਰੋਵਰ ਵਿਚ ਜਲ ਭਰਵਾ ਦਿਤਾ।

੬ ਮਾਰਚ—੧੭੫੨—ਦੀਵਾਨ ਕੌੜਾ ਮਲ (ਮਿਠਾ ਮਲ) ਲਾਹੌਰ ਵਿਖੇ ਜੂਝਦਾ ਹੋਇਆ, ਅਕਾਲ ਚਲਾਣਾ ਕਰ ਗਿਆ।

੧੪ ਸਤੰਬਰ ੧੭੫੨—ਅੰਗਰੇਜ਼ ਹਾਕਮਾਂ ਵਲੋਂ ਆਪਣਾ ਈਸਵੀ ਕੈਲੰਡਰ, ਭਾਰਤ ਵਿਚ ਸ਼ੁਰੂ ਕਰ ਦਿਤਾ ਗਿਆ।

ਅਕਤੂਬਰ ੧੭੫੨—ਦੁਸ਼ਟ ਮੀਰ ਮੰਨੂੰ ਵਲੋਂ ਸਿੰਘਣੀਆਂ ਅਤੇ ਮਾਸੂਮ

ਬੱਚਿਆਂ ਉਪਰ ਜ਼ੁਲਮ ਕੀਤੇ ਗਏ, ਸਿੰਘ ਨਹੀਂ ਘਬਰਾਏ, ਸਗੋਂ ਭਾਣਾ ਮੰਨਦੇ ਕਹਿੰਦੇ !

"ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ
ਜਿਉ ਜਿਉਂ ਸਾਨੂੰ ਵਢਦਾ ਅਸੀਂ ਦੂਣ ਸਵਾਏ ਹੋਏ"

ਸ: ਚੜ੍ਹਤ ਸਿੰਘ, ਸ: ਜੈ ਸਿੰਘ ਨੇ ਲਾਹੌਰ ਜੇਲ ਤੋਂ ਸਿੰਘਣੀਆਂ ਨੂੰ ਆਜ਼ਾਦ ਕਰਵਾਇਆ, ਸਿੰਘ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

੧੭੫੩—ਨਵਾਬ ਕਪੂਰ ਸਿੰਘ ਜੀ ਦੁਸ਼ਟਾਂ ਨਾਲ ਜੂਝਦੇ ਸ਼ਹੀਦ ਹੋਏ ਇਨ੍ਹਾਂ ਦੀ ਸਮਾਧ, ਬਾਬਾ ਅਟੱਲ ਵਿਖੇ ਹੈ।

੩ ਨਵੰਬਰ ੧੭੫੩—ਦੁਸ਼ਟ ਮੀਰ ਮੰਨੂੰ, ਹਮਲੇ ਸਮੇਂ ਆਪਣੇ ਘੋੜੇ ਤੋਂ ਡਿਗ ਪਿਆ, ਪੈਰ ਰਕਾਬ ਵਿਚ ਫਸ ਜਾਣ ਕਾਰਨ ਘਸੀਟਦਾ ਹੋਇਆ ਕਬਰਾਂ ਵਿਚ ਪਹੁੰਚ ਗਿਆ। ਇਸ ਦੀ ਬੇਗਮ ਮੁਗਲਾਨੀ ਨੇ ਅਬਦਾਲੀ ਦੀ ਸਹਾਇਤਾ ਮੰਗੀ।

੧੭੫੪—ਸਿੰਘਾਂ ਨੇ ਸਰਹੰਦ ਦੇ ਦੁਸ਼ਟ ਹਾਕਮ ਕੁਤਬ ਦੀਨ ਰੁਹੇਲੇ ਨੂੰ ਕਤਲ ਕੀਤਾ। ਸ੍ਰੀ ਅੰਮ੍ਰਿਤਸਰ ਤੇ ਕਬਜ਼ਾ ਕਰਕੇ ਸਰੋਵਰ ਦੀ (ਸਫਾਈ), ਕਾਰ ਸੇਵਾ ਕੀਤੀ। ਸ: ਚੜ੍ਹਤ ਸਿੰਘ, ਸ: ਜੱਸਾ ਸਿੰਘ ਅਤੇ ਸ: ਜੈ ਸਿੰਘ ਮੁਸਲਮਾਨੀ ਭੇਸ ਵਿਚ ਲਾਹੌਰ ਸ਼ਾਹ ਆਲਮੀ ਗੇਟ ਰਾਹੀਂ ਦਾਖਲ ਹੋ ਗਏ।

੨੦—ਦਸੰਬਰ ੧੭੫੬ ਅਹਿਮਦਸ਼ਾਹ ਅਬਦਾਲੀ ਨੇ ਲਾਹੌਰ ਤੇ ਹਮਲਾ ਕੀਤਾ, ਸਾਰੇ ਸਿੰਘ ਲਖੀ ਜੰਗਲ ਵਲ ਚਲੇ ਗਏ, ਅਬਦਾਲੀ ਨੇ ਦਿਲੀ ਵਿਖੇ ਲੁਟ ਮਾਰ ਕੀਤੀ, ਬਹੁਤ ਸਾਰੇ ਮੰਦਰ ਢਾਹ ਦਿਤੇ, ਦਿਲੀ ਦੇ ਤਖਤ ਤੇ ਸ਼ਾਹ ਆਲਮਗੀਰ ਤੋਂ ਨਜੀਬੁਲ ਦੌਲਾ ਨੂੰ ਸੌਂਪ ਦਿਤਾ, ਲਾਹੌਰ ਦਾ ਸੂਬਾ ਤੈਮੂਰ ਨੂੰ ਬਣਾ ਦਿਤਾ।

੨੮ ਜਨਵਰੀ ੧੭੫੭ ਬਾਬਾ ਆਲਾ ਸਿੰਘ ਸ: ਚੜ੍ਹਤ ਸਿੰਘ ਵਲੋਂ ਅਬਦਾਲੀ ਦੀ ਫੌਜ ਤੇ ਹਮਲਾ ਕਰਕੇ ਹਿੰਦੂ ਔਰਤਾਂ ਛੁੜਵਾਈਆਂ।

੨ ਅਪ੍ਰੈਲ—੧੭੫੭ ਦੁਸ਼ਟ ਤੈਮੂਰ ਅਤੇ ਜਹਾਨ ਖਾਨ ਵਲੋਂ ਅੰਮ੍ਰਿਤਸਰ ਤੇ ਜ਼ਬਰਦਸਤ ਹਮਲਾ ਕੀਤਾ ਗਿਆ, ਸ੍ਰੀ ਹਰਿਮੰਦਰ ਢਾਹ ਦਿਤਾ, ਸਰੋਵਰ ਨੂੰ ਮਿਟੀ ਨਾਲ ਭਰ ਦਿਤਾ ਗਿਆ। ਡੇਹਰਾ ਬਾਬਾ ਨਾਨਕ ਕਰਤਾਰਪੁਰ ਵੀ ਨਸ਼ਟ ਕਰ ਦਿਤੇ ਗਏ।

੧੯ ਜੂਨ ੧੭੫੭ ਭਾਈ ਦਿਆਲ ਤੇ ਸਿਘ ਭਾਈ ਲਹਿਣਾ ਸਿੰਘ ਨੇ ਦੁਸ਼ਟ ਜਹਾਨ ਖਾਨ ਨੂੰ ਕਤਲ ਕਰ ਦਿਤਾ।

੧੨ ਜਨਵਰੀ ੧੭੫੮--ਸ: ਆਲਾ ਸਿੰਘ ਨੇ ਸਰਹੰਦ ਦੇ ਗਵਰਨਰ ਅਬਦੁਲ ਸਮੱਧ ਖਾਨ ਤੇ ਹਮਲਾ ਕਰ ਦਿਤਾ ।

੮ ਮਾਰਚ ੧੭੫੮ —ਸਿੰਘਾਂ ਨੇ ਲਾਹੌਰ ਤੇ ਹਮਲਾ ਕੀਤਾ, ਤੈਮੂਰ ਕਾਬਲ ਵਲ ਖਿਸਕ ਗਿਆ, ਅਦੀਨਾ ਬੇਗ ਲਾਹੌਰ ਦਾ ਗਵਰਨਰ ਬਣ ਗਿਆ, ਸਿੰਘਾਂ ਉਪਰ ਜ਼ੁਲਮ ਕਰਨ ਲਗਾ ।

੧੬ ਅਪ੍ਰੈਲ ੧੭੫੮--ਸਿੰਘ ਵਿਸਾਖੀ ਸਮੇਂ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਇਕੱਠੇ ਹੋਏ, ਸਫਾਈ, ਕਾਰ ਸੇਵਾ ਕੀਤੀ ।

ਮਰਾਠਾ'ਸਰਦਾਰ ਰਘੂਨਾਥ ਰਾਓ ਅਤੇ ਮਲਹਾਰ ਰਾਉ ਹੋਲਕਰ ਨੇ ੨੫ ਹਜ਼ਾਰ ਭੇਟਾ ਕੀਤੇ ਪੰਥ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ ।

੧੫ ਸਤੰਬਰ ੧੭੫੮ ਦੁਸ਼ਟ ਅਦੀਨਾ ਬੇਗ ਮਰ ਗਿਆ, ਸਿੰਘਾਂ ਨੇ ਖੁਸ਼ੀ ਮਨਾਈ।

ਅਕਤੂਬਰ ੧੭੫੮ ਦੀਵਾਲੀ ਸਮੇਂ ਸਿੰਘਾਂ ਨੇ ਸਰੋਵਰ ਦੇ ਇਸ਼ਨਾਨ ਕੀਤੇ।

"ਮੋਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰ ॥"

ਪੰਜਾਬ ਦੇ ਸਿੰਘ ਹੀ ਦੁਸ਼ਟ ਮੁਗਲ ਹਾਕਮਾਂ ਨਾਲ ਟਕਰ ਲੈਂਦੇ, ਹਿੰਦੂਆ ਦੀਆਂ ਔਰਤਾ ਨੂੰ ਛੁੜਵਾਉਂਦੇ ਰਹੇ, ਪਰ ਕਦੇ ਕਿਸੇ ਹਿੰਦੂ-ਪੰਡਤ, ਨੇ ਦੇਸ਼ ਕੌਮ ਜ਼ਾਤ ਆਪਣੇ ਮੰਦਰ ਮੂਰਤੀ, ਆਪਣੀਆਂ ਔਰਤਾਂ ਦੀ ਇਜ਼ਤ ਬਚਾਉਣ ਵਾਸਤੇ ਕੋਈ ਕੁਰਬਾਨੀ ਕਹੀਂ ਕੀਤੀ ।

੧੨ ਅਪ੍ਰੈਲ ੧੭੫੯—ਵਿਸਾਖੀ, ਸਿੰਘਾਂ ਨੇ ਭਾਰੀ ਰੌਣਕਾਂ ਨਾਲ ਅੰਮ੍ਰਿਤਸਰ ਮਨਾਈ, ਸ੍ਰੀ ਅਕਾਲ ਤਖਤ ਤੋਂ ਸਿੰਘਾਂ ਦੇ ਨਾਮ ਦਸਵੰਧ ਇਕਠਾ ਕਰਨ, ਧਰਮ ਕਾਰਜ ਕਰਨ ਲਈ ਹੁਕਮਨਾਮੇ ਜਾਰੀ ਕੀਤੇ ਗਏ ।

ਮਰਾਠਾ ਸਾਬਾਜੀ ਅਤੇ ਸਿੰਘਾਂ ਨੇ ਜਹਾਨ ਖਾਨ ਤੇ ਹਮਲਾ ਕੀਤਾ ।

ਅਕਤੂਬਰ ੧੭੫੯ - ਦੁਸ਼ਟ ਅਬਦਾਲੀ ਨੇ ਮਰਹਠੇ ਸਿਪਾਹੀਆਂ ਦਾ ਕਤਲੇ-ਆਮ ਕੀਤਾ ।

ਮਾਰਚ ੧੭੬੦—ਦੁਸ਼ਟ ਅਬਦਾਲੀ ਨੇ ਤੋਪ ਜ਼ਮਜ਼ਮਾ ਦੀ ਵਰਤੋਂ ਕਰਕੇ ਪਾਨੀਪਤ ਵਿਖੇ ਘਮਸਾਨ ਦੀ ਲੜਾਈ ਹੋਈ। ਸਿੰਘਾਂ ਨੇ ਮਰਹੱਟਿਆਂ ਦਾ ਸਾਥ ਦਿੱਤਾ, ਸ: ਆਲਾ ਸਿੰਘ ਅਤੇ ਇਸ ਦੀ ਸੁਪਤਨੀ ਫਤਹਿ ਕੌਰ ਨੇ ਸੂਰਬੀਰਤਾ ਵਿਖਾਈ ਅੰਮ੍ਰਿਤਸਰ ਤੇ ਹਮਲੇ ਹੋਏ। ਭਾਈ ਹਕੂ ਸਿੰਘ, ਭਾਈ ਅਘੜ ਸਿੰਘ ਸ਼ਹੀਦ ਹੋ ਗਏ। ੨੨੦੦ ਹਿੰਦੂ ਔਰਤਾਂ ਛੁੜਵਾਈਆਂ ।

੧੦ ਫਰਵਰੀ ੧੭੬੦—ਬਾਬਾ ਦੀਪ ਸਿੰਘ ਜੀ ਜੂਝਦੇ ਹੋਏ ਸ਼ਹੀਦ ਹੋਏ !

੧੭੧੬ ਤੋਂ ੧੭੬੦ ਤਕ ਦੋ ਲਖ ਸਿੰਘ ਜੂਝਦੇ ਹੋਏ ਸ਼ਹੀਦ ਹੋ ਗਏ।

ਮਾਰਚ ੧੭੬੦—ਦੁਸ਼ਟ ਅਬਦਾਲੀ ਨੇ ਸ: ਆਲਾ ਸਿੰਘ ਨੂੰ ਪਟਿਆਲਾ ਦਾ ਫੌਜਦਾਰ ਬਣਾ ਦਿਤਾ, ਸ: ਆਲਾ ਸਿੰਘ ਬਰਨਾਲਾ ਤੋਂ ਪਟਿਆਲਾ ਪਹੁੰਚ ਗਿਆ ਸਿੱਖ ਰਿਆਸਤ ਕਾਇਮ ਕਰ ਲਈ।

ਨਵੰਬਰ ੧੭੬੦—ਸਿੰਘਾਂ ਨੇ ਲਾਹੌਰ ਤੇ ਹਮਲਾ ਕੀਤਾ ਕਾਫੀ ਲੁਟਮਾਰ ਕੀਤੀ।

੧੪ ਜਨਵਰੀ ੧੭੬੧-ਅਬਦਾਲੀ ਨੇ ਪਾਨੀਪਤ ਦੀ ਬਰਬਾਦੀ ਕੀਤੀ ਪਰ ਵਾਪਸੀ ਤੇ ਸਿਖਾਂ ਨੇ ਗੋਇੰਦਵਾਲ ਮੁਕਾਬਲਾ ਕਰਕੇ ਭਾਰਤ ਦੀ ਇਜ਼ਤ ਬਚਾਈ।

੨੦ ਮਾਰਚ ੧੭੬੧--ਅਬਦਾਲੀ ਤੋਂ ਗੋਇੰਦਵਾਲ ਦੇ ਪਤਨ ਵਿਖੇ ਸਿੰਘਾਂ ਨੇ ਹਿੰਦੂ ਔਰਤਾਂ ਛੁੜਵਾਈਆਂ।

ਅਗਸਤ ੧੭੬੧--ਸ: ਜੱਸਾ ਸਿੰਘ, ਸ: ਚੜ੍ਹਤ ਸਿੰਘ, ਲਾਹੌਰ ਜਰਨੈਲ ਨੂਰਦੀਨ ਤੇ ਹਮਲਾ ਕਰ ਦਿਤਾ, ਖਵਾਜਾ ਅਬੇਦ ਖਾਨ ਕਿਲ੍ਹਾ ਛਡ ਕੇ ਦੌੜ ਗਿਆ। ਸਿੰਘਾਂ ਨੇ ਕਿਸੇ ਜੰਗੀ ਕੈਦੀ ਦੁਸ਼ਮਨ ਨੂੰ ਕਤਲ ਨਹੀਂ ਕੀਤਾ।

੨੭ ਅਤੂਬਰ ੧੭੬੧--ਦੀਵਾਲੀ, ਸ੍ਰੀ ਹਰਿਮੰਦਰ ਵਿਖੇ ਮਨਾਈ ਗਈ ਲਾਹੌਰ ਤੇ ਹਮਲਾ ਕਰਨ ਦਾ ਫੈਸਲਾ ਕੀਤਾ, ਲਾਹੌਰ ਦਾ ਗਵਰਨਰ ਖਵਾਜਾ ਉਬੈਦ ਸੀ।

ਨਵੰਬਰ ੧੭੬੧--ਸ: ਜੱਸਾ ਸਿੰਘ ਆਹਲੂਵਾਲੀਆ ਤੇ ਕਬਜ਼ਾ ਕਰ ਨੇ ਲਾਹੌਰ ਲਿਆ, ਸੁਲਤਾਨ-ਉਲ ਕੌਮ ਦਾ ਸਨਮਾਨ ਮਿਲਿਆ, ਗੁਰੂ ਦੇ ਨਾਮ ਦਾ ਸਿਕਾ ਚਾਲੂ ਕੀਤਾ ਗਿਆ।

ਨਵਾਬ ਮਲੇਰ ਕੋਟਲਾ ਭੀਖਣ ਖਾਨ, ਸਿੰਘਾਂ ਦਾ ਦੋਖੀ ਸੀ।

ਜਨਵਰੀ ੧੭੬੨—ਦੁਸ਼ਟ ਅਬਦਾਲੀ ਨੇ ਸਿੰਘਾਂ ਉਪਰ ਹਮਲਾ ਰਾਏਪੁਰ ਗੁਜਰਵਾਲ, ਕੁਪ-ਰਹੀੜਾ ਨੇੜੇ ਮਲੇਰ ਕੋਟਲਾ ਪਿੰਡ ਗਰਮਾ ਵਿਖੇ ਕੀਤਾ।

੫ ਫਰਵਰੀ ੧੭੬੨--੫੦ ਹਜ਼ਾਰ ਸਿੰਘ ਸ਼ਹੀਦ ਹੋ ਗਏ ਇਸ ਦੁਖਾਂਤ ਨੂੰ ਵਡਾ ਘਲੂਘਾਰਾ ਕਿਹਾ ਜਾਂਦਾ ਹੈ। ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਚੜ੍ਹਤ ਸਿੰਘ ਜੀ ਜ਼ਖਮੀ ਹਾਲਤ ਵਿਚ ਬਰਨਾਲਾ ਪਹੁੰਚ ਗਏ।

੧੦ ਅਪ੍ਰੈਲ ੧੭੬੨ ਵਿਸਾਖੀ ਦੁਸ਼ਟ ਅਬਦਾਲੀ ਨੇ ਕਲੰਦਰ ਖਾਨ ਰਾਹੀਂ ਹਮਲਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁਪੇ ਰਖ ਕੇ ਬਰਬਾਦ ਕੀਤਾ ਗਿਆ ਸਰੋਵਰ ਪੂਰ ਦਿਤਾ। ਸ੍ਰੀ ਹਰਿਮੰਦਰ ਸਾਹਿਬ ਤੋਂ ਇਕ ਇਟ ਅਬਦਾਲੀ ਦੇ ਨਕ ਤੇ ਲਗੀ, ਨਾਸੂਰ ਹੋ ਗਿਆ ਜੋ

ਜਾਨ ਲੇਵਾ ਸਾਬਤ ਹੋਇਆ।

੨੩ ਜੁਲਾਈ ੧੭੬੨ ਦੁਸ਼ਟ ਕਲੰਦਰ ਖਾਨ ਨਰਕਾਂ ਵਿਚ ਪਹੁੰਚ ਗਿਆ।

੧੭ ਅਕਤੂਬਰ ੧੭੬੨ ਦੀਵਾਲੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਭਾਰੀ ਗਿਣਤੀ ਵਿਚ ਇਕੱਠੇ ਹੋਏ। ਸ: ਚੜ੍ਹਤ ਸਿੰਘ ਨੇ ਕਾਰ ਸੇਵਾ ਕਰਵਾਈ।

ਜੰਡਿਆਲਾ ਦੇ ਦੁਸ਼ਟ ਨਿਰੰਜਣੀਏ ਆਕਲਦਾਸ ਮੁਖਬਰ ਨੂੰ ਕਤਲ ਕਰ ਦਿਤਾ ਗਿਆ। ਸਾਰੇ ਸਿੰਘ ਲਖੀ ਜੰਗਲ ਵਲ ਚਲੇ ਗਏ। ਲਾਹੌਰ ਦਾ ਸੂਬਾ ਖਵਾਜਾ ਅਬੀਦ ਖਾਨ ਵਜ਼ੀਰ ਦੀਵਾਨ ਕਾਬਲੀ ਮਲ ਸੀ।

੧੦ ਅਪ੍ਰੈਲ ੧੭੬੩ ਵਿਸਾਖੀ ਸ੍ਰੀ ਹਰਿਮੰਦਰ ਸਾਹਿਬ ਭਾਰੀ ਰੌਣਕਾਂ ਨਾਲ ਮਨਾਈ ਗਈ ਬ੍ਰਾਹਮਣਾਂ ਵਲੋਂ ਦਰਦ ਭਰੀ ਪੁਕਾਰ ਤੇ ਉਨ੍ਹਾਂ ਦੀਆਂ ਔਰਤਾਂ ਨੂੰ ਕਸੂਰ ਦੇ ਪਠਾਣ ਉਸਮਾਨ ਖਾਨ ਤੇ ਹਮਲਾ ਕਰਕੇ ਸ: ਚੜ੍ਹਤ ਸਿੰਘ ਜੀ ਨੇ ਦੁਸ਼ਟ ਉਸਮਾਨ ਖਾਨ ਨੂੰ ਕਤਲ ਕਰਕੇ ਪੰਡਤ ਔਰਤ ਆਜ਼ਾਦ ਕਰਵਾਈਆਂ।

ਸ: ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਸਿਖ ਰਾਜ ਦੀ ਰਾਜਧਾਨੀ ਕਪੂਰਥਲਾ ਕਾਇਮ ਕੀਤੀ।

੫ ਨਵੰਬਰ ੧੭੬੩ ਦੀਵਾਲੀ ਸ੍ਰੀ ਹਰਿਮੰਦਰ ਸਾਹਿਬ ਮਨਾਈ ਗਈ ਮਤਾ ਕਰਕੇ ਸਰਹੰਦ ਤੇ ਕਬਜ਼ਾ ਕਰ ਲਿਆ ਗਿਆ ਜੈਨ ਖਾਨ ਨੂੰ ਕਤਲ ਕੀਤਾ ਸਿਆਲਕੋਟ ਤੇ ਹਮਲਾ ਕੀਤਾ।

ਸਰਹੰਦ ਦਾ ਇਲਾਕਾ ਸ: ਆਲਾ ਸਿੰਘ ਨੂੰ ਸੌਂਪ ਦਿਤਾ ਗਿਆ।

੧੭੬੩ ਤੋਂ ਸ: ਜੱਸਾ ਸਿੰਘ ਨੂੰ ਪੰਥ ਦਾ ਬਾਦਸ਼ਾਹ ਕਿਹਾ ਜਾਣ ਲਗਾ, ਦਿੱਲੀ ਤੇ ਹਮਲਾ ਕੀਤਾ ਗਿਆ।

੧੪ ਜਨਵਰੀ ੧੭੬੪—ਸਿੰਘ ਭਾਰੀ ਗਿਣਤੀ ਵਿਚ ਸਰਹੰਦ ਇਕੱਠੇ ਹੋਏ। ਦਸਵੰਧ ਦੀ ਉਗਰਾਹੀ ਕੀਤੀ ਗਈ।

੧੭੬੪—ਸਰਦਾਰ ਬਘੇਲ ਸਿੰਘ ਨੈ ਸੂਬਾ ਸਰਹੰਦ ਜੈਨ ਖਾਨ ਨੂੰ ਕਤਲ ਕੀਤਾ ਅਤੇ ਕਰਨਾਲ ਦੇ ਨੇੜੇ ਫਲੈਦੀ ਵਿਖੇ ਰਾਜਧਾਨੀ ਕਾਇਮ ਕੀਤੀ। ਦਿੱਲੀ ਦੇ ਤਖਤ ਤੇ ਮਿਰਜ਼ਾ ਗੌਹਰ ਅਲੀ ਸ਼ਾਹ ਆਲਮ ਸੀ।

੧੩ ਅਪਰੈਲ ੧੭੬੪—ਪਰਬੰਧ ਉਦਾਸੀ ਨਿਰਮਲੇ ਸਾਧੂ ਸੰਤਾਂ ਤੋਂ ਸਿੰਘਾਂ ਨੇ ਸੰਭਾਲ ਲਿਆ, ਸਫਾਈ ਕਰਵਾਈ ਗਈ। ਰਾਮ ਰੌਣੀ ਦੀ ਮੁਰੰਮਤ ਕੀਤੀ ਗਈ।

੧੭ ਅਕਤੂਬਰ ੧੭੬੪—ਦੀਵਾਲੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਈ ਗਈ। ਸੋਢੀ ਵਡਭਾਗ ਸਿੰਘ ਕਰਤਾਰਪੁਰ ਗੁਰਦੁਆਰਾ ਥੰਮ ਸਾਹਿਬ ਤੋਂ ਭਾਰੀ ਸੰਗਤਾਂ ਨਾਲ ਪਹੁੰਚੇ।

੩੦ ਨਵੰਬਰ ੧੭੧੪--ਅਬਦਾਲੀ ਨੇ ਲਾਹੌਰ ਤੇ ਮਹਲਾ ਕੀਤਾ, ਸਰਦਾਰ ਚੜ੍ਹਤ ਸਿੰਘ ਨੇ ਡਟ ਕੇ ਮੁਕਾਬਲਾ ਕੀਤਾ ਰੋਹਤਾਸ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਓਥੋਂ ਰਾਜ਼ ਖਾਨ ਨੂੰ ਕਿਲ੍ਹੇ ਵਿਚ ਹੀ ਕੈਦ ਕਰ ਦਿੱਤਾ।

੧ ਦਸੰਬਰ ੧੭੬੪--ਦੁਸ਼ਟ ਅਬਦਾਲੀ ਨੇ ਹਮਲਾ ਕੀਤਾ। ਜਥੇਦਾਰ ਭਾਈ ਗੁਰਬਖਸ਼ ਸਿੰਘ ਅਤੇ ੩੦ ਸਿੰਘ ਜੂਝਦੇ ਹੋਏ ਸ਼ਹੀਦ ਹੋਏ। ਇਸ ਦੁਖਾਂਤ ਦਾ ਹਾਲ ਕਾਜ਼ੀ ਨੂਰ ਮੁਹੰਮਦ ਨੇ ਜੰਗਨਾਮਾ ੧੭੬੫ ਵਿਚ ਲਿਖਿਆ ਹੈ। ਭਾਈ ਗੁਰਬਖਸ਼ ਸਿੰਘ ਜੀ ਦਾ ਬੁੰਗਾ ਯਾਦਗਾਰ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ। ਭਾਈ ਗੁਰਬਖਸ਼ ਸਿੰਘ ਜੀ ਭਾਈ ਮਤੀ ਦਾਸ ਜੀ ਦੇ ਭਤੀਜੇ ਸਨ। ਭਾਈ ਰਾਮ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵੀ ਸ਼ਹੀਦ ਹੋ ਗਏ। ਸਿੰਘਾਂ ਦਾ ਜੀਵਨ ਦੁਭਰ ਹੋ ਚੁਕਾ ਸੀ। ਕਹਾਵਤ ਪ੍ਰਸਿੱਧ ਹੈ--

"ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ"

੧੫ ਜਨਵਰੀ ੧੭੬੫—ਅਬਦਾਲੀ ਨੇ ਸਿੰਘਾਂ ਨੂੰ ਜਾਗੀਰਾਂ ਅਤੇ ਨਵਾਬੀਆਂ ਦੇਣ ਦੀ ਪੇਸ਼ਕਸ਼ ਕੀਤੀ, ਪਰ ਸਰਦਾਰ ਜੱਸਾ ਸਿੰਘ ਨੇ ਠੁਕਰਾ ਕੇ ਉੱਤਰ ਦਿੱਤਾ--

"ਕੋਊ ਕਿਸੀ ਕੋ ਰਾਜ ਨ ਦੈ ਹੈ,
ਜੋ ਲੈ ਹੈ ਨਿਜ ਬਲ ਸੇ ਹੈ"

ਹਿੰਦੂ ਸਰਦਾਰ ਜੱਸਾ ਸਿੰਘ ਨੂੰ 'ਬੰਦੀ-ਛੋੜ' ਕਹਿ ਕੇ ਸਤਿਕਾਰ ਕਰਦੇ ਸਨ।

ਜਨਵਰੀ ੧੭੬੫ — ਸ੍ਰੀ ਹਰਿਮੰਦਰ ਦਾ ਪਰਬੰਧ ਗਿਆਨੀ ਸੁਰਤ ਸਿੰਘ ਕਰਨ ਲੱਗੇ।

ਮਾਰਚ ੧੭੬੫ --ਸਿੰਘ ਹੋਲਾ-ਮਹੱਲਾ ਮਨਾਉਣ ਵਾਸਤੇ ਅਨੰਦਪੁਰ ਗਏ ਤਾਂ ਰੋਪੜ ਦੇ ਨੇੜੇ ੭ ਦਿਨ ਘਮਸਾਨ ਦਾ ਯੁਧ ਹੋਇਆ, ਸ: ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ, ਸ: ਚੜ੍ਹਤ ਸਿੰਘ, ਸ: ਜੈ ਸਿੰਘ, ਸ. ਲਹਿਣਾ ਸਿੰਘ, ਸ: ਝੰਡਾ ਸਿੰਘ ਵਲੋਂ ਮੁਗ਼ਲ ਸੈਨਾ

ਦੇ ਟਿੱਡੀ ਦਲ ਦਾ ਨਾਸ ਕੀਤਾ ਗਿਆ । ਹਿਸਾਰ ਦੇ ਹਾਕਮ ਤੋਂ ਬ੍ਰਾਹਮਣ ਲੜਕੀਆਂ ਛੁਡਵਾਈਆਂ ।

੧੩ ਅਪ੍ਰੈਲ ੧੭੬੫--ਵਿਸਾਖੀ ਸ੍ਰੀ ਹਰਿਮੰਦਰ ਸਾਹਿਬ ਭਾਰੀ ਰੌਣਕਾਂ ਨਾਲ ਮਨਾਈ ਗਈ। ਸ੍ਰੀ ਹਰਿਮੰਦਰ ਸਾਹਿਬ ਦੀ ਦੋਬਾਰਾ ਉਸਾਰੀ ਦੀ ਨੀਂਹ ਸ: ਜੱਸਾ ਸਿੰਘ ਆਹਲੂਵਾਲੀਆ ਨੇ ਅਰਦਾਸ ਕਰਕੇ ਰਖੀ, ਸ਼ਬਦ-ਕੀਰਤਨ ਵੀ ਕੀਤਾ ।

੧੬ ਅਪ੍ਰੈਲ ੧੭੬੫--ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ । ਗੁਰੂ ਦੇ ਨਾਮ ਦਾ ਸਿਕਾ ਬਣ ਉਣ ਵਾਸਤੇ, ਟਕਸਾਲ ਅੰਮ੍ਰਿਤਸਰ ਲਗਾਈ ਗਈ, ਸਿਕੇ ਅੱਉਪਰ ਖਰ :—

"ਤੇਗ ਓ ਤੇਗ ਓ ਫ਼ਤਹਿ ਓ ਨਸਰਤ-ਏ-ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"

ਅੰਮ੍ਰਿਤਸਰ ਸਿੰਘਾਂ ਦੀ ਧਾਰਮਕ ਰਾਜਧਾਨੀ ਹੈ, ਅਤੇ ਗੁਰੂ ਘਰ ਖਾਲਸਾ ਰਾਜ ਦੀ ਟਕਸਾਲ ਹੈ ।

ਦੁਸ਼ਟ ਅਬਦਾਲੀ ਅਫਗਾਨਿਸਤਾਨ ਚਲਾ ਗਿਆ ਅਬਦਾਲੀ ਦੇ ਪੁਤਰ ਤੈਮੂਰ ਨੇ ਸਿੰਘਾਂ ਨਾਲ ਮਿਤਰਤਾ ਕਾਇਮ ਕਰ ਲਈ ।

੧੬ ਮਈ ੧੭੬੫--ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ, ਮਿਸਲਾਂ ਦੇ ਸਿੰਘ, ਆਪਣੇ ਆਪਣੇ ਇਲਾਕੇ ਦੇ ਰਾਜੇ ਬਣ ਗਏ ।

੧੩ ਅਗਸਤ ੧੭੬੫—ਬਾਬਾ ਆਲਾ ਸਿੰਘ ਪਟਿਆਲਾ, ਅਕਾਲ ਚਲਾਣਾ ਕਰ ਗਏ, ਇਨ੍ਹਾਂ ਦਾ ਪੋਤਰਾ ਅਮਰ ਸਿੰਘ ਰਾਜਾ ਬਣ ਗਿਆ ।

ਦੀਵਾਲੀ ੧੭੬੫--ਸ੍ਰੀ ਹਰਿਮੰਦਰ ਵਿਖੇ ਭਾਰੀ ਰੌਣਕਾਂ ਹੋਈਆਂ ਪੰਜਾਬ ਦੇ ਸੂਰਬੀਰ ਸਿੰਘ, ਦੁਸ਼ਟ ਮੁਗਲ ਹਾਕਮਾਂ ਤੋਂ ਹਿੰਦੂਆਂ ਦੀਆਂ ਔਰਤਾਂ ਦੀ ਇਜ਼ਤ ਬਚਾਉਂਦੇ ਰਹੇ, ਕਹਾਵਤਾਂ ਹਨ :--

੧. "ਮੋੜੀ ਬਾਬਾ ਡਾਂਗ ਵਾਲਿਆ ਰਨ ਗਈ ਬਸਰੇ ਨੂੰ"
੨. "ਬਚਾਈ ਵੇ ਬਚਾਈਂ ਕਛ ਵਾਲਿਆ ਸਰਦਾਰਾ
ਝੇ ਇਨ੍ਹਾਂ ਦੀਆਂ ਭਵਾਈ ਗੁੱਡੀਆਂ"

ਪੰਜਾਬ ਦੇ ਸੂਰਬੀਰ ਸਿੰਘਾਂ ਨੇ ਮੁਹੰਮਦ ਇਸਲਾਮ ਦੇ ਦਰਿੰਦੇ ਹਾਕਮਾਂ ਦਾ ਡਟ ਕੇ ਟਾਕਰਾ ਕੀਤਾ, ਅੰਤ ਆਪਣਾ ਸਿੱਖ ਰਾਜ ਕਾਇਮ ਕਰ ਲਿਆ, ਇਹ ਸ੍ਰੀ ਹਰਿਮੰਦਰ, ਸਰੋਵਰ ਦੀ ਬਰਕਤ ਸਦਕਾ ਹੈ ।

ਜਨਵਰੀ ੧੭੬੬--ਸ: ਚੜ੍ਹਤ ਸਿੰਘ ਨੇ ਗੁਜਰਾਂਵਾਲਾ ਦੇ ਹਮੀਦ ਖਾਨ ਨੂੰ ਮਾਰ

ਕੈ, ਗੁਜਰਾਂਵਾਲਾ ਤੇ ਕਬਜ਼ਾ ਕਰ ਲਿਆ।

੧੭ ਜਨਵਰੀ ੧੭੬੬--ਦੁਸ਼ਟ ਜਹਾਨ ਖਾਨ ਨੇ ਅੰਮ੍ਰਿਤਸਰ ਤੇ ਭਾਰੀ ਹਮਲਾ ਕਰ ਦਿਤਾ, ਪਿਪਲੀ ਸਾਹਿਬ, ਪੁਤਲੀ ਘਰ ਵਿਖੇ ਸਿੰਘਾਂ ਨੂੰ ਫਤਹਿ ਹੋਈ, ਸ਼ੁਕਰਾਨਾ ਕੀਤਾ ਗਿਆ। ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਸ੍ਰੀ ਅਕਾਲ ਤਖਤ ਦੇ ਜਥੇਦਾਰ ਸ: ਹਰੀ ਸਿੰਘ ਭੰਗੀ ਸਨ।

ਸ: ਗੰਡਾ ਸਿੰਘ, ਝੰਡਾ ਸਿੰਘ ਵਲੋਂ ਕਿਲ੍ਹਾ ਭੰਗੀਆਂ ਬਣਾਇਆ ਗਿਆ। ਹਰ ਇਲਾਕੇ ਵਿਚ ਸਿੰਘਾਂ ਨੇ ਆਪੋ ਆਪਣੇ ਕਿਲ੍ਹੇ ਬਣਾ ਲਏ। ਅੰਮ੍ਰਿਤਸਰ ਵਿਚ ਸਾਰੇ ਸਰਦਾਰਾਂ ਦੇ ਕੇਂਦਰ ਸਨ, ਅੰਮ੍ਰਿਤਸਰ ਗੁਰੂ ਕੀ ਨਗਰੀ ਸਰਬਤ ਖਾਲਸੇ ਦੀ ਸੀ।

੧੭੬੬--ਸ਼ਾਹ ਮੁਹੰਮਦ ਵਲੋਂ ਜੰਗਨਾਮਾ ਲਿਖਿਆ ਗਿਆ।

੧੭੬੭--ਸਰੋਵਰ ਵਾਸਤੇ ਹੰਸਲੀ, ਸੰਤ ਪ੍ਰੀਤਮ ਦਾਸ ਬ੍ਰਹਮ ਬੂਟਾ ਵਲੋਂ ਦਰਿਆ ਰਾਵੀ ਤੋਂ ਪਾਣੀ ਦਾ ਪ੍ਰਬੰਧ ਕੀਤਾ ਗਿਆ, ੩੫ ਮੀਲ ਹੰਸਲੀ ਬਣਵਾਈ।

ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਜੋ ਮਸੀਤਾਂ ਬਣਾਈਆਂ ਸਨ, ਢਾਹ ਦਿਤੀਆਂ ਗਈਆਂ।

੧੭੬੮--ਜਲਾਲਾਬਾਦ ਦਾ ਪਠਾਣ ਹਾਕਮ ਮੁਹੰਮਦ ਹਸਨ ਖਾਂ ਇਕ ਬ੍ਰਾਹਮਣ ਦੀ ਲੜਕੀ ਜਬਰੀ ਲੈ ਗਿਆ ਤਾਂ ਸ: ਬਘੇਲ ਸਿੰਘ ਨੇ ਦੁਸ਼ਟ ਨੂੰ ਕਤਲ ਕਰਕੇ ਲੜਕੀ ਵਾਪਸ ਲਿਆਂਦੀ। ਸ: ਜਸਾ ਸਿੰਘ ਰਾਮਗੜ੍ਹੀਆ ਨੇ ਦਿਲੀ ਤੋਂ ਤਖਤੇ-ਹਾਊਸ ਉਖਾੜ ਕੇ ਅੰਮ੍ਰਿਤਸਰ ਰਾਮਗੜ੍ਹੀਆ ਬੁੰਗਾ ਵਿਖੇ ਲਗਾ ਦਿਤਾ।

੧੭੬੮--ਸ: ਚੜ੍ਹਤ ਸਿੰਘ ਜੀ ਨੇ ਕਟੜਾ ਚੜ੍ਹਤ ਸਿੰਘ ਬਣਵਾਇਆ।

੧੭੭੦--ਸ: ਹਰੀ ਸਿੰਘ ਜੀ ਸਰਦਾਰ ਭੰਗੀ ਮਿਸਲ, ਹਿਸਾਰ ਤੇ ਨੇੜੇ ਹਾਂਸੀ ਵਿਖੇ ਜੂਝਦੇ ਹੋਏ ਸ਼ਹੀਦ ਹੋ ਗਏ।

੧੭੭੦--ਸਿਖ ਮਿਸਲਾਂ ਦੇ ਸਰਦਾਰਾਂ ਵਲੋਂ, ਬੁੰਗੇ ਅਤੇ ਸ਼ਹਿਰ ਵਿਚ ਹਵੇਲੀਆਂ ਅਤੇ ਕਟੜੇ ਤਿਆਰ ਹੋਣ ਲਗੇ।

੧੭੭੧--ਸ: ਭੰਗਾ ਸਿੰਘ ਥਾਣੇਦਾਰ ਨੇ ਲੈਟ: ਕਰਨਲ ਸਟੂਅਰਟ ਨੂੰ ਗ੍ਰਿਫਤਾਰ ਕਰ ਲਿਆ, ਗੁਰਗਾਬ ਟੋਬਾ ਮਾਰਟ ਵਿਖੇ ਦੁਸ਼ਟ ਅਹਿਮਦ ਸ਼ਾਹ ਅਬਦਾਲੀ ਦੀ ਮੌਤ ਹੋ ਗਈ।

੧੬ ਅਕਤੂਬਰ ੧੭੭੨--ਕਬਰਾਂ ਵਿਚ ਦਫ਼ਿਆ ਗਿਆ। ਇਹ ਹੰਕਾਰੀ ੨੦ ਸਾਲ ਭਾਰਤ ਤੇ ਹਿੰਦੂਆਂ ਦੀ ਬਰਬਾਦੀ ਲੁਟਮਾਰ ਕਰਦਾ ਰਿਹਾ।

ਮਰਹਟਾ ਸਰਦਾਰ ਮਾਧੋ ਰਾਉ ਪੇਸ਼ਵਾ ਚਲਾਣਾ ਕਰ ਗਿਆ। ਸਿੰਘਾਂ ਦੀਆਂ ੧੨ ਮਿਸਲਾਂ ਇਕੱਠੀਆਂ ਹੋ ਕੇ ਦਲ ਖਾਲਸਾ ਬਣ ਗਿਆ। ਭੰਗੀ ਮਿਸਲ ਦੇ ਸ: ਝੰਡਾ ਸਿੰਘ ਨੇ ਸ੍ਰੀ ਹਰਿਮੰਦਰ ਤੇ ਨਿਸ਼ਾਨ ਸਾਹਿਬ ਸਾਹਿਬ ਲਹਿਰਾਇਆ।

੧੭੭੪—ਈਸਾ ਦੇ ਦੁਸ਼ਟ ਅੰਗਰੇਜ਼ ਹਾਕਮਾਂ ਵਲੋਂ ਜ਼ੁਲਮ ਹੋਣ ਲਗੇ, 'ਹੇਮੁਲੇਟਿੰਗ ਐਕਟ' ਬਣਾਇਆ ਗਿਆ।

੧੭੭੫--ਸੁਪਰੀਮ ਕੋਰਟ ਕਾਇਮ ਕੀਤੀ ਗਈ।

੧੭੭੫-ਸ. ਚੜ੍ਹਤ ਸਿੰਘ ਜੀ ਜੰਮੂ 'ਚ ਦੁਸ਼ਟਾਂ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ ਜੰਮੂ ਦਾ ਰਾਜਾ ਰਜੀਤ ਦੇਵ ਸੀ। ਮਿਸਲਾਂ ਦੇ ਸਰਦਾਰਾ ਵਿਚ ਆਪਸੀ ਫੁਟ ਪੈ ਗਈ। ਉਦਾਸੀ ਸੰਤ ਸੰਤੋਖ ਦਾਸ ਪ੍ਰੀਤਮ ਦਾਸ ਵਲੋਂ ਦੋ ਵਡੇ ਨਿਸ਼ਾਨ ਸਾਹਿਬ ਲਗਵਾਏ ਗਏ।

੧੭੭੬—ਸਰੋਵਰ, ਸ੍ਰੀ ਹਰਿਮੰਦਰ, ਪੁਲ ਅਤੇ ਦਰਸ਼ਨੀ ਡਿਉਢੀ ਦੀ ਉਸਾਰੀ ਮੁਕੰਮਲ ਹੋ ਗਈ। ਸ੍ਰੀ ਅਕਾਲ ਤਖਤ ਸਾਹਿਬ ਦੀ ਦੋਬਾਰਾ ਉਸਾਰੀ ਹੋਈ। ਭਾਈ ਦੇਸ ਰਾਜ ਪਿੰਡ ਸੁਰ ਸਿੰਘ ਖਜ਼ਾਨਚੀ ਵਜੋਂ ਗੁਰੂ ਦਰਬਾਰ ਦੀ ਜ਼ਿੰਮੇਂਵਾਰੀ ਨਿਭਾਉਂਦੇ ਰਹੇ। ਸ੍ਰੀ ਹਰਿਮੰਦਰ ਦੀ ਉਪਮਾ ਮਹਿਮਾ ਪ੍ਰਕਾਸ਼ ਪੰਨਾ ੨੬੧ ਅਨੁਸਾਰ :--

"ਕਿਆ ਮਹਿਮਾ ਰਾ ਕੀ ਕਹਉ,
ਕਲ ਤੀਰਥ ਬਡੋ ਮਹਾਨ ॥
ਪ੍ਰਭ ਪ੍ਰਗਟ ਪ੍ਰਤਾਪ ਜਗ ਮੋ ਕਰੈ,
ਹੋਇਆ ਉਦੇ ਧਰਮ ਕੇ ਤਾਨ ॥"


੧੪ ਸਤੰਬਰ ੧੭੭੭--ਦਿਲੀ ਦੇ ਨਜੀਬ-ਉਲ-ਦੌਲਾ ਦਾ ਲੜਕਾ ਨਵਾਬ ਜਾਬਤ ਖਾਨ, ਰੁਹੇਲਾ, ਸ੍ਰੀ ਹਰਿਮੰਦਰ ਵਿਖੇ ਇਲਾਹੀ ਸ਼ਬਦ-ਕੀਰਤਨ ਤੋਂ ਪ੍ਰਭਾਵਤ ਹੋ ਕੇ, ਸ੍ਰੀ ਅਕਾਲ ਤਖਤ ਵਿਖੇ ਅੰਮ੍ਰਿਤ ਦਾ ਬਾਟਾ ਛਕ ਕੇ ਸਿੰਘ ਸਜ ਗਿਆ, ਨਾਮ ਧਰਮ ਸਿੰਘ ਰਖਿਆ ਗਿਆ। ਇਸ ਦਾ ਪੁਤਰ ਗੁਲਾਮ ਕਾਦਰ ਰੁਹੇਲਾ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਨਾਮ ਕਰਮਸਿੰਘ ਰਖਿਆ।

੧੭੭੮--ਬਾਬਾ ਅਟਲ ਨੌ ਮੰਜਲਾ ਮੀਨਾਰ ਤਿਆਰ ਕੀਤਾ ਗਿਆ।

੧੭੭੮—ਜੋਸਜ਼ ਬਰਾਉਨ ਨੇ ਸਿਖਾਂ ਦਾ ਇਤਿਹਾਸ **History of origin progress** ਲਿਖੀ।

੧੭੭੮--ਸ: ਚੜ੍ਹਤ ਸਿੰਘ ਜੀ ਨੇ ਮਹਾਂ ਸਿੰਘ ਗੋਟ ਵਿਖੇ ਇਕ ਕਿਲ੍ਹਾ ਤਿਆਰ

ਖ਼ਾਲਸਾ ਰਾਜ ਦੇ ਮੋਢੀ ਸ: ਬਘੇਲ ਸਿੰਘ ਜੀ



੧੭੭੬--ਲਾਹੌਰ ਤੇ ਭੰਗੀ ਮਿਸਲ ਦੇ ਸਰਦਾਰਾਂ ਦਾ ਕਬਜ਼ਾ ਹੋ ਗਿਆ।

੧੭੮੦—ਭਾਈ ਕੇਸਰ ਸਿੰਘ ਛਿਬਰ ਵਲੋਂ ਬੰਸਾਵਲੀ ਨਾਮਾ ਲਿਖ ਕੇ ਤਿਆਰ ਕੀਤਾ ਗਿਆ।

੧੭੮੨--ਭਾਈ ਚੰਚਲ ਸਿੰਘ ਜੀ ਦਰਬਾਰ ਸਾਹਿਬ, ਦੇ ਪ੍ਰਬੰਧਕ ਸਨ। ਅੰਮ੍ਰਿਤਸਰ ਤੇ ਭੰਗੀ ਮਿਸਲ ਦੇ ਸਰਦਾਰਾਂ ਦਾ ਕਬਜ਼ਾ ਸੀ। ਸਿੰਘਾਂ ਨੇ ਦਿਲੀ ਤੇ ਹਮਲਾ ਕੀਤਾ।

੧੭੮੦--ਜੰਮੂ ਦਾ ਰਾਜਾ ਬ੍ਰਹਮ ਦੇਵ ਸੀ।

੯ ਮਾਰਚ ੧੭੮੩--ਸਿੰਘਾਂ ਨੇ ਦਿਲੀ ਦੇ ਇਲਾਕੇ ਤੇ ਹਮਲਾ ਕਰਕੇ ਲਾਲ ਕਿਲ੍ਹੇ ਤੇ ਕੇਸਰੀ ਝੰਡਾ ਲਹਿਰਾ ਦਿਤਾ। ਸ. ਬਘੇਲ ਸਿੰਘ ਜੀ ਨੇ ਇਤਿਹਾਸਕ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਬਣਾਉਣੀਆਂ ਸ਼ੁਰ ਕੀਤੀਆਂ, ਕੁਝ ਮਸੀਤਾਂ ਢਾਹ ਦਿਤੀਆਂ। ਗੁਰਦੁਆਰਾ ਸੀਸ ਗੰਜ,ਬੰਗਲਾ ਸਾਹਿਬ ਅਤੇ ਬੜਾ ਬਣਾ ਦਿਤਾ, ਗੁਰਦੁਆਰਾ ਰਕਾਬ ਗੰਜ ਦ ਨੀਂਹ, ਉਸਾਰੀ ਕਰਵਾਈ। ਸ: ਜਸਾ ਸਿੰਘ ਆਹਲੂਵਾਲੀਆ ਨੇ ਦੀਵਾਨੇ ਆਮ ਵਿਚ. ਭਾਰਤ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ।

੨੨ ਅਕਤੂਬਰ ੧੭੮੩—ਸ. ਜਸਾ ਸਿੰਘ ਆਹਲੂਵਾਲੀਆ ਅਕਾਲ ਚਲਾਣਾ ਕਰ ਗਏ, ਸਮਾਧ ਬਾਬਾ ਅਟਲ ਵਿਖੇ ਹੈ, ੧੯੮੩ ਨੂੰ ਪੰਥ ਵਲੋਂ ਦੋ ਸੌ ਸਾਲਾ ਯਾਦ ਮਨਾਈ ਗਈ।

ਭਾਰਤ ਦਾ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਸੀ ਦਿਲੀ ਦਾ ਸ਼ਾਹ ਆਲਮ-੨ ਸੀ ਮਰਹਟਾ ਸਰਦਾਰ ਮਾਧੋ ਜੀ ਸਿੰਧੀਆ ਸੀ। ਸ: ਜੱਸਾ ਸਿੰਘ ਰਾਮਗੜੀਆ ਅਤੇ ਕਰਮ ਸਿੰਘ ਨੇ ਜਮਨਾ ਪਾਰ ਤਕ ਕਬਜ਼ਾ ਕਰ ਲਿਆ।

੧੭੮੪--ਸਰੋਵਰ ਵਡੀ ਪਰਕਰਮਾ ਅਤੇ ਆਲੇ ਦੁਆਲੇ ਦੀਆਂ ਈਮਾਰਤਾਂ ਦੀ ਉਸਾਰੀ ਮੁਕੰਮਲ ਹੋ ਗਈ।

ਸੂਫੀ ਸਾਈਂ ਬੁਲ੍ਹੇ ਸ਼ਾਹ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਕਿਹਾ :-

"ਇੱਟ ਖੜੱਕੇ ਦੁਕੜ ਵਜੇ ਨਾਲੇ ਤਪੇ ਚੁੱਲ੍ਹਾ
ਜਿਥੇ ਮੇਰਾ ਅੱਲਾ ਰਾਜੀ ਉਥੇ ਰਾਜੀ ਬੁਲਾ।"

ਭਾਵ ਇਸ ਹਰਿਮੰਦਰ ਵਿਖੇ ਹਰਿ ਦਾ ਜਸ ਸਾਜ਼ ਸੰਗੀਤ ਸ਼ਬਦ-ਕੀਰਤਨ ਅਤੇ ਗੁਰੂ ਦੇ ਲੰਗਰ ਵਰਤਦੇ ਹਨ।

੧੭੮੪--ਸੂਰਬੀਰ ਸਰਦਾਰ ਜੈ ਸਿੰਘ ਘਨਈਆ ਮਿਸਲ ਜੂਝਦੇ ਹੋਏ ਸ਼ਹੀਦ ਹੋ ਗਏ।

ਮਾਰਚ ੧੭੮੫ ਮਰਹੱਟੇ ਸਰਦਾਰਾਂ ਅਤੇ ਸਿੰਘਾਂ ਵਿਚਕਾਰ ਸੰਧੀ ਹੋਈ।

੯ ਮਈ ੧੭੮੫ ਅੰਗਰੇਜ਼ਾਂ ਨੇ ਮਰਹੱਟਾ ਸਰਦਾਰਾਂ ਨਾਲ ਸੰਧੀ ਕਰ ਲਈ ਅਤੇ ਸਿਖਾਂ ਵਿਚ ਫੁੱਟ ਪਵਾ ਦਿਤੀ।

੧੭੮੫--ਬਾਲਕ ਰਣਜੀਤ ਸਿੰਘ ਨੂੰ ਚੀਚਕ ਦਾ ਭਿਆਨਕ ਰੋਗ ਸੀ, ਇਕ ਅੱਖ ਦੀ ਨਜ਼ਰ ਖਤਮ ਹੋ ਗਈ, ਮਾਤਾ ਰਾਜ ਕੌਰ ਪਿਤਾ ਮਹਾਂ ਸਿੰਘ ਦੇ ਨਾਲ ਦੁਖ ਭੰਜਣੀ ਬੇਰੀ ਦੇ ਘਾਟ ਤੇ ਇਸ਼ਨਾਨ ਕਰਕੇ, ਸ੍ਰੀ ਹਰਿਮੰਦਰ ਵਿਖੇ ਅਰਦਾਸ ਕੀਤੀ, ਰੋਗ ਦੂਰ ਹੋ ਗਿਆ।

੧੭੮੭--ਸ. ਬਘੇਲ ਸਿੰਘ, ਗੁਲਾਮ ਕਾਦਰ ਰੋਹਿਲਾ ਨਾਲ ਰਲ ਗਏ।

੧੭੮੮--ਮਰਹਟਾ ਰਾਣਾ ਰਾਓ ਨੇ ਪੰਜਾਬ ਉਪਰ ਹਮਲਾ ਕਰ ਦਿਤਾ ਤਾਂ ਬਘੇਲ ਸਿੰਘ ਨੇ ਮੂੰਹ ਭਵਾਂ ਦਿਤਾ। ਸ. ਬਘੇਲ ਸਿੰਘ ਨੇ ਦਿਲੀ ਦੀ ਸਿਮਰੂ ਬੇਗਮ ਦੀ ਇਜ਼ਤ ਬਚਾਈ।

੧੦ ਅਗਸਤ ੧੭੮੮--ਸ਼ਾਹ ਆਲਮ ਨੂੰ ਸਿੰਘਾਂ ਨੇ ਗਰਿਫਤਾਰ ਕਰ ਲਿਆ।

੧੭੮੮-ਦੇਸ ਵਿਚ ਬਾਰਸ਼ਾਂ ਨਾ ਹੋਣ ਕਾਰਨ ਭਿਆਨਕ ਸੋਕਾ ਪੈ ਗਿਆ, ਸਰੋਵਰ ਖੁਸ਼ਕ ਹੋ ਗਿਆ। ਪਠਾਨਕੋਟ ਦੇ ਹਾਕਮਾਂ ਤੋਂ ਪਰਵਾਨਗੀ ਲੈ ਕੇ ਰਾਵੀ ਦਰਿਆ ਦਾ ਪਾਣੀ ਮਾਧੋਪੁਰ ਤੋਂ ਹੰਸਲੀ ਰਾਹੀਂ ੧੭੯੧ ਤੋਂ ਸਰੋਵਰ ਵਿਚ ਪਾਉਣਾ ਸ਼ੁਰੂ ਕੀਤਾ ਗਿਆ।

੧੭੮੯--ਈਸਾ ਦੇ ਦੁਸ਼ਟ ਅੰਗਰੇਜ਼ ਹਾਕਮਾਂ ਨੇ ਦਿੱਲੀ ਦੇ ਮੁਗਲ ਬਾਦਸ਼ਾਹ ਸ਼ਾਹ ਆਲਮ ਸਾਨੀ ਨੂੰ ਅੰਨ੍ਹਾਂ ਕਰ ਦੱਤਾ। ਤੈਮੂਰ ਸ਼ਾਹ ਅਫਗਾਨਸਤਾਨ ਵਿਖੇ ਮਰ ਗਿਆ। ਇਸ ਦਾ ਵੱਡਾ ਪੁਤਰ ਹਮਾਯੰ ਤਖ਼ਤ ਤੇ ਬੈਠ ਗਿਆ।

ਸੰਨ ੧੭੮੯--ਫਰਾਂਸ ਵਿਚ ਭਾਰੀ ਇਨਕਲਾਬੀ ਤਬਦੀਲੀਆਂ ਹੋਈਆਂ।

੧੭੯੦--ਸਰਦਾਰ ਬਘੇਲ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਦਿੱਲੀ ਫਤਹਿ ਕਰਕੇ ਕੇਸਰੀ ਨਿਸ਼ਾਨ ਝੁਲਾ ਦਿਤੇ। ਗੁਰਦੁਆਰਾ ਸੀਸ ਗੰਜ ਵਾਲੀ ਥਾਂ ਤੇ ਜੋ ਮਸੀਤ ਸੀ ਉਸ ਨੂੰ ਢਾਹ ਦਿੱਤਾ ਗਿਆ। ਸ: ਜੱਸਾ ਸਿੰਘ ਰਾਮਗੜ੍ਹੀਆ ਸਰਸਾ, ਹਿਸਾਰ, ਹਾਂਸੀ ਦੇ ਇਲਾਕੇ ਤੇ ਕਾਬਜ ਰਹੇ। ਆਪਣਾ ਕੇਂਦਰ ਛੰਦੋਲੀ ਰਖਿਆ। ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸੁੰਦਰ ਅਜਾਇਬ ਘਰ ਯਾਦ ਤਾਜ਼ਾ ਕਰ ਰਿਹਾ ਹੈ।

੧੭੯੨—ਸ: ਮਹਾਂ ਸਿੰਘ ਅਕਾਲ ਚਲਾਣਾ ਕਰ ਗਏ । ਸ: ਰਣਜੀਤ ਸਿੰਘ ਆਪਣੀ ਮਿਸਲ ਸ਼ੁਕਰਚੱਕੀਆ ਦਾ ਸਰਦਾਰ ਬਣ ਗਿਆ।

੧੭੯੩—ਤੈਮੂਰ ਸ਼ਾਹ ਦਾ ਛੋਟਾ ਪੁਤਰ ਸ਼ਾਹ ਜਮਾਨ ਅਫਗਾਨਿਸਤਾਨ ਕਾਬਲ ਦਾ ਬਾਦਸ਼ਾਹ ਬਣ ਗਿਆ ।

ਫਰਵਰੀ ੧੭੯੪--ਮਰਹੱਟਾ ਸਰਦਾਰ ਮਾਧੋ ਜੀ ਸਿੰਧੀਆ ਮਰ ਗਿਆ ।

੧੭੯੫—ਸ਼ਾਹ ਜ਼ਮਾਨ ਅਹਿੰਮਦ ਸ਼ਾਹ ਅਬਦਾਲੀ ਦਾ ਪੋਤਰਾ ਸੀ, ਭਾਰੀ ਫੌਜ ਨਾਲ ਦਰਿਆ ਜਿਹਲਮ ਪਾਰ ਕਰਕੇ ਚਨਾਬ ਪਹੁੰਚਿਆ, ਤਾਂ ਮਹਾਰਾਜਾ ਰਣਜੀਤ ਸਿੰਘ ਨੇ ਮੂੰਹ ਭਵਾਂ ਦਿਤਾ ।

੧੭੯੬—ਮ: ਰਣਜੀਤ ਸਿੰਘ ਦੀ ਸ਼ਾਦੀ ਸਰਦਾਰਨੀ ਸਦਾ ਕੌਰ ਕਨ੍ਹੀਆ ਮਿਸਲ ਬਟਾਲਾ ਦੀ ਲੜਕੀ ਮਹਿਤਾਬ ਕੌਰ ਨਾਲ ਹੋਈ, ਸ਼ੁਕਰਾਨਾ ਕਰਨ, ਸ੍ਰੀ ਹਰਿਮੰਦਰ ਸਾਹਿਬ ਆਏ ।

੧੭੯੬--ਹਰਦੁਆਰ ਕੁੰਭ ਦੇ ਮੇਲੇ ਤੇ ਬੀਮਾਰੀ ਫੈਲ ਗਈ।

ਅਕਤੂਬਰ ੧੭੯੭—ਸ਼ਾਹਜ਼ਮਾਨ ਭਾਰੀ ਫੌਜਾਂ ਨਾਲ ਲਾਹੌਰ ਪਹੁੰਚ ਗਿਆ, ਮ: ਰਣਜੀਤ ਸਿੰਘ (੧੮ ਸਾਲ) ਨੇ ਡਟ ਕੇ ਮੁਕਾਬਲਾ ਕੀਤਾ, ਗੁਜਰਾਂਵਾਲਾ ਤੇ ਕਬਜਾ ਕਰ ਲਿਆ, ਸ਼ਾਹ ਜ਼ਮਾਨ ਕਾਬਲ ਪਰਤ ਗਿਆ । ਇਸ ਦਾ ਜਰਨੈਲ ਅਹਿੰਮਦ ਖਾਨ-ਸ਼ਾਹਨਚੀ ਕਤਲ ਹੋ ਗਿਆ । ਮ: ਰਣਜੀਤ ਸਿੰਘ ਨੇ ਆਪਣੇ ਸਰਦਾਰਾਂ ਨੂੰ ਕਿਹਾ "ਫਤਹਿ ਵਾਹਿਗੁਰੂ ਦੀ ਦਾਤ ਹੈ" ਸ਼ਾਹ ਜਮਾਨ ਨੇ ਜੰਮੂ ਦੇ ਰਾਜਾ ਸੰਸਾਰ ਚੰਦ ਨੂੰ ਤਾੜਨਾ ਕੀਤੀ ਕਿ ਸਿਖਾਂ ਨੂੰ ਪਨਾਹ ਨਾ ਦਿਤੀ ਜਾਵੇ ।

ਅਕਤੂਬਰ ੧੭੯੮--ਸ਼ਾਹ ਜਮਾਨ ਭਾਰੀ ਫੌਜ ਨਾਲ ਲਾਹੌਰ ਪਹੁੰਚ ਗਿਆ, ਮ: ਰਣਜੀਤ ਸਿੰਘ ਨੇ ਲਾਹੌਰ ਦੇ ਕਿਲੇ ਤੋਂ ਬਾਹਰ ਸੁੰਮਨ ਬੁਰਜ ਕੋਲ ਖੜੇ ਹੋ ਕੇ ਲਲਕਾਰ ਕੇ ਕਿਹਾ :-

":ਅਹਿਮਦ ਸ਼ਾਹ ਦੇ ਪੋਤਰੇ ਨਿਕਲ ਬਾਹਰ, ਸ: ਚੜ੍ਹਤ ਸਿੰਘ ਦਾ ਪੋਤਰਾ ਤੇਰੇ ਨਾਲ ਦੋ ਹਥ ਕਰਨ ਲਈ ਆਇਆ ਹੈ।" ਸ਼ਾਹ ਜਮਾਨ ਦੁਮ ਦਬਾ ਕੇ ਕਾਬਲ ਵਲ ਖਿਸਕ ਗਿਆ ਅਤੇ ਸਦਮੇ ਨਾਲ ਹੀ ਮਰ ਗਿਆ। ਪੰਜਾਬ ਦੇ ਸੂਰਬੀਰ ਸਿੰਘ ੪੦ ਸਾਲ ਲਗਾਤਾਰ ਦੁਸ਼ਟ ਮੁਗਲਾਂ ਨਾਲ ਟਕਰ ਲੈਂਦੇ ਰਹੇ । ਨਹੀਂ ਤਾਂ ਇਹ ਪੰਡਤ ਮੁਸਲਮਾਨ ਬਣ ਗਏ ਹੁੰਦੇ ।

੨੭ ਨਵੰਬਰ ੧੭੯੮—ਬਾਬਾ ਸਾਹਿਬ ਸਿੰਘ ਬੇਦੀ ਨੇ ਕਿਹਾ :- ਅਸੀਂ ਤਲਵਾਰ ਦੇ ਜ਼ੋਰ ਨਾਲ ਦੇਸ਼ ਲਿਆ ਹੈ, ਸੋ ਤਲਵਾਰ ਨਾਲ ਹੀ ਰਾਖੀ ਕਰਾਂਗੇ ।

੮ ਜੁਲਾਈ ੧੭੯੯—ਲਾਹੌਰ ਦੇ ਕਿਲ੍ਹੇ ਉਪਰ ਮਹਾਰਾਜਾ ਰਣਜੀਤ ਸਿੰਘ ਨੇ ਕੇਸਰੀ ਨਿਸ਼ਾਨ ਝੁਲਾ ਦਿਤਾ। ਭਾਰੀ ਰੌਣਕਾਂ ਹੋਈਆਂ। ਸ਼ੁਕਰਾਨਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਆਏ। ਮ. ਰਣਜੀਤ ਸਿੰਘ ਨੇ ਲਾਹੌਰ ਵਿਚ ਕੋਈ ਲੁਟ ਮਾਰ ਨਹੀਂ ਕੀਤੀ ਸੋ ਸਾਰੇ ਮੁਸਲਮਾਨ, ਹਿੰਦੂ ਪ੍ਰਸੰਨ ਸਨ।

ਅੰਮ੍ਰਿਤਸਰ ਨਗਰ ਦਾ ਪ੍ਰਬੰਧ ਭੰਗੀ ਮਿਸਲ ਦੇ ਸਰਦਾਰ ਗੁਲਾਬ ਸਿੰਘ ਦੀ ਵਿਧਵਾ ਮਾਈ ਸੁਖਾਂ ਕੋਲ ਸੀ। ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਅਕਾਲੀ ਫੂਲਾ ਸਿੰਘ ਜਥੇਦਾਰ ਅਕਾਲ ਤਖਤ ਸੀ। ਬੁਰਜ ਅਕਾਲੀ ਫੂਲਾ ਸਿੰਘ ਮਿਸਲ ਸ਼ਹੀਦਾਂ ਦੀ ਛਾਉਣੀ ਸੀ। ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਗਿ: ਸੂਰਤ ਸਿੰਘ ਦੇ ਪੁਤਰ ਗਿ: ਸੰਤ ਸਿੰਘ ਜੀ ਸਨ।

੧੭੯੯—ਬਾਬਾ ਰਾਮ ਸਿੰਘ ਜੀ ਬੇਦੀ ਸਪੁਤਰ ਫਕੀਰ ਚੰਦ ਬੇਦੀ ਸਿਆਲਕੋਟ, ਅਕਾਲ ਚਲਾਣਾ ਕਰ ਗਏ।

੧੮੦੫—ਸ੍ਰੀ ਹਰਿਮੰਦਰ ਦੇ ਆਲੇ ਦੁਆਲੇ ਸਿਖ ਮਿਸਲਾਂ ਦੇ ਸਰਦਾਰਾਂ ਅਤੇ ਰਾਨਿਆਂ ਨੇ ਬੁੰਗੇ ਬਣਵਾਏ। ਅਕਾਲ ਬੁੰਗਾ ਵਿਖੇ ਗਿ: ਆਤਮਾ ਸਿੰਘ ਗੁਰਮਤਿ ਸਿਖਲਾਈ ਦੀਆਂ ਕਲਾਸਾਂ ਲਗਾਉਂਦੇ ਸਨ। ਸ੍ਰੀ ਹਰਿਮੰਦਰ ਦੀ ਰਖਿਆ ਵਾਸਤੇ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਦੋ ਮਿਨਾਰ, ਬੁੰਗਾ ਰਾਮਗੜ੍ਹੀਆ ਵਿਖੇ ਬਣਵਾ ਦਿਤੇ।

ਅਪ੍ਰੈਲ ੧੮੦੧ ਵਿਸਾਖੀ--ਮ: ਰਣਜੀਤ ਸਿੰਘ ਵਲੋਂ ਸ਼ਾਹੀ ਦਰਬਾਰ ਲਗਾਇਆ ਗਿਆ ਸਾਰੀਆਂ ਮਿਸਲਾਂ ਦੇ ਸਰਦਾਰ, ਰਾਜੇ, ਸੂਬੇ, ਹਾਕਮ ਇਕਠੇ ਹੋਏ ਗੁਰਬਾਣੀ ਦਾ ਪਾਠ ਸ਼ਬਦ ਕੀਰਤਨ, ਗੁਰੂ ਦੇ ਲੰਗਰ ਹੋਏ, ਮਹਾਰਾਜਾ ਹੋਣ ਦਾ ਐਲਾਨ ਹੋਇਆ, ਗਰੀਬਾਂ ਅਨਾਥਾਂ ਨੂੰ ਦਾਨ ਕੀਤੇ ਗਏ। ਬਾਬਾ ਸਾਹਿਬ ਸਿੰਘ ਬੇਦੀ ਊਨਾ ਤੋਂ ਪਹੁੰਚੇ ਅਤੇ ਗਦੀ ਨਸ਼ੀਨੀ ਦਾ ਰਾਜ ਤਿਲਕ ਲਗਾਇਆ ਸਰਕਾਰੀ ਮੋਹਰ ਅਕਾਲ ਸਹਾਇ ਤਿਆਰ ਹੋਈ।

ਮਹਾਰਾਜਾ ਰਣਜੀਤ ਸਿੰਘ, ਗੁਰੂ ਨਾਨਕ ਦੇ ਪੂਰਨ ਸਿੱਖ ਸਨ, ਇਨ੍ਹਾਂ ਨੇ ਕਿਸੇ ਮੁਸਲਮਾਨ ਤੇ ਜ਼ੁਲਮ ਨਹੀਂ ਕੀਤਾ, ਸਗੋਂ ਸ਼ਾਹੀ ਮਸਜਦ ਦਾ ਪੂਰਾ ਸਤਿਕਾਰ ਕੀਤਾ, ਹੋਰ ਮਸੀਤਾਂ, ਮਜ਼ਾਰ ਦਾਤਾ ਗੰਜ ਬਖਸ਼, ਬਜ਼ਾਰ ਮੀਆਂ ਮੀਰ, ਕਾਂਗੜਾ, ਜਵਾਲਾ ਮੁਖੀ ਅਤੇ

ਬਨਾਰਸ ਦੇ ਮੰਦਰ ਹਰ ਧਰਮ ਲਈ ਸਰਕਾਰੀ ਖਜ਼ਾਨੇ ਤੋਂ ਬਣਵਾਏ ਗਏ ਆਪ ਦਾ ਪ੍ਰਧਾਨ ਮੰਤਰੀ ਰਾਜਪੂਤ ਡੋਗਰੇ ਨੂਰਦੀਨ, ਇਮਾਮ ਦੀਨ ਬਦੇਸ਼ ਮੰਤਰੀ ਫਕੀਰ ਅਜੀਜ਼ੁ ਦੀਨ, ਵਿਤ ਮੰਤਰੀ ਦੀਵਾਨ ਭਵਾਨੀ ਪ੍ਰਸ਼ਾਦਿ, ਦੀਵਾਨ ਚੰਦ, ਮੁਹਕਮ ਚੰਦ, ਇਲਾਹੀ ਬਖਸ਼ ਫੌਜੀ ਜਰਨੈਲ ਈਸਾਈ ਅੰਗਰੇਜ ਜਰਨਲ ਵੈਨਤੂਰ, ਐਲਾਰਡ ਕੋਰਟ ਗਾਰਡਨ ਪਰੇ ਸਤਿਕਾਰ ਨਾਲ ਕੰਮ ਕਰਦੇ ਰਹੇ।

ਖਾਲਸਾ ਪੰਥ ਦੇ ਰਾਜ ਦਾ ਸਿਕਾ ਨਾਨਕ ਸ਼ਾਹੀ :-

"ਦੇਗ ਤੇਗ ਫਤਹਿ ਨੁਸਰਤ ਬੇਦਰੰਗ,
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ ॥"

੧੮੦੨—ਕੰਵਰ ਖੜਕ ਸਿੰਘ ਦੇ ਪੈਦਾ ਹੋਣ ਦੀਆਂ ਖੁਸ਼ੀਆਂ, ਰੌਣਕਾਂ, ਸ਼ੁਕਰਾਨੇ ਗਰੀਬਾਂ ਨੂੰ ਦਾਨ ਕੀਤੇ ਗਏ।

੧੮੦੨—ਅੰਮ੍ਰਿਤਸਰ ਨਗਰ ਦਾ ਪ੍ਰਬੰਧ ਸ. ਗੁਲਾਬ ਸਿੰਘ ਭੰਗੀ ਮਿਸਲ ਦੀ ਬੇਵਾ ਮਾਈ ਸੁਖਾਂ ਪਾਸ ਸੀ। ਮ: ਰਣਜੀਤ ਸਿੰਘ ਨੇ ਗੁਰੂ ਦੀ ਪਵਿਤਰ ਨਗਰੀ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨ ਵਾਸਤੇ ਕੇਵਲ ਘੇਰਾ ਬੰਦੀ ਕੀਤੀ। ਸਰਦਾਰਨੀ ਸਦਾ ਕੌਰ ਅਤੇ ਕਪੂਰਥਲਾ ਦੇ ਰਾਜਾ ਫਤਹਿ ਸਿੰਘ ਆਹਲੂਵਾਲੀਆ ਨੇ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਵਿਚਾਰਾਂ ਅਤੇ ਫੈਸਲੇ ਅਨੁਸਾਰ, ਸ਼ਾਂਤਮਈ ਢੰਗ ਨਾਲ ਕਾਰਵਾਈ ਕੀਤੀ ਗਈ, ਸ. ਦੇਸਾ ਸਿੰਘ ਮਜੀਠਾ ਹਾਕਮ ਸਨ, ਇਸ ਦੇ ਪੁਤਰ ਸ. ਲਹਿਣਾ ਸਿੰਘ ਮਜੀਠਾ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਂਦੇ ਸਨ। ਸਾਰੇ ਸਰਦਾਰ, ਰਾਜੇ, ਆਪਣੇ ਗੁਰੂ ਦੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ, ਸ਼ੁਕਰਾਨਾ, ਅਰਦਾਸ ਕਰਨ ਲਈ ਹਾਜ਼ਰ ਹੋਏ, ਖੁਸ਼ੀਆਂ ਮਨਾਈਆਂ ਗਈਆਂ, ਦੀਪ ਮਾਲਾ ਕੀਤੀ ਗਈ। ਦੀਵਾਨ ਛਜੂ ਮਲ ਨੂੰ ਨਾਜ਼ਮ, ਮਾਲ ਗੁਜ਼ਾਰ ਲਗਾਇਆ ਗਿਆ। ਕਿਲ੍ਹਾ ਲੋਹਗੜ੍ਹ ਅਤੇ ਜ਼ਮਜ਼ਮ ਤੋਪ ਆਪਣੇ ਅਧਿਕਾਰ ਅਧੀਨ ਕਰ ਲਏ। ਬ੍ਰਹਮ ਬੂਟਾ ਅਖਾੜਾ ਦੇ ਮਹੰਤਾਂ ਨੂੰ ਜਾਗੀਰਾਂ ਦਿਤੀਆਂ। ਗਿ: ਸੰਤ ਸਿੰਘ ਜੀ ਹੈਡ ਗ੍ਰੰਥੀ ਭਾਈ ਚੰਚਲ ਸਿੰਘ ਸ੍ਰੀ ਹਰਿਮੰਦਰ ਸਾਹਿਬ ਪ੍ਰਬੰਧ ਕਰਦੇ ਸਨ। ਇਨ੍ਹਾਂ ਦੀ ਹਵੇਲੀ ਮਾਈ ਸੇਵਾਂ ਬਾਜ਼ਾਰ, ਬੁਰਜ ਗਿਆਨੀਆਂ ਪ੍ਰਸਿਧ ਹੈ। ਰਾਗੀ ਮਨਸ਼ਾ ਸਿੰਘ ਜੀ ਸਨ।

੧੮੦੨ ਸੂਰਬੀਰ ਜੋਧੇ ਸ. ਬਘੇਲ ਸਿੰਘ ਜੀ, ਅਕਾਲ ਚਲਾਣਾ ਕਰ ਗਏ। ਪੰਥ ਵਲੋਂ ਇਨ੍ਹਾਂ ਦੀ ਯਾਦਗਾਰ ਬਣਾਉਣੀ ਚਾਹੀਦੀ ਹੈ।

ਮਈ ੧੮੦੩—ਸ. ਜਸਾ ਸਿੰਘ ਜੀ ਰਾਮਗੜ੍ਹੀਆ ੮੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਸਪੁਤਰ ਸ. ਜੋਧ ਸਿੰਘ ਜੀ ਪ੍ਰਬੰਧ ਚਲਾਉਣ ਲਗੇ। ਪੰਥ ਵਲੋਂ ਇਨ੍ਹਾਂ ਦੀ ਯਾਦਗਾਰ ਬਣਾਉਣੀ ਚਾਹੀਦੀ ਹੈ।

੧੮੦੩—ਮ: ਰਣਜੀਤ ਸਿੰਘ ਵਲੋਂ ਗਿ: ਸੰਤ ਸਿੰਘ ਦੇ ਪ੍ਰਬੰਧ ਰਾਹੀਂ ਇਕ ਕਮੇਟੀ ਬਣਾਈ ਗਈ ਕਿ ਆਪਣੇ ਗੁਰੂ ਦੇ ਦਰਬਾਰ ਨੂੰ ਸੰਸਾਰ ਦੇ ਹੋਰਨਾਂ ਸਾਰੇ ਮਹਾਨ ਅਸਥਾਨਾਂ ਤੋਂ ਮਹਾਨ ਸੁੰਦਰ ਬਣਾਇਆ ਜਾਵੇ, ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ, ਮੋਹਰਾ ਕਸ਼ੀ, ਚਿਤਰਕਾਰੀ, ਸੰਗਮਰਮਰ, ਨਕਾਸ਼ੀ, ਟੁਕਰੀ ਗੱਚ, ਜੜਤਕਾਰੀ, ਸ਼ੀਸ਼ੇ ਦੇ ਕਮਾਲ, ਬੇਲਬੂਟੇ, ਆਤਮਕ ਰਸ ਸੁਹਜ ਅਨੰਦ ਲਈ ਦੇਸ਼ ਤੋਂ ਹਰ ਤਰ੍ਹਾਂ ਦੇ ਮਾਹਰ ਕਾਰੀਗਰ ਅਤੇ ਵਧੀਆ ਮੈਟੀਰੀਅਲ ਮੰਗਵਾਉਣ ਵਾਸਤੇ ਕਲਾਕਾਰਾਂ ਦੀ ਕਾਨਫਰੰਸ ਬਾਬਾ ਕਿਹਰ ਸਿੰਘ, ਕਿਸ਼ਨ ਸਿੰਘ, ਜੈ ਸਿੰਘ, ਮਹੰਤ ਈਸ਼ਰ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਨਿਹਾਲ ਸਿੰਘ, ਜਵਾਹਰ ਸਿੰਘ ਰਾਮਗੜ੍ਹੀਆ ਨੂੰ ਸੇਵਾ ਕਾਰਜ ਸੌਂਪੇ ਗਏ, ਚਨਿਓਟ ਤੋਂ ਯਾਰ ਮੁਹੰਮਦ ਖਾਨ ਮਾਹਰ ਕਾਰੀਗਰ ਬੁਲਾਏ ਗਏ, ਬਦਰੂ ਮਹੀਯੂਦੀਨ ਨਿਗਰਾਨ ਸਨ।

ਸ੍ਰੀ ਹਰਿਮੰਦਰ ਸਾਹਿਬ ਦੀਆਂ ਕੰਧਾਂ ਦੀ ਮੋਹਰਾ ਕਸ਼ੀ, ਚਿਤਰਕਲਾ, ਅਜੰਤਾ, ਅਲੋਰਾ ਗੁਫਾਵਾਂ ਨਾਲੋਂ ਨਵੇਕਲੀ ਹੈ ਇਨ੍ਹਾਂ ਵਿਚ ਰੰਗ, ਲਾਜਵਰ, ਸੰਗੇ ਸਬਜ, ਸ਼ਿੰਗਰਫ, ਪੁਰੀ, ਹੁਰਮਚੀ, ਸੰਧੂਰ ਅਤੇ ਕਾਲਾ-ਕਜਲ ਦੀ ਵਰਤੋਂ ਬੜੇ ਕਮਾਲ ਅਤੇ ਸਿਦਕ ਦਿਲੀ ਨਾਲ ਕੀਤੀ ਗਈ ਹੈ। ਮੁਗਲ. ਕਾਂਗੜਾ,ਰਾਜਪੂਤਾਨਾ,ਗੁਲੇਰ ਅਤੇ ਲਾਹੌਰ ਦੇ ਮਾਹਰ ਕਾਰੀਗਰਾਂ ਵਲੋਂ ਇਨ੍ਹਾਂ ਦੇ ਡਿਜ਼ਾਇਨ ਕੁਦਰਤੀ ਅਤੇ ਸਾਰੇ ਧਰਮਾਂ ਦੀਆਂ ਕਲਾਵਾਂ ਸੁਮੇਲ ਹਨ। ਉਪਰਲੀ ਛੱਤ ਅਤੇ ਪਉੜੀਆਂ ਵਿਚ ਮੋਹਰਾ ਕਸ਼ੀ ਦੇ ਕਮਾਲ ਹਨ।

ਮਹਾਰਾਜਾ ਅਸ਼ੋਕ ਨੇ ਬੁਧ ਧਰਮ ਦਾ ਪ੍ਰਚਾਰ ਕੀਤਾ ਸੀ, ਮੁਗਲ ਹਾਕਮਾਂ ਨੇ ਇਸਲਾਮ ਧਰਮ ਦਾ ਪ੍ਰਚਾਰ ਕੀਤਾ, ਸ਼ਾਹਜਹਾਨ ਨੇ ਆਪਣੀ ਬੇਗਮ ਨੂਰ ਜਹਾਨ ਦੀ ਯਾਦ ਮਕਬਰਾ, ਰੋਜਾ ਤਾਜ ਮਹਲ ਆਗਰਾ ਵਿਖੇ ਬਣਵਾਇਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਸਾਰਾ ਜੀਵਨ ਆਪਣੇ ਰੱਬ ਦੇ ਘਰ ਨੂੰ ਹਰ ਪੱਖ ਵਲੋਂ ਸੁੰਦਰ ਬਣਾਉਣ ਫੁਲ ਲਗਾ ਕੇ ਸ਼ੁਕਰ

ਕੀਤਾ। ਸੋਨੇ ਦੇ ਪਤਰੇ ਲਗਵਾਏ ਗਏ। ਗਿਆਨੀ ਗਿਆਨ ਸਿੰਘ, ਭਾਈ ਹਰਨਾਮ ਸਿੰਘ, ਭਾਈ ਆਤਮਾ ਸਿੰਘ, ਭਾਈ ਮਹਿਤਾਬ ਸਿੰਘ, ਸ. ਹਰਭਜਨ ਸਿੰਘ, ਪ੍ਰੀਤਮ ਸਿੰਘ, ਮਨਮੋਹਨ ਸਿੰਘ, ਜੈਮਲ ਸਿੰਘ, ਕਰਤਾਰ ਸਿੰਘ, ਅਜੀਤ ਸਿੰਘ, ਸੋਹਣ ਸਿੰਘ ਨਕਾਸ਼ ਕੰਮ ਕਰਦੇ ਰਹੇ। ਹੁਣ ਭਾਈ ਹਰਵਿੰਦਰ ਸਿੰਘ ਕੰਮ ਕਰ ਰਹੇ ਹਨ।

ਲਾਹੌਰ ਤੋਂ ਅੰਮ੍ਰਿਤਸਰ ਤਕ ਸੜਕ ਚੌੜੀ ਬਣਵਾ ਦਿਤੀ ਗਈ, ਸ੍ਰੀ ਅੰਮ੍ਰਿਤਸਰ ਨਗਰ ਪਾਲਕਾ ਤੋਂ ਮਸੂਲ ਚੁੰਗੀ ਦੀ ਸ·ਰੀ ਆਮਦਨ ਦਰਬਾਰ ਸਾਹਿਬ ਦੇ ਪ੍ਰਬੰਧ ਕਾਰਜ਼ਾਂ ਵਲ ਖਰਚ ਕੀਤੀ ਜਾਂਦੀ ਸੀ।

ਮ: ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ, ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ ਦਾ ਬਹੁਤ ਅਦਬ ਸਤਿਕਾਰ ਕਰਿਆ ਕਰਦੇ ਸਨ। ਭਾਈ ਮਣਸਾ ਸਿੰਘ ਜੀ ਰਾਗੀ ਬੜੇ ਸਬਰ ਸੰਤੋਖ ਵਾਲੇ ਸਨ, ਇਨ੍ਹਾਂ ਨੇ ਜਾਗੀਰ, ਮਾਇਆ ਲੈਣ ਤੋਂ ਇਨਕਾਰ ਕੀਤਾ. ਆਪਣੇ ਮਹੱਲਾਂ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸੁੰਦਰ ਕਲਗੀ ਦੇ ਦਰਸ਼ਨ ਕਰਦੇ, ਅਖਾਂ ਨਾਲ ਛੁਹਾਂਦੇ ਗਦ ਗਦ ਹੋ ਜਾਦੇ, ਆਤਮਕ ਸ਼ਕਤੀ, ਅਨੰਦ ਮਾਣਦੇ। ਖਾਲਸਾ ਰਾਜ ਦੇ ਸਿਕੇ ਵਾਸਤੇ ਟਕਸਾਲ ਲਗਾ ਕੇ, ਸਿਕਾ ਚਾਲੂ ਕੀਤਾ ਗਿਆ, ਪਹਿਲੇ ਦਿਨ ਦਾ ਸਾਰਾ ਸਿਕਾ, ਗੁਰੂ ਦੇ ਧਰਮ ਕਾਰਜਾਂ, ਲੰਗਰ, ਗਰੀਬਾਂ ਅਨਾਥਾਂ ਨੂੰ ਦਾਨ ਕੀਤੇ ਗਏ।

੧੮੦੫--ਇੰਦੌਰ ਤੋਂ ਮਰਹੱਟਾ ਜਵਵੰਤ ਰਾਏ ਹੁਲਕਰ, ਦੁਸ਼ਟ ਅੰਗਰੇਜ਼ ਹਾਕਮਾਂ ਵਿਰੁਧ ਸਹਾਇਤਾ ਲੈਣ ਲਈ ਮ: ਰਣਜੀਤ ਸਿੰਘ ਪਾਸ ਆਇਆ, ਇਸ ਮਾਮਲੇ ਤੇ ਵਿਚਾਰ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਥੇਦਾਰ ਅਕਾਲੀ ਫੂਲਾ ਸਿੰਘ ਰਾਹੀਂ ਗੁਰਮਤਾ ਕਰਕੇ ਫੈਸਲਾ ਕੀਤਾ ਕਿ ਸਹਾਇਤਾ ਕਰਨੀ ਠੀਕ ਨਹੀਂ ਹੈ।

੧੮੦੫--ਮ: ਰਣਜੀਤ ਸਿੰਘ ਨੇ ਗਰਮੀਆਂ ਦੀ ਰਾਜਧਾਨੀ ਲਈ ਅੰਮ੍ਰਿਤਸਰ ਵਿਖੇ ਸੁੰਦਰ ਬਾਗ, ਗੁਰੂ ਰਾਮ ਦਾਸ ਜੀ ਦੇ ਨਾਮ ਤੇ ਰਾਮਬਾਗ ਬਣਾਇਆ, ਲਾਹੌਰ ਤੋਂ ਇਕ ਨਹਿਰ ਬਣਵਾ ਕੇ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਹ ਰਾਮ ਬਾਗ ੮੦ ਏਕੜ ਦਾ ਹੈ।

੧੮੦੬--ਦਿਲੀ ਦਾ ਬਾਦਸ਼ਾਹ ਸ਼ਾਹ ਆਲਮ ਸਾਨੀ ਕਬਰਾਂ ਵਿਚ ਪਹੁੰਚ ਗਿਆ, ਉਸ ਦੀ ਥਾਂ ਅਕਬਰ ਸਾਨੀ ਤਖਤ ਤੇ ਬੈਠ ਗਿਆ।

੧੮੦੭--ਮੈਲਕਮ ਨੇ ਸਾਰੇ ਹਾਲਾਤ ਸਕੈਚ ਆਫ ਦੀ ਸਿਖਸ (**Sketch of the sikhs**) ਲਿਖੇ ਹਨ।

੧੮੦੭--ਮ: ਰਣਜੀਤ ਸਿੰਘ ਦੇ ਘਰ ਦੋ ਜੌੜੇ ਪੁਤਰ ਸ਼ੇਰ ਸਿੰਘ ਅਤੇ ਤਾਰਾ ਸਿੰਘ ਪੈਦਾ ਹੋਏ, ਭਾਰੀ ਰੌਣਕਾਂ, ਸ਼ੁਕਰਾਨੇ ਅਤੇ ਗਰੀਬਾਂ ਅਨਾਥਾਂ ਨੂੰ ਦਾਨ ਕੀਤੇ ਗਏ।

੧੮੦੮--ਕੁੰਭ ਦਾ ਮੇਲਾ ਹਰਦੁਆਰ ਵਿਖੇ ਬੀਮਾਰੀ ਫੈਲ ਗਈ।

੧੮੦੮--ਮ: ਰਣਜੀਤ ਸਿੰਘ ਨੇ ਕਿਲ੍ਹਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਤਿਆਰ ਕਰਵਾ ਕੇ ਨਾਮ ਗੋਬਿੰਦ ਗੜ੍ਹ ਰਖਿਆ, ਇਸ ਵਿਚ ਸ਼ਾਹੀ ਖ਼ਜ਼ਾਨਾ, ਤੋਸ਼ਾ ਖਾਨਾ ਸੀ।

੧੮੦੮--ਕਸੂਰ ਦੇ ਪਠਾਣ ਹਾਕਮ ਮੁਜ਼ਫਰ ਖਾਨ ਅਤੇ ਨਵਾਬ ਕੁਤਬਦੀਨ ਉਪਰ ਅਕਾਲੀ ਫੂਲਾ ਸਿੰਘ ਜੀ ਨੇ ਹਮਲਾ ਕਰਕੇ, ਲਾਹੌਰ ਦਰਬਾਰ ਅਧੀਨ ਕਰ ਲਿਆ, ਆ ਕੇ ਸ਼ੁਕਰਾਨਾ ਕੀਤਾ ਗਿਆ।

੨੫ ਅਪ੍ਰੈਲ ੧੮੦੯--ਮ: ਰਣਜੀਤ ਸਿੰਘ ਦੇ ਨਾਲ ਦੁਸ਼ਟ ਅੰਗਰੇਜ਼ ਹਾਕਮ ਜਨ: ਮੈਟਕਾਫ ਵਿਚਕਾਰ ਸੰਧੀ ਅੰਮ੍ਰਿਤਸਰ ਵਿਖੇ ਹੋਈ, ਉਹ ਖਾਲਸਾ ਰੈਜਮੈਟਾਂ ਦੇ ਕਮਾਲ ਵੇਖ ਕੇ ਹੈਰਾਨ ਹੋ ਗਿਆ।

੧੮੦੯--ਕਾਂਗੜਾ ਦਾ ਰਾਜਾ ਸੰਸਾਰ ਚੰਦ, ਗੁਰੂ ਦਰਬਾਰ ਵਿਚ ਹਜ਼ਾਰ ਹੋਇਆ ਸ੍ਰੀ ਹਰਿਮੰਦਰ ਨੂੰ ਸੁੰਦਰ ਬਣਾਉਣ ਲਈ ਸਾਮਾਨ ਅਤੇ ਮਾਹਰ ਕਾਰੀਗਰ ਦਿਤੇ ਗਏ। ਕਿਲ੍ਹਾ ਗੋਬਿੰਦ ਗੜ੍ਹ ਦਾ ਪ੍ਰਬੰਧਕ ਫਕੀਰ ਇਮਾਮ ਦੀਨ ਨੂੰ ਬਣਾਇਆ ਗਿਆ, ਮਿਸਰ ਬੇਲੀ ਰਾਮ ਤੋਸ਼ੇ ਖਾਨਾ ਦਾ ਪ੍ਰਬੰਧਕ ਸੀ।

੧੮੦੯--ਮ: ਰਣਜੀਤ ਸਿੰਘ ਵਲੋਂ ਨਿਜ਼ਾਮ ਹੈਦਰਾਬਾਦ ਨਾਸੂਰ ਦੌਲਾ ਦੀ ਸਹਾਇਤਾ ਕੀਤੀ ਗਈ ਲਾਹੌਰ ਤੋਂ ਖਾਲਸਾ ਰੈਜਮੈਟਾਂ ਭੇਜੀਆਂ ਗਈਆਂ।

ਦਿਲੀ ਦੇ ਤਖਤ ਤੇ ਬਹਾਦਰ ਸ਼ਾਹ, ਅੰਗਰੇਜ਼ ਹਾਕਮਾਂ ਤੋਂ ਦੁਖੀ ਸੀ,ਪਰ ਕਾਬਲ ਦੇ ਦੋਸਤ ਮੁਹੰਮਦ ਖਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ, ਜੰਮੂ-ਕਸ਼ਮੀਰ ਦਾ ਰਾਜਾ ਰਣਬੀਰ ਸਿੰਘ, ਪਟਿਆਲਾ ਦਾ ਰਾਜਾ ਨਰਿੰਦਰ ਸਿੰਘ, ਨਿਪਾਲ ਦੇ ਜੰਗ ਬਹਾਦਰ ਨੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ।

੧੮੧੧--ਦਿਲੀ ਵਿਚ ਚਾਰਲਸ ਮੈਟਕਾਫ ਨੇ ਰਾਜ ਪ੍ਰਬੰਧ ਸ਼ੁਰੂ ਕੀਤਾ ਅਤੇ ੧੮੧੯ ਤਕ ਹਕੂਮਤ ਕਰਦਾ ਰਿਹਾ।

੧੮੧੭--ਸ੍ਰੀ ਖੁਸ਼ਵਕਤ ਰਾਏ ਵਲੋਂ ਤਾਰੀਖੇ ਸਿਖਾਂ, ਇਤਿਹਾਸ ਲਿਖਿਆ ਗਿਆ।

੧੮੧੩--ਸ: ਫਤਹਿ ਸਿੰਘ ਦੀ ਵਿਧਵਾ ਵਲੋਂ ਬਾਜ਼ਾਰ ਮਾਈ ਸੇਵਾਂ ਤਿਆਰ ਕਰਵਾਇਆ ਗਿਆ।

੧੮੧੩--ਬਾਬਾ ਦਿਆਲ ਸਿੰਘ ਪਿਸ਼ਾਵਰ ਨਿਵਾਸੀ, ਮੋਢੀ ਨਿਰੰਕਾਰੀ ਲਹਿਰ ਅਕਾਲ ਚਲਾਣਾ ਕਰ ਗਏ।

੧੮੧੩--ਤਖਤ ਪਟਨਾ ਸਾਹਿਬ ਦਾ ਪ੍ਰਬੰਧ ਮਹੰਤ ਦਿਆਲ ਸਿੰਘ ਤੋਂ ਪੰਜ ਸਿੰਘ ਕਰਨ ਲਗੇ।

੧੮੧੩--ਸ਼ਾਹ ਸ਼ੁਜਾਹ ਵਲੋਂ ਸਹਾਇਤਾ ਸਬੰਧੀ ਕੋਹਨੂਰ ਹੀਰਾ ਨਜ਼ਰਾਨੇ ਵਜੋਂ ਮ: ਰਣਜੀਤ ਸਿੰਘ ਨੂੰ ਭੇਟ ਕੀਤਾ ਗਿਆ, ਜੋ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਥਾ ਟੇਕ ਕੇ ਪ੍ਰਵਾਨ ਕੀਤਾ ਗਿਆ, ਗੋਬਿੰਦਗੜ੍ਹ ਤੋਸ਼ੇ ਖਾਨੇ ਵਿਚ ਰਖਿਆ ਗਿਆ।

ਅਕਤੂਬਰ ੧੮੧੪--ਮ: ਰਣਜੀਤ ਸਿੰਘ ਵਲੋਂ ਦੀਵਾਲੀ ਦੇ ਪ੍ਰਬੰਧ, ਭਾਰੀ ਰੌਣਕਾਂ ਆਪਣੇ ਗੁਰੂ ਦਰਬਾਰ ਵਿਚ ਕੀਤੀਆਂ ਗਈਆਂ।

੧੮੧੫--ਨਿਪੋਲੀਅਨ ਨੂੰ ਵਾਟਰ-ਲੂ ਦੀ ਲੜਾਈ ਵਿਚ ਹਾਰ ਹੋਈ।

੧੮੧੫--ਕਮਾਂਡਰ ਜੋਧ ਸਿੰਘ ਜੀ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਏ।

੧੮੧੬--ਮ: ਰਣਜੀਤ ਸਿੰਘ ਵਲੋਂ ਗੁਰਮਤਿ ਮਰਿਆਦਾ ਦੇ ਵਿਰੁਧ ਕਿਸੇ ਕੀਤੀ ਕਾਰਵਾਈ ਕਾਰਨ ਜ਼ਥੇ: ਅਕਾਲੀ ਫੂਲਾ ਸਿੰਘ ਵਲੋਂ ਇਮਲੀ ਦੇ ਦਰਖਤ ਨਾਲ ਬੰਨ੍ਹ ਕੇ ਕੋਰੜੇ ਲਗਾਉਣ ਦੀ ਸਜ਼ਾ ਨੂੰ ਖਿੜੇ ਮਥੇ ਪ੍ਰਵਾਨ ਕੀਤਾ।

ਜਨਵਰੀ ੧੮੧੮--ਮੁਲਤਾਨ ਦਾ ਨਵਾਬ ਮੁਜਫਰ ਖਾਨ ਉਪਰ ਅਕਾਲੀ ਫੂਲਾ ਸਿੰਘ ਨੇ ਹਮਲਾ ਕੀਤਾ, ਉਸਨੂੰ ਕਬਰਾਂ ਵਿਚ ਪਹੁੰਚਾ ਦਿਤਾ, ਇਸ ਸਬੰਧੀ ਪਹਿਲਾਂ ਸ੍ਰੀ ਅਕਾਲ ਤਖਤ ਵਿਖੇ ਬਾਬਾ ਸਾਹਿਬ ਸਿੰਘ ਬੇਦੀ ਵਲੋਂ ਗੁਰਮਤਾ ਕੀਤਾ ਗਿਆ ਸੀ, ਫਤਹਿ ਹੋਣ ਤੇ ਸ਼ੁਕਰਾਨਾ ਅਤੇ ੭ ਦਿਨ ਦੀਪਮਾਲਾ ਕੀਤੀ ਗਈ, ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਸੰਗਮਰਮਰ ਲਗਵਾਇਆ ਗਿਆ।

੧੮੧੮--ਦਵਿੰਦਰ ਨਾਥ ਟੈਗੋਰ ਦਾ ਜਨਮ ਬੰਗਾਲ ਵਿਖੇ ਹੋਇਆ।

੧੨ ਮਈ ੧੮੨੦--ਫਲੌਰੈਂਸ ਵਿਖੇ ਨਾਈਟਿੰਗੇਲ ਦਾ ਜਨਮ ਵਿਲਯਮ ਐਡਵਰਡ ਨਾਈਟਿੰਗੇ ਦੇ ਘਰ ਹੋਇਆ, ਇਹ ੯੦ ਸਾਲ ਤਕ ਜ਼ਖਮੀਆਂ ਦੀ ਸੇਵਾ ਕਰਦੀ ਰਹੀ, ੧੯੧੦ ਵਿਚ ਮਰ ਗਈ।

੧੮੨੦--ਮ: ਰਣਜੀਤ ਸਿੰਘ ਵਲੋਂ ਸ੍ਰੀ ਹਰਿਮੰਦਰ ਦੀ ਪਹਿਲੀ ਛਤ ਚਾਂਦੀ ਦੀ ਤਿਆਰ ਕਰਵਾਈ ਗਈ। ਸ੍ਰੀ ਅਕਾਲ ਤਖਤ ਦੇ ਪਿਛਲੇ ਪਾਸੇ ਤੋਂ ਇਕ ਸੁਰੰਗ ਰਾਮ ਬਾਗ ਤਕ ਬਣਵਾਈ ਗਈ, ਇਸ ਦਾ ਪਤਾ ੧ ਜਨਵਰੀ ੧੯੯੦ ਨੂੰ ਖੁਦਵਾਈ ਸਮੇ ਲਗਾ ਹੈ।

੧੮੨੦--ਮ: ਰਣਜੀਤ ਸਿੰਘ ਨੇ ਅਫਗਾਨਿਸਤਾਨ ਤੋਂ, ਉਹ ਵਡੇ ਦਰਵਾਜੇ ਜੋ ਦੁਸ਼ਟ ਮਹਿਮੂਦ ਗਜਨਵੀ, ਭਾਰਤ ਦੇ ਸੋਮਨਾਥ ਦੇ ਮੰਦਰ ਤੋਂ ਲੁਟ ਕੇ ਲੈ ਗਿਆ ਸੀ, ਮੰਗਵਾ ਕੇ, ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਵਿਚ ਲਗਵਾ ਦਿਤੇ। ੧੯੭੭ ਨੂੰ ਅੰਮ੍ਰਿਤਸਰ ਦੇ ੪੦੦ ਸਾਲਾ ਦਿਹਾੜੇ ਪ੍ਰਧਾਨ ਮੰਤਰੀ ਮੁਰਾਰ ਜੀ ਡਿਸਾਈ ਨੇ ਵੇਖੇ ਤਾਂ ਮ: ਰਣਜੀਤ ਸਿੰਘ ਦੀ ਸੂਰਬੀਰਤਾ ਦੀ ਸ਼ਲਾਘਾ ਕੀਤੀ।

੫ ਮਈ ੧੮੨੧ ਨੈਪੋਲੀਅਨ ਬੋਨਾਪਾਰਟ; ਸੇਂਟ ਹਲੀਨਾ ਵਿਖੇ ਮਰ ਗਿਆ।

੧੮੨੨--ਮ: ਰਣਜੀਤ ਸਿੰਘ ਵਲੋਂ ਅੰਮ੍ਰਿਤਸਰ ਨਗਰ ਦੇ ਆਲੇ ਦੁਆਲੇ ਚਾਰ ਦੀਵਾਰੀ ਅਤੇ ੧੨ ਦਰਵਾਜ਼ੇ ਤਿਆਰ ਕਰਵਾਏ ਗਏ ਅਤੇ ਕਟੜਾ ਸੰਤ ਸਿੰਘ ਬਣਵਾਇਆ ਗਿਆ।

੧੪ ਮਾਰਚ ੧੮੨੪--ਸੂਰਬੀਰ ਯੋਧੇ ਅਕਾਲੀ ਫੂਲਾ ਸਿੰਘ ਸੰਤ ਸਿਪਾਹੀ, ਨੁਸ਼ਹਿਰਾ ਫਤਹਿ ਕਰਦੇ ਜੂਝਦੇ ਹੋਏ ਸ਼ਹੀਦ ਹੋ ਗਏ, ਇਨ੍ਹਾਂ ਦੀ ਯਾਦ ਬੁਰਜ ਅਕਾਲੀ ਫੂਲਾ ਸਿੰਘ, ਤਾਜ਼ਾ ਕਰ ਰਿਹਾ ਹੈ।

੧੮੨੬—ਨਜ਼ਾਮ ਹੈਦਰਾਬਾਦ ਨਾਸੂਰ ਦੌਲਾ ਸ਼ੁਕਰਾਨੇ ਵਜੋਂ ਨਜ਼ਰਾਨਾ ਵਡਮੁਲੀ ਚਾਨਣੀ ਹੀਰਿਆਂ ਜੜਤ, ਲਾਹੌਰ ਦਰਬਾਰ ਵਿਖੇ ਭੇਟ ਕੀਤੀ, ਜੋ ਉਥੋਂ ਦਰਬਾਰ ਸਾਹਿਬ ਦੇ ਤੋਸ਼ਾ ਖਾਨਾ ਵਿਚ ਰਖੀ ਗਈ, ਅਤੇ ੬ ਜੂਨ ੧੯੮੪ ਦੁਸ਼ਟ ਇੰਦਰਾ ਸਰਕਾਰ ਵਲੋਂ ਸਾੜ ਕੇ ਸੁਆਹ ਕਰ ਦਿਤੀ ਗਈ।

੧੮੨੬—ਹਿੰਦੂ ਸਮਾਜ ਅਤੇ ਸੰਸਕ੍ਰਿਤ ਦੀ ਪੜ੍ਹਾਈ ਲਈ ਹਿੰਦੂ ਸਭਾ ਕਾਇਮ ਕੀਤੀ ਗਈ।

੧੮੨੯—ਸ੍ਰੀ ਹਰਿਮੰਦਰ ਦੇ ਪੂਰਬੀ ਦਰਵਾਜ਼ੇ ਦੇ ਉਪਰ ਸੋਨੇ ਦੇ ਪਤਰੇ ਉਪਰ ਅਰਦਾਸ ਦੇ ਸ਼ਬਦ "ਪ੍ਰਿਥਮ ਭਗੌਤੀ ਤੋਂ ਸਭ ਥਾਈਂ ਹੋਇ ਸਹਾਇ" ਉਕਰੇ, ਲਗੇ ਹੋਏ ਹਨ।

ਸ੍ਰੀ ਹਰਿਮੰਦਰ ਦੇ ਦਰਵਾਜ਼ੇ ਉਪਰ ਸੁਨਿਹਰੀ ਅਖਰਾਂ ਵਿਚ ਮੂਲਮੰਤਰ ਅੰਕਤ ਕਰਵਾ ਕੇ ਸ਼ੁਕਰਾਨਾ ਕੀਤਾ ਗਿਆ।

੧੮੩੦-ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਤੇ ਪਤਰ ਝਿਲਮਿਲ ਕਰਨ ਲਗੇ,ਸ਼ੁਕ੍ਰਾਨਾ

ਅਰਦਾਸਾਂ ਹੋਈਆਂ। ਜੋ ਬਦੇਸ਼ੀ ਯਾਤਰੂ ਆਉਂਦੇ, ਵੇਖ ਕੇ ਹੈਰਾਨ ਹੋ ਜਾਂਦੇ, ਇਸ ਦਾ ਨਾਮ ਗੋਲਡਨ ਟੈਂਪਲ ਕਿਹਾ ਜਾਣ ਲਗਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੀ ਸ਼ਬਦ ਚੌਂਕੀ ਸ਼ੁਰੂ ਹੋਣ ਲਗੀ। ਸਰ ਜੈਕੁਏਮੈਂਟ ਫਰਾਂਸ ਦੇ ਪ੍ਰਤਿਨਿਧ ਸ਼ਬਦ ਕੀਰਤਨ ਵਿਚ ਲਿਵਲੀਨ ਹੋ ਗਏ।

੧੮੩੦—ਰਾਮ ਮੋਹਨ ਰਾਏ ਨੇ ਬ੍ਰਹਮ ਸਮਾਜ ਦੀ ਨੀਂਹ ਰਖੀ ਸੀ।

੧੪੩੦—ਸ. ਲਹਿਣਾ ਸਿੰਘ ਮਜੀਠੀ ਮਾ ਵਲੋਂ ਬੰਦੂਕਾਂ ਬਣਾਉਣ ਦਾ ਕਾਰਖਾਨਾ ਲਗਾਇਆ ਗਿਆ।

੧੮੩੧—ਗਿ: ਸੰਤ ਸਿੰਘ ਜੀ ਅਕਾਲ ਚਲਾਣਾ ਕਰ ਗਏ, ਇਨ੍ਹਾਂ ਦੇ ਸਪੁਤਰ ਭਾਈ ਗੁਰਮੁਖ ਸਿੰਘ ਪ੍ਰਬੰਧ ਚਲਾਉਣ ਲਗੇ। ਇਨ੍ਹਾਂ ਦੀ ਯਾਦ ਵਿਚ ਸੰਤ ਸਿੰਘ ਸੁਖਾ ਸਿੰਘ, ਸੀਨ· ਹਾਇ੍ਰ. ਸੈ: ਸਕੂਲ ਰਾਮ ਬਾਗ ਦੇ ਸਾਹਮਣੇ, ਮਜੀਠਾ ਰੋਡ ਤੇ ਹੈ। ਭਾਈ ਚੰਚਲ ਸਿੰਘ ਜੀ ਗ੍ਰੰਥੀ ਦੀ ਸੇਵਾ ਕਰਦੇ ਸਨ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ, ਬਾਬਾ ਅਟਲ ਆਦਿ ਪਵਿਤਰ ਅਸਥਾਨਾਂ ਨੂੰ ਸੁੰਦਰ, ਸੁਨਹਿਰੀ ਬਣਵਾਉਣ ਲਈ, ਸਦਾ ਕੌਰ, ਹਰੀ ਸਿੰਘ ਨਲਵਾ, ਸ. ਸ਼ਾਮ ਸਿੰਘ ਅਟਾਰੀ, ਹੋਰ ਸਿਖ ਰਾਜੇ, ਮਹਾਰਾਜਾ ਖੜਕ ਸਿੰਘ, ਕੰਵਰ ਨੌ-ਨਿਹਾਲ ਸਿੰਘ ਅਤੇ ਹਜ਼ਾਰਾਂ ਸਰਦਾਰਾਂ ਤੇ ਸਿੰਘਾਂ ਨੇ ਵਧ ਚੜ੍ਹਕੇ ਆਪਣੇ ਗੁਰੂ ਦਰਬਾਰ ਵਿਚ ਸੇਵਾ ਕਰਵਾ ਕੇ ਸ਼ੁਕਰਾਨਾ ਕੀਤਾ।

੧੮੩੧—ਨਜ਼ਾਮ ਹੈਦਰਬਾਦ ਨਾਸੂਰ ਦੌਲਾ ਨੇ ਤਖਤ ਨਾਂਦੇੜ ਸਾਹਿਬ ਵਿਖੇ ਸੁੰਦਰ ਗੁਰਦੁਆਰਾ ਤਿਆਰ ਕਰਵਾਉਣ ਦੀ ਸੇਵਾ ਕੀਤੀ।

੧੮੩੨—ਪਟਨਾ ਵਿਖੇ ਮਹੰਤ ਦਿਆਲ ਸਿੰਘ ਚਲਾਣਾ ਕਰ ਗਏ, ਮਹੰਤ ਸੁਖਾ ਸਿੰਘ ਪ੍ਰਬੰਧ ਕਰਨ ਲਗੇ।

੧੮੩੨—ਭਾਈ ਦੇਸਾ ਸਿੰਘ ਮਜੀਠੀਆ, ਪ੍ਰਬੰਧਕ ਸ੍ਰੀ ਹਰਿਮੰਦਰ ਸਾਹਿਬ ਅਕਾਲ ਚਲਾਣਾ ਕਰ ਗਏ, ਇਨ੍ਹਾਂ ਦੇ ਸਪੁਤਰ ਸ. ਲਹਿਣਾ ਸਿੰਘ ਗੁਰੂ ਦਰਬਾਰ ਦਾ ਪ੍ਰਬੰਧ ਚਲਾਉਣ ਲਗੇ। ਗ੍ਰੰਥੀ ਭਾਈ ਸ਼ਾਮ ਸਿੰਘ, ਤੋਂ ਪਿਛੋਂ ਭਾਈ ਜਸਾ ਸਿੰਘ, ਭਾਈ ਹਰਨਾਮ ਸਿੰਘ, ਅਤੇ ਇਨ੍ਹਾਂ ਤੋਂ ਪਿਛੋਂ ਭਾਈ ਫਤਹਿ ਸਿੰਘ ਜੀ ਰਹੇ। ਗਿ: ਸੰਤ ਸਿੰਘ ਜੀ ਅਕਾਲ ਚਲਾਣਾ ਕਰ ਗਏ।

੧੮੩੩—ਕਸ਼ਮੀਰ ਦੇ ਇਲਾਕੇ ਵਿਚ ਭਾਰੀ ਕਾਲ ਪੈ ਜਾਣ ਤੇ ਉਥੋਂ ਸੈਂਕੜੇ

ਕਸ਼ਮੀਰੀ, ਡੋਗਰੇ ਅੰਮ੍ਰਿਤਸਰ, ਗੁਰੂ ਦੀ ਨਗਰੀ ਵਿਚ ਆਬਾਦ ਕੀਤੇ ਗਏ।

੧੮੩੩—ਮ: ਰਣਜੀਤ ਸਿੰਘ ਰਾਮ ਬਾਗ ਮਹਲ ਜੋ ਦੋ ਮੰਜ਼ਲਾ ਹੈ, ਰਹਿਣ ਲਗੇ ਇਥੇ ਤਹਿਖਾਨਾ ਹੈ, ਸੁੰਦਰ ਬਾਰਾਦਰੀ, ਸਰੋਵਰ, ਪਰ ਹੁਣ ਇਥੇ ਸਰਕਾਰੀ ਅਜਾਇਬ ਘਰ ਹੈ।

੧੮੩੩—ਰਾਮ ਮੋਹਨ ਰਾਏ ਇੰਗਲੈਂਡ ਵਿਖੇ ਈਸਾਈ ਬਣ ਕੇ ਈਸਾਈ ਧਰਮ ਦਾ ਪ੍ਰਚਾਰ ਕਰਦਾ ੫੮ ਸਾਲ ਦੀ ਉਮਰ ਵਿਚ ਬਰਿਸਟਲ ਵਿਖੇ ਮਰ ਗਿਆ। ਬਰਹਮੂ ਸਮਾਜ ਖਤਮ ਹੋ ਗਿਆ।

੧੮੩੩—ਅੰਗਰੇਜ਼ੀ ਯਾਤਰੀ ਚਿਤਰਕਾਰ ਮਿ: ਕਾਰਪੈਂਟਰ ਜੂਨੀਅਰ ਨੇ ਸ਼੍ਰੀ ਹਰਿਮੰਦਰ ਸਾਹਿਬ ਬੈਠ ਕੇ, ਮ: ਰਣਜੀਤ ਸਿੰਘ ਦਾ ਇਕ ਚਿਤਰ ਬਣਾ ਕੇ ਭੇਟ ਕੀਤਾ।

੧੮੩੩—ਸ. ਲਹਿਣਾ ਸਿੰਘ ਮਜੀਠੀਆ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਵਾਲੀ ਪਰਕਰਮਾ ਵਿਚ ਸੰਗਮਰਮਰ ਮਿਸਤਰੀ ਅਹਿਮਦ ਯਾਰ ਖਾਨ ਰਾਹੀਂ ਲਗਵਾ ਕੇ ਸੇਵਾ ਕਰਵਾਈ ਗਈ। ਪੁਲ ਦੇ ਵਿਚਕਾਰ ਇਕ ਬੁਰਜੀ ਉਪਰ ਧੂਪ ਘੜੀ ਤਿਆਰ ਕਰਕੇ ਲਗਵਾਈ ਗਈ।

ਸ੍ਰੀ ਅਕਾਲ ਤਖਤ ਦੀਆਂ ੪ ਮੰਜ਼ਲਾਂ, ਮ: ਰਣਜੀਤ ਸਿੰਘ ਵਲੋਂ ਤਿਆਰ ਕਰਵਾਈਆਂ ਗਈਆਂ. ਉਸ ਉਪਰ ਸੋਨੇ ਤੇ ਪਤਰੇ ਲਗਵਾਉਣ ਦੀ ਸੇਵਾ, ਜਰਨੈਲ ਸ. ਹਰੀ ਸਿੰਘ ਵਲੋਂ ਕਰਵਾਈ ਗਈ।

੧੮੩੫—ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਪਰਕਰਮਾ ਦੇ ੪ ਨੁਕਰਾਂ ਵਿਚ ੪ ਬੰਗਲੇ. ਮ: ਰਣਜੀਤ ਸਿੰਘ ਨੇ ਸੁਨਹਿਰੀ ਕਰਵਾ ਦਿਤੇ। ਰਾਜਪੁਤਾਨੇ ਵਿਚ ਸੰਗਮਰਮਰ ਦੀ ਇਕ ਖਾਣ ਖਰੀਦ ਕਰ ਲਈ ਗਈ ਅਤੇ ਮਾਹਰ ਕਾਰੀਗਰ ਵੀ ਲਿਆਂਦੇ ਗਏ।

੨੬ ਜਨਵਰੀ ੧੮੩੬—ਬੈਰਨ ਹੂਗਲ ਆਸਟੀਰਅਨ ਸੈਲਾਨੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਫਾਈ, ਪਵਿਤਰਤਾ, ਰੂਹਾਨੀ ਆਤਮਕ ਅਨੰਦ ਦੀ ਪ੍ਰਸੰਸਾ ਕੀਤੀ।

੧੮੩੬—ਮ: ਰਣਜੀਤ ਵਲੋਂ ਸੰਗਮਰਮਰ ਦੀਆਂ ਕੰਧਾਂ ਉਪਰ ਮਾਹਰ ਨਕਾਸ਼ਾਂ ਤੋਂ ਬੇਲ-ਬੂਟੇ, ਚਿਤਰ ਬਣਵਾ ਕੇ ਹੋਰ ਸੁੰਦਰ ਬਣਾਇਆ ਗਿਆ।

੧੮੩੬—ਕਪੂਰਥਲਾ ਦੇ ਰਾਜਾ ਫਤਹਿ ਸਿੰਘ ਆਹਲੂਵਾਲੀਆ, ਅਕਾਲ ਚਲਾਣਾ ਕਰ ਗਏ।

੫ ਮਈ ੧੮੩੭—ਜਰਨੈਲ ਸ. ਹਰੀ ਸਿੰਘ ਨਲਵਾ, ਜਮਰੌਦ ਦਾ ਕਿਲ੍ਹਾ ਫਤਹਿ ਕਰਕੇ ਸ਼ਹੀਦ ਹੋ ਗਏ, ਇਨ੍ਹਾਂ ਦੀ ਉਮਰ ੮੬ ਸਾਲ ਸੀ।

੧੮੩੭ ਮ: ਖੜਕ ਸਿੰਘ ਵਲੋਂ ਸ੍ਰੀ ਹਰਿਮੰਦਰ ਦੀ ਪਹਿਲੀ ਛਤ ਚਾਂਦੀ ਦੀ ਤਿਆਰ ਕਰਵਾ ਕੇ ਸੇਵਾ ਕਰਵਾਈ। ਕੰਵਰ ਨੌ-ਨਿਹਾਲ ਸਿੰਘ ਦੀ ਸ਼ਾਦੀ ਵਾਸਤੇ ਜੋ ਸੁਨਿਹਰੀ ਸੇਹਰਾ ਤਿਆਰ ਹੋਇਆ, ਉਹ ਮ: ਰਣਜੀਤ ਸਿੰਘ ਨੇ ਗੁਰੂ ਦਰਬਾਰ ਦੀ ਸ਼ੋਭਾ ਵਾਸਤੇ ਭੇਟ ਕਰ ਦਿਤਾ।

੧੮੩੭—ਅਕਬਰ ਸ਼ਾਹ ਸਾਨੀ ਦਿਲੀ ਦੇ ਤਖਤ ਤੋਂ ਹਟ ਗਿਆ, ਉਸ ਦੀ ਥਾਂ ਬਹਾਦਰ ਸ਼ਾਹ ਸਾਨੀ ਤਖਤ ਤੇ ਬੈਠ ਗਿਆ, ੧੮੫੭ ਤਕ ਰਿਹਾ।

੧੮੩੭—ਸਰ ਹੈਨਰੀ ਫੇਨ ਕਮਾਂਡਰ-ਇਨ-ਚੀਫ ਨੇ ਦਰਸ਼ਨ ਕੀਤੇ, ਸ੍ਰੀ ਅੰਮ੍ਰਿਤਸਰ ਨੂੰ ਸਿਖ ਰਾਜ ਦੀ ਰਾਜਧਾਨੀ ਵੇਖ ਕੇ ਪ੍ਰਸੰਸਾ ਕੀਤੀ।

੧੧ ਦਸੰਬਰ ੧੮੩੮ ਤੋਂ ੧੮ ਦਸੰਬਰ ੧੮੩੮ ਤਕ— ਗਵਰਨਰ ਜਨਰਲ ਲਾਰਡ ਆਕਲੈਂਡ, ਆਪਣੀ ਭੈਣ ਮਿਸ ਐਮਲੀਏਡਨ ਸ੍ਰੀ ਅੰਮ੍ਰਿਤਸਰ ਦਰਸ਼ਨ ਕਰਨ, ਸ਼ਬਦ ਕੀਰਤਨ ਦਾ ਅਨੰਦ ਮਾਣਦੇ ਰਹੇ, ੭ ਦਿਨ ਦੀਪ ਮਾਲਾ ਹੁੰਦੀ ਰਹੀ, ਮਿਸ ਐਮਲੀ ਏਡਨ ਨੇ ਸ੍ਰੀ ਹਰਿਮੰਦਰ ਦੀ ਮਹਾਨਤਾ ਲਿਖੀ ਹੈ, "ਮੈਂ ਇਸ ਦੇ ਅੰਦਰ ਬੈਠ ਕੇ ਕੀਰਤਨ ਸੁਣ ਕੇ ਰੂਹ ਦੀ ਖੁਸ਼ੀ ਪ੍ਰਾਪਤ ਕੀਤੀ ਹੈ।" ਰਾਮ ਬਾਗ ਵਿਖੇ ਰਹਾਇਸ਼ 'ਕੋਠਾ ਦਸਹਿਰਾ' ਵਿਖੇ ਕੀਤੀ, ਭਾਰੀ ਜਲੂਸ ਸਜਾਵਟ, ਰੋਣਕਾਂ ਰਹੀਆਂ। ਗੋਬਿੰਦ ਗੜ੍ਹ ਦਾ ਵਡਮੁਲਾ ਤੋਸ਼ ਖਾਨਾ, ਕੋਹੇ ਨੂਰ ਹੀਰਾ ਆਦਿ ਦੀ ਪ੍ਰਦਰਸ਼ਨੀ ਲਗਾਈ ਗਈ। ਧੋਖੇਬਾਜ਼ ਅੰਗਰੇਜ਼ ਹਾਕਮਾਂ ਨੇ ਵਡ ਮੁਲੇ ਹੀਰੇ ਵੇਖ ਕੇ ਲਾਹੌਰ ਦਰਬਾਰ ਦੇ ਹਾਕਮਾਂ ਵਿਚ ਕਮੀਨੀਆਂ ਸਾਜ਼ਸ਼ਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

ਲਾਰਡ ਆਕਲੈਂਡ ਨੇ ਸ੍ਰੀ ਹਰਿਮੰਦਰ ਸਾਹਿਬ ਪ੍ਰਕਰਮਾਂ 'ਚ ਦਾਖਲ ਹੋਣ ਸਮੇਂ ਬੂਟਾਂ ਦੇ ਉਪਰ ਕਾਲੀਆਂ ਜਰਾਬਾਂ ਪਹਿਨ ਲਈਆਂ, ਤਾਂ ਨਿਹੰਗ ਸਿੰਘਾਂ ਵਲੋਂ ਇਤਰਾਜ਼ ਕੀਤਾ ਗਿਆ ਸੀ।

੧੮੩੮—ਭਾਈ ਰਤਨ ਸਿੰਘ ਭੰਗੂ ਵਲੋਂ ਪ੍ਰਾਚੀਨ ਪੰਥ ਪ੍ਰਕਾਸ਼ ਤਿਆਰ ਕੀਤਾ ਗਿਆ।

੮ ਮਾਰਚ ੧੮੩੯—ਮ: ਰਣਜੀਤ ਸਿੰਘ, ਬੀਮਾਰ ਹੋ ਗਏ, ਸ੍ਰੀ ਹਰਿਮੰਦਰ ਸਾਹਿਬ ਵਿਖੇ ਕੇਸੀ ਇਸ਼ਨਾਨ ਕਰਕੇ ਅਰਦਾਸ ਕੀਤੀ ਗਈ, ਰਾਜ਼ੀ ਹੋ ਗਏ। ੨੩ ਮਾਰਚ ਤਕ ਸ੍ਰੀ ਹਰਿਮੰਦਰ ਵਿਖੇ ਹਾਜ਼ਰੀ ਭਰਦੇ ਰਹੇ।

ਮ: ਰਣਜੀਤ ਸਿੰਘ ਨੇ ਆਪਣੇ ਖਾਲਸਾ ਰਾਜ ਦੀਆਂ ਹੁਦਾਂ ਮੁਲਤਾਨ

ਰਾਵਲ ਪਿੰਡੀ, ਪਿਸ਼ਾਵਰ, ਜਮਰਦ, ਨੁਸ਼ਹਿਰਾ, ਜੰਮੂ ਕਸ਼ਮੀਰ, ਸ੍ਰੀ ਨਗਰ, ਲਦਾਖ ਤਿਬਤ, ਕੁਲੂ, ਚੰਬਾ, ਕਾਂਗੜਾ, ਗੁਜਰਾਤ। ਜਦੋਂ ਵੀ ਕਿਸੇ ਇਲਾਕੇ ਨੂੰ ਫਤਹਿ ਕਰਨ ਲਈ ਜਾਂਦੇ ਤਾਂ ਗੁਰੂ ਅਗੇ ਕਰਦਾਸ ਕਰਦੇ, ਸਿਮਰਨ ਕਰਦੇ, ਜੂਝਦੇ ਹੋਏ ਦੁਸ਼ਟਾਂ ਤੇ ਫਤਹ ਕਰਦੇ, ਵਾਪਸ ਆ ਕੇ ਗੁਰੂ ਦਰਬਾਰ ਵਿਚ ਸ਼ੁਕਰਾਨਾ, ਸੇਵਾ ਕਾਰਜ ਕਰਦੇ, ਕਿਸੇ ਜੰਗੀ ਕੈਦੀ ਨੂੰ ਕਤਲ ਨਹੀਂ ਕੀਤਾ।

ਸ੍ਰੀ ਅੰਮ੍ਰਿਤਸਰ ਹਰ ਤਰ੍ਹਾਂ ਦੇ ਵਪਾਰ ਦਾ ਵਡਾ ਕੇਂਦਰ ਬਣ ਗਿਆ, ਕਾਬਲ ਤੋਂ ਕਲਕਤੇ ਤਕ ਦੇ ਵਪਾਰੀ, ਹਰ ਇਲਾਕੇ, ਜਾਤ, ਕੌਮ, ਧਰਮ ਦੇ ਲੋਕ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਦੇ, ਗੁਰੂ ਦੇ ਲੰਗਰ ਛਕਦੇ। ਕਦੇ ਕੋਈ ਮੁਸਲਮਾਨ ਹਿੰਦੂ ਮੰਦਰ ਵਿਚ ਪਥਰ ਦੇ ਬੁਤ ਵੇਖਣ ਲਈ ਨਹੀਂ ਜਾਂਦਾ।

੨੭ ਜੂਨ ੧੮੩੯— ਮਃ ਰਣਜੀਤ ਸਿੰਘ ਸ਼ੇਰੇ-ਪੰਜਾਬ ਲਾਹਰ ਵਿਖੇ ਅਕਾਲ ਚਲਾਣਾ ਕਰ ਗਏ।

੨੮ ਜੂਨ ੧੮੩੯— ਸ੍ਰੀ ਅੰਮ੍ਰਿਤਸਰ ਤੋਂ ਭਾਰੀ ਸੰਗਤਾਂ ਨੇ ਲਾਹੌਰ ਵਿਖੇ ਸਸਕਾਰ ਕੀਤਾ।

ਅਕਤੂਬਰ ੧੮੩੯ –ਸ੍ਰੀ ਹਰਿਮੰਦਰ ਸਾਹਿਬ ਦੇ ਦਖਣੀ ਦਰਵਾਜ਼ੇ ਉਪਰ ਇਕ ਸਫੈਦ ਸੰਗਮਰਮਰ ਦੀ ਪਟੜੀ ਲਗੀ ਹੋਈ ਹੈ, ਇਸ ਦੀ ਸੇਵਾ ਮਃ ਖੜਕ ਸਿੰਘ ਅਤੇ ਕੰਵਰ-ਨੌ-ਨਿਹਾਲ ਸਿੰਘ ਵਲੋਂ ਕਰਵਾਈ ਗਈ :

ਸ਼ਬਦ '੧ ਓ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ,ਸ੍ਰੀ ਸਤਿਗੁਰੂ ਜੀ ਖਾਲਸੇ ਜੀ ਕਾ ਬੋਲ ਬਾਲਾ ਸਦਾ ਰਖੈ, ਸਤਿਗੁਰੂ ਜੀ ਕੀ ਕਿਰਪਾ ਕਰ ਰਾਜ ਸਾਜ ਸ੍ਰੀ ਮਹਾਰਾਜ ਖੜਕ ਸਿੰਘ ਜੀ ਅਰ ਕੰਵਰ ਸ੍ਰੀ ਨੌ-ਨਿਹਾਲ ਸਿੰਘ ਜੀ ਕੋ ਭਯਾ, ਤਿਨੋ ਹਿਤ ਕਰ ਭਾਗ੍ਰਯ ਜਾਣ ਕਰ ਸੇਵਾ ਕਰੀ।"

੧ ਮਈ ੧੮੪੦—ਡਾਕਖਾਨਾ ਦੀ ਡਾਕ ਟਿਕਟ ਸ਼ੁਰੂ ਹੋਈ।

੫ ਨਵੰਬਰ ੧੮੪੦— ਮਹਾਰਾਜਾ ਖੜਕ ਸਿੰਘ, ਕੰਵਰ ਨੌ-ਨਿਹਾਲ ਸਿੰਘ ਨੂੰ ਕਤਲ ਕੀਤਾ ਗਿਆ।

ਜਨਵਰੀ ੧੮੪੧—ਮਹਾਰਾਣੀ ਜਿੰਦ ਕੌਰ, ਅਤੇ ਮੁਖ ਮੰਤਰੀ ਸ, ਜਵਾਹਰ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੇਵਾ ਹੋਣ ਲਗੀ।

੧੮੪੨—ਮਃ ਸ਼ੇਰ ਸਿੰਘ ਵਲੋਂ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ। ਹੋਡ

ਗ੍ਰੰਥੀ ਭਾਈ ਗੁਰਮੁਖ ਸਿੰਘ ਦਾ ਲਾਹੌਰ ਦਰਬਾਰ ਵਿਚ ਬਹੁਤ ਸਤਿਕਾਰ, ਮੰਤਰੀ ਵਾਂਗ ਕੀਤਾ ਜਾਂਦਾ ਸੀ, ਇਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਇਨ੍ਹਾਂ ਦੇ ਸਪੁੱਤਰ ਭਾਈ ਪਰਦੁਮਨ ਸਿੰਘ ਹੈਡ ਗ੍ਰੰਥੀ ਬਣ ਗਏ।

ਅਕਤੂਬਰ ੧੮੪੨—ਦੁਸ਼ਟ ਗਵਰਨਰ ਜਰਨਲ ਲਾਰਡ ਐਲਨਬਰੋ ਵਲੋਂ ਅੰਗਰੇਜ਼ ਜਰਨੈਲਾਂ ਰਾਹੀਂ, ਲਾਹੌਰ ਦਰਬਾਰ ਵਿਚ ਕਮੀਨੀਆਂ ਸ਼ਾਜ਼ਸਾਂ ਸ਼ੁਰੂ ਹੋਣ ਲਗੀਆਂ।

੧੨ ਸਤੰਬਰ, ੧੮੪੩—ਮਹਾਰਾਜਾ ਸ਼ੇਰ ਸਿੰਘ ਕਤਲ ਹੋ ਗਿਆ।

੧੫ ਸਤੰਬਰ ੧੮੪੩—ਰਾਜਾ ਧਿਆਨ ਸਿੰਘ ਡੋਗਰਾ ਕਤਲ ਹੋ ਗਿਆ।

ਜੁਲਾਈ ੧੮੪੪—ਗਵਰਨਰ ਜਨਰਲ ਹੈਨਰੀ ਹਾਰਡਿੰਗ ਨੇ ਆਪਣੀਆਂ ਕਮੀਨੀਆਂ ਸਾਜ਼ਸ਼ਾਂ ਨਾਲ ਰਾਜਾ ਗੁਲਾਬ ਸਿੰਘ ਡੋਗਰਾ, ਪ੍ਰਧਾਨ ਮੰਤਰੀ ਲਾਲ ਸਿੰਘ ਡੋਗਰਾ ਅਤੇ ਤੇਜਾ ਸਿੰਘ ਸੈਨਾਪਤੀ ਰਾਹੀਂ ਲਾਹੌਰ ਦਰਬਾਰ ਵਿਚ ਫੁਟ ਪਵਾ ਦਿਤੀ।

੧੮ ਸਤੰਬਰ ੧੮੪੪—ਮਹਾਰਾਜਾ ਦਲੀਪ ਸਿੰਘ,ਲਾਹੌਰ ਤਖਤ ਤੇ ਬੈਠਾ।

੬ ਮਈ ੧੮੪੫--ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਸ਼ਹੀਦ ਹੋਏ।

੧੮ ਦਸੰਬਰ ੧੮੪੫--ਈਸਾ ਦੇ ਦੁਸ਼ਟ ਅੰਗਰੇਜ਼ਾਂ ਵਿਰੁਧ ਮੁਕਦੀ ਵਿਖੇ ਘਮਸਾਣ ਦੀ ਲੜਾਈ ਹੋਈ।

੨੧ ਦਸੰਬਰ ੧੮੪੫--ਈਸਾ ਦੇ ਦੁਸ਼ਟ ਅੰਗਰੇਜ਼ਾਂ ਵਿਰੁਧ ਫੇਰੂ ਸ਼ਹਿਰ ਸਤਲੁਜ ਵਿਖੇ ਘਮਸਾਣ ਦਾ ਯੁਧ ਹੋਇਆ, ਡੋਗਰੇ ਗਦਾਰਾਂ ਨੇ ਧੋਖਾ ਕੀਤਾ, ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।

੧੮੪੬--ਦੁਸ਼ਟ ਅੰਗਰੇਜ਼ ਜਨਰਲ ਹਿਟਲਰ ਦੀਆਂ ਫੌਜਾਂ ਵਿਚ ਪਠਾਣ, ਬੰਗਾਲੀ, ਮਦਰਾਸੀ, ਮਰਾਠੇ, ਰਾਜਪੂਤ, ਪੂਰਬੀਏ, ਡੋਗਰੇ, ਸਿਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਕਪੂਰਥਲਾ ਦੇ ਰਾਜਿਆਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ, ਇਹ ਆਪਣੇ ਇਲਾਕਿਆਂ ਦੇ ਰਾਜ, ਜਾਗੀਰਾਂ,ਹਕੂਮਤਾਂ ਕਾਇਮ ਰਖਣ ਵਾਸਤੇ,ਆਪਣੇ ਦੇਸ਼,ਕੌਮ ਅਤੇ ਆਮ ਜਨਤਾ ਨਾਲ ਗਦਾਰੀ ਕਰਨ ਲਗੇ, ਆਪਣੇ ਗੁਰੂ ਨੂੰ ਛਡ ਕੇ, ਅੰਗਰੇਜ਼ ਹਾਕਮਾਂ ਦੀ ਗੁਲਾਮੀ, ਅਤੇ ਖੁਸ਼ਾਮਦਾਂ, ਤਰਲੇ ਕਰਨ ਲਗ ਗਏ। ਇਨ੍ਹਾਂ ਗਦਾਰਾਂ ਦੀ ਕਮਜ਼ੋਰੀ ਕਰਕੇ, ਅੰਗਰੇਜ਼ ਹਾਕਮਾਂ ਨੇ ਸ੍ਰੀ ਹਰਿਮੰਦਰ, ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਖੁਸ਼ਾਮਦ ਪਸੰਦਾਂ, ਸਰਮਾਏਦਾਰਾਂ ਦੇ ਹਵਾਲੇ ਕਰਨਾ ਸ਼ੁਰੂ ਕਰ ਦਿਤਾ, ਸ੍ਰੀ ਹਰਿਮੰਦਰ

ਦੀ ਥਾਂ ਖਰੀਦ ਕਰਕੇ ਇਥੇ ਅਪਾਣੇ ਈਸਾਈ ਮਿਸ਼ਨ ਦਾ ਗਿਰਜਾ ਬਣਾਏ ਜਾਣ ਦੀ ਕਮੀਨੀ ਸਾਜ਼ਸ਼ ਬਣਾਈ ਜੋ ਨਿਹੰਗਾਂ ਨੇ ਸਫਲ ਨਾ ਹੋਣ ਦਿਤੀ। ਜਕਰ ਭਾਰਤ ਦੇ ਸਾਰੇ ਲੋਕ ਅਤੇ ਸਿਖ ਨ ਜੇ, ਅੰਗਰੇਜ਼ ਹਾ ਕ੍ਰਮਾਂ ਦਾ ਸਾਥ ਨ ਦੇ'ਦੇ,ਤਾਂ ਅੰਗਰੇਜ਼ਾਂ ਦੀ ਗੁਲਾਮੀ ਖਤਮ ਹੋ ਜਾਂਦੀ। ਪਹਾੜਾ ਸਿੰਘ ਸੀ ਯਾਰ ਫ਼ਰਗੀਆਂ ਦਾ।

੨੧ ਜਨਵਰੀ ੧੮੪੬—ਬਦੋਵਾਲ ਵਿਖੇ ਲੜਾਈ ਹੋਈ।

੨੮ ਜਨਵਰੀ ੧੮੪੬—ਅਲੀਵਾਲ ਜਗਰਾਉਂ ਵਿਖੇ ਲੜ ਈ ਹੋਈ।

੧੦ ਫਰਵਰੀ ੧੮੪੬—ਸਭਰਾਵਾਂ ਫੀਰੋਜ਼ਪੁਰ ਵਿਖੇ ਜੰਗ ਵਿਚ ਜਰਨੈਲ ਸ਼ਾਮ ਸਿੰਘ ਅਟਾਰੀ ਜੂਝਦੇ ਹੋਏ ਸ਼ਹੀਦ ਹੋ ਗਏ।

੧੮੪੬—ਭਾਈ ਰਤਨ ਸਿੰਘ ਜੀ ਭੰਗੂ ਵਲੋਂ ਸਾਰੇ ਹਾਲਾਤ ਲਿਖੇ ਗਏ।

੧੬ ਮਾਰਚ ੧੮੪੬—ਹੈਨਰੀ ਲਾਰੰਸ, ਧੋਖੇਬਾਜ਼ ਵਲੋਂ ਅੰਮ੍ਰਿਤਸਰ ਵਿਖੇ ਸੰਧੀ ਹੋਈ।

੧੬ ਨਵੰਬਰ ੧੮੪੬—ਹੈਨਰੀ ਲਾਰੰਸ ਨੇ ਨਾਬਾਲਗ ਦਲੀਪ ਸਿੰਘ ਤੋਂ ਸਰਪਰਸਤੀ ਸੰਭਾਲ ਲਈ।

੧੮੪੬—ਬਾਬਾ ਰਾਮ ਸਿੰਘ ਪਿੰਡ ਭੈਣੀ, ਅੰਮ੍ਰਿਤ ਪ੍ਰਚਾਰ, ਨਾਮ ਸਿਮਰਨ ਦਾ ਪ੍ਰਚਾਰ ਕਰਨ ਲਗੇ, ਬਗਾਵਤ ਦੇ ਦੋਸ਼ ਵਿਚ ਬ੍ਰਹਮਾ ਵਿਖੇ ਕੈਦ ਕਟੀ।

੧੮੪੭—ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਨੂੰ ਦੇਸ਼ ਨਕਾਲਾ ਦੇ ਕੇ ਸਿੰਘਾਪੁਰ ਕਾਲੇ ਪਾਣੀ ਭੇਜ ਕੇ ਤਸੀਹੇ ਦਿਤੇ ਗਏ।

੧੯ ਅਗਸਤ ੧੮੪੭—ਮ: ਜਿੰਦ ਕੌਰ ਜੀ ਸੁੰਮਣ ਬੁਰਜ ਲਾਹੌਰ ਤੋਂ ਨਿਕਲ ਕੇ ਨਿਪਾਲ ਦੇ ਰਾਜਾ ਜੰਗ ਬਹਾਦਰ ਦੀ ਸ਼ਰਨ ਵਿਚ ਪਹੁੰਚ ਗਈ। ਉਥੇ ਹੀ ਚਲਾਣਾ ਕਰ ਗਈ।

ਜਨਵਰੀ ੧੮੪੮—ਕੁਝ ਨਿਹੰਗ ਸਿੰਘਾਂ ਨੇ ਦਰਬਾਰ ਸਾਹਿਬ ਦੀਆਂ ਬੁਰਜੀਆਂ ਉਪਰ ਕਬਜ਼ਾ ਕਰ ਲਿਆ, ਤਾਂ ਮਹਾਰਾਜਾ ਦਲੀਪ ਸਿੰਘ ਨੇ ਸ਼ਰਾਰਤੀ ਨਿਹੰਗਾਂ ਨੂੰ ਸ਼ਰਮਸਾਰ ਕਰਕੇ ਕਢ ਦਿਤਾ।

੩੦ ਜਨਵਰੀ ੧੮੪੮—ਸ੍ਰੀ ਅਕਾਲ ਤਖਤ ਦੇ ਜਥੇਦਾਰ ਅਕਾਲੀ ਗੰਡਾ ਸਿੰਘ ਜੀ ਦੇ ਸਮੇਂ ਈਸਾ ਦੇ ਦੁਸ਼ਟ ਫੌਜੀ ਹਾਕਮ, ਜੁਤੀਆਂ ਸਮੇਤ ਦਾਖਲ ਹੋਣ ਲਗੇ ਤਾਂ ਅਕਾਲੀ ਖੜਕ ਸਿੰਘ, ਬਿਬੇਕ ਸਿੰਘ, ਹੀਰਾ ਸਿੰਘ, ਮਸਤਾਨ ਸਿੰਘ, ਮੁਹਰ ਸਿੰਘ, ਹੁਕਮ ਸਿੰਘ ਵਲੋਂ ਇਤਰਾਜ਼ ਕਰਨ ਤੇ ਡਟਵੀਂ ਝੜਪ ਹੋ ਗਈ, ਇਕ ਹੰਕਾਰੀ ਸੂਬੇਦਾਰ ਮਰ ਗਿਆ, ਕੰਪਨੀ ਕਮਾਂਡਰ ਜ਼ਖਮੀ ਹੋ ਗਿਆ, ਅਕਾਲੀ ਸਿੰਘ ਵੀ ਜ਼ਖਮੀ ਹੋ ਗਏ, ਦੁਸ਼ਟ

ਲਾਰੈਂਸ ਨੈ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ, ਜਥੈਦਾਰ ਗੰਡਾ ਸਿੰਘ ਅਤੇ ਦੋ ਹੋਰ ਸਿੰਘਾਂ ਨੂੰ ਫਾਂਸੀ ਲਗਾਇਆ ਗਿਆ, ਛੇ ਹੋਰ ਸਿੰਘਾਂ ਨੂੰ ਪੰਜਾਬ ਤੋਂ ਬਾਹਰ, ਬਰੇਲੀ ਦੀ ਜੇਲ੍ਹ ਵਿਚ ਕੈਦ ਕੀਤਾ ਗਿਆ।

੧੮੪੮—ਗੁਲਾਮ ਮੁਹਈਯੁਦੀਨ ਨੇ ਤਵਾਰੀਖ-ਏ-ਪੰਜਾਬ ਵਿਚ ਸਿਖਾਂ ਦੀ ਹਾਲਤ ਲਿਖੀ ਹੈ।

੨੪ ਮਾਰਚ ੧੮੪੮—ਗਵਰਨਰ ਜਨਰਲ ਸਰ ਹੈਨਰੀ ਲਾਰੈਂਸ, ਸ੍ਰੀ ਹਰਿਮੰਦਰ ਸਾਹਿਬ ਆਇਆ ਉਸ ਦੇ ਨਾਲ ਕੁਝ ਹਾਕਮਾਂ ਨੂੰ ਜੋੜੇ ਉਤਾਰ ਕੇ ਰਖਣ ਦੇ ਮਾਮਲੇ ਤੇ ਤਕਰਾਰ ਹੋ ਗਿਆ, ਤਾਂ ਸਰ ਹੈਨਰੀ ਲਾਰੈਂਸ ਵਲੋਂ ਹਦਾਇਤ ਕੀਤੀ ਗਈ ਜੋ ਇਕ ਬੋਰਡ ਲਿਖਵਾ ਕੇ ਲਗਾਇਆ ਗਿਆ।

'ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਕੋਈ ਸਜਣ ਜੁੱਤੀ ਪਹਿਨੇ ਹੋਏ ਨਾ ਜਾਵੇ, ਜੋੜੇ ਬਾਹਰ ਬੂੰਗੇ ਵਿਖੇ ਉਤਾਰੇ ਜਾਣ। ਅੰਮ੍ਰਿਤਸਰ ਵਿਚ ਗਊ ਹੱਤਯਾ ਨਾ ਹੋਵੇ।"

(ਨੋਟ ਇਹ ਬੋਰਡ ਪਲੇਟ ਤੋਸ਼ਾ ਖਾਨਾ ਵਿਚ ਪਈ ਹੋਈ ਹੈ)

ਸ. ਲਹਿਣਾ ਸਿੰਘ ਮਜੀਠੀਆ, ਮੈਨੇਜਰ ਦਰਬਾਰ ਸਾਹਿਬ ਸਨ।

੨੨ ਨਵੰਬਰ ੧੮੪੮ ਰਾਮ ਨਗਰ (ਗੁਜਰਾਂ ਵਾਲਾ) ਵਿਖੇ ਦੁਸ਼ਟਾਂ ਨਾਲ ਲੜਾਈ ਹੋਈ।

੧੩ ਜਨਵਰੀ ੧੮੪੯—ਈਸਾ ਦੇ ਦੁਸ਼ਟ ਧੋਖੇਬਾਜ਼ ਹਾਕਮਾਂ ਵਿਰੁਧ ਚੇਲਿਆਂ ਵਾਲੀ ਜ਼ਿਲਾ ਗੁਜਰਾਤ ਦੇ ਜੰਗ ਵਿਚ ਸਿੰਘਾਂ ਨੂੰ ਫਤਹਿ ਹੋਈ।

੨੯ ਮਾਰਚ ੧੮੪੯—ਈਸਾ ਦੇ ਦਰਿੰਦੇ ਹਾਕਮਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਗਦੀ ਤੋਂ ਉਤਾਰ ਦਿਤਾ, ਲਾਹੌਰ ਦੇ ਦਰਬਾਰ ਤੇ ਕਬਜ਼ਾ ਕਰਕੇ ਖਾਲਸੇ ਦਾ ਨਿਸ਼ਾਨ ਉਡਾਰ ਕੇ, ਬਰਤਾਨਵੀ ਝੰਡਾ ਲਹਿਰਾ ਦਿਤਾ ਗਿਆ, ਕੋਹੇ ਨੂਰ ਹੀਰਾ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੀ ਕਲਗੀ ਤੇ ਹੋਰ ਵਡ-ਮੁਲੀਆਂ ਵਸਤਾਂ ਤੇ ਸ਼ਸ਼ਤਰ, ਅੰਗਰੇਜ਼ ਇਥੋਂ ਇੰਗਲੈਂਡ ੧੮੫੫ ਨੂੰ ਮਲਕਾ ਵਿਕਟੋਰੀਆ ਪਾਸ ਲੈ ਗਏ। ਪੰਜਾਬ ਤੋਂ ਜੰਮੂ ਕਸ਼ਮੀਰ ਦਾ ਇਲਾਕਾ ਵਖ ਕਰਕੇ,ਗੁਲਾਬ ਸਿੰਘ ਡੋਗਰਾ ਨੂੰ ਉਸ ਇਲਾਕੇ ਦਾ ਮਹਾਰਾਜਾ ਬਣਾ ਦਿਤਾ ਗਿਆ।

੨੧ ਮਾਰਚ ੧੮੪੯—ਅੰਮ੍ਰਿਤਸਰ ਨੂੰ ਜ਼ਿਲਾ ਬਣਾਇਆ ਗਿਆ, ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਨੂੰ ਲਗਾਇਆ ਗਿਆ ਅਤੇ ਦੀਵਾਨ ਦਲਿਆ ਰਾਮ ਨੂੰ ਪ੍ਰਬੰਧ ਸੌਂਪੇ ਗਏ।

੩੦ ਮਾਰਚ ੧੮੪੯—ਜਨਰਲ ਨਿਕਲਸਨ ਸ੍ਰੀ ਹਰਿਮੰਦਰ ਸਾਹਿਬ ਆਇਆ ਸੀ।

੧੨ ਸਤੰਬਰ ੧੮੪੯—ਡਿਪਟੀ ਕਮਿਸ਼ਨਰ ਕੂਪਰ ਵਲੋਂ ਦਸਤੂਰਲ-ਅਮਲ ਤਿਆਰ ਕਰਕੇ, ਗੁਰਦੁਆਰਾ ਪ੍ਰਬੰਧ ਵਾਸਤੇ ਸਰਬਰਾਹ ਨਿਯੁਕਤ ਕੀਤੇ ਜਾਣ ਲਗੇ।

ਪੰਜਾਬ ਸਰਕਾਰ ਦੀ ਭਾਸ਼ਾ ਫਾਰਸੀ ਹੁੰਦੀ ਸੀ, ਅੰਗਰੇਜ਼ ਹਾਕਮਾਂ ਨੇ ਫਾਰਸੀ ਦੀ ਥਾਂ ਉਰਦੂ ਲਾਗੂ ਕਰ ਦਿਤਾ।

ਕਚਹਿਰੀ ਰੋਡ ਉਪਰ ਸੇਂਟ ਪਾਲ ਚਰਚ, ਚਰਚ ਮਿਸ਼ਨ ਸੁਸਾਇਟੀ ਬਣਾਈ ਗਈ।

ਡੀ. ਸੀ. ਦੇ ਨਾਲ ਪ੍ਰਬੰਧਕ ਚੌਧਰੀ ਮੰਗਲ ਸਿੰਘ ਰਾਮਗੜ੍ਹੀਆ, ਕਰਨਲ ਗੋਪਾਲ ਦਾਸ ਮਜੀਠੀਆ, ਰਾਏ ਕਲਿਆਣ ਸਿੰਘ ਮੀਆਂ ਸਮਦਯੂ ਅਤੇ ਜਾਨ ਮੁਹੰਮਦ ਸਰਪੰਚ ਸਨ।

੨੧ ਦਸੰਬਰ ੧੮੪੯—ਮਃ ਦਲੀਪ ਸਿੰਘ ਅਤੇ ਮਹਾਰਾਣੀ ਜ਼ਿੰਦਾ ਨੂੰ ਫਤਹਿਗੜ੍ਹ ਸਰਹੰਦ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਕੇ ਕਲਕਤਾ ਲੈ ਜਾ ਕੇ, ਇੰਗਲੈਂਡ ਲੈ ਗਏ,ਈਸਾਈ ਬਣਾ ਲਿਆ।ਸਃ ਅਤਰ ਸਿੰਘ ਜੀ ਅਟਾਰੀ ਸ਼ਹੀਦ ਹੋ ਗਏ। ਜਰਨੈਲ ਬੇਦੀ ਬਿਕਰਮ ਸਿੰਘ ਨੂੰ ਨਿਹਥਾ ਕਰਕੇ, ਅੰਮ੍ਰਿਤਸਰ ਰਹਿਣ ਦਿਤਾ।

੧੮੫੧—ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਛਤ ਸੁਨਹਿਰੀ ਬਣਵਾ ਦਿਤੀ ਗਈ ਸ. ਜੋਧ ਸਿੰਘ ਸਰਬਰਾਹ ਸਨ।

੧੮੫੩—ਅੰਗਰੇਜ਼ ਹਾਕਮਾਂ ਵਲੋਂ ਆਪਣੇ ਧਰਮ ਦੇ ਪ੍ਰਚਾਰ ਵਾਸਤੇ, ਮਿਸ਼ਨ ਸਕੂਲ, ਕੋਤਵਾਲੀ ਚੌਂਕ ਵਿਖੇ ਖੋਲ੍ਹਿਆ ਗਿਆ, ਸਿਖਾਂ ਦੇ ਬੱਚੇ ਪੜ੍ਹਨ ਲਗੇ।

੧੮੫੪—ਦੁਸ਼ਟ ਲਾਰਡ ਡਲਹੌਜ਼ੀ ਨੇ ਝਾਂਸੀ ਦੇ ਗੰਗਾਧਰ ਰਾਓ ਦੇ ਮਰ ਜਾਣ ਤੇ ਝਾਂਸੀ ਦੇ ਇਲਾਕੇ ਤੇ ਜਬਰੀ ਕਬਜ਼ਾ ਕਰ ਲਿਆ, ਰਾਣੀ ਲਕਸ਼ਮੀ ਬਾਈ ਝਾਂਸੀ ਨੇ ਵਿਦਰੋਹ ਕੀਤਾ। ਮਹਾਰਾਣੀ ਜਿੰਦਾ ਵੀ, ਰਾਜ ਭਾਗ ਖ਼ਤਮ ਹੋ ਜਾਣ ਕਰਕੇ ਦੁਖੀ ਸੀ।

੧੮੫੭—ਈਸਾ ਦੇ ਦੁਸ਼ਟ ਹਾਕਮਾ ਨੇ ਕਰੀਮੀਅਨ ਫ਼ਾਰ ਸਮੇਂ ਜ਼ੁਲਮ, ਗੈਰ-ਮਨੁਖੀ ਵਤੀਰੇ ਦਾ ਪ੍ਰਗਟਾਵਾ ਕੀਤਾ।

ਮਃ ਦਲੀਪ ਸਿੰਘ ਨੂੰ ਯੂ. ਪੀ. ਫਤਹਿਗੜ੍ਹ ਵਿਖੇ ਬੰਦ ਕਰਕੇ, ਕੇਸ ਬਤਲ ਕਰਕੇ ਈਸਾਈ ਬਣਾ ਕੇ ਇੰਗਲੈਂਡ ਭੇਜ ਦਿਤਾ ਗਿਆ।

੫ ਜੁਲਾਈ ੧੮੫੬--ਭਾਈ ਮਹਾਰਾਜ ਸਿੰਘ ਜੀ ਸਿੰਘਾਪੁਰ ਕੈਦ ਵਿਚ ਅਕਾਲ ਚਲਾਣਾ ਕਰ ਗਏ।

੧੮੫੭--ਗੁਰਦੁਆਰਾ ਸੀਸ ਗੰਜ, ਦਿਲੀ, ਰਾਜਾ ਸਰੂਪ ਸਿੰਘ ਜੀਂਦ ਵਲੋਂ ਉਸਾਰੇ ਜਾਣ ਦੀ ਸੇਵਾ ਕਰਵਾਈ ਗਈ।

੧੮੫੭--ਗਦਰ, ਕੁਝ ਰਜਵਾੜਿਆਂ ਵਲੋਂ ਰਾਜ, ਹਕੂਮਤਾਂ ਖੁਸ ਜਾਣ ਦੇ ਰੋਸ ਵਜੋਂ ਹੋਇਆ।

੧੮੫੭--ਸੰਤ ਖਾਲਸਾ, ਨਾਮਧਾਰੀ ਲਹਿਰ ਚਲਾਈ ਗਈ। ਬਾਬਾ ਬਾਲਕ ਸਿੰਘ ਹਜ਼ਾਰੂ (ਕੈਂਬਲਪੁਰ) ਮਃ ਰਣਜੀਤ ਸਿੰਘ ਦੀ ਖਾਲਸਾ ਰੈਜਮੈਂਟ ਵਿਚ ਸਨ; ਨਾਲ ਮੁਲਾਕਾਤ ਕਰਕੇ, ਬਾਬਾ ਰਾਮ ਸਿੰਘ ਵਲੋਂ ਚਲਾਈ ਗਈ, ਇਨ੍ਹਾਂ ਤੋਂ ਪਿਛੋਂ ਬਾਬਾ ਹਰੀ ਸਿੰਘ, ਪ੍ਰਤਾਪ ਸਿੰਘ ਅਤੇ ਹੁਣ ਬਾਬਾ ਜਗਜੀਤ ਸਿੰਘ ਹਨ। ਪਵਿਤਰ ਸਦਾਚਾਰਕ, ਸਿਮਰਨ ਵਾਲਾ ਜੀਵਨ ਗਉ ਗਰੀਬ ਦੀ ਰਖਿਆ ਕਰਨਾ, ਆਪਣੇ ਫੈਸਲੇ, ਆਪਣੀਆਂ ਪੰਚਾਇਤਾਂ ਅਦਾਲਤਾਂ ਵਿਚ ਕਰਨੇ।

ਫਰਵਰੀ ੧੮੫੭--ਸ੍ਰੀ ਦੇਵਿੰਦਰਾ ਨਾਥ ਟੈਗੋਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਮ ਦੀ ਆਰਤੀ ਸੁਣ ਕੇ ਬੜੇ ਪ੍ਰਭਾਵਤ ਹੋਏ ਦਸਿਆ, ਕਿ ਬ੍ਰਹਮੂ ਸਮਾਜ ਵਾਲੇ, ਹਫਤੇ ਵਿਚ ਕੇਵਲ ਦੋ ਘੰਟੇ ਪ੍ਰਾਰਥਨਾ ਕਰਦੇ ਹਨ ਪਰ ਸ੍ਰੀ ਹਰਿਮੰਦਰ ਵਿਖੇ ਦਿਨ ਰਾਤ ਉਪਾਸਨਾ ਹੋ ਰਹੀ ਹੈ,ਹਰ ਸਮੇਂ ਸ਼ਾਂਤੀ, ਪਿਆਰ ਅਤੇ ਮਿਲਾਪ ਵਾਲਾ ਮਾਹੌਲ ਹੈ। ਉਨ੍ਹਾਂ ਨੇ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ ਆਪਣੇ ਬ੍ਰਹਮੂ ਸਮਾਜ ਦੇ ਬ੍ਰਹਮ ਸੰਗੀਤ ਵਿਚ ਸ਼ਾਮਲ ਕਰ ਲਏ।

੧੮੫੮--ਅੰਮ੍ਰਿਤਸਰ ਨਗਰ ਦੇ ਪ੍ਰਬੰਧ, ਸੁਧਾਰ ਵਾਸਤੇ ਨਗਰ ਪਾਲਕਾ ਕਾਇਮ ਕੀਤੀ ਗਈ, ਡਿਪਟੀ ਕਮਿਸ਼ਨਰ ਇਸ ਦਾ ਪ੍ਰਧਾਨ ਸੀ ਜੋ ੧੯੧੯ ਤਕ ਰਿਹਾ।

੧੮੫੯--ਕਮਿਸ਼ਨਰ ਦਾ ਦਫਤਰ ੧੮੮੪ ਤਕ ਰਿਹਾ।

੨੬ ਜਨਵਰੀ ੧੮੫੯--ਹਾਈ ਕੋਰਟ ਪੰਜਾਬ, ਲਾਹੌਰ ਬਣਾਈ ਗਈ।

੮ ਫਰਵਰੀ ੧੮੫੯--ਰੇਲਵੇ ਸਟੇਸ਼ਨ ਬਣਾ ਕੇ ਲਾਹੌਰ ਅਤੇ ਮੁਲਤਾਨ ਤਕ ਰੇਲ ਗੱਡੀਆਂ ਸ਼ੁਰੂ ਹੋ ਗਈਆਂ।

੧੨ ਮਾਰਚ ੧੮੫੯--ਸਰਕਾਰ ਦੇ ਮਾਲ ਦੇ ਰਜਿਸਟਰਾਂ ਵਿਚ ਦਰਜ ਹੈ,
"ਦਰਬਾਰ ਸਾਹਿਬ ਗੁਰੂ ਰਾਮਦਾਸ ਜੀ ਦੀ ਜ਼ਮੀਨ ਸਦਾ ਲਈ ਮਾਮਲੇ ਤੋਂ ਮੁਕਤ ਜਾਗੀਰ ਹੈ।"

੧੨ ਸਤੰਬਰ ੧੮੫੯--ਡਿਪਟੀ ਕਮਿਸ਼ਨਰ ਫਰੈਂਡਰਿਕ ਕੂਪਰ ਵਲੋਂ ਰਾਜਾ ਤੇਜਾ ਸਿੰਘ ਅਤੇ ਹੋਰ ਨੌਂ ਮੈਂਬਰਾਂ ਦੀ ਇਕ ਪ੍ਰਬੰਧਕ ਕਮੇਟੀ. ਗੋਲਡਨ ਟੈਂਪਲ ਕਮੇਟੀ ਬਣਾ ਦਿਤੀ ਗਈ। ਸ: ਜੋਧ ਸਿੰਘ ਸਰਬਰਾਹ ਕਮੇਟੀ ਦੇ ਫੈਸਲੇ ਅਨੁਸਾਰ ਕੰਮ ਕਰਦਾ ਸੀ, ਹਰਿਮੰਦਰ ਸਾਹਿਬ ਦਾ ਪ੍ਰਬੰਧ ਗਿ: ਪਰਦੁਮਨ ਸਿੰਘ ਕਰਦੇ ਹਨ।

੧੮੬੦--ਮਹਾਰਾਜਾ ਜੀਂਦ ਸਰੂਪ ਸਿੰਘ ਵਲੋਂ ਛੱਤ, ਸੁਨਹਿਰੀ ਕਰਵਾਉਣ ਦੀ ਸੇਵਾ ਕਰਾਈ ਗਈ।

੧੮੬੦--ਈਸਾ ਦੇ ਦਰਿੰਦੇ ਹਾਕਮਾਂ ਵਲੋਂ ਅਨੇਕਾਂ ਪ੍ਰਕਾਰ ਦੇ ਕਾਲੇ ਕਾਨੂੰਨ, ਪੁਲਸ ਥਾਣੇ, ਅਦਾਲਤਾਂ ਅਤੇ ਜੇਲ੍ਹਾਂ ਬਣਾ ਕੇ ਜੁਲਮ ਕਰਨਾ ਸ਼ੁਰੂ ਕਰ ਦਿਤਾ, ਈਸਾ ਕਹਿੰਦਾ ਹੈ, ਰਬ ਦੇ ਬੰਦਿਆਂ ਨਾਲ ਪਿਆਰ ਕੀਤਾ ਜਾਵੇ।

੧੮੬੧--ਪਟਨਾ ਵਿਖੇ ਮਹੰਤ ਸੁਖਾ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਮਹੰਤ ਦੀਦਾਰ ਸਿੰਘ ਪ੍ਰਬੰਧ ਕਰਨ ਲਗੇ।

੧੩ ਅਪ੍ਰੈਲ ੧੮੬੧—ਬਾਬਾ ਰਾਮ ਸਿੰਘ ਜੀ ਵਲੋਂ ਨਾਮ ਸਿਮਰਨ ਦੀ ਲਹਿਰ ਚਲਾਈ ਗਈ, ਈਸਾ ਦੇ ਦੁਸ਼ਟਾਂ ਦਾ ਬਦੇਸ਼ੀ ਬਾਈਕਾਟ ਕੀਤਾ ਗਿਆ।

੧੮੬੨—ਅੰਗਰੇਜ਼ ਹਾਕਮਾਂ ਨੇ ਗਿਰਜਾ ਨੁਮਾ ਘੰਟਾ ਘਰ ਬਣਾਉਣ ਲਈ ਪ੍ਰਕਰਮਾਂ ਦੇ ਨੇੜੇ, ਕੁਝ ਬੁੰਗੇ ਢਾਹ ਦਿਤੇ ਗਏ। ਡੀ-ਸੀ ਵਲੋਂ ਮਸੂਲ ਚੁੰਗੀ ਦੀ ਆਮਦਨ ਦਰਬਾਰ ਸਾਹਿਬ ਵਾਸਤੇ ਘਟ ਕਰ ਦਿਤੀ।

ਵਿਸਾਖੀ ੧੮੬੩—ਬਾਬਾ ਰਾਮ ਸਿੰਘ ਵਲੋਂ ਨਾ-ਮਿਲਵਰਤਨ ਲਹਿਰ ਚਲਾਈ ਗਈ, ਦਰਬਾਰ ਸਾਹਿਬ ਵਿਖੇ ਭਾਰੀ ਸਵਾਗਤ ਸਿਰੋਪਾਉ ਭੇਟ ਹੋਇਆ।

੧ ਅਗਸਤ ੧੮੬੩—ਮਹਾਰਾਣੀ ਜਿੰਦ ਕੌਰ, ਇੰਗਲੈਂਡ ਵਿਖੇ, ਅਕਾਲ ਚਲਾਣਾ ਕਰ ਗਏ, ਪਰ ਇਨ੍ਹਾਂ ਦੀ ਦੇਹ ਦਾ ਸੰਸਕਾਰ, ਨਾਂਦੇੜ ਗੋਦਾਵਰੀ ਨਦੀ ਦੇ ਕੰਢੇ ਤੇ ਕੀਤਾ ਗਿਆ।

੧੮੬੨ - ਸ਼ਾਹ ਮੁਹੰਮਦ, ਰਬ ਨੂੰ ਪਿਆਰਾ ਹੋ ਗਿਆ, ਇਸ ਨੇ ਜੰਗ-ਨਾਮਾ ਅਖੀਂ ਡਿਠੇ ਹਾਲਾਤ ਲਿਖੇ ਹਨ।

੧੮੬੪—ਪਰਕਰਮਾ ਤੋਂ ਮੰਜੀ ਸਾਹਿਬ ਵਲ, ਇਕ ਰਸਤਾ ਬਣਾਇਆ ਗਿਆ।

੧੧ ਮਾਰਚ - ਪਟਨਾ ਸਾਹਿਬ ਤਖਤ ਦਾ ਪ੍ਰਬੰਧ ਮਹੰਤ ਗੰਡਾ ਸਿੰਘ ਕਰਨ ਲਗੇ।

੧੮੬੬—ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਸ. ਮੰਗਲ ਸਿੰਘ ਅਤੇ ਤੋਸ਼ਾ ਖਾਨਾ ਦਾ ਇੰਚਾਰਜ ਭਾਈ ਹੀਰਾ ਸਿੰਘ ਸਨ। ਸ. ਗੰਡਾ ਸਿੰਘ ਭੰਗੀ ਮਿਸਲ ਦੇ ਸਰਦਾਰ ਨੇ ਸਰੋਵਰ ਵਿਚ ਜਲ ਪਾਉਣ ਵਾਸਤੇ

ਹੰਸਲੀ ਤਿਆਰ ਕਰਵਾਉਣ ਦੀ ਸੇਵਾ ਮਹੰਤ ਪ੍ਰੀਤਮ ਦਾਸ ਅਤੇ ਮਹੰਤ ਸੰਤੋਖ ਦਾਸ ਨੂੰ ਸੌਂਪੀ ਗਈ।

੧੮੬੭—ਇਕ ਅਖਬਾਰ "ਸ੍ਰੀ ਦਰਬਾਰ ਸਾਹਿਬ" ਸ਼ੁਰੂ ਕੀਤਾ ਗਿਆ। ਇਕ ਅਖਬਾਰ 'ਗੁਰਮੁਖੀ' ਪ੍ਰੋ: ਗੁਰਮੁਖ ਸਿੰਘ ਵਲੋਂ ਅਤੇ ਇਕ ਹੋਰ ਅਖਬਾਰ 'ਖਾਲਸਾ ਦਰਬਾਰ' ਛਪਣੇ ਸ਼ੁਰੂ ਹੋਏ, ਪੁਜਾਰੀਆਂ ਤੇ ਮਹੰਤਾਂ ਦੀਆਂ ਮਨਮਾਨੀਆਂ ਬਾਰੇ ਚਰਚਾ ਹੁੰਦੀ ਕਿ ਉਨ੍ਹਾਂ ਵਲੋਂ ਪਰਕਰਮਾਂ ਵਿਚ ਪੱਥਰ ਦੇ ਬੁੱਤ ਮੂਰਤੀਆਂ, ਦੀਵੇ ਬਾਲ ਕੇ ਬ੍ਰਾਹਮਣੀ ਮਰਯਾਦਾ ਅਨੁਸਾਰ ਆਰਤੀ ਹੁੰਦੀ ਸੀ।

ਅੰਗਰੇਜ਼ ਹਾਕਮਾਂ ਦੇ ਅਸਰ ਨਾਲ ਸ਼ਰਾਬ, ਮਾਸ, ਦੀਆਂ ਦੁਕਾਨਾਂ ਬੁਚੜਖਾਨੇ, ਤਮਾਕੂ ਦੀ ਵਰਤੋਂ ਵੀ ਹੋਣ ਲਗ ਗਈ। ਨਗਰਪਾਲਕਾ ਕਮੇਟੀ ਬਣਾਈ ਗਈ।

੧੮੭੦—ਟਾਊਨ ਹਾਲ ਤਿਆਰ ਹੋਇਆ।

੧੩ ਫਰਵਰੀ ੧੮੭੦—ਬਾਬਾ ਦਰਬਾਰਾ ਸਿੰਘ ਨਿਰੰਕਾਰੀ, ਅਕਾਲ ਚਲਾਣਾ ਕਰ ਗਏ।

੧੮੭੦—ਕਾਰਲ ਮਾਰਕਸ ਵਲੋਂ ਪੁਸਤਕ ਕੈਪੀਟਲ ੩ ਜਿਲਦਾਂ 'ਚ ਛਾਪੀ ਗਈ।

੧੮੭੦—ਸਰ ਸਯਦ ਅਹਿਮਦ ਖਾਨ ਨੇ ਅਲੀਗੜ੍ਹ ਵਿਖੇ ਮੁਸਲਮਾਨਾਂ ਨੂੰ ਕਿਹਾ : "ਉਠੋ ਵਰਨਾ ਹਸ਼ਰ ਨ ਹੋਗਾ ਫਿਰ ਕਭੀ ਜ਼ਮਾਨਾ ਚਾਲ ਕਿਆਮਤ ਕੀ ਚਲ ਗਿਆ"

੧੫ ਜਨ ੧੮੭੧—ਦਰਬਾਰ ਸਾਹਿਬ ਦੇ ਨੇੜੇ ਇਕ ਬੁਚੜਖਾਨਾ ਬਣਾ ਦਿਤਾ ਗਿਆ, ਇਹ ਪੰਡਤ ਗਊ ਹਤਿਆ ਬੰਦ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਕਿਸੇ ਨੇ ਵਿਰੋਧ ਨਹੀਂ ਕੀਤਾ, ਕੇਵਲ ਸੂਰਬੀਰ ਸਿੰਘਾਂ ਨੇ ਲਾਹੌਰੀ ਦਰਵਾਜ਼ੇ ਤੋਂ ਬਾਹਰ ਦੇ ਬੁਚੜ ਖਾਨੇ ਦੇ ੬ ਬੁਚੜਾਂ ਕਸਾਈਆਂ ਨੂੰ ਕਤਲ ਕਰਕੇ, ਗਊਆਂ ਨੂੰ ਆਜ਼ਾਦ ਕਰਵਾਇਆ।

੧੫ ਜੁਲਾਈ ੧੮੭੧—ਇਸੇ ਤਰ੍ਹਾਂ ਪਿੰਡ ਰਾਏ ਕੋਟ (ਲੁਧਿਆਣਾ) ਵਿਖੇ ੩ ਬੁਚੜਾਂ ਨੂੰ ਕਤਲ ਕਰ ਕੇ ਗਊਆਂ ਨੂੰ ਆਜ਼ਾਦ ਕਰਵਾਇਆ ਗਿਆ। ਭਾਈ ਹੀਰਾ ਸਿੰਘ ਨੇ ਬੁਚੜਾਂ ਨੂੰ ਸੋਧਣ ਦੀ ਲਹਿਰ ਚਲਾਈ।

੫ ਅਗਸਤ ੧੮੭੧—ਲੁਧਿਆਣਾ ਤੇ ਡੀ. ਸੀ. ਕਾਵਨ ਵਲੋਂ ਸੰਤ ਰਤਨ ਸਿੰਘ ਗਿ: ਰਤਨ ਸਿੰਘ, ਸ: ਮਸਤਾਨ ਸਿੰਘ, ਗੁਰਮੁਖ ਸਿੰਘ, ਮੰਗਲ ਸਿੰਘ ਨੂੰ ਫਾਂਸੀ ਲਗਾਇਆ ਗਿਆ।

੧੫ ਸਤੰਬਰ ੧੮੭੧—ਅੰਮ੍ਰਿਤਸਰ ਦੇ ਨਾਮਧਾਰੀ ਭਾਈ ਹਾਕਮ ਸਿੰਘ, ਫਤਹਿ ਸਿੰਘ, ਬਹਿਲਾ ਸਿੰਘ, ਲਹਿਣਾ ਸਿੰਘ ਜੀ ਨੂੰ ਪਿੱਪਲ ਦੇ ਇਕ ਦਰਖਤ ਨਾਲ ਰਸੇ ਲਟਕਾ ਕੇ ਫਾਂਸੀ ਲਗਾਇਆ ਗਿਆ । ਹਰ ਸਾਲ ਇਨ੍ਹਾਂ ਸ਼ਹੀਦਾਂ ਦੀ ਯਾਦ ਮਨਾਈ ਜਾਂਦੀ ਹੈ, ਇਹ ਥਾਂ, ਗੁਰੂ ਤੇਗ ਬਹਾਦਰ ਹਸਪਤਾਲ ਦੇ ਨਾਲ ਹੈ ।

੧੮੭੧—ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕ, ਸ. ਠਾਕਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਬਾਵਾ ਨਿਹਾਲ ਸਿੰਘ, ਬਾਵਾ ਗੁਰਮੁਖ ਸਿੰਘ, ਭਾਈ ਕਰਮ ਸਿੰਘ ਪੁਜਾਰੀ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਲਹਿਣਾ ਸਿੰਘ, ਭਾਈ ਜਸਾ ਸਿੰਘ, ਭਾਈ ਭਗਤ ਸਿੰਘ, ਭਾਈ ਹਰੀ ਸਿੰਘ ।

੧੮੭੨—ਨਗਰਪਾਲਕਾ ਦੇ ਕੁਝ ਮੈਂਬਰਾਂ ਨੇ, ਚੁੰਗੀ ਟੈਕਸ ਦੀ ਆਮਦਨ ਈਸਾਈ ਚਰਚ ਉਪਰ ਖਰਚ ਕੀਤੇ ਜਾਣ ਵਿਰੁਧ ਇਤਰਾਜ਼ ਕੀਤਾ ।

੧੮੭੨—ਸ੍ਰੀ ਹਰਿਮੰਦਰ ਦੇ ਪੁਜਾਰੀ ਮਹੰਤ ਅੰਗਰੇਜ਼ ਡੀ. ਸੀ. ਦੇ ਅਧੀਨ ਸਨ ਪੰਥਕ ਲੀਡਰਾਂ ਨੂੰ ਨਫਰਤ ਕਰਦੇ ਸਨ । ਕੜਾਹ ਪ੍ਰਸ਼ਾਦ ਦੀ ਦੇਗ ਅੰਗਰੇਜ਼ ਹਾਕਮਾਂ ਦੀਆਂ ਕੋਠੀਆਂ ਵਿਚ ਜਾ ਕੇ ਪਰਵਾਰਾਂ ਨੂੰ ਦੇਂਦੇ ਸਨ ।

੧੮੭੨—ਸ੍ਰੀ ਦੇਵਿੰਦਰਾ ਨਾਥ ਟੈਗੋਰ ਆਪਣੇ ਨਾਲ ਰਾਬਿੰਦਰਾ ਨਾਥ ਟੈਗੋਰ ਨੂੰ ਲੈ ਕੇ ਆਏ, ਆਰਤੀ ਦੇ ਸ਼ਬਦ, 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਦਾ ਬੰਗਾਲੀ ਭਾਸ਼ਾ ਵਿਚ ਅਨੁਵਾਦ ੧੮੭੪ ਵਿਚ ਕੀਤਾ :
"ਤਾਰੇ ਆਰਤੀ ਕਰੇ ਚੰਦਨ ਤਪਨ ਦੇਵ ਮਾਨਵ ਵੰਦੇ ਚਰਨ..."

੧੮੭੨—ਭਾਈ ਵੀਰ ਸਿੰਘ ਦਾ ਜਨਮ ਹੋਇਆ ।

੧੩ ਜਨਵਰੀ ੧੮੭੨—ਇਕ ਸੌ ਨਾਮਧਾਰੀ ਬਾਬਾ ਰਾਮ ਸਿੰਘ ਦੇ ਸਿੰਘਾਂ ਨੇ ਮਲੌਦ ਦੇ ਕਿਲ੍ਹੇ ਉਪਰ ਹਮਲਾ ਕਰ ਦਿਤਾ।

੧੫ ਜਨਵਰੀ ੧੮੭੨—ਸਿੰਘਾਂ ਨੇ ਮਲੇਰ ਕੋਟਲਾ ਕਿਲ੍ਹੇ ਉਪਰ ਹਮਲਾ ਕਰ ਦਿਤਾ ।

੧੭-੧੮ ਜਨਵਰੀ ੧੮੭੨—ਡਿਪਟੀ ਕਮਿਸ਼ਨਰ ਕਾਵਨ ਵਲੋਂ ਮਲੇਰ ਕੋਟਲਾ ਵਿਖੇ ੬੬ ਸੂਰਬੀਰ ਸਿੰਘਾਂ ਨੂੰ ਤੋਪਾਂ ਦੇ ਗੋਲਿਆਂ ਨਾਲ ਸ਼ਹੀਦ ਕਰ ਦਿਤਾ ਗਿਆ । ਬਾਬਾ ਰਾਮ ਸਿੰਘ ਜੀ ਨੂੰ ਰੈਜੂਲੇਸ਼ਨ ੧੮੧੮ ਦੇ ਕਾਲੇ ਕਾਨੂੰਨ ਅਧੀਨ ਜਲਾਵਤਨ ਕਰਕੇ ਰੰਗੂਨ ਬ੍ਰਹਮਾ ਭੇਜਿਆ ਗਿਆ, ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ।

ਬਾਬਾ ਹਰੀ ਸਿੰਘ, ਅਤੇ ਬਾਬਾ ਪ੍ਰਤਾਪ ਸਿੰਘ ਜੀ ਵਲੋਂ ਬਦੇਸ਼ੀ ਬਾਈਕਾਟ ਦੀ ਲਹਿਰ ਜ਼ੋਰਾਂ ਨਾਲ ਚਲਾਈ ਗਈ। ਭੈਣੀ ਸਾਹਿਬ, ਨੀਲੋਂ ਨੇੜੇ ਸਮਰਾਲਾ ਵਿਖੇ ਹਰ ਸਾਲ ਮਾਰਚ ਵਿਚ ਭਾਰੀ ਸਮਾਗਮ ਮਨਾਏ ਜਾਂਦੇ ਹਨ।

੨੩ ਮਾਰਚ ੧੯੭੧—ਅੰਗਰੇਜ਼ ਨੇ ਆਪਣੀ ਕਮੀਨੀ ਸਾਜ਼ਸ਼, ਫਾੜੋ ਤੇ ਰਾਜ ਕਰੋ ਅਨੁਸਾਰ ਹਕੂਮਤ ਪ੍ਰਸਤ ਲਾਲਚ ਹੰਕਾਰੀ, ਰਈਸ ਕਾਰਖਾਨੇਦਾਰ ਸਰਦਾਰਾਂ ਨੂੰ ਸਰਦਾਰ ਬਹਾਦਰ, ਰਾਏ ਬਹਾਦਰ ਦੇ ਖਿਤਾਬ ਦੇ ਕੇ ਅਹੁਦੇ ਤੇ ਸਨਮਾਨ ਦੇ ਕੇ ਆਪਣੇ ਖੈਰਖਾਹ ਬਣਾ ਲਿਆ ਅਤੇ ਅਣਖੀ ਸੂਰਬੀਰ, ਰਹਿਤਵਾਨ ਸਿੰਘਾਂ ਨੂੰ ਬਾਗੀ ਕਹਿ ਕੇ ਕਤਲ ਕਰਨਾ ਸ਼ੁਰੂ ਕਰ ਦਿਤਾ।

ਬਾਬਾ ਖੇਮ ਸਿੰਘ ਬੇਦੀ ਵਲੋਂ ਖਾਲਸਾ ਦੀਵਾਨ ਸੰਸਥਾ ਗੁਰਮਤਿ ਦੇ ਪ੍ਰਚਾਰ ਵਾਸਤੇ ਕਾਇਮ ਕੀਤੀ ਗਈ।

੧੮੭੩—ਗੰਗੂ ਪੰਡਤ ਸ਼ਰਧਾ ਰਾਮ ਫਲੌਰੀ ਨੇ 'ਸਿਖਾਂ ਦੇ ਰਾਜ ਦੀ ਵਿਥਿਆ' ਛਾਪ ਕੇ ਭੰਡੀ ਪ੍ਰਚਾਰ ਕੀਤਾ।

੧੮੭੩—ਅੰਮ੍ਰਿਤਸਰ, ਈਸਾਈ ਮਿਸ਼ਨ ਸਕੂਲ ਦੇ ੪ ਸਿਖ ਬਚੇ ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ ਸਾਧੂ ਸਿੰਘ ਈਸਾਈ ਬਣਨ ਲਈ ਪ੍ਰਵਣਤ ਹੋ ਗਏ, ਤਾਂ ਡਾ. ਚਰਨ ਸਿੰਘ, ਸ. ਠਾਕਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਗਿ: ਗਿਆਨ ਸਿੰਘ, ਗਿ; ਸਰਦੂਲ ਸਿੰਘ, ਕੰਵਰ ਬਿਕਰਮ ਸਿੰਘ ਵਲੋਂ ਗੁਰਮਤਿ ਦਾ ਪ੍ਰਚਾਰ ਕੀਤੇ ਜਾਣ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਕਾਇਮ ਕੀਤੀ ਗਈ ਅਤੇ ਗੁਰਮਤਿ ਸਾਹਿਤ ਤਿਆਰ ਕਰਕੇ, ਖਾਲਸਾ ਟਰੈਕਟ ਸੁਸਾਇਟੀ ਰਾਹੀਂ ਪ੍ਰਚਾਰ ਕੀਤਾ ਜਾਣ ਲਗਾ, ਗੁਰਪੁਰਬ ਮਨਾਉਣੇ ਸ਼ੁਰੂ ਕੀਤੇ ਗਏ, ਬਹੁਤ ਸਾਰੇ ਵਿਦਵਾਨਾਂ ਨੇ ਪੁਸਤਕਾਂ ਲਿਖਣੀਆਂ ਸ਼ੁਰੂ ਕੀਤੀਆਂ। ਦੁਸ਼ਟ ਅੰਗਰੇਜ਼ ਹਾਕਮਾਂ ਨੇ ਸ. ਠਾਕਰ ਸਿੰਘ ਨੂੰ ਜਲਾਵਤਨ ਕਰਕੇ ਪਾਂਡੀਚਰੀ ਭੇਜ ਦਿਤਾ, ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ।

ਡਿਪਟੀ ਕਮਿਸ਼ਨਰ ਹਾਲ ਦੇ ਨਾਮ ਤੇ,ਹਾਲ ਗੇਟ ਅਤੇ ਹਾਲ ਬਜ਼ਾਰ ਬਣਾਇਆ ਗਿਆ।

੨੬ ਜੁਲਾਈ ੧੮੭੩—ਗੁਰੂ ਕੇ ਬਾਗ ਵਿਖੇ ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ, ਸ. ਠਾਕਰ ਸਿੰਘ, ਗਿ: ਗਿਆਨ ਸਿੰਘ ਵਲੋਂ ਸ੍ਰੀ ਗੁਰੂ ਸਿੰਘ ਸਭਾ ਕਾਇਮ ਹੋਈ।

੧੮੭੫—ਸਿਖ ਪਲਟਨ ਨੰਬਰ ੩੬ ਵਲੋਂ ਦਰਸ਼ਨੀ ਡਿਉੜੀ ਦੇ ਅੰਦਰ ਦੀਵਾਰਾਂ ਤੇ ਸੰਗਮਰਮਰ ਲਗਵਾਉਣ ਦੀ ਸੇਵਾ ਕਰਵਾਈ ਗਈ।

੧੮੭੫—ਮੁਸਲਮਾਨਾਂ ਨੇ ਆਪਣੇ ਧਰਮ ਦੀ ਵਿਦਿਆ ਲਈ ਮੁਸਲਮ ਕਾਲਜ ਅਲੀਗੜ੍ਹ ਯੂ. ਪੀ. ਵਿਖੇ ਖੋਲ੍ਹ ਦਿਤਾ।

੧੮੭੬—ਜ਼ਿਲਾ ਕਚਹਿਰੀਆਂ, ਤਹਿਸੀਲ, ਖਜ਼ਾਨਾ ਦਫਤਰ ਬਣਾਏ ਗਏ। ਮਸੀਤ ਖੈਰਉਦੀਨ ਤਿਆਰ ਹੋਈ।

੧੮੭੫—ਬੰਬਈ ਵਿਚ ਦੇਵ ਸਮਾਜ ਅਤੇ ਦਿਆ ਨੰਦ ਨੇ ਆਰਯਾ ਸਮਾਜ ਸੁਧਾਰ ਲਹਿਰ ਸ਼ੁਰੂ ਕੀਤੀ ਅਤੇ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਸਿਖ ਗੁਰੂ ਸਾਹਿਬਾਨ ਵਿਰੁਧ ਅਸ਼ਲੀਲ ਸ਼ਬਦਾਂ ਦੀ ਵਰਤੋਂ ਕੀਤੀ ਗਈ, ਇਸ ਨੀਚ ਦਯਾ ਨੰਦ ਦੀ ਕੋਜੀ ਹਰਕਤ ਵਿਰੁਧ ਗਿ: ਦਿੱਤ ਸਿੰਘ ਜੀ ਨਾਭਾ ਵਲੋਂ "ਹਮ ਹਿੰਦੂ ਨਹੀਂ" ਸਿਖ ਕੌਮ ਦਾ ਨਿਰਾਲਾ ਅਤੇ ਪਵਿਤਰ ਸਰੂਪ ਪ੍ਰਗਟ ਕੀਤਾ ਗਿਆ।

੧੮੭੭—ਸਰਕਾਰ ਵਲੋਂ ਪੰਜਾਬੀ ਭਾਸ਼ਾ ਪ੍ਰਵਾਨ ਹੋਈ, ਕਲਾਸਾਂ ਓਰੀਐਂਟਲ ਕਾਲਜ ਲਾਹੌਰ, ਸ਼ੁਰੂ ਹੋਈਆਂ।

੩੦ ਅਪ੍ਰੈਲ ੧੮੭੭—ਸ੍ਰੀ ਹਰਿਮੰਦਰ ਵਿਖੇ ਅਕਾਸ਼ੀ ਰੌਸ਼ਨੀ ਹੋਣ ਦੀ ਅਲੌਕਿਕ ਘਟਨਾ ਸਬੰਧੀ ਸੁਨਹਿਰੀ ਅਖਰਾਂ ਵਿਚ ਦਰਸ਼ਨੀ ਡਿਉਢੀ ਦੇ ਬਾਹਰ ਉਪਰ ਖਬੇ ਹਥ ਵਲ ਦਰਜ ਹੈ। ਅੰਗਰੇਜ਼ ਭੈ-ਭੀਤ ਹੋ ਗਏ। ਪਛਤਾਵਾ ਕਰਕੇ ਦੇਗਾਂ ਕਰਵਾਈਆਂ।

੧੫ ਅਗਸਤ ੧੮੭੭—ਨੀਚ ਦਯਾ ਨੰਦ ਨੇ ਪੰਜਾਬ ਵਿਚ ਚਕਰ ਲਗਾ ਕੇ ਗੁਰੂ ਨਾਨਕ ਦੇਵ ਜੀ ਨੂੰ ਦੰਭੀ ਕਹਿਣ ਦੀ ਕਮੀਨੀ ਹਰਕਤ ਕੀਤੀ, ਅੰਮ੍ਰਿਤਸਰ ਆਰਯਾ ਸਮਾਜ ਮੰਦਰ ਦੀ ਨੀਂਹ ਰਖੀ, ਇਕ ਪੁਸਤਕ 'ਆਰਯ ਉਦੇਸ਼' ਵੰਡੀ ਗਈ ਪਰ ਅਣਖੀ ਸੂਰਬੀਰ ਸਿੰਘਾਂ ਦੇ ਹੱਥੋਂ ਬਚ ਕੇ ਨਿਕਲ ਗਿਆ।

੧੮੭੭—ਪੰਡਤ ਤਾਰਾ ਸਿੰਘ ਨਰੋਤਮ ਨੇ ਤਪ ਅਸਥਾਨ ਸ੍ਰੀ ਹੇਮ ਕੁੰਟ ਦੀ ਖੋਜ ਕਰਕੇ ਪੁਸਤਕ, ਗੁਰਮਤਿ ਨਿਰਣਯ, ਸ੍ਰੀ ਗੁਰੂ ਤੀਰਥ ਸੰਗ੍ਰਹਿ ਰਾਹੀਂ ਸੰਗਤਾਂ ਨੂੰ ਜਾਣੂ ਕਰਵਾਇਆ।

੧੮੭੯—ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਕਾਇਮ ਕੀਤੀ ਗਈ, ਪ੍ਰਧਾਨ ਦੀਵਾਨ ਬੂਟਾ ਸਿੰਘ; ਸਕੱਤਰ ਪ੍ਰੋ. ਗੁਰਮੁਖ ਸਿੰਘ ਜੀ ਗੁਰਮਤਿ ਪ੍ਰਚਾਰ ਦੇ ਕਾਰਜ ਰਾਤ ਦਿਨ ਕਰਨ ਲਗੇ।

1 ਜਨਵਰੀ 1877 ਨਵੇਂ ਸਾਲ ਦੀ ਖੁਸ਼ੀ ਵਿੱਚ ਮਲਕਾ ਵਿਕਟੋਰੀਆ ਨੂੰ ਭਾਰਤ ਦੀ ਮਲਕਾ ਬਣਾਇਆ ਗਿਆ ।

1880 ਜੇਮਜ਼ ਏ. ਗਾਰਫ਼ੀਲਡ ਅਮਰੀਕਾ ਦਾ ਪ੍ਰਧਾਨ ਮੰਤਰੀ ਬਣ ਗਿਆ, ਪਰ ਇਸ ਨੂੰ 1881 ਵਿਚ ਕਤਲ ਕਰ ਦਿਤਾ ਗਿਆ ।

ਪ੍ਰੋ: ਗੁਰਮੁਖ ਸਿੰਘ, ਗਿ: ਦਿਤ ਸਿੰਘ ਜੀ ਵਲੋਂ ਸਿੰਘ ਸਭਾ ਲਾਹੌਰ ਦੁਆਰਾ 'ਖਾਲਸਾ ਅਖਬਾਰ' ਸਪਤਾਹਕ ਪੰਜਾਬੀ ਭਾਸ਼ਾ ਵਿਚ ਅਤੇ ਭਾਈ ਮਈਆ ਸਿੰਘ ਨੇ 'ਖਾਲਸਾ ਗਜ਼ਟ' ਉਰਦੂ ਵਿੱਚ ਕਢ ਕੇ ਪ੍ਰਚਾਰ ਲਹਿਰ ਚਲਾਈ । ਮਹੰਤ ਬਾਬਾ ਸੁਮੇਰ ਸਿੰਘ ਤਖਤ ਪਟਨਾ ਸਾਹਿਬ, ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਵਲੋਂ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਗਈ । ਗੁਰੂ ਦੇ ਲੰਗਰ ਦੀ ਇਮਾਰਤ ਬਣਵਾਈ ਗਈ ।

ਮੀਆਂ ਜਾਨ ਮੁਹੰਮਦ ਵਲੋਂ ਇਕ ਮਸੀਤ ਟਾਊਨ ਹਾਲ ਦੇ ਨੇੜੇ ਬਣਵਾਈ ਗਈ।

1881 ਈਸਾ ਦੇ ਦੁਸ਼ਟ ਹਾਕਮ, ਸ੍ਰੀ ਹਰਿਮੰਦਰ ਸਾਹਿਬ ਦੇ ਧਾਰਮਕ ਪ੍ਰਬੰਧਾਂ ਉਪਰ ਸਰਕਾਰੀ ਕੰਟਰੋਲ ਕਰਨ ਲਗੇ, ਡੀ.ਸੀ. ਵਲੋਂ ਸਰ ਮਾਨ ਸਿੰਘ ਨੂੰ ਸਰਬਰਾਹ ਨਿਯੁਕਤ ਕਰ ਦਿਤਾ ਗਿਆ, ਲਾਲਚੀ ਮਹੰਤ ਅਤੇ ਪੁਜਾਰੀ ਮਨਮਾਨੀਆਂ ਕਰਨ ਲਗੇ, ਪਰਕਰਮਾ ਵਿੱਚ ਮੂਰਤੀ ਪੂਜਾ ਆਰਤੀਆਂ, ਦੁਕਾਨਾਂ ਬਾਜ਼ਾਰ ਲਗਣ ਲਗੇ । ਮਨਮਤੀਆਂ ਦਾ ਬੋਲ ਬਾਲਾ ਹੋਣ ਲਗਾ ।

ਅਕਤੂਬਰ 1881 ਸਿੰਘ ਸਭਾ ਦੇ ਨੌਜਵਾਨ ਵਿਦਵਾਨਾਂ ਵਲੋਂ ਮਾਸਕ ਮੈਗਜ਼ੀਨ 'ਵਿਦਯਾਰਕ' ਸ਼ੁਰੂ ਕਰਕੇ ਸਰਕਾਰੀ ਮਨ-ਮਤੀਆਂ ਦਾ ਵਿਰੋਧ ਅਤੇ ਸਿੱਖ ਧਰਮ ਦੀ ਪਵਿੱਤਰਤਾ, ਇਤਿਹਾਸ ਦਾ ਪ੍ਰਚਾਰ ਕੀਤਾ ਜਾਣ ਲਗਾ ।

1882 ਮਹਾਰਾਜਾ ਰਘਬੀਰ ਸਿੰਘ ਰਿਆਸਤ ਜੀਂਦ ਅਤੇ ਸ: ਭਾਗ ਸਿੰਘ ਭਾਗੋਵਾਲੀਆ ਵਲੋਂ ਪਰਕਰਮਾ ਵਿੱਚ ਸੰਗਮਰਮਰ ਦਾ ਫਰਸ਼ ਲਗਵਾਉਣ, ਦੁਖ ਭੰਜਣੀ ਬੇਰੀ ਅਤੇ ਅਠ ਸਠ ਤੀਰਥ ਅਸਥਾਨ ਵਿਖੇ ਪਉੜੀਆਂ ਬਣਵਾਉਣ ਦੀ ਸੇਵਾ ਕਾਰਜ ਕਰਵਾ ਕੇ ਸ਼ੁਕਰਾਨਾ ਕੀਤਾ ਗਿਆ ।

ਲਾਹੌਰ ਵਿਖੇ ਪੰਜਾਬ ਯੂਨੀਵਰਸਿਟੀ ਕਾਇਮ ਹੋਈ ।

1883 ਗਿ: ਕਰਤਾਰ ਸਿੰਘ ਵਹੀਰੀਆ ਵਲੋਂ 'ਗੁਰਮੁਖੀ' ਅਖਬਾਰ ਛਾਪ ਕੇ ਪ੍ਰਚਾਰ ਕੀਤਾ ਜਾਣ ਲਗਾ ।

ਜਾਵਾ, ਸਮਾਟਰਾ ਦੇ ਇਲਾਕੇ ਭਾਰੀ ਭੁਚਾਲਾਂ ਨਾਲ ਬਰਬਾਦੀ ਤਬਾਹੀ ਹੋਈ ।

1884 ਸ੍ਰੀ ਹਰਿਮੰਦਰ ਸਾਹਿਬ ਵਿੱਚ ਬਿਜਲੀ ਰੌਸ਼ਨੀ ਦਾ ਪ੍ਰਬੰਧ ਕਰਨ ਵਾਸਤੇ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਵਲੋਂ 25 ਹਜ਼ਾਰ ਰੁਪਏ ਦੇਣ ਦੀ

ਪੇਸ਼ਕਸ਼ ਕੀਤੀ ਗਈ ਤਾਂ ਗ੍ਰੰਥੀ ਭਾਈ ਹਰਨਾਮ ਸਿੰਘ, ਭਗਤ ਸਿੰਘ, ਪ੍ਰਤਾਪ ਸਿੰਘ ਵਲੋਂ ਵਿਰੋਧ ਵਿੱਚ ਕਿਹਾ ਗਿਆ ਕਿ ਮਕਾ, ਮਦੀਨਾ ਅਤੇ ਇੰਗਲੈਂਡ ਦੇ ਵੈਸਟ ਮਨਿਸਟਰ ਐਬੀ ਗਿਰਜਾ ਘਰ ਵਿੱਚ ਬਿਜਲੀ ਰੌਸ਼ਨੀ ਨਹੀਂ ਹੈ, ਅਤੇ ਖਾਲਸਾ ਅਖ਼ਬਾਰ ਵਿੱਚ ਰੋਸ ਛਾਪਿਆ ਗਿਆ।

ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਗਿ: ਬਦਨ ਸਿੰਘ ਸੇਖਵਾਂ ਅਤੇ 5 ਹੋਰ ਵਿਦਵਾਨਾਂ ਦੇ ਸਹਿਯੋਗ ਨਾਲ 5 ਸਾਲ ਦੀ ਘਾਲਣਾ ਨਾਲ ਤਿਆਰ ਕਰਵਾ ਕੇ ਛਪਵਾ ਦਿਤਾ, ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਦੋਬਾਰਾ ਛਪਵਾ ਕੇ ਸੰਗਤਾਂ ਦੀ ਲੋੜ ਨੂੰ ਪੂਰਾ ਕੀਤਾ ਜਾਵੇ।

ਰਾਜਾ ਕਲਿਆਣ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਸੇਵਾ ਕਾਰਜ ਪ੍ਰਬੰਧ ਚਲਾਉਣ ਲਗੇ।

1885 ਸ਼ੇਖ ਖੈਰ ਦੀਨ ਵਲੋਂ ਇਕ ਮਸੀਤ, ਹਾਲ ਬਾਜ਼ਾਰ ਵਿੱਚ ਬਣਵਾਈ ਗਈ।

14 ਜਨਵਰੀ, 1885 ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਭਾਈ ਜਵਾਹਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਭਾਈ ਹਰਨਾਮ ਸਿੰਘ ਮੁਖ ਗ੍ਰੰਥੀ ਥਾਪੇ ਗਏ।

ਸ੍ਰੀ ਤਰਨ ਤਾਰਨ ਵਿਖੇ ਸ੍ਰੀ ਗੁਰੂ ਸਿੰਘ ਸਭਾ ਕਾਇਮ ਹੋਈ ਪਰਕਰਮਾ ਵਿੱਚ ਨਿਸ਼ਾਨ ਸਾਹਿਬ ਦੇ ਨਾਲ ਭਾਰੀ ਦੀਵਾਨ ਲਗਾਏ ਜਾਂਦੇ। ਇਕ ਗੁਰਮੁਖੀ ਸਕੂਲ ਖੋਲ੍ਹਿਆ ਗਿਆ। ਮਜ਼ਹਬੀ ਸਿੱਖਾਂ ਨੂੰ ਗੁਰਮਤਿ ਨਾਲ ਜੋੜਿਆ ਗਿਆ।

16 ਮਾਰਚ, 1885 ਗੁਰਮਤ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਕਾਇਮ ਕਰਕੇ ਗੁਰਪੁਰਬ ਪ੍ਰਕਾਸ਼, ਗੁਰਬਿਲਾਸ ਦਸਵੀਂ ਕਿਰਤ ਭਾਈ ਸੁਖਾ ਸਿੰਘ, ਗੁਰਪ੍ਰਣਾਲੀ ਆਦਿ ਲਿਟਰੇਚਰ ਛਾਪ ਕੇ ਵੰਡੇ ਜਾਣ ਲਗੇ।

ਅਕਤੂਬਰ, 1885 ਸ੍ਰੀ ਦਰਬਾਰ ਸਾਹਿਬ ਵਿਖੇ ਸਰ ਖੇਮ ਸਿੰਘ ਬੇਦੀ ਗਦੇਲਾ ਲਗਾ ਕੇ ਬੈਠਿਆ ਕਰਦੇ ਤਾਂ ਦੀਵਾਲੀ ਦੇ ਸਮੇਂ ਪ੍ਰੋ: ਗੁਰਮੁਖ ਸਿੰਘ, ਮੁਖੀ ਸਿੰਘ ਸਭਾ ਨੇ ਹੇਠੋਂ ਗਦੇਲਾ ਕੱਢਣ ਦੀ ਜੁਅਰਤ ਕੀਤੀ। ਮਨਮਤ ਦੂਰ ਕਰਨੀ ਸੀ।
ਅੰਗਰੇਜ਼ ਹਾਕਮ ਏ ਓ ਹੂਮ ਵਲੋਂ ਇੰਡੀਅਨ ਨੈਸ਼ਨਲ ਕਾਂਗਰਸ ਕਾਇਮ ਕੀਤੀ ਗਈ ਅੰਗਰੇਜ਼ ਹਾਕਮ ਹੀ ਪ੍ਰਬੰਧਕ ਸਨ।

2 ਦਸੰਬਰ, 1885 ਭਾਈ (ਬਾਬਾ) ਰਾਮ ਸਿੰਘ ਜੀ ਨਾਮਧਾਰੀ ਜਲਾਵਤਨੀ ਸਮੇਂ ਮਰਗੋਈ ਜੇਲ ਰੰਗੂਨ ਵਿਖੇ ਤਸੀਹੇ ਸਹਾਰਦੇ, ਡਾਇਰੀਆ ਦੀ ਤਕਲੀਫ ਕਾਰਨ ਅਕਾਲ ਚਲਾਣਾ ਕਰ ਗਏ, ਹਰ ਸਾਲ ਭਾਰੀ ਯਾਦ, ਭੈਣੀ ਸਾਹਿਬ ਮਨਾਈ ਜਾਂਦੀ ਹੈ।

੧੮੮੬—ਖਾਲਸਾ ਦੀਵਾਨ, ਲਾਹੌਰ ਕਾਇਮ ਕੀਤਾ ਗਿਆ ਗਿ: ਦਿਤ ਸਿੰਘ ਜੀ ਨੇ ਅਖਬਾਰ 'ਖਾਲਸਾ' 'ਸੁਧਾਰਕ' ਕਢ ਕੇ, ਸ੍ਰੀ ਹਰਿਮੰਦਰ ਦੇ ਮਨਮਤੀਆਂ ਦੀਆਂ ਮਨਮਾਨੀਆਂ ਵਿਰੁਧ ਪ੍ਰਚਾਰ ਕਰਕੇ ਸੰਗਤਾਂ ਨੂੰ ਜਾਣੂ ਕਰਵਾਇਆ । ਸ. ਅਤਰ ਸਿੰਘ ਭਦੌੜ, ਪ੍ਰਧਾਨ ਸਨ, ਭਾਈ ਝੰਡਾ ਸਿੰਘ ਸਰਗਰਮ ਅਕਾਲੀ ਸਨ ।

੧੮੮੭—ਸ਼ਿਵ ਨਾਰਾਇਣ ਹੋਤਰੀ ਵਲੋਂ ਆਰਯਾ ਸਮਾਜ ਦਾ ਦਫਤਰ ਲਾਹੌਰ ਕਾਇਮ ਕਰਕੇ, ਸਿਖ ਵਿਰੋਧੀ ਪ੍ਰਚਾਰ ਹੋਣ ਲਗਾ ਕੁਝ ਸਿੰਘਾਂ ਦੇ ਕੇਸ ਕਤਲ ਕਰਕੇ ਸ਼ੁਧ ਹਿੰਦੂ ਬਣਾ ਦਿਤਾ ਗਿਆ ਤਾਂ ਸਿੰਘਾਂ ਵਲੋਂ ਭਾਰੀ ਰੋਸ ਹੋਇਆ ।

ਰਾਜਾ ਰਾਮ ਮੋਹਨ ਰਾਏ ਵਲੋਂ ਲਾਹੌਰ ਵਿਚ ਬ੍ਰਹਮੂ ਸਮਾਜ ਕਾਇਮ ਹੋਇਆ ।

ਕਾਦੀਆਂ ਦੇ ਅਹਿਮਦੀ ਜਮਾਤ ਦੇ ਗੁਲਾਮ ਅਹਿਮਦ ਵਲੋਂ ਇਕ ਦਫਤਰ ਲਾਹੌਰ ਪ੍ਰਚਾਰ ਸ਼ੁਰੂ ਹੋਇਆ ।

੧੮ ਮਾਰਚ ੧੮੮੭—ਬਾਬਾ ਖੇਮ ਸਿੰਘ ਬੇਦੀ ਪ੍ਰਬੰਧਕ ਸਨ, ਸ.ਮਾਨ ਸਿੰਘ ਸਤਬਰਾਹ ਸ. ਜਸਵੰਤ ਸਿੰਘ ਪੁਜਾਰੀ ਅਤੇ ਸ. ਸੰਤਾ ਸਿੰਘ ਪੁਜਾਰੀ ਸਨ, ਇਨ੍ਹਾਂ ਵਲੋਂ ਸ੍ਰੀ ਅਕਾਲ ਤਖਤ ਤੋਂ ਇਕ ਹੁਕਮਨਾਮਾ ਜਾਰੀ ਕਰਕੇ ਪ੍ਰੋ: ਗੁਰਮੁਖ ਸਿੰਘ ਨੂੰ ਪੰਥ ਤੋਂ ਛੇਕਿਆ ਗਿਆ ।

੧੮੮੭—ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਪ੍ਰੋ: ਗੁਰਮੁਖ ਸਿੰਘ ਵਲੋਂ ਥਾਂ ਥਾਂ ਖਾਲਸਾ ਸਕੂਲ ਖੋਲ੍ਹੇ ਜਾਣ ਦੀਆਂ ਕਾਰਵਾਈਆਂ ਹੋਣ ਲਗੀਆਂ ।

੧੮੮੭—ਲਾਹੌਰ ਵਿਖੇ ਆਰਯਾ ਸਮਾਜ ਦੀ ਨੀਂਹ ਰਖੀ ਗਈ । ਡੀ. ਏ. ਵੀ. ਕਾਲਜ ਸ਼ੁਰੂ ਹੋਇਆ ।

੧੮੮੭—ਕੰਵਰ ਬਿਕਰਮ ਸਿੰਘ ਕਪੂਰਥਲਾ, ਅਤੇ ਸ. ਠਾਕਰ ਸਿੰਘ ਜੀ ਸੰਧਾਂਵਾਲੀਆ ਅਕਾਲ ਚਲਾਣਾ ਕਰ ਗਏ ।

੧੮੮੯—ਪੰਥ ਵਲੋਂ ਖਾਲਸਾ ਸਕੂਲ ਗੁਜਰਾਂਵਾਲਾ ਵਿਖੇ ਕਾਇਮ ਕੀਤਾ ਗਿਆ ।

੧੮੮੯—ਖਾਲਸਾ ਕਾਲਜ ਅਸਥਾਪਨ ਕਮੇਟੀ ਕਾਇਮ ਹੋਈ, ਇਸ ਦੇ ਪ੍ਰਧਾਨ ਚੀਫ ਜਸਟਸ ਮਿ: ਰੈਟੀਗਨ, ਸਕਤਰ ਭਾਈ ਜਵਾਹਰ ਸਿੰਘ ਜੀ ਸਨ ।

੬ ਫਰਵਰੀ ੧੮੯੦—ਪ੍ਰਿੰਸ ਆਫ ਵੇਲਜ਼ ਸ੍ਰੀ ਹਰਿਮੰਦਰ ਸਾਹਿਬ ਆਇਆ ਤਾਂ ਡੀ. ਸੀ. ਵਲੋਂ ਭਾਰੀ ਸਜਾਵਟਾਂ ਕਰਵਾਈਆਂ ਗਈਆਂ ।

੧ ਮਾਰਚ ੧੮੯੦--ਸਨਾਤਮ ਧਰਮ ਸਭਾ ਕਾਇਮ ਕੀਤੀ ਗਈ ।

੧੮੬੧--ਡਾ: ਚਰਨ ਸਿੰਘ ਜੀ, ਗਿਆਨ ਸਿੰਘ, ਝੰਡਾ ਸਿੰਘ ਵਲੋਂ ਗੁਰਮਤਿ ਦੇ ਪ੍ਰਚਾਰ ਵਾਸਤੇ ਗੁਰਮਤਿ ਗਰੰਥ ਪ੍ਰਚਾਰਕ ਸਭਾ ਕਾਇਮ ਕਰਕੇ ਗੁਰਬਿਲਾਸ ਪਾ: ੬; ਪਾਤਸ਼ਾਹੀ ੧੦; ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਜਨਮ ਸਾਖੀ ਗੁਰੂ ਨਾਨਕ ਦੇਵ ਆਦਿ ਛਾਪਣੇ ਸ਼ੁਰੂ ਕੀਤੇ ਗਏ। ਵਜ਼ੀਰ ਹਿੰਦ ਪ੍ਰੈਸ ਲਗਾਇਆ ਗਿਆ।

੧੮੭੮—ਇੰਡੀਅਨ ਆਰਮਜ਼ ਐਕਟ ੧੮੭੯ ਨੂੰ ਲਾਗੂ ਹੋਇਆ ਪਰ ਸਿਖਾਂ ਦੇ ਕਿਰਪਾਨ ਪਹਿਨਣ ਤੇ ਲਾਗੂ ਨਹੀਂ ਕੀਤਾ ਗਿਆ।

੧੮੯੧—ਪੰਡਤ ਤਾਰਾ ਸਿੰਘ ਜੀ ਨਰੋਤਮ ੬੯ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਨਵੰਬਰ ੧੮੯੧—ਲੇਡੀ ਜੇਮਜ਼ ਲਾਇਲ ਵਲੋਂ ਨੀਂਹ ਰਖ ਕੇ ਵੀ.ਜੇ ਹਸਪਤਾਲ ਬਣਾਉਣਾ ਸ਼ੁਰੂ ਕੀਤਾ ਗਿਆ, ੧੯੦੪ ਤਕ ਮੁਕੰਮਲ ਹੋ ਗਿਆ। ੧੯੭੫ ਤੋਂ ਇਸ ਦਾ ਨਾਮ ਗੁਰੂ ਤੇਗ ਬਹਾਦਰ ਹਸਪਤਾਲ ਰਖਿਆ ਗਿਆ।

੧੮੯੨—ਗਿ: ਗਿਆਨ ਸਿੰਘ ਜੀ ਵਲੋਂ ਪੰਥ ਪ੍ਰਕਾਸ਼ ਤਿਆਰ ਕੀਤਾ ਗਿਆ।

੫ ਮਾਰਚ ੧੮੯੨—ਗਵਰਨਰ ਪੰਜਾਬ, ਸਰ ਜੇਮਜ਼ ਲਾਇਲ ਸ੍ਰੀ ਹਰਿਮੰਦਰ ਸਾਹਿਬ ਆਇਆ ਸੀ, ਇਸ ਵਲੋਂ ਖਾਲਸਾ ਕਾਲਜ ਦੀ ਨੀਂਹ ਰਖੀ ਗਈ ਮਿਡਲ ਕਲਾਸ ਸ਼ੁਰੂ ਹੋਈ। ਕੰਨਿਆ ਪਾਠਸ਼ਾਲਾ ਫੀਰੋਜ਼ਪੁਰ ਸ਼ੁਰੂ ਹੋਇਆ।

੧੪ ਅਪ੍ਰੈਲ ੧੮੯੨--ਖਾਲਸਾ ਕਾਲਜ ਕੌਂਸਲ ਅੰਮ੍ਰਿਤਸਰ ਕਾਇਮ ਹੋਈ ਅਤੇ ਖਾਲਸਾ ਕਾਲਜ ਦੀ ਨੀਂਹ ਰਖੀ ਗਈ। ਅੰਗਰੇਜ਼ ਪ੍ਰਿੰਸੀਪਲ ਮਿ: ਜੀ. ਸੀ. ਓਮਨ ਸਨ।

੧੮੯੨—ਭਾਈ ਸੰਤ ਸਿੰਘ ਜੀ ਵਲੋਂ ਸੰਤ ਸਿੰਘ ਸੁਖਾ ਸਿੰਘ ਸਕੂਲ, ਮਾਈ ਸੇਵਾਂ ਬਾਜ਼ਾਰ ਵਿਚ ਸ਼ੁਰੂ ਕੀਤਾ ਗਿਆ ਜੋ ੧੯੩੯ ਤੋਂ ਮਜੀਠਾ ਰੋਡ ਤੇ ਹੈ, ਧਾਰਮਿਕ ਵਿਦਿਆ ਤੇ ਵਧੇਰੇ ਜ਼ੋਰ ਹੈ, ਹੁਣ ਪ੍ਰਿੰਸੀਪਲ ਜਗਦੀਸ਼ ਸਿੰਘ ਹਨ।

੨੩ ਅਕਤੂਬਰ ੧੮੯੩—ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਸ਼ੁਰੂ ਹੋਇਆ ਖਾਲਸਾ ਟਰੈਕਟ ਸੋਸਾਇਟੀ ਚੀਫ ਖਾਲਸਾ ਦੀਵਾਨ ਵਲੋਂ ਮਾਸਕ ਨਿਰ ਗੁਣਿਆਰਾ ਸ਼ੁਰੂ ਕੀਤਾ ਗਿਆ, ਚੜ੍ਹਦੀ ਕਲਾ ਵਿਚ ਛਪ ਰਿਹਾ ਹੈ। ਗਿ: ਅਵਤਾਰ ਸਿੰਘ ਵਹੀਰੀਆ ਵਲੋਂ ਖਾਲਸਾ ਅਖਬਾਰ, ਸ਼ੁਰੂ

ਕੀਤਾ ਗਿਆ ।

੧੮੯੩—ਮਹਾਰਾਜ ਦਲੀਪ ਸਿੰਘ ਪੈਰਿਸ ਵਿਚ ਅਕਾਲ ਚਲਾਣਾ ਕਰ ਗਏ ।

੧੮੯੩—ਭਾਈ ਵੀਰ ਸਿੰਘ ਜੀ ਨੇ ਖਾਲਸਾ ਵਿਦਿਆਰਥੀ ਸਭਾ ਕਾਇਮ ਕੀਤੀ ।

੪ ਜੂਨ ੧੮੯੪—ਜਨਰਲ ਸਰ ਇਆਨ ਹਮਿਲਟਨ, ਜਨਰਲ ਐਸ ਆਰ ਡੇਵਿਡਸਨ ਅਤੇ ਕਮਾਂਡਰ ਗੈਰੀਸਨ ਵਲੋਂ ਚਿਤਰਾਲ ਲਹਿਰ ਸਮੇਂ ਸੂਰਬੀਰ ਫੌਜੀ ਸਿੰਘਾਂ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ ਗਈ ।

੧੮੯੪—ਮਹਾਰਾਜਾ ਹੀਰਾ ਸਿੰਘ ਨਾਭਾ ਵਲੋਂ, ਗੁਰੂ ਦਰਬਾਰ ਵਿਚ ਇਕ ਵਡਾ ਨਗਾਰਾ ਭੇਟ ਕੀਤਾ ਗਿਆ । ਮਹਾਰਾਜਾ ਜਗਤਜੀਤ ਸਿੰਘ ਕਪੂਰਥਲਾ ਵਲੋਂ ਕਾਫੀ ਭੇਟਾ ਕੀਤੀ ਗਈ ।

੧੮੯੪—ਖਾਲਸਾ ਟਰੈਕਟ ਸੁਸਾਇਟੀ ਚੀਫ ਖਾਲਸਾ ਦੀਵਾਨ ਵਲੋਂ ਮਾਸਕ ਨਿਰਗੁਣਿਆਰਾ ਕੱਢਣਾ ਸ਼ੁਰੂ ਕੀਤਾ ਜੋ ਹੁਣ ਤਕ ਚੜ੍ਹਦੀ ਕਲਾ ਨਾਲ ਚਲ ਰਿਹਾ ਹੈ, ਬੇਦੀ ਲਾਲ ਸਿੰਘ ਸਾਹਿਤ ਕਾਰ ਐਡੀਟਰ ਹਨ ।

੧੮੯੬ – ਰਾਬਿੰਦਰ ਨਾਥ ਟੈਗੋਰ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਈ ਸੁੰਦਰ ਸਿੰਘ ਰਾਗੀ ਤੋਂ ਆਸਾ ਜੀ ਦੀ ਵਾਰ ਦੀ ਚੌਂਕੀ ਦਾ ਅਨੰਦ ਮਾਣਿਆ ਅਤੇ ਆਪਣੇ ਨਾਲ ਸ਼ਾਂਤੀ ਨਿਕੇਤਨ ਲੈ ਜਾਣ ਵਾਸਤੇ ਜ਼ੋਰ ਲਗਾਇਆ ।

੨੬ ਜਨਵਰੀ ੧੮੯੬—ਸ: ਸੁੰਦਰ ਸਿੰਘ ਮਜੀਠੀਆ ਵਲੋਂ ਬਿਜਲੀ ਲਗਵਾਉਣ ਦਾ ਮਤਾ ਪਾਸ ਕੀਤਾ ਗਿਆ ਅਤੇ ਸੋਢਾ ਮਹਾਰਾਜਾ ਫਰੀਦਕੋਟ ਬਿਕਰਮ ਸਿੰਘ ਵਲੋਂ ਕਰਵਾਈ ਗਈ, ਜੋ ੧੮੯੮ ਤਕ ਫਿਟ ਹੋ ਗਈ ।

੧੦ ਜੂਨ ੧੮੯੬ ਸ: ਅਤਰ ਸਿੰਘ ਜੀ ਭਦੌੜ (ਪਟਿਆਲਾ) ਪ੍ਰਧਾਨ ਖਾਲਸਾ ਦੀਵਾਨ ਅਕਾਲ ਚਲਾਣਾ ਕਰ ਗਏ. ਇਨ੍ਹਾਂ ਦੇ ਪੁੱਤਰ ਸ: ਬਲਵੰਤ ਸਿੰਘ ਭਦੌੜ ਪ੍ਰਧਾਨ ਬਣ ਗਏ ।

੧੫ ਅਪ੍ਰੈਲ ੧੮੯੭–ਮਹਾਰਾਜਾ ਫਰੀਦਕੋਟ ਬਿਕਰਮ ਸਿੰਘ ਵਲੋਂ ਇਕ ਜੇਨਰੇਟਰ ਭੇਟ ਕੀਤਾ ਗਿਆ । ਸ੍ਰੀ ਹਰਿਮੰਦਰ ਦੇ ਅੰਦਰ ਦੇਸੀ ਘਿਉ ਦੇ ਦੀਵੇ ਨਾਲ ਰੌਸ਼ਨੀ ਕੀਤੀ ਜਾਂਦੀ ਸੀ । ਬਾਬੂ ਤੇਜਾ ਸਿੰਘ ਭਦੌੜ ਅਤੇ ਪੁਜਾਰੀਆਂ ਵਲੋਂ ਸ੍ਰੀ ਹਰਿਮੰਦਰ ਦੇ ਅੰਦਰ ਬਿਜਲੀ ਫਿਟ ਕਰਨ ਤੇ ਇਤਰਾਜ਼ ਕੀਤਾ ਗਿਆ ।

੧੮੯੭—ਸ੍ਵਾਮੀ ਵਿਵੇਕਾਨੰਦ ਨੇ ਕਿਹਾ "ਜੇਕਰ ਤੁਸੀਂ ਦੇਸ਼ ਦੀ ਭਲਾਈ ਆਜ਼ਾਦੀ ਚਾਹੁੰਦੇ ਹੋ ਤਾਂ ਤੁਹਾਨੂੰ ਇਕ ਇਕ ਨੂੰ ਗੁਰੂ ਗੋਬਿੰਦ ਸਿੰਘ

ਬਣਨਾ ਹੋਵੇਗਾ" ਆਪਣਾ ਭਾਸ਼ਨ ਸ਼ੁਰੂ ਅਤੇ ਖਤਮ ਕਰਨ ਵੇਲੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਕਿਹਾ।

ਮਈ ੧੮੬੭—ਖ਼ਾਲਸਾ ਕਾਲਜ ਕਲਾਸਾਂ ਸ਼ੁਰੂ ਹੋ ਗਈਆਂ।

੯ ਜੂਨ ੧੮੬੭-ਡਾ ਦੀਵਾਨ ਸਿੰਘ ਜੀ ਕਾਲੇ ਪਾਣੀ ਅਕਾਲ ਚਲਾਣਾ ਕਰ ਗਏ।

੨੪ ਸਤੰਬਰ ੧੮੬੮ ਪ੍ਰੋ: ਗੁਰਮੁਖ ਸਿੰਘ ਮੋਢੀ ਸਿੰਘ ਸਭਾ, ਅਕਾਲ ਚਲਾਣਾ ਕਰ ਗਏ।

੧੮੬੮ ਮ: ਬਿਕਰਮ ਸਿੰਘ ਫਰੀਦਕੋਟ ਅਕਾਲ ਚਲਾਣਾ ਕਰ ਗਏ।

੧੮੬੮-ਮਿਸਰ ਦਾ ਪ੍ਰਧਾਨ ਕਰਨਲ ਨਾਸਰ ਨੇ ਕਿਹਾ ਇਹ ਅਲਾਹ ਦਾ ਘਰ ਹੈ।

੧੮੬੯—ਖਾਲਸਾ ਕਾਲਜ ਅੰਮ੍ਰਿਤਸਰ ਪ੍ਰਵਾਨ ਹੋਇਆ।

੨੫ ਅਪ੍ਰੈਲ ੧੮੬੯-ਲਾਰਡ ਕਰਜ਼ਨ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਇਆ ਇਸ ਵਲੋਂ ਇਕ ਵਡਾ ਕਲਾਕ ਭੇਟ ਕੀਤਾ ਗਿਆ ਜੋ ਘੰਟਾ ਘਰ ਡਿਉਢੀ ਦੇ ਉਪਰ ਲਗਾ ਹੈ।

੭ ਨਵੰਬਰ ੧੮੬੯-ਡਾ: ਭਾਈ ਵੀਰ ਸਿੰਘ ਵਲੋਂ ਸਪਤਾਹਿਕ ਅਖਬਾਰ ਖਾਲਸਾ ਸਮਾਚਾਰ ਸ਼ੁਰੂ ਕੀਤਾ ਗਿਆ ਜੋ ਸਫਲਤਾ ਨਾਲ 'ਚਲ ਰਿਹਾ ਹੈ।

੧੮੬੯-ਲਾਰਡ ਸਰ ਮਕਾਲਿਫ਼ ਨੂੰ ਸ੍ਰੀ ਅਕਾਲ ਤਖਤ ਵਿਖੇ ਸਨਮਾਨ ਸਿਰਪਾਉ ਭੇਟ ਹੋਇਆ ਵਾਇਸਰਾਏ ਲੇਸਰ ਲੂਈਸ ਡੇਨ ਵਲੋਂ ਅੰਮਿਤ ਛਕਾਉਣ ਦੀ ਰਸਮ ਦੀ ਪ੍ਰਸੰਸਾ ਕੀਤੀ ਗਈ।

੧੯੦੦-ਪੰਜਾਬ ਵਿਚ ਭਾਰੀ ਕਾਲ ਪੈ ਗਿਆ।

੧੯੦੦-ਸ: ਕਿਸ਼ਨ ਸਿੰਘ ਜੀ ਆਰਫ਼ ਅਕਾਲ ਚਲਾਣਾ ਕਰ ਗਏ।

੧੯੦੦-ਬਰਤਾਨੀਆ ਵਿਚ ਲੇਬਰ ਪਾਰਟੀ ਕਾਇਮ ਹੋਈ।

੨੨ ਜਨਵਰੀ ੧੯੦੧-ਮਲਕਾ ਵਿਕਟੋਰੀਆ ਮਰ ਗਈ।

੧੧ ਅਗਸਤ ੧੯੦੧-ਖੁਫ਼ੀਆ ਵਿਭਾਗ ਦੇ ਇੰਚਾਰਜ ਮਿਸਟਰ ਡੀ ਪੈਟਪੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘਾਂ ਦਾ ਮਨੁਖੀ ਭਾਈਚਾਰਾ ਸਰਬਤ ਦੇ ਭਲੇ ਵਾਲਾ ਮਾਹੌਲ ਵੇਖ ਕੇ ਕਿਹਾ ਸੀ ਕਿ ਇਹ ਅਕ੍ਰਿਤਘਨ ਜ਼ਾਤ-ਅਭਿਮਾਨੀ ਗੰਗੂ ਬ੍ਰਾਹਮਣ ਸਿੰਘਾਂ ਨੂੰ ਨਫ਼ਰਤ ਕਰਦੇ ਹਨ।

੬ ਸਤੰਬਰ ੧੯੦੧—ਗਿ: ਦਿਤ ਸਿੰਘ ਜੀ ਮੋਢੀ ਸ੍ਰੀ ਗੁਰੂ ਸਿੰਘ ਸਭਾ ਲਹਿਰ ਅਕਾਲ ਚਲਾਣਾ ਕਰ ਗਏ, ਪੰਥ ਵਲੋਂ ਹਰ ਸਾਲ ਇਨ੍ਹਾਂ ਦੀ ਯਾਦ ਇਨ੍ਹਾਂ ਦੇ ਪਿੰਡ ਅਨੰਦਪੁਰ ਕਲੜ ਮਨਾਈ ਜਾਂਦੀ ਹੈ।

੧੯੦੨—ਮਿਰਜਾ ਗੁਲਾਮ ਅਹਿਮਦ ਕਾਦੀਆਂ, ਗੁਰੂ ਨਾਨਕ ਦੇਵ ਜੀ ਨੂੰ ਆਪਣਾ ਪੀਰ ਕਹਿੰਦੇ, ਕਿ ਉਹ ਮਕਾ ਦੀ ਯਾਤਰਾ ਕਰਨ ਗਏ ਤਾਂ ਉਥੋਂ ਬਗਦਾਦ ਦੇ ਪੀਰ ਵਲੋਂ ਚੋਗਾ ਅਤੇ ਕੁਰਾਨ ਭੇਟਾ ਕੀਤੇ ਗਏ ਸਨ।

੧੪ ਫਰਵਰੀ ੧੯੦੨—ਗੁਰਦੁਆਰਾ ਸਾਰਾ ਗੜ੍ਹੀ, ਚੌਂਕ ਧਰਮ ਸਿੰਘ ਮਾਰਕੀਟ ਵਿਖੇ ਸਾਰਾ ਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿਚ ਬਣਾਉਣਾ ਸ਼ੁਰੂ ਕੀਤਾ ਗਿਆ।

੧੯੦੨—ਮਹਾਰਾਜਾ ਦਲੀਪ ਸਿੰਘ ਦੀਆਂ ਸ਼ਹਿਜ਼ਾਦੀਆਂ ਇੰਗਲੈਂਡ ਤੋਂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਈਆਂ।

੧੯੦੨—ਨੌ-ਜਵਾਨ ਗੁਰਮਤਿ ਸੁਧਾਰ ਲਹਿਰ ਵਲੋਂ ਸਿਖ ਸਿਧਾਂਤਾਂ ਦਾ ਪ੍ਰਚਾਰ ਕੀਤਾ ਜਾਣ ਲਗਾ। ਗੁਰਮਤਿ ਪ੍ਰਚਾਰ ਅਤੇ ਪੰਜਾਬੀ ਸਾਹਿਤ ਦਾ ਲਿਟਰੇਚਰ ਸਭ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਲਿਖਣਾ, ਛਪਣਾ, ਵੰਡਣਾ ਸ਼ੁਰੂ ਹੋਇਆ।

੩੦ ਅਕਤੂਬਰ ੧੯੦੨—ਮਲਵਈ ਬੁੰਗਾ ਵਿਖੇ ਖਾਲਸਾ ਦੀਵਾਨ ਦੀ ਭਾਰੀ ਇਕੱਤਰਤਾ ਹੋਈ. ਚੀਫ ਖਾਲਸਾ ਦੀਵਾਨ ਸੰਸਥਾ ਕਾਇਮ ਕੀਤੀ ਗਈ, ਬਾਬੂ ਤੇਜਾ ਸਿੰਘ ਭਸੌੜ ਵਲੋਂ ਅਰਦਾਸ ਕੀਤੀ ਗਈ ਇਸ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਅਤੇ ਸਕੱਤਰ ਸ: ਸੁੰਦਰ ਸਿੰਘ ਜੀ ਮਜੀਠਿਆ ਬਣੇ ਇਹ ਸੰਸਥਾ ਗੁਰਮਤਿ ਪ੍ਰਚਾਰ ਅਤੇ ਵਿਦਿਆ ਦੇ ਖੇਤਰ ਵਿਚ ਮਹਾਨ ਕਾਰਜ ਕਰ ਰਹੀ ਹੈ ਹੁਣ ਇਸ ਦੇ ਪ੍ਰਧਾਨ ਸ: ਕਿਰਪਾਲ ਸਿੰਘ ਐਮ. ਪੀ. ਹਨ।

੧੯੦੩—ਤਖਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਅਕਾਲ ਚਲਾਣਾ ਕਰ ਗਏ, ਬਾਬਾ ਦਲੀਪ ਸਿੰਘ ਮਹੰਤ ਬਣ ਗਏ।

੧੯੦੩—ਚੀਫ ਖਾਲਸਾ ਦੀਵਾਨ ਵਲੋਂ ਗੁਰਮਤਿ ਦੇ ਪ੍ਰਚਾਰ ਲਈ ਖਾਲਸਾ ਐਡਵੋਕੇਟ ਵੀਕਲੀ ਸ਼ੁਰੂ ਕੀਤਾ ਗਿਆ। ਜੋ ਚੜ੍ਹਦੀ ਕਲਾ ਵਿਚ ਜਾਰੀ ਹੈ।

੧੨ ਅਪ੍ਰੈਲ ੧੯੦੪ ਖਾਲਸਾ ਕਾਲਜ ਵਿਖੇ ਗੁਰਮਤਿ ਸਮਾਗਮ ਮ: ਹੀਰਾ ਸਿੰਘ ਨਾਭਾ ਵਲੋਂ ਕਰਵਾਇਆ ਗਿਆ, ਸਾਰੇ ਸਿਖ ਰਾਜਿਆਂ, ਸਰਦਾਰਾਂ ਨੇ ਕਾਲਜ ਦੀ ਉਸਾਰੀ ਵਿਚ ਵਧ ਚੜ੍ਹ ਕੇ ਹਿਸਾ ਪਾਇਆ। ਸੰਤ ਤੇਜਾ ਸਿੰਘ ਪ੍ਰਿੰਸੀਪਲ ਥਾਪੇ ਗਏ।

੧੧ ਅਪ੍ਰੈਲ ੧੯੦੪—ਚੀਫ ਖਾਲਸਾ ਦੀਵਾਨ ਦੇ ਸ. ਹਰਬੰਸ ਸਿੰਘ ਅਟਾਰੀ

ਸ. ਸੁੰਦਰ ਸਿੰਘ ਮਜੀਠੀਆ ਅਤੇ ਭਾਈ ਵੀਰ ਸਿੰਘ ਆਦਿ ਨੇ ਪ੍ਰਬੰਧਕਾਂ ਵਲੋਂ ਸੈਂਟਰਲ ਖਾਲਸਾ ਯਤੀਮਖਾਨਾ ਸ਼ਹੀਦ ਊਧਮ ਸਿੰਘ ਚੌਕ ਜੀ. ਟੀ. ਰੋਡ ਵਿਖੇ ਕਾਇਮ ਕੀਤਾ ਗਿਆ ਸ. ਭਾਗ ਸਿੰਘ ਅਣਖੀ, ਧਰਮ ਪ੍ਰਚਾਰ ਦੇ ਇੰਚਾਰਜ ਹਨ, ਵਿਦਿਆਲਾ ਦੇ ਬੱਚੇ ਹਰ ਐਤਵਾਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਜਾਂਦੇ ਹਨ। ਤਰਨ ਤਾਰਨ ਵਿਖੇ ਖਾਲਸਾ ਪ੍ਰਚਾਰਕ ਵਿਦਿਆਲਾ ਕਾਇਮ ਕੀਤਾ ਗਿਆ।

੧੯੦੪--ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਦਮਦਮਾ ਸਾਹਿਬ ਪਿੰਡ ਵਲਾ ਵਿਖੇ ਸੁੰਦਰ ਗੁਰਦੁਆਰਾ, ਕੋਠਾ ਸਾਹਿਬ ਤਿਆਰ ਕੀਤਾ ਗਿਆ। ਸੰਗਤਾਂ ਹਰ ਸਾਲ ੮ ਫਰਵਰੀ ਨੂੰ ਸੰਗਤ ਪੰਗਤ ਦੇ ਜੋੜ ਮੇਲੇ ਭਾਰੀ ਰੌਣਕਾਂ ਨਾਲ ਮਨਾਉਂਦੀਆਂ ਹਨ।

੧੯੦੪—ਤਖਤ ਸ੍ਰੀ ਪਟਨਾ ਸਾਹਿਬ, ਬਾਬਾ ਬਚਿੱਤਰ ਸਿੰਘ ਜਥੇਦਾਰ ਸਨ।

੧੯੦੪—ਸ. ਚਰਨ ਸਿੰਘ ਸ਼ਹੀਦ ਵਲੋਂ ਸੈਂਟਰਲ ਪੰਜਾਬੀ ਸਭਾ ਰਾਹੀਂ ਅਖਬਾਰ ਅਤੇ ਮਾਸਕ ਮੈਗਜ਼ੀਨ ਜਾਰੀ ਕਰਕੇ ਨਾਵਲ, ਨਾਟਕ, ਕਵਿਤਾ, ਨਿਕੀ ਕਹਾਣੀ, ਇਕਾਂਗੀ ਆਦਿ ਦਾ ਵਿਕਾਸ ਹੋਇਆ।

੩ ਜੂਨ ੧੯੦੪—ਭਗਤ ਪੂਰਨ ਸਿੰਘ ਜੀ ਦਾ ਜਨਮ ਖੰਨਾ ਦੇ ਨੇੜੇ ਰਾਜੇਵਾਲ ਰੋਹਟੇ ਪਿੰਡ (ਲੁਧਿਆਣਾ) ਵਿਖੇ ਹਿੰਦੂ ਪਰਵਾਰ ਵਿਚ ਮਾਤਾ ਮਹਿਤਾਬ ਕੌਰ ਪਿਤਾ ਸ਼ਿਬੂ ਮਲ ਦੇ ਘਰ ਹੋਇਆ।

੧੯੦੪--ਪੰਥ ਦੇ ਉਘੇ ਵਿਦਵਾਨ ਬਾਬਾ ਖੇਮ ਸਿੰਘ ਬੇਦੀ ਅਕਾਲ ਚਲਾਣਾ ਕਰ ਗਏ।

੧੯੦੫--ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ, ਪੁਜਾਰੀਆਂ, ਮਹੰਤਾਂ ਵਲੋਂ ਜੋ ਮੂਰਤੀਆਂ ਰਖੀਆਂ ਹੋਈਆਂ ਸਨ, ਉਹ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ ਹਟਾ ਦਿਤੀਆਂ ਗਈਆਂ, ਲਾਲਚੀ ਪੁਜਾਰੀਆਂ ਦੀ ਥਾਂ ਗੁਰਮਤਿ ਜੀਵਨ ਵਾਲੇ ਸਿੰਘਾਂ ਨੂੰ ਲਗਾਇਆ ਜਾਣ ਲਗਾ। ਆਰਤੀ ਆਦਿ ਖਤਮ ਕਰ ਦਿਤੀ ਗਈ।

੧੯੦੫—ਈਸਾ ਦੇ ਧੋਖੇਬਾਜ਼ ਮਕਾਰ ਹਾਕਮਾਂ ਨੇ ਬੰਗਾਲ ਵਿਚ ਹਿੰਦੂ-ਮੁਸਲਮਾਨ ਦੰਗੇ, ਵੰਡ, ਕਤਲ ਕਰਵਾ ਦਿਤੇ। ਕਲਕਤਾ ਵਿਖੇ ਮੁਸਲਮਾਨਾਂ ਦੀ ਰਾਜਧਾਨੀ ਸੀ। ਮੁਸਲਮ ਲੀਗ ਸਰਗਰਮੀ ਨਾਲ ਕੰਮ ਕਰਨ ਲਗੀ।

੧੯੦੫—ਰੂਸ ਦਾ ਬਾਦਸ਼ਾਹ ਜ਼ਾਰ ਸੀ, ਉਸ ਦੀ ਹਕੂਮਤ ਵਿਰੁਧ ਪਹਿਲਾ ਵਡਾ ਇਨਕਲਾਬ ਵਾਪਰਿਆ।

੧੧ ਦਸੰਬਰ ੧੯੦੫ ਬਰਤਾਨੀਆ ਦਾ ਬਾਦਸ਼ਾਹ ਜਾਰਜ ਪੰਚਮ ਅਤੇ ਮਲਕਾ

ਮੇਰੀ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਆਏ, ਭਾਰੀ ਰੌਣਕਾਂ ਸਜਾਵਟਾਂ ਹੋਈਆਂ ਸਨ।

੧੯੦੫—ਪੰਜਾਬ ਦੇ ਬਹੁਤ ਸਾਰੇ ਸਿੰਘ ਬਦੇਸ਼ਾਂ ਵਲ ਵੈਨਕੋਵਰ, ਕੈਨੇਡਾ, ਸਟਾਕਟਨ ਵਿਖੇ ਆਬਾਦ ਹੋ ਕੇ ਗੁਰਦੁਆਰੇ ਕਾਇਮ ਕਰਨ ਲਗੇ, ਗੁਰਮਤਿ ਦਾ ਲਿਟਰੇਚਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਕੀਰਤਨ ਦੇ ਸਾਜ਼ ਇਥੋਂ ਜਾਣ ਲਗੇ।

੧੯੦੬ - ਭਾਰਤ ਵਿਚ ਮੁਸਲਮ ਲੀਗ ਪਾਰਟੀ ਕਾਇਮ ਹੋਈ।

੧੯੦੬—ਈਸਾ ਦੇ ਧੋਖੇਬਾਜ਼ ਹਾਕਮ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਆਪਣੇ ਖੁਸ਼ਾਮਦ ਪਸੰਦ ਸਰਬਰਾਹ ਨਿਯੁਕਤ ਕਰਨ ਲਗੇ ਤਾਂ ਸੂਰਬੀਰ ਸਿੰਘਾਂ ਨੇ, ਧਰਮ ਵਿਚ ਸਰਕਾਰੀ ਮੁਦਾਖ਼ਲਤ ਦਾ ਡਟ ਕੇ ਵਿਰੋਧ ਤੇ ਰੋਸ ਕੀਤਾ। ਗੁਰਦੁਆਰਾ ਪ੍ਰਬੰਧ ਕਮੇਟੀ ਬਣਾਉਣ ਲਈ ਵਿਚਾਰਾਂ ਹੋਣ ਲਗੀਆਂ।

੧੯੦੬—ਆਲ ਇੰਡੀਆ ਕਾਂਗ਼ਰਸ ਦਾ ਸਮਾਗਮ, ਕਲਕਤਾ ਵਿਖੇ ਹੋਇਆ, ਦਾਦਾ ਭਾਈ ਨਾਰੋਜੀ ਪ੍ਰਧਾਨ ਸਨ ਇਨ੍ਹਾਂ ਵਲੋਂ ਸਵਰਾਜ ਦਾ ਨਾਹਰਾ ਪਹਿਲੀ ਵਾਰ ਸ਼ੁਰੂ ਕੀਤਾ ਗਿਆ, ਜਦੋਂ ਕਿ ਪੰਜਾਬ ਦੇ ਸੂਰਬੀਰ ਸਿੰਘਾਂ ਵਲੋਂ ੧੮੬੨ ਤੋਂ ਹੀ ਅਨੇਕਾਂ ਕਾਰਵਾਈਆਂ ਕੀਤੀਆਂ ਗਈਆਂ।

੧੯੦੬ – ਖਾਲਸਾ ਪ੍ਰਚਾਰਕ ਵਿਦਿਆਲਾ, ਤਰਨ ਤਾਰਨ ਕਾਇਮ ਕੀਤਾ ਗਿਆ।

੧੧ ਅਗਸਤ ੧੯੦੬ —ਸ਼ੇਖ ਅਹਿਮਦ ਦੀਨ, ਸਿਆਲਕੋਟ ਤੋਂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਕੇ ਬੜੇ ਪ੍ਰਭਾਵਤ ਹੋਏ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਦਾ ਬਾਟਾ ਛਕ ਕੇ ਸਿੰਘ ਸਜ ਗਏ।

੧੯੦੬–ਸੰਤ ਤੇਜਾ ਸਿੰਘ ਨੇ ਖਾਲਸਾ ਕਾਲਜ ਤੋਂ ਇੰਗਲੈਂਡ, ਕੈਨੇਡਾ, ਅਮਰੀਕਾ ਜਾ ਕੇ ਵੈਨਕੋਵਰ ਵਿਕਟੋਰੀਆ ਵਿਖੇ ਗੁਰਦੁਆਰੇ ਬਣਾ ਕੇ ਗੁਰਬਾਣੀ ਪ੍ਰਚਾਰ ਸ਼ੁਰੂ ਕੀਤਾ। ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ ਵਲੋਂ ਸਟਾਕਟਨ ਵਿਖੇ ਗੁਰਦੁਆਰਾ ਬਣਾਇਆ ਗਿਆ।

੧੯੦੭—ਗੋਪਾਲ ਕ੍ਰਿਸ਼ਨ ਗੋਖਲੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਬੜੇ ਪ੍ਰਭਾਵਤ ਹੋਏ, ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਸਵਾਗਤ ਵਜੋਂ ਆਪਣੇ ਮੋਢਿਆਂ ਤੇ ਚੁੱਕ ਕੇ ਜਲੂਸ ਕਢ ਕੇ ਸਤਿਕਾਰ ਕੀਤਾ। ਇਨ੍ਹਾਂ ਨੂੰ ਮਾਂਡਲੇ ਜੇਲ੍ਹ ਵਿਚ ਭੇਜ ਦਿਤਾ ਗਿਆ। ਲਾਲਾ ਬਾਂਕੇ ਦਿਆਲ ਨੇ ਅਖਬਾਰ 'ਝੰਗ ਸਿਆਲ' ਵਿਚ ਕਵਿਤਾ 'ਪੱਗੜੀ ਸੰਭਾਲ ਜੱਟਾ' ਲਿਖੀ ਜੋ ਪ੍ਰਸਿਧ ਹੋ ਗਏ।

ਮਈ ੧੯੦੭—ਸ: ਅਜੀਤ ਸਿੰਘ ਸ: ਕਿਸ਼ਨ ਸਿੰਘ ਅਤੇ ਹੋਰ ਅਨੇਕਾਂ ਸਿੰਘਾਂ ਨੇ ਪ੍ਰਬੰਧ ਸੁਧਾਰ ਅਤੇ ਗੁਲਾਮੀ ਵਿਰੁਧ ਕੁਰਬਾਨੀਆਂ ਦਿਤੀਆਂ।

੧੯੦੭—ਗਿ: ਜੋਧ ਸਿੰਘ ਜੀ ਅਕਾਲ ਚਲਾਣਾ ਕਰ ਗਏ।

੨੪ ਅਕਤੂਬਰ ੧੯੦੭ ਬਾਲਕ ਊਧਮ ਸਿੰਘ ਨੇ ਸੈਂਟਰਲ ਖਾਲਸਾ ਯਤੀਮ ਖਾਨਾ ਪਤਲੀ ਘਰ ਵਿਚ ਦਾਖਲ ਹੋ ਕੇ ੧੯੧੮ ਵਿਚ ਦਸਵੀਂ ਪਾਸ ਕੀਤੀ।

੧੯੦੭-ਕਰਾਚੀ ਵਿਖੇ ਮੁਸਲਮ ਐਜੂਕੇਸ਼ਨਲ ਕਾਨਫਰੰਸ ਵਿਖੇ ਸਿਖਾਂ ਨੇ ਭਾਗ ਲਿਆ ਪ੍ਰਭਾਵਤ ਹੋ ਕੇ ਸਰਗਮ ਹੋਏ।

੧੯੦੮—ਈਸਾ ਦੇ ਧੋਖੇਬਾਜ਼ ਹਾਕਮਾਂ ਨੇ ਖਾਲਸਾ ਕਾਲਜ ਦਾ ਪ੍ਰਬੰਧ ਸਿੰਘਾਂ ਤੋਂ ਜਬਰੀ ਖੋਹ ਕੇ ਡਿਪਟੀ ਕਮਿਸ਼ਨਰ ਦੇ ਅਧੀਨ ਕਰ ਦਿਤਾ, ਸਿੰਘਾਂ ਵਲੋਂ ਰੋਸ ਕੀਤਾ ਗਿਆ।

੧੯ ਜਨਵਰੀ ੧੯੦੮—ਚੀਫ ਖਾਲਸਾ ਦੀਵਾਨ ਵਲੋਂ ਸਿਖ ਵਿਦਿਅਕ ਕਮੇਟੀ ਵਲੋਂ ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕਰਕੇ ਗੁਜਰਾਂਵਾਲਾ ਵਿਖੇ ਪਹਿਲੀ ਕਾਨਫਰੰਸ ਕੀਤੀ ਗਈ। ਥਾਂ ਥਾਂ ਖਾਲਸਾ ਸਕੂਲ ਕਾਲਜ ਕਾਇਮ ਕਰਨੇ ਸ਼ੁਰੂ ਕਰ ਦਿਤੇ। ਮੋਢੀ ਸ: ਸੁੰਦਰ ਸਿੰਘ ਮਜੀਠੀਆ, ਸ: ਗੁਰਚਰਨ ਸਿੰਘ ਬੈਰਿਸਟਰ ਲਾਹੌਰ, ਸ: ਖੜਕ ਸਿੰਘ ਐਡਵੋਕੇਟ, ਭਾਈ ਦਾਨ ਸਿੰਘ ਸਨ।

੧੯੦੮-ਸਿਵਲ ਪ੍ਰੋਸੀਜਰ ਕੋਡ ੧੯੦੮ ਲਾਗੂ ਕੀਤਾ ਗਿਆ।

੧੯੦੮-ਗਿ: ਹਜ਼ਾਰਾ ਸਿੰਘ (ਨਾਨਾਂ ਭਾਈ ਵੀਰ ਸਿੰਘ) ਅਤੇ ਡਾ: ਚਰਨ ਸਿੰਘ (ਪਿਤਾ ਭਾਈ ਵੀਰ ਸਿੰਘ) ਅਕਾਲ ਚਲਾਣਾ ਕਰ ਗਏ।

੨੩ ਜੂਨ ੧੯੦ ਬੁਧਵਾਰ—ਭਾਈ ਵੀਰ ਸਿੰਘ, ਸੁੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ ਵਲੋਂ ਪੰਜਾਬ ਸਿੰਧ ਬੈਂਕ ਦੀ ਨੀਂਹ ਰਖੀ ਗਈ।

੩੦ ਦਸੰਬਰ ੧੯੦੮ ਆਲ ਇੰਡੀਆ ਮੁਸਲਮ ਲੀਗ ਦੀ ਕਾਨਫਰੰਸ, ਅੰਮ੍ਰਿਤਸਰ ਹੋਈ ਸਾਰੇ ਮੁਸਲਮਾਨ ਲੀਡਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਏ।

੩ ਜਨਵਰੀ ੧੯੦੯—ਬਾਬਾ ਰਤਾ ਜੀ ਸਪੁੱਤਰ ਬਾਬਾ ਦਿਆਲ ਜੀ ਬਾਨੀ ਨਿਰੰਕਾਰੀ ਗੁਰਮਤਿ ਪ੍ਰਚਾਰ ਲਹਿਰ, ਆਪਣੀ ਜੀਵਨ ਯਾਤਰਾ ਸਫਲ ਕਰ ਗਏ।

੧੯੦੯—**The Indian Council Act** ੧੯੦੯ ਅਨੁਸਾਰ ਕੇਵਲ ਮੁਸਲਮਾਨਾਂ ਨੂੰ ਪ੍ਰਤਿਨਿਧਤਾ ਦਿਤੀ ਗਈ, ਸਿਖਾਂ ਨੂੰ ਅਖੋਂ ਅਉਹਲੇ ਕੀਤਾ ਗਿਆ।

੧੯੦੯--ਬਾਬੂ ਗੁਲਾਬ ਸਿੰਘ ਜੀ ਸਕਤਰ ਸਿਖ ਐਜੂਕੇਸ਼ਨਲ ਕਮੇਟੀ, ਅਕਾਲ ਚਲਾਣਾ ਕਰ ਗਏ।

੧ ਅਪ੍ਰੈਲ ੧੯੦੯--ਵਾਇਸਰਾਏ, ਲਾਰਡ ਮਿੰਟੋ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ, ਮਨੁੱਖੀ ਭਾਈਚਾਰੇ ਤੇ ਸ਼ਾਂਤੀ ਤੋਂ ਪ੍ਰਭਾਵਤ ਹੋਇਆ ਸੀ। ਮਿੰਟੋ-ਮਾਰਲੇ ਸਕੀਮ ਸ਼ੁਰੂ ਕੀਤੀ ਗਈ।

੯-੧੧ ਅਪ੍ਰੈਲ ੧੯੦੯—ਦੂਜੀ ਸਿਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਯੂਨੀਵਰਸਿਟੀ ਹਾਲ ਹੋਈ।

੧੯੦੯—ਸ. ਧਰਮ ਸਿੰਘ ਜੀ ਵਲੋਂ ਗੁਰੂ ਨਾਨਕ ਵਿਦਿਆ ਭੰਡਾਰ ਟਰਸਟ ਕਾਇਮ ਕਰਕੇ ਹਰ ਇਲਾਕੇ ਵਿਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਦੇ ਨਾਲ ਖਾਲਸਾ ਸਕੂਲ ਕਾਇਮ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਚੀਫ ਖਾਲਸਾ ਦੀਵਾਨ ਵਲੋਂ ਚੋਣਾਂ ਲਈ ਸਿਖਾਂ ਵਾਸਤੇ ਵਖ ਸੀਟਾਂ ਰਖੇ ਜਾਣ ਲਈ ਜ਼ੋਰ ਲਗਾਇਆ ਗਿਆ।

੧੯੦੯--ਸਿੱਖਾਂ ਵਾਸਤੇ ਅਨੰਦ ਮੈਰਿਜ ਐਕਟ ਬਣਵਾਇਆ ਗਿਆ ਮ: ਰਿਪੁਦਮਨ ਸਿੰਘ ਨਾਭਾ, ਇੰਮਪੀਰੀਅਲ ਕੌਂਸਲ ਦੇ ਮੈਂਬਰ ਸਨ।

ਜਲਾਈ ੧੯੦੯—ਆਰਯਾ ਸਮਾਜੀ ਲਾਜਪਤ ਰਾਏ ਨੇ ਆਪਣੀ ਨੈਸ਼ਨਲ ਕਾਂਗਰਸ ਜਮਾਤ ਦੀ ਫਿਰਕੂ ਜ਼ਹਿਨੀਅਤ ਬਾਰੇ ਕਿਹਾ ਕਿ ਇਹ ਕੁਝ ਪੜ੍ਹੇ ਲਿਖੇ ਹਿੰਦੂ ਨੌਜਵਾਨਾਂ ਦੀ ਜਮਾਤ ਹੈ, ਇਨ੍ਹਾਂ ਵਿਚੋਂ ਨੈਸ਼ਨਲ ਭਾਵਨਾ ਖਤਮ ਹੋ ਚੁਕੀ ਹੈ।

੧੯੦੯--ਸ੍ਰੀ ਮਦਨ ਲਾਲ ਢੀਂਗਰਾ ਅੰਮ੍ਰਿਤਸਰ ਤੋਂ ਇੰਗਲੈਂਡ ਗਿਆ ਉਥੇ ਸੂਰਬੀਰ ਸਿੰਘਾਂ ਨਾਲ ਲੰਡਨ ਵਿਚ ਦੁਸ਼ਟ ਸਰ ਕਰਜ਼ਨ-ਵਿਲੀ ਨੂੰ ਕਤਲ ਕਰ ਦਿਤਾ। ਨੌ ਹਜ਼ਾਰ ਸਿੰਘ ਕੈਨੇਡਾ ਵਿਚ ਆਬਾਦ ਹੋ ਚੁਕੇ ਸਨ, ਅਮਰੀਕਾ ਵਿਚ ਸਿੰਘਾਂ ਵਲੋਂ ਗਦਰ ਪਾਰਟੀ ਕਾਇਮ ਕੀਤੀ ਗਈ, ਸਿਟੇ ਵਜੋਂ ਪੰਜਾਬ ਦੇ ਸਿਖ ਲੀਡਰਾਂ ਉਪਰ ਜ਼ੁਲਮ ਹੋਣ ਲਗੇ, ਅਤੇ ਚੋਣਾਂ ਲਈ ਵਿਸ਼ੇਸ਼ ਪ੍ਰਤਿਨਿਧਤਾ ਖਤਮ ਕਰ ਦਿਤੀ ਗਈ। ਸਿੰਘਾਂ ਤੇ ਬਦੇਸ਼ ਜਾਣ ਦੀ ਪਾਬੰਦੀ ਲਗ ਗਈ।

੨੫-੨੭ ਮਾਰਚ ੧੯੧੦—ਤੀਜੀ ਸਿਖ ਐਜੂਕੇਸ਼ਨਲ ਕਾਨਫ਼ਰੰਸ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਈ।

੯ ਮਈ ੧੯੧੦--ਸਿੰਘਾਂ ਉਪਰ ਬਦੇਸ਼ਾਂ ਵਲ ਜਾਣ ਤੇ ਪਾਬੰਦੀ ਲਗਾ ਦਿਤੀ ਗਈ। ਕੈਨੇਡਾ ਦੇ ਸਿੰਘਾਂ ਨੇ ਇਕ ਅਖਬਾਰ ਗੁਰਮੁਖੀ ਵਿਚ ਕਢ ਕੇ ਪ੍ਰਚਾਰ ਸ਼ੁਰੂ ਕਰ ਦਿਤਾ।

੧੯੧੦--ਚੀਫ ਖਾਲਸਾ ਦੀਵਾਨ ਵਲੋਂ ਸਿਖ ਰਹਿਤ ਮਰਯਾਦਾ ਬਣਾਉਣ ਦਾ ਇਕ ਖਰੜਾ ਤਿਆਰ ਕੀਤਾ ਗਿਆ।

੧੯੧੧--ਸ. ਮਹਿਤਾਬ ਸਿੰਘ ਵਲੋਂ ਰੋਜ਼ਾਨਾ ਅਖਬਾਰ 'ਬੀਰ' ਅਤੇ ਗੁਰਸੇਵਕ ਕਢੇ ਜਾਣ ਲਗੇ।

੧੪-੧੬ ਅਪ੍ਰੈਲ ੧੯੧੧--ਚੀਫ ਖਾਲਸਾ ਦੀਵਾਨ ਸ. ਸੁੰਦਰ ਸਿੰਘ ਮਜੀਠੀਆ ਵਲੋਂ ਚੌਥੀ ਵਿਦਿਅਕ ਕਾਨਫਰੰਸ, ਰਾਵਲਪਿੰਡੀ ਵਿਖੇ ਕੀਤੀ ਗਈ।

੧੪ ਜੂਨ ੧੯੧੧—ਪੰਜਾਬੀ ਗੁਰਮੁਖੀ ਲਿਪੀ ਪਟਿਆਲਾ ਰਿਆਸਤ ਵਿਚ ਸਰਕਾਰੀ ਭਾਸ਼ਾ ਵਜੋਂ ਲਾਗੂ ਕਰਨ ਦਾ ਹੁਕਮ ਕੀਤਾ ਗਿਆ।

੧੬ ਅਕਤੂਬਰ ੧੯੧੧-ਖੁਫੀਆ ਵਿਭਾਗ ਦੇ ਸਹਾਇਕ ਡਾਇਰੈਕਟਰ ਮਿ: ਡੀ. ਪੈਟਰੇ ਨੇ ਆਪਣੀ ਗੁਪਤ ਰਪੋਟ ਦੇ ਪੈਰਾ ੬ ਵਿਚ ਹਿੰਦੂਆਂ ਦੀ ਫਿਰਕੂ ਜ਼ਹਿਨੀਅਤ ਸਿਖਾਂ ਦੀ ਮਰਯਾਦਾ ਜੀਵਨ ਤੋਂ ਨਫਰਤ ਕਰਨ ਬਾਰੇ ਲਿਖਿਆ ਹੈ, ਇਹ ਰਪੋਟ ਨੈਸ਼ਨਲ ਪੁਰਾਤਤਵ ਵਿਚ ਪਈ ਹੋਈ ਹੈ।

੧੫ ਦਸੰਬਰ ੧੯੧੧--ਵੈਨਕੋਵਰ ਵਿਖੇ ਯੂਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੁਸਾਇਟੀ ਕਾਇਮ ਹੋਈ।

੨੫ ਦਸੰਬਰ ੧੯੧੧--ਮਹਾਰਾਜਾ ਹੀਰਾ ਸਿੰਘ ਨਾਭਾ ਅਕਾਲ ਚਲਾਣਾ ਕਰ ਗਏ, ਮਹਾਰਾਜਾ ਰਿਪੁਦਮਨ ਸਿੰਘ ਗਦੀ ਤੇ ਬੈਠ ਗਏ।

੧੯੧੧--ਅੰਗਰੇਜ਼, ਰਾਜਧਾਨੀ ਕਲਕਤਾ ਤੋਂ ਦਿਲੀ ਬਣਾਉਣ ਲਗੇ ਕਿ ਪੰਜਾਬ ਨੂੰ ਕਾਬੂ ਰਖਿਆ ਜਾ ਸਕੇ। ਅੰ ਮ੍ਰਿਤਸਰ ਦਾ ਡੀ: ਸੀ. ਜੇ. ਐਡੀਸ਼ਨ ਸੀ।

੬-੮ ਅਪ੍ਰੈਲ ੧੯੧੨--ਪੰਜਵੀਂ ਸਿਖ. ਐਜੂਕੇਸ਼ਨਲ ਕਾਨਫਰੰਸ ਸਿਆਲ ਕੋਟ ਹੋਈ।

੧੯੧੨—ਬੰਗਾਲ, ਬਿਹਾਰ, ਉੜੀਸਾ, ਆਸਾਮ ਵਖ ਵਖ ਸੂਬੇ ਬਣਾ ਦਿਤੇ। ਵਿਧਵਾ ਆਸ਼ਰਮ ਬਣਾਇਆ ਗਿਆ।

੧੯੧੨—ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜੁਆਲਾ ਸਿੰਘ, ਬਾਬਾ ਵਿਸਾਖਾ ਸਿੰਘ ਵਲੋਂ ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਕਾਇਮ ਕੀਤੀ ਗਈ।

੨੩ ਦਸੰਬਰ ੧੯੧੨-ਨਵੀਂ ਦਿਲੀ ਵਿਖੇ ਵਾਇਸਰਾਏ ਦਾ ਬੰਗਲਾ, ਪਿੰਡ ਰਾਇਸੀਨਾ ਵਿਖੇ ਬਣਾਉਣ ਵਾਸਤੇ ਸੜਕ ਸਿਧੀ ਕਰਨ ਲਈ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹੁਣ ਦੀ ਸਕੀਮ ਬਣਾਈ

ਗਈ। ਲਾਰਡ ਹਾਰਡਿੰਗ ਦੇ ਸ਼ਾਹੀ ਜਲੂਸ ਉਪਰ ਬਸੰਤ ਕੁਮਾਰ ਬਿਸਵਾਸ ਵਲੋਂ ਬੰਬ ਸੁਟਿਆ ਗਿਆ, ਹਾਥੀ ਦਾ ਮੁਹਾਵਤ ਮਰ ਗਿਆ।

੧੯੧੩-ਅੰਗਰੇਜ਼ ਹਾਕਮਾਂ ਵਲੋਂ ਕਿਰਪਾਨ ਰੱਖਣ ਤੇ ਪਾਬੰਦੀ ਲਗਾ ਦਿਤੀ, ਮੋਰਚਾ ਲਗਾਇਆ ਗਿਆ ਸੱਚ ਖੰਡ ਤਖਤ ਹਜ਼ੂਰ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਕਿ ਕਿਰਪਾਨ ਇਕ ਫੁਟ ਦੀ ਰਖੀ ਜਾਵੇ।

ਮਾਰਚ ੧੯੧੩-ਬਾਬਾ ਗੁਰਦਿਤ ਸਿੰਘ ਜੀ ਨੇ ਗਦਰ ਪਾਰਟੀ ਕਾਇਮ ਕੀਤੀ, ਬਾਬਾ ਈਸ਼ਰ ਸਿੰਘ ਮਰਹਾਣਾ ਭਾਈ ਪਰਮਾਨੰਦ, ਸ: ਕਰਤਾਰ ਸਿੰਘ ਸਰਾਭਾ।

੨੧-੨੩ ਮਾਰਚ ੧੯੧੩- ਛੇਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਅੰਬਾਲਾ ਵਿਖੇ ਹੋਈ।

ਮਈ ੧੯੧੩-ਬ ਬਾ ਸੋਹਣ ਸਿੰਘ ਭਕਨਾ ਬਾਬਾ ਜਵਾਲਾ ਸਿੰਘ, ਸੰਤੋਖ ਸਿੰਘ, ਕੇਸਰ ਸਿੰਘ, ਵਸਾਖਾ ਸਿੰਘ ਦਦੇਹਰ ਲਾਲਾ ਹਰਦਿਆਲਾ ਗਦਰੀ ਬਾਬਿਆਂ ਵਲੋਂ ਸਾਨ ਫਰਾਂਸਿਸਕੋ ਵਿਖੇ ਇੰਡੀਅਨ ਵਰਕਰ ਆਫ ਪੋਸੇਫਿਕ ਕੋਸਟ ਐਸੋਸ਼ੀਏਸ਼ਨ ਕਾਇਮ ਕਰਕੇ ੧ ਨਵੰਬਰ ੧੯੧੩ ਗਦਰ ਅਖਬਾਰ ਸ਼ੁਰੂ ਕੀਤਾ ਗਿਆ।

ਅੰਗਰੇਜ਼ ਹਾਕਮਾਂ ਨੇ ਪੰਜਾਬ ਤੋਂ ਸਿਖਾਂ ਉਪਰ ਬਦੇਸ਼ ਜਾਣ ਤੇ ਪਾਬੰਦੀ ਲਗਾ ਦਿਤੀ ਗਈ। ੩੧ ਦਸੰਬਰ, ੧੯੧੩ ਸੈਕਰਾ ਮੈਂਟੋ ਵਿਖੇ ਕਾਨਫਰੰਸ ਕੀਤੀ।

੧੪ ਜਨਵਰੀ ੧੯੧੪ ਦਿਲੀ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਤੋੜੀ ਗਈ, ਤੇ ਮੋਰਚਾ ਲਗਾਇਆ ਗਿਆ।

੧੬ ਮਾਰਚ ੧੯੧੪-ਸਾਰੇ ਧਰਮਾਂ ਦੇ ਪ੍ਰਬੰਧ ਸੁਧਾਰ ਵਾਸਤੇ ਪ੍ਰਤਿਨਿਧਾਂ ਦੀ ਕਾਨਫਰੰਸ ਸਰਕਾਰ ਵਲੋਂ ਦਿਲੀ ਵਿਖੇ ਹੋਈ ਸਰ ਰੈਗੁਨਾਲਡ ਪ੍ਰਧਾਨ ਸਨ, ੨੭ ਪ੍ਰਤਿਨਿਧ ਸਨ, ਇਨ੍ਹਾਂ ਵਿਚ ਇਕ ਸਿਖ ਮੈਂਬਰ ਸ਼ਾਮਲ ਹੋਇਆ।

੩੦ ਮਾਰਚ ੧੯੧੪—ਕਾਮਾ ਗਾਟਾ ਮਾਰੂ, ਗੁਰੂ ਨਾਨਕ ਜਹਾਜ਼ ਹਾਂਗ ਕਾਂਗ ਤੋਂ ਵੈਨਕੋਵਰ ਕੈਨੇਡਾ ਵਲ ੩ ਅਪ੍ਰੈਲ ੧੯੧੪ ਨੂੰ ਰਵਾਨਾ ਹੋਇਆ। ੨੨ ਮਈ ੧੯੧੪ ਨੂੰ ਵੈਨਕੋਵਰ ਪਹੁੰਚਿਆ, ਪਰ ੨੨ ਜੁਲਾਈ ੧੯੧੪ ਨੂੰ ਵਾਪਸ ਹਾਂਗ ਕਾਂਗ ਹੁਗਲੀ, ਕਲਕਤਾ ਬਜਬਜ ਘਾਟ ਪਹੁੰਚਿਆ। ੨੯ ਸਤੰਬਰ ੧੯੧੪ ਨੂੰ ਕਾਫੀ ਸਿੰਘਾਂ ਨੂੰ ਸ਼ਹੀਦ ਕਰ ਦਿਤਾ ਗਿਆ ਬਾਕੀ ਗਿਰਫਤਾਰ ਕਰ ਲਏ ਗਏ। ਪੁਲਸ ਕਪਤਾਨ ਹੋਪ ਕਿਨਸਨ

ਸੀ। ਗਿਆਨੀ ਮੇਵਾ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਵੈਨਕੋਵਰ ਨੇ ਇਸ ਦੁਸ਼ਟ ਪੁਲਸ ਕਪਤਾਨ ਵਿਲੀਅਮ ਹੋਪਕਿਨਸਨ ਨੂੰ ਕਤਲ ਕਰ ਦਿਤਾ ਅਤੇ ਗਿਆਨੀ ਮੇਵਾ ਸਿੰਘ ਨੂੰ ੧੧ ਜਨਵਰੀ ੧੯੧੫ ਨੂੰ ਫਾਂਸੀ ਲਗਾ ਕੇ ਸ਼ਹੀਦ ਕਰ ਦਿਤਾ ਗਿਆ, ਕੈਨੇਡਾ ਵਿਖੇ ਇਨ੍ਹਾਂ ਦਾ ਸ਼ਹੀਦੀ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ।

੧੯੧੪—ਤਖਤ ਸ੍ਰੀ ਪਟਨਾ ਸਾਹਿਬ ਮਹੰਤ ਸ: ਮੁਕੰਦ ਸਿੰਘ ਬਣ ਗਏ।

੧੯੧੪-ਸਿੰਘ ਸਭਾ ਲਹਿਰ ਵਲੋਂ ਇਸਤਰੀਆਂ ਨੂੰ ਵੀ ਮਰਦਾਂ ਦੇ ਨਾਲ ਬਰਾਬਰ,ਖੰਡੇ ਦਾ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਗਿਆ।

੧੧-੧੩ ਅਪ੍ਰੈਲ ੧੯੧੪--ਸਤਵੀਂ ਸਿਖ ਐਜ ਕਾਨਫਰੰਸ ਜਲੰਧਰ ਹੋਈ, ਦੁਆਦਾ ਖਾਲਸਾ ਸਕੂਲ ਖੋਲ੍ਹਿਆ ਗਿਆ।

੩ ਮਈ ੧੯੧੪—ਸ੍ਰੀ ਅਕਾਲ ਤਖਤ ਵਿਖੇ ਸਿੰਘਾਂ ਦੀ ਭਾਰੀ ਇਕਤਰਤਾ ਹੋਈ ਗੁਰਦੁਆਰਾ ਰਕਾਬ ਗੰਜ ਦਿਲੀ ਦੀ ਦੀਵਾਰ ਢਾਹੁਣ ਵਿਰੁਧ ਮੋਰਚਾ ਲਗਾਉਣਾ ਸ਼ੁਰੂ ਹੋਇਆ। ਖਾਲਸਾ ਦੀਵਾਨ ਹਾਂਗ ਕਾਂਗ ਵਲੋਂ ਵਾਇਸ ਰਾਏ ਨੂੰ ਰੋਸ ਭੇਜਿਆ ਗਿਆ, ਇਹ ਦੀਵਾਰ ੨੮ ਅਪ੍ਰੈਲ ੧੯੨੩ ਨੂੰ ਉਸੇ ਤਰ੍ਹਾਂ ਬਣਾ ਦਿਤੀ ਗਈ।

੨੫ ਜੂਨ ੧੯੧੪—ਕਿਰਪਾਨ ਰਖਣ ਬਾਰੇ ਐਜੀਟੇਸ਼ਨ, ਅੰਮ੍ਰਿਤਸਰ ਹੋਈ, ਸਰਕਾਰ ਵਲੋਂ ਖੁਲ ਦਿਤੀ ਗਈ। ਧਰਮੀ ਫੌਜੀ ਸਿੰਘਾਂ ਉਪਰ ਕੋਰਟ ਮਾਰਸ਼ਲ ਹੋਏ।

੧੯੧੪—ਸੰਤ ਅਤਰ ਸਿੰਘ ਜੀ ਮਸਤੂਆਣਾ ਨੇ ਬਨਾਰਸ ਜਾ ਕੇ ਉਥੇ ਹਿੰਦੂ ਯੂਨੀਵਰਸਿਟੀ ਦੀ ਨੀਂਹ ਰਖੇ ਜਾਣ ਵਾਸਤੇ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ੍ਰੀ ਅਖੰਡ ਪਾਠ ਪ੍ਰਵਾਹ, ਇਲਾਹੀ ਸ਼ਬਦ ਕੀਰਤਨ, ਕਰਵਾ ਕੇ, ਅਕਾਲ ਪੁਰਖ ਅਗੇ ਵਿਦਿਆ ਵੀਚਾਰੀ-ਪਰਉਪਕਾਰੀ ਲਈ ਅਰਦਾਸ ਕਰਕੇ, ਨੀਂਹ ਰਖੀ, ਆਪ ਦੇ ਨਾਲ ਸ: ਕੁਪਿੰਦਰ ਸਿੰਘ ਪਟਿਆਲਾ, ਸ: ਰਿਪਦੁਮਨ ਸਿੰਘ ਨਾਭਾ, ਮ: ਗੰਗਾ ਸਿੰਘ ਬੀਕਾਨੇਰ ਸ਼ਾਮਲ ਹੋਏ, ਉਸ ਮੌਕੇ ਤੇ ਪੰਡਤ ਮਦਨ ਮੋਹਨ ਜੀ ਮਾਲਵੀਆ ਅਜਿਹੇ ਇਲਾਹੀ ਪਿਆਰ ਵਾਲੇ ਮਾਹੌਲ ਸਮੇਂ ਹਿੰਦੂ ਵੀਰਾਂ ਨੂੰ ਅਪੀਲ ਕੀਤੀ, ਕਿ ਹਰ ਹਿੰਦੂ ਪਰਵਾਰ ਵਿਚ ਇਕ ਸਿਖ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ, ਪਰ ਦੁਖ ਹੈ ਕਿ ਫਿਰਕੂ ਗਾਂਧੀ ਅਤੇ ਪੰਡਤ ਨਹਿਰੂ ਅਤੇ ਉਨ੍ਹਾਂ ਦੇ ਪਰਵਾਰ ਸਿੰਘਾਂ ਨੂੰ ਨਫਰਤ ਹੀ ਕਰਦੇ ਰਹੇ।

੧੯੧੪—ਅਫ਼ਗਾਨਿਸਤਾਨ ਦਾ ਬਾਦਸ਼ਾਹ ਅਮੀਰ ਹਬੀਬੁਲਾ ਖਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਲਾਹੀ ਸ਼ਬਦ ਕੀਰਤਨ ਸੁਣ ਕੇ ਬੜਾ ਪ੍ਰਭਾਵਤ ਹੋਇਆ।

੧੯੧੪—ਵਾਇਸਰਾਏ ਲਾਰਡ ਹਾਰਡਿੰਗ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਆਇਆ, ਭਾਰੀ ਸਜਾਵਟਾਂ, ਰੌਣਕਾਂ ਸਾਰੇ ਨਗਰ ਵਿਚ ਹੋਈਆਂ।

੪ ਅਗਸਤ ੧੯੧੪—ਅੰਗਰੇਜ਼ ਜਰਮਨ, ਪਹਿਲਾ ਸੰਸਾਰ ਯੁਧ ਸ਼ੁਰੂ ਹੋ ਗਿਆ।

੧੪ ਅਗਸਤ ੧੯੧੪—ਦੁਸ਼ਟ ਮਿ: ਕ੍ਰਿੰਗ ਡੀ. ਸੀ. ਨੇ ਸਰੋਵਰ ਵਾਲੀ ਹੰਸਲੀ ਬੰਦ ਕਰਵਾ ਦਿਤੀ, ਤਾਂ ਮੋਰਚਾ ਲਗਾ ਅਤੇ ਟਿਊਬ ਵੈਲ ਲਗਵਾ ਦਿਤੇ ਗਏ ਬਾਅਦ ਵਿਚ ਹੰਸਲੀ ਚਾਲੂ ਕੀਤੀ ਗਈ।

੨੬ ਸਤੰਬਰ ੧੯੧੪—ਪੰਜਾਬ ਦੇ ਧਰਮੀ ਫੌਜੀ ਸਿੰਘਾਂ ਦੀਆਂ ਰਜਮੈਂਟਾਂ ਨੇ ਯੁਧ ਸਮੇਂ ਮਾਰਸੇਲਜ਼ (ਫਰਾਂਸ) ਦੀ ਧਰਤੀ ਤੇ ਫਤਹਿ ਦੇ ਜੈਕਾਰੇ ਗੁੰਜਾਏ, ਪਿਕਨਪਿਨ ਵਿਖੇ ਮੋਰਚੇ ਸੰਭਾਲੇ. ਸਰਦੀ, ਚਿਕੜ ਵਿਚ ਵੀ ਗੁਰੂ ਦਾ ਸਿਮਰਨ ਕਰਦੇ ਡਟੇ ਰਹੇ।

੨੯ ਸਤੰਬਰ ੧੯੧੪—ਕਲਕਤਾ ਬਜ ਬਜ ਘਾਟ ਦਾ ਦੁਖਾਂਤ ਹੋਇਆ।

੨੮ ਅਕਤੂਬਰ ੧੯੧੪—ਜਰਮਨ ਦੀਆਂ ਫੌਜਾਂ ਵਲੋਂ ਜ਼ਹਿਰੀਲੀ ਗੈਸ ਦੀ ਵਰਤੋਂ ਕੀਤੀ ਗਈ ਪਰ ਸੂਰਬੀਰ ਸਿੰਘ ਗੁਰੂ ਦਾ ਭਾਣਾ ਮੰਨ ਕੇ ਜੂਝਦੇ ਰਹੇ, ਕੈਪਟਨ ਈਸ਼ਰ ਸਿੰਘ ਨੂੰ ਵਿਕਟੋਰੀਆ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

੧੫ ਨਵੰਬਰ ੧੯੧੪—ਸ. ਕਰਤਾਰ ਸਿੰਘ ਸਰਾਭਾ, ਸ. ਜਵੰਦ ਸਿੰਘ, ਸੰਤ ਰਣਧੀਰ ਸਿੰਘ, ਡਾ. ਮਥਰਾ ਸਿੰਘ ਵਲੋਂ ਇਨਕਲਾਬੀ ਤਬਾਹੀ ਕਰਨ ਦਾ ਪ੍ਰੋਗਰਾਮ ਸੀ, ੬੩ ਸਿੰਘਾਂ ਨੂੰ ਬਗਾਵਤ ਵਿਚ ਗ੍ਰਿਫਤਾਰ ਕਰਕੇ. ਸ. ਕਰਤਾਰ ਸਿਘ ਸਰਾਭਾ, ਡਾ. ਮਥਰਾ ਸਿੰਘ ਅਤੇ ਸ. ਜਵੰਦ ਸਿੰਘ ਜੀ ੬ ਸਿੰਘਾਂ ਨੂੰ ਫਾਸੀ ਲਗਾ ਕੇ ਸ਼ਹੀਦ ਕਰਨ ਦਾ ਫੈਸਲਾ ਦਿਤਾ ਗਿਆ, ਦੁਸ਼ਟ ਲਾਰਡ ਹਾਰਡਿੰਗ ਵਾਇਸਰਾਏ ਸੀ, ਹੈਰਾਨੀ ਹੈ ਕਿ ਮਹਾਤਮਾ ਗਾਂਧੀ, ਸਰੋਜਨੀ ਨੈਡੂ ਅਤੇ ਕਸਤੂਰਬਾ ਗਾਂਧੀ ਲੰਡਨ ਹੀ ਰਹਿੰਦੇ ਸਨ, ਅਤੇ ੧੯੧੪ ਤੋਂ ੧੯੧੮ ਤਕ ਉਥੇ ਰਹਿ ਕੇ ਅੰਗਰੇਜ਼ ਹਾਕਮਾਂ ਦਾ ਪੂਰਾ ਸਾਥ ਦੇ ਕੇ ਖੁਸ਼ਾਮਦਾਂ ਕਰਦੇ ਰਹੇ, ਇਨ੍ਹਾਂ ਫਿਰਕੂ ਲੀਡਰਾਂ ਨੇ ਸੂਰਬੀਰ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਕੋਈ ਦੁਖ,

ਰੋਸ ਕਾਰਵਾਈ ਨਹੀਂ ਕੀਤੀ, ਉਲਟਾ ਸਿੰਘਾਂ ਦੀ ਪਿਠ ਵਿਚ ਛੁਰਾ ਘੋਪਦੇ ਰਹੇ।

ਦਸੰਬਰ ੧੯੧੪—ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ, ਮਦਰਾਸ ਵਿਖੇ ਹੋਇਆ ਗੋਪਾਲ ਕ੍ਰਿਸ਼ਨ ਗੋਖਲੇ ਪ੍ਰਧਾਨ, ਲਾਜਪਤ ਰਾਏ, ਲੋਕ ਮਾਨਯ ਤਿਲਕ, ਬਿਪਨ ਪਾਲ ਵਲੋਂ ਪੰਡਾਲ ਵਿਚ ਅੰਗਰੇਜ਼ ਹਾਕਮਾਂ ਦੀਆਂ ਤਸਵੀਰਾਂ ਦੀ ਸਜਾਵਟ ਕਰਕੇ, ਉਨ੍ਹਾਂ ਦੀ ਖੁਸ਼ਾਮਦ ਵਿਚ ਭਾਸ਼ਨ ਦਿਤੇ ਸਨ।

੧੯੧੪—ਗਦਰੀ ਬਾਬਿਆਂ ਵਲੋਂ ਅੰਮ੍ਰਿਤਸਰ ਅਤੇ ਲਾਹੌਰ ਵਿਖੇ ਬੰਬ ਫੈਕਟਰੀਆਂ ਬਣਾ ਕੇ ਫੌਜੀਆਂ ਨਾਲ ਸੰਪਰਕ ਕਾਇਮ ਕੀਤੇ ਜਾਣ ਲਗੇ।

੧੯੧੪—ਖਾਲਸਾ ਕਾਲਜ ਦਾ ਪ੍ਰਿੰਸੀਪਲ ਮਿਸਟਰ ਆਰ. ਜੀ. ਰਾਈਟ ਸੀ ਇਹ ਸਿਖ ਅਮਲੇ ਅਤੇ ਵਿਦਿਆਰਥੀਆਂ ਨਾਲ ਦੁਰ-ਵਿਹਾਰ ਕਰਦਾ ਸੀ।

੧੯੧੪—ਚੀਫ ਖਾਲਸਾ ਦੀਵਾਨ ਵਲੋਂ ਸਿਖ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ ਕਰਕੇ ਲਾਗੂ ਕੀਤਾ ਗਿਆ, ਅਤੇ ਗੁਰਮਤਿ ਪ੍ਰਕਾਸ਼ (ਸੰਸਕਾਰ) ਵਿਚ ੧੯੧੫ ਨੂੰ ਸਿਖਾਂ ਦੀ ਜਾਣਕਾਰੀ ਵਾਸਤੇ ਪ੍ਰਕਾਸ਼ਤ ਕੀਤਾ ਗਿਆ।

੧੦ ਫਰਵਰੀ ੧੯੧੫–ਸ: ਚਰਨ ਸਿੰਘ ਵਲੋਂ ਆਪਣੇ ਅਖਬਾਰ 'ਸ਼ਹੀਦ' ਵਿਚ ਇਕ ਲੇਖ ਦਯਾ ਨੰਦ, ਸਤਿਆਰਥ ਪ੍ਰਕਾਸ਼ ਯੁਜਰ ਵੇਦ ਅਤੇ ਸੰਸਕਾਰ ਵਿਧੀ ਛਾਪਿਆ ਗਿਆ ਤਾਂ ਹਤਕ ਇਜ਼ਤ ਕਾਰਵਾਈ ਸ਼ੇਖ ਨਜਮਉ-ਦੀਨ ਮੈਜਿਸਟਰੇਟ ਦੀ ਅਦਾਲਤ ਵਿਚ ਹੋਈ ਸੀ। ਨਗਰ ਪਾਲਕਾ ਵਲੋਂ ਭਾਈ ਸੰਤ ਸਿੰਘ ਨੇ ਬਿਆਨ ਦਿਤੇ ਕਿ ਕੋਈ ਹਤਕ ਨਹੀਂ ਹੋਈ।

੧੯੧੫–ਬਿਜਲੀ ਸਪਲਾਈ ਪਲਾਂਟ ਲਗਾਇਆ ਗਿਆ, ਪਰ ਸ੍ਰੀ ਹਰਿਮੰਦਰ ਸਾਹਿਬ ਦੇ ਪੂਜਾਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਬਿਜਲੀ-ਰੌਸ਼ਨੀ ਦਾ ਵਿਰੋਧ ਕੀਤਾ।

੨੧ ਫਰਵਰੀ ੧੯੧੫–ਸੂਰਬੀਰ ਸਿੰਘਾਂ ਵਲੋਂ ਇਨਕਲਾਬੀ ਕਾਰਵਾਈ ਦਾ ਪ੍ਰੋਗਰਾਮ ਬਣਾਇਆ ਗਿਆ, ਸ: ਅਜੀਤ ਸਿੰਘ ਸ: ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਧ, ਸਰਗਰਮ ਸਨ, ਮੀਆਂ ਮੀਰ ਛਾਉਣੀ ਵਿਖੇ ਬਗਾਵਤ ਕਰਨੀ ਸੀ।

੩੧ ਮਾਰਚ ੧੯੧੫–ਕੁੰਭ ਦਾ ਮੇਲਾ ਹਰਦੁਆਰ ਲਗਾ ਉਥੇ ਗੰਦਗੀ ਕਾਰਨ ਹੈਜ਼ੇ ਦੀ ਬੀਮਾਰੀ ਫੈਲ ਗਈ, ਉਥੋਂ ਲੋਕ ਆਪਣੇ ਨਾਲ ਬੀਮਾਰੀ ਲੈ ਆਏ।

੧੬ ਅਪ੍ਰੈਲ ੧੯੧੫ ਤਕ ਕੁੰਭ ਦਾ ਮੇਲਾ ਬੀਮਾਰੀ ਰਹੀ, ਸ: ਦਿਆਲ ਸਿੰਘ ਮਜੀਠੀਆ ਦੀ ਪਤਨੀ ਰਾਣੀ ਭਗਵਾਨ ਕੌਰ ਹੈਜ਼ੇ ਨਾਲ ਅਕਾਲ ਚਲਾਣਾ ਕਰ ਗਈ।

੮ ਮਈ ੧੯੧੫–ਸ੍ਰੀ ਅਮੀਰ ਚੰਦ ਮਾਸਟਰ ਅਵਧ ਬਿਹਾਰੀ ਬਸੰਤ ਕੁਮਾਰ ਵਿਸ਼ਵਾਸ਼ ਨੂੰ ਦਿਲੀ ਵਿਖੇ ੨੩ ਦਸਬਰ, ੧੯੧੨ ਨੂੰ ਬੰਬ ਸੁਟਣ ਦੇ ਦੋਸ਼ ਵਿਚ ਫਾਂਸੀ ਲਗਾਇਆ ਗਿਆ।

੬ ਮਈ ੧੯੧੫–ਭਾਈ ਰਣਧੀਰ ਸਿੰਘ ਜੀ ਅਤੇ ਸਾਥੀਆ ਨੂੰ ਗਿਰਫਤਾਰ ਕੀਤਾ ਗਿਆ।

੮ ਜੂਨ ੧੯੧੫–ਰਾਸ ਬਿਹਾਰੀ ਬੋਸ ਨੂੰ ਪੁਲਸ ਵਲੋਂ ੭੫੦੦/- ਰੁਪਏ ਇਨਾਮ ਦਿਤਾ ਗਿਆ ਸੀ।

,, ੧੯੧੫–ਅੰਗਰੇਜ਼ ਹਾਕਮਾਂ ਨੇ ਸੰਸਾਰ ਯਧ ਲਈ ਫਤਹਿ ਪ੍ਰਾਪਤ ਕਰਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਲ ਵਿਖੇ ਸ੍ਰੀ ਅਖੰਡ ਪਾਠਾਂ ਦਾ ਸਿਲਸਿਲਾ ਪ੍ਰਵਾਹ ਜਾਰੀ ਕਰਵਾ ਕੇ ਅਰਦਾਸਾਂ ਕਰਵਾਉਣੀਆਂ ਸ਼ੁਰੂ ਕਰਵਾ ਦਿਤੀਆਂ। ਅੰਮ੍ਰਿਤਸਰ ਦੇ ਸਾਰੇ ਸੰਤ, ਮਹੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਾਠ ਕਰਨ ਲਗੇ।

੧੯੧੫–ਭਾਈ ਪਰਮਾਨੰਦ (ਭਾਈ ਮਤੀਦਾਸ ਸ਼ਹੀਦ ੧੬੭੫ ਦੀ ਅੰਸ ਵਿਚੋਂ) ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜੋ ਅਪੀਲ ਕਰਨ ਤੇ ਉਮਰ ਕੈਦ ਵਿਚ ਤਬਦੀਲ ਹੋ ਗਈ।

੧੫ ਜੂਨ ੧੯੧੫ ਲਾ: ਲਾਜਪਤ ਰਾਏ ਨੇ ਪੁਸਤਕ ਆਰਯਾ ਸਮਾਜ ਛਾਪ ਕੇ ਪ੍ਰਚਾਰ ਕੀਤਾ।

੧੬ ਨਵੰਬਰ ੧੯੧੫--ਸੱਤ ਗਦਰੀ ਬਾਬੇ ਜਗਤ ਸਿੰਘ, ਸੁਰ ਸਿੰਘ ਵਾਲਾ, ਹਰਨਾਮ ਸਿੰਘ, ਸੁਰੈਣ ਸਿੰਘ, ਸੁਰੈਣ ਸਿੰਘ ਗਿਲਵਾਲੀ, ਵਿਸ਼ਨੂੰ ਗਨੇਸ਼ ਪਿੰਗਲੇ ਅਤੇ ਟੁੰਡੀਲਾਟ।

ਸ: ਕਰਤਾਰ ਸਿੰਘ ਸਰਾਭਾ ਨੂੰ ਫ਼ਾਂਸੀ ਲਗਾ ਕੇ ਸ਼ਹੀਦ ਕੀਤਾ ਗਿਆ। ਅਜ ਸਾਰਾ ਸੰਸਾਰ ਇਨ੍ਹਾਂ ਦੇਸ਼ ਭਗਤਾਂ ਦੀਆਂ ਯਾਦਾਂ ਮਨਾਉਂਦਾ ਹੈ। ਸ: ਕਰਤਾਰ ਸਿੰਘ ਸ਼ਗਾਭਾ ਦੇ ਬੋਲ : "ਸਿੰਘ ਸੂਰਾ ਲੜੇ ਜੋ ਮੈਦਾਨ

ਗਜ ਕੇ; ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।"

੧੯੧੫-ਚੀਫ਼ ਖਾਲਸਾ ਦੀਵਾਨ ਵਲੋਂ ਦੁਸ਼ਟ ਅੰਗਰੇਜ਼ ਹਾਕਮਾਂ ਦੀਆਂ ਮਨੁਖ-ਹੀਣਤਾ ਕਾਰਵਾਈਆਂ ਵਿਰੁਧ ਇਕ ਟਰੈਕਟ ਛਾਪ ਕੇ ਪ੍ਰਚਾਰ ਕੀਤਾ ਗਿਆ, ਲਾਲਚੀ ਮਹੰਤਾਂ ਪੁਜਾਰੀਆਂ ਵਿਰੁਧ ਮੁਕਦਮੇ ਕਾਰਵਾਈਆਂ ਸ਼ੁਰੂ ਕੀਤੀਆਂ ਗਈਆਂ।

੧੯੧੫-ਇੰਡੀਅਨ ਚੈਂਬਰ ਆਫ ਕਾਂਮਰਸ ਦਾ ਦਫਤਰ ਕਾਇਮ ਹੋਇਆ।

੧੯੧੫--ਪੰਡਤ ਜਵਾਹਰ ਲਾਲ ਨਹਿਰੂ ਦੀ ਭੈਣ ਵਿਜੇ ਲਕਸ਼ਮੀ ਪੰਡਤ ਅਲਾਹਬਾਦ ਵਿਖੇ ਇਕ ਮੁਸਲਮਾਨ ਨਾਲ ਨਿਕਾਹ ਕਰਨ ਵਾਸਤੇ ਤਿਆਰ ਹੋ ਗਈ, ਤਾਂ ਮਃ ਗਾਂਧੀ ਨੇ ਇਸ ਜ਼ੁਲਮ ਕਰਕੇ ਮਰਨ ਵਰਤ ਰਖਣ ਦੀ ਧਮਕੀ ਮੋਤੀ ਲਾਲ ਨਹਿਰੂ ਨੂੰ ਦਿਤੀ, ਲੋਕ ਮਾਨਯ ਤਿਲਕ. ਲਾਜਪਤਰਾਏ ਵਲੋਂ ਭਾਰੀ ਰੋਸ ਕੀਤਾ ਗਿਆ,ਮੁਸਲਮਾਨ ਇਨ੍ਹਾਂ ਦੀ ਸੌੜੀ ਫਿਰਕੂ ਜ਼ਹਿਨੀਅਤ ਕਰਕੇ ਇਨ੍ਹਾਂ ਨੂੰ ਨਫਰਤ ਕਰਨ ਲਗ ਪਏ।

ਮੁਹੰਮਦ ਅਲੀ ਜਿਨਾਹ ਦੀ ਮਾਤਾ ਇਕ ਹਿੰਦੂ ਭਾਟੀਆ ਪਰਵਾਰ ਵਿਚੋਂ ਸੀ, ਜਿਨਾਹ ਸ਼ਰਾਬ ਬਹੁਤ ਪੀਂਦਾ ਹੁੰਦਾ ਸੀ, ਇਸ ਨੇ ਇਕ ਪਾਰਸੀ ਲੜਕੀ ਨਾਲ ਸ਼ਾਦੀ ਕਰਵਾਈ, ਸੋ ਬਹੁਤ ਦੇਰ ਇੰਗਲੈਂਡ ਰਿਹਾ, ਇਹ ਭਾਰਤ ਦੇ ਕਿਸੇ ਧਰਮ ਵਿਚ ਵਿਸ਼ਵਾਸ਼ ਨਹੀਂ ਰਖਦਾ ਸੀ. ਆਪਣੇ ਆਪ ਨੂੰ ਨੈਸ਼ਨਲਿਸਟ ਕਿਹਾ ਕਰਦਾ ਸੀ।

੧੫-੧੭ ਅਕਤੂਬਰ ੧੯੧੫--ਅਠਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਫੀਰੋਜ਼ਪੁਰ ਹੋਈ ਪ੍ਰਧਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਸਨ।

੧੯੧੬--ਲਖਨਊ ਵਿਖੇ ਮੁਸਲਿਮ ਲੀਗ ਅਤੇ ਕਾਂਗਰਸ ਵਿਚਕਾਰ ਚੋਣਾਂ ਸਬੰਧੀ ਹਿੰਦੂ-ਮੁਸਲਮਾਨ ਪੈਕਟ ਹੋਇਆ, ਪਰ ਸਿਖਾਂ ਨੂੰ ਅਖੋਂ ਉਹਲੇ ਰਖਿਆ ਗਿਆ, ਸਿੰਘਾਂ ਨੂੰ ਤਾਂ ਕੁਰਬਾਨੀ, ਸ਼ਹੀਦੀ ਦਿਤੇ ਜਾਣ ਵਾਸਤੇ ਬਲੀ ਦੇ ਬਕਰੇ ਹੀ ਸਮਝਿਆ ਜਾਂਦਾ; ਹਿੰਦੂ ਬੰਦੇ ਮਾਤਰਮ ਦਾ ਨਾਹਰਾ ਲਗਾਇਆ ਕਰਦੇ, ਸਵਰਾਜ ਦੀ ਬਜਾਏ ਮਃ ਗਾਂਧੀ ਹਮੇਸ਼ਾ ਰਾਮ ਰਾਜ ਦੀ ਗਲ ਕਰਦਾ, ਸੀਆ ਪਤੀ ਰਾਮ ਦੀ ਜੈ ਬੋਲਦਾ ਸੀ, ਮੁਸਲਮਾਨ ਇਸ ਗਾਂਧੀ ਫਿਰਕੂ ਨੂੰ ਨਫਰਤ ਕਰਦੇ :

"ਮੇਰੇ ਮੌਲਾ ਬੁਲਾ ਲੋ ਮਦੀਨੇ ਮੁਝੇ,
ਯਹਾਂ ਹਿੰਦ ਮੇ ਦੇਂਗੇ ਨ ਜੀਨਹਿ ਮੁਝੇ"

੩੦ ਮਾਰਚ ੧੯੧੬--ਡਾ: ਗੁਰਮੁਖ ਸਿੰਘ, ਬਾਬਾ ਵਿਸਾਖਾ ਸਿੰਘ ਅਤੇ ਭਾਈ ਰਣਧੀਰ ਸਿੰਘ ਜੀ ਨੂੰ ਦੂਜਾ ਲਾਹੌਰ ਸਾਜ਼ਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਅਤੇ ੬ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਕੈਦੀ ਸਿੰਘਾਂ ਨੂੰ ਟੋਪੀ ਪਾਉਣ ਲਈ ਦਿਤੀ ਗਈ। ਭਾਈ ਸੇਵਾ ਸਿੰਘ ਵਲੋਂ ਕਿਰਪਾਨ ਰਖਣ ਦੀ ਆਜ਼ਾਦੀ ਵਾਸਤੇ ਵੀਕਲੀ ਅਖਬਾਰ 'ਕਿਰਪਾਨ ਬਹਾਦਰ' ਸ਼ੁਰੂ ਕੀਤਾ ਗਿਆ।

੨੧-੨੩ ਅਪ੍ਰੈਲ ੧੯੧੬--ਨੌਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਤਰਨ ਤਾਰਨ ਹੋਈ, ਬਾਬਾ ਖੜਕ ਸਿੰਘ ਜੀ ਪ੍ਰਧਾਨ ਸਨ, ਮਹਾਰਾਜਾ ਜੰਮੂ ਕਸ਼ਮੀਰ ਨੂੰ ਕਿਹਾ ਗਿਆ ਕਿ ਉਥੋਂ ਦੇ ਸਕੂਲਾਂ ਵਿਚ ਸਿਖ ਟੀਚਰ ਰਖੇ ਜਾਣ।

੧੯ ਮਈ ੧੯੧੭--ਸਰਕਾਰ ਵਲੋਂ ਕਿਰਪਾਨ ਪਹਿਨਣ ਦੀ ਆਜ਼ਾਦੀ ਮਿਲ ਗਈ।

੧੮ ਜੂਨ ੧੯੧੬--ਸ. ਉਤਮ ਸਿੰਘ ਹਾਂਸ, ਈਸ਼ਰ ਸਿੰਘ ਢੁਡੀਕੇ, ਰੂੜ ਸਿੰਘ ਤਲਵੰਡੀ ਬੀਰ ਸਿੰਘ ਬਾਹੋਵਾਲ, ਗੰਗਾ ਸਿੰਘ ਖੁਰਦਪੁਰ ਗਦਰੀ ਬਾਬਿਆਂ ਨੂੰ ਫਾਂਸੀ ਦਿਤੀ ਗਈ।

੧੭ ਜੁਲਾਈ ੧੯੧੭--ਛੇ ਸੂਰਬੀਰ ਸਿੰਘਾਂ ਨੂੰ ਦੂਜਾ ਲਾਹੌਰ ਸਾਜ਼ਸ਼ ਕੇਸ ਵਿਚ ਫਾਂਸੀ ਲਗਾ ਕੇ ਸ਼ਹੀਦ ਕੀਤਾ ਗਿਆ।

੧੯੧੭--ਮਲਕ ਹਰਦਿਤ ਸਿੰਘ ਜੀ, ਪਹਿਲੇ ਸੰਸਾਰ ਯੁਧ ਸਮੇਂ ਹਵਾਈ ਸੈਨਾ ਵਿਚ ਫਾਈਟਰ-ਪਾਇਲਟ ਸਨ, ਸ. ਸੁਰਜੀਤ ਸਿੰਘ ਮਜੀਠੀਆ ਸ. ਦਲੀਪ ਸਿੰਘ ਮਜੀਠੀਆ ਆਪ ਦੇ ਨਾਲ ਹਵਾਈ ਸੈਨਾ ਵਿਚ ਸੂਰਬੀਰਤਾ ਵਿਖਾਉਂਦੇ ਰਹੇ, ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ ਕਰਦੇ।

"ਤੂੰ ਮੇਰਾ ਰਾਖਾ ਸਭਨੀ ਥਾਈਂ"

੧੯੧੭--ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂ ਵਾਲਾ, ਕਾਇਮ ਕੀਤਾ ਗਿਆ।

੬-੮ ਅਪ੍ਰੈਲ ੧੯੧੭--ਦਸਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਹੋਈ, ਸ: ਹਰਬੰਸ ਸਿੰਘ ਜੀ ਅਟਾਰੀ ਪ੍ਰਧਾਨ ਸਨ।

੨੫ ਅਕਤੂਬਰ ੧੯੧੭--ਰੂਸ ਵਿਚ ਬਾਲਸ਼ਵਿਕ ਇਨਕਲਾਬ ਹੋਇਆ ਸੀ ਬਾਦਸ਼ਾਹ ਜ਼ਾਰ ਦੌੜ ਗਿਆ ਇਨਕਲਾਬੀ ਲੋਕਾਂ ਨੇ ਸਰਕਾਰ ਬਣਾ ਲਈ। ਫਰਾਂਸ ਅਤੇ ਅਮਰੀਕਾ ਵਿਚ ੧੮ਵੀਂ ਸਦੀ ਵਿਚ ਇਨਕਲਾਬ ਹੋਏ ਸਨ।

੧੯੧੭--ਜ਼ਿਲਾ ਝੰਗ ਦੇ ਨਗਰ ਅਹਿਮਦਪੁਰ, ਅਤੇ ਮੁਲਤਾਨ ਦੇ ਜਸੋ ਕਰਵੀਂ ਵਿਚ ਮੁਸਲਮਾਨਾਂ ਨੇ ਹਿੰਦੂ ਪਰਵਾਰਾਂ ਤੇ ਜ਼ੁਲਮ ਕਰਕੇ ਲੁਟਮਾਰ ਕੀਤੀ, ਤਾਂ ਪਿੰਡ ਨੰਦਪੁਰ ਦੇ ਸੂਰਬੀਰ ਸਿੰਘਾਂ ਨੇ ਹਿੰਦੂ ਪਰਵਾਰਾਂ ਦੀ ਸਹਾਇਤਾ ਕੀਤੀ ਸੀ, ਪੰਡਤ ਮਦਨ ਮੋਹਨ ਮਾਲਵੀਆ ਨੇ ਉਥੇ ਪਹੁੰਚ ਕੇ ਸਿੰਘਾਂ ਦੀ ਪ੍ਰਸੰਸਾ ਕੀਤੀ ਸੀ।

੧੯ ਨਵੰਬਰ ੧੯੧੭--ਗੰਗੂ ਪੰਡਤ ਜਵਾਹਰ ਲਾਲ ਦੇ ਘਰ, ਇੰਦਰਾ ਗਾਂਧੀ ਦਾ ਜਨਮ ਅਲਾਹਬਾਦ ਵਿਖੇ ਹੋਇਆ।

੧੯੧੮—੧੧ਵੀਂ ਸਿਖ ਐਜੂਕੇਸ਼ਨ ਕਾਨਫਰੰਸ ਗੁਜਰਾਂਵਾਲਾ ਹੋਈ।

੪ ਫਰਵਰੀ ੧੯੧੮—ਨਗਰ ਪਾਲਕਾ ਵਲੋਂ ਇਕ ਮਤਾ ਪਾਸ ਕੀਤਾ ਗਿਆ, ਕਿ ਸੰਤੋਖਸਰ ਨੂੰ ਮਿਟੀ ਦੇ ਮਲ੍ਹਬੇ ਨਾਲ ਪੂਰ ਦਿਤਾ ਜਾਵੇ;ਸਿੱਖ ਸੰਗਤਾਂ ਵਲੋਂ ਰੋਸ ਕੀਤਾ ਗਿਆ ਅਤੇ ਸਰੋਵਰ ਦੀ ਕਾਰ ਸੇਵਾ ਸਫਾਈ ਕਰਵਾਈ ਗਈ।

੧੯੧੮-**Montagu-Chelmsford** ਰਪੋਟ ਵਿਚ ਸੂਰਬੀਰ ਸਿੰਘ ਧਰਮੀ ਫੌਜੀਆਂ ਦੀ ਬਹੁਤ ਪ੍ਰਸੰਸਾ ਕੀਤੀ ਗਈ। ੮੦ ਹਜ਼ਾਰ ਸੂਰਬੀਰ ਸਿੰਘ ਜੰਗ ਦੇ ਮੈਦਾਨ ਵਿਚ ਸੁਆਸ ਸੁਆਸ ਸਿਮਰਨ ਕਰਦੇ ਰਹੇ ਫਤਹਿ ਹੋਣੀ ਯਕੀਨੀ ਸੀ ਸਿੱਖਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦਾ ਯਕੀਨ ਦਿਵਾਇਆ ਗਿਆ।

੧੯੧੮-ਗਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਨੇ ਮਿੰਟਗੁਮਰੀ ਜੇਲ੍ਹ ਵਿਚ ਟੋਪੀ ਪਹਿਨਣ ਤੋਂ ਇਨਕਾਰ ਕੀਤਾ ਤੇ ਰੋਸ ਕੀਤਾ।

੧੯੧੮-ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਜਾਰੀ ਪ੍ਰਤਾਪ ਸਿੰਘ ਵਲੋਂ ਅਨੰਦ-ਮੈਰਿਜ ਐਕਟ ੧੯੦੯ ਦਾ ਵਿਰੋਧ ਕੀਤਾ ਗਿਆ, ਅਤੇ ਸਿਖਾਂ ਦੇ ਵਿਆਹ ਨੂੰ ਨਾਜਾਇਜ਼ ਕਹਿਣ ਲਗਾ, ਇਹ ਗੁਰਅਸਥਾਨਾਂ ਨੂੰ ਆਪਣੀ ਜਾਤੀ ਮਾਲਕੀ ਸਮਝ ਕੇ ਹੰਕਾਰ ਕਰਦਾ ਸੀ, ਇਸ ਨੇ ਬੁੰਗੇ ਕਿਰਾਏ ਤੇ ਚੜ੍ਹਾ ਦਿਤੇ, ਪਰਕਰਮਾ ਵਿਚ ਦੁਕਾਨਾਂ ਬਾਜ਼ਾਰ ਬਣਾ ਦਿਤਾ ਸੀ। ਸਿੱਖ ਸੰਗਤਾਂ ਨੇ ਇਸ ਹੰਕਾਰੀ ਪੁਜਾਰੀ ਵਿਰੁਧ ਰੋਸ ਕੀਤਾ ਅਤੇ ਹਟਾ ਦਿਤਾ।

੧੯੧੮-ਖਾਲਸਾ ਕਾਲਜ ਦੇ ਪ੍ਰਿੰਸੀਪਲ ਮਿਸਟਰ ਆਰ. ਜੀ. ਰਾਈਟ ਦਾ ਵਤੀਰਾ ਸਿਖਾਂ ਵਿਰੁਧ ਇਤਰਾਜ਼-ਯੋਗ ਸੀ, ਵਿਦਿਆਰਥੀਆਂ ਨੇ ਉਸ ਹੰਕਾਰੀ ਪ੍ਰਿੰਸੀਪਲ ਨੂੰ ਕਤਲ ਕਰਨ ਲਈ ਹਮਲਾ ਕੀਤਾ ਤਾਂ ਉਹ

ਹਨ੍ਹੇਰੇ ਵਿਚ ਬੱਚ ਗਿਆ ਪਰ ਉਸ ਦੀ ਬਜਾਏ ਹੋਰ ਪ੍ਰੋਫੈਸਰ ਡਨੀਕਲਿਫ਼ ਜ਼ਖਮੀ ਹੋ ਗਿਆ, ਪਰ ਪ੍ਰਿੰਸੀਪਲ ਨੌਕਰੀ ਛਡ ਕੇ ਇੰਗਲੈਂਡ ਚਲਾ ਗਿਆ, ਉਸ ਦੀ ਥਾਂ ਪ੍ਰਿੰਸੀਪਲ ਮਿਸਟਰ ਜੀ. ਏ. ਵਾਥਨ ਲਗ ਗਿਆ ਜੋ ਬਹੁਤ ਚੰਗਾ ਸੀ।

੧੯੧੮--ਸਿਖ ਸੰਗਤਾਂ ਨੇ ਪੁਜਾਰੀ ਪ੍ਰਤਾਪ ਸਿੰਘ ਨੂੰ ਹਟਾ ਕੇ, ਗੁਰੂ ਦੇ ਲੰਗਰ ਦੀ ਮਰਯਾਦਾ ਦਾ ਸੁਧਾਰ ਕੀਤਾ। ਇਸਤਰੀਆਂ ਦੇ ਇਸ਼ਨਾਨ ਕਰਨ ਵਾਸਤੇ ਪੌਣਾ ਬਣਵਾਇਆ। ਯਾਤਰੂਆਂ ਦੇ ਜੋੜੇ ਰਖਣ ਸਾਮਾਨ ਰਖਣ, ਆਦਿ ਦੇ ਪ੍ਰਬੰਧ ਕੀਤੇ।

੬ ਅਕਤੂਬਰ ੧੯੧੮—ਪਹਿਲੇ ਸੰਸਾਰ ਯਧ ਸਮੇਂ ਫਰਾਂਸ ਨੇ ਬੈਰੂਤ ਉਪਰ ਕਬਜ਼ਾ ਕਰ ਲਿਆ। ਸੂਰਬੀਰ ਸਿੰਘਾਂ ਦੀਆਂ ਕੁਰਬਾਨੀਆਂ ਅਰਦਾਸਾਂ, ਫਤਹਿ ਦੇ ਜੈਕਾਰਿਆਂ ਨਾਲ, ਜੰਗ ਫਤਹਿ ਹੋ ਗਈ, ਤਾਂ ਈਸਾ ਦੇ ਦੁਸ਼ਟ ਹਾਕਮਾਂ ਨੇ ਆਜ਼ਾਦੀ ਦੇਣ ਦੀ ਬਜਾਏ ਸਿਡਨੀ ਰੋਲਟ ਵਲੋਂ ਇਨਕਲਾਬੀਆਂ ਨੂੰ ਕੁਚਲਣ ਵਾਸਤੇ ਅਨਾਰਕੀਕਲ ਐਂਡ ਰੋਵੋਲਿਊਸ਼ਨਰੀ ਕਰਾਇਮਜ਼ ਐਕਟ ਕਾਲਾ ਕਾਨੂੰਨ ਰੋਲਟ ਐਕਟ ਲਾਗੂ ਕਰਕੇ ਹੋਰ ਜ਼ੁਲਮ ਕਰਨੇ ਸ਼ੁਰੂ ਕਰ ਦਿਤੇ।

੧੯੧੯--ਸ੍ਰੀ ਲੋਕ ਮਾਨਯ ਤਿਲਕ ਅਤੇ ਗੁਪਾਲ ਕ੍ਰਿਸ਼ਨ ਗੋਖਲੇ ਮਰ ਗਏ।

ਫਰਵਰੀ ੧੯੧੯--ਸਿਖਾਂ ਨੇ ਪਹਿਲੀ ਸੰਸਾਰ ਜੰਗ ਫਤਹਿ ਕਰਵਾਈ ਤਾਂ ਦੁਸ਼ਟ ਹਾਕਮਾਂ ਵਲੋਂ ਆਜ਼ਾਦੀ ਦੇਣ ਦੀ ਬਜਾਏ ਰੋਲਟ ਐਕਟ ਲਾਗੂ ਕਰ ਦਿਤਾ।

ਮਾਰਚ ੧੯੧੯--ਅੰਗਰੇਜ਼ ਹਾਕਮ ਪੰਜਾਬ ਦੇ ਸੂਰਬੀਰ ਸਿੰਘਾਂ, ਬੰਗਾਲੀਆਂ ਤੋਂ ਡਰਦੇ ਸਨ, ਸੋ ਮਾਰਚ ੧੯੧੯ ਨੂੰ ਡੀਫੈਂਸ ਆਫ ਇੰਡੀਆਂ ਐਕਟ, ਆਰਮਜ਼ ਐਕਟ ੧੯੧੯ ਲਾਗੂ ਕਰਕੇ ਗ੍ਰਿਫਤਾਰੀਆਂ ਸਜ਼ਾਵਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਲੋਕਾਂ ਵਲੋਂ ਇਨ੍ਹਾਂ ਕਾਲੇ ਕਾਨੂੰਨਾਂ ਅਤੇ ਜ਼ੁਲਮ ਵਿਰੁਧ ਰੋਸ ਮੁਜ਼ਾਹਰੇ ਹੜਤਾਲਾਂ ਸ਼ਾਂਤਮਈ ਜਲੂਸ ਨਿਕਲਣੇ ਸ਼ੁਰੂ ਹੋ ਗਏ।

੩੦ ਮਾਰਚ ੧੯੧੯—ਅੰਮ੍ਰਿਤਸਰ ਵਿਖੇ ਰੋਸ ਵਜੋਂ ਭਾਰੀ ਜਲੂਸ ਨਿਕਲਿਆ ਕਿ "ਰੋਲਟ ਬਿਲ ਵਾਪਸ ਲਓ" ਭਾਰੀ ਹੜਤਾਲ ਹੋਈ।

੫ ਅਪ੍ਰੈਲ ੧੯੧੯--ਡਾ. ਸੈਫੁਲਦੀਨ ਕਿਚਲੂ, ਡਾ, ਸਤਪਾਲ. ਅਤੇ ਪੰਡਤ ਕੋਟੂਮਲ ਉਪਰ ਸਖਤ ਪਹਿਰਾ, ਪਾਬੰਦੀ ਲਗਾ ਦਿਤੀ ਗਈ।

੬ ਅਪ੍ਰੈਲ ੧੯੧੯—ਰੌਲਟ ਐਕਟ ਵਿਰੁਧ ਭਾਰੀ ਰੋਸ ਮੁਜ਼ਾਹਰਾ ਹੋਇਆ ਨੌ-ਜਵਾਨ ਉਧਮ ਸਿੰਘ ਨੇ ਜੋਸ਼-ਭਰੀ ਤਕਰੀਰ ਕੀਤੀ।

੮ ਅਪਰੈਲ ੧੯੧੯—ਮਾਈਕਲ ਇਰਵਨ ਨੇ ਅੰਮ੍ਰਿਤਸਰ ਦੇ ਲੋਕਾਂ ਨੂੰ ਕੁਚਲਣ ਵਾਸਤੇ ਲਾਹੌਰ ਤੋਂ ਫ਼ੌਜ, ਬਾਰੂਦ, ਅਸਲ੍ਹਾ ਮੰਗਵਾਇਆ।

੯ ਅਪਰੈਲ ੧੯੧੯—ਸਰਕਾਰ ਵਲੋਂ ਦੋਹਾਂ ਡਾਕਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਲੋਕਾਂ ਨੇ ਰੋਸ ਵਜੋਂ ਬਰਤਾਨਵੀ ਬੈਂਕਾਂ ਦੇ ਦੋ ਮੈਨੇਜਰਾਂ ਨੂੰ ਕਤਲ ਕਰ ਦਿੱਤਾ। ਰਾਮਨੌਮੀ ਦਾ ਭਾਰੀ ਮੇਲਾ ਜੋਸ਼ ਵਿਚ ਸੀ।

੧੦ ਅਪਪੈਲ ੧੯੧੯—ਬਰਗੇਡੀਅਰ ਜਨਰਲ ਐਡਵਰਡ ਹੈਰੀ ਡਾਇਰ ਨੇ ਅੰਮ੍ਰਿਤਸਰ ਸ਼ਹਿਰ ਤੇ ਫ਼ੌਜੀ ਘੇਰਾ ਪਾ ਲਿਆ।

੧੦ ਅਪਰੈਲ ੧੯੧੯—ਲੋਕਾਂ ਦਾ ਭਾਰੀ ਰੋਸ ਜਲੂਸ ਡੀ. ਸੀ. ਦੀ ਕੋਠੀ ਵਲ ਜਾ ਰਿਹਾ ਸੀ, ਹਾਲ ਗੇਟ ਤੋਂ ਬਾਹਰ ਉਚੇ ਪੁਲ ਕੋਲ ਦੁਸ਼ਟ ਪੁਲਸ ਅਤੇ ਫੌਜ ਵਲੋਂ ਗੋਲੀ ਚਲਾ ਕੇ ੨੦ ਬੰਦੇ ਸ਼ਹੀਦ ਕਰ ਦਿਤੇ ਤਾਂ ਭੜਕੀ ਭੀੜ ਨੇ ੫ ਅੰਗਰੇਜ਼ ਕਤਲ ਕਰ ਦਿਤੇ। ਏਲਾਇੰਸ ਬੈਂਕ ਦੇ ਸ੍ਰੀ ਜੀ. ਥੈਮਸਨ ਨੂੰ ਕਤਲ ਕਰ ਦਿੱਤਾ। ਨੈਸ਼ਨਲ ਬੈਂਕ ਆਫ ਇੰਡੀਆ ਨੂੰ ਅੱਗ ਲਗਾ ਦਿੱਤੀ। ਰਿਲੀਜੀਅਸ ਬੁਕ ਸੁਸਾਇਟੀ ਦੇ ਸਿਮਟਰ ਸਟੀਵਰਟ ਅਤੇ ਸਕਾਟ ਨੂੰ ਕਤਲ ਕਰ ਦਿੱਤਾ। ਇਕ ਅੰਗਰੇਜ਼ ਰੇਲਵੇ ਗਾਰਡ ਨੂੰ ਕਤਲ ਕਰ ਦਿੱਤਾ। ਗਿਰਜਾ ਘਰ ਨੂੰ ਸਾੜ ਦਿੱਤਾ।

੧੧ ਅਪਰੈਲ ੧੯੧੯—ਸਾਰੇ ਪੰਜਾਬ ਵਿਚ ਹੜਤਾਲ ਰੋਸ ਮੁਜ਼ਾਹਰੇ ਹੋਏ।

੧੨ ਅਪਰੈਲ ੧੯੧੯ — ਸ: ਗੱਜਣ ਸਿੰਘ ਅਤੇ ਸ: ਸਰਦੂਲ ਸਿੰਘ ਕਵੀਸ਼ਰ ਸੈਂਟਰਲ ਸਿੱਖ ਲੀਗ ਵਲੋਂ ਭਾਰੀ ਕਾਨਫਰੰਸ ਹੋਈ। ਵਿਸਾਖੀ ਦੇ ਮੌਕੇ ਤੇ ਹਜ਼ਾਰਾਂ ਯਾਤਰੂ ਸ੍ਰੀ ਹਰਿਮੰਦਰ ਸਾਹਿਬ ਵਲ ਪਹੁੰਚੇ।

੧੩ ਅਪਰੈਲ ੧੯੧੯ (ਐਤਵਾਰ)—ਵਿਸਾਖੀ ਕਰਕੇ ਲੋਕ ਭਾਰੀ ਗਿਣਤੀ ਵਿਚ ਮਾਰਸ਼ਲ-ਲਾਅ ਦੀ ਪਰਵਾਹ ਨਾ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਆਉਣ ਲੱਗੇ। ਸ਼ਾਂਤਮਈ ਮੁਜ਼ਾਹਰਾ ਵੀ ਕੀਤਾ। ੨੦ ਹਜ਼ਾਰ ਦਾ ਇਕੱਠ ਸੀ। ਪੰਜਾਬ ਦਾ ਦੁਸ਼ਟ ਗਵਰਨਰ ਸਰ ਮਾਈਕਲ ਓਡਵਾਇਰ ਸੀ। ਲਾਰਡ ਜੀਟੋਲੈਂਡ ਅਤੇ ਜਨਰਲ ਡਾਇਰ ਨੇ ਮਸ਼ੀਨ-ਗੰਨਾਂ ਨਾਲ ਅੰਨ੍ਹੇਵਾਹ ਗੋਲੀ ਚਲਾ ਕੇ ੧੩੦੦ ਤੋਂ ਵਧ ਨਿਰਦੋਸ਼ ਸ਼ਾਂਤਮਈ ਲੋਕਾਂ ਦੇ ਕਤਲ ਕੀਤੇ। ਅੰਮ੍ਰਿਤਸਰ ਨਗਰ ਨੂੰ ਬੰਬਾਂ ਨਾਲ ਨਸ਼ਟ ਕਰਨ ਦੀ ਸਕੀਮ ਬਣਾਈ ਗਈ, ਪਰ ਪ੍ਰਿੰਸੀਪਲ ਖਾਲਸਾ ਕਾਲਜ

ਮਿਃ ਜੀ. ਏ. ਵਾਥਨ ਨੇ ਅਜੇਹੀ ਬਰਬਾਦੀ ਕਰਨ ਵਿਰੁਧ ਵਾਰਨਿੰਗ ਦੇ ਕੇ ਰੋਕ ਦਿੱਤਾ। ਮਾਰਸ਼ਲ-ਲਾਅ ਦੀ ਹਾਲਤ ਅਤੇ ਰਾਤ ਦੇ ਹਨੇਰੇ ਵਿਚ ਜ਼ਖਮੀ ਲੋਕਾਂ ਦੀ ਹਾਲਤ ਤਰਸ ਯੋਗ ਸੀ। ਨੌਜਵਾਨ ਉਧਮ ਸਿੰਘ ਨੇ ਜ਼ਖਮੀ ਲੋਕਾਂ ਦੀ ਸੇਵਾ ਕੀਤੀ ਅਤੇ ਦੁਸ਼ਟ ਓਡਵਾਇਰ ਨੂੰ ਕਤਲ ਕਰਨ ਦਾ ਪ੍ਰਣ ਕਰ ਲਿਆ। ਚਰਚ ਹਿਲ ਵਲੋਂ ਜਲ੍ਹਿਆਂ-ਵਾਲਾ ਦਖਾਂਤ ਬਾਰੇ ਅਫਸੋਸ ਪਰਗਟ ਕੀਤਾ ਗਿਆ, ਪਰ ਜਨਰਲ ਬੇਨੌਨ ਨੇ ਜਨਰਲ ਡਾਇਰ ਦੀ ਬਹਾਦਰੀ ਦੀ ਪਰਸੰਸਾ ਕੀਤੀ। ਹਰ ਸਾਲ ਸਰਕਾਰੀ ਤੌਰ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਗੋਲੀਆਂ ਦੇ ਨਿਸ਼ਾਨ ਸੁਰਖਿਅਤ ਰੱਖੇ ਗਏ ਹਨ।

੧੫ ਅਪਰੈਲ ੧੯੧੯ — ਜਲ੍ਹਿਆਂ ਵਾਲਾ ਦੁਖਾਂਤ ਸਬੰਧੀ ਗੁਜਰਾਂਵਾਲਾ ਵਿਖੇ ਭਾਰੀ ਰੋਸ ਜਲੂਸ ਉਪਰ ਹਵਾਈ ਜਹਾਜ਼ ਰਾਹੀਂ ਬੰਬ ਸੁਟ ਕੇ ਜ਼ੁਲਮ ਕੀਤਾ ਗਿਆ।

ਅਪਰੈਲ ੧੯੧੯—ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਵਲੋਂ ਜਨਰਲ ਡਾਇਰ ਨੂੰ ਸਰੋਪਾ ਦਿੱਤਾ ਗਿਆ। ਸੰਗਤਾਂ ਵਲੋਂ ਅਰੂੜ ਸਿੰਘ ਸਰਬਰਾਹ ਵਿਰੁਧ ਰੋਸ ਕੀਤਾ ਗਿਆ।

੧੯ ਮਈ ੧੯੧੯—ਕਿਰਪਾਨ ਤੋਂ ਪਾਬੰਦੀ ਖ਼ਤਮ ਕਰ ਦਿੱਤੀ ਗਈ।

੩੦ ਮਈ ੧੯੧੯ — ਦੁਸ਼ਟ ਮਾਈਕਲ ਓਡਵਾਇਰ ਵਾਪਸ ਲੰਡਨ ਚਲਾ ਗਿਆ।

੯ ਜੂਨ ੧੯੧੯ ਤਕ ਪੰਜਾਬ ਵਿਚ ਮਾਰਸ਼ਲ-ਲਾਅ ਲਾਗੂ ਰਿਹਾ।

੨੯ ਅਗਸਤ ੧੯੧੯—ਅਰੂੜ ਸਿੰਘ ਸਰਬਰਾਹ ਨੂੰ ਸਰਕਾਰ ਵਲੋਂ 'ਸਰ' ਦਾ ਖਿਤਾਬ ਦਿੱਤਾ ਗਿਆ। ਸੰਗਤਾਂ ਵਲੋਂ ਭਾਰੀ ਰੋਸ ਮੁਜ਼ਾਹਰਾ ਕਰਨ ਤੇ ਅਰੂੜ ਸਿੰਘ ਨੇ ਮਾਫੀ ਮੰਗੀ।

੨੯ ਅਕਤੂਬਰ ੧੯੧੯—ਜਲ੍ਹਿਆਂ ਵਾਲਾ ਦੁਖਾਂਤ ਸਬੰਧੀ ਪੜਤਾਲ ਲਾਰਡ ਹੰਟਰ ਵਲੋਂ ਕੀਤੀ ਗਈ ਸੀ।

੧੯੧੯—ਸਿੱਖਾਂ ਨੂੰ ਪ੍ਰਤਿਨਿਧਤਾ ਦਿਤੇ ਜਾਣ ਵਾਸਤੇ **The Govt of India Act 1919** ਬਣਾਇਆ ਗਿਆ। ਪੰਜਾਬ ਵਿਧਾਨ ਕੌਂਸਲ ਵਿਚ ਸਿੱਖਾਂ ਲਈ ੧੦ ਸੀਟਾਂ ਰੱਖੀਆਂ ਗਈਆਂ।

ਦਸੰਬਰ ੧੯੧੯—ਕਾਂਗਰਸ ਦਾ ਸਾਲਾਨਾ ਇਜਲਾਸ ਹੋਇਆ। ਬਾਬਾ ਖੜਕ ਸਿੰਘ, ਸ: ਸਰਦੂਲ ਸਿੰਘ ਕਵੀਸ਼ਰ, ਮੋਤੀ ਲਾਲ ਨਹਿਰੂ, ਮਹਾਤਮਾ ਗਾਂਧੀ ਪਹੁੰਚੇ। ਪੂਰਨ ਆਜ਼ਾਦੀ ਲਈ ਨਾਹਰਾ ਲਗਾਉਣਾ ਸ਼ੁਰੂ

ਕੀਤਾ ਗਿਆ। ਬਾਬਾ ਖੜਕ ਸਿੰਘ ਵਲੋਂ ਕਾਲੀਆਂ ਦਸਤਾਰਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ।

ਸ੍ਰੀ ਸੁਭਾਸ਼ਚੰਦਰ ਬੋਸ, ਜਨਰਲ ਮੋਹਨ ਸਿੰਘ ਸਰਗਰਮ ਹੋਣ ਲੱਗੇ।

ਡਾਕਟਰ ਰਾਬਿੰਦਰ ਨਾਥ ਟੈਗੋਰ ਨੇ ਰੋਸ ਵਜੋਂ ਆਪਣਾ ਮਿਲਿਆ ਖਿਤਾਬ ਸਰਕਾਰ ਨੂੰ ਵਾਪਸ ਮੋੜ ਦਿੱਤਾ।

੧੯੧੯—ਸਕਾਰ ਨੇ ਇਕ ਕਾਨੂੰਨ ਅਨੁਸਾਰ ੧੨ ਸਾਲ ਤੋਂ ਕਾਬਜ਼ ਲੋਕਾਂ ਨੂੰ ਮਾਲਕ ਬਣਾ ਦਿੱਤਾ। ਲਾਲਚੀ ਮਹੰਤ ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੇਚ ਕੇ ਖੁਰਦ-ਬੁਰਦ ਕਰਨ ਲੱਗੇ, ਭੰਗ, ਚਰਸ ਨਸ਼ੇ ਸੇਵਨ ਕਰਨ ਤੇ ਕੁਕਰਮ ਕਰਨ ਲੱਗੇ। ਪਵਿੱਤਰ ਗੁਰ ਅਸਥਾਨਾਂ ਦਾ ਸੁਧਾਰ ਕਰਨਾ ਜ਼ਰੂਰੀ ਹੋ ਗਿਆ।

ਲਾਲਾ ਲਾਜਪਤ ਰਾਏ ਵਲੋਂ ਲੋਕਾਂ ਦੀ ਭਲਾਈ ਵਾਸਤੇ ਇਕ ਸੁਸਾਇਟੀ ਬਣਾਈ ਗਈ, ਬਦੇਸ਼ਾਂ ਵਿਚ ਜਾ ਕੇ ਪ੍ਰਚਾਰ ਕੀਤਾ ਅਤੇ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਅਤੇ ਜ਼ਖਮੀਆਂ ਦੇ ਪਰਿਵਾਰਾਂ ਦੀ ਸਹਾਇਤਾ ਵਾਸਤੇ ਲਖਾਂ ਰੁਪਏ ਫੰਡ ਇਕੱਠੇ ਕਰਕੇ ਲਾਹੌਰ ਆਰੀਆ ਸਮਾਜ ਰਾਹੀਂ ਸਿੱਖਾਂ ਦੇ ਉਲਟ ਪ੍ਰਚਾਰ ਕਰਨ ਵਾਸਤੇ ਦਇਆ ਨੰਦ ਦੀ ਪੁਸਤਕ ਸਤਿਆਰਥ ਪ੍ਰਕਾਸ਼ ਲਖਾਂ ਦੀ ਗਿਣਤੀ ਵਿਚ ਛਾਪ ਕੇ ਘਰ ਘਰ ਵੰਡੀ ਗਈ।

੨੪ ਅਪ੍ਰੈਲ ੧੯੨੦—ਚੀਫ ਖਾਲਸਾ ਦੀਵਾਨ ਦੀ ੧੨ਵੀਂ ਸਿਖ ਵਿਦਿਅਕ ਕਾਨਫਰੰਸ ਡਿੰਗਾ ਵਿਖੇ ਹੋਈ। ਸ੍ਰੀ ਦਰਬਾਰ ਸਾਹਿਬ ਅਤੇ ਖਾਲਸਾ ਕਾਲਜ ਦੇ ਪ੍ਰਬੰਧ ਸੰਭਾਲਣ ਲਈ ਫੈਸਲਾ ਕਰਕੇ ਕਾਰਵਾਈਆਂ ਸ਼ੁਰੂ ਕੀਤੀਆਂ ਜਾਣ ਲਗੀਆਂ।

੧੯੨੦—ਡਾਕਟਰ ਭਾਈ ਜੋਧ ਸਿੰਘ ਰੋਜ਼ਾਨਾ ਅਖਬਾਰ ਖਾਲਸਾ ਪੰਜਾਬੀ ਅਤੇ ਅੰਗਰੇਜ਼ੀ ਵੀਕਲੀ ਖਾਲਸਾ ਐਡਵੋਕੇਟ ਦੇ ਐਡੀਟਰ ਰਹੇ।

੧ ਜੂਨ ੧੯੨੦—ਸ: ਮੰਗਲ ਸਿੰਘ ਮਾਸਟਰ ਤਾਰਾ ਸਿੰਘ, ਮਾਸਟਰ ਸੁੰਦਰ ਸਿੰਘ ਗਿਆਨੀ ਹੀਰਾ ਸਿੰਘ ਦਰਦ, ਸ: ਸਰਦਲ ਸਿੰਘ ਕਵੀਸ਼ਰ ਵਲੋਂ ਅਖਬਾਰ 'ਅਕਾਲੀ' ਲਾਹੌਰ ਤੋਂ ਕਢਣਾ ਸ਼ੁਰੂ ਕੀਤਾ ਗਿਆ।

੧੯੨੦—ਭਾਈ ਮਤਾਬ ਸਿੰਘ ਵਲੋਂ ਬੀਰ ਖਾਲਸਾ ਬਰਾਦਰੀ ਕਾਰਜ ਸਾਧਕ ਦਲ ਕਾਇਮ ਕਰਕੇ ਪਛੜੀਆਂ ਜਾਤੀਆਂ ਦੇ ਲੋਕਾਂ ਨੂੰ ਅੰਮ੍ਰਿਤ ਛਕਾਉਣਾ ਗੁਰਮਤਿ ਪ੍ਰਚਾਰ ਕਰਨ ਦੀਆਂ ਕਾਰਵਾਈਆਂ ਹੋਣ ਲੱਗੀਆਂ।

੧੯੨੦–ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਵਲੋਂ ਸਤਿਗੁਰੂ ਨਾਨਕ ਦੇਵ ਜੀ ਦੇ ਨਗਰ ਕਰਤਾਰਪੁਰ ਵਿਖੇ ਰਾਵੀ ਦਰਿਆ ਦੇ ਹੜ੍ਹਾਂ ਤੋਂ ਬਚਾਉਣ ਵਾਸਤੇ ਪੱਕਾ ਬੰਨ੍ਹ ਉਸਾਰੇ ਜਾਣ ਦੀ ਕਾਰ ਸੇਵਾ ਕਰਵਾਈ ਗਈ।

★ ਅਗਸਤ ੧੯੨੦–ਸ੍ਰੀ ਲੋਕ ਮਾਨਯ ਤਿਲਕ ਦੀ ਮੌਤ ਹੋ ਗਈ, ਗਾਂਧੀ ਨੇਤਾ ਬਣ ਕੇ ਗੁਰੂ ਗੋਬਿੰਦ ਸਿੰਘ ਦੀ ਹਥਿਆਰਬੰਦ ਮਰਯਾਦਾ ਦਾ ਵਿਰੋਧ ਕਰਨ ਲਗਾ।

ਅਗਸਤ ੧੯੨੦–ਸਰਬਰਾਹ ਅਰੂੜ ਸਿੰਘ ਵਿਰੁਧ ਮੰਜੀ ਸਾਹਿਬ ਵਿਖੇ ਸ: ਅਮਰ ਸਿੰਘ ਅਤੇ ਸ: ਜਸਵੰਤ ਸਿੰਘ ਝਬਾਲ ਵਲੋਂ ਪੰਥਕ ਇਕੱਤਰਤਾ ਸੱਦੀ ਗਈ ਤਾਂ ਡੀ. ਸੀ. ਨੇ ਪਾਬੰਦੀ ਲਗਾ ਦਿਤੀ ਪਰ ਸਿੰਘਾਂ ਨੇ ਇਕੱਤਰਤਾ ਕਰਕੇ ਮਤੇ ਪਾਸ ਕਰ ਦਿਤੇ।

੨੯ ਅਗਸਤ ੧੯੨੦–ਅਰੂੜ ਸਿੰਘ ਸਰਬਰਾਹ ਅਸਤੀਫਾ ਦੇ ਕੇ ਗਿਆ ਉਸ ਦੀ ਥਾਂ ਸਰਕਾਰ ਵਲੋਂ ਸੁੰਦਰ ਸਿੰਘ ਰਾਮਗੜੀਆ ਨੂੰ ਸਰਬਰਾਹ ਲਗਾ ਦਿਤਾ।

ਸਤੰਬਰ ੧੯੨੦–ਮਹਾਤਮਾ ਗਾਂਧੀ ਨੇ ਸਿੱਖਾਂ ਦੀ ਚਲਾਈ ਨਾ-ਮਿਲਵਰਤਣ ਲਹਿਰ ਨੂੰ ਦੋਬਾਰਾ ਚਾਲੂ ਕੀਤਾ।

੫ ਅਕਤੂਬਰ ੧੯੨੦–ਗੁਰਦੁਆਰਾ ਬਾਬੇ ਦੀ ਬੇਰ, ਸਿਆਲ ਕੋਟ ਦਾ ਮਹੰਤ ਗੰਡਾ ਸਿਹੁੰ ਪਤਤ ਅਤੇ ਕੁਕਰਮੀ ਨੂੰ ਹਟਾ ਕੇ ਬਾਬਾ ਖੜਕ ਸਿੰਘ ਜੀ ਨੇ ਪ੍ਰਬੰਧ ਸੰਗਤ ਨੂੰ ਸੌਂਪ ਦਿਤੇ।

੧੯੨੦–ਭਾ: ਮੋਹਨ ਸਿੰਘ ਵੈਦ ਤਰਨਤਾਰਨ ਵਲੋਂ ਮਾਸਕ ਪੱਤ੍ਰ ਦੂਖ ਨਿਵਾਰਨ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ ਜੋ ਸਫਲਤਾ ਨਾਲ ਹੁਣ ਗਿਆਨੀ ਸੁਖਬੀਰ ਸਿੰਘ ਜੀ ਵੈਦ ਕਵੀਰਾਜ ਚਲਾ ਰਹੇ ਹਨ।

੧੨ ਅਕਤੂਬਰ ੧੯੨੦–ਸਿੱਖ ਲੀਗ ਵਲੋਂ ਨਾ-ਮਿਲਵਰਤਣ ਲਹਿਰ ਸ਼ੁਰੂ ਹੋਈ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਵਲੋਂ ਪਛੜੀਆਂ ਜਾਤੀਆਂ ਦੇ ਲੋਕਾਂ ਨੂੰ ਜਲ੍ਹਿਆਂ ਵਾਲਾ ਬਾਗ ਵਿਖੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਸਿੰਘ ਸਜ਼ਾਇਆ ਗਿਆ ਦੁਸ਼ਟ ਸਰਕਾਰ ਵਲੋਂ ਸਿੰਘਾਂ ਉਪਰ ਗੋਲੀ ਚਲਾਈ ਗਈ।

੧੩ ਅਕਤੂਬਰ ੧੯੨੦—ਸ੍ਰੀ ਅਕਾਲ ਤਖਤ ਦੇ ਜਾਡ ਅਭਿਮਾਨੀ ਪੂਜਾਰੀਆਂ

ਨੇ ਨਵੇਂ-ਸਜੇ ਸਿੰਘਾਂ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਪ੍ਰਵਾਨ ਕਰਨ ਤੋਂ ਇਨਕਾਰ ਕੀਤਾ, ਤਾਂ ਭਾਈ ਫਤਹਿ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸ਼ਬਦ ਰਾਗ ਸੋਰਠ ਮਃ ੩ ਪੰਨਾ ੬੩੮ ਪੜ੍ਹ ਕੇ ਸੁਣਾਇਆ :—

"ਨਿਗੁਣਿਆ ਨੋ ਆਪੇ ਬਖਸਿ ਲਏ ਭਾਈ
ਸਤਿਗੁਰ ਕੀ ਸੇਵਾ ਲਾਇ ॥"

ਕੜਾਹ ਪ੍ਰਸ਼ਾਦਿ ਦੀ ਦੇਗ ਪ੍ਰਵਾਨ ਕੀਤੀ ਗਈ, ਜ਼ਾਤ ਅਭਿਮਾਨੀ ਪੁਜਾਰੀ ਸ਼ਰਮਸਾਰ ਹੋ ਕੇ ਨੌਕਰੀ ਛਡ ਕੇ ਚਲੇ ਗਏ। ਸ: ਤੇਜਾ ਸਿਘ ਭੁਚਰ, ੧੭ ਮੈਂਬਰੀ ਕਮੇਟੀ ਨੇ ਪ੍ਰਬੰਧ ਸੰਭਾਲ ਲਏ।

੧੩ ਨਵੰਬਰ ੧੯੨੦–ਗੁਰਦੁਆਰਾ ਤਰਨ ਤਾਰਨ ਪ੍ਰਬੰਧ ਸੁਧਾਰ ਕਮੇਟੀ ਬਣਾਈ ਗਈ। ਸਰਕਾਰ ਵਲੋਂ ੩੬ ਮੈਂਬਰਾਂ ਦੀ ਕਮੇਟੀ ਬਣਾਈ ਗਈ ਸੀ, ਹਰਬੰਸ ਸਿੰਘ ਅਟਾਰੀ ਪ੍ਰਧਾਨ ਬਣ ਗਏ।

੧੫ ਨਵੰਬਰ ੧੯੨੦–ਖਾਲਸਾ ਕਾਲਜ ਅਤੇ ਦਰਬਾਰ ਦੇ ਪ੍ਰਬੰਧ, ਖਾਲਸਾ ਪੰਥ ਕਰਨ ਲਗਾ ਭਾਈ ਕਰਤਾਰ ਸਿੰਘ ਝਬਰ, ਜਥੇਦਾਰ ਤੇਜਾ ਸਿੰਘ ਭੁਚਰ ਸ੍ਰੀ ਅਕਾਲ ਤਖਤ ਵਲੋਂ ਪੰਥਕ ਇਕੱਤਰਤਾ ਹੋਈ।

੧੬ ਨਵੰਬਰ ੧੯੨੦–ਪ੍ਰਬੰਧ ਸੰਭਾਲਣ ਵਾਸਤੇ ੧੭੫ ਮੈਂਬਰਾਂ ਦੀ ਕਮੇਟੀ ਬਣਾਈ ਗਈ ਸ: ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਸ: ਹਰਬੰਸ ਸਿੰਘ ਅਟਾਰੀ ਵਾਈਸ ਪ੍ਰਧਾਨ ਅਤੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ।

੧੮ ਨਵੰਬਰ ੧੯੨੦–ਪੰਜਾ ਸਾਹਿਬ ਦਾ ਮਹੰਤ ਮਿਠਾ ਸਿੰਘ ਮਰ ਗਿਆ, ਤਾਂ ਪ੍ਰਬੰਧ ਪੰਥ ਨੇ ਸੰਭਾਲ ਕੇ ਸ: ਤਰਲੋਕ ਸਿੰਘ ਨੂੰ ਮੈਨੇਜਰ ਲਗਾ ਕੇ ਸੁਧਾਰ ਕੀਤੇ ਗਏ।

੧ ਦਸੰਬਰ ੧੯੨੦–ਸਰਕਾਰ ਵਲੋਂ ਦਿਲੀ ਗੁਰਦੁਆਰਾ ਰਕਾਬ ਗੰਜ ਵਾਲੀ ਦੀਵਾਰ ਬਣਵਾ ਦਿਤੀ।

੧੨ ਦਸੰਬਰ ੧੯੨੦–ਸ਼੍ਰੋ: ਗੁ: ਪ੍ਰ: ਕਮੇਟੀ ਦੀ ਪਹਿਲੀ ਮੀਟਿੰਗ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ।

੧੪ ਦਸੰਬਰ ੧੯੨੦–ਸ਼੍ਰੋ ਅਕਾਲੀ ਦਲ ਕਾਇਮ ਕੀਤਾ ਗਿਆ। ਬਲਵੰਤ ਸਿੰਘ ਪ੍ਰਧਾਨ ਸਕੱਤਰ ਤੇਜਾ ਸਿੰਘ ਭੁਚਰ ਬਣੇ, ਸੈਂਟਰਲ ਸਿਖ ਲੀਗ ਖਤਮ ਕਰ ਦਿਤੀ ਗਈ।

ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਵਿਚ ਬਰ੍ਹਮਾ, ਚੀਨ ਮਲਾਇਆ, ਅਮਰੀਕਾ, ਦੇ ਪ੍ਰਤਿਨਿਧ ਵੀ ਸ਼ਾਮਲ ਸਨ। ਸਾਰੇ ਮੈਂਬਰ ਸੇਵਾ ਸਿਮਰਨ, ਕੁਰਬਾਨੀ ਵਾਲੇ ਅੰਮ੍ਰਿਤਧਾਰੀ ਸਨ।

ਗੁਰਦੁਆਰਿਆਂ ਦੇ ਲਾਲਚੀ ਕੁਕਰਮੀ ਮਹੰਤ ਪੁਜਾਰੀਆਂ ਨੇ ਅਕ੍ਰਿਤਘਣ ਆਰਯਾਸਮਾਜੀਆਂ ਦੇ ਕਰਮ ਕਾਂਡ ਅਤੇ ਪਖੰਡ ਸ਼ੁਰੂ ਕਰ ਕੇ ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰਨੀ ਸ਼ੁਰੂ ਕਰ ਦਿਤੀ ਸੀ।

੧੯੨੦-ਨੌ-ਜਵਾਨ ਭਗਤ ਸਿੰਘ (ਸ਼ਹੀਦ) ਨੇ ਇਕ ਵੀਕਲੀ ਅਖਬਾਰ 'ਕਿਰਤੀ' ਅੰਮ੍ਰਿਤਸ਼ਰ ਤੋਂ ਸ਼ੁਰੂ ਕੀਤਾ।

੧੯੨੦-ਸਾਰੇ ਧਰਮਾਂ ਦੇ ਪ੍ਰਬੰਧ ਸੁਧਾਰ ਵਾਸਤੇ **The Charitable and Religious Trusts Act, 1920** ਬਣਾਇਆ ਗਿਆ।

ਜਨਵਰੀ ੧੯੨੧-ਅੰਗਰੇਜ਼ ਹਾਕਮ ਸੂਰਬੀਰ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸਨ, ਪਰ ਜਦੋਂ ਤੋਂ ਸਿਖ ਮ: ਗਾਂਧੀ ਅਤੇ ਲਾਲਾ ਲਾਜਪਤ ਰਾਏ ਵਲੋਂ ਚਲਾਈ ਨਾ-ਮਿਲਵਰਤਣ ਲਹਿਰ ਦਾ ਸਾਥ ਦੇਣ ਲਗ ਪਏ ਤਾਂ ਅੰਗਰੇਜ਼ ਹਾਕਮ ਸਿੰਘਾਂ ਨੂੰ ਦੁਸ਼ਮਨ ਸਮਝ ਕੇ, ਸਿਖ ਧਰਮ ਦੇ ਗੁਰਦੁਆਰਿਆਂ ਦੇ ਕੁਕਰਮੀ ਮਹੰਤਾਂ ਦੀ ਸਹਾਇਤਾ ਕਰਕੇ, ਨਿਰਦੋਸ਼ ਸਿੰਘਾਂ ਉਪਰ ਜ਼ੁਲਮ ਕਰਨ ਲਗੇ।

ਜਨਵਰੀ ੧੯੨੧-ਸੰਤ ਭਾਈ ਸ਼ਾਮ ਸਿੰਘ ਜੀ ਵਲੋਂ ਝੰਡੇ ਬੁੰਗੇ ਵਾਲੀ ਪੁਰਾਣੀ ਇਮਾਰਤ ਢਾਹ ਕੇ, ਖੁਲ੍ਹਾ ਮੈਦਾਨ (ਚੁਗਾਣ) ਬਣਾ ਦਿਤਾ। ਲੰਗਰ ਦੇ ਪ੍ਰਬੰਧ ਦਾ ਸੁਧਾਰ ਕੀਤਾ। ਇਕ ਹਸਪਤਾਲ ਵੀ ਸ਼ੁਰੂ ਕੀਤਾ।

੨੩ ਜਨਵਰੀ ੧੯੨੧-ਸ: ਸੁੰਦਰ ਸਿੰਘ ਮਜੀਠਾ ਪੰਜਾਬ ਦੇ ਵਜ਼ੀਰ ਬਣ ਗਏ ਸ਼੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ, ਤਾਂ ਸੁੰਦਰ ਸਿੰਘ ਰਾਮਗੜ੍ਹੀਆ ਪ੍ਰਧਾਨ ਬਣ ਗਏ।

੨੪ ਜਨਵਰੀ ੧੯੨੧-ਸ਼੍ਰੋਮਣੀ ਅਕਾਲੀ ਦਲ, ਸਰਗਰਮ ਹੋ ਕੇ ਕਾਰਜ਼ ਕਰਨ ਲਗਾ।

੨੬ ਜਨਵਰੀ ੧੯੨੧-ਤਰਨ ਤਾਰਨ ਦੇ ਮਹੰਤਾਂ ਪੁਜਾਰੀਆਂ ਨੂੰ ਹਟਾਉਣ ਸਮੇਂ ਕੁਝ ਸਿੰਘ ਸ਼ਹੀਦ ਹੋ ਗਏ, ੧੭ ਜ਼ਖਮੀ ਹੋ ਗਏ, ਪ੍ਰਬੰਧ ਸ: ਬਲਵੰਤ ਸਿੰਘ ਭਾਈ ਮੋਹਨ ਸਿੰਘ ਵੈਦ ਨੇ ਸੰਭਾਲ ਲਏ।

੫ ਫਰਵਰੀ ੧੯੨੧-ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਦਾ ਪ੍ਰਬੰਧ ਸੰਭਾਲਿਆ।

੨੦ ਫਰਵਰੀ ੧੯੨੧–ਗੁਰੂ ਹਰਿ ਰਾਇ ਸਾਹਿਬ ਦੇ ਪ੍ਰਕਾਸ਼ ਉਤਸ਼ਵ ਦਾ ਗੁਰਪੁਰਬ ਮਨਾਇਆ ਜਾ ਰਿਹਾ ਸੀ।

੨੦ ਫਰਵਰੀ ੧੯੨੧–ਨਨਕਾਣਾ ਸਾਹਿਬ ਵਿਖੇ ਭਾਰੀ ਦੁਖਾਂਤ ਹੋਇਆ ਸੈਂਕੜੇ ਸਿੰਘ ਸ਼ਹੀਦ ਹੋਏ। ਜਥੇਦਾਰ ਅਕਾਲ ਤਖ਼ਤ ਸਾਹਿਬ ਵਿਖੇ ਸ: ਸ਼ਰਨ ਸਿੰਘ ਨੇ ਦੁਖਾਂਤ ਬਾਰੇ ਸੰਗਤਾਂ ਨੂੰ ਦਸਿਆ।

੨੧ ਫਰਵਰੀ ੧੯੨੧–ਸਿੱਖ ਸੰਗਤਾਂ ਜਥੇ ਨਨਕਾਣਾ ਸਾਹਿਬ ਪਹੁੰਚਣ ਲਗੇ ਪਰ ਦੁਸ਼ਟ ਸਰਕਾਰ ਵਲੋਂ ਰੇਲਵੇ ਟਿਕਟਾਂ ਬੰਦ ਕਰ ਦਿਤੀਆਂ ਹੋਰ ਸਾਧਨਾ ਰਾਹੀਂ ਸਿੰਘ ਪਹੁੰਚ ਗਏ। ਲਾਹੌਰ ਸਟੇਸ਼ਨ ਤੋਂ ਜੋ ਸਿੱਖ ਗਡੀ ਤੇ ਚੜ੍ਹੇ ਉਸ ਗਡੀ ਨੂੰ ਨਨਕਾਣਾ ਸਾਹਿਬ ਨਹੀਂ ਰੋਕਿਆ ਗਿਆ, ਸਗੋਂ ਜੜ੍ਹਾਂ ਵਾਲਾ ਸਟੇਸ਼ਨ ਤੇ ਰੋਕਿਆ ਗਿਆ।

੨੩ ਫਰਵਰੀ ੧੯੨੧–ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਕੀਤੇ ਗਏ ਭਾਈ ਹੀਰਾ ਸਿੰਘ ਰਾਗੀ, ਸ਼ਹੀਦੀ ਬੀੜ ਸੰਭਾਲ ਕੇ ਅੰਮ੍ਰਿਤਸਰ ਲੈ ਆਂਦੀ।

ਮਾਰਚ ੧੯੨੧ ਗੁਰਦੁਆਰਾ ਮਾਣਕ, ਲਾਹੌਰ ਦਾ ਪ੍ਰਬੰਧ ਸੰਭਾਲਿਆ।

੩ ਮਾਰਚ ੧੯੨੧–ਮਹਾਤਮਾ ਗਾਂਧੀ ਅਤੇ ਹੋਰ ਨੇਤਾ ਨਨਕਾਣਾ ਸਾਹਿਬ ਸਾਰੀ ਹਾਲਤ ਤਸੱਲੀ ਕਰਨ ਸ਼ਰਧਾਂਜਲੀਆਂ ਭੇਟ ਕਰਨ ਪਹੁੰਚੇ।

੧੪ ਮਾਰਚ ੧੯੨੧–ਗੁਰਦੁਆਰਾ ਬਿਲ ਬਨਾਉਣ ਵਾਸਤੇ ਮੀਆਂ ਫ਼ਜ਼ਲ-ਹੁਸੈਨ ਸਿਖਿਆ ਮੰਤਰੀ ਨੇ ਪੰਜਾਬ ਵਿਧਾਨ ਕੌਂਸਲ ਵਿਚ ਮਤਾ ਪੇਸ਼ ਕੀਤਾ ਕਿ ਤਿੰਨ ਮੈਂਬਰਾਂ ਦਾ ਕਮਿਸ਼ਨ ਬਣਾਇਆ ਜਾਵੇ।

੨੫-੨੭ ਮਾਰਚ ੧੯੨੧–੧੩ਵੀਂ ਸਿੱਖ ਵਿਦਿਅਕ ਕਾਨਫਰੰਸ ਹੁਸ਼ਿਆਰਪੁਰ ਹੋਈ। ਖਾਲਸਾ ਟੈਕਸਟ ਬੁਕ ਕਮੇਟੀ ਕਾਇਮ ਕੀਤੀ ਗਈ।

੫ ਅਪ੍ਰੈਲ ੧੯੨੧–ਸ਼ਹੀਦ ਹੋਏ ਸਿੰਘਾਂ ਦੀ ਯਾਦ ਮਨਾਈ ਗਈ ਸਿੰਘਾਂ ਨੇ ਕਾਲੇ ਦਸਤਾਰੇ, ਬੀਬੀਆਂ ਵਲੋਂ ਕਾਲੇ ਦੁਪੱਟੇ ਰੋਸ ਵਜੋਂ ਸਜਾਉਣੇ ਸ਼ੁਰੂ ਹੋ ਗਏ। ਸ: ਨਰਾਇਣ ਸਿੰਘ ਬੈਰਿਸਟਰ ਨੂੰ ਮੈਨੇਜਰ ਨਨਕਾਣਾ ਸਾਹਿਬ ਲਗਾ ਦਿਤਾ ਗਿਆ।

੨੦ ਅਪ੍ਰੈਲ ੧੯੨੧-ਸਰਬਰਾਹ ਸ: ਸੁੰਦਰ ਸਿੰਘ ਰਾਮਗੜ੍ਹੀਆ ਸੀ, ਸਰਕਾਰ ਵਲੋਂ ਪ੍ਰਬੰਧ ਖਾਲਸਾ ਪੰਥ ਨੂੰ ਸੌਂਪ ਦਿਤੇ।

੩੦ ਅਪ੍ਰੈਲ ੧੯੨੧–ਸ਼੍ਰੋਮਣੀ ਗੁ: ਪ੍ਰ: ਕਮੇਟੀ ਰਜਿਸਟਰ ਕਰਵਾਈ ਗਈ। ਤੇਜਾ ਸਿੰਘ ਸਮੁੰਦਰੀ ਹਾਲ ਸ਼ੁਰੂ ਕੀਤਾ ਗਿਆ। ਪ੍ਰਧਾਨ ਬਾਬਾ ਖੜਕ ਸਿੰਘ, ਮੀਤ ਪ੍ਰਧਾਨ ਸ: ਬਹਾਦਰ ਸਿੰਘ, ਸਕੱਤਰ ਸ: ਸੁੰਦਰ ਸਿੰਘ ਰਾਮਗੜ੍ਹੀਆ ਬਣਾਏ ਗਏ।

ਮਈ ੧੯੨੧–ਅੰਮ੍ਰਿਤਸਰ ਅਤੇ ਲਾਹੌਰ ਵਿਖੇ ਦਫਾ ੧੪੪ ਲਗਾ ਕੇ ਸਮਾਗਮ ਕਾਨਫਰੰਸਾਂ ਉਪਰ ਪਾਬੰਦੀ ਲਗਾ ਦਿਤੀ ਗਈ।

ਜੂਨ ੧੯੨੧–ਭਾਰੀ ਅਕਾਲੀ ਪੰਥਕ ਕਾਨਫਰੰਸ ਗੁਜਰਾਂ ਵਾਲਾ ਹੋਈ, ਇਥੋਂ ਹੀ ਮਹਾਤਮਾਂ ਗਾਂਧੀ ਨੇ ਨਾ-ਮਿਲਵਰਤਣ ਲਹਿਰ ਚਾਲੂ ਕੀਤੀ।

ਜੁਲਾਈ ੧੯੨੧—ਸ਼੍ਰੋ: ਗੁ: ਪ੍ਰ: ਕਮੇਟੀ ਦੀ ਚੋਣ ਹੋਈ ਹਰ ਸਿੱਖ ਨੂੰ ਵੋਟ ਦਾ ਅਧਿਕਾਰ ਦਿਤਾ ਗਿਆ। ਪ੍ਰੋ: ਸਾਹਿਬ ਸਿੰਘ ਜੀ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਮੀਤ ਸਕੱਤਰ ਵਜੋਂ ਕੰਮ ਕਰਨ ਲਗੇ।

੮ ਅਗਸਤ ੧੯੨੧–ਗੁਰੂ ਕੇ ਬਾਗ ਤੋਂ ਲੱਕੜੀਆਂ ਲੰਗਰ ਵਾਸਤੇ ਕੱਟਣ ਵਿਰੁਧ ਚੋਰੀ ਦੇ ਦੋਸ਼ ਵਿਚ ਪੁਲਸ ਨੇ ੫ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ।

੨੨ ਅਗਸਤ ੧੯੨੧–ਸ਼੍ਰੀ ਅਕਾਲ ਤਖਤ ਤੋਂ ਜਥੇ ਅਰਦਾਸ ਕਰਕੇ ਜਾਣ ਲਗੇ, ਪੁਲਸ ਜ਼ੁਲਮ ਕਰਨ ਲਗੀ।

੨੭ ਅਗਸਤ ੧੯੨੧–ਸ਼੍ਰੋ: ਗੁ: ਪ੍ਰ: ਕਮੇਟੀ ਦੀ ਇੱਕਤਰਤਾ ਹੋਈ, ਸ: ਖੜਕ ਸਿੰਘ ਪ੍ਰਧਾਨ ਬਣਾਏ ਗਏ। ਹਰ ਇਤਿਹਾਸਕ ਅਸਥਾਨ ਦੇ ਪ੍ਰਬੰਧ ਵਾਸਤੇ ਸਥਾਨਕ ਕਮੇਟੀਆਂ ਬਣਾ ਦਿਤੀਆਂ ਗਈਆਂ।

੬ ਸਤੰਬਰ ੧੯੨੧–ਗੁਰਦੁਆਰਾ ਤੇਜਾ ਕਲਾਂ, ਗੁਰਦਾਸਪੁਰ ਦਾ ਪ੍ਰਬੰਧ ਸੰਭਾਲਿਆ।

ਸਤੰਬਰ ੧੯੨੧–ਬਾਬਾ ਕੇਹਰ ਸਿੰਘ ਪੱਟੀ ਵਲੋਂ ਸ੍ਰੀ ਦਰਬਾਰ ਸਾਹਿਬ ਦੀ ਆਦਮਨ-ਖਰਚ ਦੇ ਹਿਸਾਬ ਰਖੇ ਜਾਣੇ ਸ਼ੁਰੂ ਹੋਏ।

੧ ਨਵੰਬਚ ੧੯੨੧–ਸ਼੍ਰੋਮਣੀ ਗੁ: ਪ੍: ਕਮੇਟੀ ਦੇ ਮੁਖੀ ਮੈਂਬਰ ਘੁਮਾਣ ਜ਼ਿਲਾ ਗੁਰਦਾਸਪੁਰ ਦੈ ਮਹੰਤ ਦੀ ਸੁਧਾਈ ਕਰਨ ਲਈ ਚਲੇ ਗਏ।

੧ ਨਵੰਬਰ ੧੯੨੧–ਗੁਰਦੁਆਰਾ ਹੋਠੀਆਂ ਦਾ ਪ੍ਰਬੰਧ ਸੰਭਾਲਿਆ ਗਿਆ।

੭ ਨਵੰਬਰ ੧੯੨੧ ਡੀ. ਸੀ. ਮਿਸਟਰ ਡੂਨੈਟ ਨੇ ਸੁੰਦਰ ਸਿੰਘ ਪ੍ਰਧਾਨ ਦੇ ਘਰ ਘੇਰਾ ਪਾ ਕੇ ਸਰਕਾਰ ਨੇ ਆਪਣੀ ਕਮੀਨੀ ਚਾਲ ਅਨੁਸਾਰ ਦਰਬਾਰ ਸਾਹਿਬ ਦੀਆਂ ਚਾਬੀਆਂ ਸੁੰਦਰ ਸਿੰਘ ਸਰਬਰਾਹ ਤੋਂ ਧੋਖੇ ਨਾਲ ਲੈ ਲਈਆਂ ਅਤੇ ਆਪਣਾ ਸਰਬਰਾਹ ਕਪਤਾਨ ਬਹਾਦਰ ਸਿੰਘ ਘਵਿੰਡ ਲਗਾ ਦਿਤਾ।

੧੨ ਨਵੰਬਰ ੧੯੨੧–ਸ਼੍ਰੋ: ਗੁ: ਪ੍: ਕਮੇਟੀ ਵਲੋਂ ਸਰਕਾਰ ਵਿਰੁਧ ਮਤੇ ਪਾਸ ਕੀਤੇ ਗਏ, ਸਰਕਾਰ ਨੂੰ ਡਰ ਹੋ ਗਿਆ ਕਿ ਧਰਮੀ ਫੌਜੀ ਸਿੰਘ ਬਗ਼ਾਵਤ ਨਾ ਕਰ ਦੇਣ। ਅਜਨਾਲਾ ਵਿਖੇ ਭਾਰੀ ਦੀਵਾਨ ਹੋਇਆ ਸੀ।

੧੫ ਨਵੰਬਰ ੧੯੨੧-ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਸਮੇਂ ਸੰਗਤਾਂ ਵਲੋਂ ਰੋਸ ਮਜ਼ਾਹਰਾ ਹੋਇਆ। ਸਿਖ ਲੀਗ ਦੇ ਪ੍ਰਧਾਨ ਸ: ਅਮਰ ਸਿੰਘ ਝਬਾਲ ਸਨ।

੨੩ ਨਵੰਬਰ–ਗਗੋਮਾਹਲ ਵਿਖੇ ਭਾਰੀ ਰੋਸ ਸਮਾਗਮ ਹੋਇਆ।

੨੪ ਨਵੰਬਰ–ਦੁਸ਼ਟ ਸਰਕਾਰ ਵਲੋਂ ਸਡੀਸ਼ਨ ਮੀਟਿੰਗ ਐਕਟ ਜਲਸੇ ਰੋਕ ਕਾਨੂੰਨ ਦੀ ਧਾਰਾ ੫ ਅਨੁਸਾਰ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜ਼ੁਲਮ ਹੋਣ ਲਗਾ।

੨੬ ਨਵੰਬਰ–ਬਾਬਾ ਖੜਕ ਸਿੰਘ ਪ੍ਰਧਾਨ ਸ: ਗੁਰਚਰਨ ਸਿੰਘ ਐਡਵੋਕੇਟ ਸਿਆਲਕੋਟ, ਸ: ਭਾਗ ਸਿੰਘ ਐਡਵੋਕੇਟ ਗੁਰਦਾਸਪੁਰ ਆਦਿ ੧੯ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਨਵੰਬਰ ੧੯੨੧–ਗੁਰੂ ਕੇ ਬਾਗ ਦੇ ਮੋਰਚੇ ਸਮੇਂ ਪੁਲਸ ਕਪਤਾਨ ਮੈਕ ਫਰਸਨ ਸੀ. ਡੀ. ਐਸ. ਪੀ. ਦੁਸ਼ਟ ਬੀ. ਰੀ. ਸੀ. ਇਸ ਵਲੋਂ ਗੁਮਟਾਲਾ, ਰਾਜਾਸਾਂਸੀ ਵਿਖੇ ਨਿਰਦੋਸ਼ ਸਿੰਘਾਂ ਉਪਰ ਅਤਿ ਦੇ ਜ਼ੁਲਮ ਹੋਏ ਜ਼ਖਮੀ ਸਿੰਘਾਂ ਨਾਲ ਅੰਮ੍ਰਿਤਸਰ ਦਾ ਸਾਰਾ ਸ਼ਹਿਰ ਭਰ ਗਿਆ ਸੰਗਤਾਂ ਇਨ੍ਹਾਂ ਦੀ ਸੇਵਾ ਕਰਨ ਲਗੀਆਂ।

ਪੰਜਾਬ ਦਾ ਗਵਰਨਰ ਦੁਸ਼ਟ ਐਡਵਰਡ ਮੈਕਲੇਗਨ ਸੀ, ਮੁਖ ਸਕੱਤਰ ਐਚ. ਡੀ. ਕਰੈਕ ਸੀ।

ਲਾਹੌਰ ਅਤੇ ਜਲੰਧਰ ਤੋਂ ਕਾਂਗਰਸ ਦੇ ਪ੍ਰਧਾਨ, ਸ਼ਾਂਤਮਈ ਮੋਰਚਿਆਂ ਅਤੇ ਸਿੰਘਾਂ ਉਪਰ ਜ਼ੁਲਮ ਦੀ ਹਾਲਤ ਵੇਖਦੇ ਰਹੇ। ਰਾਇਜ਼ਾਦਾ ਹੰਸ ਰਾਜ ਬੈਰਿਸਟਰ ਪ੍ਰਧਾਨ ਕਾਂਗਰਸ ਜਲੰਧਰ ਲਾਲਾ ਦੁਨੀ ਚੰਦ ਬੈਰਿਸਟਰ ਪ੍ਰਧਾਨ ਕਾਂਗਰਸ ਲਾਹੌਰ ਨੇ ਅਦਾਲਤਾਂ ਵਿਚ ਸਿੱਖਾਂ ਦੀ ਕਾਫੀ ਪੈਰਵੀ ਸਹਾਇਤਾ ਕੀਤੀ, ਈਸਾ ਦੇ ਇਕ ਪਾਦਰੀ ਸੀ. ਐਫ. ਐਂਡਰੀਓ ਨੇ ਮੋਰਚੇ ਸਮੇਂ ਨਿਰਦੋਸ਼ ਸਿੰਘਾਂ ਉਪਰ ਪੁਲਸ ਵਲੋਂ ਜ਼ੁਲਮ ਹੁੰਦੇ ਹਾਲਤ ਵੇਖੇ ਅਤੇ ਕਿਹਾ—"ਮੈਨੂੰ ਤਾਂ ਇਨ੍ਹਾਂ ਵਿਚ ਈਸਾ ਦੀ ਰੂਹ ਸਪਸ਼ਟ ਵਿਚਰ ਰਹੀ ਨਜ਼ਰ ਆ ਰਹੀ ਹੈ," ਹੈਰਾਨੀ ਹੈ ਕਿ ਉਸ ਪਾਦਰੀ ਨੇ ਅਜਿਹਾ ਜ਼ੁਲਮ ਬੰਦ ਕਰਨ ਵਾਸਤੇ ਕੋਈ ਤਾੜਨਾ ਹਦਾਇਤ ਕਾਰਵਾਈ ਨਹੀਂ ਕਰਵਾਈ ਸੀ।

ਬਾਬਾ ਖੜਕ ਸਿੰਘ ਨੇ ਸਿਆਲਕੋਟ ਕਿਰਪਾਨਾ ਬਣਾਉਣ ਦਾ ਕਾਰਖਾਨਾ ਲਗਾਇਆ, ਉਥੋਂ ਪੁਲਸ ਨੇ ੧੭੯ ਕਿਰਪਾਨਾਂ ਜ਼ਬਤ

ਕਰਕੇ, ਕਾਰਖਾਨਾ ਬੰਦ ਕਰਵਾ ਦਿਤਾ, ਅਸਲਾਂ ਐਕਟ ੧੯੧੯ ਅਧੀਨ ਸਿੰਘਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ੬੮ ਕਿਰਪਾਨਧਾਰੀ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਨਵੰਬਰ ੧੯੨੧–ਸ: ਗੁਰਚਰਨ ਸਿੰਘ ਐਡਵੋਕੇਟ ਸਿਆਲਕੋਟ ਨੇ ਆਪਣੇ ਬਿਆਨ ਵਿਚ ਕਿਹਾ—"ਚੂੰਕਿ ਇਸ ਮੁਕਦਮੇ ਵਿਚ ਗੌਰਮਿੰਟ ਮੁਸਤਗੀਜ ਹੈ, ਮੈਜਿਸਟਰੇਟ ਤਾਂ ਮੁਲਾਜ਼ਮ ਹੈ, ਇਸ ਨੂੰ ਮੇਰਾ ਕੇਸ ਸੁਣਨ ਦਾ ਕੋਈ ਹੱਕ ਨਹੀਂ ਹੈ। ਮੈਨੂੰ ਹਵਾਲਾਤ ਵਿਚ ਚਾਰ ਦਿਨ ਕਾਨੂੰਨ ਵਿਰੁਧ ਕਿਉਂ ਰਖਿਆ ਗਿਆ ਹੈ, ਇਸ ਸਰਕਾਰ ਅਤੇ ਜੱਜ ਤੋਂ ਇਨਸਾਫ ਨਹੀਂ ਹੋ ਸਕਦਾ!"

ਸ: ਭਾਗ ਸਿੰਘ ਐਡਵੋਕੇਟ ਗੁਰਦਾਸਪੁਰ ਨੇ ਆਪਣੇ ਬਿਆਨ ਵਿਚ ਕਿਹਾ—"ਮੈਂ ਇਸ ਅਦਾਲਤ ਨੂੰ ਅਦਾਲਤ ਨਹੀਂ ਸਮਝਦਾ, ਨਾ ਹੀ ਸਰਕਾਰ ਤੋਂ ਕਿਸੇ ਇਨਸਾਫ਼ ਦੀ ਆਸ ਰਖਦਾ ਹਾਂ, ਸੋ ਬਿਆਨ ਦੇਣਾ ਫ਼ਜ਼ੂਲ ਹੈ।"

ਸ: ਦਾਨ ਸਿੰਘ ਵਛੋਆ ਨੇ ਮੈਜਿਸਟਰੇਟ ਤੋਂ ਪੁਛਿਆ ਕਿ ਜੇ ਕੈਂਟਰਬਰੀ ਦੇ ਗਿਰਜੇ ਦੀਆਂ ਕੁੰਜੀਆਂ ਉਪਰ ਸਿੰਘ ਕਬਜ਼ਾ ਕਰ ਲੈਣ ਤਾਂ ਤੇਰੇ ਜਜ਼ਬਾਤ ਕਿਸ ਤਰ੍ਹਾਂ ਹੋਣਗੇ ਅਤੇ ਸਿੰਘ ਤੁਹਾਨੂੰ ਕੋਈ ਗਲ ਵੀ ਨਾ ਕਰਨ ਦੇਣ?

ਡਿਪਟੀ ਕਮਿਸ਼ਨਰ ਮਿਸਟਰ ਡੂਨੇਟ ਅਤੇ ਮੈਜਿਸਟਰੇਟ ਸ੍ਰੀ ਅਮਰ ਨਾਥ ਸੀ।

ਸਰਕਾਰ ਦੇ ਜ਼ਾਲਮਾਨਾਂ ਵਤੀਰੇ ਵਿਰੁਧ ਜ਼ਿਲਾ ਹੁਸ਼ਿਆਰਪੁਰ ਦੇ ਸਾਰੇ ਨੰਬਰਦਾਰਾਂ ਨੇ ਆਪਣੀਆਂ ਨੰਬਰਦਾਰੀਆਂ ਤੋਂ ਅਸਤੀਫੇ ਦੇ ਦਿਤੇ, ਪਰ ਹੈਰਾਨੀ ਹੈ ਕਿ ਭਾਰਤ ਦੇ ਕਿਸੇ ਹਿੰਦੂ ਨੇ ਆਪਣੇ ਸਰਕਾਰੀ ਸਨਮਾਨ ਤਮਗੇ ਖਿਤਾਬ ਵਾਪਸ ਨਹੀਂ ਕੀਤੇ ਨਾ ਹੀ ਕਦੇ ਕੋਈ ਕੁਰਬਾਨੀ ਹੀ ਦਿੱਤੀ। ਜੋ ਸਿੰਘ ਜੇਲ੍ਹਾਂ ਵਿਚ ਸਨ, ਉਹਨਾਂ ਨੂੰ ਟੋਪੀਆਂ ਪਾਉਣ ਵਾਸਤੇ ਮਜਬੂਰ ਕੀਤਾ ਜਾਂਦਾ ਸੀ, ਪਰ ਸਿੰਘਾਂ ਨੇ ਕੰਬਲ ਸਿਰ ਤੇ ਲਪੇਟ ਕੇ ਗੁਜ਼ਾਰਾ ਕੀਤਾ।

ਸਰਦਾਰ ਸੁੰਦਰ ਸਿੰਘ ਮਜੀਠਾ ਪੰਜਾਬ ਦੇ ਵਜ਼ੀਰ ਬਣ ਗਏ ਤਾਂ ਇਨ੍ਹਾਂ ਨੇ ਜੇਲ੍ਹਾਂ ਵਿਚਲੇ ਸਿੰਘਾਂ ਨੂੰ ਦਸਤਾਰਾਂ ਦੇਣ ਦਾ ਪਰਬੰਧ ਕਰਵਾਇਆ।

੨੭ ਨਵੰਬਰ ੧੯੨੧–ਸ: ਅਮਰ ਸਿੰਘ ਝਬਾਲ ਪ੍ਰਧਾਨ ਵਲੋਂ ਭਾਰੀ ਰੋਸ ਮੀਟਿੰਗ ਹੋਈ।

੨੯ ਨਵੰਬਰ ੧੯੨੧–ਮਿ: ਕਾਨਰ ਦੀ ਅਦਾਲਤ ਵਿਚ ਸਿੰਘਾਂ ਨੂੰ ਪੇਸ਼ ਕੀਤਾ ਗਿਆ, ਸ: ਨਰਾਇਣ ਸਿੰਘ ਬੈਰਿਸਟਰ ਨੇ ਅਦਾਲਤ ਵਿਚ ਸਰਕਾਰ ਉਪਰ ਦੋਸ਼ ਲਗਾਇਆ ਕਿ ਜੋ ਮਿਸਟਰ ਟੰਡਨ ਡੀ. ਸੀ. ਵਲੋਂ ਭਾਰੀ ਜਲਸਾ ਹੋਇਆ ਸੀ ਉਸ ਵਿਰੁਧ ਇਸ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ। ਧਾਰਮਕ ਦੀਵਾਨਾਂ ਉਪਰ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ, ਸਰਕਾਰ ਨੇ ਚਾਬੀਆਂ ਲੈ ਕੇ ਧੱਕਾ ਕੀਤਾ ਅਤੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਨਾ ਵੀ ਧੱਕਾਸ਼ਾਹੀ ਕੀਤੀ ਹੈ। ਸਿੰਘਾਂ ਦੇ ਭਾਰੀ ਇਕੱਠ ਵਲੋਂ ਜੈਕਾਰੇ ਗੁਜਾਏ ਜਾਂਦੇ ਰਹੇ।

੩੦ ਨਵੰਬਰ–ਸ: ਖੜਕ ਸਿੰਘ ਪ੍ਰਧਾਨ ਨੇ ਅਦਾਲਤ ਦੇ ਜੱਜ ਨੂੰ ਸਰਕਾਰ ਦਾ ਇਕ ਨੌਕਰ ਕਹਿ ਕੇ ਆਪਣਾ ਬਿਆਨ ਦੇਣਾ ਤੌਹੀਨ ਕਿਹਾ, ਕਿ ਸ਼੍ਰੋ: ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਅਮਰੀਕਾ, ਫ਼ਰਾਂਸ, ਜਰਮਨੀ ਦੇ ਪ੍ਰਧਾਨ ਵਰਗੀ ਹੈ।

ਦਸੰਬਰ–ਸੂਰਬੀਰ ਸਿੰਘਾਂ ਨੂੰ ਅਦਾਲਤ ਵਲੋਂ ਕੈਦ ਦੀਆਂ ਸਜ਼ਾਵਾਂ ਦਿਤੀਆਂ ਗਈਆਂ, ਸਿੱਖ ਸੰਗਤਾਂ ਵਲੋਂ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ।

੪ ਦਸੰਬਰ–ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਸੀ, ਸੰਗਤਾਂ ਨੂੰ ਸਰਕਾਰ ਦੇ ਕੋਝੇ ਵਤੀਰੇ ਬਾਰੇ ਸਾਵਧਾਨ ਕੀਤਾ ਗਿਆ।

੬ ਦਸੰਬਰ–ਪ੍ਰਿੰਸ ਆਫ ਵੇਲਜ਼ ਦੇ ਆਉਣ ਤੇ ਰੋਸ ਮੁਜ਼ਾਹਰਾ ਬਾਈਕਾਟ ਕੀਤਾ। ਸਾਰੇ ਆਗੂ ਸਿੰਘਾਂ ਨੂੰ ਗਿਰਫ਼ਤਾਰ ਕੀਤਾ ਗਿਆ।

ਉਦਾਸੀ ਮਹੰਤ–੧੫–੧੬ ਸਾਧੂਆਂ ਚਿਮਟੇ ਅਤੇ ਸੀਖਾਂ ਲੈ ਕੇ ਜ਼ਬਰੀ ਕਬਜ਼ਾ ਕਰਨ ਲਈ, ਨਿਰਦੋਸ਼ ਸਿਖ ਸੰਗਤਾਂ ਉਪਰ ਹਮਲਾ ਕਰ ਕੇ ਜ਼ਖਮੀ ਕਰ ਦਿਤਾ, ਇਕ ਸਾਧੂ ਦੀ ਮੌਤ ਹੋ ਗਈ, ਸੰਗਤਾਂ ਨੇ ਸਾਧੂਆਂ ਨੂੰ ਧਕੇਮਾਰ ਕੇ ਕੱਢ ਦਿਤਾ। ਭਾਈ ਫਤਹਿ ਸਿੰਘ ਅਤੇ ਭਾਈ ਕਰਤਾਰ ਸਿੰਘ ਕਲਾਸਵਾਲੀਆ ਨੂੰ ਗ੍ਰੰਥੀ ਲਗਾ ਕੇ ਪ੍ਰਬੰਧ ਸੌਂਪੇ ਗਏ।

੧੯੨੨—ਮੋਰਚਿਆਂ ਦੇ ਦਿਨਾਂ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋ: ਹਰਿਕ੍ਰਿਸ਼ਨ ਸਿੰਘ, ਪ੍ਰੋ: ਤੇਜਾ ਸਿੰਘ, ਪ੍ਰੋ: ਨਰਿੰਜਨ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੈਠ ਕੇ ਸਾਰੇ ਏਲਾਨ, ਰਪੋਟਾਂ, ਹਾਲਾਤ ਲਿਖਦੇ ਰਹੇ। ਪ੍ਰੋ: ਸਾਹਿਬ ਸਿੰਘ ਮੀਤ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਤਿਆਰ

ਕਰਵਾਉਂਦੇ ਰਹੇ।

੧ ਜਨਵਰੀ—ਬਾਵਾ ਪਰਦੁਮਨ ਸਿੰਘ ਦੀ ਪਰਧਾਨਗੀ ਵਿਚ ਸਾਰੇ ਸੋਢੀ, ਬੇਦੀ, ਭੱਲੇ ਸਰਦਾਰਾਂ ਦੀ ਕਾਨਫਰੰਸ ਦਰਬਾਰ ਸਾਹਿਬ ਵਿਖੇ ਹੋਈ।

੫ ਜਨਵਰੀ—ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

੧੧ ਜਨਵਰੀ—ਪੰਜਾਬ ਵਿਧਾਨ ਸਭਾ ਵਿਚ, ਦਰਬਾਰ ਸਾਹਿਬ ਦੀਆਂ ਕੁੰਜੀਆਂ ਵਾਪਸ ਕਰਨ ਦਾ ਫੈਸਲਾ ਕੀਤਾ।

੧੩ ਜਨਵਰੀ—ਅਨੰਦਪੁਰ ਅਤੇ ਕੀਰਤਪੁਰ ਦੇ ਗੁਰ-ਅਸਥਾਨਾਂ ਦੇ ਪਰਬੰਧ ਸੰਭਾਲੇ ਗਏ।

੧੮ ਜਨਵਰੀ—ਸਰ ਜਾਨ ਮੀਨਾਰਡ ਵਲੋਂ ਸਾਰੇ ਸੂਰਬੀਰ ਸਿੰਘਾਂ ਨੂੰ ਰਿਹਾ ਕਰ ਦਿੱਤਾ ਗਿਆ।

੧੯ ਜਨਵਰੀ—ਸਾਰੇ ਸੂਰਬੀਰ ਸਿੱਘਾਂ ਦਾ ਸਵਾਗਤ ਕੀਤਾ ਗਿਆ, ਸ੍ਰੀ ਅਕਾਲ ਤਖ਼ਤ ਵਿਖੇ ਸਿਰੋਪਾਓ ਦਿਤੇ ਗਏ।

ਡੀ. ਸੀ. ਵਲੋਂ ਦਰਬਾਰ ਸਾਹਿਬ ਦੀਆਂ ਚਾਬੀਆਂ ਸ੍ਰੀ ਅਕਾਲ ਤਖ਼ਤ ਵਿਖੇ ਭੇਜ ਕੇ ਪਰਧਾਨ ਬਾਬਾ ਖੜਕ ਸਿੰਘ ਨੂੰ ਸੌਂਪੀਆਂ ਗਈਆਂ ਜੋ ਸੰਗਤ ਦੀ ਆਗਿਆ, ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਵਜੋਂ ਵਸੂਲ ਕੀਤੀਆਂ ਗਈਆਂ। ਇਹ ਅਲੌਕਿਕ ਨਜ਼ਾਰਾ ਸੀ। ਇਸ ਮੌਕੇ ਦੀ ਫੋਟੋ ਚਿੱਤਰ ਅਜਾਇਬ ਘਰ ਵਿਚ ਹੈ। ਇਸ ਮੋਰਚੇ ਦੀ ਫਤਹਿ ਸਬੰਧੀ ਮਹਾਤਮਾ ਗਾਂਧੀ ਨੇ ਸਿੰਘਾਂ ਨੂੰ ਵਧਾਈ ਤਾਰ ਭੇਜੀ ਸੀ—

**"Congratulations, The first decisive battle of Indian freedom has been won."**

੩੧ ਜਨਵਰੀ—ਗੁਰੂ ਕੇ ਬਾਗ ਦਾ ਮੋਰਚਾ ਪਰਬੰਧ ਸੁਧਾਰ। ਮਹਾਤਮਾ ਗਾਂਧੀ ਨੇ ਸਿੱਖਾਂ ਦੇ ਆਜ਼ਾਦੀ ਸੰਘਰਸ਼ ਨੂੰ ਅਪਣਾ ਕੇ ਸਵਰਾਜ ਦਾ ਨਾਹਰਾ ਸ਼ੁਰੂ ਕੀਤਾ।

੨੧ ਫਰਵਰੀ—ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦ ਸਿੱਖ ਮਿਸ਼ਨਰੀ ਸੁਸਾਇਟੀ ਕਾਇਮ ਕੀਤੀ ਗਈ।

ਬਾਬਾ ਖੜਕ ਸਿੰਘ ਵਲੋਂ ਸਿਆਲਕੋਟ ਵਿਖੇ ਛੋਟੀ ਕਿਰਪਾਨ ਫੈਕਟਰੀ ਲਗਾਈ ਗਈ। ਦੁਸ਼ਟ ਸਰਕਾਰ ਵਲੋਂ ਕਿਰਪਾਨ ਪਹਿਨਣ

ਅਤੇ ਕਾਲੀ ਦਸਤਾਰ ਬੰਨਣ ਤੇ ਪਾਬੰਦੀ ਲਗਾਈ ਗਈ। ਪਰ ਸੂਰਬੀਰ ਸੰਤ ਸਿਪਾਹੀਆਂ ਨੇ ਹਮੇਸ਼ਾਂ ਸਰਕਾਰੀ ਜ਼ਬਰ ਦਾ ਡੱਟ ਕੇ ਟਾਕਰਾ ਕੀਤਾ। ਸਿੰਘਾਂ ਉਪਰ ਜਬਰ-ਜ਼ੁਲਮ ਹੋਣ ਲੱਗੇ। ਕਦੇ ਕਿਸੇ ਸਿੰਘ ਨੇ ਮਾਫ਼ੀ ਨਹੀਂ ਮੰਗੀ, ਨਾ ਹੀ ਕੋਈ ਲਾਲਚ ਪਰਵਾਨ ਕੀਤਾ।

੧੬ ਜੁਲਾਈ–ਸ: ਮਹਿਤਾਬ ਸਿੰਘ ਪ੍ਰਧਾਨ ਵਜੋਂ ਕੰਮ ਕਰਦੇ, ਸਾਰਾ ਸਿਖ ਜਗਤ ਇਨ੍ਹਾ ਅਨੁਸਾਰ ਕੰਮ ਕਰਦਾ ਸੀ।

ਪੰਜਾਬ ਵਿਧਾਨ ਕੌਂਸਲ ਵਲੋਂ **The Sikh Gurdwaras and Shrines Act. 1922** ਪਾਸ ਕੀਤਾ ਗਿਆ ਪਰ ਇਸ ਅਨੁਸਾਰ ਅਮਲ ਨਹੀਂ ਕੀਤਾ ਗਿਆ। ਸਿੱਖਾਂ ਵਲੋਂ ਵਿਰੋਧ ਕੀਤਾ ਗਿਆ।

ਅਗਸਤ–ਜਥੇਦਾਰ ਕਿਸ਼ਨ ਸਿੰਘ, ਧਰਮ ਸਿੰਘ ਬਬਰ ਵਲੋਂ ਇਕ ਅਖ਼ਬਾਰ 'ਬੱਬਰ ਅਕਾਲੀ ਦੁਆਬਾ' ਸ਼ੁਰੂ ਕੀਤਾ ਗਿਆ। ਬੱਬਰ ਕਰਮ ਸਿੰਘ ਐਡੀਟਰ ਸਨ।

੪–੬ ਅਗਸਤ––੧੪ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦਿੱਲੀ ਹੋਈ। ਪ੍ਰੋ: ਪੂਰਨ ਸਿੰਘ ਜੀ ਪਰਧਾਨ ਸਨ।

੧੬ ਅਗਸਤ—ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਮਹਿਤਾਬ ਸਿੰਘ ਚੁਣੇ ਪਰ ਸ਼ਾਮ ਨੂੰ ੯ ਅਹੁਦੇਦਾਰ ਗ੍ਰਿਫ਼ਤਾਰ ਕਰ ਲਏ ਗਏ।

੧੨ ਸਤੰਬਰ—ਪਾਦਰੀ ਸੀ. ਐਫ ਐਂਡਰੀਯੂਜ਼ ਨੇ ਆਪ ਨਿਰਦੋਸ਼ ਸ਼ਾਂਤਮਈ ਸਿੰਘਾਂ ਉਪਰ ਜ਼ੁਲਮ ਹੁੰਦੇ ਵੇਖੇ ਪਰ ਚੁਪ ਹੀ ਰਿਹਾ ਕਿ ਉਸ ਦੀ ਕਿਸੇ ਜ਼ਾਲਮ ਅਫਸਰ ਨੇ ਪਰਵਾਹ ਨਹੀਂ ਕੀਤੀ।

੧੯ ਸਤੰਬਰ—ਸ੍ਰੀ ਮਦਨ ਮੋਹਨ ਮਾਲਵੀਆ ਨੇ ਜ਼ਖਮੀ ਸਿੰਘਾਂ ਦੀ ਹਾਲਤ ਵੇਖੀ, ਜਲ੍ਹਿਆਂ ਵਾਲਾ ਬਾਗ ਵਿਖੇ ਭਾਰੀ ਰੋਸ ਮੁਜ਼ਾਹਰਾ ਕੀਤਾ। ਆਪਣੇ ਹਿੰਦੂ ਵੀਰਾਂ ਨੂੰ ਸਿੰਘ ਸਜ ਕੇ ਆਜ਼ਾਦੀ ਲਈ ਅਪੀਲ ਕੀਤੀ।

੩੦ ਅਕਤੂਬਰ—ਗੁਰੂ ਕੇ ਬਾਗ ਮੋਰਚੇ ਦੇ ਕੈਦੀ ਸਿੰਘਾਂ ਨੂੰ ਅੰਮ੍ਰਿਤਸਰ ਤੋਂ ਅਟਕ ਜੇਲ੍ਹ ਵਲ ਭੇਜਿਆ ਗਿਆ। ਰਸਤੇ ਵਿਚ ਸੰਗਤਾਂ ਵਲੋਂ ਪੰਜਾ ਸਾਹਿਬ ਰੇਲਵੇ ਸਟੇਸ਼ਨ ਵਿਖੇ ਲੰਗਰ ਛਕਾਉਣ ਵਾਸਤੇ ਭਾਈ ਕਰਮ ਸਿੰਘ ਅਤੇ ਭਾਈ ਪਰਤਾਪ ਸਿੰਘ ਜੀ ਰੇਲ ਗੱਡੀ ਰੋਕਣ ਵਾਸਤੇ ਸ਼ਹੀਦ ਹੋ ਗਏ। ਅਨੇਕਾਂ ਸਿੰਘ ਜ਼ਖਮੀ ਹੋ ਗਏ। ਇਸ ਮੌਕੇ ਦੁਖਾਂਤ ਦਾ

ਚਿਤਰ ਅਜਾਇਬ ਘਰ ਵਿਚ ਹੈ। ਦੁਸ਼ਟ ਹਾਕਮਾਂ ਨੇ ਰੇਲ ਗੱਡੀ ਦੇ ਡਰਾਈਵਰ ਨੂੰ ਗੱਡੀ ਰੋਕਣ ਦੇ ਦੋਸ਼ ਵਿਚ ਨੌਕਰੀ ਤੋਂ ਕੱਢ ਦਿੱਤਾ ਸੀ।

੧੭ ਨਵੰਬਰ—ਗੁਰੂ ਕੇ ਬਾਗ ਦਾ ਮੋਰਚਾ ਫਤਹਿ ਹੋਇਆ। ਹਜ਼ਾਰਾਂ ਸਿੰਘ ਜ਼ਖਮੀ ਹੋ ਗਏ, ੪ ਸਿੰਘ ਸ਼ਹੀਦ ਹੋਏ, ੫੬੨੫ ਗ੍ਰਿਫਤਾਰ ਹੋਏ ਸਨ।

ਲਾਲਾ ਲਾਜਪਤ ਰਾਏ ਨੇ ਆਪਣੇ ਅਖਬਾਰ 'ਬੰਦੇ ਮਾਤਰਮ' ਵਿਚ ਲਿਖਿਆ—"ਸਵੈਰਾਜ ਕਾ ਜੋ ਰਾਜ ਹੋ ਅਪਨੇ ਦੇਸ਼ ਮੇਂ,
ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ।"

ਮਸਲਮਾਨਾਂ ਦੇ ਅਖਬਾਰ 'ਦਰਪਨ' ਵਿਚ ਲਿਖਿਆ ਗਿਆ—"ਕੌਮ ਕੇ ਹਾਥ ਲਰਜ਼ਤੇ ਥੇ, ਆਕਾਲੀ ਸ਼ਾਬਾਸ਼, ਖੂਬ ਸਵੈ-ਰਾਜੀਏ ਕੇ ਝੰਡੇ ਕੋ ਸੰਭਾਲਾ ਤੂਨੇ' ਹਰ ਕਿਸੇ ਵਲੋਂ ਪ੍ਰਸੰਸਾ ਕੀਤੀ ਗਈ।

੭ ਦਸੰਬਰ—ਗੁਰਦੁਆਰਾ ਭਾਈ ਫੇਰੂ ਦਾ ਮੋਰਚਾ ਲੱਗਾ। ਸੂਰਬੀਰ ਜੋਧੇ ਸ: ਬਚਨ ਸਿੰਘ ਲੋਹਾ ਖੇੜਾ, ਸ: ਕਰਤਾਰ ਸਿੰਘ ਅਤੇ ਸ: ਭੋਲਾ ਸਿੰਘ ਜੀ ਨੇ ਦੁਸ਼ਟ ਬੀ.ਟੀ. ਡੀ. ਐਸ. ਪੀ. ਨੂੰ ਸੁਨਾਮ ਦੇ ਨੇੜੇ ਕਤਲ ਕਰਕੇ ਬਦਲਾ ਲਿਆ, ਆਪ ਸਹੀਦੀਆਂ ਪਰਵਾਨ ਕੀਤੀਆਂ।

੧੯ ਦਸੰਬਰ—ਗੁਰਦੁਆਰਾ ਸੀਸ ਗੰਜ ਦਿੱਲੀ ਦਾ ਮਹੰਤ ਹਰੀ ਸਿੰਘ ਸੀ ਉਸ ਨੇ ਸਾਰੇ ਪਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸੌਂਪ ਦਿਤੇ। ਇਸੇ ਤਰ੍ਹਾਂ ਹੋਰਨਾਂ ਮਹੰਤਾਂ ਨੇ ਵੀ ਸਾਰੇ ਪਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸੌਂਪ ਦਿਤੇ।

੧੯੨੩—ਗੁਰੂ ਕੇ ਬਾਗ ਦੇ ਮੋਰਚੇ ਸਮੇਂ ਜ਼ੁਲਮ ਸਬੰਧੀ ਇਕ ਫਿਲਮ ਮੌਕੇ ਤੇ ਕੈਪਟਨ ਏ. ਐਲ. ਵਰਗੀਜ਼ ਅਮਰੀਕਨ ਸਿਨਮੈਟੋਗਰਾਫਰ ਵਲੋਂ ਤਿਆਰ ਕਰਕੇ ਅਮਰੀਕਾ ਵਿਚ **"Exclusive Picture of Martyrdom"** ਵਿਖਾਈ ਗਈ ਸੀ।

" ਭਾਈ ਤੇਜਾ ਸਿੰਘ ਭੁਚਰ ਜਥੇਦਾਰ ਅਕਾਲ ਤਖਤ ਸਨ। ਜਥੇਦਾਰ ਅਕਾਲ ਤਖਤ ਦੀ ਪਦਵੀ ਸੁਤੰਤਰ ਹੈ। ਇਨ੍ਹਾਂ ਦੇ ਉਪਰ ਕਿਸੇ ਹੋਰ ਕਮੇਟੀ ਦਾ ਹੁਕਮ ਲਾਗੂ ਨਹੀਂ ਹੁੰਦਾ ਸੀ।

੧੩ ਅਪਰੈਲ—ਅੰਮ੍ਰਿਤਸਰ ਵਿਖੇ ਹਿੰਦੂ-ਮੁਸਲਮਾਨ ਫਿਰਕੂ ਦੰਗੇ ਹੋਏ ਤਾਂ ਸ: ਤੇਜਾ ਸਿੰਘ ਸਮੁੰਦਰੀ ਨੇ ਸਮਝੌਤਾ ਕਰਵਾਇਆ।

੨੨ ਅਪਰੈਲ—ਗੁਰੂ ਕੇ ਬਾਗ ਦੇ ਮੋਰਚੇ ਦੇ ਸਾਰੇ ਕੈਦੀ ਜਥੇ ਸਿੰਘ ਰਿਹਾ ਕਰ ਦਿਤੇ ਗਏ। ਸੰਗਤਾਂ ਵਲੋਂ ਸਵਾਗਤ, ਸਨਮਾਨ ਕੀਤਾ ਗਿਆ।

" ਗੁ: ਨਨਕਾਣਾ ਸਾਹਿਬ ਦੇ ਪਰਬੰਧ ਸ: ਮਹਿਤਾਬ ਸਿੰਘ ਕਰਵਾਉਣ ਲੱਗੇ ।

੧੭ ਜਨ (ਐਤਵਾਰ) — ਸ੍ਰੀ ਦਰਬਾਰ ਸਾਹਿਬ ਸਰੋਵਰ ਦੀ ਕਾਰ-ਸੇਵਾ ਸੰਤ ਅਤਰ ਸਿੰਘ ਮਸਤੂਆਣਾ, ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ, ਸੰਤ ਸ਼ਾਮ ਸਿੰਘ, ਬਾਬਾ ਖੜਕ ਸਿੰਘ ਪਰਧਾਨ, ਭਾਈ ਵਤਹਿ ਸਿੰਘ ਹੈੱਡ ਗ੍ਰੰਥੀ, ਸ: ਤੇਜਾ ਸਿੰਘ ਸਮੁੰਦਰੀ ਵਲੋਂ ਹਰਿ ਕੀ ਪਉੜੀ ਵਾਲੇ ਅਸਥਾਨ ਤੋਂ ਅਰੰਭ ਕੀਤੀ ਗਈ । ਭਗਤ ਜਸਵੰਤ ਸਿੰਘ ਜਥੇਦਾਰ ਅਕਾਲ ਤਖ਼ਤ, ਭਾਈ ਤੇਜਾ ਸਿੰਘ ਸੋਨੇ ਚਾਂਦੀ ਵਾਲੀਆਂ ਪੰਜ ਕਹੀਆਂ, ਤਸਲੇ ਲੈ ਕੇ ਕੀਤੀ ਗਈ । ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਅਤੇ ਹੋਰ ਸਾਰੇ ਰਾਜੇ ਮਹਾਰਾਜੇ ਸਰਦਾਰ, ਲੱਖਾਂ ਸੰਗਤਾਂ ਸੁਆਸ ਸੁਆਸ ਸਿਮਰਨ ਕਰਦੇ ੨੨ ਦਿਨ ਸੇਵਾ ਕੀਤੀ ।

ਸ੍ਰੀ ਦਰਬਾਰ ਸਾਹਿਬ ਦੇ ਸੁਪ੍ਰੰਡੰਟ ਸ: ਹਰਨਾਮ ਸਿੰਘ ਮਨੋਹਰ ਸਨ । ਸ੍ਰੀ ਅੰਮ੍ਰਿਤਸਰ ਭਾਰੀ ਰੌਣਕਾਂ ਰਹੀਆਂ । ਸਰੋਵਰ ਵਾਸਤੇ ਜਲ ਅਪਰ ਬਾਰੀ ਦੁਆਬ ਨਹਿਰ ਤੋਂ ਹੰਸਲੀ ਤਿਆਰ ਕਰਵਾਈ ਗਈ ।

੬ ਜੁਲਾਈ—ਸਰੋਵਰ ਵਿਚ ਜਲ ਭਰ ਦਿੱਤਾ ਗਿਆ ।

" ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਦੁਸ਼ਟ ਸਰਕਾਰ ਵਲੋਂ ਗੱਦੀ ਤੋਂ ਉਤਾਰ ਕੇ ਡੇਹਰਾਦੂਨ ਭੇਜ ਦਿੱਤਾ ਗਿਆ, ਸਿੱਖ ਸੰਗਤਾਂ ਵਲੋਂ ਰੋਸ ਵਜੋਂ ਵਿਚਾਰਾਂ ਹੋਣ ਲੱਗੀਆਂ ।

੬ ਜੁਲਾਈ–ਸ਼ਹੀਦ ਭਗਤ ਸਿੰਘ ਨੇ ਜੈਤੋ ਦੇ ਮੋਰਚੇ ਵਿਚ ਹਿੱਸਾ ਲਿਆ ।

੧੪ ਅਗਸਤ—ਸ੍ਰੀ ਅਕਾਲ ਤਖ਼ਤ ਤੋਂ ਇਕ ਜਥਾ ਨਾਗਪੁਰ ਲਈ ਕੌਮੀ ਝੰਡੇ ਦੇ ਸਤਿਆਗ੍ਰਹਿ ਨੂੰ ਸਫਲ ਕਰਨ ਲਈ ਪਹੁੰਚਿਆ ।

੪ ਸਤੰਬਰ—ਨਾਭਾ ਪੁਲਸ ਵਲੋਂ ਸ੍ਰੀ ਅਖੰਡ ਪਾਠ ਕਰਦੇ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਵਿਘਨ-ਪਾਇਆ ਤਾਂ ਮੋਰਚਾ ਲਗਾਇਆ ਗਿਆ ।

੧੫ ਸਤੰਬਰ—ਸ੍ਰੀ ਅਕਾਲ ਤਖ਼ਤ ਤੋਂ ਸ਼ਹੀਦੀ ਜਥਾ ਅਰਦਾਸ ਕਰਕੇ ਜੈਤੋ ਮੋਰਚੇ ਲਈ ਰਵਾਨਾ ਹੋਇਆ । ਅਤਿ ਦੇ ਜ਼ੁਲਮ ਬਰਦਾਸ਼ਤ ਕੀਤੇ । ੭ ਮਹੀਨੇ ਜਥੇ ਜਾਂਦੇ ਰਹੇ ।

੧੨ ਅਕਤੂਬਰ—ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗੈਰ-ਕਾਨੂੰਨੀ ਸੰਸਥਾਵਾਂ ਕਹਿ ਕੇ ੬੦ ਮੈਂਬਰ ਗ੍ਰਿਫਤਾਰ ਕੀਤੇ ਗਏ,

ਇਨ੍ਹਾਂ ਵਿਰੁਧ ਹਿੰਦ ਦੰਡਾਵਲੀ ਦੀ ਧਾਰਾ ੧੨੦-ਬੀ, ੧੨੧, ਸਪੈਸ਼ਲ ਮੈਜਿਸਟਰੇਟ ਹੈਂਡਰਸਨ ਅੰਮ੍ਰਿਤਸਰ ਅਤੇ ਲਾਲ ਕਿਲ੍ਹਾ ਲਾਹੌਰ ਵਿਚ ਕੇਸ ਚਲਾਏ ਗਏ।

੧੩ ਅਕਤੂਬਰ—ਗੰਗੂ ਪੰਡਤ ਨਹਿਰੂ ਨੇ ਬਾਨਾਰਸ ਵਿਖੇ ਆਪਣੇ ਭਾਸ਼ਨ ਵਿਚ ਪੰਜਾਬ ਦੇ ਸੂਰਬੀਰ ਸਿੰਘਾਂ ਦੀਆਂ ਮਹਾਨ ਕੁਰਬਾਨੀਆਂ, ਆਜ਼ਾਦੀ ਸੰਘਰਸ਼ ਭਰਵੀਂ ਪ੍ਰਸੰਸਾ ਕਰਦੇ ਕਿਹਾ ਕਿ ਅਸੀਂ ਹਰ ਸਮੇਂ ਇਨ੍ਹਾਂ ਸੂਰਬੀਰ ਯੋਧਿਆਂ ਦਾ ਪੂਰਾ ਸਾਥ ਦੇਵਾਂਗੇ, ਪਰ ੨੫ ਮਈ ੧੯੨੫ ਨੂੰ ਜਦੋਂ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰੀ ਦਿਤੀ ਸੀ, ਤਾਂ ਗੰਗੂ ਪੰਡਤ ਮੋਤੀ ਲਾਲ ਨੇ ਸੀ. ਐਫ. ਐਂਡਰੀਯੂਜ਼ ਪਾਦਰੀ ਅਤੇ ਗਵਰਨਰ ਰਾਹੀਂ ਮਿੰਨਤ ਖੁਸ਼ਾਮਦ ਕਰਕੇ ਮਾਫ਼ੀ ਮੰਗ ਕੇ ਰਿਹਾ ਕਰਵਾ ਲਿਆ।

—ਵੀਰ ਸਵਰ-ਕਰ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ ਧਰਮ ਯੁਧ ਕੁਰਬਾਨੀਆਂ ਦੀ ਪ੍ਰਸੰਸਾ ਵਿਚ ਇਕ ਪੁਸਤਕ ਲਿਖੀ ਸੀ ਤਾਂ ਇਨ੍ਹਾਂ ਨੂੰ ਕੈਦ ਕਰ ਦਿਤਾ ਗਿਆ।

—ਮੌਲਾਨਾ ਅਬੁਲ ਕਾਲਾਮ ਆਜ਼ਾਦ ਵਲੋਂ ਉਰਦੂ ਦਾ ਅਖਬਾਰ ਵਕੀਲ-ਏ-ਹਿੰਦ' ਸ਼ੁਰੂ ਕਰਕੇ ਆਜ਼ਾਦੀ ਦੀ ਲਹਿਰ ਦਾ ਪ੍ਰਚਾਰ ਕੀਤਾ ਜਾਣ ਲਗਾ।

੧੯੨੪—ਨੌ-ਜਵਾਨ ਭਗਤ ਪੂਰਨ ਸਿੰਘ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸੰਗਤ ਪੰਗਤ ਦੀ ਸੇਵਾ ਕਰਨ ਲਗੇ ਅਤੇ ਸ਼ਹਿਰ ਦੀਆਂ ਸੜਕਾਂ ਤੋਂ ਕਿੱਲ, ਕੱਕੇ, ਕੰਡੇ, ਕੇਲੇ ਦੇ ਛਿਲੜ ਗੋਬਰ ਗੰਦਗੀ ਆਪ ਸਫ਼ਾਈ ਕਰਦੇ। ਸੇਵਾ ਅਤੇ ਸਿਮਰਨ ਦੀ ਲਗਨ ਸ਼ੁਰੂ ਹੋਈ।

੭ ਜਨਵਰੀ—ਸ੍ਰੀ ਅਕਾਲ ਤਖਤ ਦੀ ਦੂਜੀ ਮੰਜ਼ਲ ਵਿਖੇ ਪੰਥਕ ਮੀਟਿੰਗ ਦੁਪਹਿਰ ੧-੩੦ ਵਜੇ ਹੋ ਰਹੀ ਸੀ ਕਿ ਪੁਲਸ ਕਪਤਾਨ ਜੈਫ਼ਰੀ ਅਕਾਲ ਤਖਤ ਤਕ ਐਡੀਸ਼ਨਲ ਡਿਸਟਰਿਕਟ ਮੈਜਿਸਟਰੇਟ ਦੇ ਨਾਲ ਪਹੁੰਚ ਗਿਆ, ਸੰਗਤਾਂ ਨਾਲ ਧੱਕਾ ਮੁਕਾ ਹੋਇਆ ਤਾਂ ਮੈਜਿਸਟਰੇਟ ਦੀ ਹਥ ਵਾਲੀ ਘੜੀ ਟੁੱਟ ਗਈ, ਪੁਲਸ ਕਪਤਾਨ ਅਤੇ ਇਨਸਪੈਕਟਰ ਦੀ ਵਰਦੀ ਫਟ ਗਈ, ਸੱਟਾਂ ਵੀ ਲੱਗੀਆਂ, ਜਿਨ੍ਹਾਂ ੬੨ ਸਿੰਘਾਂ ਦੇ ਗ੍ਰਿਫਤਾਰੀ ਵਾਰੰਟ ਸਨ, ਉਹ ਆਪੇ ਜੈਕਾਰੇ ਗੁਜਾਉਂਦੇ, ਸ਼ਬਦ ਕੀਰਤਨ ਕਰਦੇ, ਭਾਰੀ ਸੰਗਤਾਂ ਦੇ ਜਲੂਸ ਨਾਲ ਕੋਤਵਾਲੀ ਪਹੁੰਚ ਗਏ, ਸ: ਹਰਦਿਆਲ ਸਿੰਘ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ

ਕੀਤੇ ਗਏ, ਤਿੰਨ ਮਹੀਨੇ ਕੇਸ ਕਾਰਵਾਈ ਤੋਂ ਪਿਛੋਂ ਦੋ ਦੋ ਸਾਲ ਦੀ ਸਖ਼ਤ ਸਜ਼ਾ ਅਤੇ ਪੰਜ ਪੰਜ ਸੌ ਰੁਪਏ ਜੁਰਮਾਨਾ ਦੀ ਸਜ਼ਾ ਹੋਈ।

ਗੁਰੂ ਰਾਮਦਾਸ ਕਪੜਾ ਮਿਲ ਸ਼ੁਰੂ ਹੋਈ।

–ਚੀਫ਼ ਖ਼ਾਲਸਾ ਦੀਵਾਨ ਵਲੋਂ ੧੫ਵੀਂ ਵਿਦਿਅਕ ਕਾਨਫਰੰਸ, ਦੀਆਂ ਪਟਿਆਲ ਵਿਖੇ ਤਿਆਰੀਆਂ ਹੋਈਆਂ।

੨੧ ਫਰਵਰੀ–ਜੈਤੋ ਦੇ ਮੋਰਚੇ ਵਿਚ ਜਥੇਦਾਰ ਸ: ਸਰਮੁਖ ਸਿੰਘ ਝਬਾਲ ਅਤੇ ਹੋਰ ਅਨੇਕਾਂ ਸਿੰਘ ਗ੍ਰਿਫ਼ਤਾਰ ਹੋਏ, ਸਰਕਾਰ ਵਲੋਂ ਅਨ੍ਹੇ-ਵਾਹ ਗੋਲੀ ਚਲਾਏ ਜਾਣ ਤੇ ਅਨੇਕਾਂ ਸਿੰਘ ਸ਼ਹੀਦ ਅਤੇ ਜ਼ਖਮੀ ਹੋਏ।

ਮੋਤੀ ਲਾਲ ਨਹਿਰੂ, ਮੁਹੰਮਦ ਅਲੀ ਜਿਨਾਹ, ਮਦਨ ਮੋਹਨ ਮਾਲਵੀਆ, ਕਾਂਗਰਸ ਦੇ ਸਾਰੇ ਲੀਡਰਾਂ ਨੇ ਅਸੈਂਬਲੀ ਵਿਚ ਸਰਕਾਰ ਵਿਰੁਧ ਰੋਸ ਕੀਤੇ ਗਏ।

੨੪ ਮਾਰਚ–ਮਦਰਾਸ ਦੇ ਵੇਕਮ ਨਗਰ ਦੇ ਇਲਾਕੇ ਦੇ ਅਸ਼ੂਆ ਕੌਮ ਦੇ ਦਲਿਤ ਜਾਤੀਆਂ ਉਪਰ ਜ਼ਾਤ-ਅਭਿਮਾਨੀਆਂ ਵਲੋਂ ਅਤਿਆਚਾਰ ਹੋ ਰਹੇ ਸਨ ਉਨ੍ਹਾਂ ਦੇ ਸਤਿਆਗ੍ਰਹਿ ਵਿਚ ਸਹਾਇਤਾ ਕਰਨ ਵਾਸਤੇ ੧੨ ਸਿੰਘਾਂ ਦਾ ਜੱਥਾ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ, ੨੯ ਮਾਰਚ ਨੂੰ ਮਦਰਾਸ, ਵੇਕਮ ਵਿਖੇ ਗੁਰੂ ਦੇ ਲੰਗਰ ਲਗਾਏ।

੧੯-੨੧ ਅਪ੍ਰੈਲ ੨੪–੧੫ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਪਟਿਆਲਾ ਹੋਈ ਪ੍ਰਧਾਨ ਸ: ਸੁੰਦਰ ਸਿੰਘ ਮਜੀਠੀਆ ਸਨ।

੨੪ ਅਗਸਤ ੧੯੨੪–ਸ਼੍ਰੋ: ਕਮੇਟੀ ਦੇ ਪ੍ਰਧਾਨ ਸ: ਮੰਗਲ ਸਿੰਘ, ਸਕੱਤਰ ਸ: ਦੌਲਤ ਸਿੰਘ ਦਿਲੀ ਵਿਖੇ ਜਾ ਕੇ ਸ੍ਰੀ ਪਾਨੀਕਾਰ, ਮੋਤੀ ਲਾਲ ਨਹਿਰੂ, ਸ੍ਰੀ ਸੀ. ਆਸ ਦਾਸ ਅਤੇ ਪਾਦਰੀ ਸੀ. ਐਫ਼ ਐਂਡਰਯੂਜ਼ ਨਾਲ ਸਿਖ ਮਾਮਲਿਆਂ ਤੇ ਵਿਚ ਰਿਆ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣਾਇਆ ਜਾਵੇ। ੧੦–੧੨ ਅਪ੍ਰੈਲ ੧੯੨੫ ੧੬ਵੀਂ ਸਿੱਖ ਐਜੂਕੇਸ਼ਨ ਕਨਾਫਰੰਸ ਅੰਮ੍ਰਿਤਸਰ ਹੋਈ।

੨੭ ਅਪ੍ਰੈਲ ੨੯੧੫–ਗੰਗਾਸਰ ਜੈਤੋ ਦੇ ਮੋਰਚੇ ਵਾਸਤੇ ਆਖਰੀ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ।

ਕੈਦੀ ਸਿੰਘ ਜੇਹਲਾਂ ਵਿਚ ਆਪਣੇ ਨਿਤ ਨੇਮ ਕਰਦੇ ਹੋਰਨਾ ਕੈਦੀਆਂ ਦੇ ਜੀਵਨ ਵਿਚ ਵੀ ਤਬਦੀਲੀ ਲਿਆ ਦੇਂਦੇ, ਸ:

ਸਰਦੂਲ ਸਿੰਘ ਕਵੀਸ਼ਰ ਰਾਹੀਂ ਸਯਦ ਹਬੀਬ ਨੇ ਜਪੁਜੀ ਦਾ ਅਨੁਵਾਦ ਉਰਦੂ ਵਿਚ ਕੀਤਾ ਸੀ।

੭ ਮਈ–ਮਾਸਟਰ ਤਾਰਾ ਸਿੰਘ ਨੇ ਸਿੱਖ ਗੁਰਦੁਆਰਾ ਬਿਲ ਸਬੰਧੀ ਪੰਜਾਬ ਵਿਧਾਨ ਕੌਂਸਲ ਵਿਚ ਭਾਸ਼ਨ ਦਿਤਾ ਅਤੇ ਅਹਿਮੀਅਤ ਦਰਸਾਈ।

੨੫ ਮਈ–ਗੰਗੂ ਨਹਿਰੂ ਨੇ ਗ੍ਰਿਫਤਾਰੀ ਦਿਤੀ ਅਤੇ ਨਾਭਾ ਜੇਲ੍ਹ ਵਿਚੋਂ ਰਿਹਾ।

ਜੁਲਾਈ–ਜੈਤੋ ਦਾ ਮੋਰਚਾ ਫਤਹਿ ਹੋਣ ਦਾ ਸ਼ੁਕਰਾਨਾ ਅਰਦਾਸ ਕੀਤੀ ਗਈ ਜੈਤੋ ਦੇ ਮੋਰਚੇ ਦੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਮੰਜ਼ਲ ਵਿਖੇ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਚਲਦਾ ਰਿਹਾ, ਕੁਲ ੩੨੧ ਅਖੰਡ ਪਾਠ ਕੀਤੇ ਗਏ।

੭ ਜੁਲਾਈ–ਸ: ਨਰਾਇਣ ਸਿੰਘ ਨੇ ਪੰਜਾਬ ਵਿਧਾਨ ਕੌਂਸਲ ਵਿਚ ਜ਼ਬਰਦਸਤ ਭਾਸ਼ਨ ਦਿਤਾ ਸੀ।

੨੯ ਜੁਲਾਈ–ਗੁਰਦੁਆਰਾ ਐਕਟ ਬਣ ਗਿਆ, ਪਰ ਹਿੰਦੂ ਉਦਾਸੀ ਮਹੰਤਾਂ ਨੇ ਆਪਣੇ ਡੇਰਿਆਂ, ਜਾਗੀਰਾਂ ਉਪਰ ਮਾਲਕੀ ਰੱਖਣ ਵਾਸਤੇ, ਗੁਰਦੁਆਰਿਆਂ ਵਿੱਚ ਮੂਰਤੀਆਂ ਵੀ ਰੱਖ ਲਈਆਂ ਅਤੇ ਮੰਦਰ ਦੀ ਸ਼ਕਲ ਵਿਚ ਦਰਜ ਕਰਵਾ ਕੇ ਕਬਜ਼ਾ ਜਮਾਂ ਲਿਆ।

੭ ਅਗਸਤ–੧੯੨੫ ਤੋਂ ਗੁਰਦੁਆਰਾ ਐਕਟ ਪੰਜਾਬ ਗਜ਼ਟ ਵਿਚ ਛਪ ਗਿਆ। ਸਾਲ ੧੯੨੦ ਤੋਂ ੧੯੨੫ ਤਕ ਹਜ਼ਾਰਾਂ ਸਿੰਘਾਂ ਨੇ ਅਤਿਆਚਾਰ, ਜੇਲ੍ਹਾਂ ਦੀ ਸਜ਼ਾ ਭੁਗਤੀ, ਕੁਰਬਾਨੀਆਂ ਸ਼ਹੀਦੀਆਂ ਦਿਤੀਆਂ, । ਇਹ ਸਾਰੇ ਹੀ ਗੁਰੂ ਦੇ ਸਚੇ ਨਿਸ਼ਕਾਮ ਸੇਵਕ ਸਨ ਇਨ੍ਹਾਂ ਦੇ ਪਵਿੱਤਰ ਜੀਵਨ ਤੋਂ ਸਿਖਿਆ ਲੈਣੀ ਹੈ ਕਿ ਸਿਖ ਇਤਿਹਾਸ ਕੁਰਬਾਨੀਆਂ ਵਾਲਾ ਹੈ।

ਵਾਇਸਰਾਏ ਲਾਰਡ ਰੀਡਿੰਗ, ਜਨਰਲ ਫੀਲਡ ਮਾਰਸ਼ਲ ਵਿਲਯਮ ਬਰਡਵੁਡ ਅਤੇ ਸਰ ਮੈਲਕਮ ਹੈਲੀ ਨੇ ਸਿੱਖਾਂ ਨਾਲ ਸਮਝੌਤਾ ਕਰਕੇ ਗਰਦਆਰਾ ਬਿਲ ਪੇਸ਼ ਹੋ ਕੇ ਪਾਸ ਹੋਇਆ। ਸਰ ਮੈਲਕਮ ਹੈਲੀ ਵਲੋਂ ਸੁਧਾਰ ਕਮੇਟੀ ਅੰਮ੍ਰਿਤਸਰ ਬਣਾਈ ਗਈ।

੪ ਅਕਤੂਬਰ— ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਗੁਰਦੁਆਰਾ ਐਕਟ ਸਬੰਧੀ ਵਿਚਾਰਾਂ ਹੋਈਆਂ, ਤਿੰਨ ਗਰੁਪ ਵੱਖ-ਵੱਖ ਵਿਚਾਰਾਂ ਵਾਲੇ ਸਨ, ਸ: ਮਹਿਤਾਬ ਸਿੰਘ ਆਗੂ ਬਣ ਗਏ। ਪੰਜਾਬ ਵਿਧਾਨ ਕੌਂਸਲ ਵਿਚ ੧੨ ਸਿੱਖ ਮੈਂਬਰ ਸਨ, ਇਨ੍ਹਾਂ ਵਿਚੋਂ ਤਿੰਨ ਵਕੀਲ ਸ: ਨਰੈਣ ਸਿੰਘ,

ਸ: ਤਾਰਾ ਸਿੰਘ ਅਤੇ ਸ: ਗੁਰਬਖਸ਼ ਸਿੰਘ ਸਨ। ਪ੍ਰੋ: ਜੋਧ ਸਿੰਘ, ਮਾਸਟਰ ਤਾਰਾ ਸਿੰਘ, ਪ੍ਰੋ: ਤੇਜਾ ਸਿੰਘ, ਸ: ਮੰਗਲ ਸਿੰਘ ਮਾਨ, ਸ: ਮਹਿਤਾਬ ਸਿੰਘ, ਬਾਵਾ ਹਰਿਕਿਸ਼ਨ ਸਿੰਘ. ਗਿਆਨੀ ਸ਼ੇਰ ਸਿੰਘ, ਭਗਤ ਲਕਸ਼ਮਨ ਸਿੰਘ ਗੁਰਮਤਿ ਜੀਵਨ ਵਾਲੇ ਵਿਦਵਾਨ ਸਨ। ਅੰਗਰੇਜ਼ਾਂ ਨੇ ਆਪਣੀ ਚਾਲ ਅਨੁਸਾਰ ਐਕਟ ਬਣਾ ਕੇ ਚੋਣ-ਪ੍ਰਧਾਨਗੀ ਪੁਆੜਾ ਸ਼ੁਰੂ ਕਰਵਾ ਦਿੱਤਾ ਧੜੇਬਾਜੀ ਹਕੂਮਤ ਹੰਕਾਰ ਹੋਣ ਲੱਗਾ।

ਸ: ਸਰਦੂਲ ਸਿੰਘ ਵਲੋਂ ਗੁਰਦੁਆਰਾ ਐਕਟ ਦਾ ਇਸ ਕਰਕੇ ਵਿਰੋਧ ਕੀਤਾ ਗਿਆ ਕਿ ਸਰਕਾਰ ਦਾ ਕੰਟਰੋਲ ਬਿਲਕੁਲ ਖਤਮ ਕੀਤਾ ਜਾਵੇ।

ਵਿਰੋਧੀ ਖਬਰਾਂ 'ਅਕਾਲੀ ਪਰਦੇਸੀ' ਅਖਬਾਰ ੨੦ ਅਗਸਤ ੧੯੨੫, ਅਖਬਾਰ 'ਬਬਰ ਸ਼ੇਰ' ਵਿਚ ਮਿਤੀ ੨੦ ਮਈ ੧੯੨੫ ਨੂੰ ਛਪੀਆਂ ਸਨ।

ਇਸ ਐਕਟ ਅਨੁਸਾਰ ਨਾਮਧਾਰੀ, ਰਾਧਾ ਸੁਆਮੀ ਅਤੇ ਨਿਰੰਕਾਰੀ ਸਿੱਖ ਨਹੀਂ ਸਮਝੇ ਜਾਂਦੇ, ਇਹ ਵੋਟ ਨਹੀਂ ਦੇ ਸਕਦੇ, ਮੈਂਬਰ ਵੀ ਨਹੀਂ ਬਣ ਸਕਦੇ, ਕਿਉਂਕਿ ਇਹ ਦੇਹਧਾਰੀ ਨੂੰ ਗੁਰੂ ਕਹਿੰਦੇ ਹਨ।

ਅਕਤੂਬਰ ੧੯੨੫—ਰੂਸ ਵਿਚ ਭਾਰੀ ਇਨਕਲਾਬ ਵਾਪਰਿਆ। ਲੈਨਿਨ ਨੇ ਹਕੂਮਤ ਸੰਭਾਲ ਲਈ।

੧ ਨਵੰਬਰ--ਪੰਜਾਬ ਸਿੱਖ ਗੁਰਦੁਆਰਾ ਐਕਟ ਲਾਗੂ ਹੋਇਆ। ਇਸ ਅਨੁਸਾਰ ਇਕ ਹਜ਼ਾਰ ਇਤਿਹਾਸਕ ਗੁਰਦੁਆਰੇ ਹਨ ਜੋ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਹਨ। ਇਸ ਕਾਨੂੰਨ ਤੋਂ ਸਾਰੇ ਸਿੱਖ ਇਹ ਆਸ ਕਰਦੇ ਸਨ ਕਿ ਪਰਬੰਧਕ ਪਵਿੱਤਰ ਜੀਵਨ, ਉਚ ਇਖਲਾਕ ਵਾਲੇ ਹੋਣਗੇ ਅਤੇ ਚੜ੍ਹਾਵੇ ਦੀ ਰਕਮ ਨਿਰੋਲ ਧਰਮ ਕਾਰਜਾਂ ਅਤੇ ਪੰਥ ਦੇ ਭਲੇ, ਗੁਰਮਤਿ ਦੇ ਪਰਚਾਰ ਵਲ ਖਰਚ ਹੋਵੇਗੀ। ਪਰਬੰਧ ਵਾਸਤੇ ਸਥਾਨਕ ਕਮੇਟੀਆਂ ਬਣਾਈਆਂ ਗਈਆਂ। ਚੋਣਾਂ ਹੋਣ ਲੱਗੀਆਂ ਪਰ ਚੋਣਾਂ ਕਰਵਾਉਣ ਦਾ ਅਧਿਕਾਰ ਸਰਕਾਰ ਕੋਲ ਰਿਹਾ।

੩੧ ਦਸੰਬਰ (ਵੀਰਵੀਰ)— ਤੁਰਕੀ ਦੇ ਮੁਸਲਮਾਨ ਫਕੀਰ ਹਾਜੀ ਮੁਹੰਮਦ ਮਸਕੀਨ, ਸ੍ਰੀ ਹਰਿਮੰਦਰ ਸਾਹਿਬ ਲਈ ਚੰਦਨ ਦੀ ਲੱਕੜੀ, ਵਿਚੋਂ ਚੰਦਨ ਦੀਆਂ ਤਾਰਾਂ ਦਾ ਸੁੰਦਰ ਚੌਰ ਜੋ ਕਿ ਚੰਦਨ ਦੀ ਲਕੜਾ ਵਿਚੋਂ ਬਣਾਇਆ ਇਹ ਚੌਰ ਉਹਨਾਂ ਨੇ ੫ ਸਾਲ ੭ ਮਹੀਨੇ ਕਰੜੀ ਮਿਹਨਤ

ਨਾਲ ਤਿਆਰ ਕੀਤਾ ਸੀ। ਇਸ ਚੌਰ ਦਾ ਮੁਠਾ ਚਾਂਦੀ ਦਾ ਹੈ। ਸ੍ਰੀ ਅਕਾਲ ਤਖ਼ਤ ਵਿਖੇ ਉਹਨਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ ਅਤੇ ਸਾਰੀਆਂ ਸੰਗਤਾਂ ਨੂੰ ਚੌਰ ਦੇ ਦਰਸ਼ਨ ਕਰਵਾਏ ਗਏ। ਭਾਈ ਹੀਰਾ ਸਿੰਘ ਜੀ ਰਾਗੀ ਸਨ। ਇਹ ਚੌਰ ਤੋਸ਼ਾਖਾਨਾ ਵਿਚ ਰਖਿਆ ਹੈ।

ਸ੍ਰੀ ਹਰਿਮੰਦਰ ਬਾਰੇ ਕਿਹਾ, ਇਹ ਅਲਾਹ ਪਾਕ ਦਾ ਘਰ ਹੈ। ਸਰੋਵਰ ਆਬੇ-ਹਯਾਤ ਦਾ ਸਾਗਰ ਹੈ, ਇਸ ਦਰਬਾਰ ਦੀ ਸਾਜਨਾ ਖੁਦਾ ਨੇ ਆਪ ਕੀਤੀ ਹੈ।

੧੯੨੫—ਤਾਸ਼ਟਰੀ ਸੰਘ ਦੀ ਨੀਂਹ ਮਰਾਠਾ ਬ੍ਰਾਹਮਣ ਡਾ: ਹੈਜਵਾਰ ਵਲੋਂ ਰੱਖੀ ਗਈ। ਇਨ੍ਹਾਂ ਦੇ ਮੈਂਬਰ ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ ਮਰਹਟਾ ਮਹਾਰਾਣਾ ਪਰਤਾਪ ਦੀ ਜੁਝੀਰਤਾ ਦੇ ਗੀਤ ਗਾਉਂਦੇ ਸਨ।

ਸ਼੍ਰੋ. ਗੁ: ਪ੍ਰ: ਕਮੇਟੀ ਵਲੋਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਕਮੇਟੀ ਬਣਾਈ ਗਈ। ਸ: ਸੰਤੋਖ ਸਿੰਘ ਦੀ ਪੁਸਤਕ 'ਅਕਾਲੀ ਗੁੰਜ' ਸਰਕਾਰ ਵਲੋਂ ਜ਼ਬਤ ਕਰ ਲਈ ਗਈ ਸੀ।

੨੫ ਜਨਵਰੀ ੧੯੨੬ : ੩੭ ਅਕਾਲੀ ਲੀਡਰਾਂ ਵਿਚੋਂ ੨੦ ਅਕਾਲੀ ਲੀਡਰ ਸ: ਮਹਿਤਾਬ ਸਿੰਘ, ਬਾਵਾ ਹਰਕਿਸ਼ਨ ਸਿੰਘ, ਗਿਆਨੀ ਸ਼ੇਰ ਸਿੰਘ ਹੁਕਮ ਸਿੰਘ ਆਦਿ ਜੇਲ੍ਹ ਤੋਂ ਰਿਹਾ ਹੋ ਕੇ ਆ ਗਏ। ਬਾਕੀ ੧੭ ਲੀਡਰ ਮਾ: ਤਾਰਾ ਸਿੰਘ ਆਦਿ ਜੇਲ੍ਹ ਵਿਚ ਰਹੇ। ਸਿਖ ਲੀਡਰਾਂ ਦੇ ਦੋ ਗਰੁਪ ਬਣ ਗਏ।

੨੭ ਫਰਵਰੀ—ਲਾਰਡ ਰੀਡਿੰਗ ਅਤੇ ਮੈਲਕਮ ਹੈਲੀ ਦੁਸ਼ਟ ਹਾਕਮਾਂ ਵਲੋਂ ਜਥੇ ਕ੍ਰਿਸ਼ਨ ਸਿੰਘ ਗੜਗਜ,ਬਾਬੂ ਸੰਤਾ ਸਿੰਘ, ਧਰਮ ਸਿੰਘ, ਸ: ਨੰਦ ਸਿੰਘ, ਕਰਤਾਰ ਸਿੰਘ, ਕਰਮ ਸਿੰਘ ਸੈਂਟਰਲ ਜੇਲ੍ਹ ਲਾਹੌਰ ਵਿਖੇ ਨਿਰਦੋਸ਼ ੬ ਬੱਬਰ ਸਿੰਘਾਂ ਨੂੰ ਫਾਂਸੀ ਲਗਾਇਆ ਗਿਆ।

੨੦ ਮਾਰਚ—ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਵਿਚ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਦਾ ਮਤਾ ਪਾਸ ਕੀਤਾ ਗਿਆ।

—ਭਗਤ ਸਿੰਘ (ਸ਼ਹੀਦ) ਵਲੋਂ ਅੰ ਮ੍ਰਿਤਸਰ ਵਿਖੇ ਨੌ-ਜਵਾਨ ਭਾਰਤ ਸਭਾ ਇਨਕਲਾਬੀ ਲਹਿਰ ਸ਼ੁਰੂ ਕਰ ਕੇ 'ਕਿਰਤੀ' ਮੈਗਜ਼ੀਨ ਕਢਿਆ ਗਿਆ।

੨੨-੨੪ ਅਪ੍ਰੈਲ—੧੭ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਹੋਈ।

੨੬ ਜੂਨ—ਗੁਰਦੁਆਰਾ ਐਕਟ ਅਨੁਸਾਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈ ਮਾਂ, ਸ਼੍ਰੋ: ਗੁ: ਪ੍ਰ: ਕਮੇਟੀ ਸਿੱਖਾਂ ਦੀ ਧਾਰਮਕ ਪਾਰਲੀਮੈਂਟ

ਹੈ। ਇਸਤਰੀਆ ਨੂੰ ਵੀ ਵੋਟ ਦਾ ਬਰਾਬਰ ਦਾ ਹੱਕ ਹੈ ਉਦੋਂ ਬਰਤਾਨੀਆਂ ਵਿਚ ਵੀ ਇਸਤਰੀਆਂ ਨੂੰ ਵੋਟ ਦਾ ਹੱਕ ਨਹੀਂ ਸੀ।

੧੯੨੬-ਅਖਬਾਰ 'ਅਸਲੀ ਕੌਮੀ ਦਰਦ' ਰਾਹੀਂ ਪ੍ਰਚਾਰ ਹੁੰਦਾ ਸੀ।

੧੭ ਜੁਲਾਈ-ਸ: ਤੇਜਾ ਸਿੰਘ ਸਮੁੰਦਰੀ ਲਾਹੌਰ ਜ਼ਲ੍ਹ ਵਿਚ ਸ਼ਹੀਦ ਹੋ ਗਏ। ਇਨ੍ਹਾਂ ਦੀ ਯਾਦ ਵਿਚ ਸ਼੍ਰੋ ਕਮੇਟੀ ਦੇ ਹਾਲ ਦਾ ਨਾਮ ਸਮੁੰਦਰੀ ਹਾਲ ਹੈ।

੨ ਸਤੰਬਰ-ਪੰਥ ਦੇ ਉਘੇ ਵਿਦਵਾਨ ਭਾਗੀ ਹੀਰਾ ਸਿੰਘ ਦਰਦ ਅਕਾਲ ਚਲਾਣਾ ਕਰ ਗਏ।

੧੩ ਸਤੰਬਰ-ਸਰਕਾਰ ਨੇ ਸਾਰੇ ਕਾਲੇ ਐਲਾਨ ਵਾਪਸ ਲੈ ਲਏ।

੨੭ ਸਤੰਬਰ-ਪੰਥ ਦੇ ਬਾਕੀ ਸਾਰੇ ਸ਼ੂਰਬੀਰ ਧਰਮੀ ਲੀਡਰ, ਜਥੇਦਾਰ ਜਿਹਾ ਹੋ ਕੇ, ਸ੍ਰੀ ਦਰਬਾਰ ਸਾਹਿਬ, ਸ਼ੁਕਰਾਨਾ ਕਰਨ ਪਹੁੰਚ।

-ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾ ਹੋਈਆਂ, ਮੈਂਬਰਾਂ ਦੀ ਮਿਆਦ ਤਿੰਨ ਸਾਲ ਹੁੰਦੀ ਸੀ।

੨ ਅਕਤੂਬਰ-ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਾਰੇ ਮੈਂਬਰਾਂ ਦੀ ਪਹਿਲੀ ਇਕਤਰਤਾ ਹੋਈ ਪ੍ਰਧਾਨ ਬਾਬਾ ਖੜਕ ਸਿੰਘ (ਜ ਹਾਲਾਂ ਜੇਲ੍ਹ ਵਿਚ ਸਨ), ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਚੁਣੇ ਗਏ। ਦੂਜਾ ਧੜਾ ਸ: ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ ਅਤੇ ਹੁਕਮ ਸਿੰਘ ਸਨ।

੪ ਦਸੰਬਰ-ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ੭੫੦ ਇਤਿਹਾਸਕ ਗੁਰ-ਅਸਥਾਨਾਂ ਦੇ ਪ੍ਰਬੰਧ ਸੰਭਾਲ ਕੇ ਕਾਰਜ ਚਲਾਉਣੇ ਸ਼ੁਰੂ ਹੋਏ।

੧੭ ਜਨਵਰੀ ੧੯੨੭-ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸਿੱਖ ਇਤਿਹਾਸ ਦੀ ਜਾਣਕਾਰੀ ਵਾਸਤੇ ਗੁਰੂ ਰਾਮਦਾਸ ਲਾਇਬਰੇਰੀ ਕਾਇਮ ਹੋਈ, ਜੋ ਹੁਣ ਤਕ ਹੈ। ਸਰਕਾਰ ਨੇ ਨਵੀਂ ਚੁਣੀ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਪ੍ਰਵਾਨ ਕਰ ਲਿਆ।

੨੧ ਜਨਵਰੀ-ਪੰਥ ਦੇ ਮਹਾਨ ਸੰਤ ਅਤਰ ਸਿੰਘ ਮਸਤੂਆਣਾ ਆਪਣੀ ਜੀਵਨ ਯਾਤਰਾ ਸਫਲ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਬਿਰਾਜ ਗਏ। ਹਰ ਸਾਲ ਯਾਦ ਮਨਾਈ ਜਾਂਦੀ ਹੈ।

ਮਾਰਚ-ਸ: ਖੜਕ ਸਿੰਘ ਬੇ-ਤਾਜ ਬਾਦਸ਼ਾਹ ਪ੍ਰਧਾਨ ਸ਼੍ਰੋ: ਕਮੇਟੀ ਨੂੰ ਜੇਹਲ ਤੋਂ ਰਿਹਾ ਕੀਤਾ ਗਿਆ।

੧੫-੧੭ ਅਪ੍ਰੈਲ-੧੮ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਭਾਵਲਪਿੰਡੀ ਹੋਈ।

–ਸੀ ਰਾਜਪਾਲ ਨੇ ਇਸਲਾਮ ਧਰਮ ਦੇ ਮੋਢੀ ਮੁਹੰਮਦ ਦੇ ਜੀਵਨ ਸਬੰਧੀ ਇਕ ਪੁਸਤਕ 'ਰੰਗੀਲਾ ਰਸੂਲ' ਛਾਪੀ ਤਾਂ ਮੁਸਲਮਾਨਾਂ ਵਲੋਂ ਹਿੰਦੂਆਂ ਉਪਰ ਦੰਗੇ ਕੀਤੇ, ਅਕਾਲੀ ਸਿੰਘਾਂ ਨੇ ਸਮਝੌਤਾ ਕਰਵਾ ਕੇ ਪੁਸਤਕ ਦਾ ਨਾਮ ਮਕੱਦਸ ਨਸ਼ਲ ਰੱਖ ਕੇ ਮਾਹੌਲ ਸ਼ਾਂਤ ਕਰਾਇਆ। ਹਾਈ ਕੋਰਟ ਵਿਚ ਹੱਤਕ ਇਜ਼ਤ ਦਾ ਮਕੱਦਮਾ ਕੀਤਾ ਪਰ ਜਸਟਿਸ ਦਲੀਪ ਸਿੰਘ ਨੇ ਪਰਾ ਇਨਸਾਫ਼ ਕਰਦੇ ਦੋਸ਼ੀ ਨੂੰ ਬਾ-ਇਜ਼ਤ ਬਰੀ ਕਰ ਦਿਤਾ ਤਾਂ ਮੁਸਲਮਾਨ ਸਿਖਾਂ ਦੇ ਵਿਰੋਧੀ ਬਣ ਗਏ।

–ਨਨਕਾਣਾ ਸਾਹਿਬ ਦੇ ਸਹੀਦਾਂ ਦੀ ਯਾਦ ਵਿਚ ਸਹੀਦ ਸਿਖ ਮਿਸਨਰੀ ਕਾਲਜ, ਰਣਜੀਤਪੁਰਾ, ਅੰਮ੍ਰਿਤਸਰ ਖੋਲ੍ਹਿਆ ਗਿਆ, ਜੋ ਗਰਮਤਿ ਪ੍ਰਚਾਰ ਵਾਸਤੇ ਮਿਸਨਰੀ ਪ੍ਰਚਾਰਕ ਤਿਆਰ ਕਰਦਾ ਹੈ।

–ਲਾਜਪਤ ਰਾਏ ਨੇ ਆਪਣੇ ਅਖਬਾਰ 'ਬੰਦੇ ਮਾਤਰਮ' ਵਿਚ ਸੂਰਬੀਰ ਸਿੰਘਾਂ ਦੀ ਪ੍ਰਸੰਸਾ ਕੀਤੀ :–

"ਸ੍ਰੀ ਰਾਜ ਕਾ ਜੋ ਤਾਜ ਹੋ ਅਪਨੇ ਦੇਸ ਮੇਂ, ਹੋਗਾ ਤੁਮ੍ਹਾਰੇ
ਹਾਥ ਮੇ ਝੰਡਾ ਅਕਾਲੀਓ।"
ਭਾਰਤ ਕੇ ਹਮ ਕਪੂਤ ਹੈਂ ਔਰ ਆਪ ਹੈਂ ਸਪੂਤ
ਘਰ ਘਰ ਮੇਂ ਹੋ ਰਿਹਾ ਯਹੀ ਚਰਚਾ ਅਕਾਲੀਓ।"

–ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਸ: ਸੇਵਾ ਸਿੰਘ ਠੀਕਰੀ-ਵਾਲਾ ਅਤੇ ਸ; ਹਰਚੰਦ ਸਿੰਘ ਜੇਜੀ ਨੂੰ ਪਟਿਆਲਾ ਜੇਹਲ ਵਿਚ ਨਜ਼ਰਬੰਦ ਕੀਤਾ ਤਾਂ ਸ੍ਰੀ ਅਕਾਲ ਤਖਤ ਤੋਂ ਮਤਾ ਪਾਸ ਕਰਕੇ ਮਹਾਰਾਜਾ ਪਟਿਆਲਾ ਨੂੰ ਭੇਜ ਕੇ, ਬਾਬਾ ਖੜਕ ਸਿੰਘ ਪ੍ਰਧਾਨ ਵਲੋਂ ਸਿੰਘਾਂ ਨੂੰ ਰਿਹਾ ਕਰਵਾਉਣ ਵਾਸਤੇ ਅਕਾਲ ਤਖਤ ਵਿਖੇ ਅਰਦਾਸ ਕਰਕੇ ਮੋਰਚਾ ਲਗਾਇਆ ਗਿਆ।

੧੯੨੮–ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਆਪਣੀਆਂ ਕਾਰਵਾਈਆਂ ਦੀ ਜਾਣਕਾਰੀ ਦੇਣ ਵਾਸਤੇ ਮਾਸਕ ਗੁਰਦਆਰਾ ਗਜ਼ਟ ਸ਼ੁਰੂ ਕੀਤਾ ਗਿਆ, ਜੋ ਲਗਾਤਾਰ ਹਣ ਤਕ ਚਾਲ ਹੈ।

–ਸ: ਭਗਤ ਸਿੰਘ (ਸ਼ਹੀਦ) ਵਲੋਂ ਨੌਜਵਾਨ ਭਾਰਤ ਸਭਾ ਦਾ ਨਾਮ ਤਬਦੀਲ ਕਰਕੇ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਰਖ ਕੇ ਇਨਕਲਾਬੀ ਕਾਰਵਾਈਆਂ ਤੇਜ਼ ਕੀਤੀਆਂ ਜਾਣ ਲਗੀਆਂ।

੨ ਮਾਰਚ–ਸੈਂਟਰਲ ਸਿੱਖ ਲੀਗ ਵਲੋਂ ਗੰਜੂ ਪੰਡਤ ਮੋਤੀ ਲਾਲ ਨਹਿਰੂ ਦਾ ਵਿਰੋਧ ਕੀਤਾ ਗਿਆ, ਨਹਿਰੂ ਰਪੋਟ ਵਾਪਸ ਕਰਵਾਈ ਗਈ।

ਪੰਥ ਦਾ ਮਤਾ ਇਹ ਹੈ ;—
"ਅਸੀਂ ਅਜਿਹਾ ਸਵਰਾਜ ਚਾਹੁੰਦੇ ਹਾਂ ਜੋ ਸਡੇ ਉਤੇ ਹਕੂਮਤ ਕਰਨ ਦੀ ਇੱਛਾ ਨ ਕਰੇ।"

–ਜ: ਊਧਮ ਸਿੰਘ ਅਮਰੀਕਾ ਤੋਂ ਅਸਲਾ ਲੈ ਕੇ ਅੰਮ੍ਰਿਤਸਰ ਪਹੁੰਚਿਆ ਇਥੇ ਹੀ ਗਿਰਫਤਾਰ ਕਰ ਲਿਆ ਗਿਆ ੪ ਸਾਲ ਸਖਤ ਸਜ਼ਾ ਹੋ ਗਈ।

–ਨਹਿਰੂ ਕਮੇਟੀ ਵਲੋਂ ਸਿਖਾਂ ਨੂੰ ਕਿਰਪਾਨ ਪਹਿਨਣ ਦਾ ਅਧਿਕਾਰ ਪ੍ਰਵਾਨ ਹੈ।

੬–੮ ਅਪ੍ਰੈਲ–੧੬ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਮਿੰਟਗੁਮਰੀ ਹੋਈ।

੩੦ ਅਕਤੂਬਰ–ਸਾਈਮਨ ਕਮਿਸ਼ਨ ਵਿਰੁਧ ਰੋਸ ਮੁਜ਼ਾਹਰਾ ਕਰਨ ਲਈ ਲਾਹੌਰ ਵਿਖੇ ਸਿੰਘਾਂ ਨੇ ਮੋਰੀ ਦਰਵਾਜ਼ੇ ਤੋਂ ਜਲੂਸ ਕਢਿਆ, ਨਾਹਰੇ "ਸਾਈਮਨ ਗੋ ਬੈਕ" ਲਗਾਏ, ਦੁਸ਼ਟ ਪੁਲਸ ਵਲੋਂ ਸਿੰਘਾਂ ਉਪਰ ਜ਼ੁਲਮ ਹੋਇਆ, ਉਸ ਮੌਕੇ ਲਾਜਪਤ ਰਾਏ ਕਾਂਗਰਸ ਦਾ ਪ੍ਰਧਾਨ ਸੀ, ਇਸ ਨੂੰ ਇਕ ਹੰਟਰ ਲਗਾ, ਇਕ ਹੰਟਰ ਡਾਕਟਰ ਸਤਿਆਪਾਲ ਨੂੰ ਲਗਾ, ਡਾਕਟਰ ਗੋਪੀ ਚੰਦ, ਮੌਲਾਨਾ ਅਬਦੁਲ ਕਾਦਰ ਨੂੰ ਵੀ ਡਾਂਗਾਂ ਲਗੀਆਂ ਦੁਸ਼ਟ ਸੌਂਦਰਜ਼ ਏ. ਐਸ. ਪੀ. ਵਲੋਂ ਜ਼ੁਲਮ ਕੀਤੇ ਗਏ। ਸ: ਭਗਤ ਸਿੰਘ ਸ਼ਹੀਦ ਨੇ ਇਸ ਸੌਂਦਰਜ਼ ਨੂੰ ਗੋਲੀ ਮਾਰ ਕੇ ਬਦਲਾ ਲਿਆ ਅਤੇ ਆਪ ਸ਼ਹੀਦੀ ਪ੍ਰਵਾਨ ਕੀਤੀ।

੨੭ ਨਵੰਬਰ–ਲਾਜਪਤ ਰਾਏ ਦੀ ਮੌਤ ਅਚਾਨਕ ਦਿਲ ਦਾ ਦੌਰਾ ਪੈ ਜਾਣ ਨਾਲ ਹੋ ਗਈ, ਖਬਰ ੨੮ ਨਵੰਬਰ ਅਗਲੇ ਦਿਨ ਛਪੀ ਤਾਂ ਪ੍ਰਸਿਧ ਕਰ ਦਿਤਾ ਗਿਆ ਕਿ ਅਮਰ ਸ਼ਹੀਦ ਹੈ, ਹਰ ਸਾਲ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ, ਹੈਰਾਨੀ ਹੈ ਕਿ ਹੰਟਰ ੩੦ ਅਕਤੂਬਰ ਨੂੰ ਲਗਾ ਸੀ ਅਤੇ, ਪੂਰੇ ੨੭ ਦਿਨਾਂ ਤੋਂ ਪਿਛੋਂ ਘਰ ਵਿਚ ਦਿਲ ਦਾ ਦੌਰਾ ਪੈ ਜਾਣ ਨਾਲ ਮੌਤ ਹੋਈ, ਇਹ ਸ਼ਹੀਦੀ ਕਿਵੇਂ ਕਹੀ ਜਾ ਸਕਦੀ ਹੈ ? ਕਿਸੇ ਗੰਗੂ ਨੇ ਕਦੇ ਸ਼ਹੀਦੀ ਨਹੀਂ ਦਿਤੀ।

ਮਾਰਚ ੧੯੨੯–ਸ਼੍ਰੋ: ਗ: ਪ੍ਰ: ਕਮੇਟੀ ਵਲੋਂ ਦਿਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਕਰਵਾਈਆਂ ਗਈਆਂ।

੨੯-੩੧ ਮਾਰਚ ੨ ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਸਰਗੋਧਾ ਹੋਈ।

੮ ਅਪ੍ਰੈਲ–ਭਗਤ ਸਿੰਘ (ਸ਼ਹੀਦ) ਨੇ ਅਸੈਂਬਲੀ ਵਿਚ ਬੰਬ ਸੁਟਿਆ, ਆਜ਼ਾਦੀ ਦੀ ਲਹਿਰ ਚਲਾ ਦਿਤੀ।

–ਅੰਮ੍ਰਿਤਸਰ ਵਿਖੇ ਮੈਡੀਕਲ ਕਾਲਜ ਦੀ ਇਮਾਰਤ ਦੀ ਨੀਹ ਰਖੀ ਗਈ ਜੋ ਸੰਸਾਰ ਪ੍ਰਸਿਧ ਕਾਲਜ ਹੈ।

–ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਲਾਨਾ ਇਜਲਾਸ ਕਲਕਤਾ ਵਿਖੇ ਹੋਇਆ, ਗੰਗੂ ਪੰਡਤ ਨਹਿਰੂ ੧੯੨੬ ਤੋਂ ਲਗਾਤਾਰ ਪ੍ਰਧਾਨ ਸੀ. ਮੁਸਲਮਾਨ ਜਿਨਾਹ ਨੂੰ ਕਾਂਗਰਸ ਦਾ ਪ੍ਰਧਾਨ ਬਣਾਉਣਾ ਚਾਹੁੰਦੇ ਸਨ, ਪਰ ਗੰਗੂ ਪੰਡਤ ਮੋਤੀ ਲਾਲ ਨੇ ਜਿਨਾਹ ਦੇ ਆਚਰਣ ਸਬੰਧੀ ਅਸ਼ਲੀਲ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਜਵਾਹਰ ਲਾਲ ਨੂੰ ਦੋਬਾਰਾ ਪ੍ਰਧਾਨ ਬਣਾਉਣ ਵਾਸਤੇ ਬਾਬਾ ਖੜਕ ਸਿੰਘ ਤੋਂ ਸਹਾਇਤਾ ਦੀ ਭੀਖ ਮੰਗੀ, ਸਿਖਾਂ ਨੂੰ ਪੂਰਨ ਆਜ਼ਾਦੀ ਦਾ ਵਿਸ਼ਵਾਸ਼ ਦਿਤਾ ਗਿਆ, ਮਤੇ ਪਾਸ ਕੀਤੇ ਗਏ। ਜਿਨਾਹ, ਗੰਗੂ ਪੰਡਤਾਂ ਨੂੰ ਨਫ਼ਰਤ ਕਰਨ ਲਗਾ ਅਤੇ ਵਖਰੇ ਪਾਕਿਸਤਾਨ ਦੀ ਗਲ ਸ਼ੁਰੂ ਕਰਨ ਲਗਾ।

ਦਸੰਬਰ–ਕਾਂਗਰਸ ਦਾ ਇਜਲਾਸ ਲਾਹੌਰ ਵਿਖੇ ਹੋਇਆ ਗੰਗੂ ਪੰਡਤ ਨਹਿਰੂ ਨੇ ਸੂਰਬੀਰ ਸਿੰਘਾਂ ਦੀਆਂ ਕੁਰਬਾਨੀਆਂ ਦੀ ਪ੍ਰਸੰਸਾ ਕੀਤੀ, ਆਪਣਾ ਭਾਸ਼ਨ ਸਤਿ ਸ੍ਰੀ ਅਕਾਲ ਕਹਿ ਕੇ ਸਮਾਪਤ ਕੀਤਾ, ਸਿੰਘਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਤ ਹੋ ਕੇ ਪੂਰਨ ਆਜ਼ਾਦੀ ਸਵਰਾਜ ਦਾ ਨਾਹਰਾ ਲਗਾਉਣਾ ਸ਼ੁਰੂ ਕੀਤਾ। ਬਾਬਾ ਖੜਕ ਸਿੰਘ ਜੀ ਦੀ ਪ੍ਰਧਾਨਗੀ ਵਿਚ ਸੈਂਟਰਲ ਸਿਖ ਲੀਗ ਦਾ ਭਾਰੀ ਸਮਾਗਮ ਹੋਇਆ ਭਾਰੀ ਤੰਣਕਾਂ ਠਾਠ ਵੇਖ ਕੇ ਗੰਗੂ ਪੰਡਤ ਨਹਿਰੂ ਨੂੰ ਪਿਸੂ ਪੈ ਗਏ ਅਤੇ ਸਿੱਖਾਂ ਦੀ ਪ੍ਰਸੰਸਾ ਕਰਨ ਲਗ ਪਿਆ।

ਅੰਮ੍ਰਿਤਸਰ ਵਿਚ ਕਾਂਗਰਸ ਕਮੇਟੀ ਦਾ ਦਫਤਰ ਕਾਇਮ ਕਰਕੇ ਸ੍ਰੀ ਏ. ਟੀ. ਗਿਡਵਾਨੀ ਅਤੇ ਕੇ. ਐਮ. ਪਾਨੀਕਾਰ ਇੰਚਾਰਜ ਬਣੇ। ਗਾਂਧੀ ਨਹਿਰੂ, ਨੇ ਬਾਬਾ ਖੜਕ ਸਿੰਘ ਨੂੰ ਬੇ-ਤਾਜ ਬਾਦਸ਼ਾਹ ਕਹਿਣਾ ਸ਼ੁਰੂ ਕੀਤਾ ਕਿ ਦੇਸ਼ ਵਾਸਤੇ ਕੋਈ ਰਾਜ ਬਣਤਰ, ਸਿਖਾਂ ਦੀ ਮਰਜ਼ੀ ਖੁਸ਼ੀ ਅਨੁਸਾਰ ਹੀ ਬਣਾਇਆ ਜਾਵੇਗਾ।" ਆਜ਼ਾਦ ਭਾਰਤ ਦਾ ਕੋਈ ਵੀ ਸੰਵਿਧਾਨ ਐਸਾ ਨਹੀਂ ਬਣਾਇਆ ਜਾਵੇਗਾ ਜੋ ਸਿੱਖਾਂ ਨੂੰ ਪ੍ਰਵਾਨ ਨਹੀਂ ਹੋਵੇਗਾ।"

ਦੇਸ਼ ਦੇ ਝੰਡੇ ਦੇ ਤਿੰਨ ਰੰਗ, ਸਿਖਾਂ ਦਾ ਕੇਸਰੀ ਗੰਗੂ ਪੰਡਤਾਂ ਦਾ ਚਿੱਟਾ ਅਤੇ ਮੁਸਲਮਾਨਾਂ ਦਾ ਅਹਿਰਾਰੀ ਹਰਾ ਰੰਗ ਜੋ ਕਿ ਦੇਸ਼ ਵਿਚ ਤਿੰਨ ਕੌਮਾਂ ਹਨ, ਇਨ੍ਹਾਂ ਤਿੰਨਾਂ ਕੌਮਾਂ ਦੇ ਨਿਸ਼ਾਨਾ ਨੂੰ ਰਲਾ ਕੇ ਭਾਰਤ ਦੀ ਰਾਸ਼ਟਰੀ, ਨੈਸ਼ਨਲ ਕਾਂਗਰਸ ਦਾ ਤਿਰੰਗਾ

ਝੰਡਾ ਬਣਾਇਆ ਗਿਆ।

੧੯੩੦–ਤਖਤ ਸ੍ਰੀ ਪਟਨਾ ਸਾਹਿਬ ਵਿਚੇ ਸ: ਸਨਮੁਖ ਸਿੰਘ ਜਥੇਦਾਰ ਬਣ ਗਏ। ਬਾਬਾ ਕਰਤਾਰ ਸਿੰਘ ਬੇਦੀ ਸਰਬਰਾਹ ਸਨ।

ਅਪ੍ਰੈਲ–ਸ਼੍ਰੋ: ਗ: ਪ: ਕਮੇਟੀ ਵਲੋਂ ਬਿਜਲੀ ਰੌਸ਼ਨੀ ਦਾ ਪ੍ਰਬੰਧ ਸ੍ਰੀ ਹਰਿਮੰਦਰ ਸਾਹਿਬ ਦਰਬਾਰ, ਗਰੂ ਨਾਮ ਦਾਸ ਨਿਵਾਸ, ਬਾਬਾ ਅਟਲ, ਗੁਰਦੁਆਰਾ ਰਾਮ ਸਰ, ਬਿਬੇਕਸਰ, ਗੁਰਦਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਆਦਿ ਸਾਰੇ ਅਸਥਾਨਾਂ ਤੇ ਲਗਵਾਈ ਗਈ।

–ਸ: ਕਰਮ ਸਿੰਘ ਇਤਿਹਾਸਕਾਰ ਅਕਾਲ ਚਲਾਣਾ ਕਰ ਗਏ।

–ਦੁਸ਼ਟ ਜਨਰਲ ਡਾਇਰ ਅਧਰੰਗ ਹੋ ਜਾਣ ਕਾਰਣ ਮਰ ਗਿਆ।

੧੦ ਮਈ–ਸ਼ਕਰਵਾਰ ਸਿਵਲ ਨਾਫਰਮਾਨੀ ਲਹਿਰ ਲਈ ੧੦੦ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਮਾਸਟਰ ਤਾਰਾ ਸਿੰਘ ਨਾਲ ਪਿਸ਼ਾਵਰ ਗਿਆ, ਪਠਾਣਾਂ ਦੀ ਸਹਾਇਤਾ ਕੀਤੀ, ਆਪ ਗ੍ਰਿਫ਼ਤਾਰੀਆਂ ਦਿਤੀਆਂ ਦਿਲੀ ਕਾਂਗਰਸੀ ਗੰਗੂ, ਗੁਰਦਆਰਾ ਸੀਸ ਗੰਜ ਦੇ ਅੰਦਰ ਲੁਕ ਗਏ, ਤਾਂ ਦੁਸ਼ਟ ਹਾਕਮਾਂ ਵਲੋਂ ਸੀਸਗੰਜ ਤੇ ਗੋਲੀ ਚਲਾਈ ਗਈ ਸੀ।

ਨਵੰਬਰ–ਪਹਿਲੀ ਰਾਊਂਡ ਟੇਬਲ ਕਾਨਫਰੰਸ ਲੰਡਨ ਹੋਈ, ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ, ਸ: ਸੰਪੂਰਨ ਸਿੰਘ ਅਤੇ ਸ: ਉਜਲ ਸਿੰਘ ਉਥੇ ਸ਼ਾਮਲ ਹੋਏ।

ਸ਼੍ਰੋ: ਗ: ਪ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ ਉਦੋਂ ਇਨ੍ਹਾਂ ਦੀ ਮਿਆਦ ਤਿੰਨ ਸਾਲ ਹੁੰਦੀ ਸੀ।

ਡਾਕਟਰ ਮੁਹੰਮਦ ਇਕਬਾਲ ਨੇ ਮਸਲਮ ਲੀਗ ਦਾ ਇਜਲਾਸ ਅਲਾਹਬਾਦ ਕੀਤਾ ਉਥੋਂ ਮੁਸਲਮ-ਭਾਰਤ ਦਾ ਨਾਹਰਾ ਲਗਾਉਣਾ ਸ਼ੁਰੂ ਕੀਤਾ। ਉਦੋਂ ਕਿਸੇ ਗੰਗੂ ਨੇ ਇਤਰਾਜ਼ ਨਹੀਂ ਕੀਤਾ।

੧੨ ਅਕਤੂਬਰ- ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਬਣ ਗਏ।

੩੧ ਅਕਤੂਬਰ–ਭਾਈ ਗੁਰਦਾਸ ਰਾਮ ਸਪੁੱਤਰ ਲਾਲਾ ਹਰੀ ਚੰਦ ਅਗਰਵਾਲ ਵਸਨੀਕ ਜ਼ੀਰਾ, ਨੇ ਥਾਣਾ ਜ਼ੀਰਾ ਵਿਚ ਇਕ ਬੰਬ ਸੁਟਿਆ ਅਤੇ ਡੀ. ਆਈ. ਜੀ. ਅਤੇ ਹੋਰ ਪੁਲਸ ਅਫਸਰ ਜ਼ਖਮੀ ਹੋ ਗਏ ਅਤੇ ਦੁਸ਼ਟਾ ਤੋਂ ਆਜ਼ਾਦੀ ਦੀ ਖਾਤਰ ਆਪ ੨੭ ਮਈ ੧੯੩੪ ਨੂੰ ਸ਼ਹੀਦ ਹੋ ਗਿਆ। ਹਰ ਸਾਲ ਯਾਦ ਮਨਾਈ ਜਾਂਦੀ ਹੈ।

੧੯੩੧–ਦਰਬਾਰ ਸਾਹਿਬ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਸਬੰਧੀ ਵੇਰਵੇ ਇਕ ਰਿਪੋਰਟ ਤਿਆਰ ਕਰਕੇ ਛਾਪੀ ਗਈ।

੫ ਮਾਰਚ–ਗਾਂਧੀ-ਇਰਵਨ ਪੈਕਟ ਅਨੁਸਾਰ ਸਾਰੇ ਸਿਖ ਕੈਦੀਆਂ ਨੂੰ ਰਿਹਾ ਕਰ ਦਿਤਾ ਗਿਆ ਸ਼ੁਕਰਾਨਾ ਕੀਤਾ ਗਿਆ।

੧੦ ਮਾਰਚ–ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ ਵਿਖੇ ਸਮਾਗਮ ਸਮੇਂ ਪਹੁੰਚਿਆ ਤੇ ਸੂਰਬੀਰ ਸਿਖਾਂ ਦੀ ਪ੍ਰਸੰਸਾ ਕਰਦੇ ਕਿਹਾ : ਸਿਖ ਕੌਮ ਆਪਣੇ ਹੱਕ ਆਜ਼ਾਦੀ ਹਥਿਆਰਾਂ ਨਾਲ ਲੈਣਾ ਜਾਣਦੀ ਹੈ, ਜੋ ਇਸ ਦੀ ਰਹਿਤ ਮਰਯਾਦਾ ਦਾ ਹਿੱਸਾ ਹਨ।" ਅਸੀਂ ਇਨ੍ਹਾਂ ਨਾਲ ਕੀਤੇ ਇਕਰਾਰ ਹਰ ਕੀਮਤ ਤੇ ਨਿਭਾਵਾਂਗੇ।" ਸ਼ਕ ਕਰਦੇ ਹੋਏ।

ਸ: ਮਧਸੂਦਨ ਸਿੰਘ ਨੇ ਕਹਾ ਕਿ ਜੇ ਵਿਸ਼ਵਾਸਘਾਤ ਕਰੋਗੇ ਤਾਂ ਗਾਂਧੀ ਨੇ ਉਤਰ ਦਿਤਾ ਕਿ ਤੁਸਾਂ ਕਿਰਪਾਨ ਚੁਕ ਕੇ ਇਨਸਾਫ ਲੈ ਲੈਣਾ। ਗਾਂਧੀ ਦੇ ਸ਼ਬਦ ਯੋਗ ਇੰਡੀਆ ੧੯ ਮਾਰਚ ੧੯੩੧ ਵਿਚ ਛਪੇ ਹੋਏ ਹਨ।

ਸ੍ਰੀ ਦਰਬਾਰ ਸਾਹਿਬ ਵਿਖੇ ਨਕਾਸ਼ੀ ਦੇ ਕੰਮ ਭਾਈ ਬਿਸ਼ਨ ਸਿੰਘ, ਕਿਸ਼ਨ ਸਿੰਘ, ਮਹੰਤ ਈਸ਼ਰ ਸਿੰਘ, ਨਿਹਾਲ ਸਿੰਘ ਜਵਾਹਰ ਸਿੰਘ ਕਰਦੇ ਰਹੇ।

ਮਾਰਚ–ਪੰਜਾਬੀ ਦੇ ਅਲਬੇਲੇ ਵਿਦਵਾਨ ਕਵੀ ਪ੍ਰੋ: ਪੂਰਨ ਸਿੰਘ ਅਕਾਲ ਚਲਾਣਾ ਕਰ ਗਏ। ਰੰਗੂ ਮੋਤੀ ਲਾਲ ਨਹਿਰੂ ਮਰ ਗਿਆ।

੨੨ ਮਾਰਚ–ਨੌਜਵਾਨ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੇਹਲਾਂ ਵਿਚ ਨਜ਼ਰਬੰਦ, ਫਾਂਸੀ ਦੇ ਰਸਿਆਂ ਨੂੰ ਹੰਸ ਹੰਸ ਚੁੰਮਣ ਤੋਂ ਪਹਿਲਾਂ ਇਨਕਲਾਬ ਜ਼ਿੰਦਾਬਾਦ, ਬੰਦੇ-ਮਾਤਰਮ ਦੇ ਨਾਹਰੇ :

"ਸਰ ਫਿਰੋਸ਼ੀ ਕੀ ਤਮਨਾ ਅਬ ਹਮਾਰੇ ਦਿਲ ਮੇ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ-ਕਾਤਲ ਮੇਂ ਹੈ?"

ਸ: ਭਗਤ ਸਿੰਘ ਨੇ ਲਾਜਪਤ ਰਾਏ ਨੂੰ ਇਕ ਹੰਟਰ ਲਗਣ ਦੇ ਬਦਲੇ ਦੁਸ਼ਟ ਸਰਕਾਰ ਨੂੰ ਹਿਲਾ ਦਿਤਾ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਦੇਸ਼ ਵਾਸਤੇ ਕੁਰਬਾਨੀਆਂ ਦੇ ਇਤਿਹਾਸ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਦ੍ਰਿੜ ਰਖਿਆ, ਹੈਰਾਨੀ ਹੈ ਕਿ ਕਿਸੇ ਜ਼ਾਤ-ਅਭਿਮਾਨੀ ਆਰਯਾ ਸਮਾਜੀ ਨੇ ਲਾਜਪਤ ਰਾਏ ਦੀ ਸੱਟ ਦਾ ਬਦਲਾ ਲੈਣ ਦਾ ਹੌਸਲਾ ਨਹੀਂ ਕੀਤਾ।

੨੩ ਮਾਰਚ–ਸ. ਭਗਤ ਸਿੰਘ ਸ਼ਹੀਦ ਤੇ ਸਾਥੀਆਂ ਦੀਆਂ ਮਿਰਤਕ ਦੇਹਾਂ

ਦਾ ਸਸਕਾਰ, ਦੁਸ਼ਟ ਸਰਕਾਰ ਵਲੋਂ ਰਾਤ ਦੇ ਹਨ੍ਹੇਰੇ ਵਿਚ ਦਰਿਆ ਸਤਲੁਜ ਦੇ ਕੰਢੇ ਹੁਸੈਨੀ ਵਾਲਾ ਵਿਖੇ ਕਰ ਦਿਤਾ ਜੋ ਸੰਸਾਰ ਲਈ ਚਾਨਣ ਮੁਨਾਰਾ ਬਣ ਗਏ, ਇਨ੍ਹਾਂ ਦੀਆਂ ਸਮਾਧੀਆਂ ਤੇ ਹਰ ਦੇਸ਼ਵਾਸੀ ਹਮੇਸ਼ਾ ਲਈ ਫ਼ਖਰ ਮਹਿਸੂਸ ਕਰਦਾ ਰਹੇਗਾ।

–ਸ: ਰਤਨ ਸਿੰਘ ਦੇ ਜਥੇ ਦੇ ਸਿੰਘਾਂ ਨੂੰ ਅੰਡੇਮਾਨ ਤੋਂ ਲੈ ਜਾ ਰਹੇ ਸਨ ਤਾਂ ਸੂਰਬੀਰ ਸਿੰਘਾਂ ਨੇ ਦੁਸ਼ਟ ਹਾਕਮਾ ਨੂੰ ਕਤਲ ਕਰ ਦਿਤਾ ਆਪ ਕੁਰਬਾਨੀਆਂ ਦਿਤੀਆਂ, ਸਿੰਘਾਂ ਦੇ ਹੌਸਲੇ ਸ਼ਹੀਦੀਆਂ ਪਾਂਦੇ ਸਮੇਂ ਵੀ ਬੁਲੰਦ ਰਹੇ, ਸਿਮਰਨ ਕਰਦੇ ਰਹੇ।

੩–੫ ਅਪ੍ਰੈਲ–੨੧ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਅੰਮ੍ਰਿਤਸਰ ਹੋਈ।

–ਕਾਂਗਰਸ ਦਾ ਇਜਲਾਸ ਕਰਾਚੀ ਵਿਖੇ ਹੋਇਆ, ਉਥੇ ਸ਼ਹੀਦ ਭਗਤ ਸਿੰਘ ਨੂੰ ਪੰਜਾਬ ਦਾ ਸੂਰਬੀਰ ਕਹਿ ਕੇ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆ, ਗੋਰੂ ਪੰਡਤ ਨਹਿਰੂ ਨੇ ਸਿਖਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿਤੇ ਜਾਣ ਦੇ ਵਿਸ਼ਵਾਸ਼ ਦਿਵਾ ਕੇ ਪ੍ਰਣ ਕੀਤਾ।

ਮਈ–ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਦਿਲੀ ਗੁਰਦੁਆਰਾ ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਕਰਵਾਈਆਂ ਗਈਆਂ।

੧੭ ਮਈ–ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸੰਗਤਾ ਦੇ ਨਿਵਾਸ ਵਾਸਤੇ ਗੁਰੂ ਰਾਮਦਾਸ ਨਿਵਾਸ ਦੀ ਨੀਂਹ, ਅਰਦਾਸ ਕਰਕੇ ਪੰਜ ਪਿਆਰਿਆ ਹਥੋਂ ਰਖੀ ਭਾਰੀ ਰੌਣਕਾਂ ਹੋਈਆਂ।

੨੮ ਮਈ–ਮੁਸਲਮਾਨਾਂ ਨੇ ਕਸ਼ਮੀਰ ਆਜ਼ਾਦ ਕਰਵਾਉਣ ਦੀ ਲਹਿਰ ਸ਼ੁਰੂ ਕੀਤੀ।

੧੭ ਸਤੰਬਰ–ਦੂਜੀ ਰਉਂਡ ਟੇਬਲ ਕਾਨਫਰੰਸ ਵਿਚ ਸ: ਉਜਲ ਸਿਘ ਸ: ਸੰਪੂਰਨ ਸਿੰਘ ਸ਼ਾਮਲ ਹੁੰਦੇ, ਉਥੇ ਡਾਕਟਰ ਭੀਮ ਰਾਓ ਅੰ ਬੇਦਕਰ ਨੇ ਆਪਣੀ ਅਛੂਤ ਜਾਤੀਆ ਨਾਲ ਜ਼ਾਤ ਅਭਿਮਾਨੀਆਂ ਵਲੋਂ ਕੀਤੇ ਜਾਂਦੇ ਦੁਰ–ਵਿਹਾਰ ਬਾਰ ਗਲ ਕੀਤੀ ਤਾਂ ਵਿਚੋਂ ਗਲ ਟੋਕ ਕੇ ਮਹਾਤਮਾ ਗਾਂਧੀ ਨੇ ਕਿਹਾ ਕਿ ਭਾਰਤ ਦਾ ਲੀਡਰ ਮੈਂ ਹਾਂ, ਉਥੇ ਕਿਸੇ ਦਲਿਤ ਨਾਲ ਗੈਰ–ਮਨੁਖੀ ਵਿਹਾਰ ਨਹੀਂ ਹੁੰਦਾ ਤਾਂ ਡਾਕਟਰ ਅੰਬੇਦਕਰ ਨੇ ਬੜੇ ਕਰੋਧ ਵਿਚ ਗਾਂਧੀ ਨੂੰ ਝਾੜ ਪਾਂਦੇ ਸਪਸ਼ਟ ਕੀਤਾ ਕਿ ਭਾਰਤ ਦੀਆਂ ਦਲਤ ਜਾਤੀਆਂ ਦਾ ਲੀਡਰ ਮੈਂ ਹਾਂ ਗਾਂਧੀ ਨਹੀਂ ਅਤੇ ਨਾਸਕ ਵਿਖੇ ਵਾਪਰੀਆਂ ਗੈਰ–ਮਨੁੱਖੀ ਵਿਹਾਰ ਦੀਆਂ ਘਟਨਾਵਾਂ ਦਸੀਆਂ, ਅਤੇ ਗਾਂਧੀ ਨੂੰ ਸ਼ਰਮਸਾਰ ਕੀਤਾ।

੧ ਮਾਰਚ ੧੯੩੨-ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਮਹਾਰਾਜਾ ਕਸ਼ਮੀਰ ਨੂੰ ਗੁਰਦੁਆਰਾ ਪ੍ਰਬੰਧ ਵਿਚ ਦਖਲ ਨਾ ਦੇਣ ਬਾਰੇ ਲਿਖਿਆ ਗਿਆ।

੨੫-੨੭ ਮਾਰਚ—੨੨ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਵਿਖੇ ਹੋਈ।

੧੫ ਸਤੰਬਰ—ਮਹਾਤਮਾ ਗਾਂਧੀ ਨੇ ਆਪਣੇ ਅਖਬਾਰ 'ਹਰੀਜਨ' ਵਿਚ ਦਲਤ ਜਾਤੀਆਂ ਨੂੰ ਕੁਝ ਸਹੂਲਤਾਂ ਸਰਕਾਰ ਤੋਂ ਦਿਵਾਉਣ ਬਾਰੇ ਖਬਰਾਂ ਛਾਪੀਆਂ, ਗਾਂਧੀ ਪੂਨਾ ਵਿਖੇ ਜੇਹਲ ਵਿਚ ਸੀ, ਉਥੇ ਡਾਕਟਰ ਅੰਬੇਦਕਰ ਨਾਲ ਵਿਚਾਰਾਂ ਅਤੇ ਸਮਝੌਤੇ ਵੀ ਕੀਤੇ।

-ਬਾਬਾ ਕਰਮ ਸਿੰਘ ਜੀ ਬੇਦੀ ਅਤੇ ਸੰਤ ਸੋਹਨ ਸਿੰਘ ਜੀ ਟੀਹਰੀ ਗੜ੍ਹਵਾਲ ਨੇ ਸ੍ਰੀ ਹੇਮਕੁੰਟ ਦੇ ਤਪ-ਅਸਥਾਨ ਵਿਖੇ ਗੁਰਦੁਆਰਾ, ਸੰਗਤ ਪੰਗਤ ਦੇ ਪ੍ਰਚਾਰ ਚਲਾਉਣ ਵਾਸਤੇ ਉਪਰਾਲੇ ਸ਼ੁਰੂ ਕੀਤੇ।

੯ ਅਕਤੂਬਰ-ਸ਼੍ਰੋ: ਗੁ: ਪ੍: ਕਮੇਟੀ ਵਲੋਂ ੨੫ ਮਹਾਨ ਪੁਰਸ਼ਾਂ ਦੀ ਕਮੇਟੀ ਵਲੋਂ ਸਿਖ ਧਰਮ ਦੀ ਰਹਿਤ ਮਰਯਾਦਾ ਤਿਆਰ ਕਰਨ ਦੇ ਉਪਰਾਲੇ ਕੀਤੇ ਗਏ।

ਪ੍ਰੋ: ਤੇਜਾ ਸਿੰਘ. ਸੰਤ ਸੰਗਤ ਸਿੰਘ ਕਮਾਲੀਆ, ਸੰਤ ਗੁਲਾਬ ਸਿੰਘ ਘੋਲੀਆ, ਅਕਾਲੀ ਕੌਰ ਸਿੰਘ, ਸੰਤ ਮਾਨ ਸਿੰਘ ਕਨਖਲ, ਭਾਈ ਰਣਧੀਰ ਸਿੰਘ, ਭਾਈ ਵੀਰ ਸਿਘ, ਪ੍ਰੋ: ਜਧ ਸਿੰਘ: ਪ੍ਰੋ: ਗੰਗਾ ਸਿੰਘ ਪ੍ਰਿੰ: ਬਾਵਾ ਹਰਿਕ੍ਰਿਸ਼ਨ ਸਿੰਘ, ਪੰ: ਬਸੰਤ ਸਿੰਘ, ਭਾ: ਕਾਹਨ ਸਿੰਘ ਨਾਭਾ, ਗਿਆਨੀ ਸ਼ੇਰ ਸਿੰਘ, ਪੰਡਤ ਕਰਤਾਰ ਸਿੰਘ ਦਾਖਾ, ਪ੍ਰਿੰਸੀਪਲ ਧਰਮਾ ਅਨੰਤ ਸਿੰਘ, ਸ: ਭਾਗ ਸਿੰਘ ਐਡਵੋਕੇਟ ਗੁਰਦਾਸਪੁਰ ਬਾਵਾ ਪ੍ਰੇਮ ਸਿੰਘ, ਸ: ਵਸਾਵਾ ਸਿਘ ਸਕੱਤਰ, ਮਾਸਟਰ ਤਾਰਾ ਸਿੰਘ ਚਾਰੇ ਤਖਤਾਂ ਦੇ ਜਥੇਦਾਰ ਸ਼ਾਮਲ ਹੋਏ।

ਨਵੰਬਰ ੧੯੩੨—ਤੀਜੀ ਰਾਉਂਡ ਟੇਬਲ ਕਾਨਫਰੰਸ ਹੋਈ ਉਥੇ ਅੰਗਰੇਜ਼ ਹਾਕਮਾਂ ਨੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਨੂੰ ਗੰਗੂ ਪੰਡਤਾਂ ਦੀਆਂ ਲੰਬੜ ਚਾਲਾਂ ਤੋਂ ਸੁਚੇਤ ਵੀ ਕੀਤਾ ਸੀ, ਸਪਸ਼ਟ ਕਿਹਾ ਕਿ ਸਿਖ ਆਪਣੇ ਸਬੰਧ ਇਨ੍ਹਾਂ ਮਕਾਰ ਗੰਗੂ ਪੰਡਤਾਂ ਤੋਂ ਤੋੜ ਲੈਣ ਤਾਂ ਅੰਗਰੇਜ਼ ਉਨ੍ਹਾਂ ਤੋਂ ਲਿਆ ਰਾਜ ਪ੍ਰਬੰਧ ਸਿਖਾਂ ਨੂੰ ਵਖ ਸੌਂਪ ਦੇਣਗੇ। ਸਿਖਾਂ ਦੀਆਂ ਕੁਰਬਾਨੀਆਂ ਸਿਵਲ ਨਾ-ਫਰਮਾਨੀ ਲਹਿਰ ਵਿਚ ਸਿੱਖਾਂ ਨੇ ਸਾਰੀਆਂ ਜੇਹਲਾਂ ਭਰ ਦਿਤੀਆਂ ਸਨ, ਅੰਗਰੇ ਸਿਖਾਂ ਦੀ ਈਮਾਨਦਾਰੀ ਸੂਰਬੀਰਤਾ ਦੀ ਕਦਰ ਕਰਦੇ ਸਨ।

ਇਹ ਫੈਰਵੇ ਸ: ਕਪੂਰ ਸਿੰਘ ਆਈ. ਸੀ. ਐਸ. ਨੇ ਆਪਣੀ

ਪੁਸਤਕ ਸੱਚੀ ਸਾਖੀ ਵਿਚ ਲਿਖੇ ਹਨ ਅਤੇ ਪਾਰਲੀਮੈਂਟ ਵਿਚ ਵੀ ਇਸ ਮਕਾਰ ਟੋਲੇ ਨੂੰ ਵਾਰਨਿੰਗ ਦੇ ਕੇ ਸ਼ਰਮਸਾਰ ਕੀਤਾ ਸੀ।

–ਸਰਦਾਰ ਬਹਾਦਰ ਪੰਥ ਦੇ ਧੜਲੇਦਾਰ ਵਕੀਲ ਸ: ਸ਼ਿਵਦੇਵ ਸਿੰਘ ਸਿਆਲਕੋਟ ਇੰਗਲੈਂਡ ਵਿਖੇ ਹੀ ਅਕਾਲ ਜਲਾਣਾ ਕਰ ਗਏ।

੨੮ ਫਰਵਰੀ ੧੯੩੩–ਮੁਹੰਮਦ ਅਲੀ ਜਿਨਾਹ ਨੇ ਇਨ੍ਹਾਂ ਗੰਜੂ ਪੰਡਤਾਂ ਦੀਆਂ ਲੰਬੜ ਚਾਲਾਂ ਤੋਂ ਸਾਵਧਾਨ ਹੋ ਕੇ ਵਖਰੇ ਇਲਾਕੇ, ਵਖ ਸੀਟਾਂ ਤੇ ਸਹੂਲਤਾਂ ਦੀ ਰਟ ਲਗਾਉਣੀ ਸ਼ੁਰੂ ਕਰ ਦਿਤੀ ਕਿ ਜਿਨ੍ਹਾਂ ਬੁਤ-ਪਰਸਤਾਂ ਦੇ ਕਲਪਤ ਦੇਵੀ ਦੇਵਤਿਆਂ ਦੇ ਬੁਤ ਇਕ ਹਜ਼ਾਰ ਸਾਲ ਤੋੜ ਕੇ ਹਕੂਮਤ ਕਰਦੇ ਰਹੇ ਹਾਂ, ਇਨ੍ਹਾਂ ਦੀ ਗੁਲਾਮੀ ਕਦੇ ਵੀ ਸਹਨ ਨਹੀਂ ਕੀਤੀ ਜਾ ਸਕਦੀ, ਹਿੰਦੂ, ਮੁਸਲਮਾਨਾਂ ਵਿਚ ਈਰਖਾ ਨਫ਼ਰਤ ਵਧਣ ਲਗੀ।

੧੪-੧੬ ਅਪ੍ਰੈਲ–੨੩ਵੀਂ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਪਿਸ਼ਾਵਰ ਵਿਖੇ ਹੋਈ।

–ਸ: ਧਰਮ ਸਿੰਘ, ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ ਅਕਾਲ ਚਲਾਣਾ ਕਰ ਗਏ।

—ਇਕ ਮੈਗਜ਼ੀਨ ਸਿਖ ਸੇਵਕ ਰਾਹੀਂ ਗੁਰਮਤਿ ਦਾ ਪ੍ਰਚਾਰ ਹੁੰਦਾ ਸੀ।

—ਸ੍ਰੀ ਅਕਾਲ ਤਖਤ ਤੋਂ ਪ੍ਰਣ ਕਰਕੇ ਨੌ-ਜਵਾਨ ਉਧਮ ਸਿੰਘ, ਦੁਸ਼ਟ ਓਡਵਾਇਰ ਨੂੰ ਕਤਲ ਕਰਨ ਵਾਸਤੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਰਖ ਕੇ ਸਵਿਟਜ਼ਰ ਲੈਂਡ, ਜਰਮਨੀ, ਹਾਲੈਂਡ ਫਰਾਂਸ ਤੋਂ ਹੁੰਦਾ ਹੋਇਆ ਲੰਡਨ ਪਹੁੰਚ ਗਿਆ, ਇੰਡੀਆ ਆਫਿਸ ਲੰਡਨ ਤੋਂ ਆਪਣੇ ਸ਼ਿਕਾਰ ਓਡਵਾਇਰ ਦਾ ਥਾਂ ਟਿਕਾਣਾ ਪਤਾ ਕਰਕੇ ਤਸੱਲੀ ਕਰਨ ਲਗਾ।

ਜਲ੍ਹਿਆਂ ਵਾਲੇ ਬਾਗ ਵਿਖੇ ਸੈਂਕੜੇ ਲੋਕ ਸ਼ਹੀਦ ਹੋਏ ਹਜ਼ਾਰਾਂ ਜ਼ਖਮੀ ਹੋਏ ਪਰ ਕਿਸੇ ਤ੍ਰਿਸ਼ੂਲ ਧਾਰੀ ਨੇ ਕਿਸੇ ਦੁਸ਼ਟ ਜ਼ਾਲਮ ਨੂੰ ਚਪੇੜ ਵੀ ਮਾਰਨ ਦਾ ਹੌਂਸਲਾ ਨਹੀਂ ਕੀਤਾ, ਇਨ੍ਹਾਂ ਦੀ ਅਣਖ ਅਤੇ ਦੇਸ਼ ਭਗਤੀ ਕੇਵਲ ਮਿਲਾਵਟਾਂ ਤੇ ਸਮਗਲਿੰਗ ਕਰਨ ਵਿਚ ਹੀ ਹੈ।

੧੭ ਜੂਨ–ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ ਸਨ। ਪ੍ਰਧਾਨ ਸ: ਗੋਪਾਲ ਸਿੰਘ ਕੌਮੀ ਬਣ ਗਏ ਅਤੇ ੨੮ ਅਕਤੂਬਰ, ੧੯੩੩ ਤਕ ਕੇਵਲ ਚਾਰ ਮਹੀਨੇ ਰਹੇ।

੨੯ ਅਕਤੂਬਰ–ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਪ੍ਰਤਾਪ ਸਿੰਘ ਸ਼ੰਕਰ

ਬਣ ਗਏ।

੩੦ ਮਾਰਚ—੧ ਅਪ੍ਰੈਲ ੧੯੩੪ ੨੪ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਰਾਵਲਪਿੰਡੀ ਵਿਖੇ ਹੋਈ।

੧੯੩੪–ਨੌਂ–ਜਵਾਨ ਭਗਤ ਪੂਰਨ ਸਿੰਘ ਜੀ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ, ਸੰਗਤ ਪੰਗਤ ਦੀ ਸੇਵਾ ਦੇ ਕਾਰਜ ਕਰਦੇ ਉਦੋਂ ਕੋਈ ਸਜਣ ਇਕ ਲੂਲ੍ਹਾ ਲਾਵਾਰਸ ਬੱਚਾ ਉਥੇ ਛਡ ਕੇ ਚਲਾ ਗਿਆ, ਗ੍ਰੰਥੀ ਭਾਈ ਅੱਛਰ ਸਿੰਘ ਨੇ ਭਗਤ ਪੂਰਨ ਸਿੰਘ ਨੂੰ ਸੌਂਪ ਦਿਤਾ, ਭਗਤ ਜੀ ਨੇ ਉਸ ਨੂੰ ਸਾਫ ਕਰਕੇ ਮੋਢੇ ਲਗਾ ਲਿਆ।

–ਸ: ਠਾਕਰ ਸਿੰਘ ਵਲੋਂ ਇੰਡੀਅਨ ਆਰਟਸ ਅਕਾਡਮੀ ਸ਼ੁਰ ਕੀਤੀ ਗਈ।

–ਸ਼੍ਰੋ: ਕਮੇਟੀ ਵਲੋਂ ਸ੍ਰੀ ਗੁਰੂ ਰਾਮਦਾਸ ਸਕੂਲ ਰਾਮਸਰ ਰੋਡ ਵਿਖੇ ਕਾਇਮ ਕੀਤਾ ਗਿਆ, ਰਾਮਗੜ੍ਹੀਆ ਖਾਲਸਾ ਸਕੂਲ ਨਗਰ ਨਿਗਮ ਲਾਗੇ ਸ਼ੁਰੂ ਕੀਤਾ ਗਿਆ।

੧੯–੨੧ ਅਪ੍ਰੈਲ ੨੫ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਗੁਜਰਾਂ ਵਾਲਾ ਵਿਖੇ ਹੋਈ।

ਮਈ ੧੯੩੫—ਖਾਲਸਾ ਕਾਲਜ ਦਾ ਪ੍ਰਿੰਸੀਪਲ ਭਾਈ ਜੋਧ ਸਿੰਘ ਸੀ, ਉਦੋਂ ਪ੍ਰੋ: ਨਰਿੰਜਨ ਸਿੰਘ ਅਤੇ ੪ ਹੋਰ ਸਿਖ ਪ੍ਰੋਫੈਸਰਾਂ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਗਿਆ, ਰੋਸ ਵਜੋਂ ੨੧ ਦਿਨ ਹੜਤਾਲ ਰਹੀ।

–ਚੀਫ਼ ਖਾਲਸਾ ਦੀਵਾਨ ਵਲੋਂ ਸਿਖ ਐਜੂਕੇਸ਼ਨਲ ਕਾਨਫਰੰਸ ਦੀ ਸਿਲਵਰ ਜੁਬਲੀ ਮਨਾਈ ਗਈ।

–ਭਾਈ ਵੀਰ ਸਿੰਘ ਜੀ, ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਵਲੋਂ ਸੈਂਟਰਲ ਖਾਲਸਾ ਯਤੀਮ ਖਾਨਾ ਵਿਚ ਨੇਤਰਹੀਨਾਂ ਦੀ ਸੰਭਾਲ ਸਹਾਇਤਾ ਵਾਸਤੇ ਸੂਰਮਾ ਸਿੰਘ ਆਸ਼ਰਮ ਕਾਇਮ ਕੀਤਾ ਗਿਆ, ਇਹਨਾਂ ਨੂੰ ਬਰੇਲ ਭਾਸ਼ਾ ਵਿਚ ਵਿਦਿਆ ਸਿਖਲਾਈ ਅਤੇ ਸ਼ਬਦ ਕੀਰਤਨ ਸਿਖਾਇਆ ਜਾਂਦਾ ਹੈ। ਪ੍ਰਿੰਸੀਪਲ ਗੁਰਜੰਟ ਸਿੰਘ ਸੂਰਮਾ ਸਿੰਘ ਹਨ।

—ਖਵਾਜਾ ਦਿਲ ਮੁਹੰਮਦ ਸਾਹਿਬ ਨੇ ਸ੍ਰੀ ਅੰਮ੍ਰਿਤਸਰ ਦਰਸ਼ਨ ਕਰਕੇ, ਸ਼ਬਦ-ਕੀਰਤਨ ਤੋਂ ਪ੍ਰਭਾਵਤ ਹੋ ਕੇ ਗੁਰਬਾਣੀ ਉਰਦੂ ਵਿਚ ਲਿਖਣੀ ਸ਼ੁਰੂ ਕੀਤੀ, ਸਟੀਕ ਵੀ ਤਿਆਰ ਕੀਤੇ ਮੁਸਲਮਾਨਾਂ ਨੂੰ ਗੁਰਬਾਣੀ ਦੀ ਪ੍ਰੇਰਣਾ ਦਿਤੀ।

੧੯੩੫–ਕੋਇਟਾ ਵਿਖੇ ਭਾਰੀ ਭੁਚਾਲ ਨਾਲ ਬਰਬਾਦੀ ਹੋਈ ਸੀ।

–ਸ: ਚਰਨ ਸਿੰਘ ਸ਼ਹੀਦ ਹਾਸ-ਵਿਅੰਗ ਦੇ ਪ੍ਰਸਿਧ ਕਵੀ ੫੪ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

–ਬਾਗ ਅਕਾਲੀਆਂ ਵਿਖੇ ਗੁਰਮਤਿ ਪ੍ਰਚਾਰ ਕਾਨਫਰੰਸ ਹੋਈ, ਡਾਕਟਰ ਭੀਮ ਰਾਓ ਬਾਬਾ ਸਾਹਿਬ ਅੰਬੇਦਕਰ ਇਸ ਸਮਾਗਮ ਵਿਚ ਸ਼ਾਮਲ ਹੋਏ, ਇਹ ਗੰਗੂ ਪੰਡਤਾਂ ਦੇ ਜ਼ਾਤ ਪਾਤ ਛੂਹਾ ਛੂਤ ਦੇ ੫ ਹਜ਼ਾਰ ਸਾਲ ਤੋਂ ਦੁਖੀ ਸਨ, ਬੁਧ ਧਰਮ ਵੀ ਕਮਜ਼ੋਰ ਸੀ, ਸਿਖ ਧਰਮ ਦੀ ਰਹਿਤ, ਮਨੁਖੀ ਭਾਈਚਾਰਾ, ਜ਼ੁਲਮ ਵਿਰੁਧ ਕੁਰਬਾਨੀ ਦੇਣਾ, ਸੰਗਤ ਪੰਗਤ ਦੇ ਪ੍ਰਵਾਹ ਵੇਖ ਕੇ ਬੜੇ ਪ੍ਰਭਾਵਤ ਹੋਏ, ਸ੍ਰੀ ਅਕਾਲ ਤਖਤ ਵਿਖੇ ਅੰਮ੍ਰਿਤ ਦਾ ਬਾਟਾ ਛਕ ਕੇ ਸਿੰਘ ਸਜਣ ਵਾਸਤੇ ਸੋਚਣ ਲਗੇ ਕਿ ਨੌਂ ਕਰੋੜ ਅਛੂਤ ਜਾਤੀਆਂ ਨੂੰ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਦੇ ਸੰਤ ਸਿਪਾਹੀ ਬਣਾਇਆ ਜਾਵੇ, ਆਪਣੇ ੧੪ ਸਾਥੀਆਂ ਨੂੰ ਸ਼ਹੀਦ ਸਿਖ ਮਿਸ਼ਨਰੀ ਕਾਲਜ ਵਿਚ ਦਾਖਲ ਕਰਵਾ ਦਿਤਾ।

ਬੰਬਈ ਜਾ ਕੇ ਮਾਟੁੰਗਾ ਵਿਖੇ, ਕਾਫੀ ਜ਼ਮੀਨ ਦਾ ਪ੍ਰਬੰਧ ਕਰਕੇ ਗੁਰੂ ਨਾਨਕ ਖਾਲਸਾ ਕਾਲਜ ਦੀ ਨੀਂਹ ਰਖੀ, ਆਪਣੇ ਦਲਿਤ ਲੋਕਾਂ ਨੂੰ ਪ੍ਰੇਰਣਾ ਦਿਤੀ ਤਾਂ ਮਹਾਤਮਾ ਗਾਂਧੀ ਨੂੰ ਪਿਸੂ ਪੈ ਗਏ, ਉਸ ਨੂੰ ਆਪਣੀਆਂ ਵੋਟਾਂ ਦੀ ਘਬਰਾਹਟ ਹੋਣ ਲਗੀ, ਤਾਂ ਸਾਬਰਮਤੀ ਆਸ਼ਰਮ ਆਦਿ ਬਾਰੇ ਸੋਚਣ ਲਗਾ।

–ਦਿਲੀ ਦੇ ਜੁਗਲ ਕਿਸ਼ੋਰ ਬਿਰਲਾ ਨੇ ਖਾਲਸਾ ਕਾਲਜ ਲਈ ੨੫ ਹਜ਼ਾਰ ਰੁਪੈ ਭੇਜੇ ਸਨ। ਗਾਂਧੀ ਨੇ ਡਾ: ਅੰਬੇਦਕਰ ਨੂੰ ਕਿਹਾ ਕਿ ਸਿਖ ਬਨ ਜਾਨੇ ਸੇ ਵੁਹ ਹਿੰਦੂ ਨਹੀਂ ਰਹੇਂਗੇ, ਅਛਾ ਹੈ ਵੋਹ ਮੁਸਲਮਾਨ ਬਨ ਜਾਏਂ ਤਾਂ ਮਾਸਟਰ ਸੁਜਾਨ ਸਿੰਘ ਅਤੇ ਤਾਰਾ ਸਿੰਘ ਨੇ ਗਾਂਧੀ ਨੂੰ ਕਿਹਾ ਤੂੰ ਨੈਸ਼ਨਲਿਸਟ ਦਾ ਢੌਂਗ ਕਰਦਾ, ਦੰਭੀ (**Hypocrite**) ਹੈਂ।

–ਸ: ਸੇਵਾ ਸਿੰਘ ਜੀ ਠੀਕਰੀ ਵਾਲਾ, ਪਟਿਆਲਾ ਜੇਹਲ ਵਿਚ ਸ਼ਹੀਦ ਹੋ ਗਏ, ਇਨ੍ਹਾਂ ਦਾ ਬੁੱਤ ਮਾਲ ਰੋਡ, ਫਾਊਂਟੈਨ ਚੌਂਕ ਵਿਚ ਸੁਭਾਏਮਾਨ ਹੈ, ਹਰ ਕੋਈ ਦੇਸ਼ ਵਾਸੀ ਨਮਸਕਾਰ ਕਰਦਾ ਹੈ, ਸ਼ਹੀਦੀ ਲਈ ਪ੍ਰੇਰਣਾ ਲੈਂਦਾ ਹੈ, ਹਰ ਸਾਲ ਯਾਦ ਵਿਚ ਭਾਰੀ ਰੌਣਕਾਂ ਹੁੰਦੀਆਂ ਹਨ।

੪ ਅਗਸਤ—**Govt. of India Act. 1935** ਲਾਗੂ ਕੀਤਾ ਗਿਆ।

—ਚੀਫ਼ ਖਾਲਸਾ ਦੀਵਾਨ ਵਲੋਂ ੨੫ਵੀਂ ਵਿਦਿਅਕ ਕਾਨਫਰੰਸ ਗੁਜਰਾਂਵਾਲਾ ਵਿਖੇ ਕੀਤੀ ਗਈ।

੧੯੩੬-ਗੰਗੂ ਪੰਡਤ ਜਵਾਹਰ ਲਾਲ ਨਹਿਰੂ ਦੀ ਪਤਨੀ ਕਮਲਾ ਮਰ ਗਈ, ਨਹਿਰੂ ਰੰਡਾ ਹੋ ਗਿਆ।

ਮਈ—ਕੋਚੀਨ ਵਿਖੇ ਦਲਿਤ ਜਾਤੀਆਂ ਦੀ ਕਾਨਫਰੰਸ ਵਿਚ ਮਾਸਟਰ ਤਾਰਾ ਸਿੰਘ ਨੇ ਸਿਖ ਧਰਮ ਦੀ ਮਹਾਨਤਾ ਦਰਸਾਈ ਸੀ।

—ਸਿਖ ਬਣਨਾ ਚਾਹੁੰਦੇ ਸਨ, ਇਨ੍ਹਾਂ ਨੇ ਮਹਾਤਮਾਂ ਗਾਂਧੀ ਦੇ ਵਿਚਾਰਾਂ ਵਿਰੁਧ ਪ੍ਰੋਟੈਸਟ ਕੀਤਾ, ਇਨ੍ਹਾਂ ਦੇ ਵਿਚਾਰ ਅਖਬਾਰ 'ਅਕਾਲੀ' ਅਤੇ ਖਾਲਸਾ ਸੇਵਕ ਮਿਤੀ ੪ ਅਤੇ ੧੧ ਜੂਨ, ੧੩ ਅਗਸਤ ੧੯੩੬ 'ਹਿੰਦੂ ਹੈਰਲਡ' ਖਾਲਸਾ ਸਮਾਚਾਰ ੨੭ ਅਗਸਤ ੧੯੩੬ ਵਿਚ ਛਪੇ ਹਨ।

—ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ, ਅਕਾਲ ਚਲਾਣਾ ਕਰ ਗਏ। ੧੯੯੧ ਵਿਚ ਇਨ੍ਹਾਂ ਦੀ ਸੌ ਸਾਲਾ ਸ਼ਤਾਬਦੀ ਪੰਥ ਵਲੋਂ ਭਾਰੀ ਰੌਣਕਾਂ ਨਾਲ ਮਨਾਈ ਗਈ। ਮਾਸਕ ਮੈਗਜ਼ੀਨ ਦੁਖ ਨਿਵਾਰਨ ਚੜ੍ਹਦੀ ਕਲਾ ਨਾਲ ਚਲ ਰਿਹਾ ਹੈ। ਮੈਂਬਰਾਂ ਦੀਆਂ ਚੋਣਾਂ ਹੋਈਆਂ ਮਿਆਦ ਤਿੰਨ ਸਾਲ ਸੀ।

੧੩ ਜੂਨ—ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਬਣ ਗਏ, ਅਤੇ ਨਵੰਬਰ ੧੯੪੪ ਤਕ ਪ੍ਰਧਾਨ ਰਹੇ।

—ਲਾਹੌਰ ਗੁਰਦੁਆਰਾ ਸ਼ਹੀਦ ਗੰਜ ਵਿਖੇ ਮੁਸਲਮਾਨਾਂ ਨੇ ਮਸੀਤ ਬਣਾ ਦਿਤੀ, ਜੋ ਸਿੰਘਾਂ ਨੇ ਢਾਹ ਦਿਤੀ, ਤਾਂ ਦੰਗੇ ਹੋਣ ਲਗੇ, ਗਵਰਨਰ ਵਲੋਂ ਕਿਰਪਾਨ ਪਹਿਨਣ ਤੇ ਪਾਬੰਧੀ ਲਗਾ ਦਿਤੀ ਗਈ, ਇਸ ਹੁਕਮ ਵਿਰੁਧ ਸਿਖਾਂ ਵਲੋਂ ਕਿਰਪਾਨ ਪਹਿਨਣ ਦੀ ਆਜ਼ਾਦੀ ਵਜੋਂ ਮੋਰਚਾ ਲਗਾ ਦਿਤਾ ਗਿਆ। ਗੁਰਦੁਆਰਾ ਸ਼ਹੀਦ ਗੰਜ ਦੀ ਥਾਂ ਦਾ ਫੈਸਲਾ ਅਦਾਲਤ ਵਲੋਂ ਸਿਖਾਂ ਦੇ ਹੱਕ ਵਿਚ ਕਰਕੇ ਸੌਂਪਿਆ ਗਿਆ। ਕੇਸ ਦਾ ਫੈਸਲਾ **A. I. R. 1938** ਲਾਹੌਰ **369** ਹੈ।

—ਰੂਸ ਵਿਚ ਸਟਾਲਨ ਦੀ ਹਕੂਮਤ ਸ਼ੁਰੂ ਹੋ ਗਈ, ਸੰਵਿਧਾਨ ਵੀ ਨਵੇਂ ਸਿਰਿਉਂ ਬਣਾ ਦਿਤਾ ਗਿਆ ਜੋ ੧੯੭੭ ਤਕ ਲਾਗੂ ਰਿਹਾ।

—ਭਾਈ ਜੋਧ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਬਣ ਗਏ ਅਤੇ ੧੬ ਸਾਲ ਪ੍ਰਿੰਸੀਪਲ ਰਹੇ।

ਪ੍ਰੋ: ਤੇਜਾ ਸਿੰਘ ਅਤੇ ਗੁਰ ਸੇਵਕ ਸਭਾ ਦੇ ੫ ਵਿਦਵਾਨ ਗੁਰਸਿਖਾਂ

ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਸਰੂਪ ਨੂੰ ਪਦ-ਛੇਦ ਅਖਰਾਂ ਵਿਚ ਸ਼ੁਧ ਅਤੇ ਸੁਖੈਨ ਬਣਾ ਦਿਤਾ, ਤਾਂ ਜੋ ਪਰਵਾਰ ਦੇ ਮੈਂਬਰਾਂ ਵਲੋਂ ਸ਼ੁਧ ਉਚਾਰਨ ਕੀਤਾ ਜਾ ਸਕੇ।

ਜੁਲਾਈ—ਚੀਫ਼ ਖਾਲਸਾ ਦੀਵਾਨ ਵਲੋਂ ਸ੍ਰੀ ਹੇਮ ਕੁੰਟ ਸਾਹਿਬ ਵਿਖੇ ਗੁਰਧਾਮ ਦੀ ਉਸਾਰੀ ਕਰਵਾਈ ਗਈ ਅਤੇ ਅੰਮ੍ਰਿਤਸਰ ਤੋਂ ਭਾਰੀ ਜਥਿਆਂ ਯਾਤਰਾ ਅਰੰਭ ਕੀਤੀ ਗਈ।

੨੪-੨੬ ਅਕਤੂ:-੨੬ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਲਾਇਲਪੁਰ ਵਿਖੇ ਹੋਈ।
—ਸ: ਹਰਬੰਸ ਸਿੰਘ ਜੀ ਅਟਾਰੀ ਅਕਾਲ ਚਲਾਣਾ ਕਰ ਗਏ।

੧੯੩੭—ਚੋਣਾਂ ਵੇਲੇ ਯੂ. ਪੀ. ਵਿਚ ਬਹੁਤੇ ਮੁਸਲਮਾਨ ਚੁਣੇ ਗਏ, ਪਰ ਗੰਗੂ ਪੰਡਤ ਨਹਿਰੂ ਨੇ ਕੇਵਲ ਇਕ ਕੈਬਨਿਟ ਮੰਤਰੀ ਬਣਾਇਆ ਤਾਂ ਇਸ ਜ਼ਹਿਨੀਅਤ ਤੋਂ ਮੁਸਲਮਾਨ ਨਫ਼ਰਤ ਕਰਨ ਲਗੇ।
—ਅਸੈਂਬਲੀ ਚੋਣਾਂ ਹੋਈਆਂ, ਦੇਸ਼ ਵਿਚ ਗੰਗੂ ਪੰਡਤਾ ਦੀ ਕਾਂਗਰਸ ਨੇ ਆਪਣੀ ਫਿਰਕੂ ਜ਼ਹਿਨੀਅਤ ਦਾ ਸਬੂਤ ਦਿਤਾ। ਸ: ਸੁੰਦਰ ਸਿੰਘ ਮਜੀਠੀਆ ਸਫਲ ਹੋ ਕੇ ਸਰ ਸਕੰਦਰ ਹਯਾਤ ਦੇ ਨਾਲ ਵਜ਼ੀਰ ਬਣ ਗਏ। ਸ: ਬਲਦੇਵ ਸਿੰਘ ਇਕ ਸਰਮਾਏਦਾਰ ਸਨ, ਇਹ ਵੀ ਅਕਾਲੀ ਸਿੰਘਾਂ ਦਾ ਸਾਥ ਛਡ ਕੇ ਹਕੂਮਤ ਦੀ ਖਾਤਰ ਕਾਂਗਰਸ ਵਿਚ ਸ਼ਾਮਲ ਹੋ ਗਏ।

ਸਿਖਾਂ ਨੇ ਫੌਜੀ ਭਰਤੀ ਵਾਸਤੇ ਖਾਲਸਾ ਡੀਫੈਂਸ ਆਫ ਇੰਡੀਆ ਲੀਗ ਕਾਇਮ ਕਰ ਲਈ।

੧੯੩੭—ਜਥੇਦਾਰ ਸੋਹਣ ਸਿੰਘ ਅਕਾਲੀ, ਪਿੰਡ ਕਾਦੀਆਂ ਦੇ ਅਹਿਮਦੀਆ ਜਮਾਤ ਦੇ ਗਿਆਨੀ ਮੋਹਰ ਸਿੰਘ ਸ਼ੇਰ ਸਿੰਘ ਨਾਲ ਮੁਹੰਮਦ ਦੇ ਕਲਮੇ ਅਤੇ ਬਾਬਾ ਨਾਨਕ ਦੇ ਮੂਲ ਮੰਤਰ ਨਿਰੰਕਾਰ ਦੀ ਪੂਜਾ ਤੇ ਵਿਚਾਰ-ਗੋਸ਼ਟੀ ਹੋਈ। ਮੁਸਲਮਾਨਾਂ ਵਿਚ ਕਾਮ ਤੇ ਜ਼ੋਰ ਤੇ ਬਹਿਸ਼ਤ ਵਿਚ ਹੂਰਾਂ, ਸਿਖ ਧਰਮ ਵਿਚ ਸਦਾਚਾਰਕ ਸ਼ੁਭ ਅਮਲਾਂ ਅਤੇ ਮੁਕਤੀ ਤੇ ਜ਼ੋਰ ਹੈ।

ਮਾਰਚ—ਬਾਬਾ ਕੇਸਰ ਸਿੰਘ ਵਲੋਂ ਪੰਜਾਬ ਕਿਸਾਨ ਕਮੇਟੀ ਬਣਾਈ ਗਈ, ਸ: ਹਰਿਕ੍ਰਿਸ਼ਨ ਸਿੰਘ ਸੁਰਜੀਤ ਇਸ ਦੇ ਸਕੱਤਰ ਸਨ, ਤੇ ਗਦਰ ਪਾਰਟੀ ਦੇ ਸਰਗਰਮ ਮੈਂਬਰ ਰਹੇ।

ਮਈ ੧੯੩੭-ਗੁਰੂ ਨਾਨਕ ਖਾਲਸਾ ਕਾਲਜ ਬੰਬਈ ਦੀਆਂ ਦੋ ਮੰਜ਼ਲਾਂ ਤਿਆਰ ਹੋ ਗਈਆਂ। ਪ੍ਰਿੰਸੀਪਲ ਕਸ਼ਮੀਰਾ ਸਿੰਘ ਸਨ।

ਮਹਾਤਮਾਂ ਗਾਂਧੀ ਨੇ ੯ ਕਰੋੜ ਅਛੂਤ ਜਾਤੀਆਂ ਨੂੰ ਸਿਖ ਬਣਨ ਦਾ ਵਿਰੋਧ ਕੀਤਾ। ਪੂਨਾ ਜੇਲ੍ਹ ਵਿਚ ਭੁਖ ਹੜਤਾਲ ੨੧ ਦਿਨ ਮਰਨ ਵਰਤ ਰਖ ਕੇ ਢੌਂਗ ਰਚ ਲਿਆ, ਡਾਕਟਰ ਅੰਬੇਦਕਰ ਨਾਲ ਪੂਨਾ ਪੈਕਟ ਕੀਤਾ, ਹਰੀਜਨ ਸੁਧਾਰ ਲਹਿਰ ਚਲਾਈ। ਸਿਖ ਬਣਨ ਤੋਂ ਰੋਕ ਲਿਆ, ਬਹੁਤ ਸਾਰੇ ਅਛੂਤ ਗਰੀਬਾਂ ਨੂੰ ਸਰਕਾਰ ਨੇ ਸਹੂਲਤਾਂ ਦੇ ਕੇ ਈਸਾਈ ਬਣਾ ਲਿਆ, ਡਾਕਟਰ ਅੰਬੇਦਕਾਰ ਨੇ ਬੁਧ ਧਰਮ ਪ੍ਰਵਾਨ ਕਰ ਲਿਆ।

ਜੂਨ ੧੯੩੭ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਦਿਲੀ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਕਰਵਾਈਆਂ ਗਈਆਂ।

੧੮ ਦਸੰਬਰ-ਭਾਈ ਤਖਤ ਸਿੰਘ ਜੀ ਸਿਖ ਕੌਨਿਆ ਮਹਾਂ ਵਿਦਿਆਲਾ, ਅਕਾਲ ਪੁਰਖ ਦੇ ਚਰਨਾਂ ਵਿਚ ਬਿਰਾਜ ਗਏ।

੬ ਮਾਰਚ ੩੮, ਸ੍ਰੀ ਗੁਰੂ ਰਾਮਦਾਸ ਸੀਨੀਅਰ ਸਕੈਂਡਰੀ ਸਕੂਲ ਦੀ ਨੀਂਹ ਬਾਬਾ ਈਸ਼ਰ ਸਿੰਘ ਮਰ੍ਹਾਣਾ ਪ੍ਰਧਾਨ ਦਰਬਾਰ ਸਾਹਿਬ ਕਮੇਟੀ ਵਲੋਂ ਰਖੀ ਗਈ। ਹੁਣ ਪ੍ਰਿੰਸੀਪਲ ਸ: ਬਲਬੀਰ ਸਿੰਘ ਜੀ ਹਨ।

੧੫-੧੭ ਅਪ੍ਰੈਲ ੩੮, ੨੭ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਅੰਮ੍ਰਿਤਸਰ ਵਿਚ ਹੋਈ।

੧੯੩੮—ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਅੰਨ੍ਹਾ ਹੋ ਕੇ ਮਰ ਗਿਆ, ਗਦੀ ਤੇ ਯਾਦਵਿੰਦਰਾ ਸਿੰਘ ਬੈਠ ਗਿਆ।

੯ ਮਈ ੧੯੩੮-ਗਦਰੀ ਬਾਬਾ ਜਵਾਲਾ ਸਿੰਘ ਜੀ ੬੨ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਤੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਅਕਾਲ ਚਲਾਣਾ ਕਰ ਗਏ।

੨੩ ਨਵੰਬਰ-ਭਾਈ ਕਾਨ੍ਹ ਸਿੰਘ ਜੀ ਨਾਭਾ, ਅਕਾਲ ਪੁਰਖ ਦੇ ਚਰਨਾਂ ਵਿਚ ਬਿਰਾਜ ਗਏ।

੧੩ ਫਰਵਰੀ ੧੯੩੯-ਸੋਮਵਾਰ ਸੰਤ ਸੋਹਣ ਸਿੰਘ ਜੀ ਸੇਵਾ ਸਿਮਰਨ ਕਰਦੇ ਗੁਰਪੁਰੀ ਸਿਧਾਰ ਗਏ।

੧੧ ਜੂਨ ੧੯੩੯ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਵਿਦਿਅਕ ਪ੍ਰਸਾਰ ਵਾਸਤੇ ਮਤਾ ਪਾਸ ਕੀਤਾ ਗਿਆ।

-ਸਿਖ ਧਰਮ ਦੀ ਰਹਿਤ ਮਰਯਾਦਾ ਦੇ ਖਰੜੇ ਪ੍ਰਵਾਨ ਕਰਕੇ ਸਾਰੇ ਸਿਖ ਜਗਤ ਲਈ ਇਕ ਸਾਰਤਾ ਕਾਇਮ ਕੀਤੀ ਗਈ, ਸਿਖ ਧਰਮ ਦੇ ਹਰ ਜੁਗ ਦੇ ਸੰਸਕਾਰ ਇਸੇ ਮਰਯਾਦਾ ਅਨੁਸਾਰ ਹਰ ਥਾਂ ਕੀਤੇ ਜਾਂਦੇ

ਹਨ। ਹੋਰ ਕਿਸੇ ਧਰਮ ਦੀ ਮਰਯਾਦਾ ਇਕ ਰੂਪ ਵਿਚ ਪ੍ਰਮਾਣੀਕ ਨਹੀਂ ਹੈ।

ਅਗਸਤ—ਸਟਾਲਨ ਵਲੋਂ ਸੋਵੀਅਤ-ਜਰਮਨ ਸੰਧੀ ਮਾਸਕੋ ਵਿਖੇ ਹੋਈ, ਕਿ ਕੋਈ ਕਿਸੇ ਉਪਰ ਹਮਲਾ ਨਹੀਂ ਕਰੇਗਾ। ਪਰ ਜਰਮਨ ਵਲੋਂ ਪੋਲੈਂਡ ਉਪਰ ਜਾਪਾਨ ਵਲੋਂ ਮਨਚੂੜੀ ਤੇ ਇਟਲੀ ਵਲੋਂ ਏਥੀਸੀਆ, ਜਾਪਾਨ ਵਲੋਂ ਚੀਨ ਤੇ ਹਮਲਾ ਹੋਇਆ ਰੂਸ ਵਲੋਂ ਚੀਨ ਦੀ ਸਹਾਇਤਾ ਕੀਤੀ ਗਈ।

੧ ਸਤੰਬਰ—ਦੁਸ਼ਟ ਹਿਟਲਰ ਨੇ ਪੋਲੈਂਡ ਵਿਖੇ ਦੂਜੀ ਸੰਸਾਰ ਜੰਗ ਦੀ ਇਨਸਾਨੀ ਬਰਬਾਦੀ ਸ਼ੁਰੂ ਕਰ ਦਿਤੀ। ਇਹ ਕਹਿੰਦਾ ਸੀ ਕਿ ਜਰਮਨ ਕੌਮ ਨੂੰ ਹੀ ਸੰਸਾਰ ਵਿਚ ਰਾਜ ਕਰਨ ਦਾ ਅਧਿਕਾਰ ਹੈ। ਪੁਸਤਕ ਮੇਰਾ ਸੰਘਰਸ਼ ਹੈ।

੩ ਸਤੰਬਰ—ਈਸਾ ਦੀਆਂ ਦੁਸ਼ਟ ਫੌਜਾਂ ਬੈਲਜੀਅਮ, ਫਰਾਂਸ, ਸਕੈਂਡੇਨੇਵੀਆ ਤੋਂ ਰੂਸ ਸੁਏਜ਼ ਕੈਨਾਲ ਤਕ ਪਹੁੰਚ ਗਈਆਂ

੧੯-੨੧ ਅਕਤੂਬਰ ੩੯, ੨੮ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਸਿਆਲਕੋਟ ਹੋਈ।

ਦਸੰਬਰ ੩੯, ਜਨ ਸੰਘ ਦੇ ਵੀ ਡੀ ਸਵਰਕਰ ਵਲੋਂ ਕਲਕਤਾ ਵਿਖੇ ਹਿੰਦੂ ਮਹਾਂ ਸਭਾ ਦੇ ਇਜਲਾਸ ਵਿਚ ਹਿੰਦੂ ਕੌਮ ਸਬੰਧੀ ਜ਼ਹਿਰੀਲਾ ਭਾਸ਼ਨ ਦਿਤਾ ਤਾਂ ਮੁਸਲਮਾਨ ਭੜਕ ਪਏ ਸਨ।

੧੯੪੦ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਯਾਤਰੂਆਂ ਦੀ ਸਹੂਲਤ ਵਾਸਤੇ ਸੂਚਨਾ ਦਫਤਰ, ਦਰਸ਼ਨੀ ਡਿਉਢੀ ਦੇ ਬਾਹਰ ਖਬੇ ਹਥ ਵਾਲੇ ਕਮਰੇ ਵਿਚ ਕਾਇਮ ਕੀਤਾ, ਹੁਣ ਇਹ ਸੂਚਨਾ ਦਫਤਰ, ਚੌਂਕ ਘੰਟਾ ਘਰ, ਪੰਜਾਬ ਸਿੰਧ ਬੈਂਕ ਦੇ ਨਾਲ ਹੈ, ਯਾਤਰੂਆਂ ਨੂੰ ਲਿਟਰੇਚਰ, ਜਾਣਕਾਰੀ ਦਿਤੀ ਜਾਂਦੀ ਹੈ। ਸ: ਅਮਰਜੀਤ ਸਿੰਘ ਸੂਚਨਾ ਅਫਸਰ ਹੈ।

—ਕਾਂਗਰਸ ਦੇ ਪ੍ਰਧਾਨ ਦੀ ਚੋਣ ਵਾਸਤੇ ਗਾਂਧੀ ਵਲੋਂ ਉਮੀਦਵਾਰ ਪਟਾ ਭਾਈ ਸੀਤਾ ਰਾਮਯਾ ਸੀ ਇਸ ਦੇ ਮੁਕਾਬਲੇ ਬੰਗਾਲੀ ਬਾਬੂ ਸੁਭਾਸ਼ ਚੰਦਰ ਬੋਸ ਸਨ, ਪੰਜਾਬ ਦੇ ਸਿਖਾਂ ਨੇ ਸ੍ਰੀ ਸੁਭਾਸ਼ ਚੰਦਰ ਬੋਸ ਦੇ ਹਕ ਵਿਚ ਵੋਟਾਂ ਪਾਈਆਂ ਅਤੇ ਪ੍ਰਧਾਨ ਸੁਭਾਸ਼ ਚੰਦਰ ਬਣ ਗਏ, ਸਿਟੇ ਵਜੋਂ ਗਾਂਧੀ ਵਿਸ ਘੋਲਣ ਲਗਾ, ਸਿੱਖਾਂ ਨੂੰ ਦੁਸ਼ਮਨ ਸਮਝਣ ਲਗ ਪਿਆ, ਗਾਂਧੀ ਨੇ ਈਰਖਾ ਅਤੇ ਕਰੋਧ ਵਸ ਸ੍ਰੀ ਸੁਭਾਸ਼ ਚੰਦਰ ਦੇ

ਦੇ ਗਿਰਫਤਾਰੀ ਵਰੰਟ ਜਾਰੀ ਕਰਵਾ ਕੇ ਕਲਕੱਤਾ ਵਿਖੇ ਉਸ ਦੇ ਘਰ ਛਾਪਾ ਮਰਵਾ ਕੇ ਘੇਰਾ ਪਾ ਲਿਆ, ਸ: ਸਰਦੂਲ ਸਿੰਘ ਕਵੀਸ਼ਰ ਨੇ ਸ੍ਰੀ ਸੁਭਾਸ਼ ਦੀ ਸਹਾਇਤਾ ਕਰ ਕੇ ਭੇਸ ਵਟਾ ਕੇ ਕਾਬਲ, ਪੱਛਮੀ ਜਰਮਨੀ ਭਿਜਵਾ ਦਿਤਾ।

-ਸ: ਪ੍ਰੀਤਮ ਸਿੰਘ ਜੀ ਚਾਹਲ ਵਲੋਂ ਗੁਰਮਤਿ ਪ੍ਰਚਾਰ ਲਈ ਮਾਸਕ ਜੀਵਨ ਪ੍ਰੀਤੀ ਛਾਪਿਆ ਜਾਣ ਲਗਾ। ਹੁਣ ੧੭੧ ਇੰਡਸਟਰੀਅਲ ਏਰੀਆ ਚੰਡੀਗੜ੍ਹ ਤੋਂ ਛਪਦਾ ਹੈ, ਟੈਲੀਫੋਨ ਨੰ: ੨੩੨੫੨ ਹੈ।

੫ ਮਾਰਚ-: ਭਗਤ ਸਿੰਘ ਢਢੋਗਿਲ ਧੂਰੀ ਨੂੰ ਸ਼ਹੀਦ ਕੀਤਾ ਗਿਆ।

੧੩ ਮਾਰਚ--ਸੂਰਬੀਰ ਊਧਮ ਸਿੰਘ ਲੰਡਨ ਵਿਖੇ ਆਪਣੇ ਪੁਰਾਣੇ ਸ਼ਿਕਾਰ ਓਡਵਾਇਰ ਦਾ ਪਿੱਛਾ ਕਰਦਾ, ਕੈਕਸਟਨ ਹਾਲ ਵਿਚ ਪਿਸਤੌਲ ਲੋਡ ਕਰਕੇ ਪਹੁੰਚ ਗਿਆ, ਜਦੋਂ ਸਭ ਤੋਂ ਅਖੀਰ ਤੇ ਓਡਵਾਇਰ ਨੇ ਉਠ ਕੇ ਭਾਸ਼ਨ ਦਿਤਾ ਕਿ "ਹਿੰਦ-ਵਾਸੀ ਆਜ਼ਾਦੀ ਦੇ ਅਧਿਕਾਰੀ ਨਹੀਂ, ਮੈਂ ਇਨ੍ਹਾਂ ਨੂੰ ਹੋਰ ਸੈਂਕੜੇ ਸਾਲ ਗੁਲਾਮ ਰਖ ਸਕਦਾ ਹਾਂ।" ਤਾਂ ਅਣਖੀਲੇ ਦੇਸ਼ ਭਗਤ ਨੇ ਪਿਸਤੌਲ ਦੀਆਂ ਗੋਲੀਆਂ ਨਾਲ, ਬੋਲਣੋ ਹਮੇਸ਼ਾਂ ਲਈ ਬੰਦ ਕਰਵਾ ਦਿਤਾ, ਅਤੇ ਹਾਲ ਵਿਚ ਬੈਠੇ ਹਾਕਮਾਂ ਨੂੰ ਵੀ ਤਸੱਲੀ ਕਰਵਾ ਦਿਤੀ, ਆਪ ਦੌੜਣ ਲੁਕਣ ਦੀ ਕੋਸ਼ਿਸ਼ ਨਹੀਂ ਕੀਤੀ। ਆਪਣਾ ੨੧ ਸਾਲ ਦਾ ਪ੍ਰਣ ਪੂਰਾ ਕਰ ਕੇ ਤਸੱਲੀ ਕੀਤੀ। ਆਪਣੀ ਗਿਰਫਤਾਰੀ ਦਿਤੀ ਅਤੇ ਸ: ਭਗਤ ਸਿੰਘ ਸ਼ਹੀਦ ਵਾਂਗ ਦਲੇਰਾਨਾ ਢੰਗ ਨਾਲ ਕਸ਼ਟ ਅਤੇ ਮੌਤ ਪ੍ਰਵਾਠ ਕੀਤੇ। ਹੈਰਾਨੀ ਹੈ ਕਿ ਮੋਹਨ ਦਾਸ ਗਾਂਧੀ, ਗੰਗੂ ਪੰਡਤ ਨਹਿਰੂ ਨੇ ਊਧਮ ਸਿੰਘ ਦੀ ਬਹਾਦਰੀ ਦੀ ਪ੍ਰਸੰਸਾ ਕਰਨ ਦੀ ਬਜਾਏ, ਅੰਗਰੇਜ਼ ਹਾਕਮਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਕੇ ਹਮਦਰਦੀ ਜਿਤਲਾਈ ਸੀ।

-ਮਹਾਂ ਸਿੰਘ ਗੇਟ ਦੇ ਨੇੜੇ ਸ਼ਰਾਬ ਦਾ ਕਾਰਖਾਨਾ ਸੀ, ਸਿਖਾਂ ਨੇ ਉਹ ਉਥੋਂ ਹਟਾ ਕੇ ਖਾਸਾ ਲਗਾਏ ਜਾਣ ਦੀ ਕਾਰਵਾਈ ਕੀਤੀ।

-ਸ਼ਰੀਫਪੁਰਾ, ਹੁਸੈਨਪੁਰਾ, ਤਹਿਸੀਲਪੁਰਾ ਆਬਾਦ ਹੋਣ ਲਗੇ।

੨੩ ਮਾਰਚ-ਮੁਹੰਮਦ ਅਲੀ ਜਿਨਾਹ ਮੁਸਲਮ ਲੀਗ ਦੀ ਭਾਰੀ ਕਾਨਫਰੰਸ ਲਾਹੌਰ ਹੋਈ ਮੁਸਲਮਾਨ ਵਖ ਕੌਮ ਹੈ, ਇਨ੍ਹਾਂ ਲਈ ਵਖ ਰਾਜ ਆਜ਼ਾਦ ਪਾਕਿਸਤਾਨ ਦੀ ਦਸਤਾਵੇਜ਼ ਕਰਾਰ ਦਾਦ ਦਿਤੀ ਗਈ, ਜ਼ੋਰ ਦੀਆਂ ਕਾਰਵਾਈਆਂ ਹੋਣ ਲਗੀਆਂ। ੨੩ ਮਾਰਚ ੧੯੯੦ ਨੂੰ ਗੋਲਡਨ ਜੁਬਲੀ ੫੦ ਸਾਲਾ ਸਮਾਗਮ ਮਨਾਇਆ ਗਿਆ ਹੈ।

੧੬ ਮਈ–ਸਿੱਖਾਂ ਵਲੋਂ ਭਾਰੀ ਕਾਨਫਰੰਸ ਅਟਾਰੀ ਵਿਖੇ ਹੋਈ ਡਾਕਟਰ ਵੀ.ਐਸ. ਭੁੱਟੀ ਵਲੋਂ ਖਾਲਸਤਾਨ ਦੀ ਮੰਗ ਬਾਰੇ ਟਰੈਕਟ ਅਤੇ ਸਾਧੂ ਸਵਰੂਪ ਸਿੰਘ ਵਲੋਂ ਇਕ ਪੁਸਤਕ **'The Sikhs Demand Their Homeland'** ਵੰਡੀ ਗਈ ਅਤੇ ਖਾਲਸਤਾਨ ਬਾਰੇ ਵਿਚਾਰਾਂ ਹੋਈਆਂ।

੧੩ ਜੂਨ–ਸੂਰਬੀਰ ਉਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਓਲਡ ਬੈਲੀ ਸੈਂਟਰਲ ਕਮਰਸ਼ੀਅਲ ਕੋਰਟ ਵਲੋਂ ਹੋਈ ਅਤੇ ਪੈਟਨੀਵਾਲਾ ਜੇਹਲ ਵਿਚ ਫਾਂਸੀ ਦੇ ਦਿਤੀ ਗਈ।

ਜੂਨ ੧੯੪੦—ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਦਿੱਲੀ ਦੇ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਕਰਵਾਈਆਂ ਗਈਆਂ।

—ਰਾਸ਼ਟਰੀ ਜਨਸੰਘ ਦੇ ਪਰਧਾਨ ਗੋਲਵਾਲਕਾਰ, ਗੁਰੂ ਗੋਬਿੰਦ ਸਿੰਘ ਜੀ ਦੇ ਉੱਚ-ਇਖਲਾਕ, ਕੁਰਬਾਨੀ ਵਾਲੇ ਜੀਵਨ ਤੋਂ ਪ੍ਰੇਰਨਾ ਲੈਂਦੇ ਰਹੇ।

—ਸ: ਜਮੀਅਤ ਸਿੰਘ ਵਲੋਂ ਮਾਸਕ ਮੈਗਜ਼ੀਨ 'ਕੰਵਲ' ਕੋਟ ਬਾਬਾ ਦੀਪ ਸਿੰਘ ਤੋਂ ਛਾਪ ਕੇ ਗੁਰਮਤਿ ਦਾ ਪਰਚਾਰ ਸ਼ੁਰੂ ਕੀਤਾ ਗਿਆ।

—ਗਦਰੀ ਬਾਬਿਆਂ ਅਤੇ ਪ ਲਾਈਟ ਇਨਫੈਂਟਰੀ ਨੇ ਸਿੰਘਾਪੁਰ ਤੇ ਕਬਜ਼ਾ ਕਰ ਲਿਆ, ਭਾਵੇਂ ਸ਼ਹੀਦੀਆਂ ਪ੍ਰਾਪਤ ਕਰਨੀਆਂ ਪਈਆਂ।

—ਰਸਾਲਾ ਨੰ: ੨੧, ੨੨ ਅਤੇ ੨੩ ਦੇ ਸੂਰਬੀਰ ਧਰਮੀ ਸਿੰਘਾਂ ਨੇ ਸਮੁੰਦਰੋਂ ਪਾਰ ਜਾ ਕੇ ਲੜਨ ਤੋਂ ਇਨਕਾਰ ਕਰ ਦਿੱਤਾ।

੨੦ ਜਨਵਰੀ ੧੯੪੧–ਅੰਗਰੇਜ਼ ਮੇਜਰ ਬਿਲ ਸ਼ਾਰਟ ਵਲੋਂ ਸੂਰਬੀਰ ਸਿੰਘਾਂ ਦੀ ਪਰਸੰਸਾ ਕੀਤੀ ਗਈ, ਲਾਹੌਰ ਸਮਾਗਮ ਵਿਖੇ ਸਿੱਖਾਂ ਨੇ ਕਾਫੀ ਭਰਤੀ ਦਿੱਤੀ।

—ਬਾਬੂ ਅਮਰ ਸਿੰਘ, ਗਿਆਨੀ ਪ੍ਰੀਤਮ ਸਿੰਘ ਮਿਸ਼ਨਰੀ ਬੈਂਕਾਕ ਵਲੋਂ ਇੰਡੀਪੈਂਡੰਸ ਲੀਗ ਇੰਡੀਆ ਕਾਇਮ ਕੀਤੀ ਗਈ।

—ਜਨਰਲ ਮੋਹਨ ਸਿੰਘ ੧੪–ਪੰਜਾਬ ਰੈਜਮੈਂਟ ਦੇ ਕਮਾਂਡਰ ਸਨ, ਆਪ ਵਲੋਂ ਇੰਡੀਅਨ ਨੈਸ਼ਨਲ ਆਰਮੀ ਕਾਇਮ ਕੀਤੀ ਗਈ। ਜਾਪਾਨ ਨਾਲ ਸਬੰਧ ਕਾਇਮ ਕੀਤੇ।

—੧੦, ੧੨ ਅਪਰੈਲ ਨੂੰ ੨੯ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਬੜੇ-ਵਾਲ ਹੋਈ।

—੭ ਅਗਸਤ ਨੂੰ ਸ੍ਰੀ ਰਾਬਿੰਦਰ ਨਾਥ ਟੈਗੋਰ ਅਕਾਲ ਚਲਾਣਾ ਕਰ ਗਏ।

—੮ ਦਸੰਬਰ ਨੂੰ ਜਾਪਾਨ ਵਲੋਂ ਅਮਰੀਕਾ ਅਤੇ ਬਰਤਾਨੀਆਂ ਵਿਰੁਧ ਜੰਗ ਪਰਲ-ਹਾਰਬਰ ਵਿਖੇ ਕਰਕੇ ਮਲਾਇਆ ਉਪਰ ਕਬਜ਼ਾ ਕਰ ਲਿਆ ਗਿਆ ।

—ਸ: ਸੁੰਦਰ ਸਿੰਘ ਮਜੀਠੀਆ ੬੯ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਸ: ਦਸੌਂਧਾ ਸਿੰਘ ਪੰਜਾਬ ਦੇ ਵਜ਼ੀਰ ਬਣ ਗਏ, ਅਤੇ ਚੀਫ ਖਾਲਸਾ ਦੀਵਾਨ ਦੇ ਪਰਧਾਨ ਇਸ ਕਰਕੇ ਬਣਾਏ ਗਏ ਕਿ ਸ: ਉੱਜਲ ਸਿੰਘ ਗੈਰ-ਜੱਟ ਹੈ ਉਸ ਨੂੰ ਚੀਫ ਖਾਲਸਾ ਦੀਵਾਨ ਦਾ ਪਰਧਾਨ ਨਹੀਂ ਬਣਾਉਣਾ ।

—ਪ੍ਰਿੰਸੀਪਲ ਵਿਸ਼ਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਅਕਾਲ-ਪੁਰਖ ਦੇ ਚਰਨਾਂ ਵਿਚ ਬਰਾਜ ਗਏ ।

੧੫ ਫਰਵਰੀ ੧੯੪੨ — ਸੂਬੇਦਾਰ ਡਾ: ਓਂਕਾਰ ਸਿੰਘ,ਬਾਵਾ ਬੁਧ ਸਿੰਘ, ਸੁਚਾ ਸਿੰਘ,ਕਰਨਲ ਨਰਿੰਜਨ ਸਿੰਘ ਗਿੱਲ,ਪਿਆਰਾ ਸਿੰਘ,ਹਰੀ ਸਿੰਘ ਆਦਿ ੨੦੦੦ ਸਿੱਖਾਂ ਨੇ ਸਿੰਘਾ ਪੁਰ ਤੇ ਕਬਜ਼ਾ ਕਰ ਲਿਆ । ਮਨੀਪੁਰ, ਤਰੀਪੁਰਾ, ਨਾਗਾਲੈਂਡ ਪਹੁੰਚ ਕੇ 'ਦਿੱਲੀ ਚਲੋ' ਦੇ ਨਾਹਰੇ ਲਗਾਏ ।

—੩੧ ਮਾਰਚ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮਤੇ ਅਨੁਸਾਰ ਦਰਿਆ ਰਾਵੀ ਨੂੰ ਹੱਦ ਮੰਨਿਆ ਗਿਆ । ਮਾਸਟਰ ਤਾਰਾ ਸਿੰਘ ਵਲੋਂ ਸਟੈਫੋਰਡ ਕਰਿਪਸ ਨੂੰ ਆਜ਼ਾਦ ਪੰਜਾਬ ਦੀ ਮੰਗ ਪੇਸ਼ ਕੀਤੀ ਗਈ ।

—ਅਪਰੈਲ ਵਿਚ ਮੁਹੰਮਦ ਅਲੀ ਜਿਨਾਹ ਨੇ ਮਾਸਟਰ ਤਾਰਾ ਸਿੰਘ ਅਤੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੂੰ ਵੱਖਰੀ ਸਟੇਟ ਲੈਣ ਲਈ ਜ਼ੋਰ ਲਗਾਇਆ ਅਤੇ ਕੈਬਿਰਜ ਯੂਨੀਵਰਸਿਟੀ ਵਿਖੇ ਆਪਣੇ ਭਾਸ਼ਨ ਵਿਚ ਕਿਹਾ, ਕਿ ਇਹ ਸਿੱਖ ਵੱਖਰੀ ਕੌਮ ਹੋਣ ਦਾ ਦਾਅਵਾ ਕਰਦੇ ਹਨ, ਪਰ ਪੰਡਤਾਂ ਦੇ ਪਿੱਛ-ਲਗ ਬਣ ਕੇ ਮੁਸਲਮਾਨਾਂ ਨੂੰ ਨਫਰਤ ਕਰਦੇ ਹਨ, ਉਥੇ ਸਰਦਾਰ ਕਪੂਰ ਸਿੰਘ ਆਈ. ਸੀ. ਐਸ. ਵੀ ਸੁਣ ਰਹੇ ਸਨ ।

—੧ ਮਈ ਨੂੰ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਸਿੱਖ ਭਾਰਤ ਦੇ ਨਾਲ ਰਹਿਣਾ ਚਾਹੁੰਦੇ ਹਨ ।

—੧ ਜੁਲਾਈ ਨੂੰ ਪਿਸ਼ਾਵਰ ਵਿਖੇ ਸਿੱਖ ਲਾਈਟ ਇਨਫੈਂਟਰੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਕਾਇਮ ਕੀਤੀ ਗਈ, ਇਸ ਨੇ ਦੂਜੇ ਸੰਸਾਰ-ਯੁਧ ਵਿਚ ਮਹਾਨ ਸਫਲਤਾ ਪ੍ਰਾਪਤ ਕੀਤੀ ।

—੯ ਅਗਸਤ ਨੂੰ ਅੰਗਰੇਜ਼ ਭਾਰਤ ਛਡੋ 'ਕੁਇਟ ਇੰਡੀਆ' ਲਹਿਰ

ਸਮੇਂ ੬੦ ਹਜ਼ਾਰ ਸਿੰਘ ਗ੍ਰਿਫਤਾਰ ਹੋਏ। ਬੰਬਈ ਅਤੇ ਜਬਲਪੁਰ ਵਿਖੇ ਧਰਮੀ ਫੌਜੀ ਸਿੰਘਾਂ ਨੇ ਬਗ਼ਾਵਤ ਕਰ ਦਿੱਤੀ ਸੀ, ਸ਼ਹੀਦੀਆਂ ਦਿੱਤੀਆਂ ਪਰ ਗੰਗੂ ਪੰਡਤ ਕਾਂਗਰਸੀ ਪਿਛੇ ਹਟ ਗਏ। ਗੰਗੂ ਪੰਡਤ ਕਾਂਗਰਸ ਵਾਲੇ ਕਹਿੰਦੇ ਸਨ, ਕਿ ਆਜ਼ਾਦ ਭਾਰਤ ਦਾ ਪਰਧਾਨ ਮੰਤਰੀ ਗੰਗੂ ਪੰਡਤ ਹੀ ਹੋਵੇਗਾ ਜਿਸ ਕਰਕੇ ਮੁਸਲਮਾਨ ਵੱਖ ਹੋਣ ਲੱਗੇ।

—੧੫ ਸਤੰਬਰ ਜਨਰਲ ਮੋਹਨ ਸਿੰਘ ਆਈ.ਐਨ.ਏ. ਨੇ ਜਾਪਾਨੀਆਂ ਦੀ ਸਹਾਇਤਾ ਕੀਤੀ। ਰੂਸ ਨੇ ਚੀਨ ਦੀ ਸਹਾਇਤਾ ਕੀਤੀ। ਆਸਟਰੀਆ ਦਾ ਇਲਾਕਾ ਜਰਮਨੀ ਦੇ ਕਬਜ਼ੇ ਵਿਚ ਹੋ ਗਿਆ। ਚੈਕੋਸਲਵਾਕੀਆ ਨਸ਼ਟ ਹੋ ਗਿਆ।

—ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਸ਼ਟਰੀ ਬਾਡੀ ਬਣ ਗਈ।

—ਅਮਰੀਕਾ ਦਾ ਪਰਧਾਨ ਰੂਜ਼ਵੈਲਟ ਚੀਨ ਦਾ ਪਰਧਾਨ ਚਿਆਂਗ-ਕਾਈ-ਸ਼ਕ, ਬਰਤਾਨੀਆ ਦਾ ਪਰਧਾਨ ਮੰਤਰੀ ਚਰਚਹਿਲ ਸੀ।

—ਗਿਆਨੀ ਹੀਰਾ ਸਿੰਘ 'ਦਰਦ' ਵਲੋਂ ਮਾਸਕ ਪੱਤਰ ਫੁਲਵਾੜੀ ਕਢਣਾ ਸ਼ੁਰੂ ਕੀਤਾ।

—ਇੰਦਰਾ ਗਾਂਧੀ ਨੇ ਇਕ ਪਾਰਸੀ ਫੀਰੋਜ਼ ਗਾਂਧੀ ਨਾਲ ਇਸ਼ਕ ਕਰਕੇ ਸ਼ਾਦੀ ਨਿਕਾਹ ਕੀਤਾ, ਜੋ ਭਾਰਤ ਦੀ ਹਿੰਦੂ ਪੰਡਤ ਮਰਯਾਦਾ ਦੇ ਉਲਟ ਸੀ ਅਤੇ ਮੋਹਨ ਦਾਸ ਗਾਂਧੀ ਮਾਯੂਸ ਰਹੇ।

—ਗਿਆਨੀ ਲਾਲ ਸਿੰਘ ਸੰਗਰੂਰ ਵਲੋਂ ਸਿੱਖ ਰਹਿਤ ਮਰਯਾਦਾ ਸਿੱਖ ਕਾਨੂੰਨ ਹੇਠ ਪਰਕਾਸ਼ਤ ਕੀਤਾ ਗਿਆ।

੩ ਫਰਵਰੀ ੧੯੪੩—ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸਿਖ ਰਹਿਤ ਮਰਯਾਦਾ ਦੇ ਖਰੜੇ ਦੀਆਂ ਸ਼ਿਫਾਰਸ਼ਾਂ ਪ੍ਰਵਾਨ ਕੀਤੀਆਂ ਗਈਆਂ।

—ਬੰਗਾਲ ਵਿਚ ਭਾਰੀ ਕਾਲ ਬੀਮਾਰੀ ਫੈਲ ਜਾਣ ਕਰਕੇ ਲੱਖਾਂ ਲੋਕ ਰੱਬ ਨੂੰ ਪਿਆਰੇ ਹੋ ਗਏ।

੨੩-੨੫ ਅਪ੍ਰੈਲ—੩੦ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਫਰੀਦਕੋਟ ਹੋਈ।

੫ ਜੁਲਾਈ—ਨੇਤਾ ਜੀ ਸੁਭਾਸ਼ ਚੰਦਰ ਬੋਸ, ਸਿੰਘਾਪੁਰ, ਸਿਟੀ ਹਾਲ ਵਿਖੇ ਜਨਰਲ ਮੋਹਨ ਸਿੰਘ ਦੀ ਆਈ. ਐਨ. ਏ. ਵਿਚ ਸ਼ਾਮਲ ਹੋ ਕੇ ਬੜੇ ਖੁਸ਼ ਹੋਏ ਕਿ ਭਾਰਤ ਦੀ ਆਪਣੀ ਫੌਜ, ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ ਅਤੇ ਮਲਾਯਾ ਫਰੰਟ ਤੇ ਲੜਾਈ ਕੀਤੀ।

—ਮਾਸਟਰ ਤਾਰਾ ਸਿੰਘ ਨੇ ਲਾਹੌਰ ਅਸੈਂਬਲੀ ਹਾਲ ਦੇ ਸਾਹਮਣੇ ਕਿਰਪਾਨ, ਮਿਆਨ ਵਿਚੋਂ ਕਢ ਕੇ 'ਪਾਕਿਸਤਾਨ ਮੁਰਦਾਬਾਦ' ਦੇਸ਼ ਦੀ

ਵੰਡ ਦਾ ਵਿਰੋਧ ਕੀਤਾ ਸੀ।

–ਗਿਆਨੀ ਠਾਕਰ ਸਿੰਘ ਪ੍ਰਸਿਧ ਪ੍ਰਚਾਰਕ ਅਤੇ ਕਥਾਕਾਰ, ੯੦ ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ।

—ਅਲੀਗੜ੍ਹ ਵਿਖੇ ਭਾਰੀ ਕਾਨਫਰੰਸ ਹੋਈ ੪੦ ਹਜ਼ਾਰ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਗਿਆ। ਸ: ਇੰਦਰ ਸਿੰਘ ਕਾਨ੍ਹਪੁਰ ਜਥੇਦਾਰ ਲੱਖਾ ਸਿੰਘ ਬਜਾਜ, ਜਥੇਦਾਰ ਗੁਰਬਖਸ਼ ਸਿੰਘ ਰਾਹੀਂ ਮਿਸ਼ਨਰੀ ਪ੍ਰਚਾਰਕ ਸਨ।

—ਡਾਕਟਰ ਦੀਵਾਨ ਸਿੰਘ ਜੀ ਇੰਡੀਪੈਂਡੰਸ ਲੀਗ ਦੇ ਮੋਢੀ ਸਨ। ਡਾਕਟਰ ਦੀਵਾਨ ਸਿੰਘ ਕਾਲੇਪਾਣੀ ਨੇ ਅੰਡੇਮਾਨ ਵਿਖੇ ਗੁਰਦੁਆਰਾ ਬਣਾ ਕੇ ਸੰਗਤ ਪੰਗਤ ਦੇ ਪ੍ਰਵਾਹ ਸ਼ੁਰੂ ਕੀਤੇ।

ਨਵੰਬਰ ੪੩—ਨੇਤਾ ਜੀ ਸੁਭਾਸ਼ ਚੰਦਰ ਬੋਸ ਅੰਡੇਮਾਨ ਪਹੁੰਚੇ ਉਥੇ ਇਕ ਸਮਾਗਮ ਵਿਚ ੨੯ ਦਸੰਬਰ ੧੯੪੩ ਨੂੰ ਤਕਰੀਰ ਕੀਤੀ ਫਿਰ ਸਿੰਘਾਪੁਰ ਚਲੇ ਗਏ।

ਮਾਰਚ ੧੯੪੪—ਕਰਨਲ ਹਰਵੰਤ ਸਿੰਘ ਨੇ ਯੁਧ ਸਮੇਂ ਸ਼ੂਰਬੀਰਤਾ ਵਿਖਾਈ। ਮੇਜਰ ਪ੍ਰਕਾਸ਼ ਸਿੰਘ ਨੇ ਜਾਪਾਨ ਤੇ ਹਮਲਾ ਕੀਤਾ ਇਨ੍ਹਾਂ ਨੂੰ ਵਿਕਟੋਰੀਆ ਕਰਾਸ ਮੈਡਲ ਦਾ ਸਨਮਾਨ ਮਿਲਿਆ। ਜਮਾਂਦਾਰ ਨੰਦ ਸਿੰਘ ਨੇਕ ਗਿਆਨ ਸਿੰਘ, ਲੈਫਟੀਨੈਂਟ ਕਰਮਜੀਤ ਸਿੰਘ ਆਦਿ ਨੇ ਜਾਪਾਨ ਦੇ ਮੋਰਚੇ ਫਤਹਿ ਕਰਕੇ ਵਿਕਟੋਰੀਆ ਕਰਾਸ ਸਨਮਾਨ ਪ੍ਰਾਪਤ ਕੀਤੇ। ਹਵਾਈ ਸੈਨਾ ਦੇ ਸ: ਅਰਜਨ ਸਿੰਘ ਨੂੰ ਫਲਾਇੰਗ ਕਰਾਸ ਮੈਡਲ ਦਾ ਸਨਮਾਨ ਮਿਲਿਆ ਸੀ। ਇਨ੍ਹਾਂ ਦੀਆਂ ਫਿਲਮਾਂ ਟੀ. ਵੀ. ਤੇ ਵਿਖਾਉਣੀਆਂ ਚਾਹੀਦੀਆਂ ਹਨ।

੭-੯ ਅਪ੍ਰੈਲ — ੩੧ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਸਰਗੋਧਾ ਹੋਈ।

—ਦਾਦਾ ਭਾਈ ਚੇਲਾ ਰਾਮ ਜੀ ਵਲੋਂ ਦਿਲੀ ਪੂਸਾ ਰੋਡ, ਨਿਜ ਅਸਥਾਨ ਵਿਖੇ ਗੁਰਬਾਣੀ ਦੇ ਪ੍ਰਵਾਹ ਚਲਾਉਣੇ ਸ਼ੁਰੂ ਕੀਤੇ, ਗੁਰਮਤਿ ਦਾ ਲਿਟਰੇਚਰ ਸਿੰਧੀ ਹਿੰਦੀ ਅਤੇ ਅੰਗਰੇਜ਼ੀ ਵਿਚ ਤਿਆਰ ਕਰਕੇ ਵੰਡ ਰਹੇ ਹਨ। ਹੁਣ ਲਛਮਣ ਚੇਲਾ ਰਾਮ ਜੀ ੧੯੮੭ ਤੋਂ ਗੁਰੂ ਗ੍ਰੰਥ ਸਾਹਿਬ ਦੇ ਤਰਜਮੇ ਤਿਆਰ ਕਰ ਰਹੇ ਹਨ। ਦਫ਼ਤਰ ੧੧/੨੬ ਈਸਟ ਪਟੇਲ ਨਗਰ ਹੈ।

—ਮਾਸਟਰ ਤਾਰਾ ਸਿੰਘ ਜੀ ਵਲੋਂ ਗੁਰਬਾਣੀ ਪ੍ਰਚਾਰ ਵਾਸਤੇ ਮਾਸਕ ਮੈਗਜ਼ੀਨ ਸੰਤ-ਸਿਪਾਹੀ ਸ਼ੁਰੂ ਕੀਤਾ ਗਿਆ, ਜੋ ਚੜ੍ਹਦੀ ਕਲਾ ਵਿਚ ਸਾਰੇ ਸੰਸਾਰ ਤਕ ਗੁਰਮਤਿ ਦਾ ਸੰਦੇਸ਼ ਦੇ ਰਿਹਾ ਹੈ, ਇਹ ਕੋਠੀ ਨੰ:

ਖ਼ਾਲਸਾ ਸਮਾਚਾਰ ਹਫ਼ਤਾਵਾਰ ਅਖ਼ਬਾਰ ਦਾ ਪਹਿਲਾ ਪਰਚਾ ਸਿੰਘ ਸਭਾ ਰਣਜੀਤਪੁਰਾ ਤੋਂ ਛਪਦਾ ਹੈ, ਫ਼ੋਨ ਨੰ: ੬੨੬੦੬ ਹੈ।

—ਸੰਤ ਬਾਬਾ ਨੰਦ ਸਿੰਘ ਜੀ ਜਗਰਾਉਂ ਅਕਾਲਪੁਰਖ ਦੇ ਚਰਨਾਂ ਵਿਚ ਬਿਰਾਜ ਗਏ, ਹਰ ਸਾਲ ਭਾਰੀ ਯਾਦ ਮਨਾਈ ਜਾਂਦੀ ਹੈ।

੨੦ ਅਗਸਤ—ਸਮਗਲਰ ਰਾਜੀਵ ਦਾ ਜਨਮ ਪਾਰਸੀ ਫੀਰੋਜ ਸ਼ਾਹ ਗਾਂਧੀ ਇੰਦਰਾ ਦੇ ਘਰ ਹੋਇਆ। ਇਸ ਮਨਹੂਸ ਦੇ ਪੈਦਾ ਹੋਣ ਪਿਛੋਂ ਇੰਦਰਾ ਤਾਲਾਕ ਲੈ ਕੇ ਛੁਟੜ ਹੋ ਗਈ।

ਅਕਤੂਬਰ—ਪੰਥ ਦੇ ਸਰਬੀਰ, ਵਿਦਵਾਨ ਨੌਜਵਾਨਾਂ ਵਲੋਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਨੀਂਹ ਲਾਹੌਰ, ਗੁਰਦੁਆਰਾ ਡੇਹਰਾ ਸਾਹਿਬ ਵਿਖੇ ਅਰਦਾਸ ਕਰਕੇ ਰਖੀ ਗਈ। ਪ੍ਰਧਾਨ ਸ: ਸਰੂਪ ਸਿੰਘ ਦੇ ਨਾਲ ਸ: ਭਾਨ ਸਿੰਘ, ਡਾਕਟਰ ਜਸਵੰਤ ਸਿੰਘ ਨੇਕੀ, ਮਾਸਟਰ ਤਾਰਾ ਸਿੰਘ, ਸ: ਉਮਰਾਉ ਸਿੰਘ, ਸ: ਨਿਰਭੈ ਸਿੰਘ ਢਿਲੋਂ, ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰ ਗਿਲ, ਸ: ਸਾਧੂ ਸਿੰਘ ਹਮਦਰਦ, ਸ: ਭਾਗ ਸਿੰਘ ਸ: ਅਮਰ ਸਿੰਘ ਅੰਬਾਲਵੀਂ ਐਡਵੋਕੇਟ, ਸ: ਅਵਤਾਰ ਸਿੰਘ ਦਲੇਰ ਸਭਗਰਮ ਗੁਰਸਿੱਖ ਸਨ, ਹਰ ਥਾਂ ਬਰਾਂਚਾਂ ਕਾਇਮ ਕਰ ਕੇ ਸਟੱਡੀ ਸਰਕਲ ਬਣਾ ਕੇ ਗੁਰਮਤਿ ਸਿਖਲਾਈ ਕੈਂਪ ਲਗਾਏ, ਲਿਟਰੇਚਰ ਛਾਪ ਕੇ ਵੰਡਣ ਦੇ ਪ੍ਰੋਗਰਾਮ ਸ਼ੁਰੂ ਕੀਤੇ ਗਏ।

—ਗਿਆਨੀ ਜ਼ੈਲ ਸਿੰਘ ਮਹਾਰਾਜਾ ਫਰੀਦਕੋਟ ਦੀ ਕੈਦ ੪ ਸਾਲ ਕਟ ਕੇ ਰਿਹਾ ਹੋਇਆ, ਮਾਸਟਰ ਤਾਰਾ ਸਿੰਘ ਜੀ ਨੇ ਸਿੱਖ ਮਿਸ਼ਨਰੀ ਕਾਲਜ ਵਿਚ ਦਾਖਲ ਕਰਵਾ ਕੇ ਸਹਾਇਤਾ ਕੀਤੀ। ਪ੍ਰਿੰਸੀਪਲ ਗੰਗਾ ਸਿੰਘ ਜੀ ਤੋਂ ਗੁਰਮਤਿ ਦੀ ਸੂਝ ਪ੍ਰਾਪਤ ਕਰਕੇ ਮਿਸ਼ਨਰੀ ਬਣ ਕੇ ਗੁਰਮਤਿ ਦਾ ਪ੍ਰਚਾਰ ਕਰਨ ਲਗਾ, ਗੁਰਦੁਆਰਾ ਗਰਨਾ ਸਾਹਿਬ ਰਹੇ।

—ਦੂਜੇ ਸੰਸਾਰ ਯੁੱਧ ਸਮੇਂ ਸਿਖ ਰੈਜਮੈਂਟ, ਜਰਮਨੀ ਫੌਜ ਦੇ ਘੇਰੇ ਵਿਚ ਫਸ ਗਈ ਤਾਂ ਸੂਬੇਦਾਰ ਮੇਜਰ ਵਲੋਂ ਸ੍ਰੀ ਅਖੰਡ ਪਾਠ ਆਰੰਭ ਕਰਵਾ ਕੇ ਸ਼ਬਦ-ਗੁਰੂ ਦਾ ਆਸਰਾ ਲਿਆ ਗਿਆ, ਅਰਦਾਸ ਸਮੇਂ ਇਕ ਅਲੌਕਿਕ ਨਜ਼ਾਰਾ ਵੇਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਸਵਾਰ ਆਪਣੀ ਸ੍ਰੀ ਸਾਹਿਬ ਨਾਲ ਆਪਣੇ ਪਿਛੇ ਆਉਣ ਲਈ ਇਸ਼ਾਰਾ ਕੀਤਾ। ਅੰਗਰੇਜ਼ ਕਮਾਂਡਰ ਏ. ਡੇਵਿਡ ਅਤੇ ਧਰਮੀ ਫੌਜੀ ਸਿੰਘਾਂ ਨੇ ਫਤਹਿ ਪ੍ਰਾਪਤ ਕੀਤੀ ਤਾਂ ਅੰਗਰੇਜ਼ ਕਮਾਂਡਰ ਨੂੰ ਗੁਰ ਵਿਚ ਇਤਨਾ ਵਿਸ਼ਵਾਸ ਹੋ ਗਿਆ ਕਿ ਉਹ ਅੰਮ੍ਰਿਤ ਛਕ ਕੇ ਦਵਿੰਦਰ ਸਿੰਘ ਸਜ ਗਿਆ, ਹੁਣ ਤਕ ਇਨ੍ਹਾਂ ਦਾ ਸਾਰਾ ਪ੍ਰਵਾਰ ਅੰਮ੍ਰਿਤਧਾਰੀ

ਸਿੰਘ ਹਨ। ਇਹ ਹੈ ਵਿਸ਼ਵਾਸ ?

੭ ਅਕਤੂਬਰ-ਪੰਥ ਦੇ ਜ਼ਰਨੈਲ ਗਿਆਨੀ ਸ਼ੇਰ ਸਿੰਘ ਜੀ, ੫੪ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

—ਸਿੱਖ ਗੁਰਦੁਆਰਾ ਐਕਟ ੧੯੨੫ ਵਿਚ ਸੋਧ ਕੀਤੀ ਗਈ ਅਤੇ ਹੋਰ ਵਡੇ ਵਡੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋ: ਗੁ: ਪ੍ਰ: ਕਮੇਟੀ ਦੇ ਅਧੀਨ ਕਰ ਦਿਤਾ ਗਿਆ।

੧੪ ਅਕਤੂਬਰ,੪੪—ਲਾਹੌਰ ਵਿਖੇ ਭਾਰੀ ਅਕਾਲੀ ਕਾਨਫਰੰਸ ਹੋਈ ਸਿਖ ਹੋਮਲੈਂਡ ਦੀ ਹਮਾਇਤ, ਕਮਿਊਨਿਸਟ ਪਾਰਟੀ ਵਲੋਂ ਕੀਤੀ ਗਈ। ਸ: ਹਰਦੇਵ ਸਿੰਘ ਐਡਵੋਕੇਟ ਰਾਜਪੁਰਾ ਸਰਗਰਮ ਵਰਕਰ ਸਨ। ਰਾਜ ਗੋਪਾਲ ਆਚਾਰਯ ਅਤੇ ਗਾਂਧੀ ਵਿਚਕਾਰ ਜਿਨਾਹ ਨਾਲ ਫਾਰਮੂਲਾ ਹੋਇਆ। ਪਰ ਜਿਨਾਹ ਨੂੰ ਪਤਾ ਸੀ ਕਿ ਰਾਜ ਗੋਪਾਲ ਆਚਾਰਯ ਦੀ ਲੜਕੀ ਮਹਾਤਮਾਂ ਗਾਂਧੀ ਦੇ ਪੁਤਰ ਨਾਲ ਵਿਆਹੀ ਸੀ, ਇਨ੍ਹਾਂ ਗੰਗੂ-ਬ੍ਰਾਹਮਣਾਂ ਦੀ ਕੁੜਮਾਚਾਰੀ ਸੀ, ਜਿਨਾਹ ਇਨ੍ਹਾਂ ਦੀਆਂ ਚਿਕਨੀਆਂ ਚੋਪੜੀਆਂ ਚਾਲਾਂ ਤੇ ਵਿਸ਼ਵਾਸ਼ ਨਹੀਂ ਕਰਦਾ ਸੀ।

ਇਨ੍ਹਾਂ ਗੰਗੂ-ਬ੍ਰਾਹਮਣਾਂ ਦੀ ਅਕਲ ਵੇਖੋ ਕਿ ਜਦੋਂ ਮੁਸਲਮਾਨ ਵਖਰੇ ਇਲਾਕੇ ਪਾਕਿਸਤਾਨ ਦੀ ਮੰਗ ਕਰਦੇ ਹਨ ਤਾਂ ਜਾਇਜ਼ ਮੰਗ ਕਹਿੰਦੇ ਹਨ ਪਰ ਜਦੋਂ ਸਿਖ ਆਪਣੀ ਆਜ਼ਾਦ ਹਸਤੀ ਦੀ ਗਲ ਕਰਦੇ ਹਨ ਤਾਂ ਇਹ ਸਿਖਾਂ ਨੂੰ ਡਾਕੂ, ਕਾਤਲ ਕਹਿੰਦੇ ਨਫਰਤ ਕਰਦੇ ਹਨ।

ਸ: ਦਿਆਲ ਸਿੰਘ ਮਜੀਠੀਆ ਦੀ ਫਰਾਖ-ਦਿਲੀ ਹੈ ਕਿ ਉਨ੍ਹਾਂ ਨੇ ਆਪਣਾ ਸਾਰਾ ਧਨ, ਜਾਇਦਾਦ. ਟਰਬਿਊਨ ਪ੍ਰੈਸ, ਇਨ੍ਹਾਂ ਅਖ਼ਿਤਯਨ ਆਰਯਾ ਸਮਾਜੀਆਂ ਨੂੰ ਸੌਂਪ ਦਿਤਾ।

ਨਵੰਬਰ, ੪੪—ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ, ਸਿਕੰਦਰ ਬਲਦੇਵ ਸਿੰਘ ਪੈਕਟ ਦੁਆਰਾ ਮਿਆਦ ਪ ਸਾਲ ਕਰ ਦਿਤੀ ਗਈ।

੧੩ ਦਸੰਬਰ, ੪੪-ਡਾ: ਦੀਵਾਨ ਸਿੰਘ ਜੀ ਕਾਲੇਪਾਨੀ ਨੂੰ ਜਾਪਾਨ ਦੇ ਦੁਸ਼ਟ ਪ੍ਰਧਾਨ ਫ਼ੌਜੋ ਵਲੋਂ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਅਜ ਅਸੀਂ ਡਾ: ਸਾਹਿਬ ਦੀਆਂ ਕੁਰਬਾਨੀਆਂ ਨੂੰ ਯਾਦ ਕਰ ਕੇ ਸ਼ਰਧਾਂਜਲੀਆਂ ਭੇਟ ਕਰਦੇ ਹਾਂ।

੩ ਫਰਵਰੀ ੧੯੪੫—ਸਿੱਖ ਧਰਮ ਦੀ ਰਹਿਤ ਮਰਯਾਦਾ ਅੰਤਮ ਤੌਰ ਤੇ ਪ੍ਰਵਾਨ ਕਰ ਕੇ ਲਾਗੂ ਕੀਤੀ ਗਈ। ਯਾਤਰੂਆਂ ਦੀ ਅਗਵਾਈ ਵਾਸਤੇ ਇਕ

ਸੂਚਨਾ ਦਫ਼ਤਰ ਘੰਟਾ ਘਰ ਡਿਉਢੀ ਦੇ ਬਾਹਰ ਕਾਇਮ ਕੀਤਾ ਗਿਆ ਈਸਾ ਦੇ ਦੁਸ਼ਟ ਹਾਕਮਾਂ ਨੇ ਜੋ ਗਿਰਜਾ ਘਰ ਵਰਗਾ ਘੰਟਾ ਘਰ ਬਣਾਇਆ ਹੋਇਆ ਸੀ, ਸਿਖਾਂ ਨੇ ਢਾਹ ਦਿਤਾ।

੨੪ ਮਾਰਚ—ਮਾਸਟਰ ਤਾਰਾ ਸਿੰਘ ਵਲੋਂ ਆਚਾਰਯ ਫਾਰਮੂਲੇ ਦਾ ਡਟ ਕੇ ਵਿਰੋਧ ਕੀਤਾ ਗਿਆ।

੧ ਅਪ੍ਰੈਲ ੪੫–੩੨ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਸ਼ੇਖੂਪੁਰਾ ਹੋਈ।

੨੦ ਅਪ੍ਰੈਲ—ਸਿੱਖ ਰੈਫਰੰਸ ਲਾਇਬਰੇਰੀ ਕਾਇਮ ਕਰਕੇ ਦੁਰਲਭ ਪੁਸਤਕਾਂ ਦੀ ਸੰਭਾਲ ਕੀਤੀ ਗਈ।

੨੫ ਜੂਨ—ਮਾਸਟਰ ਤਾਰਾ ਸਿੰਘ ਜੀ ਵਾਇਸਰਾਏ ਲਾਰਡ ਵੇਵਲ ਨਾਲ ਮੁਲਾਕਾਤ ਸ਼ਿਮਲਾ ਵਿਖੇ ਕੀਤੀ ਕਾਂਗਰਸ ਦਾ ਪ੍ਰਧਾਨ ਮੌਲਾਨਾ ਅਬੁਲ-ਕਲਾਮ ਆਜ਼ਾਦ, ਸੀ ਮੋਤੀ ਲਾਲ ਨਹਿਰੂ ਅਤੇ ਜਿਨਾਹ ਵੀ ਸ਼ਾਮਲ ਹੋਏ ਅਤੇ ਸਿਖਾਂ ਨੂੰ ਵਿਸ਼ਵਾਸ਼ ਦਿਵਾਏ ਗਏ। ਮਾਸਟਰ ਤਾਰਾ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਫ਼ਲਸਤੀਨ ਵਿਚ ਵੀ ਯਹੂਦੀ ਕੇਵਲ ੧੦ ਫੀਸਦੀ ਹਨ, ਉਥੇ ਯਹੂਦੀ ਹੋਮ ਲੈਂਡ ਹੈ, ਪਰ ਸਿਖ ਹੋਮਲੈਂਡ ਵੀ ਜ਼ਰੂਰੀ ਹੈ। ਬਾਬੂ ਲਾਭ ਸਿੰਘ ਪ੍ਰਧਾਨ ਸ਼੍ਰੋ: ਅਕਾਲੀ ਦਲ ਸਨ। ਭੀਮ ਸੈਨ ਸੱਚਰ ਅਤੇ ਸਵਰਨ ਸਿੰਘ ਵਿਚਕਾਰ ਚੋਣ ਪੈਕਟ ਹੋਇਆ।

ਜੂਨ ੪੫–ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ, ਲਾਹੌਰ ਐਫ. ਸੀ. ਕਾਲਜ ਵਿਖੇ ਅੰਮ੍ਰਿਤ ਸੰਚਾਰ ਕਾਨਫਰੰਸ ਵਿਖੇ ਪੰਜ ਪਿਆਰੇ ਮਾਸਟਰ ਤਾਰਾ ਸਿੰਘ. ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰੋ: ਸਾਹਿਬ ਸਿੰਘ, ਜਥੇਦਾਰ ਮੋਹਨ ਸਿੰਘ ਵਲੋਂ ੫੧ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਗਿਆ।

ਜੁਲਾਈ ੪੫–ਦਿਲੀ ਗੁਰਦੁਆਰਾ ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਨੂੰ ਫ਼ਤਹਿ ਹੋਈ।

—ਲਾਹੌਰ ਤੋਂ ਅਖ਼ਬਾਰ ਅਜੀਤ ਅਤੇ ਅਕਾਲੀ ਪੱਤ੍ਰਕਾ ਸ਼ੁਰੂ ਹੋਏ।

੧੬ ਜੁਲਾਈ—ਈਸਾ ਦੇ ਦੁਸ਼ਟ ਹਾਕਮਾਂ ਨੇ ਰਬ ਦੇ ਜੀਅ ਜੰਤੂਆਂ ਦਾ ਨਾਸ ਕਰਨ ਲਈ ਐਟਮ ਬੰਬ ਤਿਆਰ ਕੀਤੇ, ਜਾਪਾਨ ਨੂੰ ਬਰਬਾਦ ਕਰਨ ਵਾਸਤੇ ਕੌਡੇ ਰਾਖਸ਼ਾਂ ਵਲੋਂ ੬ ਅਗਸਤ ਨੂੰ ਹੀਰੋਸ਼ੀਮਾ ਵਿਖੇ ਬੰਬ ਸਵੇਰੇ ੯.੧੫ ਵਜੇ ਸੁਟੇ ਤੇ ਡੇਢ ਲਖ ਜਾਨਾਂ ਨਸ਼ਟ ਕਰ ਦਿਤੀਆਂ।

੮ ਅਗਸਤ–ਰੂਸ ਦੇ ਸਟਾਲਨ ਵਲੋਂ ਆਪਣੀ ਰੈਡ ਆਰਮੀ ਜਾਪਾਨ ਤੇ ਹਮਲਾ ਕਰਨ ਲਈ ਫ਼ੈਸਲਾ ਕੀਤਾ ਜਾਪਾਨ ਦੇ ਪ੍ਰਧਾਨ ਮੰਤਰੀ ਸੁਜੋ ਕੀ ਨੇ

ਹਾਰ ਮੰਨ ਲਈ। ਅਮਰੀਕਾ ਦੇ ਪ੍ਰਧਾਨ ਟਰੂਮੈਨ ਨੇ ਬੰਬ ਸੁਟ ਕੇ ਜਾਪਾਨ ਵਿਚ ਸਰਬ ਨਾਸ ਕਰਵਾ ਕੇ ਮੂਰਖਤਾ ਦੀ ਜਿੱਤ ਦਾ ਸਬੂਤ ਦਿੱਤਾ।

੯ ਅਗਸਤ—ਜਾਪਾਨ ਦੇ ਨਗਰ ਨਾਗਾ-ਸਾਕੀ ਵਿਖੇ ਸਵੇਰੇ ੭-੦੦ ਵਜੇ ਬੰਬ ਸੁਟ ਕੇ ੭੫ ਹਜ਼ਾਰ ਜਾਨਾਂ ਦਾ ਸਰਬ ਨਾਸ਼ ਕੀਤਾ ਗਿਆ, ਹਾਲਾਂ ਕਿ ਜਾਪਾਨ ਦੇ ਪ੍ਰਧਾਨ ਹੀਰੋ ਹੀਬੋ ਨੇ ਹਾਰ ਮਨ ਲਈ ਹੋਈ ਸੀ। ਸਾਰਾ ਸੰਸਾਰ ਹਰ ਸਾਲ ਲਾਹਨਤਾਂ ਪਾਉਂਦਾ ਹੈ।

ਅਕਤੂਬਰ ੪੫—ਫ਼ੈਡਰੇਸ਼ਨ ਵਲੋਂ ਗੁਜਰਾਂ ਵਾਲਾ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਹੋਇਆ।

—ਜਨਰਲ ਮੋਹਨ ਸਿੰਘ ਜੀ ਆਈ. ਐਨ. ਏ. ਸਮਾਟਰਾ ਵਿਖੇ ਗ੍ਰਿਫ਼ਤਾਰ ਕਰ ਲਏ ਗਏ, ਇਨ੍ਹਾਂ ਨੂੰ ਸਿੰਘਾਪੁਰ ਕੈਦ ਵਿਚ ਰਖਿਆ ਗਿਆ, ਨਵੰਬਰ ੧੯੪੫ ਨੂੰ ਦਿਲੀ ਲਾਲ ਕਿਲ੍ਹਾ ਵਿਚ ਕੈਦ ਰੱਖ ਕੇ ਨੌਕਰੀ ਤੋਂ ਡਿਸਮਿਸ ਕਰ ਦਿਤਾ ਗਿਆ, ਕਦੇ ਹੌਂਸਲਾ ਨਹੀਂ ਹਾਰਿਆ।

—ਹਵਾਈ ਸੈਨਾ ਦੇ ਸਕੈਡਰਨ ਕਮਾਂਡਰ ਪ੍ਰਿਥੀਪਾਲ ਸਿੰਘ ਜੀ ਦੂਜੇ ਸੰਸਾਰ ਯੁਧ ਵਿਚ ਜੂਝਦੇ ਹੋਏ ਸ਼ਹੀਦ ਹੋਏ। ਨਿਧੜਕ ਪਾਇਲਟ ਸਨ।

—ਸਪਰੂ ਕਮੇਟੀ ਵਲੋਂ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦਾ ਅਧਿਕਾਰ ਪਰਵਾਨ ਹੈ।

ਸਤੰਬਰ—ਦੁਸ਼ਟ ਹਿਟਲਰ ਨੇ ਆਤਮ ਹੱਤਿਆ ਕਰ ਲਈ।

੧੯੪੬—ਪੰਜਾਬ ਅਸੈਂਬਲੀ ਦੇ ਸਪੀਕਰ ਸਰ ਸ਼ਹਾਬੁ-ਦੀਨ ਨੇ ਫੈਸਲਾ ਦਿੱਤਾ ਸੀ ਕਿ ਅਸੈਂਬਲੀ ਵਿਚ ਸਿੱਖਾਂ ਨੂੰ ਕਿਰਪਾਨ ਲੈ ਜਾਣ ਦਾ ਅਧਿਕਾਰ ਹੈ ਅਤੇ ਸ: ਮੰਗਲ ਸਿੰਘ ਗਿੱਲ ਆਪਣੇ ਨਾਲ ਕੇਂਦਰੀ ਲੈਜਿਸਲੇਚਰ ਕੌਂਸਲ ਵਿਚ ਕਿਰਪਾਨ ਲੈ ਕੇ ਜਾਂਦੇ ਰਹੇ।

—ਮਹੰਤ ਭਾਈ ਜਵਾਹਰ ਸਿੰਘ, ਪੰਡਤ ਨਿਸਚਲ ਸਿੰਘ ਜੀ ਵਲੋਂ ਚੌਕ ਬਾਬਾ ਅਟੱਲ ਸਾਹਿਬ ਵਿਖੇ ਸੇਵਾ-ਪੰਥੀ ਡੇਰਾ ਮਿੱਠਾ ਟਿਵਾਣਾ,ਦੀ ਉਸਾਰੀ ਸ਼ੁਰੂ ਕੀਤੀ ਗਈ। ਮਹੰਤ ਦਇਆ ਸਿੰਘ ਜੀ ਸੰਗਤ-ਪੰਗਤ ਦੇ ਪ੍ਰਵਾਹ ਚਲਾ ਰਹੇ ਹਨ।

ਜਨਵਰੀ—ਦੂਜਾ ਸੰਸਾਰ-ਯੁਧ ਬੰਬਾਂ ਦੇ ਸਰਬਨਾਸ਼ ਦੇ ਨਾਲ ਖਤਮ ਹੋ ਗਿਆ। ਬਰਤਾਨੀਆ ਵਿਚ ਆਮ ਚੋਣਾਂ ਹੋਈਆਂ ਤਾਂ ਦੁਸ਼ਟ ਚਰਚਹਿਲ ਹਾਰ ਗਿਆ। ਲੇਬਰ ਪਾਰਟੀ ਕਲੀਮੈਂਟ ਐਟਲੀ ੧੯ ਫਰਵਰੀ ੧੯੪੬ ਨੂੰ ਲੇਬਰ ਪਾਰਟੀ ਸਰਕਾਰ ਵਲੋਂ ਭਾਰਤ ਨੂੰ

ਆਜ਼ਾਦ ਕਰਨ ਦਾ ਫੈਸਲਾ ਹੋਇਆ, ਮੁਸਲਮਾਨਾਂ ਨੇ ਗੰਗੂ ਪੰਡਤਾਂ ਦੀ ਹਕੂਮਤ ਦੇ ਵਿਰੁਧ ਵੱਖਰੇ ਪਾਕਿਸਤਾਨ ਲਈ ਜ਼ੋਰ ਦਿੱਤਾ। ਜੇਕਰ ਪੰਡਤ ਨਹਿਰੂ ਦਾ ਵਤੀਰਾ ਸਾਰੀਆਂ ਕੌਮਾਂ ਨਾਲ ਇਨਸਾਨੀਅਤ ਅਤੇ ਪਿਆਰ ਵਾਲਾ ਹੁੰਦਾ ਤਾਂ ਜਿਨਾਹ ਅਤੇ ਲਿਆਕਤ ਅਲੀ ਖਾਂ ਕਦੇ ਵੀ ਵੱਖਰੇ ਪਾਕਿਸਤਾਨ ਦੀ ਗੱਲ ਨਾ ਕਰਦੇ, ਨਾ ਹੀ ਦੇਸ਼ ਦੇ ਟੁਕੜੇ ਅਤੇ ਕਤਲ ਖ਼ੂਨ-ਖਰਾਬਾ ਹੀ ਹੁੰਦਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਨਸਾਨੀਅਤ ਦਾ ਰਾਜ, ਪਿਆਰ ਸੀ।

ਫਰਵਰੀ—ਅਸੈਂਬਲੀ ਚੋਣਾਂ ਦੇ ਦੌਰਾਨ ਗੰਗੂ ਬ੍ਰਾਹਮਣਾਂ ਨੇ ਸਾਰੀਆਂ ਕੌਮਾਂ ਨੂੰ ਵਿਸ਼ਵਾਸ ਵਿਚ ਲੈਣ ਵਾਸਤੇ ਪਰਚਾਰ ਕੀਤਾ ਕਿ ਦੇਸ਼ ਦੀ ਕਦੇ ਵੀ ਵੰਡ ਨਹੀਂ ਹੋਣ ਦਿਆਂਗੇ।

੨੨ ਮਾਰਚ—ਸ਼੍ਰੋਮਣੀ ਗੁ: ਪ੍ਰ: ਕਮੇਟੀ, ਅਕਾਲੀ ਦਲ ਵਲੋਂ ਸਿਖਸਤਾਨ ਬਾਰੇ ਮਤਾ ਪਾਸ ਕੀਤਾ ਗਿਆ, ਇਸ ਦੀ ਹਮਾਇਤ ਜਿਨਾਹ ਨੇ ਵੀ ਕੀਤੀ।

੨੪ ਮਾਰਚ—ਕੈਬਨਿਟ ਮਿਸ਼ਨ ਦਿੱਲੀ ਪਹੁੰਚਿਆ।

੨ ਅਪਰੈਲ—ਬਾਬਾ ਖੜਕ ਸਿੰਘ ਦੇ ਸੈਂਟਰਲ ਅਕਾਲੀ ਦਲ ਵਲੋਂ ਸਿੱਖ ਸਟੇਟ, ਸ: ਅਮਰ ਸਿੰਘ ਪਰਧਾਨ ਵਲੋਂ ਕੀਤੀ ਗਈ। ਮੁਹੰਮਦ ਅਲੀ ਜਿਨਾਹ ਨੇ ਮਾਸਟਰ ਤਾਰਾ ਸਿੰਘ ਨੂੰ ਵਿਸ਼ਵਾਸ ਦਿਵਾ ਕੇ ਜਮਨਾ ਤਕ ਪਾਕਿਸਤਾਨ ਬਣਾਉਣ ਦੀ ਗੱਲ ਕੀਤੀ ਤਾਂ ਮਾਸਟਰ ਤਾਰਾ ਸਿੰਘ ਨੇ ਠੁਕਰਾ ਦਿੱਤਾ।

੩ ਅਪਰੈਲ— ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ, ਮਲਕ ਹਰਦਿੱਤ ਸਿੰਘ, ਮਲਕ ਤੇਜਾ ਸਿੱਘ, ਮਾਸਟਰ ਤਾਰਾ ਸਿੰਘ ਸਰਦਾਰ ਬਲਦੇਵ ਸਿੰਘ, ਸ: ਸਰੂਪ ਸਿੰਘ, ਸ: ਅਮਰ ਸਿੰਘ ਅੰਬਾਲਵੀ ਐਡਵੋਕੇਟ, ਸ: ਹਰਨਾਮ ਸਿੰਘ, ਗਿਆਨੀ ਕਰਤਾਰ ਸਿੰਘ ਨੇ [3]ਸਰਦਾਰ ਪਟੇਲ ਦੇ ਨਾਲ ਸਿੱਖ ਸਟੇਟ ਬਣਾਉਣ ਦੀ ਗੱਲ ਕੀਤੀ।

ਸਰ ਸਟੈਫਰਡ ਕਰਿਪਸ ਨੇ ਸਿੱਖ ਰਾਜ ਦੀ ਹੱਦ, ਨਿਸ਼ਾਨ-ਦੇਹੀ ਦੀ ਗੱਲ ਕੀਤੀ ਤਾਂ ਗੰਗੂ ਬ੍ਰਾਹਮਣ ਹਰ ਤਰ੍ਹਾਂ ਦੀ ਆਜ਼ਾਦੀ ਦੇਣ ਦੇ ਵਿਸ਼ਵਾਸ ਦਿਵਾਉਣ ਲੱਗ ਪਏ।

੧੯ ਤੋਂ ੨੧ ਅਪਰੈਲ—੩੨ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਕਰਾਚੀ ਹੋਈ।

—੪ ਮਈ—ਜਨਰਲ ਮੋਹਨ ਸਿੰਘ ਜੀ. ਆਈ. ਐਨ. ਏ. ਨੂੰ ਦਿੱਲੀ ਜੇਲ੍ਹ ਤੋਂ ਆਜ਼ਾਦ ਕਰ ਦਿੱਤਾ ਗਿਆ।

—੫ ਮਈ ਕੈਬਨਿਟ ਮਿਸ਼ਨ ਵਿਚ ਸਰਦਾਰ ਬਲਦੇਵ ਸਿੰਘ ਮੰਤਰੀ ਵਲੋਂ ਸਿੱਖ ਸਟੇਟ ਅਤੇ ਖਾਲਸਤਾਨ ਬਣਾਉਣ ਤੇ ਜ਼ੋਰ ਦਿੱਤਾ ਗਿਆ।

—੧੬ ਮਈ ਕੈਬਨਿਟ ਮਿਸ਼ਨ ਵਲੋਂ ਦੇਸ਼ ਦੀ ਵੰਡ ਬਾਰੇ ਵਾਈਟ ਪੇਪਰ ਰਪੋਟ ਵਿਚ ਸਿੱਖਾਂ ਨੂੰ ਤੀਜੀ ਧਿਰ ਮੰਨਿਆ ਗਿਆ। ਸਿੱਖਾਂ ਦੀ ਗਿਣਤੀ ਘਟ ਹੋਣ ਕਰਕੇ ਪੰਡਤਾਂ ਦਾ ਵਿਸ਼ਵਾਸ ਕਰਦੇ ਰਹੇ। ਮਾਸਟਰ ਤਾਰਾ ਸਿੰਘ ਇਸ ਬੇ-ਇਨਸਾਫੀ ਵਿਰੁਧ ਰੋਸ ਕਰਦੇ ਰਹੇ।

੨ ਜੁਨ ੪੬—ਗਾਂਧੀ ਨੇ ਦੁਖ ਪ੍ਰਗਟ ਕੀਤਾ ਕਿ ਦੇਸ਼ ਦਾ ਬਟਵਾਰਾ ਨਹਿਰੂ ਦੇ ਫਿਰਕੂ ਵਤੀਰੇ ਕਰਕੇ ਹੋਇਆ ਹੈ, ਖਾਨ ਅਬਦੁਲ ਗੁਫਾਰ ਖਾਂ ਅਤੇ ਵਲੀ ਖਾਨ ਵੀ ਨਹਿਰੂ ਤੋਂ ਦੁਖੀ ਸਨ।

—ਪੰਜਾਬ ਅਸੈਂਬਲੀ ਵਿਚ ਸਿੱਖ ਐਮ. ਐਲ. ਏ. ਨੂੰ ਕਿਰਪਾਨ ਨਾਲ ਰੱਖਣ ਬਾਰੇ ਮੁਸਲਿਮ ਲੀਗ ਦੇ ਮੈਂਬਰ ਵਲੋਂ ਇਤਰਾਜ਼ ਉਠਾਇਆ ਗਿਆ ਤਾਂ ਸਪੀਕਰ ਵਲੋਂ ਉਤਰ ਦਿਤਾ ਗਿਆ ਕਿ ਕਿਰਪਾਨ ਧਾਰਮਕ ਕਕਾਰ ਹੈ, ਸੋ ਇਸ ਤੇ ਕੋਈ ਪਾਬੰਦੀ ਨਹੀਂ। ਸਪੀਕਰ ਸਰ ਸ਼ਹਾਬ—ਦੀਨ ਸਨ ਸ: ਮੰਗਲ ਸਿੰਘ ਜੀ ਆਪਣੇ ਨਾਲ ਕ੍ਰਿਪਾਨ ਲੈ ਜਾਂਦੇ ਰਹੇ।

੯-੧੦ ਜੂਨ—ਪੰਥਕ ਕਾਨਫਰੰਸ ਅੰਮ੍ਰਿਤਸਰ ਹੋਈ, ਕਰਨਲ ਨਰਿੰਜਣ ਸਿੰਘ ਗਿੱਲ ਆਈ. ਐਨ. ਏ. ਸਿੱਖਾਂ ਦੀ ਮੰਗ ਪ੍ਰਵਾਨ ਕਰਵਾਉਣ ਵਾਸਤੇ ਸ੍ਰੀ ਅਕਾਲ ਤਖਤ ਤੇ ਪ੍ਰਣ ਕੀਤਾ, ਮੈਮੋਰੈਂਡਮ ਮਿਸ਼ਨ ਨੂੰ ਭੇਜਿਆ ਗਿਆ।

੧੩ ਜੂਨ ੪੬—ਲੈਨਡਨ ਸੈਰਾਫੀਲਡ ਵਲੋਂ ਪੁਸਤਕ **Betrayal of the Sikhs** ਛਾਪੀ ਗਈ।

੬ ਜੁਲਾਈ —ਆਲ ਇੰਡੀਆ ਕਾਂਗਰਸ ਦਾ ਸਮਾਗਮ, ਕਲਕੱਤਾ ਵਿਖੇ ਹੋਇਆ ਉਥੇ ਗੰਗੂ ਪੰਡਤ ਨਹਿਰੂ ਨੇ ਸੂਰਬੀਰ ਸਿੱਖਾਂ ਦੀ ਪ੍ਰਸੰਸਾ ਕੀਤੀ ਕਿ "ਸਿੱਖ ਕੌਮ ਵਿਸ਼ੇਸ਼ ਮਹਾਨਤਾ ਦੀ ਧਾਰਨੀ ਹੈ, ਇਨ੍ਹਾਂ ਵਾਸਤੇ ਉਤਰ-ਪਛਮ ਵਿਚ ਅਜਿਹਾ ਇਲਾਕਾ ਅਤੇ ਪ੍ਰਬੰਧ ਸਿਖ ਕੌਮ ਲਈ ਰਾਖਵਾਂ ਰਖਿਆ ਜਾਵੇ ਜਿਸ ਵਿਚ ਇਹ ਆਜ਼ਾਦੀ ਦਾ ਅਨੰਦ ਮਾਣ ਸਕੇ।"

੧੦ ਜੁਲਾਈ—ਗੰਗੂ ਪੰਡਤ ਨਹਿਰੂ ਵਲੋਂ, ਬੰਬਈ ਵਿਖੇ ਪ੍ਰੈਸ ਕਾਨਫਰੰਸ ਨੂੰ

ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਹੋਣਗੇ, ਉਸੇ ਤਰ੍ਹਾਂ ਹੀ ਕਾਰਵਾਈ ਕੀਤੀ ਜਾਵੇਗੀ।

੧੪ ਜੁਲਾਈ—ਅਕਾਲੀ ਜਥੇਦਾਰਾਂ ਦੀ ਭਾਰੀ ਸਭਾ ਵਿਚ ਕਰਨਲ ਨਰਿੰਜਨ ਸਿੰਘ ਗਿਲ ਨੇ. ਧੋਖੇਬਾਜ ਕਾਂਗਰਸੀ ਗੰਗੂ ਪੰਡਤਾਂ ਦੇ ਲਾਰਿਆਂ ਵਿਰੁਧ ਕੌਮ ਨੂੰ ਸਾਵਧਾਨ ਕੀਤਾ।

੧੮ ਜੁਲਾਈ—ਸਟੈਫ਼ਰਡ ਕਰਿਪਸ ਨੇ ਬਰਤਾਨੀਆ ਪਾਰਲੀਮੈਂਟ ਵਿਚ ਕਿਹਾ ਕਿ ਸਿੰਘ ਬਹਾਦਰ ਕੌਮ ਹੈ, ਪਰ ਦੁਖ ਹੈ ਕਿ ਇਨ੍ਹਾਂ ਦੀ ਗਿਣਤੀ ਬਹੁਤ ਘਟ ਹੋਣ ਕਰਕੇ, ਵੱਖਰੀ ਸਿੱਖ ਸਟੇਟ ਦੀ ਵੰਡ ਨਹੀਂ ਕੀਤੀ ਜਾ ਸਕੀ (ਇਹ ਬਿਆਨ ਅਖਬਾਰ ਸਟੇਟਸਮੈਨ ੧੯ ਜੁਲਾਈ ੪੬ ਵਿਚ ਛਪੇ ਹਨ)

੨੭ ਜੁਲਾਈ—ਗੰਗੂ ਪੰਡਤ ਨਹਿਰੂ ਨੇ ਸੰਵਿਧਾਨਕ ਅਸੈਂਬਲੀ ਆਪਣੀ ਫਿਰਕੂ ਜ਼ਹਿਨੀਅਤ ਅਨੁਸਾਰ ਬਣਾਉਣ ਦੀ ਧਮਕੀ ਦਿਤੀ ਤਾਂ ਜਿਨਾਹ ਨੇ ਕਰੋਧ ਵਿਚ ਬਾਈਕਾਟ ਕਰਦੇ ਹੋਏ ਪਿਸਤੌਲ ਵਿਖਾ ਕੇ ਜਵਾਬੀ ਧਮਕੀ ਦਿਤੀ। ਮੁਸਲਮਾਨਾਂ ਨੂੰ ਖੁਸ਼ ਕਰਨ ਵਾਸਤੇ ਸਿੰਧ ਨੂੰ ਬੰਬਈ ਤੋਂ ਵਖਰਾ ਕਰ ਦਿਤਾ ਗਿਆ।

ਨਹਿਰੂ ਨੂੰ ਪਤਾ ਸੀ ਕਿ ਜਿਨਾਹ ਸੂਝਵਾਨ ਅਤੇ ਹਰਮਨ ਪਿਆਰਾ ਹੈ ਕਿਤੇ ਪ੍ਰਧਾਨ ਮੰਤਰੀ ਨਾ ਬਣ ਜਾਵੇ, ਗਾਂਧੀ ਵੀ ਜਿਨਾਹ ਦੀ ਵਧੇਰੇ ਕਦਰ ਕਰਦਾ ਸੀ। ਪਰ ਗਾਂਧੀ ਮਰਾਠਾ, ਬੰਗਾਲੀ ਅਤੇ ਪੰਜਾਬ ਦੇ ਸਿੱਖਾਂ ਨੂੰ ਨਫਰਤ ਕਰਦਾ ਸੀ।

—੧੬ ਤੋਂ ੨੦ ਅਗਸਤ ਮੁਸਲਮਾਨ ਅਜ਼ਾਨ ਦੇ ਦਿਨਾਂ ਨੂੰ ਪਵਿੱਤਰ ਸਮਝਦੇ ਹਨ ਪਰ ਕਲਕੱਤਾ, ਪੂਰਬੀ ਬੰਗਾਲ, ਨਵਾਖਲੀ ਵਿਖੇ ੫ ਦਿਨ ਡਾਇਰੈਕਟ ਐਕਸ਼ਨ ਡੇ ਮਨਾ ਕੇ ਖ਼ੂਨ-ਖਰਾਬਾ ਹੋਇਆ, ਬੰਗਾਲ ਦਾ ਮੁਖ ਮੰਤਰੀ ਸੁਹਰਾਵਰਦੀ ਸੀ, ਮਹਾਤਮਾ ਗਾਂਧੀ ਘਬਰਾ ਕੇ ਓਥੇ ਪਹੁੰਚਿਆ ਅਤੇ ਜਿਨਾਹ ਨੂੰ ਪਰਧਾਨ ਮੰਤਰੀ ਬਣ ਜਾਣ ਵਾਸਤੇ ਆਖਿਆ, ਪਰ ਗੰਗੂ ਪੰਡਤ ਨਹਿਰੂ ਨੇ ਆਪਣੀ ਫਿਰਕੂ ਜ਼ਹਿਨੀਅਤ ਅਨੁਸਾਰ ਜ਼ਿਦ ਕੀਤੀ ਕਿ ਭਾਰਤ ਦਾ ਪਰਧਾਨ ਮੰਤਰੀ ਹਿੰਦੂ ਹੋਵੇਗਾ।

—੧੧ ਸਤੰਬਰ ਜਿਨਾਹ ਨੇ ਬੰਬਈ ਵਿਖੇ ਸਿਵਲ ਵਾਰ ਦੀ ਧਮਕੀ ਦਿੱਤੀ। ਫੀਰੋਜ਼ ਖਾਨ ਨੂੰਨ ਨੇ ਵੀ ਬਰਬਾਦੀ ਦੀਆਂ ਧਮਕੀਆਂ ਦਿੱਤੀਆਂ।

ਅਕਤੂਬਰ—ਕਲਕੱਤਾ, ਨਵਾਖਲੀ ਵਿਖੇ ਹਿੰਦੂਆਂ ਉਪਰ ਜ਼ੁਲਮ ਹੋਏ, ਸਿੱਖਾਂ ਨੇ ਸਹਾਇਤਾ ਲੀਤੀ। ਗਾਂਧੀ ਨੂੰ ਘਬਰਾਹਟ ਹੋ ਗਈ ਨਵਾਖਲੀ ਪਹੁੰਚਿਆ।

੨੫ ਨਵੰਬਰ—ਜਿਨਾਹ ਨੇ ਗੰਗੂ ਪੰਡਤ ਨਹਿਰੂ ਦੀ ਫਿਰਕੂ ਜ਼ਹਿਨੀਅਤ ਤੋਂ ਨਫ਼ਰਤ ਕਰਨੀ ਸ਼ੁਰੂ ਕਰ ਦਿੱਤੀ।

ਦਸੰਬਰ—ਫਰੰਟੀਅਰ ਦੇ ਇਲਾਕਾ ਹਜ਼ਾਰਾ ਵਿਖੇ ਫਿਰਕੂ ਦੰਗੇ ਹੋਣੇ ਸ਼ੁਰੂ ਹੋ ਗਏ।

ਗੰਗੂ ਪੰਡਤਾਂ ਦੀ ਅਕਲ ਵੇਖੋ ਜੇਕਰ ਮੁਸਲਮਾਨ ਵੱਖਰੇ ਇਲਾਕੇ ਪਾਕਿਸਤਾਨ ਦੀ ਗੱਲ ਕਰਦੇ ਹਨ ਤਾਂ ਉਹ ਦੇਸ਼-ਭਗਤ ਹਨ, ਪਰ ਜਦੋਂ ਸਿੱਖ ਇਤਨੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ ਆਪਣੇ ਧਰਮ-ਵਿਸ਼ਵਾਸਾਂ ਅਤੇ ਹੱਕਾਂ ਦੀ ਗ਼ਲ ਕਰਨ ਤਾਂ ਇਨ੍ਹਾਂ ਨੂੰ ਡਾਕੂ, ਕਾਤਲ ਕਹਿ ਕੇ ਬਦਨਾਮ ਕਰਕੇ ਜ਼ੁਲਮ ਕੀਤਾ ਜਾਂਦਾ ਹੈ। ਗਾਂਧੀ ਅਤੇ ਨਹਿਰੂ ਸੈਕੂਲਰ ਹੋਣ ਦਾ ਢੋਂਗ ਕਰਦੇ ਰਹੇ। ਜੇਕਰ ਨਹਿਰੂ ਦਾ ਵਤੀਰਾ ਮਸਲਮਾਨਾਂ ਅਤੇ ਸਿੱਖਾਂ ਪ੍ਰਤੀ ਇਨਸਾਨੀਅਤ ਵਾਲਾ ਹੁੰਦਾ ਤਾਂ ਦੇਸ਼ ਦੀ ਕਦੇ ਵੀ ਵੰਡ,ਕਤਲ,ਨਫ਼ਰਤ ਨਹੀਂ ਹੋਣੀ ਸੀ।

੯ ਦਸੰਬਰ-ਨਹਿਰੂ ਵਲੋਂ ਸੰਵਿਧਾਨ ਬਣਾਉਣ ਵਾਲੀ ਅਸੈਂਬਲੀ ਵਿਚ ਵਿਸ਼ਵਾਸ ਦਿਵਾਇਆ ਕਿ ਘਟ ਗਿਣਤੀ ਜਮਾਤਾਂ ਦੀ ਸੁਰਖਿਆ ਵਾਸਤੇ ਸਹੂਲਤਾਂ ਹੋਣਗੀਆਂ। ਦੇਸ਼ ਦੇ ਸਾਰੇ ਪ੍ਰਾਂਤ ਆਪੋ ਆਪਣੇ ਖੇਤਰ ਵਿਚ ਮੁਕੰਮਲ ਤੌਰ ਤੇ ਖੁਦ-ਮੁਖਤਾਰ ਹੋਣਗੇ।

੨੨ ਦਸੰਬਰ-ਕਾਂਗਰਸ ਨੇ ਆਪਣੇ ਇਜਲਾਸ ਵਿਚ ਇਕ ਮਤਾ ਪਾਸ ਕੀਤਾ ਕਿ ਕੇਂਦਰ ਸਰਕਾਰ ਕੋਲ ਕੇਵਲ ਤਿੰਨ ਵਡੇ ਮਹਿਕਮੇ ਬਦੇਸ਼ੀ ਮਾਮਲੇ, ਡੀਫ਼ੈਂਸ ਅਤੇ ਸੰਚਾਰ ਸਾਧਨ ਹੋਣਗੇ, ਬਾਕੀ ਦੇ ਸਾਰੇ ਅਧਿਕਾਰ ਸੂਬਿਆਂ ਦੀਆਂ ਸਰਕਾਰਾਂ ਨੂੰ ਹੋਣਗੇ, ਉਸ ਸ਼ਮੇਂ ਮੌਲਾਨਾ ਅਬੁਲ-ਕਲਾਮ ਆਜ਼ਾਦ ਕਾਂਗਰਸ ਦਾ ਪ੍ਰਧਾਨ ਸੀ ਉਸ ਵਲੋਂ ਇਹ ਮਾਮਲੇ ਰਪੋਟਾਂ ਆਪਣੀ ਪੁਸਤਕ 'ਇੰਡੀਆ ਵਿਨਜ਼ ਫਰੀਡਮ' ਦੇ ਪੰਨਾ ੧੬੭ ਉਪਰ ਲਿਖੀਆਂ ਹਨ।

ਅੰਗਰੇਜ਼ ਹਾਕਮਾਂ ਵਲੋਂ ਪਿਸ਼ਾਵਰ ਵਿਖੇ ਪਠਾਣਾਂ ਉਪਰ ਗੋਲੀ ਚਲਾਈ ਗਈ ਤਾਂ ਉਨ੍ਹਾਂ ਦੀ ਸਹਾਇਤਾ ਵਾਸਤੇ ਇਕ ਸੌ ਅਕਾਲੀ ਸਿੰਘਾਂ ਦਾ ਜੱਥਾ ਮਾਸਟਰ ਤਾਰਾ ਸਿੰਘ ਸ੍ਰੀ ਅਕਾਲ ਤਖਤ ਤੋਂ ਅਰਦਾਸ ਕਰਕੇ ਪਿਸ਼ਾਵਰ ਪਹੁੰਚੇ ਸਨ।

—ਜਥੇਦਾਰ ਮੋਹਨ ਸਿੰਘ ਸ੍ਰੀ ਅਕਾਲ ਤਖਤ ਵਿਖੇ ਪ੍ਰਬੰਧਕ ਸਨ ਅਤੇ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਸਨ, ਪਰਕਰਮਾ ਚੌੜੀ ਕਰਨ ਵਾਸਤੇ ਆਲੇ ਦੁਆਲੇ ਦੇ ਪੁਰਾਣੇ ਬੁੰਗੇ ਢਾਹ ਦਿਤੇ ਗਏ ਅਤੇ ਬਰਾਂਡੇ ਤਿਆਰ ਕਰਵਾ ਦਿਤੇ ਗਏ।

੫ ਜਨਵਰੀ ੧੯੪੭—ਕਾਂਗਰਸ ਦਾ ਇਜਲਾਸ ਦਿੱਲੀ ਹੋਇਆ। ਨਹਿਰੂ ਨੇ ਕਿਹਾ, ਪੰਜਾਬ ਵਿਚ ਸਿੱਖ ਕੌਮ ਦੇ ਵਿਸ਼ੇਸ਼ ਅਧਿਕਾਰਾਂ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਗਾਂਧੀ ਕਹਿੰਦਾ ਰਿਹਾ ਕਿ ਪਾਕਿਸਤਾਨ ਮੇਰੀ ਕਬਰ ਤੇ ਬਣੇਗਾ।

—੧ ਮਾਰਚ—ਕਾਂਗਰਸ ਦੇ ਧੋਖੇਬਾਜ਼ਾਂ ਵਲੋਂ ਇਕ ਮਤਾ ਪਾਸ ਕੀਤਾ ਗਿਆ ਕਿ ਕੋਈ ਵੀ ਵਿਧਾਨ ਕਿਸੇ ਵੀ ਘਟ ਗਿਣਤੀ ਤੇ ਉਸ ਦੀ ਮਰਜ਼ੀ ਦੇ ਵਿਰੁਧ ਠੋਸਿਆ ਨਹੀਂ ਜਾਵੇਗਾ।

—੨ ਮਾਰਚ—ਰਾਵਲਪਿੰਡੀ, ਜੇਹਲਮ ਵਿਚ ਫਿਰਕੂ ਕਤਲ ਸ਼ੁਰੂ ਹੋ ਗਏ। ਮੁਸਲਮ ਲੀਗ ਵਲੋਂ ਲਾਹੌਰ ਵਿਖੇ ਫਤਹਿ ਦਿਵਸ ਮਨਾਇਆ ਗਿਆ।

—੬ ਮਾਰਚ—ਮੁਲਤਾਨ ਲਾਹੌਰ ਕਤਲ ਹੋਏ, ਲੋਕ ਪਾਕਿਸਤਾਨ ਤੋਂ ਫੀਰੋਜ਼ਪੁਰ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ ਵਲ ਉਜੜ ਕੇ ਆ ਰਹੇ ਸਨ, ਪਰ ਈਸਾ ਦੇ ਦੁਸ਼ਟ ਹਾਕਮ ਤਮਾਸ਼ਾ ਵੇਖ ਰਹੇ ਸਨ।

—੧੦ ਮਾਰਚ—ਤਾਊਂਡ ਟੇਬਲ ਕਾਨਫਰੰਸ ਸਮੇਂ ਫੀਰੋਜ਼ ਖਾਨ ਨੂੰਨ ਵਲੋਂ ਸਿੱਖ ਸਟੇਟ ਆਦਿ ਵਿਸ਼ੇਸ਼ ਅਧਿਕਾਰਾਂ ਦੀ ਪੇਸ਼ਕਸ਼ ਕੀਤੀ ਗਈ, ਪਰ ਦੇਸ਼ ਦੀ ਵੰਡ ਨਾਲ ਸਿੱਖਾਂ ਨੂੰ ਹੀ ਹਰ ਇਲਾਕੇ ਤੋਂ ਨੁਕਸਾਨ ਹੋਇਆ।

—੧੨ ਮਈ—ਸਰਦਾਰ ਬਲਦੇਵ ਸਿੰਘ ਪੰਡਤ ਨਹਿਰੂ ਦੇ ਨਾਲ ਲੰਡਨ ਲਾਰਡ ਮਾਊਂਟ ਬੈਟਨ ਨਾਲ ਗਲ ਕਰਨ ਗਏ ਤਾਂ ਨਹਿਰੂ ਨੇ ਕੋਈ ਸਪੱਸ਼ਟ ਗਲ ਨਾ ਕਰਨ ਦਿੱਤੀ।

—੧੫ ਮਈ—ਮਹਾਰਾਜਾ ਯਾਦਵਿੰਦਰਾ ਸਿੰਘ ਪਟਿਆਲਾ ਦੀ ਜਿਨਾਹ ਅਤੇ ਵਾਇਸਰਾਇ ਨਾਲ ਦਿੱਲੀ ਗੱਲ-ਬਾਤ ਹੋਈ। ਜੇਕਰ ਨਹਿਰੂ ਨੂੰ ਦੇਸ਼ ਦੇ ਲੋਕਾਂ ਨਾਲ ਪਿਆਰ ਹੁੰਦਾ ਤਾਂ ਪਾਕਿਸਤਾਨ ਤੋਂ ਸਾਰੇ ਹਿੰਦੂ ਸਿੱਖਾਂ ਨੂੰ ਆਰਾਮ ਨਾਲ ਤਬਦੀਲ ਕਰਾਇਆ ਜਾ ਸਕਦਾ ਸੀ।

—੩ ਜੂਨ—ਲਾਰਡ ਮਾਊਂਟ ਬੈਟਨ ਵਲੋਂ ਦੇਸ਼ ਦੀ ਵੰਡ ਦਾ ਐਲਾਨ ਕੀਤਾ ਗਿਆ।

—੧੨ ਜੂਨ—ਸਿੱਖਾਂ ਨੇ ਦੇਸ਼ ਦੀ ਕਾਣੀ ਵੰਡ ਦਾ ਵਿਰੋਧ ਕੀਤਾ ਸੀ ਤਾਂ ਹੀ ਅੱਧਾ ਪੰਜਾਬ ਅਤੇ ਕਸ਼ਮੀਰ ਬਚ ਗਿਆ, ਨਹੀਂ ਤਾਂ ਗੰਗੂ ਪੰਡਤ ਨਹਿਰੂ ਦੇ ਫੈਸਲੇ ਅਨੁਸਾਰ ਸਾਰਾ ਪੰਜਾਬ, ਸਾਰਾ ਬੰਗਾਲ, ਆਸਾਮ, ਸਾਰਾ ਕਸ਼ਮੀਰ ਪਾਕਿਸਤਾਨ ਦਾ ਹਿੱਸਾ ਬਣ ਜਾਣਾ ਸੀ।

੧੨ ਜੂਨ—ਲਾਰਡ ਮਾਊਂਟਬੈਟਨ ਅਤੇ ਪੰਜਾਬ ਦੇ ਗਵਰਨਰ ਜੈਨਕਿਨ ਨੇ ਰਾਵਲਪਿੰਡੀ ਦੇ ਕਸਬਾ ਕਹੂਟਾ ਵਿਖੇ ਦੋ ਹਜ਼ਾਰ ਹਿੰਦੂ-ਸਿੱਖਾਂ ਦੇ ਕਤਲ ਦੀ ਦਰਦਨਾਕ ਹਾਲਤ ਆਪ ਵੇਖੀ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ।

—ਅੰਮ੍ਰਿਤਸਰ ਤੋਂ ਰੋਜ਼ਾਨਾ ਅਖ਼ਬਾਰ ਵਰਤਮਾਨ ਅਤੇ ਖਾਲਸਾ ਸੇਵਕ ਨਿਕਲਣੇ ਸ਼ੁਰੂ ਹੋਏ।

—ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਸਲਮਾਨ ਰਵਾਬੀ ਭਾਈ ਚਾਂਦ, ਭਾਈ ਦੇਸਾ, ਭਾਈ ਤਾਬਾ ਅਤੇ ਭਾਈ ਲਾਲ ਜੀ ਕੀਰਤਨ ਕਰਦੇ ਰਹੇ, ਸਿਖ ਸੰਗਤਾਂ ਇਨ੍ਹਾਂ ਦਾ ਬੜਾ ਆਦਰ ਸਤਿਕਾਰ ਕਰਦੀਆਂ। ਦੇਸ਼ ਦੀ ਵੰਡ ਹੋ ਜਾਣ ਕਾਰਨ ਇਹ ਪਾਕਿਸਤਾਨ ਚਲੇ ਗਏ।

—ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸ੍ਰੀ ਪੰਜਾ ਸਾਹਿਬ (ਪਾਕਿਸਤਾਨ) ਦੇ ਗੁਰਦੁਆਰਾ ਸਾਹਿਬ ਵਿਖੇ ਸੰਗਮਰਮਰ ਲਗਾਏ ਜਾਣ ਵਾਸਤੇ ਮੰਗ-ਵਾਇਆ ਗਿਆ, ਪਰ ਦੇਸ਼ ਦੀ ਵੰਡ ਦੇ ਹਾਲਾਤ ਖ਼ਰਾਬ ਹੋ ਜਾਣ ਕਾਰਣ ਸੇਵਾ ਨਹੀਂ ਹੋ ਸਕੀ।

ਬਰਤਾਨਵੀ ਪਾਰਲੀਮੈਂਟ ਟਰਾਂਸਫਰ ਆਫ ਪਾਵਰ ਐਕਟ ੧੯੪੭ ਅਨੁਸਾਰ ਭਾਰਤ ਦੇ ਵਿਧਾਨ ਦਾ ਆਧਾਰ ਫੈਡਰਲ ਢਾਂਚਾ ਹੋਵੇਗਾ, ਕੇਂਦਰ ਪਾਸ ਡੀਫੈਂਸ ਬਦੇਸ਼ੀ ਮਾਮਲੇ, ਡਾਕਤਾਰ, ਸੰਚਾਰ,ਆਵਾਜਾਈ ਦੇ ਮਹਿਕਮੇਂ ਹੋਣਗੇ।

—੨੨ ਜੁਲਾਈ—ਰਾਸ਼ਟਰੀ ਤਰੰਗਾ, ਪੰਡਤ ਨਹਿਰੂ ਵਲੋਂ ਸੰਵਿਧਾਨਕ ਅਸੈਂਬਲੀ ਨੂੰ ਭੇਂਟ ਕੀਤਾ ਗਿਆ। ਇਸ ਝੰਡੇ ਵਿਚ ਭਾਰਤ ਦੀਆਂ ਤਿੰਨ ਕੌਮਾਂ, ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੇ ਤਿੰਨ ਰੰਗ ਹਨ।

—ਅਗਸਤ—ਗੰਗੂ ਪੰਡਤ ਨਹਿਰੂ, ਸ: ਬਲਦੇਵ ਸਿੰਘ ਡੀਫੈਂਸ ਮੰਤਰੀ ਅਤੇ ਜਨਰਲ ਕੇ. ਐਸ. ਥਮਜਾ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਹੋਈ।

—੧੪ ਅਗਸਤ—ਪਾਕਿਸਤਾਨ ਵਲੋਂ ਅਜ਼ਾਦੀ-ਦਿਵਸ ਮਨਾਇਆ ਗਿਆ। ਇਸ ਤਾਰੀਖ ਨੂੰ ਮੁਹੰਮਦ ਦਾ ਜਨਮ ਹੋਇਆ ਸੀ, ਪਰ ਗੰਗੂ ਪੰਡਤਾਂ ਵਲੋਂ ੧੪ ਅਗਸਤ ਦਾ ਦਿਨ ਪਰੋਹਤਾਂ ਦੇ ਲਗਨ ਅਨੁਸਾਰ ਅਸ਼ੁਭ

ਸਮਝਿਆ। ਰਾਜ ਸਿੰਘਾਸਨ ਵਾਲਾ ਤਿਲਕ-ਰਸਮਾਂ ਆਦਿ ਗੰਗੂ ਪੰਡਤ ਰਾਜ ਪਰੋਹਤ ਵਲੋਂ ਹੀ ਹਵਨ ਕਰਕੇ ਕੀਤੀਆਂ ਜਾਂਦੀਆਂ ਹਨ, ਸੈਕੂਲਰ ਹੋਣ ਦਾ ਢੰਗ ਕੀਤਾ ਜਾਂਦਾ ਹੈ।

—੧੫ ਅਗਸਤ—ਅਜ਼ਾਦੀ ਦੇ ਨਾਮ ਤੇ ਫਿਰਕੂ ਕਤਲ ਹੋਏ। ਗਾਂਧੀ ਦੀ ਅਹਿੰਸਾ ਖੰਭ ਲਗਾ ਕੇ ਕਿਧਰ ਉਡ ਗਈ। ਸਾਰੇ ਸ਼ਹਿਰਾਂ ਦੇ ਬਾਜ਼ਾਰ, ਸੜਕਾਂ, ਸਟੇਸ਼ਨ, ਨਹਿਰਾਂ, ਦਰਿਆ, ਲਾਸ਼ਾਂ ਅਤੇ ਖ਼ੂਨ ਨਾਲ ਭਰ ਗਏ, ਪਰ ਗੰਗੂ ਪੰਡਤ ਨਹਿਰੂ ਪ੍ਰਧਾਨ ਮੰਤਰੀ ਬਣਨ ਦੇ ਜਸ਼ਨ ਵਿਚ ਰੁਝੇ ਰਹੇ। ਕਸਮ ਚੁਕੀ ਸੀ ਕਿ ਉਹ ਭਾਰਤ ਦੇ ਵਸਨੀਕਾਂ ਨਾਲ ਇਕੋ ਜਿਹਾ ਪਿਆਰ, ਇਨਸਾਫ ਕਰੇਗਾ, ਪਰ ਮੁਕਰ ਗਿਆ।

ਹਵਾਲਦਾਰ ਬਲਵੰਤ ਸਿੰਘ ਸਿੱਖ ਰੈਜਮੈਂਟ ਨੇ ੩ ਹਜ਼ਾਰ ਅਕ੍ਰਿਤਘਣ ਹਿੰਦੂਆਂ ਨੂੰ ਸਿਆਲਕੋਟ ਦੇ ਸੈਮੇਰੀਅਲ ਕੈਂਪ ਤੋਂ ਡੇਰਾ ਬਾਬਾ ਨਾਨਕ ਪਹੁੰਚਾਇਆ।

ਪਾਕਿਸਤਾਨ ਤੋਂ ਉਜੜ ਕੇ ਜਿਤਨੇ ਹਿੰਦੂ ਅੰਮ੍ਰਿਤਸਰ ਪਹੁੰਚੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਹਰ ਕਿਸੇ ਲਈ ਪਰਬੰਧ ਕੀਤੇ ਗਏ। ਪਰਸੰਸਾ ਅਖਬਾਰਾਂ ਵਿਚ ਛਪੀਆਂ ਹਨ। ਗੁਰੂ ਦੇ ਲੰਗਰ ਰਾਤ ਦਿਨ ਚਲਦੇ ਰਹੇ।

ਪੰਜਾਬ ਦਾ ਮੁਖ ਮੰਤਰੀ ਡਾ: ਗੋਪੀ ਚੰਦ ਭਾਰਗੋ ਬਣ ਗਿਆ।

—੨੬ ਅਗਸਤ—ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਸਤੇ ੭ ਮੈਂਬਰੀ ਕਮੇਟੀ ਬਣਾਈ ਗਈ। ਆਪਣੀਆਂ ਵੋਟਾਂ ਲੈਣ ਦੀ ਖਾਤਰ ਡਾਕਟਰ ਅੰਬੇਦਕਰ ਨੂੰ ਇਸ ਕਮੇਟੀ ਦਾ ਪਰਧਾਨ ਬਣਾਇਆ ਗਿਆ।

ਪਾਕਿਸਤਾਨ ਤੋਂ ਜੋ ਹਿੰਦੂ ਪਟਿਆਲਾ ਵਲ ਆਏ ਉਹਨਾਂ ਨੂੰ ਮਹਾਰਾਜਾ ਪਟਿਆਲਾ ਨੇ ਆਪਣੀ ਰਿਆਸਤ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਆਬਾਦ ਕੀਤਾ। ਪਰ ਜੋ ਸਿੱਖ ਦਿੱਲੀ ਅਤੇ ਯੂ. ਪੀ. ਵਿਚ ਆਬਾਦ ਹੋਣ ਲੱਗੇ ਤਾਂ ਗਾਂਧੀ ਨੂੰ ਘਬਰਾਹਟ ਹੋਣ ਲੱਗੀ।

—੨੦ ਸਤੰਬਰ—ਹਿੰਦੂ ਸਿੱਖ ਰੀਫਿਊਜੀ ਲੋਕਾਂ ਨੇ ਗਾਂਧੀ ਨੂੰ ਹਾਲਤ ਦੱਸੀ ਤਾਂ ਗਾਂਧੀ ਨੇ ਕੋਈ ਰਾਹਤ ਦੇਣ ਦੀ ਬਜਾਏ ਕਿਹਾ, ਕਿ 'ਉਥੇ ਹੀ ਮਰ ਜਾਣਾ ਸੀ'। ਸਿੱਖਾਂ ਨੂੰ ਯੂ. ਪੀ. ਦੇ ਜੰਗਲ, ਬੰਜਰ ਜ਼ਮੀਨਾਂ ਲਈ ਕਰੜੀ ਮੁਸ਼ੱਕਤ ਕਰਨੀ ਪਈ।

ਸਤੰਬਰ ੧੯੪੭–ਰੰਗੂ ਬ੍ਰਾਹਮਣ ਸਰਕਾਰ ਵਲੋਂ ਕਮੀਨੀ ਸਾਜ਼ਸ਼ ਸੋਚੀ ਗਈ ਕਿ ਜੋ ਹਿੰਦੂ ਬਹਾਵਲਪੁਰ, ਮੁਲਤਾਨ, ਝੰਗ ਤੋਂ ਆਏ ਉਨ੍ਹਾਂ ਹਿੰਦੂਆਂ ਨੂੰ ਪਟਿਆਲਾ ਦੀ ਸਿੱਖ ਰਿਆਸਤ ਵਿਚ ਆਬਾਦ ਕਰਵਾਇਆ ਗਿਆ, ਕਿ ਸਿੱਖਾਂ ਦੇ ਮੁਕਾਬਲੇ ਵਿਚ ਹਿੰਦੂ ਵੋਟ ਕਾਇਮ ਹੋ ਜਾਵੇ ਅਤੇ ਜੋ ਸਿਖ ਮੁਲਤਾਨ ਸ਼ੇਖੂਪੁਰਾ, ਗੁਜਰਾਂਵਾਲਾ ਤੋਂ ਉਜੜ ਕੇ ਆਏ ਉਨ੍ਹਾਂ ਨੂੰ ਹਿਸਾਰ, ਕਰਨਾਲ, ਕੁਰਕਸ਼ੇਤਰ, ਜੀਂਦ, ਰੀਵਾੜੀ ਦੇ ਜੰਗਲ ਅਤੇ ਬੰਜਰ ਜ਼ਮੀਨਾਂ ਦਿਤੀਆਂ ਗਈਆਂ, ਕਿ ਸਿੱਖਾਂ ਦੀ ਗਿਣਤੀ ਹਰ ਥਾਂ ਨਾਮ ਮਾਤਰ ਹੋ ਜਾਵੇ। ਅਤੇ ਸ਼ਹਿਰਾਂ ਦੇ ਸਿੱਖਾਂ ਨੂੰ ਦਿਲੀ, ਕਾਨ੍ਹਪੁਰ, ਨਾਗਪੁਰ, ਬੰਬਈ, ਮੇਰਠ, ਬਿਹਾਰ, ਕਲਕੱਤਾ, ਸਹਾਰਨਪੁਰ, ਯੂ. ਪੀ. ਆਦਿ ਸ਼ਹਿਰਾਂ ਵਿਚ ਰਹਿਣ ਵਾਸਤੇ ਮਜਬੂਰ ਕੀਤਾ ਗਿਆ।

ਸਤੰਬਰ—ਭਗਤ ਪੂਰਨ ਸਿੰਘ ਜੀ, ਬਾਨੀ ਪਿੰਗਲਵਾੜਾ, ਲਾਹੌਰ ਤੋਂ ਆਪਣੇ ਪਿਆਰਾ ਸਿੰਘ ਪਿੰਗਲੇ ਨੂੰ ਲੈ ਕੇ, ਗੁਰੂ ਦੀ ਨਗਰੀ ਪਹੁੰਚੇ ਅਤੇ ਖਾਲਸਾ ਕਾਲਜ ਦੇ ਬਾਹਰ ਫੁਟ ਪਾਥ ਤੇ ਬੈਠ ਕੇ ਹੋਰ ਰੋਗੀਆਂ ਦੀ ਸੇਵਾ ਸੰਭਾਲ ਦੇ ਕਾਰਜ ਕਰਦੇ ਰਹੇ। ਭਾਰਤ ਸਰਕਾਰ ਦੇ ਰੰਗੂ ਬ੍ਰਾਹਮਣਾਂ ਦੀ ਹਕੂਮਤ ਵਲੋਂ ਇਨ੍ਹਾਂ ਯਤੀਮ ਅਪਾਹਜ ਲਾਵਾਰਸਾਂ ਦੀ ਕਦੇ ਕੋਈ ਸੇਵਾ ਸੰਭਾਲ ਦੇ ਪ੍ਰਬੰਧ ਨਹੀਂ ਕੀਤੇ ਗਏ ਨਾ ਹੀ ਕੋਈ ਸਹਾਇਤਾ ਗ੍ਰਾਂਟ ਆਦਿ ਦਿਤੀ ਗਈ।

ਆਜ਼ਾਦੀ ਪ੍ਰਾਪਤ ਕਰਨ ਦਾ ਮੰਤਵ ਤਾਂ ਇਹ ਸੀ ਕਿ ਦੁਸ਼ਟ ਅੰਗਰੇਜ਼ ਹਾਕਮਾਂ ਵਲੋਂ ਬਣਾਏ ਗਏ ਸਾਰੇ ਕਾਲੇ ਕਾਨੂੰਨ, ਪ੍ਰਬੰਧ ਪੁਲਸ, ਅਦਾਲਤਾਂ, ਜੇਹਲਾਂ ਦੇ ਸਾਰੇ ਕਾਨੂੰਨ ਤੌਰ ਤਰੀਕੇ ਢੰਗ ਆਦਿ ਖਤਮ ਕਰਕੇ. ਆਜ਼ਾਦ ਦੇਸ਼ਾਂ ਵਾਲੇ ਹਾਲਾਤ, ਢੰਗ ਜੀਵਨ ਦੇ ਮਿਆਰ. ਹਰ ਕਿਸੇ ਵਾਸਤੇ ਪੂਰੇ ਅਧਿਕਾਰ, ਰੋਜ਼ਗਾਰ ਆਦਿ ਦੇ ਪ੍ਰਬੰਧ ਕੀਤੇ ਜਾਂਦੇ। ਗਾਂਧੀ ਤਾਂ ਰਾਮ ਰਾਜ ਦੇ ਝਾਂਸੇ ਦੇਂਦਾ ਰਿਹਾ ਪਰ ਅਮਲੀ ਤੌਰ ਤੇ ਆਮ ਮਨੁਖ ਦੇ ਜੀਵਨ ਵਿਚ ਬਿਲਕੁਲ ਕੋਈ ਤਬਦੀਲੀ ਮਹਿਸੂਸ ਨਹੀਂ ਹੋਈ।

੧੦ ਅਕਤੂਬਰ–ਰੰਗੂ ਪਟੇਲ ਵਲੋਂ ਸਿੱਖ ਕੌਮ ਨੂੰ ਜਰਾਇਮ ਪੈਸ਼ਾ ਕਹਿ ਕੇ ਸਖਤੀ ਕਰਨੀ ਸ਼ੁਰੂ ਕਰ ਦਿਤੀ ਗਈ। ਪੰਜਾਬ ਦਾ ਦੁਸ਼ਟ ਰੰਗੂ ਮੁਖ ਮੰਤਰੀ ਡਾਕਟਰ ਗੋਪੀ ਚੰਦ ਭਾਰਗੋ ਸੀ।

੨੨ ਅਕਤੂਬਰ–ਕਬਾਇਲੀਆਂ ਵਲੋਂ ਮੁਜ਼ਫਰਾਬਾਦ ਵਿਖੇ ਹਮਲਾ ਕੀਤਾ ਗਿਆ।

ਪਾਕਿਸਤਾਨ ਵਿਚ ਸਿੱਖਾਂ ਦੇ ੧੭੦ ਇਤਿਹਾਸਕ ਗੁਰਦੁਆਰੇ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ, ਸਿਆਲ ਕੋਟ ਰਾਵੀ ਕੰਢੇ ਕਰਤਾਰ ਪੁਰ ਆਦਿ ਰਹਿ ਗਏ ਹਨ।

੨੬ ਅਕਤੂਬਰ–ਪਾਕਿਸਤਾਨ ਦੀ ਪਠਾਣ ਰੈਜਮੈਂਟ ਵਲੋਂ ਕਸ਼ਮੀਰ ਉਪਰ ਹਮਲਾ ਕੀਤਾ ਗਿਆ, ਬਾਰਾਮੂਲਾ ਅਤੇ ਸ੍ਰੀ ਨਗਰ ਹਵਾਈ ਅਡੇ ਤਕ ਪਹੁੰਚ ਗਏ, ਗੰਗੂ ਪੰਡਤ ਨਹਿਰੂ ਅਤੇ ਗਾਂਧੀ ਨੇ ਸਤਿਆਗ੍ਰਹਿ ਅਹਿੰਸਾ ਨੂੰ ਛਿਕੇ ਤੇ ਟੰਗ ਦਿਤਾ, ਘਬਰਾ ਕੇ ਮਹਾਰਾਜਾ ਪਟਿਆਲਾ ਦੇ ਤਰਲੇ ਕਢਣ ਲਗੇ, ਕਸ਼ਮੀਰ ਦੇ ਰਾਜਾ ਹਰੀ ਸਿੰਘ ਡੋਗਰਾ ਨੇ ਵੀ ਤਰਲੇ ਕਢੇ ਤਾਂ ੨੭ ਅਕਤੂਬਰ ੪੭ ਨੂੰ ਪਟਿਆਲਾ ਦੀਆਂ ਸਿੱਖ ਰੈਜਮੈਂਟਾਂ ਜੈਕਾਰੇ ਗੂੰਜਾਉਂਦੀਆਂ ਕਸ਼ਮੀਰ ਪਹੁੰਚ ਗਈਆਂ, ਪਠਾਨਾਂ ਦੇ ਛਕੇ ਛੁੜਾ ਦਿਤੇ ਹਵਾਈ ਸੈਨਾ ਦੇ ਏਅਰ ਕਮਾਂਡਰ ਸ: ਮੇਹਰ ਸਿੰਘ ਵਲੋਂ ਸ੍ਰੀ ਨਗਰ, ਪੂੰਛ ਵਿਖੇ ਹਵਾਈ ਹਮਲਾ ਕੀਤਾ ਗਿਆ, ਲੇਹ ਲਦਾਖ ਪਹੁੰਚੇ ਸ਼ੇਲਾਤਾਂਗ ਵਿਖੇ ਘਮਸਾਨ ਦਾ ਯੁਧ ਹੋਇਆ ਪਟਨ ਅਤੇ ਬਾਰਾਮੂਲਾ ਉਰੀ ਉਪਰ ਕਬਜ਼ਾ ਕਰ ਲਿਆ, ਪਰ ਧੋਖੇਬਾਜ਼ ਗੰਗੂ ਪੰਡਤ ਨਹਿਰੂ ਨੇ ਪਾਕਿਸਤਾਨ ਨਾਲ ਸਮਝੌਤਾ ਕਰਕੇ ਰੇੜਕਾ ਖੜਾ ਕਰ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਉਦੋਂ ਭਾਰਤ ਵਿਚੋਂ ਸਾਰੇ ਮੁਸਲਮਾਨਾਂ ਨੂੰ ਕਢ ਕੇ ਪਾਕਿਸਤਾਨ ਵਲ ਭੇਜ ਦਿਤਾ ਜਾਂਦਾ। ਲੈਫ: ਜਨਰਲ ਕੁਲਵੰਤ ਸਿੰਘ ਜਨਰਲ ਹਰਬਖਸ਼ ਸਿੰਘ ਨੇ ਕਸ਼ਮੀਰ ਫਤਹ ਕੀਤਾ, ਪਰ ਉਨ੍ਹਾਂ ਨੂੰ ਕਦੇ ਤਰਕੀ ਨਹੀਂ ਦਿਤੀ। ਸ: ਮੇਹਰ ਸਿੰਘ ਸੂਬੇਦਾਰ ਸੱਜਣ ਸਿੰਘ ਸ਼ਹੀਦ ਹੋਏ।

੧੧ ਅਕਤੂਬਰ–ਨਾਨਕ ਚੰਦ ਨਾਜ਼ ਨੇ ਆਪਣੇ ਅਖਬਾਰ 'ਪ੍ਰਭਾਤ' ਵਿਚ ਦੇਸ਼ ਦੀ ਵੰਡ ਕਾਰਨ ਜੋ ਨੁਕਸਾਨ ਸਿੱਖ ਕੌਮ ਨੂੰ ਹੋਇਆ, ਵੇਰਵੇ ਦਿਤੇ ਹਨ।

ਅਕਤੂਬਰ—ਸ੍ਰੀ ਵਲਭ ਭਾਈ ਪਟੇਲ ਗ੍ਰਿਹ ਮੰਤਰੀ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਬਦਲੇ ਕੋਈ ਸਹੂਲਤਾਂ ਦੇਣ ਦੀ ਬਜਾਏ ਸਾਰੀਆਂ ਰਾਜ ਸਰਕਾਰਾਂ ਨੂੰ ਇਕ ਸਰਕੂਲਰ ਜਾਰੀ ਕਰਕੇ ਹਦਾਇਤ ਕੀਤੀ ਕਿ ਸਿੱਖ ਜਰਾਇਮ ਪੇਸ਼ਾ ਹਨ, ਉਨ੍ਹਾਂ ਦਿਨਾਂ ਵਿਚ ਸਿੱਖ ਤਾਂ ਪਾਕਿਸਤਾਨ ਤੋਂ ਉਜੜ ਕੇ ਇਧਰ ਸੜਕਾਂ ਤੇ ਅਤੇ ਰਫਿਊਜੀ ਕੈਂਪਾਂ ਵਿਚ ਭਟਕ ਰਹੇ ਸਨ. ਇਨ੍ਹਾਂ ਅਕ੍ਰਿਤਘਣ ਗੰਗੂ ਬ੍ਰਾਹਮਣਾਂ ਵਲੋਂ ਆਜ਼ਾਦੀ ਦੇ ਅਨੰਦ ਦਾ ਪਹਿਲਾ ਛਾਂਦਾ ਸਿੱਖਾਂ ਨੂੰ ਦਿਤਾ ਗਿਆ।

ਇਹ ਪਟੇਲ ਗਾਂਧੀ ਦੇ ਇਲਾਕੇ ਗੁਜਰਾਤ ਦਾ ਵਕੀਲ ਸੀ ਇਹ ਮੁਸਲਮਾਨਾਂ ਅਤੇ ਸਿੱਖਾਂ ਨੂੰ ਨਫ਼ਰਤ ਕਰਦਾ ਤੇ ਸਿੱਖ ਰਿਆਸਤਾਂ ਦੀ ਤਾਕਤ ਖ਼ਤਮ ਕਰਨ ਲਈ ਸੋਚਦਾ ਰਹਿੰਦਾ।

ਜੇਕਰ ਪਾਕਿਸਤਾਨ ਤੋਂ ਉਜੜ ਕੇ ਆਏ ਸਿਖਾਂ ਨੂੰ ਕਸ਼ਮੀਰ ਵਿਚ ਆਬਾਦ ਕਰ ਦਿਤਾ ਜਾਂਦਾ ਤਾਂ ਸਾਰੇ ਮਸਲੇ ਠੀਕ ਹੋ ਜਾਣੇ ਸਨ। ਕਸ਼ਮੀਰ ਫ਼ਤਹਿ ਕਰਨ ਲਈ ਸਿੱਖ ਰੈਜਮੈਂਟ ਦੇ ਨੈਕ ਚਾਂਦ ਸਿੰਘ ੨੨ ਨਵੰਬਰ ੧੯੪੭ ਨੂੰ ਸ਼ਹੀਦ ਹੋਏ ਇਨ੍ਹਾਂ ਨੂੰ ਮਰਨ ਉਪਰੰਤ ਮਹਾਂਵੀਰ ਚੱਕਰ ਮੈਡਲ, ਸੂਬੇਦਾਰ ਗੁਰਚਰਨ ਸਿੰਘ, ਸਿਪਾਹੀ ਭਾਗ ਸਿੰਘ ਨੂੰ ਵੀਰ ਚੱਕਰ ਮੈਡਲ ਦਿਤੇ ਗਏ ਸਨ।

ਜਮਾਂਦਾਰ ਨੰਦ ਸਿੰਘ ਨੂੰ ਸੰਸਾਰ ਦੀ ਦੂਜੀ ਜੰਗ ਸਮੇਂ ਵਿਕਟੋਰੀਆ ਕਰਾਸ ਮਿਲਿਆ ਸੀ, ੧੨ ਦਸੰਬਰ ੪੭ ਨੂੰ ਕਸ਼ਮੀਰ ਵਿਖੇ ਜੂਝਦੇ ਹੋਏ ਸ਼ਹੀਦ ਹੋ ਗਏ। ਪਰ ਹਰ ਐਤਵਾਰ ਗੰਗੂ ਪੰਡਤ ਸਰਕਾਰ ਵਲੋਂ ੧੫ ਜੁਲਾਈ ੧੯੯੦ ਤੋਂ ਟੀ. ਵੀ. ਉਪਰ ਪਰਮ ਵੀਰ ਚਕਰ ਸੀਰੀਅਲ ਸ਼ੁਰੂ ਕਰ ਕੇ ਵਿਖਾਏ ਜਾ ਰਹੇ ਹਨ ਇਨ੍ਹਾਂ ਵਿਚ ਜੰਗ ਸਮੇਂ ਰਾਜਪੂਤ, ਹਨੂਮਾਨ ਦੀ ਮੂਰਤੀ ਜੈ ਬਜਰੰਗ ਬਲੀ ਦੇ ਨਾਹਰੇ ਹੀ ਵਿਖਾਏ ਜਾ ਰਹੇ ਹਨ, ਕਿਸੇ ਸਿਖ ਫੌਜੀ ਦੀ ਸ਼ਕਲ ਤਕ ਨਹੀਂ ਵਿਖਾਈ, ਪੰਥਕ ਲੀਡਰਾਂ ਨੂੰ ਰੋਸ ਕਰਨਾ ਜ਼ਰੂਰੀ ਹੈ।

ਜੂਨਾ ਗੜ੍ਹ ਵਿਖੇ ਮੁਸਲਮਾਨ ਸੈਨਾ ਨੇ ਗੜਬੜ ਕਰ ਦਿਤੀ ਤਾਂ ਉਥੇ ਵੀ ਸਿੱਖ ਰੈਜਮੈਂਟਾਂ ਨੇ ਹਾਲਾਤ ਤੇ ਕਾਬੂ ਪਾਯਾ ਉਥੇ ਜ਼ੁਲਫਕਾਰ ਅਲੀ ਭੁਟੋ ਦਾ ਲੜਕਾ ਸਿੱਖ. ਫੌਜੀਆਂ ਦੇ ਕਾਬੂ ਆ ਗਿਆ, ਪਰ ਸਿੱਖਾਂ ਨੇ ਆਪਣੀਆਂ ਰਵਾਇਤਾਂ ਅਨੁਸਾਰ ਉਸ ਦੁਸ਼ਮਨ ਨੂੰ ਉਸ ਦੇ ਪਿਤਾ ਜ਼ੁਲਫਕਾਰ ਅਲੀ ਭੁਟੋ ਦੇ ਹਵਾਲੇ ਕਰ ਦਿਤਾ ਸੀ।

—ਲੰਦਨ ਓਲੰਪਕਸ ਵਿਖੇ ਸ: ਛੋਟਾ ਸਿੰਘ, ਗੁਰਨਾਮ ਸਿੰਘ ਬਲਦੇਵ ਸਿੰਘ।

—ਤਖ਼ਤ ਸੱਚ ਖੰਡ ਹਜ਼ੂਰ ਸਾਹਿਬ ਨਾਂਦੇੜ ਵਿਖੇ ਜਥੇਦਾਰ ਸਿੰਘ ਸਾਹਿਬ ਭਾਈ ਹੀਰਾ ਸਿੰਘ ਹੈਡ ਪੁਜਾਰੀ ਸਨ।

—ਸ੍ਰੀ ਜੇ. ਐਲ ਸਾਹਨੀ ਐਡੀਟਰ ਹਿੰਦੁਸਤਾਨ ਟਾਈਮਜ਼ ਨੇ ਆਪਣੀ ਪੁਸਤਕ 'ਦੀ ਲਿਡ ਆਫ' ਪੰਨਾ ੨੦੨ ਤੇ ਸਪੱਸ਼ਟ ਲਿਖਿਆ ਹੈ ਕਿ 'ਕਾਂਗਰਸ ਦੇ ਲੀਡਰਾਂ ਵਲੋਂ ਸਿੱਖਾਂ ਨੂੰ ਖਜਲ-ਖ਼ੁਆਰ ਕੀਤਾ ਹੈ, ਜਾਣ ਬੁਝ ਕੇ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ।'

—ਭਾਰਤ ਦੇ ਧੋਖੇਬਾਜ਼ ਹਾਕਮ ਆਪਣੇ ਆਪ ਨੂੰ ਸੈਕੂਲਰ ਦਾ ਲੇਬਲ ਲਗਾਉਂਦੇ ਹਨ ਪਰ ਕੌਮੀ ਗੀਤ ਬੰਦੇ ਮਾਤਰਮ ਬੰਕਮ ਚੰਦਰ ਚੈਟਰਜੀ ਦੇ ਨਾਵਲ ਅਨੰਦ ਮਠ ਵਿਚੋਂ ਲਿਆ ਗਿਆ ਹੈ। ਇਹ ਦੁਰਗਾ ਮਾਤਾ ਲਈ ਇਕ ਭਜਨ ਹੈ ਭਾਰਤ ਵਿਚ ਅਨੇਕਾਂ ਕੌਮਾਂ ਰਹਿੰਦੀਆਂ ਹਨ, ਕੌਮੀ ਗੀਤ ਕੇਵਲ ਹਿੰਦੂ ਧਰਮ ਦਾ ਨਹੀਂ ਹੋਣਾ ਚਾਹੀਦਾ। ਭਾਰਤ ਸਰਕਾਰ ਦੇ ਹਾਕਮਾਂ ਵਲੋਂ ਜੋ ਵੀ ਉਦਘਾਟਨ ਆਦਿ ਕੀਤਾ ਜਾਂਦਾ ਹੈ, ਰਾਸ਼ਟਰਪਤੀ ਨੂੰ ਤਿਲਕ ਲਗਾਉਣ ਦੀ ਰਸਮ ਵੀ ਪੰਡਤ ਰਾਜ ਪਰੋਤ ਵਲੋਂ ਕੀਤੀ ਜਾਂਦੀ ਹੈ।

—ਭਾਰਤ ਦਾ ਸੰਵਿਧਾਨ ਬਣਾਉਣ, ਅਸੈਂਬਲੀ ਵਿਚ ਸ: ਹੁਕਮ ਸਿੰਘ ਅਤੇ ਸ: ਭੂਪਿੰਦਰ ਸਿੰਘ ਦੋਵੇਂ ਸਿੱਖ ਮੈਂਬਰ ਤਿਆਰ ਕੀਤੇ ਗਏ। ਸੰਵਿਧਾਨ ਦੇ ਪਰਬੰਧਾਂ ਨਾਲ ਸਹਿਮਤ ਨਹੀਂ ਸਨ, ਇਹ ਗੰਗੂ ਬ੍ਰਾਹਮਣ ਆਪਣੇ ਕੀਤੇ ਗਏ ਵਾਇਦਿਆਂ ਤੋਂ ਮੁਕਰ ਗਏ। ਸ: ਹੁਕਮ ਸਿੰਘ ਨੇ ਸਿੱਖਾਂ ਨੂੰ ਸੁਚੇਤ ਕੀਤਾ।

—ਸ: ਕਪੂਰ ਸਿੰਘ ਆਈ. ਸੀ. ਐਸ. ਨੇ ਭਾਰਤ ਦੀ ਪਾਰਲੀਮੈਂਟ (ਬਕਵਾਸ ਭਵਨ) ਵਿਚ ਸਪੱਸ਼ਟ ਕਿਹਾ —

"ਜੋ ਲੋਕ ਰੱਬ ਦੇ ਭਉ ਅਤੇ ਗਰੂ ਦੇ ਭੈ ਤੋਂ ਆਜਾਦ ਹੋ ਕੇ ਝੂਠੀਆਂ ਕਸਮਾਂ ਚੁਕ ਕੇ ਵਿਸ਼ਵਾਸਘਾਤ ਕਰਦੇ ਹਨ, ਇਨ੍ਹਾਂ ਦੀ ਆਤਮਾ ਧਰਮ ਤੋਂ ਸਖਣੀ ਹੈ। ਸਿੱਖਾਂ ਲਈ ਆਪਣੇ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਕਰਨਾ ਹੀ ਚਾਰਾ ਹੈ।"

ਸਰਦਾਰ ਕਪੂਰ ਸਿੰਘ ਦੀ ਪੁਸਤਕ 'ਸੱਚੀ ਸਾਖੀ' ਵਿਚ ਅੰਕਿਤਘਣ ਗੰਗੂ ਬ੍ਰਾਹਮਣ ਨੂੰ ਲਾਹਨਤਾਂ ਪਾਈਆਂ ਹਨ।

—੨੭ ਜਨਵਰੀ ਸੰਵਧਾਨਕ ਅਸੈਂਬਲੀ ਦੀ ੫੦ ਮੈਂਬਰੀ ਸਲਾਹਕਾਰ ਕਮੇਟੀ ਬਣਾਈ ਗਈ।

ਗਾਂਧੀ ਬਿਰਲਾ ਮੰਦਰ ਵਿਚ 'ਸੀਆ ਪਤੀ ਰਾਮ ਚੰਦਰ ਕੀ ਜੈ' ਕਰਨ ਵਾਸਤੇ ਗਿਆ ਸੀ।

—੩੧ ਜਨਵਰੀ ਗਾਂਧੀ ਦੇ ਹੰਕਾਰੀ ਵਤੀਰੇ ਕਾਰਨ ਨਾਥੂ ਰਾਮ ਗਾਡਸੇ ਨੇ ਗਾਂਧੀ ਨੂੰ ਕਤਲ ਕਰ ਦਿੱਤਾ ਤਾਂ ਨਹਿਰੂ ਸਰਕਾਰ ਵਲੋਂ ਹਿੰਦੂ ਮਹਾਂ ਸਭਾ ਅਤੇ ਆਰ. ਐਸ. ਐਸ. ਸੰਘ ਨੂੰ ਬੈਨ ਕਰਕੇ ਵਰਕਰ ਗ੍ਰਿਫਤਾਰ ਕਰਨੇ ਸ਼ੁਰੂ ਕੀਤੇ।

—੧੧ ਫਰਵਰੀ ਗਿਆਨੀ ਕਰਤਾਰ ਸਿੰਘ ਪਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਉੱਧਮ ਸਿੰਘ ਨਾਗੋਕੇ ਜਥੇਦਾਰ ਸਨ, ਸਾਰੀਆਂ ਸਿੱਖ ਰਿਆਸਤਾਂ ਨੂੰ ਪੈਪਸੂ ਜੂਨੀ ਮਨ ਬਣਾਉਣ ਦੀ ਸਕੀਮ ਬਣਾਈ ਗਈ।

—੨੨ ਫਰਵਰੀ ਲੈਫਟੀਨੈਂਟ ਕਰਨਲ ਇੰਦਰਜੀਤ ਸਿੰਘ ਬੁਤਾਲੀਆ ਅਤੇ ਸਬੇਦਾਰ ਕਰਮ ਸਿੰਘ ਨੂੰ ਮਹਾਂਵੀਰ ਚੱਕਰ ਮੈਡਲ ਦਿਤੇ ਗਏ।

—੬ ਮਾਰਚ ਮਹਾਰਾਜਾ ਯਾਦਵਿੰਦਰਾ ਸਿੰਘ ਪਟਿਆਲਾ ਵਲੋਂ ਡਟ ਕੇ ਵਿਰੋਧ ਕੀਤਾ ਗਿਆ। ਪਟਿਆਲਾ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਰ ਹੈ 'ਤੇਰਾ ਘਰ ਸੋ ਮੇਰਾ ਅਸਹਿ' (ਘਰ)।

ਸਿੱਖ ਰੈਜੀਮੈਂਟ ਵਲੋਂ ਪੈਥਾਹੀਰ, ਨੁਸ਼ਹਿਰਾ, ਝੰਗੜ ਤਰੇਘਮ ਦੇ ਇਲਾਕੇ ਉਪਰ ਕਬਜ਼ਾ ਕਰ ਲਿਆ ਗਿਆ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਨੇ ਲੁਦਾਖ ਵਿਖੇ ਦੁਸ਼ਮਨ ਦੇ ੬੬ ਟੈਂਕ ਨਸ਼ਟ ਕਰ ਦਿਤੇ ਸਨ, ਦਰਾ ਹਾਜੀਪੀਰ ਤੋਂ ਪਾਕਿਸਤਾਨ ਦਾ ਕੈਪਟਨ ਮਸੂਦ ਜਾਨ ਬਚਾ ਕੇ ਖਿਸਕ ਗਿਆ। ਲੈਫਟੀਨੈਂਟ ਕਰਨਲ ਜੋਗਿੰਦਰ ਸਿੰਘ ਖਰਾਣਾ, ਮੇਜਰ ਕੰਵਲਜੀਤ ਸਿੰਘ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਨੇ ਟੀਥਵਾਲ ਚੌਕੀ ਉਪਰ ਕਬਜ਼ਾ ਕਰ ਲਿਆ।

੧੬ ਮਾਰਚ—ਧੋਖੇਬਾਜ਼ ਗੰਗੂ ਬ੍ਰਾਹਮਣ ਹਾਕਮਾਂ ਵਲੋਂ ਅਕਾਲੀ ਦਲ ਨੂੰ ਪੰਜਾਬੀ ਸੂਬੇ ਦੀ ਮੰਗ ਪ੍ਰਵਾਨ ਕਰਨ ਦਾ ਵਿਸ਼ਵਾਸ ਦਿਵਾ ਕੇ ਆਪਣੇ ਨਾਲ ਰਲਾ ਕੇ ਚੋਣਾਂ ਦਾ ਲਾਭ ਉਠਾ ਕੇ ਕਾਂਗਰਸੀ ਵਜ਼ੀਰ ਬਣ ਗਏ।

੧੭ ਮਾਰਚ—ਕਾਂਗਰਸ ਦੇ ਪ੍ਰਧਾਨ ਡਾਕਟਰ ਗੋਪੀ ਚੰਦ ਭਾਰਗੋ ਨੇ ਗਿਆਨੀ ਕਰਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸ: ਅਮਰ ਸਿੰਘ ਦੇਸਾਂਝ ਆਦਿ ਨੂੰ ਕਾਂਗਰਸ ਵਿਚ ਸ਼ਾਮਲ ਕਰਕੇ ਮੁਆਇਦਾ ਕੀਤਾ ਇਹ ਚਾਲਬਾਜ਼ ਮਖ ਮੰਤਰੀ ਬਣ ਗਿਆ।

੨੧ ਅਪ੍ਰੈਲ—ਸੰਜੁਕਤ ਰਾਸ਼ਟਰ ਕਮਿਸ਼ਨ ਕਾਇਮ ਹੋਇਆ।

੩੦ ਮਈ—ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਚੁਣੇ ਗਏ।

੧੪ ਜੁਲਾਈ—ਸ੍ਰੀ ਪਟੇਲ ਡਿਪਟੀ ਪ੍ਰਧਾਨ ਮੰਤਰੀ ਵਲੋਂ ਸਿਖ ਰਿਆਸਤਾਂ ਖ਼ਤਮ ਕਰਕੇ ਪੈਪਸੂ ਕਾਇਮ ਕਰ ਦਿਤਾ।

—ਭਾਈ ਅਰਜਨ ਸਿੰਘ ਜੀ ਬਾਗੜੀਆਂ ਅਕਾਲ ਚਲਾਣਾ ਕਰ ਗਏ।

੨੪ ਜੁਲਾਈ–ਮੁਸਲਮਾਨਾਂ ਵਲੋਂ ਹੈਦਰਾਬਾਦ ਵਿਖੇ ਭਾਰੀ ਗੜਬੜ ਕੀਤੀ ਗਈ ਤਾਂ ਨਹਿਰੂ ਅਤੇ ਪਟੇਲ ਵਲੋਂ ਸਿੱਖ ਰੈਜਮੈਂਟਾਂ ਉਥੇ ਭੇਜੀਆਂ ਗਈਆਂ, ੧੩ ਸਤੰਬਰ ੪੮ ਤਕ ਫਤਹਿ ਕਰ ਲਿਆ, ਇਸ ਨਹਿਰੂ ਸਰਕਾਰ ਵਲੋਂ ਹਵਾਲਦਾਰ ਬਚਿੱਤਰ ਸਿੰਘ, ਨੈਕ ਹਰਦਿਆਲ ਸਿੰਘ ਅਤੇ ਸਿਪਾਹੀ ਸੇਵਾ ਸਿੰਘ ਨੂੰ ਅਸ਼ੋਕ ਚਕਰ ਮੈਡਲ ਸਨਮਾਨ ਵਜੋਂ ਦਿਤੇ ਗਏ।

੨ ਅਗਸਤ–ਪੰਥ ਵਲੋਂ ਪੰਜਾਬੀ ਭਾਸ਼ਾ ਦੀ ਵਰਤੋਂ ਪੰਜਾਬੀ ਸੂਬਾ ਦੀ ਮੰਗ ਅਤੇ ਫੌਜਾਂ ਵਿਚ ਸਿੱਖਾਂ ਦੀ ਭਰਤੀ ਦੀ ਮੰਗ ਤੇ ਜ਼ੋਰ ਦਿਤਾ ਗਿਆ ਤਾਂ ਸਰਕਾਰ ਵਲੋਂ ਜ਼ੁਲਮ ਸ਼ੁਰੂ ਹੋ ਗਏ।

੮ ਅਗਸਤ–ਸ੍ਰੀ ਪਟੇਲ ਨੇ ਕਸ਼ਮੀਰ ਦੇ ਮੁਸਲਮਾਨਾਂ ਨੂੰ ਵਾਰਨਿੰਗ ਦਿਤੀ ਕਿ ਮੁਸਲਮਾਨਾਂ ਨੂੰ ਵਖਰਾ ਪਾਕਿਸਤਾਨ ਦੇ ਦਿਤਾ ਹੈ, ਬਾਕੀ ਦਾ ਭਾਰਤ ਹਿੰਦੂਆਂ ਦਾ ਦੇਸ਼ ਹੈ, ਇਸੇ ਤਰ੍ਹਾਂ ਦਾ ਜ਼ਹਿਰੀਲਾ ਭਾਸ਼ਨ ਸ੍ਰੀ ਕਾਟਜੂ ਗ੍ਰਹਿ ਮੰਤਰੀ ਨੇ ਸਿਖਾਂ ਬਾਰੇ ਕਿਹਾ ਕਿ ਸਿੱਖ ਕੋਈ ਵੱਖਰੀ ਕੌਮ ਨਹੀਂ ਹੈ, ਦੇਸ਼ ਦੀ ਗਣਤੰਤਰੀ ਪ੍ਰਣਾਲੀ ਦਾ ਭਾਗ ਹਨ। ਇਨ੍ਹਾਂ ਅਕ੍ਰਿਤਘਣ ਗੰਗੂ ਬ੍ਰਾਹਮਣਾ ਨੇ ਆਪਣੀ ਅਕਲ ਦੇ ਦਿਵਾਲੇ ਦਾ ਸਬੂਤ ਦੇ ਦਿਤਾ ਕਿ ਮੁਸਲਮਾਨ ਈਸਾਈ ਅਤੇ ਪਾਰਸੀ ਲੋਕਾਂ ਨੂੰ ਜੋ ਪਹਿਲਾਂ ਹਿੰਦੂਆਂ ਵਿਚੋਂ ਹੀ ਜ਼ਾਤ-ਪਾਤ ਦੇ ਵਿਤਕਰੇ ਕਾਰਨ ਬਣੇ ਸਨ, ਇਨ੍ਹਾਂ ਨੂੰ ਤਾਂ ਵੱਖ ਕੌਮਾਂ ਮੰਨਦੇ ਹਨ, ਪਰ ਸਿੱਖਾਂ ਨੂੰ ਨਹੀਂ। ਗੁਜਰਾਤੀ, ਮਰਹਟੀ, ਤਾਮਲ, ਤੇਲਗੂ, ਬੰਗਾਲੀ, ਆਸਾਮੀ ਭਾਸ਼ਾ ਦੇ ਆਧਾਰ ਤੇ ਤਾਂ ਸੂਬੇ ਬਣਾ ਦਿਤੇ ਗਏ, ਪਰ ਪੰਜਾਬੀ ਭਾਸ਼ਾ ਲਈ ਕੋਈ ਸੂਬਾ ਨਹੀਂ। ਕਸ਼ਮੀਰ ਦੇ ਮੁਸਲਮਾਨਾਂ ਵਾਸਤੇ ਵਿਸ਼ੇਸ਼ ਅਧਿਕਾਰ ਵੀ ਸੰਵਿਧਾਨ ਅਨੁਸਾਰ ਦੇ ਦਿਤੇ ਗਏ, ਪਰ ਪੰਜਾਬ ਵਾਸਤੇ ਬਿਲਕੁਲ ਸਖ਼ਤੀ ਅਤੇ ਜ਼ੁਲਮ।

੧੩ ਅਗਸਤ–ਜੰਮੂ-ਕਸ਼ਮੀਰ ਤੋਂ ਪਾਕਿਸਤਾਨ ਦੀਆਂ ਫੌਜਾਂ ਕੱਢ ਦਿਤੀਆਂ ਗਈਆਂ।

੨੨ ਅਗਸਤ–ਸ੍ਰੀ ਪਟੇਲ ਅਤੇ ਵੀ. ਪੀ. ਮੈਨਨ ਵਲੋਂ ਪੈਪਸੂ ਵਿਚ ਸ: ਗਿਆਨ ਸਿੰਘ ਰਾੜੇਵਾਲਾ ਨੂੰ ਪ੍ਰਾਇਮ ਮਨਿਸਟਰ ਬਣਾ ਦਿਤਾ ਪਰ ਫੌਰਨ ਪਿਛੋਂ ਮੁਕਰ ਗਏ।

੨੫ ਅਗਸਤ–ਮਾਸਟਰ ਤਾਰਾ ਸਿੰਘ ਵਲੋਂ ਸਿੱਖਾਂ ਲਈ ੫ ਮੰਗਾਂ ਸਰਕਾਰ ਨੂੰ ਪੇਸ਼ ਕੀਤੀਆਂ। ਸਿੱਖ ਰਫਿਊਜ਼ੀਆਂ ਵਾਸਤੇ ਪੂਰਾ ਮੁਆਵਜ਼ਾ ਆਦਿ ਦਿਤੇ ਜਾਣ ਤੇ ਜ਼ੋਰ ਦਿਤਾ।

੧੦ ਸਤੰਬਰ–ਪਟਿਆਲਾ ਵਿਖੇ ਭਾਰੀ ਅਕਾਲੀ ਕਾਨਫਰੰਸ ਸਿੱਖ ਅਧਿਕਾਰਾਂ ਬਾਰੇ ਹੋਈ।

੨੫ ਅਕਤੂਬਰ–ਗਿਆਨੀ ਕਰਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਜਥੇਦਾਰ ਉਧਮ ਸਿੰਘ ਨਾਗੋਕੇ ਵਲੋਂ ਪੰਥਕ ਇਕੱਠ ਅੰਮ੍ਰਿਤਸਰ ਕਰ ਕੇ, ਭਾਰਤ ਦੇ ਸੰਵਿਧਾਨ ਦੀ ਬਣਤਰ ਵਿਰੁਧ ਰੋਸ ਮਤੇ ਪਾਸ ਕੀਤੇ ਗਏ।

—ਗੰਗੂ ਪੰਡਤ ਨਹਿਰੂ ਨੇ ਕਸ਼ਮੀਰ ਵਾਸਤੇ ਧਾਰਾ ੩੭੦ ਅਧੀਨ ਵਖਰਾ ਵਿਧਾਨ, ਵਖਰਾ ਝੰਡਾ ਅਤੇ ਰਾਏ ਸ਼ੁਮਾਰੀ ਕਰਵਾਉਣ ਦਾ ਵਾਅਦਾ ਕੀਤਾ ਸੀ ਪਰ ਪਿਛੋਂ ਮੁਕਰ ਗਿਆ "ਅਬ ਵਕਤ ਬਦਲ ਗਿਆ ਹੈ"।

੧ ਨਵੰਬਰ–ਪਾਕਿਸਤਾਨ ਵਲੋਂ ਜੰਮੂ ਕਸ਼ਮੀਰ ਦੇ ਤਿਥਵਾਲ, ਉਰੀ ਸੈਕਟਰ ਉਪਰ ਜ਼ਦਰਦਸਤ ਹਮਲਾ ਕੀਤਾ ਗਿਆ, ਕਰਨਲ ਹਰਬਖ਼ਸ਼ ਸਿੰਘ ਜਨਰਲ ਉਂਕਾਰ ਸਿੰਘ ਕਲਕਤਾ ੧੬੫ ਬਰੀਗੇਡ ਦੇ ਇੰਚਾਰਜ ਸਨ, ਬਰਗੇਡੀਅਰ ਜੇ. ਐਸ. ਬਾਵਾ ੧੬੧ ਇਨਫੈਂਟਰੀ ਬਰਗੇਡ ਦੇ ਇੰਚਾਰਜ ਸਨ। ਸਿਮਰਨ ਕਰਦੇ ਜੈਕਾਰੇ ਗੁਜਾਉਂਦੇ ਫਤਹਿ ਪ੍ਰਾਪਤ ਕੀਤੀ ਜੇ ਕਰ ਸਿੱਖ ਰੈਜਮੈਂਟਾਂ ਸਹਾਇਤਾ ਨਾ ਕਰਦੀਆਂ ਤਾਂ ਕਸ਼ਮੀਰ ਉਪਰ ਪਾਕਿਸਤਾਨ ਦਾ ਕਬਜ਼ਾ ਹੋ ਜਾਣਾ ਸੀ।

੨ ਨਵੰਬਰ–ਸ: ਕਲਿਆਣ ਸਿੰਘ ਸਪੁੱਤਰ ਭਾਈ ਪਿਆਰਾ ਸਿੰਘ, ਸੇਵਾ ਸਿਮਰਨ ਕਰਦੇ ਖ਼ਿਜ਼ਰਾਬਾਦ ਵਿਖੇ ਨਹਿਰੂ, ਰੂਸ ਦੇ ਵਿਚਾਰਾਂ ਤੇ ਲੀਡਰਾਂ ਨੂੰ ਨਫ਼ਰਤ ਕਰਦਾ ਸੀ, ਸੋ ਸੀ. ਪੀ. ਆਈ. ਨੂੰ ਬੈਨ ਕਰ ਕੇ ਸਾਰੇ ਲੀਡਰ, ਵਰਕਰਾਂ ਨੂੰ ਜੇਹਲਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਬੰਦ ਕਰ ਦਿਤਾ।

੨੦ ਨਵੰਬਰ–ਡਾਕਟਰ ਜਸਵੰਤ ਸਿੰਘ ਨੇਕੀ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ।

੨੩ ਨਵੰਬਰ–ਸੰਵਿਧਾਨ ਅਸੈਂਬਲੀ ਵਲੋਂ ਜਾਰੀ ਕੀਤੀ ਰੀਪੋਰਟ ਵਿਚ ਦੇਸ਼ ਦੀ ਵੰਡ ਕਾਰਨ ਸਿੱਖਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਸਬੰਧੀ ਦੁਖ, ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਰਾਸ਼ਟਰੀ ਭਾਸ਼ਾ ਹਿੰਦੀ ਬਣਾਉਣ ਦੇ ਸਵਾਲ ਤੇ ਵੋਟਾਂ ਬਰਾਬਰ ਸਨ; ਉਸ ਸਮੇਂ ਸ: ਗੁਰਮੁਖ ਸਿੰਘ ਮੁਸਾਫਰ ਨੇ ਗੰਗੂ ਪੰਡਤ ਦੀ ਇਜ਼ਤ, ਪ੍ਰਧਾਨ ਮੰਤਰੀ ਦੀ ਕੁਰਸੀ ਬਚਾਉਣ ਵਾਸਤੇ ਵੋਟ ਹਿੰਦੀ ਰਾਸ਼ਟਰੀ ਭਾਸ਼ਾ ਬਣਾਉਣ ਦੇ ਹੱਕ ਵਿਚ ਪਾਈ ਸੀ, ਸੰਵਿਧਾਨ ਦੇ ਆਰਟੀਕਲ ੧੧੫ ਤੇ ਕਾਫੀ ਬਹਿਸ ਹੋਈ ਸੀ।

੨੩ ਨਵੰਬਰ–ਸੰਵਿਧਾਨ ਦੇ ਆਰਟੀਕਲ ੩੭ ਸ਼ਡਿਊਲਡ ਕਾਸਟਸ ਵਿਚ ਕੇਵਲ ਹਿੰਦੂ ਅਨੁਸੂਚਿਤ ਜਾਤੀਆਂ ਸ਼ਾਮਲ ਕੀਤੀਆਂ ਗਈਆਂ ਅਤੇ ਸਿੱਖ ਰਾਮਦਾਸੀਏ, ਟਪਰੀਵਾਸ, ਬਾਲਮੀਕੀ, ਚਮਾਰ, ਸਿਕਲੀਗਰ ਜਾਣ ਬੁਝ ਕੇ ਅਖੋਂ ਓਹਲੇ ਕੀਤੇ ਗਏ ਤਾਂ ਸ: ਹੁਕਮ ਸਿੰਘ ਨੇ ਇਤਰਾਜ਼ ਕੀਤਾ ਕਿ ਜੇ ਸੰਵਿਧਾਨ ਸੈਕੂਲਰ ਹੈ ਤਾਂ ਵਿਤਕਰੇ ਕਿਉਂ? ਸ: ਗੁਪਾਲ ਸਿੰਘ ਖਾਲਸਾ ਨੂੰ ਆਪਣੇ ਆਪ ਹਿੰਦੂ ਲਿਖਵਾ ਕੇ ਟਿਕਟ ਮਿਲਿਆ ਸੀ। ਸੰਵਿਧਾਨ ਦੇ ਆਰਟੀਕਲ ੨੨ ਅਨੁਸਾਰ ਧਰਮ ਦੀ ਵਿਦਿਆ ਖਤਮ ਕਰ ਦਿਤੀ ਗਈ ਇਸ ਸਬੰਧੀ ਸ: ਹੁਕਮ ਸਿੰਘ ਨੇ ਇਤਰਾਜ਼ ਕੀਤਾ ਕਿ ਭਾਰਤ ਧਰਮ ਵਿਸ਼ਵਾਸ਼ਾਂ ਵਾਲਾ ਦੇਸ਼ ਹੈ, ਧਰਮ ਦੀ ਵਿਦਿਆ ਜ਼ਰੂਰੀ ਕੀਤੀ ਜਾਵੇ।

–੩੦ ਦਸੰਬਰ ਸੰਵਿਧਾਨਕ ਅਸੈਂਬਲੀ ਦੇ ਦੋ ਸਿੱਖ ਮੈਂਬਰ ਸਰਦਾਰ ਹੁਕਮ ਸਿੰਘ ਅਤੇ ਸ: ਭੂਪਿੰਦਰ ਸਿੰਘ ਨੇ ਸੰਵਿਧਾਨ ਨੂੰ ਸਿੱਖ ਵਿਰੋਧੀ ਕਹਿ ਕੇ ਦਸਤਖਤ ਨਹੀਂ ਕੀਤੇ ਸਨ, **The Sikhs reject this Constitution Act** ਪਛੜੇ ਵਰਗ ਦੇ ਰਾਮਦਾਸੀਆਂ ਸਿੱਖਾਂ ਲਈ ਕੋਈ ਸਹੂਲਤ ਨਹੀਂ ਸੀ ਇਸ ਕਰਕੇ ਯੂ. ਪੀ. ਦੇ ਲੱਖਾਂ ਪਛੜੇ ਵਰਗ ਦੇ ਸਿੱਖ ਸਹੂਲਤਾਂ ਲੈਣ ਦੀ ਖਾਤਰ ਹਿੰਦੂ ਬਣ ਗਏ।

ਮੁਹੰਮਦ ਦੇ ਮੁਗਲ ਜਰਵਾਣੇ ਅਤੇ ਈਸਾ ਦੇ ਅੰਗਰੇਜ਼ ਹਾਕਮ ਤਾਂ ਸਿੱਖ ਕੌਮ ਦੀ ਪ੍ਰਸੰਸਾ, ਸਤਿਕਾਰ ਕਰਦੇ ਰਹੇ, ਪਰ ਇਨ੍ਹਾਂ ਅਕ੍ਰਿਤਘਣ ਗੰਗੂ ਬ੍ਰਾਹਮਣਾਂ ਦੀ ਅਕਲ ਦਾ ਦੀਵਾਲਾ ਨਿ ਇਹ ਭਾਰਤ ਵਿਚ ਰਹਿੰਦੇ ਮੁਸਲਮਾਨ, ਈਸਾਈ, ਪਾਰਸੀ ਲੋਕਾਂ ਨੂੰ ਤਾਂ ਵੱਖ-ਵੱਖ ਕੌਮਾਂ ਮੰਨਦੇ ਹਨ, ਇਨ੍ਹਾਂ ਕੌਮਾਂ ਉਪਰ ਹਿੰਦੂ ਕੋਡ ਬਿਲ ਅਤੇ ਐਕਟ ਲਾਗੂ ਨਹੀਂ ਹੁੰਦਾ, ਪਰ ਸਿੱਖ ਪੰਥ ਜੋ ਸੰਸਾਰ ਦੇ ਧਰਮਾਂ ਅਤੇ ਕੌਮਾਂ ਤੋਂ ਨਿਆਰਾ ਹੈ, ਸੰਵਿਧਾਨ ਦੀ ਧਾਰਾ ੨੫ ਅਨੁਸਾਰ ਸਿੱਖ ਕੋਈ ਵੱਖਰੀ ਕੌਮ ਨਹੀਂ, ਇਨ੍ਹਾਂ ਉਪਰ ਹਿੰਦੂ ਕਨੂੰਨ ਲਾਗੂ ਕਰਕੇ ਠੋਸੇ ਗਏ

ਹੋਨ । ਐਂਗਲੋ-ਇੰਡੀਅਨਾਂ ਲਈ ਵਿਸ਼ੇਸ਼ ਰਾਖਵੇਂ ਅਧਿਕਾਰ ਦਿਤੇ ਗਏ ।

—ਸੰਤ ਸੰਪੂਰਨ ਸਿੰਘ ਜੀ ੭੪ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ।

—ਸਾਲ ੧੯੪੮ ਵਿਚ ਇਨ੍ਹਾਂ ਗੰਗੂ ਬ੍ਰਾਹਮਣਾ ਵਲੋਂ ਸਿੱਖਾਂ ਨੂੰ ਆਜ਼ਾਦੀ ਦਾ ਅਨੰਦ ਦੇਣ ਵਾਸਤੇ ਦਫ਼ਾ ੧੪੪ ਲਗਾ ਕੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਬਿਨਾਂ ਕਿਸੇ ਜੁਰਮ, ਦੋਸ਼ ਜ਼ਲੀਲ ਕੀਤਾ ਗਿਆ। ਇਨ੍ਹਾਂ ਦਾ ਇਕ ਕਾਰਨ ਕਿ ਕੁਰਸੀ ਹਕੂਮਤਾਂ ਦੇ ਭੁੱਖੇ ਬਲਦੇਵ ਸਿੰਘ, ਗੁਰਮੁਖ ਸਿੰਘ ਮੁਸ਼ਾਫਰ, ਸਵਰਨ ਸਿੰਘ, ਉੱਜਲ ਸਿੰਘ, ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ, ਪ੍ਰਤਾਪ ਸਿੰਘ ਕੈਰੋਂ, ਜੋਗਿੰਦਰ ਸਿੰਘ ਮਾਨ, ਜਥੇਦਾਰ ਊਧਮ ਸਿੰਘ ਨਾਗੋਕੇ, ਗੁਰੂ ਗ੍ਰੰਥ ਅਤੇ ਖਾਲਸਾ ਪੰਥ ਦੇ ਗੁਮਤਿ ਪ੍ਰਚਾਰ ਕਰਨ ਦੀ ਬਜਾਏ ਸਰਕਾਰੀ ਹਕੂਮਤਾਂ ਦੀ ਖਾਤਰ ਪੰਥ ਵਿਰੋਧੀ ਕਾਰਵਾਈਆਂ ਕਰਦੇ ਰਹੇ ਤਾਂ ਜੋ ਆਜ਼ਾਦੀ ਦਾ ਅਨੰਦ ਕੋਠੀਆਂ, ਕਾਰਾਂ, ਬੰਗਲਿਆਂ ਵਿਚ ਮਾਣਿਆ ਜਾ ਸਕੇ। ਗੁਰਬਾਣੀ ਤਾਂ ਅਜੇਹੇ ਹੰਕਾਰੀਆਂ ਨੂੰ ਵਾਰਨਿੰਗ ਦੇ ਰਹੀ ਹੈ ਕਿ—

ਜਿਸ ਕੈ ਅੰਤਰ ਰਾਜ ਅਭਿਮਾਨ ॥
ਸੋ ਨਰਕ ਪਾਤੀ ਹੋਵਤ ਸੁਆਨ ॥

ਆਜ਼ਾਦੀ ਤੋਂ ਪਿਛੋਂ ਬਹੁਤ ਸਾਰੇ ਆਗੂ ਹਕੂਮਤ ਦੀ ਹਵਸ ਵਿਚ ਅੰਨ੍ਹੇ ਹੋ ਗਏ, ਗੁਰੂ ਤੋਂ ਧਰਮ ਤੋਂ ਦੂਰ ਹੋਣ ਲੱਗੇ ।

—ਭਾਸ਼ਾ ਵਿਭਾਗ ਪੰਜਾਬ ਵਲੋਂ ਮਾਸਕ 'ਪੰਜਾਬੀ ਦੁਨੀਆ' ਸ਼ੁਰੂ ਕੀਤਾ ਗਿਆ । ਗੁਰਮਤਿ ਸਬੰਧੀ ਅਨੇਕਾਂ ਵਿਸ਼ੇਸ਼ ਅੰਕ ਛਾਪੇ ਗਏ ਹਨ। ਸਾਲ ੧੯੮੫ ਤੋਂ ਡਾਇਰੈਕਟਰ ਸਰਦਾਰ ਰਾਜਿੰਦਰ ਸਿੰਘ ਭਸੀਨ ਹਨ ।

—੧੩ ਜਨਵਰੀ ੧੯੪੯—ਪੈਪਸੂ ਸਰਕਾਰ ਸ: ਗਿਆਨ ਸਿੰਘ ਰਾੜੇਵਾਲਾ ਮੰਤਰੀ ਮੰਡਲ ਬਣ ਗਿਆ । ਗਿਆਨੀ ਜ਼ੈਲ ਸਿੰਘ ਮੰਤਰੀ ਬਣ ਗਿਆ, ਪਰ ਸੀ ਬਰਿਸ਼ ਭਾਨ ਕਾਂਗਰਸ ਗਰਪ ਵਿਰੋਧ ਕਰਦੇ ਰਹੇ ।

—ਤਖ਼ਤ ਸੱਚ-ਖੰਡ ਵਿਖੇ ਭਾਈ ਹਰਨਾਮ ਸਿੰਘ ਹੈੱਡ ਪੁਜਾਰੀ ਬਣ ਗਏ ਅਤੇ ੧ ਮਈ ੧੯੫੬ ਤਕ ੭ ਸਾਲ ਰਹੇ ।

—੨੧ ਫਰਵਰੀ ਮਾਸਟਰ ਤਾਰਾ ਸਿੰਘ ਜੀ ਨੂੰ ਦਿੱਲੀ ਦੇ ਨੇੜੇ ਨਰੇਲਾ

ਰੈਲਵੇ ਸਟੈਸ਼ਨ ਤੇ ਗ੍ਰਿਫਤਾਰ ਕਰਕੈ ਯੂ.ਪੀ. ਅਲਮੋੜਾ ਜੇਲ੍ਹ ਵਿਚ ਆਜ਼ਾਦੀ ਦਾ ਅਨੰਦ ਮਾਣਨ ਵਾਸਤੇ ਕੈਦ ਕਰ ਦਿੱਤਾ । ਉਥੇ ਸਾਰੇ ਕੈਦੀਆਂ, ਹਿੰਦੂ, ਮੁਸਲਮਾਨ ਸਿੱਖਾਂ ਨੂੰ ਇਕ ਕਤਾਰ ਵਿਚ ਖੜੇ ਕਰਕੇ

"ਰਘੂਪਤੀ ਰਾਗਵ ਰਾਜਾ ਰਾਮ ।
ਪਤਿਤ ਪਾਵਨ ਸੀਤਾ ਰਾਮ"

ਕਹਿਣ ਵਾਸਤੇ ਮਜਬੂਰ ਕੀਤਾ ਜਾਂਦਾ ਸੀ । ਹਾਸੇ ਵਾਲੀ ਗੱਲ ਇਹ ਹੈ ਗੰਗੂ ਸਰਕਾਰ ਸੈਕੂਲਰ ਹੋਣ ਦਾ ਢੌਂਗ ਰਚਦੀ ਹੈ ਅਤੇ ਉਥੋਂ ਦੀ ਜੇਲ੍ਹ ਦਾ ਸੁਪ੍ਰੀਂਡੈਂਟ ਮੁਹੰਮਦ ਦੇ ਇਸਲਾਮ ਦਾ ਕਟੜ ਮੁਸਲਮਾਨ ਆਪਣੀ ਨੌਕਰੀ ਕਾਰਨ ਬੇ-ਵਸ ਸੀ । ਪਰ ਮਾਸਟਰ ਤਾਰਾ ਸਿੰਘ ਜੀ ਨੇ ਅਜੇਹੇ ਸੈਕੂਲਰ ਹੋਣ ਦੇ ਢੌਂਗ ਦਾ ਵਿਰੋਧ ਕੀਤਾ ।

—੨ ਮਾਰਚ ਮਾਸਟਰ ਤਾਰਾ ਸਿੰਘ ਜੀ ਦੀ ਨਾਜਾਇਜ਼ ਗ੍ਰਿਫਤਾਰੀ ਵਿਰੁਧ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਸੰਗਤਾਂ ਵਲੋਂ ਸਰਕਾਰ ਵਿਰੁਧ ਭਾਰੀ ਰੋਸ ਮੁਜ਼ਾਹਰਾ ਹੋਇਆ ਤਾਂ ਗੰਗੂ ਸਰਕਾਰ ਦੀ ਦੁਸ਼ਟ ਪੁਲਸ ਜੁਤੀਆਂ ਸਮੇਤ ਅੰਦਰ ਪਰਕਰਮਾ ਵਿਚ ਜਬਰੀ ਦਾਖਲ ਹੋ ਕੇ ਨਿਰਦੋਸ਼ ਨਿਹੱਥੇ ਸਿੰਘਾਂ ਉਪਰ ਗੋਲੀਆਂ ਚਲਾਈਆਂ ਜ਼ੁਲਮ ਕੀਤਾ । ਪਬਲਿਕ ਸੇਫਟੀ ਐਕਟ ਅਧੀਨ ਗ੍ਰਿਫਤਾਰੀਆਂ ਅਤੇ ਜਲਾਲਤ ਹੋਣ ਲੱਗੀ ।

—ਡਾਕਟਰ ਗੋਪੀ ਚੰਦ ਭਾਰਗੋ ਵਜ਼ਾਰਤ ਦਾ ਭੋਗ ਪੈ ਗਿਆ ਅਤੇ ਸ੍ਰੀ ਭੀਮ ਸੈਨ ਸੱਚਰ ਵਲੋਂ ਜ਼ੁਲਮ ਹੋਣ ਲੱਗੇ ।

—ਵਿਸਾਖੀ ਮੌਕੇ ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਭਾਰੀ ਇਕੱਠ ਹੋਇਆ, ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਕਿ ਜਦੋਂ ਭਾਰਤ ਵਿਚ ਬੋਲੀ ਦੇ ਆਧਾਰ ਤੇ ਹੋਰ ਸੂਬੇ ਬਣਾਏ ਗਏ ਹਨ ਤਾਂ ਪੰਜਾਬ ਨਾਲ ਜ਼ੁਲਮ ਕਿਉਂ ? ਕਸ਼ਮੀਰ ਦੇ ਲੋਕਾਂ ਨੂੰ ਪੂਰਨ ਆਜ਼ਾਦੀ ਸੰਵਿਧਾਨ ਦੁਆਰਾ ਵਿਸ਼ੇਸ਼ ਅਧਿਕਾਰ ਕਿਉਂ ਦਿਤੇ ਗਏ ਹਨ ?

—ਗਿਆਨੀ ਕਰਤਾਰ ਸਿੰਘ ਆਪਣੀ ਵਜ਼ਾਰਤੀ ਕੁਰਸੀ ਦੀ ਝਾਕ ਵਿਚ ਗੁਰੂ ਦੇ ਪੰਥ ਨਾਲ ਗ਼ਦਾਰੀ ਕਰਦਾ ਰਿਹਾ, ਵੱਖਰਾ ਜਾਪਾਨੀ ਅਕਾਲੀ ਦਲ ਕਾਇਮ ਕਰ ਲਿਆ ।

—ਪੰਜਾਬ ਵਿਚ ਅਕਾਲੀ ਕਾਂਗਰਸ ਨਾਲ ਆਰੀਆ ਸਮਾਜੀਆ ਨਾਲ ਚੋਣਾਂ ਸਮੇਂ ਸਮਝੌਤੇ ਕਰਦੇ ਰਹੇ, ਪਰ ਆਰੀਆ ਸਮਾਜੀ ਆਪਣੀ ਮਾਤ ਭਾਸ਼ਾ ਪੰਜਾਬੀ ਦਾ ਹਮੇਸ਼ਾਂ ਵਿਰੋਧ ਕਰਦੇ ਰਹੇ, ਪੰਜਾਬ ਯੂਨੀ-

ਵਰਸਿਟੀ ਨੇ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਨਹੀਂ ਬਣਾਇਆ। ਇਹ ਗੰਜ਼ੁ ਪੰਡਤ ਪੰਜਾਬੀ ਬੋਲੀ ਨੂੰ ਨਫ਼ਰਤ ਕਰਦੇ ਰਹੇ।

੧੮ ਅਕਤੂਬਰ–ਭੀਮ ਸੈਨ ਸੱਚਰ ਦੇ ਮੰਤਰੀ ਮੰਡਲ ਦਾ ਭੋਗ ਪੈ ਗਿਆ। ਡਾਕਟਰ ਗੋਪੀ ਚੰਦ ਭਾਰਗੋ ਜੋ ਸਿਰਸਾ ਦਾ ਬ੍ਰਾਹਮਣ ਸੀ ਦੀ ਹਕੂਮਤ ਸ਼ੁਰੂ ਹੋ ਗਈ ਅਤੇ ਨਿਰਦੋਸ਼ ਸਿਖਾਂ ਉਪਰ ਜ਼ੁਲਮ ਹੋਣ ਲਗੇ।

੨੧-੨੩ ਅਕਾਲੀ–ਸਿੱਖ ਐਜੂਕੇਸ਼ਨਲ ਕਾਨਫਰੰਸ ਪਟਿਆਲਾ ਹੋਈ ਗ਼ੁਰਮੁਖੀ ਲਿਖੀ ਤੇ ਜ਼ੋਰ ਦਿਤਾ ਗਿਆ।

੨ ਨਵੰਬਰ—ਮਾਸਟਰ ਤਾਰਾ ਸਿੰਘ ਵਲੋਂ ਪੰਜਾਬ ਲਈ ਜੰਮੂ ਕਸ਼ਮੀਰ ਵਾਲੇ ਵਿਸ਼ੇਸ਼ ਅਧਿਕਾਰ ਦੀ ਮੰਗ ਕੀਤੀ ਗਈ।

੧੮ ਨਵੰਬਰ–ਪੈਪਸੂ ਦੀ ਗਿਆਨ ਸਿੰਘ ਰਾੜੇਵਾਲਾ ਹਕੂਮਤ ਦਾ ਭੋਗ ਪੈ ਗਿਆ, ਕਾਂਗਰਸ ਰਾਜ ਸ਼ੁਰੂ ਹੋ ਗਿਆ।

—ਆਸਾਮ ਵਿਚ ਬੰਗਾਲੀਆ ਅਤੇ ਆਸਾਮੀਆਂ ਦੇ ਦੰਗੇ ਕਤਲ ਹੋਏ ਮਹਾਂਰਾਸ਼ਟਰ ਵਿਚ ਗੁਜਰਾਤੀਆਂ ਅਤੇ ਮਰਾਠਿਆਂ ਦੇ ਦੰਗੇ ਕਤਲ ਹੋਏ।

੨੫ ਨਵੰਬਰ–ਜੰਮੂ ਕਸ਼ਮੀਰ ਦੇ ਯੁਵਰਾਜ ਕਰਨ ਸਿੰਘ ਨੇ ਭਾਰਤ ਦੇ ਸੰਵਿਧਾਨ ਨੂੰ ਪ੍ਰਵਾਨ ਕਰ ਲਿਆ।

—ਸ਼੍ਰੋ ਗੁ: ਪ੍ਰ: ਕਮੇਟੀ ਵਲੋਂ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਰਾਮਸਰ ਰੋਡ ਕਾਇਮ ਹੋਇਆ।

—ਗੰਜ਼ੁ ਪੰਡਤ ਨਹਿਰੂ ਆਪਣੇ ਦੇਸ਼ ਦੇ ਸੂਰਬੀਰ ਸਿੱਖਾਂ ਨੂੰ ਨਫ਼ਰਤ ਕਰਦਾ ਸੀ, ਪਰ ਚੀਨ ਨਾਲ ਦੋਸਤੀ ਵਿਖ ਕੇ ਹਿੰਦੀ-ਚੀਨੀ ਭਾਈ ਭਾਈ ਸਮਝਦਾ ਰਿਹਾ, ਤਿੱਬਤ ਦੇ ਦਲਾਈ ਲਾਮੇਂ ਨਾਲ ਦੋਸਤੀ ਵਧਾਉਣ ਲਗਾ ਅਤੇ ਉਹ ਚੀਨ ਵਾਲੇ ਤਿੱਬਤ ਉਪਰ ਕਬਜ਼ਾ ਕਰਨ ਲਗੇ ਅਤੇ ਭਾਰਤ ਦੇ ਇਲਾਕਿਆਂ ਉਪਰ ਕਬਜ਼ੇ ਕਰਨ ਲਗੇ।

—ਸ਼੍ਰੋ: ਗੁ: ਪ੍: ਕਮੇਟੀ ਦਾ ਪ੍ਰਧਾਨ ਜਥੇਦਾਰ ਊਧਮ ਸਿੰਘ ਨਾਗੋਕੇ ਸੀ।

—ਸ: ਬਲਦੇਵ ਸਿੰਘ ਕੁਪਿੰਦਰ ਸਿੰਘ ਮਾਨ ਗੁਰਮੁਖ ਸਿੰਘ ਮੁਸਾਫਰ, ਡਾ: ਲਹਿਣਾ ਸਿੰਘ, ਡਾ: ਪ੍ਰਕਾਸ਼ ਕੌਰ, ਸ਼ੇਰ ਸਿੰਘ, ਕੈਪਟਨ ਰਣਜੀਤ ਸਿੰਘ ਗੁਰਬਚਨ ਸਿੰਘ ਬਾਜਵਾ, ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਆਪਣੀਆਂ ਹਕੂਮਤਾਂ ਦੀ ਖਾਤਰ ਦੌੜ ਭਜ ਕਰਦੇ ਰਹੇ ਇਨ੍ਹਾਂ ਹਾਕਮਾਂ ਨੇ ਗੁਰੂ ਦੇ ਪ੍ਰਚਾਰ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ।

—ਲਾਲਾ ਜਗਤ ਨਾਰਾਇਣ ਸਿੱਖਾਂ ਅਤੇ ਪੰਜਾਬੀ ਬੋਲੀ ਦੇ ਵਿਰੁਧ ਜ਼ਹਿਰੀਲਾ ਪ੍ਰਚਾਰ ਕਰਨ ਲਗਾ ਕਿ ਪੰਜਾਬੀ ਨਾ ਪੜ੍ਹੀ ਜਾਵੇ ਇਹ ਗਵਾਰਾਂ ਅਤੇ ਉਜੱਡ ਲੋਕਾਂ ਦੀ ਬੋਲੀ ਹੈ।

੧੯੫੦—ਜਥੇਦਾਰ ਜੰਗੀਰ ਸਿੰਘ ਫਗੂਵਾਲੀਆ ਪੈਪਸੂ ਦੀ ਵਿਧਾਨ ਸਭਾ ਵਿਚ ਕਿਰਪਾਨ ਪਿਸਤੌਲ ਅਤੇ ਖੰਡਾ ਰਖਦੇ ਸਨ ਕਦੇ ਕਿਸੇ ਇਤਰਾਜ ਨਹੀਂ ਕੀਤਾ।

੨੦ ਜਨਵਰੀ—ਸ: ਅਮਰ ਸਿੰਘ ਜੀ ਅੰਬਾਲਵੀ, ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਬਣ ਗਏ। ਸ: ਅਜੀਤ ਸਿੰਘ ਸਰਹੱਦੀ ਸ: ਗੁਰਬਖਸ਼ ਸਿੰਘ ਐਡਵੋਕੇਟ ਗੁਰਦਾਸਪੁਰ ਸ: ਸੁਬੇਗ ਸਿੰਘ ਐਡਵੋਕੇਟ ਸਰਗਰਮ ਸੁਲਝੇ ਹੋਏ ਵਿਦਵਾਨ ਵਰਕਰ ਸਨ।

੨੬ ਜਨਵਰੀ—ਭਾਰਤ ਦਾ ਸੰਵਿਧਾਨ (ਝੂਠ ਦਾ ਪਲੰਦਾ) ਲਾਗੂ ਕੀਤਾ ਗਿਆ। ਸਿਖਾਂ ਦੀ ਰਿਆਸਤ ਪਟਿਆਲਾ ਖ਼ਤਮ ਕਰਕੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਵਰ ਨਿਸ਼ਾਨ ਵਾਲਾ ਝੰਡਾ 'ਤੇਰਾ ਘਰ ਮੇਰਾ ਅਸੇਹ' ਕਿਲ੍ਹੇ ਤੋਂ ਉਤਾਰ ਦਿਤਾ ਗਿਆ ਅਤੇ ਤਰੰਗਾ ਲਹਿਰਾ ਦਿਤਾ ਗਿਆ, ਸਿੱਖ ਸੰਗਤਾਂ ਵਲੋਂ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਸੰਵਿਧਾਨ ਅਨੁਸਾਰ ਸਿੱਖਾਂ ਅਤੇ ਮੁਸਲਮਾਨਾਂ ਨੂੰ ਗੰਗੂ ਪੰਡਤਾਂ ਦੇ ਗਲਾਮ ਹੀ ਰਖਿਆ ਗਿਆ ਹੈ। ਇਸੇ ਸੰਵਿਧਾਨ ਦੇ ਆਰਟੀਕਲ ੩੭੦ ਅਨੁਸਾਰ ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿਤੇ ਗਏ, ਮੁਸਲਮਾਨਾਂ ਵਾਸਤੇ ਉਨ੍ਹਾਂ ਦਾ ਪਰਸਨਲ ਲਾ ਲਾਗੂ ਕੀਤਾ ਗਿਆ, ਹੈਰਾਨੀ ਹੈ ਕਿ ਸੂਰਬੀਰ ਸਿੱਖਾਂ ਨੇ ਆਪਣੀਆਂ ਜਾਨਾਂ ਵਾਰ ਕੇ ਕਸ਼ਮੀਰ ਬਚਾਇਆ ਪਰ ਸਿੱਖਾਂ ਵਾਸਤੇ ਆਜ਼ਾਦੀ ਦਾ ਅਨੰਦ ਮਾਣਨ ਲਈ ਦੁਸ਼ਟ ਪੁਲਸ ਦੀਆਂ ਲਾਠੀਆਂ, ਗੋਲੀਆਂ ਅਤੇ ਜੇਲ੍ਹਾਂ ਵਿਚ ਜ਼ੁਲਮ ਬਰਦਾਸ਼ਤ ਕਰਨ ਪਏ।

—ਡਾ: ਰਾਜਿੰਦਰ ਪ੍ਰਸ਼ਾਦ ਰਾਸ਼ਟਰਪਤੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੈਠ ਕੇ ਇਲਾਹੀ ਸ਼ਬਦ ਕੀਰਤਨ ਦਾ ਅਨੰਦ ਮਾਣਿਆ

੧੮ ਮਾਰਚ—ਜਥੇਦਾਰ ਚੰਨਣ ਸਿੰਘ ਰਾੜਾ ਸ਼੍ਰੋ: ਗੁ; ਪ੍ਰ: ਕਮੇਟੀ ਦਾ ਪ੍ਰਧਾਨ ਬਣ ਗਿਆ।

—ਸ: ਘਨਸ਼ਾਮ ਸਿੰਘ ਜੀ ਨੇ ਦਿਲੀ ਤੋਂ ਸਪੋਕਸਮੈਨ ਅੰਗਰੇਜ਼ੀ ਵੀਕਲੀ ਛਾਪ ਕੇ ਸਿਖ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ, ਸਫਲਤਾ ਨਾਲ ਚਲ ਰਿਹਾ ਹੈ।

ਮਈ—ਗੁਰਦੁਆਰਾ ਚੋਲੀਆ ਸਾਹਿਬ ਵਿਖੇ, ਸਰਕਾਰ ਦੇ ਜ਼ਬਰ ਨਾਲ ੧੧ ਨਿਹੰਗ ਸਿੰਘ ਸ਼ਹੀਦ ਹੋਏ।

੨ ਜੂਨ–ਸੰਤ ਪ੍ਰੇਮ ਸਿੰਘ ਜੀ ਸੇਵਾ ਸਿਮਰਨ ਕਰਦੇ ਬੇਗੋਵਾਲ ਵਿਖੇ ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ ਬੀਬੀ ਜਗੀਰ ਕੌਰ ਪ੍ਰਵਾਰ ਚਲਾ ਰਹੇ ਹਨ।

—ਅੰਮ੍ਰਿਤਸਰ ਇੰਮਪਰੂਵਮੈਂਟ ਟਰੱਸਟ ਕਾਇਮ ਕੀਤਾ ਗਿਆ।

੨੬ ਨਵੰਬਰ–ਜਥੇਦਾਰ ਊਧਮ ਸਿੰਘ ਨਾਗੋਕੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣ ਗਿਆ।

—ਜਨਵਰੀ ੧੯੫੧ ਸੰਤ ਸੰਗਤ ਸਿੰਘ ਜੀ ਕਮਾਲੀਆ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

—੧੧ ਮਾਰਚ ਪਹਿਲੀ ਏਸ਼ਿਆਈ ਖੇਡਾਂ ਦਿੱਲੀ ਵਿਖੇ ਸ: ਰਣਜੀਤ ਸਿੰਘ, ਨਿੱਕਾ ਸਿੰਘ, ਬਖਤਾਵਰ ਸਿੰਘ, ਛੋਟਾ ਸਿੰਘ, ਮੱਖਣ ਸਿੰਘ ਆਦਿ ਨੇ ਸੋਨੇ ਦੇ ਤਮਗੇ ਲੈ ਕੇ ਸਿੱਖ ਕੌਮ ਦਾ ਨਾਮ ਉੱਚਾ ਕੀਤਾ।

—੧੩, ੧੫ ਅਪਰੈਲ ੩੫ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਅੰਮ੍ਰਿਤਸਰ ਹੋਈ।

—ਸ: ਗੁਰਮੀਤ ਸਿੰਘ ਜੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਰਧਾਨ ਅਤੇ ਗਿਆਨੀ ਹਰੀ ਸਿੰਘ 'ਮੇਲ-ਮਿਲਾਪ' ਵੀਕਲੀ ਚੰਡੀਗੜ੍ਹ ਵਾਲੇ ਸਰਗਰਮ ਵਰਕਰ ਰਹੇ।

—੨੩ ਮਈ ਪੈਪਸੂ ਵਿਚ ਕਰਨਲ ਰਘਬੀਰ ਸਿੰਘ ਅਤੇ ਬਰਿਸ਼ ਭਾਨ ਕਾਂਗਰਸ ਦਾ ਮੰਤਰੀ ਮੰਡਲ ਬਣ ਗਿਆ।

—੯ ਅਗਸਤ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ, ਭਾਰਗੋ ਵਜ਼ਾਰਤ ਦਾ ਭੋਗ ਪੈ ਗਿਆ।

—੧ ਸਤੰਬਰ ਸਿੱਖਾਂ ਦੀਆਂ ਜਾਇਜ਼ ਮੰਗਾਂ ਸਬੰਧੀ ਭਾਰੀ ਅਕਾਲੀ ਕਾਨਫਰੰਸ ਪਟਿਆਲਾ ਵਿਖੇ ਹੋਈ, ਦੋ ਲੱਖ ਤੋਂ ਵਧੇਰੇ ਇਕੱਠ ਹੋਇਆ। ਸਿੱਖਾਂ ਦੀ ਇਕ ਵੱਡੀ ਮੰਗ ਇਹ ਸੀ ਕਿ ਜੋ ਸਹੂਲਤਾਂ ਅਨਸੂਚਿਤ ਜਾਤੀਆਂ ਲਈ ਦਿੱਤੀਆਂ ਗਈਆਂ ਹਨ, ਇਹ ਸਿੱਖ ਪਛੜੀਆਂ ਜਾਤੀਆਂ ਨੂੰ ਵੀ ਦਿੱਤੀਆਂ ਜਾਣ।

—ਦਸੰਬਰ ਗੰਗੂ ਪੰਡਤ ਨਹਿਰੂ ਅਤੇ ਇਸ ਦੀ ਭੈਣ ਵਿਜੇ ਲਕਸ਼ਮੀ ਆਪਣੀਆਂ ਚੋਣਾਂ ਦੇ ਪਰਚਾਰ ਵਾਸਤੇ ਪੰਜਾਬ ਵਿਚ ਆ ਕੇ ਪੰਜਾਬੀ ਸੂਬੇ ਦੀ ਮੰਗ ਦੇ ਵਿਰਧ ਭਾਸ਼ਨ ਕਰਦੇ ਰਹੇ।

--ਪਹਿਲੀ ਮਰਦਮ ਸ਼ੁਮਾਰੀ ਸਮੇਂ ਗੰਗੂ ਪੰਡਤ ਹਾਕਮਾਂ, ਸਤਕਾਰੀ ਕਹਮਚਾਰੀਆਂ ਵਲੋਂ ਪੰਜਾਬ ਦੇ ਪਿੰਡਾਂ ਦੇ ਲੋਕਾਂ ਦੀ ਭਾਸ਼ਾ ਆਪਣੀ ਮਰਜ਼ੀ ਅਤੇ ਧੋਖੇ ਨਾਲ ਹਿੰਦੀ ਲਿਖ ਲਈ । ਇਨ੍ਹਾਂ ਦੀ ਕਮੀਨਗੀ ਆਪਣੇ ਆਪ ਸਪੱਸ਼ਟ ਹੈ ਕਿ ਸਾਰੇ ਪੰਜਾਬ, ਪੈਪਸੂ ਦੀਆਂ ਰਿਆਸਤਾਂ ਵਿਚ ਮਹਿੰਦਰਗੜ੍ਹ, ਨਿਰਵਾਣਾ, ਹਿਮਾਚਲ ਸ਼ਿਮਲਾ ਵਿਚ ਵੀ ਪੰਜਾਬੀ ਸਰਕਾਰੀ ਭਾਸ਼ਾ ਰਹੀ ਹੈ ।

--ਕੈਪਟਨ ਭਾਗ ਸਿੰਘ ਜੀ ਵਲੋਂ ਕਲਕੱਤਾ ਤੋਂ ਅੰਗਰੇਜ਼ੀ ਦਾ ਮਾਸਕ ਸਿੱਖ ਰੀਵੀਊ ਕੱਢਣਾ ਸ਼ੁਰੂ ਕੀਤਾ, ਸਫਲਤਾ ਨਾਲ ਚਾਲੂ ਹੈ, ਦਫਤਰ ੧੧੬ ਕਰਨਾਨੀ ਮੈਨਸ਼ਨ ਪਾਰਕ ਸਟਰੀਟ ਕਲਕੱਤਾ ਹੈ ।

--ਫਰਵਰੀ ੧੯੫੨ ਆਮ ਚੋਣਾਂ ਹੋਈਆਂ । ਗੰਗੂ ਪੰਡਤ ਨਹਿਰੂ ਜੋ ਸੈਕੂਲਰ ਹੋਣ ਦਾ ਢੌਂਗ ਕਰਦਾ ਸੀ, ਕਾਂਗਰਸ ਦਾ ਪ੍ਰਚਾਰ ਕਰਨ ਵਾਸਤੇ ਸ੍ਰੀ ਫਤਹਿਗੜ੍ਹ ਦੇ ਗੁਰਦਆਰਾ ਵਿਖੇ ਸੰਗਤਾਂ ਦੇ ਇਕੱਠ ਵਿਚ ਪਹੁੰਚਦਿਆਂ, ਇਸ ਹੰਕਾਰੀ ਗੰਗ ਪੰਡਤ ਨੇ ਉਥੇ ਅੰਦਰ ਜਾ ਕੇ ਮੱਥਾ ਵੀ ਨਹੀਂ ਟੇਕਿਆ, ਇਸ ਨੇ ਸਿੱਖ ਧਰਮ ਦੇ ਇਤਿਹਾਸਕ ਗਰਦੁਆਰੇ ਦੀ ਵਰਤੋਂ ਆਪਣੇ ਰਾਜਸੀ ਮੰਤਵ ਲਈ ਨਾਜਾਇਜ਼ ਤੌਰ ਤੇ ਕੀਤੀ । ਉਥੇ ਸਟੇਜ ਤੇ ਮਾਸਟਰ ਤਾਰਾ ਸਿੰਘ ਨੇ ਨਹਿਰੂ ਦੇ ਹੱਥ ਵਿਚੋਂ ਮਾਈਕ ਪਕੜ ਲਿਆ ਅਤੇ ਧਰਮ ਅਸਥਾਨਾਂ ਤੇ ਨਾਜਾਇਜ਼ ਦਖਲ ਦੇਣ ਤੋਂ ਸ਼ਰਮਸਾਰ ਕੀਤਾ, ਤਾਂ ਦਸ਼ਟ ਪੁਲਸ ਅਫਸਰਾਂ ਵਲੋਂ ਲਾਠੀ ਚਾਰਜ ਹੋਇਆ, ਸਿੱਖਾਂ ਦੀਆਂ ਗ੍ਰਿਫਤਾਰੀਆਂ ਜੇਲ੍ਹਾਂ ਵਿਚ ਜ਼ੁਲਮ ਹੋਣ ਲੱਗੇ, ਪਰ ਹਕੂਮਤਾਂ ਦੇ ਭੁਖੇ ਸਵਰਨ ਸਿੰਘ, ਉੱਜਲ ਸਿੰਘ, ਪ੍ਰਤਾਪ ਸਿੰਘ ਕੈਰੋਂ, ਕੈਪਟਨ ਰਣਜੀਤ ਸਿੰਘ, ਈਸ਼ਰ ਸਿੰਘ ਮਝੈਲ, ਕਪੂਰ ਸਿੰਘ, ਮਾਸਟਰ ਕਾਬਲ ਸਿੰਘ, ਊਧਮ ਸਿੰਘ ਨਾਗੋਕੇ, ਜੱਜ ਹਰਨਾਮ ਸਿੰਘ, ਸ: ਨਰੋਤਮ ਸਿੰਘ ਐਡਵੋਕੇਟ, ਸਰੂਪ ਸਿੰਘ, ਆਤਮਾ ਸਿੰਘ, ਹਰਗੁਨਾਦ ਸਿੰਘ, ਮਾਸਟਰ ਪਰਤਾਪ ਸਿੰਘ, ਗੋਪਾਲ ਸਿੰਘ ਦਰਦੀ ।

--੧੧। ੧੩ ਅਪਰੈਲ ੩੬ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਨਵੀਂ ਦਿੱਲੀ ਹੋਈ ।

—੧੭ ਅਪਰੈਲ ਸ: ਪ੍ਰਤਾਪ ਸਿੰਘ ਕੈਰੋਂ ਅਸੈਂਬਲੀ ਵਿਚ ਕਾਂਗਰਸ ਪਾਰਟੀ ਦਾ ਲੀਡਰ ਸੀ, ਪਰ ਇਹ ਕਿਉਂਕਿ ਇਹ ਸਿੱਖ ਸੀ, ਇਸ ਲਈ ਇਸ ਨੂੰ ਮੁਖ ਮੰਤਰੀ ਨਹੀਂ ਬਣਾਇਆ ਗਿਆ, ਸਗੋਂ ਭੀਮਸੈਨ ਸੱਚਰ ਨੂੰ ਮੁਖ ਮੰਤਰੀ ਬਣਾਇਆ ਗਿਆ, ਧੱਕਾਸ਼ਾਹੀ ਕੀਤੀ ਗਈ ।

—੨੨ ਅਪਰੈਲ ਪੈਪਸੂ ਸ: ਗਿਆਨ ਸਿੰਘ ਰਾੜੇਵਾਲਾ ਮੰਤਰੀ ਮੰਡਲ ਦਾ ਕਾਂਗਰਸੀ ਵਿਰੋਧ ਕਰਨ ਲਗੇ।

—ਅੰਮ੍ਰਿਤਸਰ ਵਿਖੇ ਡੈਂਟਲ ਕਾਲਜ ਕਾਇਮ ਕੀਤਾ ਗਿਆ।

—ਸ: ਮੋਹਨ ਸਿੰਘ ਛਾਬੜਾ ਸ੍ਰੀ ਗੁਰੂ ਸਿੰਘ ਸਭਾ ਦਾ ਪਰਧਾਨ ਬਣ ਗਿਆ। ਸ: ਪੂਰਨ ਸਿੰਘ ਐਡਵੋਕੇਟ ਅਤੇ ਸ: ਗੁਰਬਖਸ਼ ਸਿੰਘ ਨਾਗੀ ਪਰਬੰਧਕ ਸਨ।

—੨੯ ਜੂਨ ਮਾਸਟਰ ਨਾਹਰ ਸਿੰਘ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪਰਧਾਨ ਬਣ ਗਿਆ।

—ਅੰਮ੍ਰਿਤਸਰ ਵਿਖੇ ਡੈਂਟਲ ਕਾਲਜ ਬਣਾਇਆ ਗਿਆ।

—੧੫ ਸਤੰਬਰ ਸਰਦਾਰ ਭਾਨ ਸਿੰਘ ਜੀ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਪਰਧਾਨ ਬਣ ਗਏ।

—੫ ਅਕਤੂਬਰ ਸ: ਪ੍ਰੀਤਮ ਸਿੰਘ ਖੁਰੰਜ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪ੍ਰਧਾਨ ਬਣ ਗਿਆ।

—ਸਿੱਖਾਂ ਦੀ ਕਿਰਪਾਨ ਬਾਰੇ ਅਲਾਹਬਾਦ ਹਾਈਕੋਰਟ ਵਲੋਂ ਫ਼ੈਸਲਾ ਕੀਤਾ ਗਿਆ ਕਿ ਕਿਰਪਾਨ ਧਾਰਮਕ ਹੈ, ਇਹ ਤਲਵਾਰ ਨਹੀਂ ਹੈ। ਸੰਵਿਧਾਨ ਦੇ ਅਨੁਛੇਦ ੨੫ ਕਿਰਪਾਨ ਰੱਖਣ ਦਾ ਅਧਿਕਾਰ ਹੈ. ਇਸ ਲਈ ਕੋਈ ਲਸੰਸ ਲੈਣ ਦੀ ਲੋੜ ਨਹੀਂ।

ਨਵੰਬਰ—ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਖੋਲ੍ਹਿਆ ਗਿਆ।

—ਹੈਲੀ ਸਿੰਕੀ ਉਲਿਪਕਸ ਵਿਖੇ ਸ: ਸੋਹਨ ਸਿੰਘ, ਗੁਲਜ਼ਾਰ ਸਿੰਘ ਸੁਰਤ ਸਿੰਘ, ਮਹਿੰਗਾ ਸਿੰਘ ਨੇ ਕੌਮ ਦਾ ਨਾਮ ਉਚਾ ਕੀਤਾ।

—ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਨੀਂਹ ਗੰਗੂ ਨਹਿਰੂ ਨੇ ਰਖੀ।

੨੩ ਜਨਵਰੀ ੧੯੫੩—ਸਿੱਖ ਧਰਮ ਦੇ ਮਹਾਨ ਵਿਦਵਾਨ ਅਕਾਲੀ ਕੌਰ ਸਿੰਘ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੨੧ ਫਰਵਰੀ—ਸਾਰੇ ਭਾਰਤ ਵਿਚ ਗੰਗੂ ਬ੍ਰਾਹਮਣਾਂ ਦੀ ਹਕੂਮਤ ਹੈ, ਇਹ ਪੰਜਾਬ ਅਤੇ ਪੈਪਸੂ ਵਿਚ ਸਿੱਖਾਂ ਦੀ ਹਕੂਮਤ ਬਰਦਾਸ਼ਤ ਨਹੀਂ ਕਰ ਸਕਦੇ ਸੋ ਰਾੜੇਵਾਲਾ ਪੈਪਸ ਹਕਮਤ ਖਤਮ ਕਰਕੇ ਧਕੇ ਨਾਲ ਹੀ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ, ਮਹਾਰਾਜਾ ਯਾਦਵਿੰਦਰਾ ਸਿੰਘ ਨੂੰ ਰਾਜਦੂਤ ਬਣਾ ਕੇ ਇਟਲੀ ਭੇਜ ਦਿਤਾ ਗਿਆ, ਸਿੱਖਾਂ ਵਲੋਂ ਰੋਸ ਮੁਜ਼ਾਹਰੇ ਕਰ ਕੇ ਲੋਕ ਰਾਜ ਦੇ ਪੁਤਲੇ ਸਾੜੇ ਗਏ, ਡਾਕਟਰ ਅੰਬੇਦਕਰ ਨੇ ਸਿਖਾਂ ਦਾ ਸਾਥ ਦੇਂਦੇ ਕਿਹਾ ਕਿ ਅੱਗ ਲਗਾਉ ਅਜਿਹੇ

ਸੰਵਿਧਾਨ ਨੂੰ।

ਮਾਰਚ—ਰੂਸ ਦਾ ਨਾਸਤਕ ਹੰਕਾਰੀ ਪ੍ਰਧਾਨ ਸਟਾਲਿਨ ਦਿਮਾਗੀ ਪਰੇਸ਼ਾਨੀ ਕਾਰਣ ਦੁਖ ਭੋਗ ਕੇ ਮਰ ਗਿਆ, ਹਰ ਗਿਰਜੇ ਵਿਚ ਅਰਦਾਸਾਂ ਕਰਵਾਈਆਂ ਗਈਆਂ।

—ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਵਾਸਤੇ ਜ਼ੋਰ ਲਗਾਇਆ ਗਿਆ।

—ਪੈਪਸੂ ਵਿਚ ਭਾਰੀ ਹੜ੍ਹਾਂ ਕਾਰਣ ਬਰਬਾਦੀ ਹੋਈ ਤਾਂ ਮੇਜਰ ਜਨਰਲ ਗੁਰਬਖਸ਼ ਸਿੰਘ ਅਤੇ ਡੌਜੀ ਸਿੰਘਾਂ ਨੇ ਸਹਾਇਤਾ ਬਚਾਉ ਕਾਰਵਾਈਆਂ ਕੀਤੀਆਂ।

ਅਕਤੂਬਰ—ਆਸਾਮ ਦੇ ਲੋਕਾਂ ਵਲੋਂ ਗੜਬੜ ਹੋਈ ਤਾਂ ਹਵਾਈ ਸੈਨਾ ਦਾ ਸੁਕੈਡਰਨ ਲੀਡਰ ਸ: ਹਰਚਰਨ ਸਿੰਘ ਗਿਲ ਆਪਣਾ ਹਵਾਈ ਜਹਾਜ਼ ਪਹਿਲੀ ਵਾਰ ਡੋਪੋਰਿਜੋ ਵਿਖੇ ਪਹੁੰਚਿਆ ਸੀ, ਉਦੋਂ ਕੋਈ ਹੋਰ ਗੰਗੂ ਬ੍ਰਾਹਮਣ ਕੁਰਬਾਨੀ ਦਾ ਖਤਰਾ ਲੈਣ ਲਈ ਨਹੀਂ ਨਿਕਲਿਆ।

੭ ਅਕਤੂਬਰ—ਜਥੇਦਾਰ ਸੰਪੂਰਨ ਸਿੰਘ ਰਾਮਾ ਪੈਪਸੂ ਰਿਆਸਤੀ ਅਕਾਲੀ ਦਲ ਵਲੋਂ ਪੰਜਾਬੀ ਸੂਬੇ ਦੀ ਮੰਗ ਵਾਸਤੇ ਦਿਲੀ ਵਿਖੇ ਮਰਨ ਵਰਤ ਰੱਖਣ ਤੋਂ ਪਹਿਲਾਂ ਹੀ ਜੇਹਲ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤਾ ਗਿਆ ਤਾਂ ਉਨ੍ਹਾਂ ਨੇ ਜੇਹਲ ਵਿਚ ਹੀ ਆਪਣਾ ਮਰਨ ਵਰਤ ਰੱਖ ਦਿਤਾ ਜ਼ੁਲਮ ਬਰਦਾਸ਼ਤ ਕੀਤੇ।

ਅਕਤੂਬਰ—ਆਂਧਰਾ ਪ੍ਰਦੇਸ਼ ਵਿਚ ਭਾਸ਼ਾ ਦੇ ਆਧਾਰ ਤੇ ਸੂਬਾ ਬਣਾਉਣ ਦੀ ਮੰਗ ਲਈ ਸ੍ਰੀ ਰੋਮੂਲੋ ਮਰਨ ਵਰਤ ਰੱਖ ਕੇ ਮਰ ਗਿਆ ਸੀ।

੧੬-੧੮ ਅਕਤੂਬਰ—੩੭ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਕਾਨਪੁਰ ਹੋਈ।

੩੦ ਅਕਤੂਬਰ—ਸ੍ਰੀ ਹਰਿਮੰਦਰ ਸਾਹਿਬ ਵਿਚ ਸੁੰਦਰ ਨਿਕਾਸ਼ੀ ਦੇ ਕਾਰਜ ਕਰਨ ਵਾਲੇ ਭਾਈ ਗਿਆਨ ਸਿੰਘ ਜੀ ਨਕਾਸ਼ ੩੨ ਸਾਲ ਨਕਾਸ਼ੀ ਦੇ ਕਾਰਜ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਇਨ੍ਹਾਂ ਦੇ ਸਪੁਤਰ ਜੀ. ਐਸ. ਸੋਹਨ. ਸਿੰਘ ਅਤੇ ਭਾਈ ਸਰਦੂਲ ਸਿੰਘ ਨਕਾਸ਼ੀ ਦੀ ਸੇਵਾ ਚਰਨ ਲਗੇ।

੨੨ ਦਸੰਬਰ—**States Re organisation Commission** ਵਿਚ ਕੋਈ ਸਿੱਖ ਮੈਂਬਰ ਨਹੀਂ ਸੀ, ਫਿਰ ਵੀ ਗੰਗੂ ਬ੍ਰਾਹਮਣਾਂ ਵਲੋਂ ਸਰਕਾਰੀ ਸ਼ਹਿ ਨਾਲ ਗੁੰਡਾ ਗਰਦੀ ਕੀਤੀ ਗਈ।

ਦਸੰਬਰ—ਰੰਗੂ ਬ੍ਰਾਹਮਣ ਸਰਕਾਰ ਵਲੋਂ ਗੁਰਦੁਆਰਾ ਐਕਟ ੧੯੨੫ ਵਿਚ ਕੁਝ ਤਰਮੀਮਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਰਜ਼ੀ ਅਤੇ ਪਰਵਾਨਗੀ ਤੋਂ ਬਿਨਾਂ ਧਕੇਸ਼ਾਹੀ ਨਾਲ ਕਰ ਦਿੱਤੀਆਂ ਗਈਆਂ, ਸਿੱ..ਾਂ ਵਲੋਂ ਰੋਸ ਕੀਤਾ ਗਿਆ।

—ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਜੁਡੀਸ਼ੀਅਲ ਕਮਿਸ਼ਨਰ ਦਾ ਦਫਤਰ ਕੋਠੀ ਨੰ: ੩੯੨-ਏ, ਨੇੜੇ ਕਚਹਿਰੀਆਂ ਅੰ੍ਰਿਤਸਰ ਵਿਖੇ ਹੈ।

—੨੭ ਦਸੰਬਰ ਜੰਗੂ ਪੰਡਤ ਆਪਣੇ ਚੋਣ ਪਰਚਾਰ ਲਈ ਗੁਰਦੁਆਰਾ ਸ੍ਰੀ ਫਤਹਗੜ੍ਹ ਸਾਹਿਬ ਗਿਆ ਤਾਂ ਇਸ ਨੇ ਨਾਜਾਇਜ਼ ਵਰਤੋਂ ਕੀਤੀ ਅਤੇ ਧਾਰਮਕ ਕਾਰਜਾਂ ਵਿਚ ਦਖਲ ਦਿੱਤਾ ਸੀ, ਡਾਕਟਰ ਕਾਟਜੂ ਗ੍ਰਹਿ ਮੰਤਰੀ ਸਿੱਖਾਂ ਨੂੰ ਨਫਰਤ ਕਰਦਾ ਸੀ, ਇਨਾਂ ਦੇ ਕੋਝੇ ਵਤੀਰੇ ਤੋਂ ਹੀ ਸ: ਕਪੂਰ ਸਿੰਘ ਜੀ ਆਈ. ਸੀ. ਐਸ. ਨੇ ਸਿੱਖ ਪੰਥ ਨੂੰ ਸੁਚੇਤ ਕੀਤਾ ਸੀ ਕਿ ਕੌਮ ਵਿਚ ਏਕਾ ਹੋਵੇ ਤਾਂ ਹੀ ਕੁਝ ਪ੍ਰਾਪਤੀ ਹੋ ਸਕਦੀ ਹੈ, ਪਰ ਰਾਜ ਅਭਿਮਾਨੀ ਗੁਰਨਾਮ ਸਿੰਘ, ਲਛਮਨ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਜਗਦੇਵ ਸਿੰਘ ਤਲਵੰਡੀ, ਬਲਵੰਤ ਸਿੰਘ ਗਿਆਨ ਸਿੰਘ ਰਾੜੇਵਾਲਾ ਪੰਥ ਨਾਲ ਗ਼ਦਾਰੀ ਕਰਦੇ ਰਹੇ।

੧੩ ਜਨਵਰੀ ੧੯੫੪-ਪ੍ਰਿੰਸੀਪਲ ਸਤਿਬੀਰ ਸਿੰਘ ਜੀ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ।

੧੮ ਜਨਵਰੀ-ਈਸ਼ਰ ਸਿੰਘ ਮਝੈਲ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪ੍ਰਧਾਨ ਬਣ ਗਿਆ।

੭ ਮਾਰਚ-ਪੈਪਸੂ ਵਿਚ ਕਰਨਲ ਰਘਬੀਰ ਸਿੰਘ ਕਾਂਗਰਸ ਮਖ ਮੰਤਰੀ ਬਣ ਗਿਆ ਪਰ ਕਾਂਗਰਸ ਨਾਲ ਗਠਜੋੜ ਕਰਦਾ ਰਿਹਾ।

੧-੯ ਮਈ-ਦੂਜੀਆਂ ਏਸ਼ਿਆਈ ਖੇਡਾਂ ਮਨੀਲਾ (ਫਿਲਪਾਈਨ) ਵਿਖੇ ਹੋਈਆਂ, ਸੈਮਸਨ ਪਰਦੁਮਨ ਸਿੰਘ, ਅਜੀਤ ਸਿੰਘ, ਸਵਰਨ ਸਿੰਘ ਨੇ ਸੋਨੇ ਦੇ ਤਮਗੇ ਪ੍ਰਾਪਤ ਕਰਕੇ ਕੌਮ ਦਾ ਨਾਮ ਉਘਾ ਕੀਤਾ।

—ਸ: ਹਰਿੰਦਰ ਸਿੰਘ ਰੂਪ ੪੭ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

—ਖਾਲਸਾ ਕਾਲਜ ਆਫ਼ ਐਜੂਕੇਸ਼ਨ ਸ਼ੁਰੂ ਹੋਇਆ।

—ਲਾਲਾ ਧਨੀ ਰਾਮ ਚਾਤ੍ਰਿਕ ੮੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੪ ਜੁਲਾਈ-ਬਾਬਾ ਗੁਰਦਿਤ ਸਿੰਘ ਜੀ ਕਾਮਾ ਗਾਟਾ ਮਾਰੂ, ਸਰਹਾਲੀ ੯੬ ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਹਰ ਸਾਲ ਯਾਦ ਮਨਾਈ ਜਾਂਦੀ ਹੈ।

੨੪ ਅਕਤੂਬਰ-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਕਾਇਮ ਕੀਤੀ ਗਈ।

ਅਕਤੂਬਰ-ਸੰਤ ਅਮੀਰ ਸਿੰਘ ਜੀ ਗਲੀ ਸਤੋਵਾਲੀ, ਸੇਵਾ ਅਤੇ ਸਿਮਰਨ ਦੇ ਪ੍ਰਵਾਹ ਚਲਾਉਂਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੩੧ ਨਵੰਬਰ-ਭਾਈ ਹਰਬੰਸ ਲਾਲ ਜ਼ੀ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ।

੨੪-੨੬ ਦਸੰਬਰ-੩੮ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਬੰਬਈ ਹੋਈ।

੭ ਜਨਵਰੀ ੧੯੫੫-ਕਰਨਲ ਰਘਬੀਰ ਸਿੰਘ, ਮੁਖ ਮੰਤਰੀ ਪੈਪਸੂ ਅਕਾਲ ਚਲਾਣਾ ਕਰ ਗਿਆ, ਬਰਿਜ਼ ਭਾਨ ਜੋ ਕਮਿਊਨਿਸਟ ਵਿਚਾਰਾਂ ਵਾਲਾ ਸੀ ਮੁਖ ਮੰਤਰੀ ਬਣ ਕੇ ਸਿਖਾਂ ਉਪਰ ਜ਼ੁਲਮ ਕਰਨ ਲਗਾ।

ਜਨਵਰੀ-ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ।

੭ ਫਰਵਰੀ-ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਬਣ ਗਏ।

—ਗੁਰਮਤਿ ਦੇ ਪ੍ਰਚਾਰ ਵਾਸਤੇ ਜਥੇਦਾਰ ਅਕਾਲ ਤਖਤ ਗਿਆਨੀ ਪ੍ਰਤਾਪ ਸਿੰਘ ਜੀ ਵਲੋਂ ਗਿਆਨ ਅੰਮ੍ਰਿਤ ਮਾਸਿਕ ਸ਼ੁਰੂ ਕੀਤਾ ਗਿਆ।

ਅਪ੍ਰੈਲ-ਗੰਜੂ ਬ੍ਰਾਹਮਣਾਂ ਦੀ ਅਕਲ ਵੇਖੋ ੧੯੪੭ ਤਕ ਵਾਇਦੇ, ਪ੍ਰਣ ਕਰਦੇ ਰਹੇ ਕਿ ਜ਼ਬਾਨ ਦੇ ਆਧਾਰ ਤੇ ਸੂਬੇ ਕਾਇਮ ਕੀਤੇ ਜਾਣਗੇ, ਸੰਵਿਧਾਨ ਅਨੁਸਾਰ ਹਰ ਤਰ੍ਹਾਂ ਦੀ ਆਜ਼ਾਦੀ ਦਿਤੀ ਗਈ ਪਰ ਡੀ. ਸੀ. ਅੰਮ੍ਰਿਤਸਰ ਵਲੋਂ ਦਫ਼ਾ ੧੪੪ ਲਗਾ ਕੇ, ਪੰਜਾਬੀ ਸੂਬੇ ਲਈ ਨਾਹਰਾ ਲਗਾਏ ਜਾਣ ਤੇ ਵੀ ਪਾਬਦੀ ਲਗਾ ਕੇ ਨਿਰਦੋਸ਼ ਸਿਖਾਂ ਦੀਆਂ ਗ੍ਰਿਫਤਾਰੀਆਂ, ਲਾਠੀਆਂ, ਜੇਹਲ੍ਹਾਂ ਵਿਚ ਆਜ਼ਾਦੀ ਦਾ ਆਨੰਦ ਮਾਣਨ ਲਈ ਬਦ ਕਰ ਦਿਤਾ ਗਿਆ।

੧੪ ਅਪ੍ਰੈਲ—ਦੁਸ਼ਟ ਹਾਕਮਾਂ ਦੇ ਜਬਰ ਲਈ ਕੁਰਬਾਨੀਆਂ ਦੇਣ ਦਾ ਇਤਿਹਾਸ ਕੇਵਲ ਸਿਖ ਇਤਿਹਾਸ ਹੀ ਹੈ, ਸਿੱਖਾਂ ਨੇ ਦਫਾ ੧੪੪ ਦੀ ਪ੍ਰਵਾਹ ਨਾ ਕਰਦੇ, ਠਾਠਾਂ ਮਾਰਦਾ ਸੀਸ ਭੇਟ ਜਲੂਸ ਕਢ ਕੇ, ਪੰਜਾਬੀ ਸੂਬਾ ਜ਼ਿੰਦਾਬਾਦ ਦੀਆਂ ਗੂੰਜਾਂ ਪਾ ਦਿਤੀਆਂ, ਭੀਮ ਸੈਨ ਖਚਰ ਮੁਖ ਮੰਤਰੀ ਸੀ ਪਰ ਪ੍ਰਤਾਪ ਸਿੰਘ ਕੈਰੋਂ ਮੰਤਰੀ ਸੀ ਅਤੇ ਸਿਖ ਜਜ਼ਬਾਤ ਭੜਕਵਾ ਕੇ, ਭੀਮ ਸੈਨ ਖਚਰ ਨੂੰ ਬਦਨਾਮ ਕਰਵਾਉਣਾ ਚਾਹੁੰਦਾ ਸੀ।

੨੪ ਅਪ੍ਰੈਪੰਲ–ਜਾਬੀ ਸੂਬਾ ਮੋਰਚਾ ਸ਼ੁਰੂ ਕੀਤਾ ।ਗਿਆ।

੫ ਮਈ–ਸ੍ਰੀ ਅੰਮ੍ਰਿਤਸਰ ਵਿਖੇ ਭਾਰਤ ਅਤੇ ਪਾਕ੍ਰਿਸਤਾਨ ਦੀਆਂ ਟੀਮਾਂ ਦੇ ਮੈਚ ਹੋਏ, ਪਾਕਿਸਤਾਨ ਤੋਂ ਹਜ਼ਾਰਾਂ ਮੁਸਲਮਾਨ ਇਹ ਮੈਚ ਵੇਖਣ ਵਾਸਤੇ ਅੰਮ੍ਰਿਤਸਰ ਆਏ, ਸਾਰੇ ਲੋਕ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾਂ ਵਾਸਤੇ ਆਏ।

੧੦ ਮਈ—ਪੰਜਾਬੀ ਸੂਬਾ ਮੋਰਚਾ ਬਹੁਤ ਤੇਜ਼ ਹੋ ਗਿਆ।

੨੧ ਮਈ —ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਵਾ ਹਰਿ ਕਿਸ਼ਨ ਸਿੰਘ ਬਣ ਗਏ।

੪ ਜੁਲਾਈ—ਪੰਜਾਬੀ ਸੂਬਾ ਮੋਰਚਾ ਡਿਕਟੇਟਰ ਪ੍ਰਿੰਸੀਪਲ ਇਕਬਾਲ ਸਿੰਘ ਸਨ, ਪੁਲਸ ਦਾ ਦੁਸ਼ਟ ਕਪਤਾਨ ਅਸ਼ਵਨੀ ਕੁਮਾਰ ਨੇ ਸ਼੍ਰੋਮਣੀ ਗੁ: ਕਮੇਟੀ ਦਫਤਰ ਸਰਾਏ ਮੰਜੀ ਸਾਹਿਬ. ਲੰਗਰ ਤੇ ਕਬਜ਼ਾ ਕਰ ਲਿਆ, ਸ੍ਰੀ ਅਕਾਲ ਤਖਤ ਵਿਖੇ ਅਥਰੂ ਗੈਸ ਪਰਕਰਮਾ ਵਿਚ ਸੁਟੀ।

ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਵਾ ਹਰਿਕਿਸ਼ਨ ਸਿੰਘ, ਸ: ਹੁਕਮ ਸਿੰਘ ਐਮ. ਪੀ. ਮਾਸਟਰ ਤਾਰਾ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਪ੍ਰਿੰਸੀਪਲ ਸਤਿਬੀਰ ਸਿੰਘ, ਗਿਆਨੀ ਚੇਤ ਸਿੰਘ ਜੀ ਹੈਡ ਗ੍ਰੰਥੀ ਗ੍ਰਿਫਤਾਰ ਹੋਏ ਸਨ, ਸਿੱਖਾਂ ਨੂੰ ਲਾਠੀ-ਚਾਰਜ ਕਰ ਕੇ ਅਤੇ ਜੇਹਲਾਂ ਵਿਚ ਭੇਜ ਕੇ ਆਜ਼ਾਦੀ ਦਾ ਆਨੰਦ ਮਾਨਣ ਲਈ ਕਿਹਾ ਗਿਆ।

੭ ਜੁਲਾਈ—ਸ਼੍ਰੋਮਣੀ ਗੁ: ਪ੍: ਕਮੇਟੀ ਦ ਪ੍ਰਧਾਨ ਗਿਆਨ ਸਿੰਘ ਰਾੜੇਵਾਲਾ ਬਣ ਗਿਆ ਜੋ ਕਾਂਗਰਸ ਨਾਲ ਗਠਜੋੜ ਕਰਦਾ ਰਿਹਾ।

੧੨ ਜੁਲਾਈ—ਪੰਜਾਬੀ ਸੂਬਾ ਜ਼ਿੰਦਾਬਾਦ ਕਹਿਣ ਦੇ ਨਾਹਰੇ ਤੋਂ ਪਾਬੰਦੀ ਖ਼ਤਮ ਹੋਈ। ਮੂਰਖ ਮੰਤਰੀ ਭੀਮ ਸੈਨ ਖਚਰ ਨੇ ਆਪਣੀ ਮੂਰਖਤਾ ਲਈ ਮਾਫੀ ਸ੍ਰੀ ਹਚਿਮੰਦਰ ਸਾਹਿਬ ਮਥਾ ਟੇਕ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭਰੀ ਸੰਗਤ ਤੋਂ ਮੰਗੀ ਸੀ।

੧੫ ਸਤੰਬਰ–ਪੰਜਾਬੀ ਸੂਬਾ ਮੋਰਚਾ ਦੌਰਾਨ ਗਿਰਫਤਾਰ ਹੋਏ ਸਾਰੇ ਸਿੰਘ ਸਿੰਘਣੀਆਂ ਨੂੰ ਰਿਹਾ ਕਰ ਦਿਤਾ ਗਿਆ।

੧੬ ਅਕਤੂਬਰ-ਅੰਮ੍ਰਿਤਸਰ ਵਿਖੇ ਬਹੁਤ ਵਡੀ ਅਕਾਲੀ ਕਾਨਫਰੰਸ ਹੋਈ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁ: ਪ੍: ਕਮੇਟੀ ਦੇ ਪ੍ਰਧਾਨ ਬਣ ਗਏ। ਸਿੱਖਾਂ ਦਾ ੧੦ ਲਖ ਦਾ ਭਾਰੀ ਇਕੱਠ ਅਤੇ ਜਲੂਸ ਸੀ। ਇਸ ਦੇ

ਮੁਕਾਬਲੇ ਕਾਂਗਰਸ ਦੇ ਪੰਡਾਲ ਵਿਚ ਗੰਗੂ ਪੰਡਤ ਨਹਿਰੂ ਦੇ ਮੂੰਹ ਤੇ ਉਦਾਸੀ, ਮਾਯੂਸੀ ਸੀ।

੧੧ ਨਵੰਬਰ–ਗੰਗੂ ਪੰਡਤ ਨਹਿਰੂ ਅਤੇ ਇੰਦਰਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ, ਸ੍ਰੀ ਅਕਾਲ ਤਖਤ ਦੇ ਪੰਡਾਲ ਵਿਚ ਸੰਗਤਾਂ ਨੂੰ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਜੋ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

੨੬ ਨਵੰਬਰ–ਸ: ਭਰਪੂਰ ਸਿੰਘ ਜੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ।

ਦਸੰਬਰ–ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਦੀ ਪ੍ਰਬੰਧਕ ਕਮੇਟੀ ਬਣ ਗਈ।

੧੪ ਜਨਵਰੀ ੧੯੫੬–ਪ੍ਰਤਾਪ ਸਿੰਘ ਕੈਰੋਂ ਨੇ ਭੀਮ ਸੈਨ ਸੱਚਰ ਨੂੰ ਜ਼ਲੀਲ ਕਰਵਾ ਕੇ,ਅਸਤੀਫਾ ਦਿਵਾ ਦਿਤਾ ਕਿਸੇ ਪੰਥਕ ਲੀਡਰ ਨੇ ਪੂਰਨ ਸਿਖੀ ਰਹਿਤ ਵਿਚ ਗੁਰਮਤਿ ਪ੍ਰਚਾਰ ਦੇ ਕਾਰਜ ਨਹੀਂ ਕੀਤੇ, ਕਿਸੇ ਲੀਡਰ ਦਾ ਕੋਈ ਪੁੱਤਰ ਸ਼ਹੀਦ ਨਹੀਂ ਹੋਇਆ ਨਾ ਹੀ ਕੋਈ ਗੁਰਮਤਿ ਮਿਸ਼ਨਰੀ ਹੀ ਹੈ।

—੨੩ ਜਨਵਰੀ ਪਰਤਾਪ ਸਿੰਘ ਕੈਰੋਂ ਮੁਖ ਮੰਤਰੀ ਬਣ ਗਿਆ, ਪਰ ਇਹ ਜੱਟ ੧੯੩੪ ਤੋਂ ਹੀ ਮਾਸਟਰ ਤਾਰਾ ਸਿੰਘ ਦਾ ਵਿਰੋਧੀ ਸੀ ਕਿ ਮਾਸਟਰ ਤਾਰਾ ਸਿੰਘ ਵਲੋਂ' ਮੰਗ ਕੀਤੇ 'ਪੰਜਾਬੀ ਸੂਬੇ' ਦਾ ਡਟ ਕੇ ਵਿਰੋਧ ਕਰਨ ਲੱਗਾ। ਉਧਮ ਸਿੰਘ ਨਾਗੋਕੇ, ਦਰਬਾਰਾ ਸਿੰਘ ਜੱਟ ਮਾਸਟਰ ਤਾਰਾ ਸਿੰਘ ਦਾ ਵਿਰੋਧ ਕਰਦੇ ਰਹੇ, ਪੰਜਾਬੀ ਸੂਬੇ ਦਾ ਮਾਮਲਾ ਲਟਕਦਾ ਰਿਹਾ ਗੈਰ-ਜੱਟਾਂ ਉਪਰ ਜ਼ੁਲਮ ਹੁੰਦੇ ਰਹੇ।

—੭ ਫਰਵਰੀ ਕਾਂਗਰਸ ਦੇ ਗੰਗੂ ਬ੍ਰਾਹਮਣਾਂ ਦਾ ੬੭ਵਾਂ ਸਾਲਾਨਾ ਇਜਲਾਸ ਅੰਮ੍ਰਿਤਸਰ ਹੋਇਆ।

—੧੧ ਫਰਵਰੀ ਕਾਂਗਰਸ ਦੇ ਇਜਲਾਸ ਦੇ ਮੁਕਾਬਲੇ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਦੀਆਂ ਗੂੰਜਾਂ ਪਾਉਣ ਵਾਲਾ ਭਾਰੀ ਪੰਥਕ ਇਕੱਠ ਹੋਇਆ, ੫੦ ਲੱਖ ਸਿੰਘ ਇਕੱਠੇ ਹੋਏ, ਗੰਗੂ ਪੰਡਤ ਨਹਿਰੂ ਨੂੰ ਪਿਸੂ ਪੈ ਗਏ, ਮਾਸਟਰ ਤਾਰਾ ਸਿੰਘ ਜੀ ਨੂੰ ਦਿੱਲੀ ਬੁਲਾ ਕੇ ਨਹਿਰੂ–ਮਾਸਟਰ ਪੈਕਟ ਹੋਇਆ, ਅਤੇ ਰਿਜਨਲ ਫਾਰਮੂਲਾ ਬਣਾਇਆ ਗਿਆ, ਪਰ ਗਿਆਨ ਸਿੰਘ ਰਾੜੇਵਾਲਾ ਅਤੇ ਗਿਆਨੀ ਕਰਤਾਰ ਸਿੰਘ ਵਜ਼ੀਰ ਬਣਨ ਲਈ ਸੌਦੇਬਾਜੀ ਅਤੇ ਪੰਥ ਨਾਲ ਗਦਾਰੀ ਕਰਦੇ ਰਹੇ।

—ਅਪਰੈਲ, ਨਾਗਾਲੈਂਡ, ਕੋਹੀਮਾਂ, ਜੁਲਹਾਮੀ ਵਿਖੇ ਜਪੂ-ਫਿਜੂ ਦੇ ਗੁੰਡਾ ਅਨਸਰ ਵਲੋਂ ਬਰਬਾਦੀ ਕੀਤੀ ਗਈ ਤਾਂ ਸਿੱਖ ਰੈਜਮੈਂਟ ਦੇ ਸੂਬੇਦਾਰ ਮੋਹਰ ਸਿੰਘ, ਨਾਜਰ ਸਿੰਘ, ਕੁਲਵੰਤ ਸਿੰਘ, ਜਸ਼ਕਤ ਸਿੰਘ ਨੇ ਦੁਸ਼ਟ ਨਾਗਿਆਂ ਦੇ ਦੰਦ ਖੱਟੇ ਕੀਤੇ। ਇਸੇ ਸਰਕਾਰ ਵਲੋਂ ਸੂਰਬੀਰ ਸਿੰਘਾਂ ਨੂੰ ਅਸ਼ੋਕ ਚੱਕਰ, ਮੈਡਲ ਸਨਮਾਨ ਦਿਤੇ ਗਏ।

—੧੧ ਅਪਰੈਲ ਰਿਜਨਲ ਫਾਰਮੂਲਾ ਅਨੁਸਾਰ ਗੰਗੂ ਸਰਕਾਰ, ਸਿੱਖ ਧਰਮ ਦੇ ਗੁਰਦੁਆਰਿਆਂ ਵਿਚ ਦਖਲ ਨਹੀਂ ਦੇਵੇਗੀ, ਪਰ ਇਹ ਧੋਖੇਬਾਜ ਸਿੱਖਾਂ ਨੂੰ ਘਟ-ਗਿਣਤੀ ਸਮਝ ਕੇ ਹਰ ਮਾਮਲੇ ਵਿਚ ਜ਼ਲੀਲ ਕਰਦੇ ਰਹੇ।

—ਗਿਆਨੀ ਹੀਰਾ ਸਿੰਘ ਜੀ 'ਦਰਦ' ਵਲੋਂ ਪੰਜਾਬੀ ਲੇਖਕ ਸਭਾ ਕ ਕੀਤੀ ਗਈ।

—ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੱਖਣ ਦੇ ਇਲਾਕੇ ਦੇ ਗੁਰਦੁਆਰਿਆਂ ਦੇ ਪਰਬੰਧ ਵਾਸਤੇ ਐਕਟ **The Nanded Sikh Gurdwara Sach khand Sri Hazur Abchal Nagar Sahib Act 1956** ਬਣਾਇਆ ਗਿਆ।

੧ ਮਈ—ਤਖਤ ਸੱਚ ਖੰਡ ਨਾਦੇੜ ਵਿਖੇ ਭਾਈ ਜੋਗਿੰਦਰ ਸਿੰਘ ਮੋਨੀ ਹੈਡ ਗ੍ਰੰਥੀ ਬਣ ਗਏ ਅਤੇ ੧੯੮੧ ਤਕ ੨੫ ਸਾਲ ਰਹੇ।

੧੬ ਜੂਨ—ਸ: ਜੋਗਿੰਦਰ ਸਿੰਘ ਰੇਖੀ ਐਡਵੋਕੇਟ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ, ਵਲੋਂ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ ਬਣਾਉਣਾ ਸ਼ੁਰੂ ਕੀਤਾ ਗਿਆ।

—ਗੁਰਮਤਿ ਪ੍ਰਕਾਸ਼ ਮਾਸਕ ਮੈਗਜ਼ੀਨ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸ਼ੁਰੂ ਕੀਤਾ ਗਿਆ।

—ਸੰਸਾਰ ਦੇ ਸਾਰੇ ਧਰਮਾਂ ਸਬੰਧੀ ੧੮ਵੀਂ ਕਾਨਫਰੰਸ ਅਮਨ ਸ਼ਾਂਤੀ ਕਾਇਮ ਰਖੇ ਜਾਣ ਲਈ ਜਾਪਾਨ ਵਿਖੇ ਹੋਈ, ਸਿਖ ਧਰਮ ਵਲੋਂ ਸੰਤ ਤੇਜਾ ਸਿੰਘ ਨੇ ਗੁਰਬਾਣੀ ਦੀ ਮਹਾਨਤਾ ਦਰਸਾਈ।

ਅਗਸਤ—ਨਾਗਾਲੈਂਡ ਵਿਚ ਲੈਫਟੀਨੈਂਟ ਕਰਨਲ ਗੁਰਬਖਸ਼ ਸਿੰਘ ਜੀ ਨੇ ਫਤਹਿ ਪ੍ਰਾਪਤ ਕਰਕੇ ਅਮਨ ਸ਼ਾਂਤੀ ਕਾਇਮ ਕੀਤੀ।

੨੦ ਸਤੰਬਰ—ਗੁਰਦੁਆਰਾ ਨਾਂਦੇੜ ਐਕਟ ਬਣ ਜਾਣ ਨਾਲ ੧੭ ਮੈਂਬਰੀ ਬੋਰਡ ਬਣ ਗਿਆ ਸ: ਜਮੀਅਤ ਸਿੰਘ ਸੋਹੀ ਨੇ ਕਿਹਾ ਕਿ ਕੋਈ

ਗ਼ੈਰ-ਸਿੱਖ ਪ੍ਰਧਾਨ ਨਹੀਂ ਹੋ ਸਕਦਾ।

—੧੨—੧੪ ਅਕਤੂਬਰ, ੩੯ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਲੁਧਿਆਣਾ ਹੋਈ।

—੧੪ ਅਕਤੂਬਰ, ਡਾ: ਬੀ. ਆਰ. ਅੰਬੇਦਕਰ ਨੂੰ ਨਾਗਪੁਰ ਵਿਖੇ ਇਕ ਭਾਰੀ ਸਮਾਗਮ ਵਿਚ ਜਾਤ-ਅਭਿਮਾਨੀਆਂ ਦੇ ਗ਼ੈਰ-ਮਨੁੱਖੀ ਵਤੀਰੇ ਕਾਰਨ ਬੁਧ ਧਰਮ ਅਪਨਾਉਣਾ ਪਿਆ।

—ਮੈਲਬੋਰਨ ਓਲੰਪਕਸ ਵਿਖੇ ਸ: ਮਿਲਖਾ ਸਿੰਘ, ਸੋਹਨ ਸਿੰਘ, ਜਗਦੇਵ ਸਿੰਘ, ਅਜੀਤ ਸਿੰਘ, ਮਹਿੰਦਰ ਸਿੰਘ ਨੇ ਕੌਮ ਦਾ ਨਾਮ ਉੱਚਾ ਕੀਤਾ।

—੧ ਨਵੰਬਰ, ਪੰਜਾਬ ਦਾ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸੀ। ਪੈਪਸੂ ਖਤਮ ਕਰਕੇ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ। ਪੈਪਸੂ ਦਾ ਮੁਖ ਮੰਤਰੀ ਬਰਿਸ਼ ਭਾਨ ਕੈਰੋਂ ਦਾ ਵਿਰੋਧੀ ਸੀ।

—੧੭ ਨਵੰਬਰ, ਕਸ਼ਮੀਰ ਦਾ ਸੰਵਿਧਾਨ ਵੱਖਰਾ ਤਿਆਰ ਕੀਤਾ ਗਿਆ ਅਤੇ ਵਿਸ਼ੇਸ਼ ਅਧਿਕਾਰ ਦਿਤੇ ਗਏ।

—ਕਾਂਗਰਸ ਦਾ ਸਾਲਾਨਾ ੨੧ਵਾ ਸਮਾਗਮ ਅੰਮ੍ਰਿਤਸਰ ਹੋਇਆ, ਪ੍ਰਧਾਨ ਧੇਬਰ ਸੀ। ਪਸਤਕ 'ਭਾਰਤੀ ਕਾਂਗਰਸ' ਵੰਡੀ ਗਈ। ਇਸ ਵਿਚ ਕਿਸੇ ਸਿੱਖ ਲਹਿਰ, ਕੁਰਬਾਨੀ ਦਾ ਜ਼ਿਕਰ ਨਹੀਂ ਕੀਤਾ ਗਿਆ।

—ਭਾਰਤੀ ਹਵਾਈ ਸੈਨਾ ਵਾਸਤੇ ਨੈਟ ਇੰਡੀਅਨ ਫਾਈਟਰ ਬਣਾਉਣੇ ਸ਼ੁਰੂ ਹੋਏ। ਇਹ ਪਾਕਿਸਤਾਨ ਦੇ ਸੈਬਰ ਜਹਾਜ਼ਾਂ ਨੂੰ ਤਬਾਹ ਕਰਦੇ ਰਹੇ।

—ਚੀਫ਼ ਖਾਲਸਾ ਦੀਵਾਨ ਵਲੋਂ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਲੁਧਿਆਣਾ ਵਿਖੇ ਮਨਾਈ ਗਈ।

—ਸ: ਸਰਮੁਖ ਸਿੰਘ ਝਬਾਲ ੬੩ ਸਾਲ ਦੀ ਉਮਰ ਵਿਚ ਗੁਰੂ ਪੰਥ ਦੀ ਸੇਵਾ ਕਰਦੇ ਅਕਾਲ ਚਲਾਣਾ ਕਰ ਗਏ।

—ਸੰਤ ਤੇਜਾ ਸਿੰਘ ਵਲੋਂ ਗੁਰਦੁਆਰਾ ਬੜੂ ਸਾਹਿਬ ਰਾਜ ਗੜ੍ਹ (ਸਿਰਮੌਰ) ਅਕਾਲ ਅਕੈਡਮੀ ਬਿਰਧ ਘਰ, ਯਤੀਮਖਾਨਾ, ਵਿਧਵਾ ਘਰ, ਹਸਪਤਾਲ, ਲਾਇਬਰੇਰੀ ਬਣਾਈ। ਸੰਤ ਇਕਬਾਲ ਸਿੰਘ ਪਰਵਾਹ ਚਲਾ ਰਹੇ ਹਨ।

—੧੯੫੭, ਭਾਰਤ ਸਾਧੂ ਸਮਾਜ ਕਾਇਮ ਹੋਇਆ।

—ਮਾਰਚ ਵਿਚ ਆਮ ਚੋਣਾਂ ਹੋਈਆਂ, ਸ: ਪ੍ਰਕਾਸ਼ ਸਿੰਘ ਬਾਦਲ ਕਾਂਗਰਸੀ ਲੀਡਰ ਐਮ. ਐਲ. ਏ. ਪੰਥ ਵਿਰੋਧੀ ਸੀ।

—ਅਪਰੈਲ 'ਚ ਫ਼ੌਜੀ ਸਿੰਘਾਂ ਦੀਆਂ ਨਾਗਾ ਹਿੱਲ ਵਿਖੇ ਸ਼ਹੀਦੀਆਂ ਹੋਈਆਂ।

—੨ ਅਪਰੈਲ, ਸਰਦਾਰ ਪਰਤਾਪ ਸਿੰਘ ਕੈਰੋਂ ਮੁਖ ਮੰਤਰੀ ਬਣ ਗਿਆ।

—੧੩ ਅਪਰੈਲ, ਜਲ੍ਹਿਆਂ ਵਾਲਾ ਬਾਗ ਯਾਦਗਾਰੀ ਮੈਮੋਰੀਅਲ ਦੀ ਨੀਂਹ ਰੱਖੀ ਗਈ ਅਤੇ ੧੯੬੦ ਵਿਚ ਮੁਕੰਮਲ ਹੋ ਗਿਆ।

—੧੨ ਮਈ, ਕੈਪਟਨ ਬੱਗਾ ਸਿੰਘ ਜੀ ਆਈ. ਐਨ. ਏ. ਅਕਾਲ ਚਲਾਣਾ ਕਰ ਗਏ।

—੧੩ ਮਈ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਭਾਰੀ ਸਮਾਗਮ ਗੁਰੂ ਸਰ ਸੁਧਾਰ ਵਿਖੇ ਹੋਇਆ।

—੧੦ ਜਨ, ਡਾ: ਭਾਈ ਵੀਰ ਸਿੰਘ ਜੀ ਸੇਵਾ ਅਤੇ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਹਰ ਸਾਲ ਇਨ੍ਹਾਂ ਦੀ ਯਾਦ ਇਨ੍ਹਾਂ ਦੀ ਕੋਠੀ ਲਾਰੰਸ ਰੋਡ ਮੈਮੋਰੀਅਲ ਹਾਲ ਗੁਰਦੁਆਰਾ ਸਾਹਿਬ ਵਿਚ ਭਾਰੀ ਗੁਰਮਤਿ ਸਮਾਗਮ ਕਰਕੇ ਮਨਾਈ ਜਾਂਦੀ ਹੈ।

—੪ ਜੁਲਾਈ, ਜ਼ਾਤ-ਅਭਿਮਾਨੀ ਗੁੰਡਾ ਅਨਸਰ ਵਲੋਂ ਸਿਗਰਟਾਂ ਦੀਆਂ ਡੱਬੀਆਂ ਸ੍ਰੀ ਹਰਿਮੰਦਰ ਦੀ ਪਰਕਰਮਾ ਅਤੇ ਪਵਿੱਤਰ ਸਰੋਵਰ ਵਿਚ ਸੁਟ ਕੇ ਬੇ-ਅਦਬੀ ਕਰਕੇ ਮਾਹੌਲ ਖਰਾਬ ਕੀਤਾ ਗਿਆ।

੧ ਅਗਸਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਪੰਨੇ ਫਾੜ ਕੇ ਬੇ· ਦਬੀ ਕੀਤੀ ਗਈ।

—੧੬ ਅਗਸਤ, ਗੁਰਦੁਆਰਾ ਪਟਿਆਲਾ ਵਿਖੇ ਸਿਰਗਟਾਂ ਸੁਟ ਕੇ ਮਾਹੌਲ ਭੜਕਾਇਆ ਗਿਆ।

—੧੩ ਸਤੰਬਰ, ਗੁਰਦੁਆਰਾ ਸਿੰਘ ਸਭਾ ਹਿਸਾਰ ਵਿਖੇ ਜਾਤ-ਅਭਿਮਾਨੀ ਗੁੰਡਾ ਅਨਸਰ ਵਲੋਂ ਸਿਗਰਟਾਂ ਸੁਟ ਕੇ ਮਾਹੌਲ ਭੜਕਾਇਆ ਗਿਆ।

—ਸ੍ਰੀ ਹਰਿਮੰਦਰ ਸਾਹਿਬ ਸਰੋਵਰ ਵਿਚ ਸਿਗਰਟਾਂ ਸੁਟ ਕੇ ਮਾਹੌਲ ਭੜਕਾਇਆ ਗਿਆ। ਸਿੱਖ ਨੌਜਵਾਨਾਂ ਦੇ ਕੇਸ ਕਤਲ ਕਰਕੇ ਜਲੂਸ ਕੱਢ ਕੇ ਨਾਹਰੇ ਲਗਾਏ ਗਏ—

ਹਿੰਦੂ, ਹਿੰਦੀ, ਹਿੰਦੁਸਤਾਨ,
ਨਾ ਰਹੇ ਸਿੱਖ, ਨਾ ਰਹੇ ਮਸਲਮਾਨ।

—੨੪ ਸਤੰਬਰ, ਪੰਥ ਵਲੋਂ ਧਰਮ-ਯੁਧ ਮੋਰਚਾ ਲਗਾਇਆ ਗਿਆ। ਆਜ਼ਾਦੀ ਦਾ ਅਨੰਦ ਮਾਣਨ ਲਈ ਜੇਲ੍ਹਾਂ ਵਿਚ ਜ਼ੁਲਮ ਬਰਦਾਸ਼ਤ ਕੀਤੇ—'ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।'

—੨੫-੨੭ ਅਕਤੂਬਰ, ੪੦ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਜਲੰਧਰ ਹੋਈ।

—੧੩ ਨਵੰਬਰ ਸੰਤ ਜਵਾਲਾ ਸਿੰਘ ਜੀ ਹਰਖੋਵਾਲ ੬੮ ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

—੨੪ ਦਸੰਬਰ, ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਸਿਗਰਟਾਂ ਦੀਆਂ ਡੱਬੀਆਂ ਸੁਟ ਕੇ ਮਾਹੌਲ ਖਰਾਬ ਕੀਤਾ ਗਿਆ।

ਪੰਜਾਬ ਦੇ ਹਰ ਵਡੇ ਸ਼ਹਿਰ ਵਿਚ ਅਜੇਹੀਆਂ ਘਟਨਾਵਾਂ ਹੋਈਆਂ। ਪਟਿਆਲਾ ਵਿਚ ਸਵਾਮੀ ਰਾਮੇਸ਼ਰਾ ਨੰਦ ਨੇ ਗੁੰਡਾ ਅਨਸਰ ਦੇ ਜਲੂਸ ਵਿਚ ਨਾਹਰੇ ਲਗਾਏ ਕਿ—

"ਕੈਂਚੀ ਉਸਤਰਾ ਕਰੋ ਤਿਆਰ"

—ਗੰਗੂ ਪੰਡਤ ਨਹਿਰੂ ਨੇ ਚੀਨ ਦੇ ਚੂ-ਇਨ-ਲਾਈ ਨਾਲ ਦੋਸਤੀ ਪੰਚ-ਸ਼ੀਲ ਸਮਝੌਤਾ ਕਰਕੇ ਹਿੰਦੀ-ਚੀਨੀ ਭਾਈ ਭਾਈ ਦੇ ਗੀਤ ਅਲਾਪੇ ਪਰ ਮਕਾਰ ਚੂ-ਇਨ-ਲਾਈ ਨੇ ਭਾਰਤ ਦੇ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ।

ਗੰਗੂ ਨਹਿਰੂ ਦੀ ਅਕਲ ਵੇਖੋ ਕਿ ਪੰਜਾਬ ਦੇ ਸੂਰਬੀਰ ਸਿੰਘ ਜੋ ਭਾਰਤ ਦੀ ਰਖਿਆ ਵਾਸਤੇ ਕੁਰਬਾਨੀਆਂ ਦੇ ਬੱਕਰੇ ਬਣਦੇ ਰਹੇ ਇਨ੍ਹਾਂ ਨੂੰ ਨਫਰਤ ਕਰਦਾ ਰਿਹਾ, ਕਦੇ ਹਿੰਦੂ-ਸਿੱਖ ਭਾਈ-ਭਾਈ ਦਾ ਨਾਹਰਾ ਮਾਹੌਲ ਨਹੀਂ ਬਣਾਇਆ ਗਿਆ।

—ਦਲਾਈ ਲਾਮਾ ਤਿੱਬਤ, ਲੁਹਾਸਾ ਤੋਂ ਦੁਖੀ ਹੋ ਕੇ ਪੋਟਾਲਾ ਅਤੇ ਉਥੋਂ ਭਾਰਤ, ਧਰਮਸਾਲਾ ਵਿਖੇ ਸਵਰਗ ਆਸ਼ਰਮ ਵਿਖੇ ਰਹਿਣ ਲੱਗੇ।

੧੮ ਜਨਵਰੀ ੫੮-ਆਲ ਇੰਡੀਆ ਸਿੱਖ ਸਟੂਡੈਂਟ ਦਾ ਭਾਰੀ ਸਮਾਗਮ ਜਲੰਧਰ ਵਿਖੇ ਹੋਇਆ। ਮਲਕ ਹਰਦਿੱਤ ਸਿੰਘ ਜੀ ਨੇ ਉਦਘਾਟਨ ਕੀਤਾ। ਸ: ਜਸਵੰਤ ਸਿੰਘ ਫੁੱਲ ਪਰਧਾਨ ਬਣਾਏ ਗਏ। ਸ: ਸੁਰਜੀਤ ਸਿੰਘ ਮਿਨਹਾਸ ਵਰਕਰ ਰਹੇ।

—ਦੁਸ਼ਟ ਗੰਗੂ ਸਰਕਾਰ ਨੇ ਸਿੱਖਾਂ ਦੇ ਵਿਦਵਾਨ ਸ: ਕਪੂਰ ਸਿੰਘ ਜੀ ਆਈ. ਸੀ. ਐਸ. ਨੂੰ ਡਿਸਮਿਸ ਕਰ ਦਿੱਤਾ ਗਿਆ। ਇਨ੍ਹਾਂ ਵਲੋਂ

ਪੁਸਤਕ 'ਸੱਚੀ ਸਾਖੀ' ਲਿਖੀ ਗਈ ਹੈ।

—ਪੰਜਾਬ ਦ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਆਪਣੀ ਹਕੂਮਤ ਕਾਇਮ ਰੱਖਣ ਲਈ ਆਰੀਆ ਸਮਾਜੀਆਂ ਨੂੰ ਮਾਸਟਰ ਤਾਰਾ ਸਿੰਘ ਦੇ ਪੰਜਾਬੀ ਸੂਬੇ ਦੀ ਮੰਗ ਦੇ ਉਲਟ ਭੜਕਾ ਕੇ ਹੱਲਾ-ਸ਼ੇਰੀ ਦੇਂਦਾ ਰਿਹਾ। ਗਿਆਨੀ ਕਰਤਾਰ ਸਿੰਘ ਮੰਤਰੀ ਬਣੇ ਰਹਿਣ ਦੇ ਲਾਲਚ ਵਿਚ ਕੈਰੋਂ ਦਾ ਸਾਥ ਦੇਂਦਾ ਰਿਹਾ। ਇਨ੍ਹਾਂ ਨੇ ਆਪਣਾ ਵੱਖਰਾ ਸਾਧ-ਸੰਗਤ ਬੋਰਡ, ਸਤਰਾਨੀ ਮਾਲਵਾ ਅਕਾਲੀ ਦਲ ਕਾਇਮ ਕਰ ਲਿਆ, ਕੇਵਲ ਹਕੂਮਤਾਂ ਦੀ ਖਾਤਰ ਪੰਥ ਦੀ ਹਰ ਜਾਇਜ਼ ਮੰਗ ਦਾ ਵਿਰੋਧ ਕਰਕੇ ਸਿੱਖਾਂ ਉਪਰ ਜ਼ੁਲਮ ਕਰਦੇ ਰਹੇ, ਧਾਰਮਿਕ ਮਾਮਲਿਆਂ ਵਿਚ ਨਾਜਾਇਜ਼ ਦਖਲ ਦੇਂਦੇ ਰਹੇ॥

੨ ਫਰਵਰੀ—ਪੰਥ ਵਲੋਂ ਦਿੱਲੀ ਵਿਖੇ ਸਰਕਾਰ ਦੇ ਵਿਰੋਧੀ ਵਤੀਰੇ ਵਿਰੁਧ ਰੋਸ-ਜਲੂਸ ਕਢਿਆ ਗਿਆ।

੨੭ ਫਰਵਰੀ—ਸ: ਜੋਗਿੰਦਰ ਸਿੰਘ ਰੇਖੀ ਐਡਵੋਕੇਟ ਵਲੋਂ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ ਮੁਕੰਮਲ ਕਰ ਲਿਆ ਗਿਆ।

—ਪ੍ਰਿੰਸੀਪਲ ਸੰਤ ਤੇਜਾ ਸਿੰਘ ਜੀ ੬੪ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੪ ਮਈ—੭ ਜੂਨ ਨੂੰ ਤੀਜੀਆਂ ਏਸ਼ਿਆਈ ਖੇਡਾਂ ਟੋਕਿਉ ਜਾਪਾਨ ਸ: ਮਿਲਖਾ ਸਿੰਘ ਉਡਣਾ ਸਿੱਖ ਆਦਿ ਨੇ ਸੋਨੇ ਦੇ ਤਮਗੇ ਲੈ ਕੇ ਕੌਮ ਦਾ ਨਾਮ ਉੱਚਾ ਕੀਤਾ।

੪ ਜੁਲਾਈ—ਸ: ਕਿਰਪਾਲ ਸਿੰਘ ਚੱਕ ਸ਼ੇਰਾ ਪਰਧਾਨ, ਸ: ਭਾਨ ਸਿੰਘ ਕਿਉਰੇਟਰ ਸ: ਅਵਤਾਰ ਸਿੰਘ ਸੁਪਰਵਾਈਜ਼ਰ ਵਲੋਂ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਡਿਉਢੀ ਦੇ ਉਪਰ ਸਿੱਖ ਇਤਿਹਾਸ ਸਬੰਧੀ ਕੇਂਦਰੀ ਸਿੱਖ ਅਜਾਇਬ ਘਰ ਬਣਾਇਆ ਗਿਆ, ਹਰ ਇਤਿਹਾਸਕ ਘਟਨਾ, ਸਾਕੇ, ਦੁਖਾਂਤ ਅਤੇ ਮਹਾਂਪੁਰਸ਼ਾਂ ਦੇ ੫੦੦ ਚਿੱਤਰ ਯਾਦ ਤਾਜ਼ਾ ਕਰ ਰਹੇ ਹਨ। ਹਰ ਕੋਈ ਯਾਤਰੂ ਆਪਣੇ ਗੌਰਵ-ਮਈ ਵਿਰਸੇ ਦੇ ਚਿੱਤਰ ਵੇਖਦਾ ਹੈ। ਇਸ ਵਿਚ ਸ: ਕਿਰਪਾਲ ਸਿੰਘ ਆਰਟਿਸਟ, ਮਾ: ਗੁਰਦਿੱਤ ਸਿੰਘ ਆਰਟਿਸਟ ਦੇ ਚਿੱਤਰ ਹਨ। ਇਹ ਅਜਾਇਬ ਘਰ ਸ: ਭਾਨ ਸਿੰਘ ਜੀ ਨੇ ਤਿਆਰ ਕਰਵਾਇਆ ਸੀ।

—ਅਗਸਤ ਵਿਚ ਆਲ ਇੰਡੀਆ ਸਿੱਖ ਗੁਰਦੁਆਰਾ ਬਿਲ

ਲੌਂਕ ਸਭਾ ਵਿਚ ਪੇਸ਼ ਕੀਤਾ ਗਿਆ, ਪਰ ਚੋਣ ਖਰਚ ਕੌਣ ਕਰੇ, ਮਾਮਲਾ ਲਟਕਦਾ ਗਿਆ।

੭ ਅਕਤੂਬਰ-ਕਸ਼ਮੀਰ, ਸ੍ਰੀ ਨਗਰ ਵਿਖੇ ਉਨ੍ਹਾਂ ਇਲਾਕਿਆਂ ਦੇ ਗੁਰਦੁਆਰਿਆਂ ਦੇ ਪਰਬੰਧ ਅਤੇ ਸੁਧਾਰ ਵਾਸਤ ਇਕ ਕਮੇਟੀ ਬਣਾਈ ਗਈ।

-ਚੀਫ ਖਾਲਸਾ ਦੀਵਾਨ ਵਲੋਂ ਸਿੱਖ ਐਜੂਕੇਸ਼ਨਲ ਕਾਨਫਰੰਸ ਗੋਲਡਨ ਜੁਬਲੀ ਮਨ ਈ ਗਈ।

੨੬-੨੮ ਦਸੰਬਰ—੪੧ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਤਖਤ ਹਜ਼ੂਰ ਸਾਹਿਬ ਨਾਂਦੇੜ ਹੋਈ।

੧੨ ਅਕਤੂਬਰ—ਮਾ: ਤਾਰਾ ਸਿੰਘ ਵਲੋਂ ਸਿਖ ਹੋਮਲੈਂਡ ਕਾਨਫਰੰਸ ਬਾਗ ਅਕਾਲੀਆਂ ਵਿਖੇ ਪੰਜਾਬੀ ਸੂਬਾ ਅੰਮ੍ਰਿਤਸਰ ਕਾਨਫਰੰਸ ਕੀਤੀ ਗਈ ਪਰ ਪ੍ਰਤਾਪ ਸਿੰਘ ਕੈਰੋਂ ਵਲੋਂ ਹੀ ਵਿਰੋਧ ਕੀਤਾ ਗਿਆ।

— ਅਸੈਂਬਲੀ ਚੋਣਾਂ ਹੋਈ ਮਾਂ ਕੁਰਸੀ ਹਕੂਮਤ ਦੇ ਭੁਖੇ ਲੀਡਰ ਪੰਥ ਵਿਰੋਧੀ ਕਾਰਵਾਈਆਂ ਕਰਦੇ ਰਹੇ।

੧੬ ਨਵੰਬਰ ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਸਰਕਾਰੀ ਧਕੇ ਨਾਲ ਪ੍ਰੇਮ ਸਿੰਘ ਲਾਲਪੁਰਾ ਬਣ ਗਿਆ, ਮਾ: ਤਾਰਾ ਸਿੰਘ ਹਾਰ ਗਿਆ। ਇਹਨਾਂ ਜਥੇਦਾਰਾਂ ਦੇ ਆਪਸੀ ਕਲੇਸ਼ ਕਤਲ ਹੁੰਦੇ ਰਹੇ।

੮ ਜਨਵਰੀ ੧੯੫੯-ਸਿੱਖ ਗੁਰਦੁਆਰਾ (ਸੋਧ) ਐਕਟ ੧੯੫੯ ਬਣਾਇਆ ਗਿਆ ਅਤੇ ਸਰਕਾਰੀ ਦਖਲ ਵਧੇਰੇ ਹੋਣ ਲੱਗਾ।

੧੩ ਫਰਵਰੀ— ਮਾ: ਤਾਰਾ ਸਿੰਘ ਸ਼੍ਰੋ: ਅਕਾਲੀ ਦਲ ਦਾ ਪ੍ਰਧਾਨ ਬਣ ਗਿਆ ਗੁਰਦੁਆਰਾ ਚੋਣਾਂ, ਪ੍ਰਧਾਨਗੀਆਂ ਅਤੇ ਕਬਜ਼ੇ ਲੈਣ ਵਾਸਤੇ ਗੰਡਾਸਿਆ, ਪਿਸਤੌਲਾਂ ਬੰਦੂਕਾਂ ਦੀ ਵਰਤੋਂ ਕੀਤੀ ਗਈ।

੧੦ ਮਾਰਚ—ਚੀਨ ਦੇ ਦੁਸ਼ਟ ਹਾਕਮਾਂ ਨੇ ਤਿਬਤ ਦੇ ਦਲਾਈ ਲਾਮਿਆਂ ਉਪਰ ਜ਼ੁਲਮ ਕੀਤੇ, ਰਾਜਧਾਨੀ ਲਹਾਸਾ ਤੇ ਕਬਜ਼ਾ ਕਰ ਲਿਆ ਦਲਾਈ ਲਾਮਾ ਅਤੇ ਹਜ਼ਾਰਾ ਤਿਬਤੀ ਭਾਰਤ ਵਿਚ ਸ਼ਰਨ ਲੈਣ ਲਈ ਪਹੁੰਚੇ ਧਰਮਸ਼ਾਲਾ ਵਿਖੇ ਆਬਾਦ ਕੀਤੇ ਗਏ ਅਤੇ ਭੰਗੂ ਨਹਿਰੂ ਨੇ ਚੀਨ ਨੂੰ ਪੱਕਾ ਦੁਸ਼ਮਨ ਬਣਾ ਲਿਆ। ਲਾਮਿਆਂ ਹਰ ਤਰਾਂ ਦੀਆਂ ਸਹੂਲਤਾਂ ਕ੍ਰੋੜਾਂ ਰੁਪਏ ਖਰਚ ਕਰਕੇ ਮਿਨੀ ਤਿਬਤ ਬਣਾ ਦਿਤਾ ਹੈ।

੧੨ ਮਾਰਚ-- ਮਾ: ਤਾਰਾ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਸੰਤ ਫਤਹਿ ਸਿੰਘ ਐਕਟਿੰਗ ਪ੍ਰਧਾਨ ਬਣ ਗਿਆ।

੧੫ ਮਾਰਚ—ਪੰਥ ਵਲੋਂ ਸਿੱਖ ਗੁਰਦੁਆਰਾ ਸੋਧ ਐਕਟ ਪਏ ਦੇ ਰੋਸ ਵਜੋ ੪ ਲਖ ਸਿਖਾਂ ਦਾ ਭਾਰੀ ਰੋਸ ਮਾਰਚ ਹੋਇਆ, ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲਗਾਏ ਗਏ।

੨੧ ਮਾਰਚ—ਮਾ: ਤਾਰਾ ਸਿੰਘ ਨੂੰ ਜੇਲ੍ਹ ਤੋਂ ਰਿਹਾ ਕਰ ਦਿਤਾ ਗਿਆ।

੧੨ ਅਪ੍ਰੈਲ — ਮਾ: ਤਾਰਾ ਸਿੰਘ ਨਾਲ ਮੁਲਾਕਾਤ ਕਰਕੇ ਗੰਗੂ ਪੰਡਤ ਨਹਿਰੂ ਨੇ ਮਾ: ਤਾਰਾ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਗੁਰਦੁਆਰਿਆਂ ਦੇ ਧਾਰਮਿਕ ਮਾਮਲਿਆਂ ਵਿਚ ਕਦੇ ਦਖ਼ਲ ਨਹੀਂ ਦੇਵੇਗੀ ਨਹਿਰੂ–ਤਾਰਾ ਸਿੰਘ ਪੈਕਟ ਹੋਇਆ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣਾ ਦਿਤਾ ਜਾਵੇਗਾ।

੨੦ ਮਈ—ਦਿਲੀ ਗੁ: ਪ੍ਰ: ਕਮੇਟੀ ਭੰਗ ਕਰ ਦਿਤੀ ਗਈ। ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ ਵਲੋਂ ਸਰਕਾਰੀ ਧੱਕਾ ਕੀਤਾ ਗਿਆ।

ਮਈ—ਦਿੱਲੀ ਗੁਰਦੁਆਰਾ ਚੋਣਾਂ, ਪ੍ਰਧਾਨਗੀਆਂ, ਕਬਜ਼ੇ ਲੈਣ ਵਾਸਤੇ ਪ੍ਰੇਮ ਸਿੰਘ ਲਾਲਪੁਰਾ ਅਤੇ ਮਾਸਟਰ ਤਾਰਾ ਸਿੰਘ ਦੇ ਧੜਿਆਂ ਵਿਚਕਾਰ ਬੁਤਛਾ-ਗਰਦੀ, ਅਦਾਲਤਾਂ ਵਿਚ ਮੁਕਦਮੇਂ, ਧਰਮ ਦੇ ਫੰਡ ਪੁਲਸ਼ ਅਫਸਰਾਂ, ਵਕੀਲਾਂ ਅਦਾਲਤਾਂ ਵਲ ਨਸ਼ਟ ਕੀਤੇ ਗਏ। ਸ਼ਰਮਨਾਕ ਘਟਨਾਵਾਂ ਹੋਈਆਂ। ਕਿਸੇ ਪ੍ਰਧਾਨ ਜਾਂ ਵਜ਼ੀਰ ਨੇ ਗੁਰਮਤਿ ਦੇ ਪ੍ਰਚਾਰ ਵਾਸਤੇ ਕਦੇ ਕੋਈ ਅਕਲ ਨਹੀਂ ਵਿਖਾਈ।

—ਸ: ਅਮਰ ਸਿੰਘ ਸਹਿਗਲ ਵਲੋਂ ਸਰਬ ਭਾਰਤ ਸਿੱਖ ਗੁਰਦੁਆਰਾ ਬਿਲ; ਲੋਕ ਸਭਾ ਵਿਚ ਪੇਸ਼ ਕੀਤਾ ਗਿਆ।

੩੦ ਮਈ–ਮਾਸਟਰ ਤਾਰਾ ਸਿੰਘ ਅਤੇ ਪ੍ਰੇਮ ਸਿੰਘ ਲਾਲਪੁਰਾ ਵਿਚਕਾਰ ਸਮਝੌਤਾ ਹੋਇਆ ਤਾਂ ਦੇਸ਼ ਭਗਤ ਬੋਰਡ ਬਣਾਇਆ ਗਿਆ।

—ਸਿੱਖ ਗੁਰਦੁਆਰਾ ਐਕਟ ੧੯੨੫ ਦਾ ਘੇਰਾ ਵਧਾ ਕੇ ਪੈਪਸੂ ਦੇ ੧੭੬ ਗੁਰਦੁਆਰਿਆਂ ਉਪਰ ਵੀ ਲਾਗੂ ਹੋਣ ਲਗਾ, ਸ਼੍ਰੋ: ਗੁ: ਪ੍ਰ: ਕਮੇਟੀ ਦੇ ਅਧੀਨ ੯੪੧ ਗੁਰਦੁਆਰੇ ਹੋ ਗਏ ਅਤੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆ ਦੀ ਸੰਭਾਲ ਮੁਰੰਮਤ ਪ੍ਰਬੰਧ ਵੀ ਹੋਣ ਲਗੇ।

—ਚੀਫ਼ ਖਾਲਸਾ ਦੀਵਾਨ ਵਲੋਂ ਤਰਨ ਤਾਰਨ ਜੰਡਿਆਲਾ ਰੋਡ ਵਿਖੇ ਭਾਈ ਵੀਰ ਸਿੰਘ ਜੀ ਦੇ ਨਾਮ ਤੇ ਬਿਰਧ ਘਰ ਖੋਲਿਆ ਗਿਆ,

ਇਸ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲ ਰਿਹਾ ਹੈ।

—ਗੰਗੂ ਵਿਨੋਭਾ ਭਾਵਾ ਸਿੱਖਾਂ ਦੇ ਕਿਰਪਾਨ ਪਹਿਨਣ ਤੇ ਨਫਰਤ ਅਤੇ ਇਤਰਾਜ ਕਰਦਾ ਸੀ।

—ਪ੍ਰਿੰਸੀਪਲ ਗੰਗਾ ਸਿੰਘ ਜੀ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਅਕਾਲ ਚਲਾਣਾ ਕਰ ਗਏ।

—ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਬੜਾ ਸੁੰਦਰ ਸੂਚਨਾ ਦਫਤਰ ਘੰਟਾ ਘਰ ਡਿਉੜੀ ਦੇ ਬਾਹਰ ਬਣਾਇਆ ਗਿਆ, ਹੁਣ ਸੂਚਨਾ ਅਫਸਰ ਸ: ਅਮਰਜੀਤ ਸਿੰਘ ਹੈ, ਟੈਲੀਫਨ ਨੰ: ੩੨੨੮੩ ਹੈ, ਯਾਤਰੂਆਂ ਨੂੰ ਸਿਖ ਧਰਮ ਦੀ ਜਾਣਕਾਰੀ ਅਤੇ ਗੁਰਮਤਿ ਦਾ ਲਿਟਰੇਚਰ ਵੀ ਦਿਤਾ ਜਾਂਦਾ ਹੈ।

—ਮੌਲਾਨਾ ਅਬੁਲ ਕਲਾਮ ਆਜ਼ਾਦ ਵਲੋਂ ਪੁਸਤਕ 'ਇੰਡੀਆ ਵਿਨਜ਼ ਫਰੀਡਮ' ਵਿਚ ਸਿਖਾਂ ਨੂੰ ਮੁਸਲਮਾਨਾਂ ਦੇ ਦੁਸ਼ਮਨ ਦਸਿਆ ਗਿਆ। ਗੰਗੂ ਪੰਡਤ ਨਹਿਰੂ ਨੇ ਪੁਸਤਕ ਡਿਸਕਵਰੀ ਆਫ ਇੰਡੀਆ ਵਿਚ ਕਿਸੇ ਸਿਖ ਲਹਿਰ ਦਾ ਜ਼ਿਕਰ ਨਹੀਂ ਕੀਤਾ ਹਾਲਾਂਕਿ ਬਾਬਾ ਖੜਕ ਸਿੰਘ ਨੂੰ ਬੇ-ਤਾਜ ਬਾਦਸ਼ਾਹ ਕਹਿ ਕੇ ਸਤਿਕਾਰ ਕਰਦਾ ਸੀ।

—ਦੇਸ਼ ਦੀ ਵੰਡ ਸਮੇਂ ੧੯੪੭ ਵਿਚ ਹਿਮਾਲਯ ਦੇ ਤਰਾਈ ਇਲਾਕੇ ਦੇ ਉਜੜ ਕੇ ਆਏ ਸਿੱਖਾਂ ਨੂੰ ਗੰਗ ਬ੍ਰਾਹਮਣ ਸਰਕਾਰ ਨੇ ਯੂ. ਪੀ. ਤੋਂ ਜੰਗਲਾਂ ਨੂੰ ਆਬਾਦ ਕਰਨ ਵਾਸਤੇ ਮਜ਼ਬੂਰ ਕਰ ਦਿਤਾ ਪਰ ਜਦੋਂ ੧੨ ਸਾਲ ਦੀ ਕਰੜੀ ਮੁਸ਼ੱਕਤ ਕਰਕੇ ਸਾਰੇ ਜੰਗਲ ਆਬਾਦ ਕਰ ਦਿਤੇ ਗਏ ਤਾਂ ਇਨ੍ਹਾਂ ਸਿੱਖਾਂ ਨੂੰ ਉਥੋਂ ਬੇ-ਦਖਲ ਕਰਨ ਵਾਸਤੇ ਲੈਂਡ ਅਵਿਕਸ਼ਨ ਐਕਟ ੧੯੫੯ ਬਣਾ ਕੇ ਜ਼ਲੀਲ ਕਰਨਾ ਸ਼ੁਰੂ ਕਰ ਦਿਤਾ ਗਿਆ।

੨੧ ਨਵੰਬਰ—ਸ: ਸੁਰਜੀਤ ਸਿੰਘ ਜੀ ਮਿਨਹਾਸ, ਆਲ ਇਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ. ਇਹ ੧੯੪੯ ਤੋਂ ੧੯੭੭ ਤਕ ਕਲਕਤਾ ਸਰਕਲ ਵਿਖੇ ਗੁਰਮਤਿ ਪ੍ਰਚਾਰ ਦੇ ਮਹਾਨ ਕਾਰਜ ਕਰਦੇ ਰਹੇ।

—ਦਿੱਲੀ ਗੁ: ਪ੍ਰ: ਕਮੇਟੀ ਸੀਸ ਗੰਜ ਵਲੋਂ ਗੁਰਮਤਿ ਦੇ ਪ੍ਰਚਾਰ ਵਾਸਤੇ ਮਾਸਕ ਸੀਸਗੰਜ ਸ਼ੁਰੂ ਕੀਤਾ ਗਿਆ, ਸਫਲਤਾ ਨਾਲ ਚਲ ਰਿਹਾ ਹੈ, ਹੁਣ ਐਡੀਟਰ ਸ: ਜਸਵੰਤ ਸਿੰਘ ਅਜੀਤ ਹਨ।

੧ ਤੋਂ ੩ ਜਨਵਰੀ ੧੯੬੦-੪੨ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ, ਪਟਨਾ ਸਾਹਿਬ ਵਿਖੇ ਹੋਈ।

੧੬ ਜਨਵ ਮੀ-ਜ਼ੋਃ ਗੁ: ਪ੍ਰ: ਕਮੇਟੀ ਦੇ ੧੩੬ ਮੈਂਬਰਾਂ ਦੀਆਂ ਆਮ ਚੋਣਾਂ ਸਾਰੇ ਪੰਜਾਬ ਵਿਚ ਹੋਈਆਂ। ਕਾਂਗਰਸੀ ਹਾਕਮਾਂ ਨੇ ਕਾਫੀ ਦਖਲ ਦਿਤਾ।

੭ ਮਾਰਚ-ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪਰਧਨ ਬਣ ਗਿਆ।

੭ ਮਾਰਚ-ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਲੋਕਲ ਗੁਰਦੁਆਰਾ ਕਮੇਟੀਆਂ ਦੇ ਗੈਰ-ਜ਼ਿੰਮੇਵਾਰ ਪ੍ਰਬੰਧਕਾਂ ਦੀ ਨਿਖੇਧੀ ਕੀਤੇ ਜਾਣ ਦਾ ਮਤਾ ਪਾਸ ਕੀਤਾ ਗਿਆ।

ਮਾਰਚ ੬੦-ਡਾ: ਹਰਨਾਮ ਸਿੰਘ 'ਤਾਲਬ' ਅਤੇ ਡਾ: ਪਿਆਰਾ ਸਿੰਘ 'ਮੌਜੀ' ਵਲੋਂ ਮਾਸਕ 'ਸੰਗਤ ਸਮਾਚਾਰ' ੨੩੪ ਸ਼ਰੀਫ ਪੁਰਾ ਤੋਂ ਸ਼ੁਰੂ ਕੀਤ ਗਿਆ।

੧੫ ਮਾਰਚ-ਹੋਲਾ ਮਹੱਲਾ ਸ੍ਰੀ ਅਨੰਦ ਪੁਰ ਦੇ ਮੌਕੇ ਅਖੌਤੀ ਪੰਥਕ ਲੀਡਰ ਕਾਂਗਰਸ ਗਰੁਪ ਵਿਚ ਵੰਡੇ ਗਏ।

-ਪੰਜਾਬੀ ਸੂਬਾ ਦੀ ਖਬਰਾਂ ਤੇ ਪਾਬੰਦੀ ਵ ਸਤੇ ਪੰਜਾਬ ਸਪੈਸ਼ਲ ਪਾਵਰਜ਼ ਪ੍ਰੈਸ ਐਕਟ ੧੯੫੬ ਲਾਗੂ ਕਰਕੇ ਜ਼ੁਲਮ ਹੋਣ ਲਗਾ।

—ਗੰਗੂ ਪੰਡਤ ਸਰਕਾਰ ਵਲੋਂ ਭਾਸ਼ਾ ਦੇ ਆਧਾਰ ਤੇ ਬੰਬਈ ਨੂੰ ਮਹਾਰਾਸ਼ਟਰ ਅਤੇ ਗੁਜਰਾਤ ਦੋ ਇਲਾਕਿਆਂ ਵਿਚ ਵੰਡਿਆ ਗਿਆ ਅਤੇ ਹੋਰ ਸੂਬੇ ਕਾਇਮ ਕੀਤੇ ਗਏ. ਪਰ ਪੰਜਾਬੀ ਭਾਸ਼ਾ ਲਈ ਪੰਜਾਬ ਨੂੰ ਪੰਜਾਬੀ ਸੂਬਾ ਨਹੀਂ ਬਣਾਇਆ ਗਿਆ ਉਲਟਾ ਸਾਰੇ ਪੰਥਕ ਲੀਡਰਾਂ ਪ੍ਰਬੰਧਕਾਂ ਨੂੰ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਅਤਿਆਚਾਰ ਕੀਤੇ ਗਏ। ਪੰਜਾਬ ਦੇ ਕਿਸਾਨਾਂ ਨੇ ਹਰੀ ਕਰਾਂਤੀ ਸਦਕਾ ਸਾਰੇ ਦੇਸ਼ ਲਈ ਅਨਾਜ ਸਪਲਾਈ ਕੀਤਾ, ਪਰ ਇਸ ਦਾ ਲਾਭ ਵਾਪਾਰੀ ਅਤੇ ਮੰਡੀਆਂ ਦੇ ਦਲਾਲ ਆੜ੍ਹਤੀ ਹੀ ਉਠਾਉਂਦੇ ਰਹੇ।

—ਪੰਜਾਬੀ ਦੀ ਰਾਜਧਾਨੀ ਲਹੌਰ ਦੀ ਥਾਂ ਚੰਡੀਗੜ੍ਹ ਬਣਾਈ ਗਈ, ਪਰ ਗੰਗੂ ਪੰਡਤ ਸਰਕਾਰ ਨੇ ਆਪਣੇ ਕਬਜ਼ੇ ਅਧੀਨ ਕਰ ਲਈ। ਕੇਰਲਾ ਵਿਚ ਕਮਿਊਨਿਸਟ ਸਰਕਾਰ ਬਣਾ ਦਿਤੀ ਗਈ। ਗੰਗੂ ਪੰਡਤ ਨਹਿਰੂ ਦੇਸ਼ ਦਾ ਪ੍ਰਧਾਨ ਮੰਤਰੀ ਸੀ ਅਤੇ ਇਸ ਦੀ ਧੀ ਇੰਦਰਾ ਕਾਂਗਰਸ ਦੀ ਪ੍ਰਧਾਨ, ਸਾਰਾ ਕੁਝ ਆਪਣੇ ਪ੍ਰਵਾਰ ਵਿਚ ਹੀ,

ਇਹ ਚੰਗਾ ਲੋਕ-ਤੰਤਰ ਹੈ ਡਾ: ਰਾਜਿੰਦਰ ਪ੍ਰਸ਼ਾਦ ਰਾਸ਼ਟਰਪਤੀ ਸੀ।

੩੦ ਅਪ੍ਰੈਲ—ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਸ: ਅਜੀਤ ਸਿੰਘ ਬਾਲਾ ਬਣ ਗਿਆ।

੨੨ ਮਈ-ਅੰਮ੍ਰਿਤਸਰ ਵਿਖੇ ਭਾਰੀ ਕਨਵੈਨਸ਼ਨ ਪੰਜਾਬੀ ਸੂਬਾ ਲਈ ਹੋਈ ਸਾਰੀਆਂ ਪਾਰਟੀਆਂ ਦੇ ਲੀਡਰ ਸ਼ਾਮਲ ਹੋਏ ਪਰ ਪੰਜਾਬ ਦੀ ਬਦਕਿਸਮਤੀ ਕਿ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ, ਮਾਸਟਰ ਤਾਰਾ ਸਿੰਘ ਵਲੋਂ ਕੀਤੀ ਹਰ ਮੰਗ ਦਾ ਵਿਰੋਧ ਇਸ ਕਰਕੇ ਕਰਦਾ ਸੀ ਕਿ ਮਾਸਟਰ ਤਾਰਾ ਸਿੰਘ ਗੈਰ-ਜਟ ਹੈ, ਪੰਜਾਬ ਕਾਂਗਰਸ ਦਾ ਪ੍ਰਧਾਨ ਦਰਬਾਰਾ ਸਿੰਘ ਵੀ ਜਟ ਸੀ, ਇਨ੍ਹਾਂ ਨੇ ਆਪਣੀ ਮਾਤ-ਬੋਲੀ ਧਰਮ ਤੋਂ ਬੇ-ਮੁਖ ਹੋ ਕੇ ਸਿੱਖਾਂ ਉਪਰ ਜ਼ੁਲਮ ਕੀਤੇ ਗਏ।

੨੪ ਮਈ—ਨੂੰ ਮਾਸਟਰ ਤਾਰਾ ਸਿੰਘ ਅਤੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ੨੯ ਮਈ ੬੦ ਤੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਹਾੜੇ ਤੋਂ ੨੫ ਜੁਲਾਈ ੬੦ ਤਕ ੧੮ ਹਜ਼ਾਰ ਸਿੱਖਾਂ ਨੂੰ ਬਿਨਾਂ ਕਿਸੇ ਦੋਸ਼ ਦੇ ਧਾਰਾ ੧੦੭/੧੫੧ ਅਤੇ ਦਿਲੀ ਵਿਚ ਤਿੰਨ ਹਜ਼ਾਰ ਸਿੱਖਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਲਾਹਨਤੀ ਫਿਰਕੂ ਜੱਜਾਂ ਨੇ ਇਨਸਾਫ ਦੀਆਂ ਧਜੀਆਂ ਉਡਾ ਦਿਤੀਆਂ ਕਿ ੧੦੭/੧੫੧ ਅਧੀਨ ਜ਼ਮਾਨਤ ਦੀ ਰਕਮ ਪੰਜਾਹ ਹਜ਼ਾਰ ਤੋਂ ਇਕ ਲੱਖ ਤਕ ਠੋਕੀ ਗਈ, ਸਾਰੇ ਸਿੱਖ ਪ੍ਰੈਸ ਅਤੇ ਵਕੀਲ ਵੀ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਗੇ, ਇਸ ਤਰ੍ਹਾਂ ਦੇ ਇਨਸਾਫ ਦੀ ਮਿਸਾਲ ਸਾਰੇ ਸੰਸਾਰ ਵਿਚ ਨਹੀਂ ਹੈ। ਦੁਸ਼ਟ ਮੀਰ ਮੰਨੂੰ ਤੋਂ ਵੀ ਵਧੇਰੇ ਜ਼ੁਲਮ ਕੈਰੋਂ ਅਤੇ ਦਰਬਾਰੇ ਨੇ ਗੰਗੂ ਪੰਡਤ ਨੂੰ ਖੁਸ਼ ਕਰਨ, ਆਪਣੀਆਂ ਹਕੂਮਤਾਂ ਲਈ ਕੀਤੇ।

—ਭਾਈ ਪ੍ਰਧਾਨ ਸਿੰਘ ਜੀ ਰਾਗੀ, ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੯ ਅਕਤੂਬਰ—ਪੰਜਾਬ ਦੀ ਕੈਰੋਂ, ਦਰਬਾਰਾ ਸਰਕਾਰ ਵਲੋਂ ਬਠਿੰਡਾ ਜੇਲ੍ਹ ਵਿਚ ਪੁਲਸ ਨੇ ਗੋਲੀ ਚਲਾ ਕੇ ੪ ਸਿੰਘ ਜੇਲ੍ਹ ਵਿਚ ਹੀ ਸ਼ਹੀਦ ਕਰ ਦਿਤੇ, ਪਟਿਆਲਾ ਵਿਖੇ ਸ਼ਾਂਤ ਮਈ ਜਲੂਸ ਤੇ ਗੋਲੀ ਚਲਾ ਕੇ ਦੋ ਸਿੰਘ ਸ਼ਹੀਦ ਕਰ ਦਿਤੇ ਗਏ।

—ਸ: ਹਰਚਰਨ ਸਿੰਘ ਹੁਡਿਆਰਾ ਜਥੇਦਾਰ ਅਕਾਲ ਤਖਤ ਸੀ।

—ਰੋਮ ਓਲੈਪਕਸ ਖੇਡਾਂ ਸਮੇਂ ਸ: ਮਿਲਖਾ ਸਿੰਘ ਜੋਰਾ ਸਿੰਘ, ਅਜੀਤ

ਸਿੰਘ, ਮੱਖਣ ਸਿੰਘ, ਦਲਜੀਤ ਸਿੰਘ, ਮਹਿੰਦਰ ਸਿੰਘ, ਵਿਰਸਾ ਸਿੰਘ, ਪਾਨ ਸਿੰਘ ਨੇ ਕੌਮ ਦਾ ਨਾਮ ਉਘਾ ਕੀਤਾ।

੨੬ ਅਕਤੂਬਰ —ਪੰਜਾਬੀ ਸੂਬਾ ਦੇ ਸਬੰਧ ਵਿਚ ਸੰਤ ਫਤਹਿ ਸਿੰਘ ਨੇ ਮਰਨ-ਵਰਤ ਰਖੇ ਜਾਣ ਬਾਰੇ ਗੰਗੂ ਪੰਡਤ ਨਹਿਰੂ ਨੂੰ ਚਿਤਾਵਨੀ ਦਿਤੀ, ਅਤੇ ਸ੍ਰੀ ਅਕਾਲ ਤਖਤ ਦੀ ਉਪਰਲੀ ਮੰਜ਼ਲ ਦੇ ਨਾਲ ਅਗਨ ਕੁੰਡ ਤਿਆਰ ਕਰਵ ਇਆ ਗਿਆ।

੩ ਦਸੰਬਰ —ਲਦਾਖ ਵਿਚ ਗੜਬੜ ਹੋਈ ਤਾਂ ਗੰਗੂ ਪੰਡਤ ਨਹਿਰੂ ਸਿਖ ਜਰਨੈਲਾਂ ਦੇ ਤਰਲੇ ਕਢਣ ਲਗਾ ਮੇਜਰ ਜਨਰਲ ਰਾਵਿੰਦਰ ਸਿੰਘ ਗਰੇਵਾਲ ਨੇ ਲਦਾਖ ਵਿਖੇ ਸਿਮਰਨ ਕਰਦੇ ਫਤਹਿ ਪ੍ਰਾਪਤ ਕੀਤੀ।

੧੮ ਦਸੰਬਰ ਸੰਤ ਫਤਹਿ ਸਿੰਘ ਵਲੋਂ ੯-੦੦ ਵਜੇ ਸਵੇਰੇ ਮਰਨ ਵਰਤ ਸ਼ੁਰੂ ਕਰ ਦਿਤਾ ਗਿਆ।

—ਸ: ਬਲਦੇਵ ਸਿੰਘ ਵਲੋਂ ਪ੍ਰਤਾਪ ਸਿੰਘ ਕੈਰੋਂ ਦੇ ਵਿਰੁਧ ਭਰਿਸ਼ਟਾਚਾਰ ਦੇ ਦੋਸ਼ ਲਗਾਏ ਗਏ।

੨੦ ਦਸੰਬਰ—ਗੰਗੂ ਪੰਡਤ ਨਹਿਰੂ ਨੇ ਚੰਡੀਗੜ੍ਹ ਵਿਖੇ ਐਲਾਨ ਕੀਤਾ ਕਿ "ਪੰਜਾਬ ਦੀ ਜ਼ਬਾਨ ਪੰਜ ਬੀ ਹੈ, ਹਰ ਪਹਿਲੂ ਤੋਂ ਤਰੱਕੀ ਕੀਤੀ ਜਾਵੇ" ਇਸ ਸਮੇਂ ਤਕ ੫੦ ਹਜ਼ਾਰ ਸਿੱਖ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣ ਰਹੇ ਸਨ।

—ਭਾਰਤ ਦੀ ਕਮਿਊਨਸਟ ਪਾਰਟੀ ਪੰਜਾਬੀ ਸੂਬਾ ਦੇ ਹੱਕ ਵਿਚ ਪੂਰਾ ਸਾਥ ਦੇਂਦੀ ਸੀ ਤਾ ਕੇਂਦਰ ਸਰਕਾਰ ਉਹਨਾਂ ਉਪਰ ਵੀ ਜ਼ੁਲਮ ਕਰਨ ਲੱਗੀ।

ਦਸੰਬਰ—ਬਾਬਾ ਮੋਹਨ ਸਿੰਘ ਜੀ, ਸ੍ਰੀ ਹੇਮਕੁੰਟ ਸਾਹਿਬ ਤਪ ਅਸਥਾਨ ਦੀ ਉਸਾਰੀ, ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਕਰਨਲ ਜੋਗਿੰਦਰ ਸਿੰਘ 'ਮਾਨ' ਵਲੋਂ ਹੇਮਕੁੰਟ ਟ੍ਰਸਟ ਬਣਾ ਕੇ ਸੇਵਾ ਉਸਾਰੀ ਕਾਰਜ ਕੀਤੇ ਜਾਣ ਲੱਗੇ।

੮ ਜਨਵਰੀ ੬੧—ਗੰਗੂ ਪੰਡਤ ਨਹਿਰੂ ਭਾਵਨਗਰ ਵਿਖੇ ਸੀ, ਉਥੇ ਵੀ ਉਸ ਨੇ ਪੰਜਾਬ ਦੀ ਭਾਸ਼ਾ ਪੰਜਾਬੀ ਦਾ ਐਲਾਨ ਕੀਤਾ ਸੀ। ਪਰ ਪ੍ਰਤਾਪ ਸਿੰਘ ਕੈਰੋਂ ਦੇ ਟੁਕੜ-ਬੋਚ ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਆਪਣੀਆਂ ਹਕੂਮਤਾਂ, ਵਜ਼ੀਰੀਆਂ ਵਾਸਤੇ ਆਪਣੀ ਮਾਤ-

ਬੋਲੀ ਅਤੇ ਧਰਮ ਦਾ ਵਿਰੋਧ ਕਰਦੇ ਰਹੇ।

੯ ਜਨਵਰੀ–ਸੰਤ ਫਤਹਿ ਸਿੰਘ ਨੇ ੨੨ ਦਿਨ ਮਰਨ ਵਰਤ ਦਾ ਢੌਂਗ ਰਚ ਕੇ ਅਚਾਨਕ ਆਪੇ ਹੀ ਖੋਲ੍ਹ ਦਿੱਤ , ਹਰਚਰਨ ਸਿੰਘ ਹੁਡਿਆਰਾ ਜਥੇਦਾਰ ਅਕਾਲ ਤਖਤ ਸਾਹਿਬ ਨੇ ਜੂਸ ਦਾ ਗਲਾਸ ਪਿਲਾਇਆ । ਇਸ ਦੇ ਪਿਛੇ ਕੈਰੋਂ ਦੀ ਚਾਲ ਸੀ।

੮ ਫਰਵਰੀ–ਸੰਤ ਫਤਹਿ ਸਿੰਘ, ਗੰਗੂ ਪੰਡਤ ਨਹਿਰੂ ਮੁਲਾਕਾਤ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਅਤੇ ਸ: ਗੁਰਬਖਸ਼ ਸਿੰਘ ਐਡਵੋਕੇਟ ਨਾਲ ਸਨ । ਇਨ੍ਹਾਂ ਵਲੋਂ ਦੇਰਾ ੧ ਮਾਰਚ ਨੂੰ ਮੁਲਾਕਾਤ ਨਹਿਰੂ ਨਾਲ ਹੋਈ, ਪਰ ਕੈਰੋਂ, ਗਿਆਨੀ ਕਰਤਾਰ ਸਿੰਘ, ਦਰਬਾਰਾ ਸਿੰਘ ਅਤੇ ਹੁਕਮ ਸਿੰਘ ਹਕੂਮਤ ਦੀ ਖਾਤਰ ਵਿਰੋਧ ਕਰਕੇ ਮਾਹੌਲ ਖਰਾਬ ਕਰਦੇ ਰਹੇ।

੧੦ ਮਾਰਚ–ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪਰਧਾਨ ਮਾਸਟਰ ਤਾਰਾ ਸਿੰਘ ਬਣ ਗਏ।

੧੦ ਮਾਰਚ–ਜਥੇਦਾਰ ਸੰਤੋਖ ਸਿੰਘ ਤ੍ਰੱਲੀ ਵਲੋਂ ਗੁਰਦੁਆਰਿਆਂ ਤੇ ਕਬਜ਼ੇ ਕਰਨ ਸਬੰਧੀ, ਧਰਮ ਪਰਚਾਰ ਦੇ ਫੰਡ ਅਦਾਲਤਾਂ ਦੇ ਵਕੀਲਾਂ, ਜੱਜਾਂ ਵਲ ਨਸ਼ਟ ਕਰਨੇ ਸ਼ੁਰੂ ਕਰ ਦਿਤੇ।

੧੬ ਅਪਰੈਲ–ਭਾਈ ਰਣਧੀਰ ਸਿੰਘ ਨਾਰੰਗਵਾਲ, ਅਖੰਡ ਕੀਰਤਨੀ ਜਥਾ ਸੇਵਾ, ਸਿਮਰਨ, ਸੰਘਰਸ਼ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

—ਸੰਤ ਨਿਸਚਲ ਸਿੰਘ ਜੀ ਸੰਤਪੁਰਾ ਯਮਨਾ ਨਗਰ ਹਰਿਆਣਾ ਵਲੋਂ ਗੁਰਮਤਿ ਦੇ ਪਰਚਾਰ ਵਾਸਤ ਮਾਸਕ 'ਗੁਰ ਸਦੇਸ਼' ਛਾਪਣਾ ਸ਼ੁਰੂ ਕੀਤਾ। ਹੁਣ ਸੰਤ ਤਰਲੋਚਨ ਸਿੰਘ ਜੀ ਸੋਵਾ-ਪੰਥੀ ਚਲਾ ਰਹੇ ਹਨ।

੧੨ ਮਈ-ਸੰਤ ਫਤਹਿ ਸਿੰਘ ਦੋਹਾਂ ਵਕੀਲਾਂ ਨਾਲ ਗਗੂ ਪੰਡਤ ਨਹਿਰੂ ਨਾਲ ਮੁਲਾਕਾਤ ਹੋਈ। ਧੋਖੇਬਾਜ ਨਹਿਰੂ ਦਾ ਵਤੀਰਾ ਹਿੰਦੂਆ ਨੂੰ ਖੁਸ਼ ਰੱਖਣਾ ਅਤੇ ਸਿੱਖਾਂ ਨੂੰ ਦਬਾਉਣ ਦੀਆਂ ਧਮਕੀਆਂ ਵਾਲਾ ਸੀ । ਕੈਰੋਂ ਸ: ਬਲਦੇਵ ਸਿੰਘ ਨੂੰ ਨਫਰਤ ਕਰਦਾ ਸੀ। ਇਹ ਮੋਰਚਾ ੮ ਮਹੀਨੇ ਰਿਹਾ, ੬ ਹਜ਼ਾਰ ਸਿੰਘ ਜੇਲ੍ਹਾਂ ਵਿਚ ਆਜ਼ਾਦੀ ਦਾ ਆਨੰਦ ਮਾਣਦੇ ਰਹੇ, ੨੨ ਦਿਨ ਦਾ ਮਰਨ ਵਰਤ ਵੀ ਖਡੇ ਖਾਤੇ ਪੈ ਗਿਆ।

੧੭ ਮਈ ੧੯੬੧ ਪੰਥਕ ਇਕਤਰਤਾ ਸ੍ਰੀ ਅਕਾਲ ਤਖਤ ਦੀ ਦੂਜੀ ਮੰਜ਼ਲ ਵਿਖੇ ਹੋਈ। ਗੰਗੂ ਪੰਡਤ ਨਹਿਰੂ ਦੀ ਅਕਲ ਵੇਖੋ ਕਿ ਚੀਨ, ਤਿਬਤ, ਦਲਾਈ ਲਾਮੇ ਨਾਲ ਤਾਂ ਪੰਚਸੀਲ ਹਿੰਦੀ-ਚੀਨੀ ਭਾਈ ਭਾਈ, ਅਮਨ ਸ਼ਾਂਤੀ ਦੇ ਢੌਂਗ ਕਰਦਾ ਪਰ ਦੇਸ਼ ਦੇ ਸੂਰਬੀਰ ਸਿੰਘਾਂ ਨੂੰ ਜ਼ਲੀਲ ਕਰਦਾ ਹਿੰਦੂ ਅਖਬਾਰ ਤਾਂ ਫਿਰਕੂ ਜ਼ਹਿਰ ਭੜਕਾਉਂਦੇ ਅਟਲ ਬਿਹਾਰੀ ਵਾਜਪਾਈ ਕੇ. ਐਲ. ਐਡਵਾਨੀ ਹਰ ਥਾਂ ਫਿਰਕੂ ਮਾਹੌਲ ਖ਼ਰਾਬ ਕਰਦੇ, ਉਨ੍ਹਾਂ ਉਪਰ ਕੋਈ ਪਾਬੰਦੀ ਨਹੀਂ ਪਰ ਸਿਖ ਅਕਾਲੀ ਅਖਬਾਰ, ਪਰਭਾਤ ਅਤੇ ਜਥੇਦਾਰ ਤਾਲਾਬੰਦੀ ਕਰਵਾ ਦਿਤੀ ਗਈ। ਸ: ਪ੍ਰਤਾਪ ਸਿੰਘ ਕੈਰੋ ਨੇ ਮੁਖ ਮੰਤਰੀ ਬਣ ਕੇ ਕਦੇ ਅਕਾਲ ਪੁਰਖ ਦਾ ਸ਼ੁਕਰਾਨਾ ਨਹੀਂ ਕੀਤਾ ਨਾ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਦੇ ਸੇਵਾ ਦੇ ਕਾਰਜ ਕਰਵਾਏ, ਉਲਟਾ ਪੁਲਸ ਸਖਤੀ ਜ਼ਰੂਰ ਕਰਵਾਈ ਗਈ।

੧੯੬੧ ਗੋਰਖੇ ਆਪਣੀ ਪਾਰਟੀ ਦਾ ਨਾਮ ਗੋਰਖਾ ਰਾਸ਼ਟਰੀ ਮੁਕਤੀ ਮੋਰਚਾ ਅਤੇ ਨਾਗੇ ਆਪਣੇ ਸੂਬੇ ਦਾ ਨਾਮ ਨਾਗਾਲੈਂਡ ਤਾਂ ਰਖ ਸਕਦੇ ਹਨ। ਹਿੰਦੂ ਵਿਸ਼ਵ ਸੈਨਾ, ਤਾਂ ਸਿਖ ਸਟੇਟ ਹੋਮਲੈਂਡ ਜਾਂ ਖਾਲਿਸਤਾਨ ਕਿਉਂ ਨਹੀਂ ?

੨੯ ਜੂਨ ੧੯੬੧ ਸ: ਬਲਦੇਵ ਸਿੰਘ ਪਿੰਡ ਡੂਮਣਾ (ਰੋਪੜ) ਅਕਾਲ ਚਲਾਣਾ ਕਰ ਗਏ।

1961 ਮਰਦਮ ਸ਼ੁਮਾਰੀ ਸਮੇਂ ਹਿੰਦੂ ਸਰਕਾਰੀ ਕਰਮਚਾਰੀਆਂ ਵਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਅਨਪੜ੍ਹ ਮਜ਼ਦੂਰ ਵਰਗ ਦੇ ਲੋਕਾਂ ਤੋਂ ਅੰਗੂਠੇ ਲਗਵਾ ਕੇ ਹਿੰਦੀ ਭਾਸ਼ਾ ਦਾ ਇੰਦਰਾਜ ਕਰ ਦਿਤਾ, ਪਰ ਕੁਝ ਸਿਖ ਲੀਡਰ ਰੋਸ ਕਰਦੇ ਰਹੇ, ਪਰ ਸ਼ਾਹ ਕਮਿਸ਼ਨ ਨੇ ਹਿੰਦੀ ਹੀ ਠੋਸ ਦਿਤੀ, ਜਦੋਂ ਕਿ ਪੰਜਾਬੀ ਸਰਕਾਰੀ ਭਾਸ਼ਾ ਰਹੀ ਹੈ।

ਜੁਲਾਈ ੧੯੬੧ ਚੀਨ ਦੇ ਹਮਲੇ ਸਮੇਂ ਲੈਫ ਜਨਰਲ ਬਿਕਰਮ ਸਿੰਘ ਨੇ ਸਿਮਰਨ ਕਰਦੇ ਲਦਾਖ ਉਪਰ ਕਬਜ਼ਾ ਕੀਤਾ ਸੀ।

੧੯੬੧ ਕੰਵਰ ਮਹਿੰਦਰ ਪ੍ਰਤਾਪ ਸਿੰਘ ਅਤੇ ਬਹੁਤ ਸਾਰੇ ਵਿਦਵਾਨਾਂ ਵਲੋਂ ਗੁਰਮਤਿ ਮਿਸ਼ਨਰੀ ਕਾਲਜ ਦਿੱਲੀ ਕਾਇਮ ਕੀਤਾ ਗਿਆ। ਗੁਰਮਤਿ ਸਿਖਲਾਈ ਕੇਂਦਰ ਕਲਾਸਾਂ ਹਰ ਇਲਾਕੇ, ਸ਼ਹਿਰ ਵਿਚ ਸ਼ੁਰੂ ਹੋਣ ਲਗੀਆਂ, ਗੁਰਪੁਰਬਾਂ ਦੇ ਮੌਕੇ, ਗੁਰਮਤਿ ਲਿਟਰੇਚਰ ਦੇ ਸਟਾਲ ਲਗਾਉਣੇ ਸ਼ੁਰੂ ਹੋਣ ਲਗੇ। ਮਾਸਕ ਮੈਗਜ਼ੀਨ, ਗੁਰਮਤਿ ਮਿਸ਼ਨਰੀ ਫੁਲਵਾੜੀ ਆਦਿ ਕਢੇ ਗਏ।

੧੫ ਅਗਸਤ ੧੯੬੧ ਮ: ਤਾਰਾ ਸਿੰਘ ਨੇ ਮਰਨ ਵਰਤ ਸ਼ੁਰੂ ਕੀਤਾ ਅਤੇ ਕਿਹਾ "ਇਹ ਤਨ ਜਾਏਗਾ ਕੋਇ ਮਾਰਗ ਕਾਰੇ ਲਾਏ" ਪੰਥ ਆਜ਼ਾਦ ਜ਼ਿੰਦਾ ਬਾਦ।

੨੪–੨੫ ਅਗਸਤ ੧੯੬੧ ਸੰਤ ਫਤਹਿ ਸਿੰਘ, ਗੰਗੂ ਪੰਡਿਤ ਨਹਿਰੂ ਨਾਲ ਮੁਲਾਕਾਤਾਂ ਹੋਈਆਂ, ਪਰ ਹੁਕਮ ਸਿੰਘ ਸਪੀਕਰ, ਕੈਰੋ ਟੋਲਾ ਵਿਰੋਧ ਕਰਦਾ ਰਿਹਾ, ਇਹ ਚੰਗੇ ਗੁਰਸਿਖ ਪੰਥ ਵਿਰੋਧੀ ਹਨ ?

੩੦ ਅਗਸਤ ੧੯੬੧ ਨਹਿਰੂ ਨੇ ਲੋਕ ਸਭਾ ਵਿਚ ਐਲਾਨ ਕੀਤਾ ਕਿ ਪੰਜਾਬ ਦੀ ਭਾਸ਼ਾ ਪੰਜਾਬੀ ਹੈ, ਪਰ ਫਿਰ ਵੀ ਜ਼ੁਲਮ ਕਰਦਾ ਰਿਹਾ।

੨ ਸਤੰਬਰ ੧੯੬੧ ਜਲੰਧਰ ਸ. ਹਰਕਿਸ਼ਨ ਸਿੰਘ ਸੁਰਜੀਤ, ਅਤੇ ਜਗਜੀਤ ਸਿੰਘ ਅਨੰਦ ਦੇ ਅਖਬਾਰ ਦਫਤਰ ਸੀਲ ਕਰ ਦਿਤੇ ਗਏ, ੩੯ ਕਾਮਰੇਡ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤੇ ਗਏ, ਇਸ ਧਮੀਕੀ ਦੇ ਰੋਸ ਵਜੋਂ ੧੩ ਸਤੰਬਰ ੧੯੬੧ ਨੂੰ ਕਮਿਊ-ਨਿਸਟ ਪਾਰਟੀ ਵਲੋਂ ਦਿਲੀ ਵਿਖੇ ਮਜ਼ਾਹਰਾ ਜਲੂਸ ਹੋਇਆ।
ਗੰਗੂ ਪੰਡਤਾਂ ਵਲੋਂ ਯੋਗੀਰਾਜ ਸੂਰਯ ਦੇਵ ਵਲੋਂ ਵੀ ਮਰਨ ਵਰਤ ਦਾ ਢੌਂਗ ਰਚਿਆ ਗਿਆ।

੨੯ ਸਤੰਬਰ ੧੯੬੧ ਨਹਿਰੂ ਨੇ ਆਪਣੇ ਗੰਗੂ ਪੰਡਤ ਦੇਵ ਦੀ ਜਾਨ ਬਚਾਉਣ ਵਾਸਤੇ ਮਾ: ਤਾਰਾ ਸਿੰਘ ਨੂੰ ਵੀ ਵਰਤ ਛਡੇ ਜਾਣ ਵਾਸਤੇ ਅਪੀਲ ਕੀਤੀ, ਸ. ਹੁਕਮ ਸਿੰਘ ਨੇ ਭਜ ਦੌੜ ਕੀਤੀ।

੧ ਅਕਤੂਬਰ ੯੯੬੧ ਮ: ਤਾਰਾ ਸਿੰਘ ਨੇ ਸ਼ਾਮ ੭ ਵਜੇ ੪੮ ਦਿਨ ਦਾ ਮਰਨ ਵਰਤ ਖ਼ਤਮ ਕੀਤਾ, ਸੰਤ ਫਤਹਿ ਸਿੰਘ ਨੇ ਜੂਸ ਦਾ ਗਲਾਸ ਛਕਾਇਆ ਸੀ, ਮੰਜੀ ਸਾਹਿਬ ਵਿਖੇ ਭਾਰੀ ਸੰਗਤਾਂ ਦੀਵਾਨ ਸਜਾਇਆ ਗਿਆ।

੩੦ ਅਕਤੂਬਰ ੧੯੬੧ ਮ: ਤਾਰਾ ਸਿੰਘ ਅਤੇ ਗੰਗੂ ਪੰਡਤ ਨਹਿਰੂ ਦੀ ਮੁਲਾਕਾਤ ਹੋਈ, ਕੁਰਪਟ ਪ੍ਰਤਾਪ ਸਿੰਘ ਕੈਰੋਂ ਵਿਰੁਧ ਪੜਤਾਲ ਵਾਸਤੇ ਸ੍ਰੀ ਐਸ. ਕੇ ਦਾਸ ਕਮਿਸ਼ਨ ਕਾਇਮ ਕਰਵਾਇਆ ਗਿਆ, ਪਰ ਸਰਕਾਰੀ ਪਿਠੂ ਡਾ. ਗੁਪਾਲ ਸਿੰਘ ਦਰਦੀ, ਜਥੇ: ਸੰਤੋਖ ਸਿੰਘ ਸ. ਰਾਜਿੰਦਰ ਸਿੰਘ ਭਾਟੀਆ ਕੌਮੀ ਏਕਤਾ ਨੇ ਕੁਰਪਟ ਕੈਰੋਂ ਨੂੰ ਨਿਰਦੋਸ਼ ਹੋਣ ਲਈ ਬਿਆਨ ਦਿਤੇ ਸਨ ਅਤੇ ਜਥੇ: ਜੀਵਨ ਸਿੰਘ ਉਮਰਾਨੰਗਲ, ਲਛਮਣ ਸਿੰਘ ਗਿਲ ਨੇ ਵਾਵੇਲਾ ਕੀਤਾ।

੩੦ ਨਵੰਬਰ ੧੯੬੧ ਮ: ਤਾਰਾ ਸਿੰਘ ਨਹਿਰੂ ਨਾਲ ਮੁਲਾਕਾਤ ਹੋਈ।

੧੯੬੧ ਪੰਥ ਵਲੋਂ ਸੰਤ ਫਤਹਿ ਸਿੰਘ ਅਤੇ ਮ: ਤਾਰਾ ਸਿੰਘ ਵਲੋਂ ਮਰਨ

ਵਰਤ ਛਡੇ ਜਾਣ ਦੇ ਦੋਸ਼ ਵਿਚ ਸ੍ਰੀ ਅਕਾਲ ਤਖਤ ਤੋਂ ਪੰਜ ਪਿਆਰਿਆਂ ਰਾਹੀਂ ਜਥੇਦਾਰ ਸ: ਹਰਚਰਨ ਸਿੰਘ ਹੁਡਿਆਰਾ ਵਲੋਂ ਦੋਹਾਂ ਨੂੰ ਦੰਡ ਲਗਾਇਆ ਗਿਆ ਸੀ ।

੫ ਦਸੰਬਰ ੧੯੬੧ ਕੈਪਟਨ ਗੁਰਬਚਨ ਸਿੰਘ ਜੀ ਸਲਾਰੀਆ ਦੇਸ਼ ਦੀ ਰਖਿਆ ਲਈ ਸਿਮਰਨ ਕਰਕੇ ਜੂਝਦੇ ਹੋਏ ਸ਼ਹੀਦ ਹੋਏ ਮਰਨ ਤੋਂ ਪਿਛੋਂ ਪਰਮ-ਵੀਰ ਚਕਰ ਦਾ ਸਨਮਾਨ ਮਿਲਿਆ ।

੧੭-੧੮- ਦਸੰਬਬ ੧੯੬੧ ਗੋਆ ਵਿਖੇ ਪੁਰਤਗਾਲੀ ਹਾਕਮ ਜ਼ੁਲਮ ਕਰਦੇ ਹਨ ਗੰਗੂ ਪੰਡਤ ਨਹਿਰੂ ਸਿਖ ਫੌਜੀ ਜਰਨੈਲਾਂ ਦੇ ਹਾੜ੍ਹੇ ਕਢਣ ਲਗਾ ਤਾਂ ਧਰਮੀ ਫੌਜੀ ਜਰਨੈਲਾਂ ਨੇ ਸਿਮਰਨ ਕਰਦੇ ਜੈਕਾਰੇ ਗੁੰਜਾਉਂਦੇ ਕੇਵਲ ੨੪ ਘੰਟੇ ਵਿਚ ਹੀ ਗੋਆ ਤੇ ਕਬਜਾ ਕਰਕੇ ਪੰਜਮ ਵਿਖੇ ਤਿਰੰਗਾ ਲਹਿਰਾ ਦਿਤਾ ਸਿਖ ਦੇਸ਼ ਦੀ ਰਖਿਆ ਵਾਸਤੇ ਕੁਰਬਾਨੀ ਦੇ ਬੱਕਰੇ ਹੀ ਸਮਝੇ ਜਾਂਦੇ ਰਹੇ ।

੨੭ ਤੋਂ ੨੯ ਦਸੰਬਰ ੧੯੬੧, ੪੩ਵੀਂ ਸਿਖ ਐਜੂਕੇਸ਼ਨਲ ਕਾਨਫਰੰਸ, ਇੰਦੌਰ ਵਿਖੇ ਹੋਈ ।

੨੪ ਫ਼ਰਵਰੀ ੧੯੬੨ ਆਮ ਅਸੈਂਬਲੀ ਚੋਣਾ ਹੋਈਆਂ, ਸ: ਪ੍ਰਤਾਪ ਸਿੰਘ ਕੈਰੋਂ ਦੇ ਮੁਕਾਬਲੇ ਵਿਚ ਜਥੇਦਾਰ ਮੋਹਨ ਸਿੰਘ ਤੁੜ ਸਨ, ਪਰ ਪ੍ਰਤਾਪ ਸਿੰਘ ਕੈਰੋਂ ਨੂੰ ਕੇਵਲ ੩੪ ਵੋਟਾਂ ਦੇ ਵਾਧੇ ਨਾਲ ਜਿੱਤ ਦਾ ਐਲਾਨ ਕੀਤਾ ਗਿਆ ।

੧੧ ਮਾਰਚ ੧੯੬੨ ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਸ: ਕਿਰਪਾਲ ਸਿੰਘ ਚਕਸ਼ੇਰੇ ਵਾਲਾ ਬਣ ਗਿਆ ।

੧੨ ਮਾਰਚ ੧੯੬੨ ਸ: ਪ੍ਰਤਾਪ ਸਿੰਘ ਕੈਰੋ ਮੁਖ ਮੰਤਰੀ ਬਣ ਗਿਆ । ਗਿ: ਕਰਤਾਰ ਸਿੰਘ, ਦਰਬਾਰਾ ਸਿੰਘ, ਡਾ: ਪ੍ਰਕਾਸ਼ ਕੌਰ, ਨਰਿੰਜਨ ਸਿੰਘ ਤਾਲਬ, ਪ੍ਰੇਮ ਸਿੰਘ ਪ੍ਰੇਮ, ਗਿ: ਜ਼ੈਲ ਸਿੰਘ, ਕੈਪਟਨ ਰਤਨ ਸਿੰਘ, ਹਰਚਰਨ ਸਿੰਘ ਬਰਾੜ, ਹਰਚੰਦ ਸਿੰਘ ਵਜ਼ੀਰ ਬਣ ਗਏ, ਪਰ ਗਿਆਨ ਸਿੰਘ ਰਾੜੇਵਾਲਾ ਮੂੰਹ ਵੇਖਦਾ ਰਿਹਾ । ਸ: ਗੁਰਨਾਮ ਸਿੰਘ ਅਕਾਲੀ ਪਾਰਟੀ ਲੀਡਰ ਸੀ ।

੨੮ ਮਾਰਚ ੧੯੬੨ ਸੂਰਬੀਰ ਸ: ਅਮਰ ਸਿੰਘ ਝਬਾਲ, ੭੪ ਸਾਲ ਦੀ ਉਮਰ ਤਕ, ਗੁਰੂ ਪੰਥ ਦੀ ਸੇਵਾ ਕਰਦੇ, ਅਕਾਲ ਚਲਾਣਾ ਕਰ ਗਏ ।

੪ ਅਪ੍ਰੈਲ ੧੯੬੨ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਾਇਮ ਹੋਈ, ਰਾਸ਼ਟਰ-ਪਤੀ ਡਾ: ਰਾਧਾ ਕ੍ਰਿਸ਼ਨਨ ਨੇ ਉਦਘਾਟਨ ਕੀਤਾ । ਡਾ: ਜੋਧ ਸਿੰਘ

ਵਾਈਸਚਾਂਸਲਰ ਬਣ ਗਿਆ। ਅਤੇ ੧੯੬੫ ਤਕ ਰਿਹਾ।

੧੬ ਅਪ੍ਰੈਲ ੧੯੬੨ ਸ਼੍ਰੋਮਣੀ ਅਕਾਲੀ ਦਲ ਦੇ ਮੁਢਲੇ ਮੈਂਬਰਾਂ ਦੀ ਇਕਤਰਤਾ ਹੋਈ।

੩੦ ਜੂਨ ੧੯੬੨ ਸ਼ਰੋਮਣੀ ਅਕਾਲੀ ਦਲ ਦੀ ਚੋਣ ਹੋਈ, ਜੀਵਨ ਸਿੰਘ ਉਮਰਾ ਨੰਗਲ ਨੂੰ ਪੰਥ ਵਿਰੋਧੀ ਕਾਰਵਾਈਆਂ ਸਦਕਾ ਮੁਅਤਲ ਕਰ ਦਿਤਾ ਗਿਆ।

੪ ਅਗਸਤ ੧੯੬੨ ਸੰਤ ਫਤਹਿ ਸਿੰਘ ਸੰਤ ਚੰਨਣ ਸਿੰਘ, ਸ: ਹਰਚਰਨ ਸਿੰਘ ਹੁੜਿਆਰਾ, ਲਛਮਣ ਸਿੰਘ ਗਿਲ, ਜੀਵਨ ਸਿੰਘ ਉਮਰਾ ਨੰਗਲ ਆਦਿ ਪ੍ਰਤਾਪ ਸਿੰਘ ਕੈਰੋਂ ਦੀ ਸ਼ਹਿ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਪ੍ਰਬੰਧਾਂ ਵਿਚ ਦਖਲ ਦੇ ਕੇ ਕਬਜ਼ਾ ਕਰਨ ਦੀਆਂ ਸਾਜ਼ਸ਼ਾਂ ਕਰਨ ਲਗੇ।

੧੧ ਅਗਸਤ ੧੯੬੨ ਚੀਨ ਨਾਲ ਲਦਾਖ ਵਿਖੇ ਜੰਗ ਸਮੇਂ ਸਿਖਾਂ ਨੇ ਕੁਰਬਾਨੀਆਂ ਦੇ ਕੇ ਫਤਹਿ ਕੀਤਾ, ਪਰ ਪਰਮਵੀਰ ਚਕਰ ਟੀ. ਵੀ. ਸੀਰੀਅਲ ੯ ਸਤੰਬਰ ੧੯੯੦ ਐਤਵਾਰ ਨੂੰ ਵਿਖਾਉਣ ਸਮੇਂ ਕਿਸੇ ਸਿਖ ਦੀ ਸ਼ਕਲ ਤਕ ਨਹੀਂ ਵਿਖਾਈ ਗਈ।

੨੪ ਅਗਸਤ–੪ ਸਤੰਬਰ ੧੯੬੨ ਚੌਥੀ ਏਸ਼ਿਆਈ ਖੇਡਾ, ਜਕਾਰਤਾ, ਇੰਡੋਨੇਸ਼ੀਆ ਵਿਖੇ ਮ: ਮਿਲਖਾ ਸਿੰਘ, ਗੁਰਨਾਮ ਸਿੰਘ, ਤਰਲੋਕ ਸਿੰਘ, ਮਹਿੰਦਰ ਸਿੰਘ ਨੇ ਕੌਮ ਦਾ ਨਾਮ ਉਚਾ ਕੀਤਾ।

੨ ਅਕਤੂਬਰ ੧੯੬੨ ਸੰਤ ਚੰਨਣ ਸਿੰਘ ਸ਼ਰੋਮਣੀ ਗੁਰਦਵਾਰਾ ਕਮੇਟੀ ਦਾ ਪ੍ਰਧਾਨ ਬਣ ਗਿਆ, ਸੰਤ ਫਤਹਿ ਸਿੰਘ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੀ।

ਚੀਨ ਵਲੋਂ ਹਮਲਾ ਕਰਨ ਦੀ ਧਮਕੀ ਮਿਲੀ ਪੰਚਸ਼ੀਲ ਦੌਂਗ, ਹਿੰਦੀ-ਚੀਨੀ ਭਾਈ ਦਾ ਭੋਗ ਪੈ ਗਿਆ ਤਾਂ ਨਹਿਰੂ ਫੌਜੀ ਸਿਖ ਜਰਨੈਲਾਂ ਦੇ ਤਰਲੇ ਕਰਨ ਲਗਾ। ਦੇਸ਼ ਨੂੰ ਬਚਾਉ।

੨੪ ਅਕਤੂਬਰ ੧੯੬੨ ਗੰਗੂ ਪੰਡਤ ਨਹਿਰੂ ਨੇ ਚੀਨ ਦੇ ਦੁਸ਼ਮਨ ਤਿਬਤੀ ਦਲਾਈ ਲਾਮੇ ਨੂੰ ਭਾਰਤ ਵਿਚ ਸ਼ਰਨ ਦੇ ਕੇ, ਚੀਨ ਨੂੰ ਆਪਣਾ ਦੁਸ਼ਮਨ ਬਣਾ ਲਿਆ, ਚੀਨ ਨੇ ਵਾਲੋਂਗ ਵਿਖੇ ਭਾਰੀ ਹਮਲਾ ਕਰ ਦਿਤਾ। ਲੈਸ ਨਾਇਕ ਗੁਰਦਿਆਲ ਸਿੰਘ ਅਤੇ ਜਮਾਦਾਰ ਜਸਵੰਤ ਸਿੰਘ, ਸੂਬੇਦਾਰ ਜੋਗਿੰਦਰ ਸਿੰਘ ਨੂੰ ਮਹਾਂਵੀਰ ਚਕਰ ਮੈਡਲ ਸਨਮਾਨ ਵਜੋਂ ਮਿਲੇ ਸਨ।

੨੭ ਅਕਤੂਬਰ ੧੯੬੨ ਧਰਮੀ ਫੌਜੀ ਸਿੰਘ ਅਕਾਲਪੁਰਖ ਦਾ ਸਿਮਰਨ ਕਰਦੇ

ਜੈਕਾਰੇ ਗੁੰਜਾਉਂਦੇ ਨੇਫਾ ਤਕ ਪਹੁੰਚ ਗਏ। ਲਾਲ ਬਹਾਦਰ ਸ਼ਾਸਤਰੀ ਹੋਮ ਮਨਿਸਟਰ ਸੀ ਉਸ ਨੇ ਜੈ ਕਿਸਾਨ ਜੈ ਜਵਾਨ ਦੇ ਨਾਹਰੇ ਲਗਵਾਏ, ਸੂਰਬੀਰ ਸਿੰਘਾਂ ਨਾਇਕ ਨਥਾ ਸਿੰਘ, ਹਵਾਲਦਾਰ ਲਾਭ ਸਿੰਘ, ਗੁਰਮੁਖ ਸਿੰਘ, ਟਹਿਲ ਸਿੰਘ, ਮੇਲਾ ਸਿੰਘ, ਸੰਤੋਸ਼ ਸਿੰਘ, ਗੁਰਦੀਪ ਸਿੰਘ, ਸੂਬੇਦਾਰ ਜੋਗਿੰਦਰ ਸਿੰਘ ਨੇ ਟਵਾਂਗ ਉਪਰ ਕਬਜ਼ਾ ਕਰ ਲਿਆ। ਹਵਾਲਦਾਰ ਸਰੂਪ ਸਿੰਘ, ਪਿਆਰਾ ਸਿੰਘ, ਬਚਨ ਸਿੰਘ ਨੇ ਟੌਂਗ ਪੈਗਲਾ ਦੀ ਚੋਟੀ ਉਪਰ ਕਬਜ਼ਾ ਕਰ ਲਿਆ। ਹਵਾਈ ਸੈਨਾ ਦੇ ਚੀਫ਼ ਮਾਰਸ਼ਲ ਸ: ਅਰਜਨ ਸਿੰਘ ਨੇ ਚੀਨੀ ਦੁਸ਼ਮਨਾਂ ਦੀ ਭੂਤਨੀ ਭੁਆ ਦਿਤੀ, ਚੂ-ਇਨ ਲਾਈ ਨੂੰ ਨਾਨੀ ਚੇਤੇ ਕਰਵਾ ਦਿਤੀ, ਰੂਸ ਦਾ ਪ੍ਰਧਾਨ ਕੋਸੀ ਜਨ ਸੀ; ਲੈਫ: ਜਨਰਲ ਬਿਕਰਮ ਸਿੰਘ ਜੀ ਲਦਾਖ ਵਲ ਪੁੰਛ ਵਿਖੇ ਜੂਝਦੇ ਹੋਏ ਸ਼ਹੀਦ ਹੋ ਗਏ। ਸ: ਗੁਰਦੀਪ ਸਿੰਘ, ਪ੍ਰੀਤਮ ਸਿੰਘ, ਸਰਵਨ ਸਿੰਘ, ਮੇਜਰ ਅਜੀਤ ਸਿੰਘ ਜੀ ਨੂੰ ਮਹਾਵੀਰ ਚਕਰ ਮੈਡਲ ਸਨਮਾਨ ਵਜੋਂ ਦਿਤੇ ਗਏ। ਜਦੋਂ ਵੀ ਦੇਸ਼ ਦੇ ਕਿਸੇ ਹਿਸੇ ਵਲ ਦੁਸ਼ਮਨਾ ਨੇ ਹਮਲਾ ਕੀਤਾ ਤਾਂ ਸੂਰਬੀਰ ਧਰਮੀ ਸਿਖ ਫੌਜਾਂ ਜਰਨੈਲਾਂ ਨੇ ਹੀ ਅਕਾਲਪੁਰਖ ਦਾ ਸਿਮਰਨ ਕਰਦੇ ਜੈਕਾਰੇ ਗੁਜਾਉਂਦੇ ਦੁਸ਼ਮਨਾਂ ਨੂੰ ਮੂੰਹ ਭਨਵੇਂ ਉਤਰ ਦਿਤੇ, ਆਪ ਤੋਪਾਂ ਦੇ ਗੋਲਿਆਂ ਨਾਲ ਸ਼ਹੀਦ ਹੋਏ, ਪਰ ਇਨ੍ਹਾਂ ਅਕ੍ਰਿਤਘਣ ਗੰਗੂ ਪੰਡਤਾਂ ਨੂੰ ਦੇਸ਼ ਭਗਤਾਂ ਦੀ ਕੋਈ ਕਦਰ ਹੀ ਨਹੀਂ, ਸਿਖਾਂ ਨੂੰ ਫੌਜਾਂ ਵਿਚ ਭਰਤੀ ਨਹੀਂ ਕੀਤਾ ਜਾ ਰਿਹਾ, ਭਵਿਖ ਵਿਚ ਦੇਸ਼ ਦੀ ਤਾਕਤ ਕਮਜ਼ੋਰ ਹੋ ਜਾਵੇਗੀ। ਗੰਗੂ ਪੰਡਤ ਨਹਿਰੂ ਨੇ ਸਿਖਾਂ ਵਿਚ ਪਾੜੋ ਰਾਜ ਕਰੋ ਦੀ ਕੁਟਲ ਨੀਤੀ ਅਨੁਸਾਰ ਹੁਕਮ ਸਿੰਘ ਨੂੰ ਡਿਪਟੀ ਸਪੀਕਰ ਲੋਕ ਸਭਾ ਅਤੇ ਸ: ਉਜਲ ਸਿੰਘ ਨੂੰ ਗਵਰਨਰ ਬਣਾ ਦਿਤਾ। ਡਾ: ਰਾਮ ਮਨੋਹਰ ਲੋਹੀਆ ਗੰਗੂ ਪੰਡਤ ਨਹਿਰੂ ਦੀਆਂ ਕਮੀਨੀਆਂ ਸਾਜ਼ਸ਼ਾਂ ਤੋਂ ਦੁਖੀ ਸੀ। ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਪ੍ਰਬੰਧ, ਮਹੰਤ ਪੁਜਾਰੀਆਂ ਤੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ।

ਨਵੰਬਰ ੧੯੬੨ ਜਥੇਦਾਰ ਕਰਤਾਰ ਸਿੰਘ ਜੀ ਝਬਰ, ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੨੧ ਤੋਂ ੨੩ ਦਸੰਬਰ ੧੯੬੨ : ੪੪ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਦਿੱਲੀ ਵਿਖੇ ਹੋਈ।

੩ ਫ਼ਰਵਰੀ ੧੯੬੩ ਆਲ ਇੰਡੀਆ ਸਿੱਖ ਸਟੂਡੰਟ ਫੈਡਰੈਨਸ਼ ਦੇ ਪ੍ਰਧਾਨ

ਸ: ਮੱਖਣ ਸਿੰਘ ਬਣ ਗਏ ਜੋ ੧੮ ਫ਼ਰਵਰੀ ੧੯੯੮ ਤਕ ਸਰਗਰਮ ਰਹੇ।

ਫ਼ਰਵਰੀ ੧੯੯੩ ਸ: ਪ੍ਰਤਾਪ ਸਿੰਘ ਕੈਰੋ ਨੇ ਪੰਜਾਬੀ ਸੂਬਾ ਆਦਿ ਮੰਗਾ ਵਿਰੁਧ ਜਬਰ, ਜ਼ੁਲਮ ਜਾਰੀ ਰਖਿਆ।

੨੬ ਮਾਰਚ ੧੯੯੩ ਸ: ਸਰਦੂਲ ਸਿੰਘ ਕਵੀਸ਼ਰ ੭੭ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੮ ਅਪ੍ਰੈਲ ੧੯੯੩ ਨੂੰ ਸ: ਧਨਵੰਤ ਸਿੰਘ ਸੀਤਲ, ਪੰਜਾਬੀ ਬਾਲ ਸਾਹਿਤ ਅਕਾਡਮੀ ਕਾਇਮ ਕੀਤੀ ਗਈ।

੬ ਅਕਤੂਬਰ ੧੯੯੩ ਪੰਥ ਦੇ ਨਿਧੜਕ ਜਰਨੈਲ ਬਾਬਾ ਖੜਕ ਸਿੰਘ ਜੀ ਬੇ-ਤਾਜ ਬਾਦਸ਼ਾਹ ਸੇਵਾ ਸਿਮਰਨ ਕਰਦੇ ੯੫ ਸਾਲ ਦੀ ਉਮਰ ਵਿਚ ਬਰਾਜ ਗਏ। ਆਪ ਜੀ ਦਾ ਅਦਾਲਤ ਵਿਚ ਬਿਆਨ ੪ ਦਸੰਬਰ ੧੯੨੩ ਵਾਲਾ ਸਾਰੀ ਕੌਮ ਲਈ ਪ੍ਰੇਰਣਾ ਦਾਇਕ ਹੈ ਹਰ ਸਾਲ ਇਨ੍ਹਾਂ ਦੀ ਯਾਦ ਮਨਾਈ ਜਾਂਦੀ ਹੈ।

੧੯੯੩ ਸ: ਅਰਜਨ ਸਿੰਘ ਜੀ ਗੜਗਜ ੫੮ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੯ ਅਕਤੂਬਰ ੧੯੯੩ ਡਾ: ਸੈਫਉਦ-ਦੀਨ ਕਿਚਲੂ ਅਲਾਹ ਨੂੰ ਪਿਆਰੇ ਹੋ ਗਏ।

੧੯੯੩ ਅਮਰੀਕਾ ਦੇ ਨੌਜਵਾਨ ਪ੍ਰਧਾਨ ਜੌਹਨ ਕੈਨੇਡੀ ਨੂੰ ਕਤਲ ਕਰ ਦਿਤਾ ਗਿਆ।

੨੮ ਅਗਸਤ ੧੯੯੩ ਸਾਰੀਆਂ ਪਾਰਟੀਆਂ ਵਲੋਂ ਪ੍ਰਤਾਪ ਸਿੰਘ ਕੈਰੋ ਵਿਰੁਧ ਕੁਰਪਸ਼ਨ ਚਾਰਜ ਲਗਾਏ ਗਏ; ਸ੍ਰੀ ਐਸ ਆਰ ਦਾਸ ਪੜਤਾਲ ਕਰਨ ਲਗੇ, ਕਾਮਰੇਡ ਰਾਮ ਪਿਆਰਾ ਨੇ ਕੈਰੋ ਦੇ ਵਿਰੁਧ ਹਲਫੀ ਬਿਆਨ ਦਿਤੇ ਤਾਂ ਉਸ ਨੂੰ ਮਾਰਨ ਵਾਸਤੇ ਕਾਤਲਾਨਾ ਹਮਲਾ ਕਰਨਾਲ ਵਿਖੇ ੧੭ ਜੁਲਾਈ ੧੯੯੩ ਨੂੰ ਕਰਵਾਇਆ ਗਿਆ।

੧੩ ਤੋਂ ੧੫ ਦਸੰਬਰ ੧੯੯੩ : ੪੫ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਧੰਨਬਾਦ ਵਿਖੇ ਹੋਈ।

੧੮ ਅਪ੍ਰੈਲ ੧੯੯੪ ਸੰਤ ਫਤਹਿ ਸਿੰਘ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ।

ਅਪ੍ਰੈਲ ੧੯੯੪ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਬਦੇਸ਼ਾਂ ਤੋਂ ਅਮਰੀਕਾ, ਜਰਮਨ, ਜਾਪਾਨ, ਇੰਗਲੈਂਡ, ਆਸਟਰੇਲੀਆ, ਫਰਾਂਸ, ਪੋਲੈਂਡ, ਕੈਨੇਡਾ, ਫਿਨਲੈਂਡ, ਯੋਗੋਸਲਾਵੀਆ, ਬੈਲਜੀਅਮ, ਹਾਲੈਂਡ,

ਮਲੇਸ਼ੀਆ ਤੋਂ ੫੦੦ ਯਾਤਰੂ ਪਹੁੰਚੇ ਸਨ ।

੨੨ ਮਈ ੧੯੬੩ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ (ਹਮਾਚਲ) ਵਿਖੇ ਗੰਗੂ ਸਰਕਾਰ ਵਲੋਂ ਗੋਲੀ ਚਲਾ ਕੇ ਨਿਹੰਗ ਸਿੰਘ ਸ਼ਹੀਦ ਕਰ ਦਿਤੇ ਗਏ । ਨਹਿਰੂ ਨੂੰ ਕਾਫੀ ਸਦਮਾਂ ਹੋਇਆ ।

੨੭ ਮਈ ੧੯੬੪ ਗੰਗੂ ਪੰਡਤ ਨਹਿਰੂ ਮਰ ਗਿਆ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਿਆ । ਇਹ ਸਿਖਾਂ ਨੂੰ ਨਫ਼ਰਤ ਹੀ ਕਰਦਾ ਰਿਹਾ ਤਿਬਤੀ ਲਾਮਿਆ ਨੂੰ ਧਰਮਸਾਲਾ ਦਾ ਇਲਾਕਾ ਦੇ ਦਿਤਾ ।

੧੧ ਜੂਨ ੧੯੬੪ ਸ੍ਰੀ ਸੀ. ਆਰ. ਦਾਸ ਕਮਿਸ਼ਨ ਵਲੋਂ ਪ੍ਰਤਾਪ ਸਿੰਘ ਕੈਰੋ ਦੇ ਵਿਰੁਧ ਰਿਪੋਟ ਦਿਤੀ ਗਈ ।

੧੪ ਜੂਨ ੧੯੬੪ ਪ੍ਰਤਾਪ ਸਿੰਘ ਕੈਰੋ ਨੇ ਅਸਤੀਫਾ ਦੇ ਦਿਤਾ, ਸਿਖਾਂ ਨੂੰ ਸੁਖ ਦਾ ਸਾਹ ਆਇਆ ।

੨੧ ਜੂਨ ੧੯੬੪ ਪ੍ਰਤਾਪ ਸਿੰਘ ਕੈਰੋ ਦੀ ਥਾਂ, ਡਾ: ਗੋਪੀ ਚੰਦ ਭਾਰਗੋ ਐਕਟਿੰਗ ਮੁਖ ਮੰਤਰੀ ਬਣਾ ਦਿਤਾ ਗਿਆ ।

ਜੂਨ ੧੯੬੪ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਬਦੇਸ਼ਾਂ ਤੋਂ ਇਟਲੀ, ਨਿਊਜ਼ੀਲੈਂਡ, ਸਵੀਡਨ, ਹੰਗਰੀ, ਆਇਰਲੈਂਡ, ਅਫਗਾਨਿਸਤਾਨ, ਮਿਸਰ, ਡੈਨ ਮਾਰਕ, ਹਾਲੈਂਡ, ਮੈਕਸੀਕੋ, ਟਰਕੀ, ਰੂਸ, ਕੀਨੀਆ ਮਲਾਇਆ, ਬਰਾਜ਼ੀਲ, ਨਾਰਵੇ, ਸਪੇਨ ਆਦਿ ਦੇਸ਼ਾਂ ਤੋਂ ੨੦੦ ਤੋਂ ਵਧ ਯਾਤਰੂ ਪਹੁੰਚੇ ।

੧੩ ਜੁਲਾਈ ੧੯੬੪ ਸ: ਜਸਵੰਤ ਸਿੰਘ ਝਬਾਲ ੬੬ ਸਾਲ ਦੀ ਉਮਰ ਤਕ ਗੁਰੂ ਪੰਥ ਦੀ ਸੇਵਾ ਕਰਦੇ ਅਕਾਲ ਚਲਾਣਾ ਕਰ ਗਏ ।

੬ ਜੁਲਾਈ ੧੯੬੪ ਕਾਮਰੇਡ ਰਾਮ ਕਿਸ਼ਨ ਨੂੰ ਅਚਾਨਕ ਹੀ ਮੁਖ ਮੰਤਰੀ ਬਣਾ ਦਿਤਾ ਗਿਆ । ਦਰਬਾਰਾ ਸਿੰਘ, ਕਪੂਰ ਸਿੰਘ, ਗੁਰਦਿਆਲ ਸਿੰਘ ਢਿਲੋਂ, ਅਜਮੇਰ ਸਿੰਘ ਪ੍ਰੇਮ ਸਿੰਘ ਪ੍ਰੇਮ, ਕੈਪਟਨ ਰਤਨ ਸਿੰਘ, ਗੁਰਮੀਤ ਸਿੰਘ, ਮੇਜਰ ਹਰਿੰਦਰ ਸਿੰਘ ਵਜ਼ੀਰ ਬਣ ਕੇ ਆਜ਼ਾਦੀ ਦਾ ਅਨੰਦ, ਅਯਾਸ਼ੀ ਕਰਨ ਲਗੇ । ਪਰ ਪ੍ਰਤਾਪ ਸਿੰਘ ਕੈਰੋ ਗਿ: ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ ਵਜ਼ੀਰੀ ਖੁਸ ਜਾਣ ਕਰਕੇ ਮ: ਤਾਰਾ ਸਿੰਘ ਦੀਆਂ ਪਰਕਰਮਾ ਕਰਨ ਲਗੇ । ਪ੍ਰਤਾਪ ਸਿੰਘ ਕੈਰੋ ਦਾ ਪਿਤਾ ਭਾਈ ਨਿਹਾਲ ਸਿੰਘ ਗੁਰਮਤਿ ਦੇ ਪ੍ਰਚਾਰ ਸੁਧਾਰ ਵਾਸਤੇ ਸਿੰਘ ਸਭਾ ਲਹਿਰ ਦਾ ਮੋਢੀ ਮੈਂਬਰ ਸੀ ਹੈਰਾਨੀ ਹੈ ਕਿ ਪ੍ਰਤਾਪ ਸਿੰਘ ਕੈਰੋ ਮ: ਤਾਰਾ ਸਿੰਘ ਦੀ ਹਰ ਗਲ ਦਾ ਡਟ ਕੇ ਵਿਰੋਧ ਕਰਦਾ ਰਿਹਾ ਅਤੇ ਸਾਰੀ ਕੌਮ ਤੇ

੧੧ ਸਾਲ ਜ਼ੁਲਮ ਹੀ ਕਰਦਾ ਰਿਹਾ ।

੨੭ ਅਗਸਤ ੧੯੬੪ ਮਾਸਟਰ ਤਾਰਾ ਸਿੰਘ ਦੇ ਗਰੁਪ ਨੂੰ ਗ੍ਰਿਫਤਾਰ ਕਰਕੇ ਜੇਲਾਂ ਵਿਚ ਆਜ਼ਾਦੀ ਦਾ ਅਨੰਦ ਮਾਨਣ ਵਾਸਤੇ ਭੇਜ ਦਿਤਾ ਗਿਆ ।

ਅਗਸਤ ੧੯੬੪ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਬਦੇਸ਼ਾਂ ਤੋਂ ੫੦੦ ਯਾਤਰੂ ਪਹੁੰਚੇ ।

੧੯੬੪ ਗਿ: ਹੀਰਾ ਸਿੰਘ ਦਰਦ ਐਡੀਟਰ ਅਕਾਲੀ ਅਖਬਾਰ ੬੫ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ।

੧੯੬੪ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਸਸਤਰ ਇੰਗਲੈਂਡ ਤੋਂ ਦਿੱਲੀ ਲਿਆਂਦੇ ਗਏ, ਇਨ੍ਹਾਂ ਸ਼ਸਤਰਾਂ ਦੇ ਨਾਲ ਇਕ ਅੰਗਰੇਜ਼ ਕਮਾਂਡਰ ਏ ਡੇਵਿਡ ਜੋ ੧੯੪੪ ਵਿਚ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਸੀ, ਇੰਗਲੈਂਡ ਤੋਂ ਆਇਆ ਅਤੇ ਬੰਗਲਾ ਸਾਹਿਬ ਵਿਖੇ ਆਪਣੀ ਸਿੰਘ ਸਜਣ ਦੀ ਕਹਾਣੀ ਸੰਗਤਾਂ ਨੂੰ ਬਿਆਨ ਕੀਤੀ ਸੀ ਹੁਣ ਇਹ ਪਵਿੱਤਰ ਸ਼ਸਤਰ, ਤਪਤ ਕੇਸਗੜ੍ਹ ਸਾਹਿਬ ਵਿਖੇ ਦਰਸ਼ਨਾਂ ਲਈ ਰਖੇ ਹਨ ।

੧੯੬੪ ਭਾਰਤੀ ਕਮਿਉਨਿਸਟ ਪਾਰਟੀ ਵਿਚ ਫੁਟ ਪੈ ਗਈ ਤਾਂ ਦੋ ਧੜੇ ਬਣ ਗਏ ।

੧੯੬੪ ਟੋਕਿਉ ਓਲੈਪਕਸ ਖੇਡਾ ਵਿਖੇ ਗੁਰਬਚਨ ਸਿੰਘ, ਮਿਲਖਾ ਸਿੰਘ ਆਦਿ ਨੇ ਕੌਮ ਦਾ ਨਾਮ ਉਚਾ ਕੀਤਾ ।

੧੯੬੪ ਬੇਰ ਦੁਖ ਭੰਜਣੀ ਦੇ ਗੁਰਦੁਆਰਾ ਸਾਹਿਬ ਵਾਲੀ ਇਮਾਰਤ ਸ: ਮੇਹਰ ਸਿੰਘ ਚਢਾ ਬੰਬਈ ਵਾਲੇ ਵਲੋਂ ਸੰਗਮਰਮਰ ਲਗਵਾ ਕੇ ਸੇਵਾ ਕਰਵਾਈ ਗਈ ।

੧੯੬੪ ਸ: ਗੋਪਾਲ ਸਿੰਘ ਅਤੇ ਭਾਈ ਸੰਤਾ ਸਿੰਘ ਜੀ ਰਾਗੀ ਅਕਾਲ ਚਲਾਣਾ ਕਰ ਗਏ ।

੧੯੬੪ ਗਿ: ਮਹਿੰਦਰ ਸਿੰਘ ਸੇਠੀ ਪ੍ਰਧਾਨ ਪੰਜਾਬੀ ਸਾਹਿਤ ਸਭਾ, ਪ੍ਰੇਮ ਨਗਰ, ਢਾਕੀ ਰੋਡ, ਪਠਾਨਕੋਟ ਵਲੋਂ ਪੰਜਾਬੀ ਵੀਰ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ ।

੧੯੬੫ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤਰ ਸੁੰਦਰ ਕਲਗੀ, ਜੋ ਮ: ਰਣਜੀਤ ਸਿੰਘ ਜੀ ਦੇ ਲਾਹੌਰ ਦਰਬਾਰ ਵਿਚ ਸੀ, ੧੮੫੦ ਵਿਚ ਲਾਰਡ ਡਲਹੌਜੀ ਇੰਗਲੈਂਡ ਲੈ ਗਿਆ ਸੀ, ਹੁਣ ਉਹ ਉਥੇ ਐਲਬਰਟ ਵਿਖੇ ਪਈ ਹੈ । ਕੋਹ-ਨੂਰ ਹੀਰਾ ਵੀ ਇੰਗਲੈਂਡ ਹੈ । ਸ਼ਰੋਮਣੀ ਗੁ: ਪ੍ਰ:

ਕਮੇਟੀ ਵਲੋਂ ਇਨ੍ਹਾਂ ਬਾਰੇ ਮੰਗ ਕੀਤੀ ਗਈ ਹੈ।

੧੮ ਜਨਵਰੀ ੧੯੬੫ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀਆਂ ਆਮ ਚੋਣਾਂ ਹੋਈਆਂ, ਸੰਤ ਚੰਨਣ ਸਿੰਘ, ਸੰਤ ਫਤਹਿ ਸਿੰਘ ਧੜਾ ਜਿੱਤ ਗਿਆ, ਪੰਜਾਬੀ ਸੂਬੇ ਦੀ ਮੰਗ ਨੂੰ ਦੁਹਰਾਇਆ ਗਿਆ, ਪਰ ਪਾਕਿਸਤਾਨ ਨਾਲ ਲੜਾਈ ਕਾਰਣ, ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ, ਧਰਮੀ ਸੂਰਬੀਰ ਫੌਜੀ ਜਰਨੈਲਾਂ ਦੇ ਹਾੜੇ ਕਢਣ ਲਗਾ ਭਾਰਤ ਦੇ ਗੰਗੂ ਹਾਕਮਾਂ ਵਲੋਂ ਪਹਿਲੀ ਡੀਫੈਂਸ ਲਾਈਨ ਬਿਆਸ ਰਖੀ ਗਈ ਅਰਥਾਤ ਅੰਮ੍ਰਿਤਸਰ, ਗੁਰਦਾਸਪੁਰ ਦੇ ਇਲਾਕੇ ਦੇ ਸਿਖ ਤਬਾਹ ਹੋ ਜਾਣ ਪਰ ਸੂਝਵਾਨ ਲੈਫ: ਜਨਰਲ ਸ: ਹਰਬਖਸ਼ ਸਿੰਘ ਜੀ ਅਤੇ ਏਅਰ ਮਾਰਸ਼ਲ ਸ: ਅਰਜਨ ਸਿੰਘ ਜੀ ਨੇ, ਇਸ ਸਾਜਸ਼ ਦਾ ਡਟ ਕੇ ਵਿਰੋਧ ਕੀਤਾ ਸੀ।

ਅਕਾਲ ਪੁਰਖ ਦਾ ਸਿਮਰਨ ਕਰਦੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਹਾਜ਼ਰ ਹੋ ਕੇ ਸਫਲਤਾ ਲਈ ਅਰਦਾਸ ਕੀਤੀ, ਸਾਰੀ ਜੰਗ ੧੮ ਦਿਨ ਵਿਚ ਫ਼ਤਹਿ ਕਰਕੇ ਫਿਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨਾ ਕੀਤਾ ਗਿਆ।

੩੦ ਜੂਨ ਤੋਂ ੧ ਫਰਵਰੀ ੧੯੬੫ ੪੬ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਪੂਨਾ ਵਿਖੇ ਹੋਈ

੬ ਫਰਵਰੀ ੧੯੬੫ ਸ: ਪ੍ਰਤਾਪ ਸਿੰਘ ਕੈਰੋਂ ਦਿੱਲੀ ਤੋਂ ਵਾਪਸ ਆ ਰਿਹਾ ਸੀ ਤਾਂ ਸ: ਸੁਚਾ ਸਿੰਘ ਅਤੇ ਸ: ਬਲਦੇਵ ਸਿੰਘ ਨੇ ਪਿੰਡ ਰਸੋਈ ਜੀ.ਟੀ. ਰੋਡ ਹਰਿਆਣਾ ਵਿਖੇ ਕਾਰ ਰੋਕ ਕੇ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਸੀ।

ਬੀਬੀ ਫੂਲਾ ਰਾਣੀ ਵਲੋਂ ਅਕਾਡਮੀ ਆਫ਼ ਫਾਈਨ ਆਰਟਸ ਸ਼ੁਰੂ ਕੀਤੀ ਗਈ।

੧੯੬੫ ਗੰਗੂ ਪੰਡਤਾਂ ਦੀ ਅਕਲ ਦਾ ਦੀਵਾਲਾ ਕਿ ਦੇਸ਼ ਦੇ ਸੂਰਬੀਰ ਸਿੱਖਾਂ ਨੂੰ ਤਾਂ ਨਫ਼ਰਤ ਕਰਨ ਲੱਗੇ ਪਰ ਤਿਬਤੀ ਲਾਮਿਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ, ਮਕਾਨ, ਵਾਪਾਰ, ਵਜ਼ੀਫੇ ਨੌਕਰੀਆਂ ਦੇ ਕੇ ਚੀਨ ਨੂੰ ਆਪਣਾ ਦੁਸ਼ਮਣ ਬਣਾ ਲਿਆ। ਤਿਬਤੀ ਭਾਸ਼ਾ ਆਪ ਪੜ੍ਹਨ ਲੱਗੇ ਪਰ ਪੰਜਾਬੀ ਨੂੰ ਨਫਰਤ ਕਰਦੇ।

੧ ਮਾਰਚ ੧੯੬੫ ਸੰਤ ਠੰਡੀ ਸਿੰਘ ਜੀ ਸ੍ਰੀ ਹੇਮਕੁੰਟ ਸਾਹਿਬ ਦਾ ਤਪ-ਅਸਥਾਨ ਦੀ ਉਸਾਰੀ ਸੇਵਾ ਸਿਮਰਨ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ

ਵਿਚ ਬਰਾਜ ਗਏ।

੧੩ ਅਪ੍ਰੈਲ ੧੯੬੫ ਸੰਤ ਫ਼ਤਹਿ ਸਿੰਘ ਵਲੋਂ ਦਮਦਮਾ ਸਾਹਿਬ ਤਲਵੰਡੀ ਸਾਬੋ ਖਾਲ਼ਸੇ ਦਾ ਪੰਜਵਾਂ ਤਖ਼ਤ ਪ੍ਰਵਾਨ ਹੋਇਆ।

੧੯੬੫ ਸ: ਪਿਆਰਾ ਸਿੰਘ ਜੀ ਪੰਛੀ ੫੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੦ ਜੂਨ ੧੯੬੫ ਸ੍ਰੀ ਗੋਇੰਦਵਾਲ ਬਾਉਲੀ ਸਾਹਿਬ ਦੀ ਕਾਰ ਸੇਵਾ ਹੋਈ ਸੰਗਤਾਂ ਦੇ ਭਾਰੀ ਜਥੇ ਸਿਮਰਨ ਕਰਦੇ ਸ੍ਰੀ ਅੰਮ੍ਰਿਤਸਰ ਤੋਂ ਉਥੇ ਪਹੁੰਚ ਕੇ ਸੇਵਾ ਕਰਨ ਲੱਗੇ।

੧੯੬੫ ਡਾ. ਅਬਦੁਲ ਮਜੀਦ ਖਾਨ ਜੀ ਨੇ ਬਾਬਾ ਸਤਿਗੁਰੂ ਨਾਨਕ ਦੇਵ ਦੇ ਪਵਿਤਰ ਜੀਵਨ ਉਪਦੇਸ਼ ਗੁਰਬਾਣੀ ਵਾਲੇ ਜੀਵਨ ਤੇ ਅਮਲ ਕਰਦੇ, ਹਰ ਥਾਂ ਸੁੰਦਰ ਲੈਕਚਰ ਵਿਖਿਆਨ ਕਰਦੇ। ਇਸੇ ਤਰ੍ਹਾਂ ਗਿ: ਅਬਾਦ ਉਲਾ ਜੀ ਗੁਰਬਾਣੀ ਦੇ ਜੀਵਨ ਵਾਲੇ ਹਨ।

੨੨ ਜੂਨ ੧੯੬੫ ਗਿ: ਹੀਰਾ ਸਿੰਘ ਜੀ ਦਰਦ ੭੬ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੩ ਜੁਲਾਈ ੧੯੬੫ ਸੰਤ ਤੇਜਾ ਸਿੰਘ ਜੀ ੮੭ ਸਾਲ ਦੀ ਉਮਰ ਵਿਚ ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਇਨ੍ਹਾਂ ਦੀ ਯਾਦ ਹਰ ਸਾਲ ਪਿੰਡ ਚੀਮਾਂ (ਸੰਗਰੂਰ) ਵਿਖੇ ਮਨਾਈ ਜਾਂਦੀ ਹੈ।

੪ ਜੁਲਾਈ ੧੯੬੫ ਸ਼੍ਰੋਮਣੀ ਅਕਾਲੀ ਦਲ ਵਲੋਂ ਸ: ਹਰੀ ਸਿੰਘ ਨਲਵਾ ਕਾਨਫ਼ਰੰਸ, ਲੁਧਿਆਣਾ ਵਿਖੇ ਕਰਵਾ ਕੇ ਸਿੱਖਾਂ ਵਾਸਤੇ ਵਧੇਰੇ ਅਧਿਕਾਰਾਂ ਦੀ ਮੰਗ ਕੀਤੀ ਗਈ।

੨੪ ਜੁਲਾਈ ੧੯੬੫ ਮਾਸਟਰ ਤਾਰਾ ਸਿੰਘ ਜੀ ਭਾਵੇਂ ੮੦ ਸਾਲ ਦੇ ਹੋ ਚੁੱਕੇ ਸਨ ਪਰ ਪੰਥ ਆਜ਼ਾਦ ਜ਼ਿੰਦਾਬਾਦ, ਪੰਥ ਦੀ ਚੜ੍ਹਦੀ ਕਲਾ, ਸਿੱਖਾਂ ਦੀ ਆਜ਼ਾਦ ਹਸਤੀ, ਸਿੱਖ ਹੋਮਲੈਂਡ ਦੀ ਗੱਲ ਪੂਰੇ ਜਿਗਰੇ ਨਾਲ ਕਰਦੇ।

੨ ਅਗਸਤ ਮਾਸਟਰ ਸਿੰਘ ਜੀ ਨੇ ਐਲਾਨ ਕੀਤਾ ਕਿ ਸਵਿਟਜ਼ਰਲੈਂਡ ਵਿਖੇ ਜਰਮਨ ਇਟਲੀ ਫਰਾਂਸ ਦੀਆਂ ਕੌਮਾਂ ਦਾ ਸਾਂਝਾ ਰਾਜ ਹੈ, ਸਿੱਖਾਂ ਵਾਸਤੇ ਵੀ ਰਾਜ ਕਰੇਗਾ ਖ਼ਾਲਸਾ ਹੋਵੇ ਪਰ ਗੰਗੂ ਬ੍ਰਾਹਮਣ ਧੋਖੇਬਾਜ਼ ਮਕਾਰ ਹਨ, ਇਹ ਪੰਜਾਬ ਦੇ ਸਿੱਖਾਂ ਅਤੇ ਕਸ਼ਮੀਰ ਦੇ ਮੁਸਲਮਾਨਾਂ ਨੂੰ ਜ਼ਲੀਲ ਕਰਨਾ ਚਾਹੁੰਦੇ ਹਨ।

੭-੮ ਅਗਸਤ ੧੯੬੫ ਸੰਤ ਫ਼ਤਹਿ ਸਿੰਘ ਲਾਲ ਬਹਾਦਰ ਸ਼ਾਸਤਰੀ ਮੁਲਾਕਾਤ

ਹੋਈ, ਪਰ ਕੋਈ ਤਸੱਲੀ ਨਾ ਹੋਈ।

੧੮ ਅਗਸਤ ੧੯੬੫ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਅਯੂਬ ਸੀ, ਭਾਰਤ ਦਾ ਰਖਿਆ ਮੰਤਰੀ ਵਾਈ.ਬੀ. ਚਵਾਨ ਸੀ। ਪਾਕਿਸਤਾਨ ਦੀ ਫ਼ੌਜ ਨੇ ਕਸ਼ਮੀਰ ਦੇ ਇਲਾਕਾ ਗਿਬਰਾਲਟਰ, ਛੰਬ ਜੌੜੀਆਂ, ਅਖਨੂਲ ਪੁਲ ਤੇ ਹਮਲਾ ਕੀਤਾ, ਲੈਫ: ਕੇਸ਼ਵ ਸਿੰਘ, ਕਮਾਂਡਰ ਅਖਤਰ ਮਲਕ ਸੀ, ਫ਼ਰਕੀਆ ਕੀ ਗਲੀ ਸ੍ਰੀਨਗਰ ਦੀ ੬ ਹਜ਼ਾਰ ਫੁੱਟ ਉੱਚੀ ਪਹਾੜੀ ਬਰਫ਼ਾਂ ਵਿਚ ਸਿੱਖ ਰੈਜਮੈਂਟਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੁੰਜਾਏ ਤਾਂ ਪਾਕਿਸਤਾਨ ਦੀ ਫ਼ੌਜ ਦੌੜ ਗਈ। ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਨੇ ਸਿਆਲਕੋਟ ਸੈਕਟਰ ਤੇ ਕਬਜ਼ਾ ਕਰ ਲਿਆ। ਸਿੰਘਾਂ ਦੀਆਂ ਕੁਰਬਾਨੀਆਂ ਸਦਕਾ ਹੀ ਕਸ਼ਮੀਰ ਬਚ ਗਿਆ, ਮੁਸਲਮਾਨ ਸਿੱਖਾਂ ਨੂੰ ਦੁਸ਼ਮਣ ਸਮਝਣ ਲੱਗੇ।

੧ ਸਤੰਬਰ ੧੯੬੫ ਸ: ਉਜਲ ਸਿੰਘ ਨੂੰ ਪੰਜਾਬ ਦਾ ਗਵਰਨਰ ਬਣਾ ਦਿਤਾ ਜੋ ੨੬ ਜੂਨ ੧੯੬੬ ਤਕ ਆਜ਼ਾਦੀ ਦਾ ਅਨੰਦ ਮਾਣਦਾ ਰਿਹਾ।

੧ ਸਤੰਬਰ ੧੯੬੫ ਪਾਕਿਸਤਾਨ ਵਲੋਂ ਜੰਗ, ਹਮਲੇ ਸ਼ੁਰੂ ਹੋ ਗਏ, ਨੇੜੇ ਖ਼ਾਲਸਾ ਕਾਲਜ ਅੰਮ੍ਰਿਤਸਰ ਛੇਹਰਟਾ ਵਿਖੇ ਪਾਕਿਸਤਾਨੀ ਬੰਬ ਡਿੱਗੇ ਸਨ।

੬ ਸਤੰਬਰ ੧੯੬੫ ਪਾਕਿਸਤਾਨ ਦੀ ਜੰਗ ਸਮੇਂ ਸਿੱਖਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ।

੧੦ ਸਤੰਬਰ ੧੯੬੫ ਸ: ਇਕਬਾਲ ਸਿੰਘ ਨੇ ਅਰਦਾਸ ਕਰਕੇ, ਪੰਜਾਬੀ ਸੂਬੇ ਲਈ ਮਰਨ ਵਰਤ, ਝੰਡਾ ਬੁੰਗਾ ਵਿਖੇ ਰਖ ਦਿਤਾ ਪਰ ੧੨ ਸਤੰਬਰ ੧੯੬੫ ਨੂੰ ਹੀ ਖ਼ਤਮ ਕਰ ਦਿਤਾ ਗਿਆ। ਸ: ਹਜ਼ਾਰਾ ਸਿੰਘ ਗਿੱਲਾਂ ਸ਼੍ਰੋ: ਅਕਾਲੀ ਦਲ ਦਾ ਪ੍ਰਧਾਨ ਬਣ ਗਿਆ।

੧੦ ਸਤੰਬਰ ੧੯੬੫ ਪਾਕਿਸਤਾਨ ਦੀ ਬਲੋਚ ਫ਼ੌਜ ਦਾ ਜਨਰਲ ਮੂਸਾ ਸੀ, ਉਸ ਨੂੰ ਜਨਰਲ ਗੁਰਬਖਸ਼ ਸਿੰਘ ਨੇ ਮੂੰਹ ਭਨਵਾਂ ਉੱਤਰ ਦਿਤਾ। ਪੰਜਾਬ ਦੇ ਜ਼ਿਮੀਂਦਾਰ ਭਾਈ ਘਨੀਆ ਵਾਂਗ ਸੇਵਾ ਕਰਦੇ ਰਹੇ।

੧੦ ਸਤੰਬਰ ੧੯੬੫ ਸਿੰਘਾਂ ਨੇ ਬਰਕੀ ਅਤੇ ਇਛੋਗਿਲ ਨਹਿਰ ਤੇ ਕਬਜ਼ਾ ਕਰ ਲਿਆ। ਕਾਂਗਰਸ ਦਾ ਪ੍ਰਧਾਨ ਸ੍ਰੀ ਕਾਮਰਾਜ ਸਰਹਦਾਂ ਉੱਪਰ ਜਾ ਕੇ ਜ਼ਖਮੀ ਸਿੰਘਾਂ ਦੀ ਪ੍ਰਸੰਸਾ ਕਰਦਾ ਰਿਹਾ। ਸੂਬੇਦਾਰ ਅਜੀਤ ਸਿੰਘ, ਅਜਮੇਰ ਸਿੰਘ, ਪ੍ਰੀਤਮ ਸਿੰਘ, ਨੂੰ ਮਹਾਂਵੀਰ ਚੱਕਰ, ਅਤੇ ਵੀਰ ਚੱਕਰ ਮੈਡਲ ਸਨਮਾਨ ਵਜੋਂ ਮਿਲੇ ਸਨ। ੧੨੦੦ ਮੀਲ

ਸਰਹੱਦ ਬਰਮਰ ਤੋਂ ਕਾਰਗਿਲ ਤਕ ਸਿੱਖ ਰੈਜਮੈਂਟਾਂ ਦੀ ਧਾਂਕ ਰਹੀ। ਲੈਫ: ਕਰਨਲ ਗੁਰਬੰਸ ਸਿੰਘ ਸੰਘਾ ਨੂੰ ਮਹਾਂਵੀਰ ਚੱਕਰ, ਕਰਨਲ ਰਣਜੀਤ ਸਿੰਘ ਦਿਆਲ ਮੇਜਰ ਭੁਪਿੰਦਰ ਸਿੰਘ ਨੂੰ ਮਹਾਂਵੀਰ ਚੱਕਰ ਮੈਡਲ ਮਿਲੇ।

੨੬ ਦਿਨ ਯੁੱਧ ਹੋਇਆ ਲੈਫ: ਜਨਰਲ ਹਰਬਖਸ਼ ਸਿੰਘ, ਲੈਫ: ਜਨਰਲ ਕੇ.ਐਸ. ਕਟੋਚ, ਲੈਫ: ਜਨਰਲ ਜੇ.ਐਸ. ਢਿਲੋਂ ਏਅਰ ਮਾਰਸ਼ਲ ਸ: ਅਰਜਨ ਸਿੰਘ ਨੇ ਪਾਕਿਸਤਾਨੀ ਜਰਨੈਲਾਂ ਟੈਂਕਾਂ ਦੀ ਤੋਬਾ ਕਰਵਾ ਦਿਤੀ। ਹਵਾਈ ਸੈਨਾ ਦੇ ਵਾਈਸ ਮਾਰਸ਼ਲ ਸ਼ਿਵ ਦੇਵ ਸਿੰਘ, ਹਰਜਿੰਦਰ ਸਿੰਘ, ਮੂਰਤ ਸਿੰਘ ਨੂੰ ਪਦਮ ਭੂਸ਼ਨ ਮਿਲੇ।

੨੨ ਸਤੰਬਰ ੧੯੬੫ ਖ਼ਾਲਸੇ ਨੇ ਜੰਗ ਫ਼ਤਹਿ ਕਰ ਲਈ। ਦੋ ਮਹੀਨੇ ਜੰਗ ਦੇ ਦਿਨਾਂ ਵਿਚ ਪੰਜਾਬ ਦੇ ਸਰਹੱਦੀ ਇਲਾਕੇ ਦੇ ਸਿੱਖਾਂ ਦੀਆਂ ਫ਼ਸਲਾਂ ਦਾ ਨੁਕਸਾਨ ਬਰਬਾਦੀ ਹੋਈ, ਫਿਰ ਵੀ ਇਹ ਰਾਤ ਦਿਨ ਫ਼ੌਜੀਆਂ ਦੀ ਸੇਵਾ ਵਾਸਤੇ ਆਪਣੇ ਗੱਡੇ, ਟਰੈਕਟਰ, ਲੰਗਰ ਆਦਿ ਪੂਰੀ ਸੇਵਾ ਕਰਦੇ ਰਹੇ, ਹੈਰਾਨੀ ਹੈ ਕਿ ਇਹ ਗੰਗੂ ਪੰਡਤ, ਹਿੰਦੂ ਸੁਰਖਸ਼ਾਂ ਸੰਮਤੀ, ਵਿਸ਼ਵ ਹਿੰਦੂ ਪ੍ਰੀਸ਼ਦ, ਹਿੰਦੀ ਹਿੰਦੂ ਹਿੰਦੁਸਤਾਨ ਦੇ ਨਾਹਰੇ ਲਗਾਉਣ ਵਾਲੇ ਤ੍ਰਿਸ਼ੂਲਧਾਰੀ ਕਿਹੜੇ ਘੁਰਨਿਆ ਵਿਚ ਕੁੰਭ ਕਰਨ ਦੀ ਨੀਂਦ ਸੌ ਗਏ, ਸੂਰਬੀਰ ਸਿੱਖਾਂ ਰਾਜ ਰਿਸ਼ੀ ਕਹਿ ਕੇ ਬਲੀ ਦੇ ਬੱਕਰੇ ਬਣਾਉਂਦੇ ਰਹੇ। ਲਾਲ ਬਹਾਦਰੀ ਸ਼ਾਸਤਰੀ ਨੇ ਸੂਰਬੀਰ ਸਿੰਘਾਂ ਦੀ ਪ੍ਰਸੰਸਾ ਕੀਤੀ। ਸਿੱਖ ਜਰਨੈਲਾਂ ਨੂੰ ਪਦਮ ਭੂਸ਼ਨ ਵੀਰ ਚੱਕਰ ਵੀ ਦਿਤੇ।

੨੩ ਸਤੰਬਰ ੧੯੬੫ ਸ: ਹੁਕਮ ਸਿੰਘ ਸਪੀਕਰ ਲੋਕ ਸਭਾ ਵਲੋਂ ਪੰਜਾਬੀ ਸੂਬੇ ਦੀ ਮੰਗ ਪੂਰੀ ਕਰਾਉਣ ਲਈ ਜ਼ੋਰ ਦਿਤਾ ਗਿਆ।

੨੩ ਸਤੰਬਰ ੧੯੬੫ ਜੰਗ ਦੇ ਆਖਰੀ ਦਿਹਾੜੇ ਪਾਕਿਸਤਾਨ ਦੇ ਦੋ ਬੰਬ, ਛੇਹਰਟਾ (ਅੰਮ੍ਰਿਤਸਰ) ਵਿਖੇ ਡਿਗੇ ਸਨ। ਸਿੰਘਾਂ ਨੇ ਅਨੇਕਾਂ ਕੁਰਬਾਨੀਆਂ ਦੇਸ਼ ਦੀ ਖਾਤਰ ਦਿਤੀਆਂ, ਸਿੰਘਾਂ ਦੇ ਹੌਂਸਲੇ ਬਲੰਦ ਰਹੇ। ਗੰਗੂ ਸਰਕਾਰ ਨੇ ਪੰਜਾਬ ਦੇ ਸਰਹੱਦੀ ਇਲਾਕੇ ਦੇ ਜ਼ਿਮੀਂਦਾਰਾਂ ਦੇ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਦਿਤਾ।

ਗੰਗੂ ਪੰਡਤਾਂ ਦਾ ਧਰਮ ਇਹ ਹੈ ਕਿ ਮੁਸੀਬਤ ਸਮੇਂ ਇਹ ਗੰਗੂ ਟੋਲਾ ਜੰਗ ਦੇ ਦਿਨਾਂ ਵਿਚ ਆਪਣੀ ਜਿਨਸਾਂ ਦੇ ਭਾਅ ਵਧਾ ਕੇ ਮਿਲਾਵਟਾਂ

ਕਰਕੇ ਗਰੀਬ ਜ਼ਿਮੀਂਦਾਰਾਂ ਕਿਰਤੀ ਲੋਕਾਂ ਦੀ ਲੁਟਮਾਰ ਕਰਦੇ ਰਹੇ।

੩ ਅਕਤੂਬਰ ੧੯੬੫ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਅਤੇ ਜਨਰਲ ਜੇ.ਐਨ. ਚੌਧਰੀ ਵਲੋਂ ਸੂਰਬੀਰ ਫ਼ੌਜੀ ਸਿੰਘਾਂ ਦਾ ਸਨਮਾਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਭਰੀ ਸੰਗਤ ਵਿਚ ਕੀਤਾ ਗਿਆ, ਲੈਫ: ਜਨਰਲ ਹਰਬਖਸ਼ ਸਿੰਘ ਅਤੇ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਆਦਿ ਦੀ ਪ੍ਰਸੰਸਾ ਕਰਦੇ ਸਨਮਾਨ ਦਿਤੇ ਗਏ, ਸਿੱਖਾਂ ਨੂੰ ਵਧਾਈ ਦਿਤੀ ਗਈ, ਸੂਰਬੀਰ ਧਰਮੀ ਫ਼ੌਜੀ ਸਿੰਘਾਂ ਦੇ ਵੇਰਵੇ ਚਿੱਤਰ ਜੀਵਨੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੁਸਤਕ ਪੋਰਟਰੇਟ ਆਫ਼ ਕਰੇਜ ਛਾਪੀ ਗਈ ਹੈ।

ਜਨਵਰੀ ੧੯੬੬ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਦਿਹਾੜੇ ਤੇ ਡਾ: ਜਾਕਰ ਹੁਸੈਨ ਰਾਸ਼ਟਰਪਤੀ ਨੇ ਭਾਵਪੂਰਕ ਸ਼ਰਧਾਂਜਲੀ ਭੇਟ ਕੀਤੀ ਸੀ। ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਸਿਖ ਇਤਿਹਾਸ ਖੋਜ ਬੋਰਡ ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਸਿਖ ਧਰਮ ਦੀ ਸੁੰਦਰ ਚਿਤਰਾਂ ਵਾਲੀ ਡਾਇਰੀ ਅਤੇ ਤਖਤ ਪਟਨਾ ਸਾਹਿਬ ਤੋਂ ਵੀ ਸਿੱਖ ਧਰਮ ਦੇ ਚਿੱਤਰਾਂ ਵਾਲੀ ਡਾਇਰੀ ਵੰਡੀ ਗਈ।

੨ ਜਨਵਰੀ ੧੯੬੬ ਲੈਫ: ਜਨਰਲ ਕੁਲਵੰਤ ਸਿੰਘ ਜੀ, ਸੇਵਾ ਸਿਮਰਨ, ਦੇਸ਼ ਦੀ ਖਾਤਰ ਜੂਝਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੫ ਜਨਵਰੀ ੧੯੬੬ ਇੰਦਰਾ ਗਾਧੀ ਇਹ ਕਦੇ ਬਰਦਾਸਹ ਨਹੀਂ ਕਰ ਸਕਦੀ ਸੀ ਕਿ ਲਾਲ ਬਹਾਦਰ ਸ਼ਾਸਤਰੀ ਦੇਸ਼ ਦੇ ਗਰੀਬਾਂ, ਕਿਸਾਨਾਂ, ਮਜ਼ਦੂਰ ਕਿਰਤੀ ਵਰਗ ਨਾਲ ਪਿਆਰ ਹਮਦਰਦੀ ਕਰਕੇ ਜਨਤਾ ਵਿਚ ਮਹਾਨ ਬਣ ਜਾਵੇ ਸੋ ਜਦੋਂ ਲਾਲ ਬਹਾਦਰ ਸ਼ਾਸਤਰੀ ਰੂਸ ਵਿਖੇ ਇਕ ਸੰਧੀ ਕਰਨ ਲਈ ਗਿਆ ਤਾਂ ਇੰਦਰਾ ਨੇ ਕਮੀਨੀ ਸਾਜ਼ਸ਼ ਕਰਵਾ ਕੇ ਤਾਸ਼ਕੰਦ ਵਿਖੇ ਹੀ ੧੦ ਜਨਵਰੀ ੧੯੬੬ ਨੂੰ ਮਰਵਾ ਦਿੱਤਾ ਅਤੇ ਲਾਸ਼ ਦਾ ਪੋਸਟ ਮਾਰਟਮ ਵੀ ਨਹੀਂ ਕਰਵਾਇਆ ਗਿਆ।

੧੧ ਜਨਵਰੀ ੧੯੬੬ ਲਾਲ ਬਹਾਦਰ ਸ਼ਾਸਤਰੀ ਦਾ ਸਸਕਾਰ, ਭੋਗ ਕਰ ਦਿਤਾ ਗਿਆ। ਮੁਰਾਰ ਜੀ ਡਿਸਾਈ ਪ੍ਰਧਾਨ ਮੰਤਰੀ ਬਣ ਜਾਣ ਦੀਆਂ ਸਾਜ਼ਸ਼ਾ ਕਰਨ ਲਗਾ, ਗੁਲਜ਼ਾਰੀ ਲਾਲ ਨੰਦਾ ਐਕਟਿੰਗ ਪ੍ਰਧਾਨ ਮੰਤਰੀ ਕੰਮ ਕਰਨ ਲਗਾ।

੧੩ ਜਨਵਰੀ ੧੯੬੬ ਇੰਦਰਾ ਗਾਧੀ ਪ੍ਰਧਾਨ ਮੰਤਰੀ ਬਣ ਗਈ।

੧੩ ਜਨਵਰੀ ੧੯੬੬ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ

ਜਨਰਲ ਮਰਮੈਥੀਓ ਅਤੇ ਉਸ ਦੇ ਨਾਲ ਅਨੇਕਾਂ ਫੌਜੀ ਅਫਸਰ ਪਹੁੰਚੇ।

੫ ਫਰਵਰੀ ੧੯੬੬ ਅੰਮ੍ਰਿਤਸਰ ਵਿਖੇ ਇਤਹਾਦੀ ਸਭਾ ਦੇ ਕੈਨੇਡਾ ਦੇ ਜਨਰਲ ਮਕਤਾਨਲੈਂਡ ਦੀ ਨਿਗਰਾਨੀ ਹੇਠ ਪਾਕਿਸਤਾਤ ਦੇ ਲੈਫ: ਜਨਰਲ ਬਖਤਿਆਰ ਰਾਨਾ ਅਤੇ ਭਾਰਤ ਦੇ ਲੈਫ: ਜਨਰਲ ਹਰਬਖਸ਼ ਸਿੰਘ ਦੀ ਆਪਸੀ ਮੀਟਿੰਗ ਹੋਈ ਇਨ੍ਹਾਂ ਦੇ ਨਾਲ ਅਨੇਕਾਂ ਬਰਗੇਡੀਅਰ, ਕਰਨਲ ਆਦਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਾਜ਼ਰ ਹੋ ਕੇ ਸੰਸਾਰ ਵਿਚ ਅਮਨ, ਪਿਆਰ, ਸ਼ਾਂਤੀ ਲਈ ਅਰਦਾਸ ਵਿਚ ਸ਼ਾਮਲ ਹੋਏ, ਅਲੌਕਿਕ ਨਜ਼ਾਰਾ ਸੀ।

੨੫ ਤੋਂ ੨੭ ਫ਼ਰਵਰੀ ੧੯੬੬ : ੪੭ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਚੰਡੀਗੜ੍ਹ ਵਿਖੇ ਹੋਈ।

੨੬–੨੭ ਫ਼ਰਵਰੀ ੧੯੬੬ ਸਰਬ ਹਿੰਦ ਅਕਾਲੀ ਕਾਨਫਰੰਸ, ਜਲੰਧਰ ਵਿਖੇ ਹੋਈ ਮ: ਤਾਰਾ ਸਿੰਘ ਜੀ ਨੇ ਗੰਗੂ ਪੰਡਤਾਂ ਦੀ ਜ਼ਹਿਨੀਅਤ ਵਾਲੇ ਹਾਕਮਾਂ ਨੂੰ ਲਾਹਨਤਾ ਪਾਉਂਦੇ ਹੋਏ ਕਿਹਾ "ਸਿੱਖ ਮੰਗਤੇ ਨਹੀਂ ਰਹਿ ਹਨ, ਗੁਲਾਮ ਦੁਬੇਲ ਹੋਕੇ ਨਹੀਂ ਸਕਦੇ। ਸੰਗਤਾਂ ਨੂੰ ਕਿਹਾ ਕੀ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੰਘ, ਸੰਤ ਸਿਪਾਹੀ ਹਾਂ ਜਾਂ ਗਿੱਦੜ ? ਸਾਨੂੰ ਇਨ੍ਹਾਂ ਅਕ੍ਰਿਤਘਨਾ ਤੇ ਕੋਈ ਵਿਸ਼ਵਾਸ ਨਹੀਂ। ਅਸੀਂ ਰਾਜ ਕਰੇਗਾ ਖਾਲਸਾ ਦਾ ਲਕਸ਼ ਪੂਰਾ ਕਰਨਾ ਹੈ। "ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ" ਸਰਬ ਸੰਮਤੀ ਨਾਲ ਸਿੱਖ ਹੋਮਲੈਂਡ ਦਾ ਮਤਾ ਪਾਸ ਕੀਤਾ ਗਿਆ। ਗਿ: ਭੁਪਿੰਦਰ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਅਗਲਾ ਪ੍ਰੋਗਰਾਮ ਉਲੀਕਣ ਲਈ ਅਧਿਕਾਰ ਦਿਤੇ ਗਏ।

੭ ਮਾਰਚ ੧੯੬੬ ਹੋਲੇ ਮਹੱਲੇ ਦੇ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਅਨੰਦਪੁਰ ਵਿਖੇ ਪੰਥ ਵਲੋਂ ਐਲਾਨ ਹੋਇਆ ਕਿ ਸਾਰੇ ਸਰਕਾਰੀ ਬੋਰਡਾਂ ਅਤੇ ਮੀਲ ਪੱਥਰਾਂ ਤੋਂ ਹਿੰਦੀ ਵਾਲੇ ਅੱਖਰ ਮਿਟਾ ਦਿਤੇ ਜਾਣ, ਤਾਂ ਸਿੰਘਾਂ ਨੇ ਹਿੰਦੀ ਵਾਲੇ ਸਾਰੇ ਅੱਖਰ ਮਿਟਾ ਕੇ ਸਾਫ਼ ਕਰ ਦਿਤੇ।

੯ ਮਾਰਚ ੧੯੬੬ ਇੰਦਰਾ ਦੀ ਕੇਂਦਰ ਸਰਕਾਰ ਵਲੋਂ ਪੰਜਾਬੀ ਸੂਬਾ ਦਾ ਐਲਾਨ ਰੇਡੀਓ ਤੋਂ ਕਰ ਦਿਤਾ ਗਿਆ, ਪਰ ਗੰਗੂ ਅਟਲ ਬਿਹਾਰੀ ਵਾਜਪਾਈ ਆਪਣੀ ਮੂਰਖਤਾ ਦਾ ਪ੍ਰਗਟਾਵਾ ਕਰਦਾ ਰਿਹਾ, ਮੁਰਾਰ ਜੀ ਡਿਸਾਈ ਵਲੋਂ ਵੀ ਵਿਰੋਧ ਕੀਤਾ ਗਿਆ।

੧੦ ਮਾਰਚ ੧੯੬੬ ਗੰਗੂ ਯਗਦੱਤ ਵਲੋਂ ਕਟੜਾ ਸੰਤ ਸਿੰਘ ਵਿਖੇ ਜਲਸਾ ਕਰਕੇ ਮਰਨ ਵਰਤ ਰੱਖਣ ਦਾ ਢੌਂਗ ਰਚਿਆ ਤਾਂ ਸਰਕਾਰ ਵਲੋਂ

ਦਫ਼ਾ ੧੪੪ ਫਿਰ ਵੀ ਸਾਰੇ ਹਿੰਦੂਆਂ ਵਲੋਂ ਜਲੂਸ ਕਢ ਕੇ ਹੁਲੜਬਾਜ਼ੀ ਗੁੰਡਾ ਗਰਦੀ ਕੀਤੀ ਗਈ, ਪਰ ਗੰਗੂ ਸਰਕਾਰ ਵਲੋਂ ਕੋਈ ਗ੍ਰਿਫਤਾਰੀ ਸਖਤੀ ਨਹੀਂ ਕੀਤੀ ਗਈ। ਪਾਨੀਪਤ ਵਿਖੇ ਸਿੱਖਾਂ ਨੂੰ ਨੁਕਸਾਨ ਪਹੁੰਚਾਇਆ ਗਿਆ।

੧੧ ਮਾਰਚ ੧੯੬੬ ਗੰਗੂ ਗੁਲਜਾਰੀ ਲਾਲ ਨੰਦਾ ਗ੍ਰਹਿ ਮੰਤਰੀ ਸੀ, ਸਾਰੇ ਪੰਜਾਬ, ਹਰਿਆਣਾ, ਅਤੇ ਦਿੱਲੀ ਵਿਖੇ ਸਿੱਖਾਂ ਉਪਰ ਇਕ ਹਫ਼ਤਾ ਜ਼ੁਲਮ ਹੁੰਦੇ ਰਹੇ ਗੁਰਦਆਰਾ ਸੀਸ ਗੰਜ ਦਿੱਲੀ ਤੇ ਪਥਰਾਉ ਹੋਇਆ, ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ, ਪਰ ਪੁਲਸ ਅਤੇ ਸਰਕਾਰ ਦੇ ਅਫ਼ਸਰ ਤਮਾਸ਼ਾ ਵੇਖਦੇ ਰਹੇ, ਉਲਟਾ ਅਕਾਲੀ ਸਿਖਾਂ ਦੀਆਂ ਗ੍ਰਿਫਤਾਰੀਆਂ ਹੋਈਆਂ।

ਚੰਡੀਗੜ੍ਹ ਨੂੰ ਯੂਨੀਅਨ ਟੈਰੀਟਰੀ ਬਣਾ ਦਿਤਾ, ਭਾਖੜਾ ਅਤੇ ਬਿਆਸ ਡੈਮ ਪ੍ਰਾਜੈਕਟ ਵੀ ਕੇਂਦਰ ਅਧੀਨ ਕਰ ਲਏ ਗਏ।

੧੯੬੬ ਭਾਈ ਸੇਵਾ ਸਿੰਘ ਅਖੰਡ ਕੀਰਤਨੀ ਜਥਾ ਵਲੋਂ ਮਾਸਕ 'ਸੂਰਾ' ਕਢਣਾ ਸ਼ੁਰੂ ਕੀਤਾ ਗਿਆ ਜੋ ਸਫਲਤਾ ਨਾਲ ਬਦੇਸ਼ਾਂ ਤਕ ਗੁਰਮਤਿ ਦਾ ਪ੍ਰਚਾਰ ਕਰ ਰਿਹਾ ਹੈ।

੧੨ ਮਈ ੧੯੬੬ ਗੁਰਦੁਆਰਾ ਗੁਰੂ ਕਾ ਬਾਗ ਤਹਿਸੀਲ ਅਜਨਾਲਾ ਦੇ ਪਵਿਤਰ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ ਅੰਮ੍ਰਿਤਸਰ ਤੋਂ ਜਥੇ ਸੰਗਤਾਂ ਉਥੇ ਪਹੁੰਚੀਆਂ।

੨੦ ਜੂਨ ੧੯੬੬ ਕਾਮਰੇਡ ਰਾਮ ਕਿਸ਼ਨ ਮੰਤਰੀ ਮੰਡਲ ਦਾ ਭੋਗ ਪੈ ਗਿਆ।

੨੭ ਜੂਨ ੧੯੬੬ ਸ੍ਰੀ ਧਰਮ ਵੀਰ ਗਵਰਨਰ. ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਨਵੰਬਬ ੬੬ ਤਕ ਰਿਹਾ।

ਜੁਲਾਈ ੧੯੬੬ ਸੰਤ ਫਤਹਿ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਤੇ ਕਬਜ਼ਾ ਕਰ ਲਿਆ, ਬਦੇਸ਼ਾਂ ਤੋਂ ਧਨ ਇਕੱਠਾ ਕਰਨ ਵਾਸਤੇ ਸੰਤ ਫਤਹਿ ਸਿੰਘ, ਜਥੇ: ਮੋਹਨ ਸਿੰਘ ਤੁੜ ਅਤੇ ਜਥੇਦਾਰ ਅਕਾਲ ਤਖਤ ਹਰਚਰਨ ਸਿੰਘ ਹਡਿਆਰਾ ਮਲਾਯਾ ਅਤੇ ਬਰਤਾਨੀਆ ਵਲ ਹਵਾਈ ਸੈਰ ਕਰਨ, ਆਜ਼ਾਦੀ ਦਾ ਅਨੰਦ ਮਾਣਨ ਲਈ ਨਿਕਲ ਗਏ।

੧੫ ਅਗਸਤ ੧੯੬੬ ਮ: ਤਾਰਾ ਸਿੰਘ ਜੀ ਵਲੋਂ ਹਦ-ਬੰਦੀ ਕਮਿਸ਼ਨ ਵਲੋਂ ਕੀਤੇ ਜਬਰ ਜ਼ੁਲਮ ਵਿਰੁਧ ਚੰਡੀਗੜ੍ਹ ਵਿਖੇ ਰੋਸ ਜਲੂਸ ਕਢਿਆ ਗਿਆ, ਕਿ ਗੰਗੂ ਸਰਕਾਰ ਵਲੋਂ ਪੰਜਾਬ ਦੀ ਆਰਥਕਤਾ ਨੂੰ ਹਰ ਪਖੋਂ ਕਮਜ਼ੋਰ ਕੀਤਾ ਗਿਆ। ਪੰਜਾਬੀ ਬੋਲਦੇ ਇਲਾਕੇ ਹਰਿਆਣਾ ਅਤੇ ਹਿਮਾਚਲ

ਪ੍ਰਦੇਸ਼ ਨੂੰ ਧਕੇ ਨਾਲ ਦੇ ਦਿਤੇ ਗਏ, ਉਨ੍ਹਾਂ ਇਲਾਕਿਆਂ ਵਿਚ ਸਿਖਾਂ ਅਤੇ ਪੰਜਾਬੀ ਭਾਸ਼ਾ ਉਪਰ ਜ਼ੁਲਮ ਹੋਣ ਲਗੇ।

੫ ਸਤੰਬਰ ੧੯੬੬ ਸ: ਕਪੂਰ ਸਿੰਘ ਆਈ.ਸੀ.ਐਸ. ਨੇ ਪਾਰਲੀਮੈਂਟ ਵਿਚ ਗੰਗੂ ਸਰਕਾਰ ਵਲੋਂ ਸਿੱਖਾਂ ਨਾਲ ਵਿਸ਼ਵਾਸ਼ਘਾਤ ਕਰਨ ਅਤੇ ਜ਼ੁਲਮ ਕਰਨ ਵਿਰੁਧ ਲਾਹਨਤਾ ਪਾਈਆਂ।

੧ ਨਵੰਬਰ ੧੯੬੬ ਪੰਜਾਬ ਦੇ ਟੁਕੜੇ ਕਰਕੇ, ਪੰਜਾਬੀ ਸੂਬੀ ਬਣਾ ਦਿੱਤੀ ਅਤੇ ਭਾਸ਼ਾ ਐਕਟ ਵੀ ਲਾਗੂ ਕਰ ਦਿਤਾ ਗਿਆ। ਗਿ: ਗੁਰਮੁਖ ਸਿੰਘ ਮੁਸਾਫਰ, ਇਸ ਪੰਜਾਬੀ ਸੂਬੀ ਦੇ ਮੁਖ ਮੰਤਰੀ ਬਣਾ ਦਿਤੇ ਗਏ। ਗਿਆਨ ਸਿੰਘ ਰਾੜੇਵਾਲਾ, ਦਰਬਾਰਾ ਸਿੰਘ, ਹਰਿੰਦਰ ਸਿੰਘ, ਪ੍ਰੇਮ ਸਿੰਘ ਪ੍ਰੇਮ, ਨਰਿੰਜਨ ਸਿੰਘ ਤਾਲਬ, ਰਤਨ ਸਿੰਘ, ਹਰਚਰਨ ਸਿੰਘ ਬਰਾੜ, ਕਰਮ ਸਿੰਘ ਕੀਰਤੀ, ਪ੍ਰਕਾਸ਼ ਕੌਰ, ਚੌਧਰੀ ਗੁਰਮੇਲ ਸਿੰਘ ਵਜ਼ੀਰ ਬਣ ਕੇ ਆਜ਼ਾਦੀ ਦਾ ਅਨੰਦ ਮਾਣਨ ਲੱਗੇ। ਗਿਆਨੀ ਜ਼ੈਲ ਸਿੰਘ ਪ੍ਰਧਾਨ ਪੰਜਾਬ ਕਾਂਗਰਸ ਸੀ। ਪਰ ਕਿਸੇ ਨੇ ਵੀ ਮਾਤ ਬੋਲੀ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰਵਾਇਆ।

੯ ਤੋਂ ੨੦ ਦਸੰਬਰ ੧੯੬੬ ਪੰਜਵੀਆਂ ਏਸ਼ਿਆਈ ਖੇਡਾਂ, ਬੈਂਕਾਕ ਥਾਈਲੈਂਡ ਵਿਖੇ ਬੀਬੀ ਮਨਜੀਤ ਕੌਰ ਵਾਲੀਆ, ਬਲਕਾਰ ਸਿੰਘ, ਲਾਭ ਸਿੰਘ, ਅਜਮੇਰ ਸਿੰਘ, ਜੋਗਿੰਦਰ ਸਿੰਘ ਨੇ ਨਾਮ ਉੱਚਾ ਕੀਤਾ।

੧੭ ਦਸੰਬਰ ੧੯੬੬ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਸਬੰਧੀ ਸੰਤ ਫ਼ਤਹਿ ਸਿੰਘ ਵਲੋਂ ਮਰਨ ਵਰਤ ਰਖਿਆ ਗਿਆ ਪੰਜ ਹੋਰ ਸਾਥੀਆਂ ਦੇ ਨਾਲ ਸ਼ਹੀਦੀ ਪੁਸ਼ਾਕੇ ਪਹਿਨ ਕੇ ਰੋਜ਼ਾਨਾ ਅਕਾਲ ਤਖ਼ਤ ਦੀ ਉਪਰਲੀ ਛੱਤ ਉੱਪਰ ਵਿਖਾਵਾ ਕਰਦੇ ਰਹੇ ਕਿ ੨੭ ਦਸੰਬਰ ੧੯੬੬ ਨੂੰ ਸੜ ਕੇ ਮਰ ਜਾਣਗੇ। ਗੰਗੂ ਪੰਡਤ ਯੋਗੀ ਰਾਜ ਸੂਰਯ ਦੇਵ ਪ੍ਰਧਾਨ ਵਿਸ਼ਵ ਨਯਾ ਸਮਾਜ ਵਲੋਂ ਵੀ ਮੁਕਾਬਲੇ ਵਿਚ ਮਰਨ ਵਰਤ ਦਾ ਢੌਂਗ ਰਚਿਆ ਗਿਆ।

੨੬ ਦਸੰਬਰ ੧੯੬੬ ਸੰਤ ਚੰਨਣ ਸਿੰਘ, ਜੀਵਨ ਸਿੰਘ ਉਮਰਾ ਨੰਗਲ ਵਲੋਂ ਸੜ ਕੇ ਮਰਨ ਦਾ ਵਿਖਾਵਾ ਕੀਤਾ ਗਿਆ, ਪਰ ਨਾਲ ਹੀ ਦਿੱਲੀ ਤੋਂ ਹੁਕਮ ਸਿੰਘ ਦੇ ਪਹੁੰਚਣ ਦੀ ਉਡੀਕ ਕਰਨ ਲੱਗੇ, ਉਹ ਸ਼ਾਮ ਨੂੰ ੪ ਵਜੇ ਪਹੁੰਚਿਆ ਅਤੇ ਸੰਤ ਫ਼ਤਹਿ ਸਿੰਘ ਦੇ ਕੰਨ ਵਿਚ ਫੂਕ ਮਾਰ ਕੇ ਮਰਨ ਵਰਤ ਭੰਗ ਕਰਵਾ ਕੇ ਇਕ ਨਾਟਕ ਖੇਡਿਆ ਗਿਆ, ਜੋ ਭਾਰੀ ਸੰਗਤਾਂ ਉਥੇ ਹਾਜ਼ਰ ਸਨ, ਉਨ੍ਹਾਂ ਫਤੂ ਮੁਰਦਾਬਾਦ

ਦੇ ਨਾਹਰੇ ਲਗਾ ਕੇ ਮੁਜ਼ਾਹਰਾ ਕੀਤਾ । ਸਾਰੇ ਅੰਮ੍ਰਿਤਸਰ ਵਿਚ ਫ਼ੌਜੀ ਘੇਰਾਬੰਦੀ, ੪੮ ਘੰਟੇ ਲਈ ਕਰਫਿਊ ਲਗਾ ਕੇ ਅਣਗਿਣਤ ਸਿੱਖ ਗ੍ਰਿਫਤਾਰ ਕਰਕੇ ਪੁਲਸ ਦੇ ਡੰਡੇ ਖਾ ਕੇ ਆਜ਼ਾਦੀ ਦਾ ਆਨੰਦ ਮਾਣਨ ਲੱਗੇ ।

੨੭-੨੯ ਜਨਵਰੀ ੧੯੬੭ ੪੮ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਕਲਕੱਤਾ ਵਿਖੇ ਕੀਤੀ ਗਈ ।

ਫਰਵਰੀ ੧੯੬੭ ਆਮ ਅਸੈਬਲੀ ਚੋਣਾਂ ਹੋਈਆਂ ।

੮ ਮਾਰਚ ੧੯੬੭ ਤੋਂ ਮੁਖ ਮੰਤਰੀ ਸ: ਗੁਰਨਾਮ ਸਿੰਘ ਯੂਨਾਈਟਿਡ ਫਰੰਟ, ਦੇ ਨਾਲ ਸ: ਲਛਮਣ ਸਿੰਘ ਗਿੱਲ, ਰਾਜਿੰਦਰ ਸਿੰਘ, ਦਰਬਾਰਾ ਸਿੰਘ, ਸਤਨਾਮ ਸਿੰਘ ਬਾਜਵਾ, ਬਲਵੰਤ ਸਿੰਘ, ਇਕਬਾਲ ਸਿੰਘ, ਡਾ: ਜਗਜੀਤ ਸਿੰਘ ਚੌਹਾਨ, ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਰਾਜਿੰਦਰ ਸਿੰਘ ਸਪੈਰੋ, ਵਜ਼ੀਰ ਬਣ ਕੇ ਆਜ਼ਾਦੀ ਦਾ ਅਨੰਦ ਮਾਣਨ ਲੱਗੇ । ਪੰਜਾਬੀ ਮਾਤ ਬੋਲੀ ਦੀ ਬਦ-ਕਿਸਮਤੀ ਕਿ ਮੁੱਖ ਮੰਤਰੀ ਗੁਰਨਾਮ ਸਿੰਘ ਨੂੰ ਪੰਜਾਬੀ ਦੀ ਵਰਤੋਂ ਕਰਨ ਲਈ ਸ਼ਰਮ ਆਉਂਦੀ ਸੀ, ਆਪਣੀ ਮਾਤ ਬੋਲੀ ਨੂੰ ਨਫ਼ਰਤ ਕਰਦਾ ਸੀ । ਅਨਪੜ੍ਹ ਸੰਤ ਟੋਲੇ ਨੂੰ ਵੀ ਨਫ਼ਰਤ ਕਰਦਾ ਰਿਹਾ । ਗਿਆਨ ਸਿੰਘ ਹਾੜੇ ਵਾਲਾ ਨੁਕਰੇ ਲਗਾ ਰਿਹਾ ।

ਬੀਬੀ ਨਿਰਲੇਪ ਕੌਰ, ਐਮ.ਪੀ. ਵਜੋਂ ਆਪਣੇ ਸੌਹਰਾ ਸਾਹਿਬ ਸ: ਰਣਜੀਤ ਸਿੰਘ ਦੇ ਮੁਕਾਬਲੇ ਵਿਚ ਅੜ ਕੇ ਖੜੀ ਪ੍ਰਚਾਰ ਕਰਕੇ ਸਫ਼ਲ ਹੋ ਗਈ ਸੀ ਸੰਤ ਫ਼ਤਹਿ ਸਿੰਘ ਦਾ ਅਨਪੜ੍ਹ ਡਰਾਈਵਰ ਕਿਕਰ ਸਿੰਘ ਐਮ.ਪੀ. ਬਣ ਗਿਆ ।

੨੦ ਮਾਰਚ ੧੯੬੭ ਸਰਕਾਰ ਨੇ ਮਾਸਟਰ ਤਾਰਾ ਸਿੰਘ, ਗਿਆਨੀ ਭੁਪਿੰਦਰ ਸਿੰਘ ਅਤੇ ਆਤਮਾ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਫ਼ਤਰ ਤੋਂ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤਾ ।

੨੬ ਮਈ ੧੯੬੭ ਜਥੇਦਾਰ ਹਰਚਰਨ ਸਿੰਘ ਹੁਡਿਆਰਾ ਨੇ ਆਪਣਾ ਵਖਰਾ ਤੀਜਾ ਅਕਾਲੀ ਦਲ ਕਾਇਮ ਕਰ ਲਿਆ । ਕਿ ਕਿਤੇ ਪੰਥਕ ਲੀਡਰਾਂ ਵਿਚ ਏਕਤਾ ਨਾ ਹੋ ਜਾਵੇ ।

੧ ਜੂਨ ੧੯੬੭ ਸ: ਮੇਹਰ ਸਿੰਘ ਪੰਜਾਬ ਦੇ ਗਵਰਨਰ ਬਣ ਗਏ, ੫ ਅਕਤੂਬਰ ੧੯੬੭ ਤਕ ਆਜ਼ਾਦੀ ਦਾ ਅਨੰਦ ਮਾਣਦੇ ਰਹੇ ।

ਜੁਲਾਈ ੧੯੬੭ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਵਲੋਂ ਸ੍ਰੀ ਗੁਰੂ ਹਰਿਕਿਸ਼ਨ

ਪਬਲਿਕ ਸਕੂਲ ਸ਼ੁਰੂ ਕੀਤਾ ਜੋ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ।

੧੯੬੭ ਮਹੰਤ ਬਚਿੱਤਰ ਸਿੰਘ ਜੀ ਡਿਗਿਆਨਾ ਆਸ਼ਰਮ, ਜੰਮੂ ਤਵੀ ਵਲੋਂ ਮਾਸਕ ਸਿੱਖ ਸੰਦੇਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ, ਜੋ ਸਫਲਤਾ ਨਾਲ ਚਲ ਰਿਹਾ ਹੈ, ਐਡੀਟਰ ਬਚਨ ਸਿੰਘ ਪ੍ਰਦੇਸੀ ਹਨ।

੬ ਅਕਤੂਬਰ ੧੯੬੭ ਪੰਜਾਬ ਦਾ ਗਵਰਨਰ ਡੀ. ਸੀ. ਪਾਵਟੇ ਬਣ ਗਿਆ ਜੋ ੨੦ ਮਈ ੧੯੭੩ ਤਕ ਆਜ਼ਾਦੀ ਦਾ ਅਨੰਦ ਮਾਣਦਾ ਰਿਹਾ।

੨੨ ਨਵੰਬਰ ੧੯੬੭ ਮਾ: ਤਾਰਾ ਸਿੰਘ ਜੀ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਕਰ ਗਏ, ਮ੍ਰਿਤਕ ਦੇਹ ਅੰਮ੍ਰਿਤਸਰ ਲਿਆਦੀ ਗਈ।

੨੨ ਨਵੰਬਰ ੧੯੬੭ ਗੁਰਨਾਮ ਸਿੰਘ ਮੰਤਰੀ ਮੰਡਲ ਦਾ ਭੋਗ ਪੈ ਗਿਆ।

੨੫ ਨਵੰਬਰ ੧੯੬੭ ਸ: ਲਛਮਨ ਸਿੰਘ ਗਿਲ, ਪੰਜਾਬ ਜਨਤਾ ਪਾਰਟੀ ਇੰਦਰਾ ਦੀ ਸਹਾਇਤਾ ਨਾਲ ਮੁਖ ਮੰਤਰੀ ਬਣ ਗਿਆ। ਕਰਨੈਲ ਸਿੰਘ, ਸ਼ਿੰਗਾਰਾ ਸਿੰਘ, ਗੁਰਚਰਨ ਸਿੰਘ, ਹਰਦਿਤ ਸਿੰਘ, ਜਸਦੇਵ ਸਿੰਘ ਪ੍ਰਕਾਸ਼ ਸਿੰਘ ਮਜੀਠੀਆ, ਡਾ: ਜਗਜੀਤ ਸਿੰਘ ਚੌਹਾਨ, ਸਰਦਾਰਾ ਸਿੰਘ ਕੋਹਲੀ, ਰਾਜਾ ਨਰਿੰਦਰ ਸਿੰਘ, ਨੱਥਾ ਸਿੰਘ, ਹਰਭਜਨ ਸਿੰਘ ਬਖਤਾਵਰ ਸਿੰਘ ਵਜ਼ੀਰ ਬਣ ਕੇ ਪੰਜਾਬੀ ਮਾਤ ਬੋਲੀ ਦੀ ਸੇਵਾ ਕਾਰਜ ਕਰਨ ਲਗੇ ਸ. ਜੋਗਿੰਦਰ ਸਿੰਘ ਮਾਨ ਸਪੀਕਰ ਸਨ, ਪਰ ਗਿਆਨ ਸਿੰਘ ਰਾੜੇਵਾਲਾ ਮੂੰਹ ਝਾਕਦਾ ਰਹਿ ਗਿਆ ਭੰਡੀ ਪ੍ਰਚਾਰ ਕਰਨ ਲਗਾ ਸੰਤ ਚੰਨਣ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਵਿਰੁਧ ਧਰਮ ਖਾਤਾ ਫੰਡ ਹੜਪ ਕਰਨ ਦੇ ਦੋਸ਼ ਲਗਾ ਕੇ ਗ੍ਰਿਫਤਾਰੀ ਵਰੰਟ ਜਾਰੀ ਕਰ ਦਿਤੇ ਤਾਂ ਦੋਵੇਂ ਸੰਤ ਫਤਹਿ ਸਿੰਘ ਵੀ, ਅਕਾਲ ਤਖਤ ਵਿਖੇ ਲੁਕ ਕੇ ਰਹਿਣ ਲਗ ਪਏ।

੧੮ ਫਰਵਰੀ ੧੯੬੮ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਸ: ਸੁਰਜੀਤ ਸਿੰਘ ਸੰਧੂ ਬਣ ਗਏ।


੨੩–੨੫ ਫਰਵਰੀ ੧੯੬੮ : ੪੯ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਸ੍ਰੀ ਅੰਮ੍ਰਿਤਸਰ ਵਿਖੇ ਹੋਈ।

੧੯੬੮ ਸ਼੍ਰੋਮਣੀ ਅਕਾਲੀ ਦਲ ਵਲੋਂ ਭਾਰੀ ਕਾਨਫਰੰਸ ਬਟਾਲਾ ਵਿਖੇ ਹੋਈ ਵਧੇਰੇ ਅਧਿਕਾਰਾਂ ਦੀ ਮੰਗ ਦੇ ਮਤੇ ਪਾਸ ਕੀਤੇ ਗਏ।

੧੯੬੮ ਗੁਰਮਤਿ ਕਾਲਜ ਡੇਰਾ ਬਾਬਾ ਜੱਸਾ ਸਿੰਘ ਪਟਿਆਲਾ ਸ਼ੁਰੂ ਕੀਤਾ ਗਿਆ



ਦੁਸ਼ਟ ਦਮਨ ਜੀ



ਪਟਿਆਲਾ ਦੀਆਂ ਸੰਗਤਾਂ ਸਾਲ 1968 ਵਿਚ
ਸ੍ਰੀ ਹੇਮ ਕੁੰਟ ਦੀ ਯਾਤਰਾ ਕਰਦੀਆਂ

ਸੰਤ ਗੁਰਮੁਖ ਸਿੰਘ ਜੀ ਨੇ ਕਾਫੀ ਉਦਮ ਕੀਤਾ।

ਜੁਲਾਈ ੧੯੬੮ ਪਟਿਆਲਾ ਸੰਗਤਾਂ ਭਾਰੀ ਜਥੇ ਡਾ: ਮੇਜਰ ਖੁਸ਼ਦੇਵਾ ਸਿੰਘ, ਅਮਰ ਸਿੰਘ ਕੰਬੋਜ, ਸ੍ਰੀ ਹੇਮਕੁੰਟ ਸਾਹਿਬ ਯਾਤਰਾ ਕਰਨ ਗਏ ਯਾਤਰਾ ਫਿਲਮ ਬਣਾ ਕੇ ਅਮਰ ਆਸ਼ਰਮ, ਪਟਿਆਲਾ ਅਤੇ ਹੋਰਨਾ ਸ਼ਹਿਰਾ ਵਿਚ ਵਿਖਾ ਕੇ ਪ੍ਰਚਾਰ ਕੀਤਾ ਗਿਆ, ਡਾ. ਮਹਿੰਦਰ ਪਾਲ ਸਿੰਘ ਹੈਪੀ ਨਿਵਾਸ ਨੇ ਇਸ ਯਾਤਰਾ ਦੇ ਵੇਰਵੇ, ਇਕ ਪੁਸਤਕ ਛਾਪ ਕੇ ਵੰਡੀ ਗਈ, ਲੇਖ ਛਾਪੇ ਗਏ।

੨੩ ਅਗਸਤ ੧੯੬੮ ਧੱਖੇਬਾਜ਼ ਇੰਦਰਾ ਨੇ ਸ: ਲਛਮਣ ਸਿੰਘ ਗਿਲ ਦਾ ਮੰਤਰੀ ਮੰਡਲ ਖਤਮ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ। ਡੀ. ਸੀ. ਪਾਵਟੇ ੧੭ ਫਰਵਰੀ ੧੯੬੯ ਤਕ ਆਜ਼ਾਦੀ ਦਾ ਸ਼ਾਹੀ ਠਾਠ ਵਾਲਾ ਅਨੰਦ ਮਾਣਦਾ ਰਿਹਾ, ਸ: ਲਛਮਨ ਸਿੰਘ ਗਿਲ ਨੇ ਆਪਣੇ ਕੇਵਲ ੯ ਮਹੀਨੇ ਦੇ ਰਾਜ ਵਿਚ ਪੰਜਾਬੀ ਭਾਸ਼ਾ ਸਾਰੇ ਦਫਤਰਾਂ ਵਿਚ ਪੂਰੀ ਤਰ੍ਹਾਂ ਲਾਗੂ ਕਰਵਾ ਦਿਤੀ ਪਿੰਡ ਪਿੰਡ ਲਿੰਕ ਸੜਕਾਂ ਬਣਵਾਉਣ ਦੀਆਂ ਕਾਰਵਾਈਆਂ ਕੀਤੀਆਂ।

੮ ਸਤੰਬਰ ੧੯੬੮ ਬਰਜਿੰਦਰ ਸਿੰਘ ਹੈਪੀ ਦਾ ਜਨਮ ਲੇਡੀ ਡਫਰਨ ਹਸਪਤਾਲ ਪਟਿਆਲਾ ਅੰਮ੍ਰਿਤ ਵੇਲੇ ੨ ਵਜੇ ਹੋਇਆ ਉਸੇ ਦਿਨ ਦੇ ਹੁਕਮਨਾਮੇ ਦੇ ਸ਼ਬਦ ਬ੍ਰਹਮਬਿੰਦੇ ਤਿਸ ਕਾ ਬ੍ਰਹਮਤ ਰਹੇ ਅਨੁਸਾਰ ਨਾਮ ਰਖ ਕੇ ਸ਼ੁਕਰਾਨਾ ਕੀਤਾ ਗਿਆ।

੮ ਅਕਤੂਬਰ ੧੯੬੮ ਸਾਰੇ ਅਕਾਲੀ ਦਲ ਇਕੱਠੇ ਪੰਥਕ ਏਕਤਾ ਹੋ ਗਈ।

੨ ਨਵੰਬਰ ੧੯੬੮ ਗੁਰੂ ਨਾਨਕ ਮੈਡੀਕਲ ਕਾਲਜ ਅਤੇ ਹਸਪਤਾਲ ਅੰਮ੍ਰਿਤਸਰ ਸ਼ੁਰੂ ਕੀਤਾ ਗਿਆ।

੨੧ ਦਸੰਬਰ ੧੯੬੮ ਗਿਆਨ ਸਿੰਘ ਰਾੜੇਵਾਲਾ, ਕਾਂਗਰਸ ਤੋਂ ਅਸਤੀਫਾ ਦੇ ਕੇ ਚੋਣਾ ਦਾ ਲਾਭ ਉਠਾਉਣ ਵਾਸਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ।

੯ ਫਰਵਰੀ ੧੯੬੯ ਅਸੈਂਬਲੀ ਚੋਣਾਂ ਹੋਈਆਂ, ਗਿਆਨ ਸਿੰਘ ਰਾੜੇਵਾਲਾ ਨੂੰ ਦਲ ਬਦਲੀਆਂ ਕਾਰਣ ਹਾਰ ਹੋਈ, ਸ: ਬੇਅੰਤ ਸਿੰਘ ਕਾਂਗਰਸ ਜਿਤ ਗਿਆ।

੧੭ ਫਰਵਰੀ ੧੯੬੯ ਸ: ਗੁਰਨਾਮ ਸਿੰਘ ਮੁਖ ਮੰਤਰੀ ਬਣ ਗਿਆ, ਸ: ਸੋਹਨ ਸਿੰਘ ਬਾਸੀ, ਸਤਨਾਮ ਸਿੰਘ ਬਾਜਵਾ, ਆਤਮਾ ਸਿੰਘ, ਡਾ: ਭਗਤ ਸਿੰਘ, ਬਲਵੰਤ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ

ਬਰਨਾਲਾ, ਜਥੇਦਾਰ ਮੋਹਨ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ, ਰਵੇਲ ਸਿੰਘ ਐਡਵੋਕੇਟ, ਰਣਧੀਰ ਸਿੰਘ, ਜਥੇ: ਜੀਵਨ ਸਿੰਘ ਉਮਰਾ-ਨੰਗਲ ਵਜ਼ੀਰ ਬਣ ਕੇ ਆਜ਼ਾਦੀ ਦਾ ਪੂਰਾ ਅਨੰਦ ਮਾਣਨ ਲੱਗੇ ਚੰਡੀਗੜ੍ਹ ਭਾਖੜਾ ਪ੍ਰਜੈਕਟ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ ਦੀ ਮੰਗ ਤੇਜ਼ ਹੋਣ ਲੱਗੀ।

੨੧-੨੩ ਫਰਵਰੀ ੧੯੬੯ ੫੦ਵੀਂ ਸਿੱਖ ਐਜੂਕੇਸ਼ਨ ਕਾਨਫ੍ਰੰਸ ਰਾਂਚੀ (ਬਿਹਾਰ) ਵਿਖੇ ਹੋਈ।

੧੩ ਮਾਰਚ ੧੯੬੯ ਸ: ਲਛਮਣ ਸਿੰਘ ਗਿਲ ਨੂੰ ਹਵਾਈ ਅੱਡਾ ਚੰਡੀਗੜ੍ਹ ਤੋਂ ਗ੍ਰਿਫਤਾਰ ਕਰਕੇ ਜ਼ਲੀਲ ਕੀਤਾ ਗਿਆ।

੧੯੬੯ ਸਿੱਖ ਕੇਂਦਰੀ ਅਜਾਇਬ ਘਰ ਤੋਂ ਚਿਤਰ, ਹੋਰਨਾਂ ਸੂਬਿਆਂ ਵਲ ਪ੍ਰਦਰਸ਼ਨੀਆਂ ਲਗਾਉਣ ਲਈ ਲੈ ਜਾਣ ਲੱਗੇ, ਸ: ਅਵਤਾਰ ਸਿੰਘ ਸੁਪਰਵਾਈਜ਼ਰ ਹਨ।

੧੩ ਅਪ੍ਰੈਲ ੧੯੬੯ ਵਿਸਾਖੀ ਦੇ ਪਵਿੱਤਰ ਦਿਹਾੜੇ ਪ੍ਰਧਾਨ ਮੰਤਰੀ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਵਾਸਤੇ ਆਈ, ਸ: ਗੁਰਨਾਮ ਸਿੰਘ ਮੁਖ ਮੰਤਰੀ ਅਤੇ ਸ: ਚੰਨਣ ਸਿੰਘ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਨ। ਸਿਰਪਾਉ ਭੇਟ ਕੀਤੇ ਗਏ।

੨੬ ਅਪ੍ਰੈਲ ੧੯੬੯ ਸ: ਲਛਮਣ ਸਿੰਘ ਗਿਲ, ਚੰਡੀਗੜ੍ਹ ਆਪਣੀ ਕੋਠੀ ਵਿਖੇ ਅਕਾਲ ਚਲਾਣਾ ਕਰ ਗਏ।

੨੭ ਅਪ੍ਰੈਲ ੧੯੬੯ ਸ: ਕਪੂਰ ਸਿੰਘ ਜੀ ਆਈ.ਸੀ.ਐਸ. ਜਲੰਧਰ ਸਮਾਗਮ ਵਿਖੇ ਗੰਗੂ ਪੰਡਤਾਂ ਦੀ ਸਮਗਲਰ ਸਰਕਾਰ ਨੂੰ ਲਾਹਨਤਾਂ ਪਾਈਆਂ ਕਿ ਇਹ ਸੈਕੂਲਰ ਦਾ ਰੌਲਾ ਪਾ ਕੇ ਧਰਮ ਦਾ ਨਾਸ ਕਰ ਰਹੇ ਹਨ, ਸਿੱਖਾਂ ਨੂੰ ਕੁਰਸੀਆਂ ਦੇ ਲਾਲਚ ਦੇ ਕੇ ਅਣਖ ਹੀ ਖ਼ਤਮ ਕਰ ਰਹੇ ਹਨ, ਸਿੱਖ ਪਤਤ ਹੋ ਰਹੇ ਹਨ।

੧੯੬੯ ਮਾਸਕ ਕੰਵਲ ਦੇ ਐਡੀਟਰ ਬੀਬੀ ਅਨਵੰਤ ਕੌਰ ਗੁਰਮਤਿ ਪ੍ਰਚਾਰ ਕਰਨ ਲੱਗੇ।

੨੩ਜੂਨ ੧੯੬੯ ਸੰਤ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾ ਵਾਲੇ ੬੭ ਸਾਲ ਦੀ ਉਮਰ ਤਕ ਸੇਵਾ ਸਿਮਰਨ, ਗੁਰਮਤਿ ਪ੍ਰਚਾਰ ਦੇ ਕਾਰਜ ਕਰਦੇ, ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੧੯੬੯ ਸ: ਰਾਮ ਸਿੰਘ ਜੀਵਨ ਨਗਰ ਹਿਸਾਰ (ਹਰਿਆਣਾ) ਵਲੋਂ ਵੀਕਲੀ ਸਤਿਯੁਗ ਰਾਹੀਂ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

੨੦ ਜੁਲਾਈ ੧੯੬੯ ਆਲ ਇੰਡੀਆਂ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਪ੍ਰਧਾਨ ਸ: ਜਸਵੰਤ ਸਿੰਘ ਜੀ ਮਾਨ ਬਣ ਗਏ ।
ਮੈਗਜ਼ੀਨ 'ਤਰਕਸ਼' ਅਤੇ 'ਜਦੋ-ਜਹਿਦ' ਕੱਢ ਕੇ ਪ੍ਰਚਾਰ ਦੇ ਪ੍ਰਚਾਰ ਦੇ ਕਾਰਜ ਤੇਜ਼ ਕਰ ਦਿਤੇ ਗਏ ।

੧ ਅਗਸਤ ੧੯੬੯ ਸ: ਦਰਸ਼ਨ ਸਿੰਘ ਫੇਰੂਮਾਨ ਨੇ ਵੇਖਿਆ ਕਿ ਸੰਤ ਟੋਲੇ ਵਲੋਂ ਮਰਨ ਵਰਤ ਦੇ ਢੌਂਗ ਰਚ ਕੇ ਸਿੱਖ ਧਰਮ ਦੀ ਮਰਯਾਦਾ ਦਾ ਉਲੰਘਣ ਕੀਤਾ ਗਿਆ ਹੈ, ਸ੍ਰੀ ਅਕਾਲ ਤਖ਼ਤ ਦੇ ਉੱਪਰ ਬਣਾਏ ੩ ਅਗਨ ਕੁੰਡ ਬਣਾਉਣੇ ਪਖੰਡ ਅਤੇ ਬਦਨਾਮੀ ਹੈ, ਢਾਹੁਣ ਵਾਸਤੇ ਜ਼ੋਰ ਲਗਾਇਆ । ਚੰਡੀਗੜ੍ਹ ਲੈਣ ਵਾਸਤੇ ਮਰਨ ਵਰਤ ੧੫ ਅਗਸਤ ਤੋਂ ਸ਼ੁਰੂ ਕਰਨ ਦਾ ਐਲਾਨ ਕਰ ਦਿਤਾ ਪਰ ਇੰਦਰਾ ਦੀ ਲਾਹਨਤੀ ਸਮਗਲਰ ਸਰਕਾਰ ਨੇ ਇਨ੍ਹਾਂ ਨੂੰ ੧੩ ਅਗਸਤ ਨੂੰ ਪੰਜਾਬ ਸਿਕਿਉਰਟੀ ਐਕਟ ਦੀ ਧਾਰਾ ੯ ਅਧੀਨ ਅੰਮ੍ਰਿਤਸਰ ਦੀ ਜੇਲ੍ਹ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤਾ, ਪਰ ਗੁਰੂ ਦੇ ਸਿੱਖ ਨੇ ਆਪਣੇ ਪ੍ਰਣ ਅਨੁਸਾਰ ਜੇਲ੍ਹ ਵਿਚ ਹੀ ੧੫ ਅਗਸਤ ਸ਼ਾਮ ਨੂੰ ੪ ਵਜੇ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿਤਾ ।

੨੮ ਅਗਸਤ ੧੯੬੯ ਸੰਤ ਫ਼ਤਹਿ ਸਿੰਘ ਨੇ ਸ: ਦਰਸ਼ਨ ਸਿੰਘ ਫੇਰੂਮਾਨ ਵਲੋਂ ਰਖੇ ਗਏ ਮਰਨ ਵਰਤ ਨੂੰ ਪਖੰਡ ਕਹਿ ਕੇ ਭੰਡੀ ਪ੍ਰਚਾਰ ਸ਼ੁਰੂ ਕਰ ਦਿਤਾ । ਮੁਖ ਮੰਤਰੀ ਗੁਰਨਾਮ ਸਿੰਘ ਸੀ ।

ਅਗਸਤ ੧੯੬੯ ਸ: ਅਵਤਾਰ ਸਿੰਘ ਸੁਪਰਵਾਈਜ਼ਰ ਕੇਂਦਰੀ ਸਿੱਖ ਅਜਾਇਬ ਘਰ ਤੋਂ ਸਾਰੇ ਭਾਰਤ ਲਈ ਇਤਿਹਾਸਕ ਪ੍ਰਦਰਸ਼ਨੀ ਲਗਾਉਣ ਲਈ ਗਏ ਹਰ ਥਾਂ ਵਿਖਾਈ ।

੨ ਸਤੰਬਰ ੧੯੬੯ ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਉਦਘਾਟਨ ਸ: ਕ੍ਰਿਪਾਲ ਸਿੰਘ ਨਾਰੰਗ ਵੀ ਸੀ ਨੇ ਕੀਤਾ, ਇਥੇ ਸਾਰੇ ਧਰਮਾਂ ਸਬੰਧੀ ਗ੍ਰੰਥ ਅਤੇ ਪੁਸਤਕਾਂ ਰਖੀਆਂ ਹਨ ।

੧੯੬੯ ਗੰਗੂ ਦੁਰਗਾ ਦਾਸ ਵਲੋਂ ਪੁਸਤਕ "ਇੰਡੀਆ ਫਰਾਮ ਕਰਜਨ ਟੂ ਨਹਿਰੂ ਐਂਡ ਆਫਟਰ" ਵਿਚ ਸਿੱਖਾਂ ਦੀਆਂ ਕੁਰਬਾਨੀਆਂ, ਮੋਰਚਿਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।

੧੯ ਸਤੰਬਰ ੧੯੬੯ ਸੰਤ ਫਤਹਿ ਸਿੰਘ ਇੰਦਰਾ ਮੁਲਾਕਾਤ, ਚੰਡੀਗੜ੍ਹ ਬਾਰੇ ਹੋਈ ।

੨ ਅਕਤੂਬਰ ੧੯੬੯ ਗਾਂਧੀ ਦੀ ਜਨਮ ਸ਼ਤਾਬਦੀ ਸਮਾਗਮਾਂ ਵਿਚ ਵੀ ਸਿਖਾਂ

ਦੀਆਂ ਕੁਰਬਾਨੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।

੧੭ ਅਕਤੂਬਰ ੧੯੬੯ ਚੰਡੀਗੜ੍ਹ ਵਿਖੇ ਸਾਰੀਆਂ ਪਾਰਟੀਆਂ ਦਾ ਸੰਮੇਲਨ ਅਤੇ ਜਲੂਸ ਮਜ਼ਾਹਰਾ, ਦੋ ਲਖ ਤੋਂ ਵਧ ਲੋਕ ਚੰਡੀਗੜ੍ਹ ਪੰਜਾਬ ਦਾ ਹੈ ਨਾਹਰੇ ਲਗਾਉਣ ਲਗੇ ।

੨੦ ਅਕਤੂਬਰ ੧੯੬੯ ਸ: ਦਰਸ਼ਨ ਸਿੰਘ ਫੇਰੂਮਾਨ ਦੀ ਹਾਲਤ ਜੇਲ੍ਹ ਵਿਚ ਮਰਨ ਵਰਤ ਰਖਣ ਕਾਰਣ ਖਰਾਬ ਹੋ ਗਈ ਤਾਂ ਇਨ੍ਹਾਂ ਨੂੰ ਜਬਰੀ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾ ਦਿਤਾ ਗਿਆ ।

੨੭ ਅਕਤੂਬਰ ੧੯੬੯ ਪੰਥ ਦੇ ਸੱਚੇ ਸੇਵਕ ਆਪਣੇ ਪ੍ਰਣ ਨੂੰ ਪੂਰਾ ਕਰਦੇ ਹੋਏ ੭੪ ਦਿਨਾਂ ਤੋਂ ਪਿਛੋਂ ਹਸਪਤਾਲ ਵਿਚ ਸੁਆਸ ਸੁਆਸ ਸਿਮਰਨ ਕਰਦੇ ੮੫ ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ । ਇਸ ਸਚੇ ਸੇਵਕ ਲਈ ਇੰਦਰਾ ਨੇ ਵੀ ਦੁਖ ਪ੍ਰਗਟ ਕਰਦੇ ਸ਼ਰਧਾਂਜਲੀ ਭੇਟ ਕੀਤੀ । ਸਿਖ ਸੰਗਤਾਂ ਭਾਰੀ ਗਿਣਤੀ ਵਿਚ ਹਸਪਤਾਲ ਪਹੁੰਚੀਆ ਸਸਕਾਰ ਇਨ੍ਹਾਂ ਦੇ ਪਿੰਡ ਫੇਰੂਮਾਨ ਰਜਾ ਵਿਖੇ ਕਰਨਾ ਸੀ ਪਰ ਸੰਤ ਟੋਲੇ ਵਲੋਂ ਵਿਘਨ ਪਾਏ ਗਏ ਤਾਂ ਸੰਗਤਾਂ ਨੇ ਪਖੰਡੀ ਸੰਤ ਫਤਹਿ ਸਿੰਘ, ਸੰਤ ਚੰਨਣ ਸਿੰਘ ਨੂੰ ਲਾਹਨਤਾ ਪਾਈਆਂ ਤਾਂ ਪਖੰਡੀ ਸੰਤ ਫਤਹਿ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ । ੧੯੪੭ ਤੋਂ ਪਿਛੋਂ ਪੰਥ ਦੇ ਲੀਡਰਾਂ ਅਤੇ ਸੰਤਾਂ ਵਿਚੋਂ ਇਨ੍ਹਾਂ ਦੀ ਪੰਥਕ ਸੇਵਾ ਅਤੇ ਕੁਰਬਾਨੀ ਮਹਾਨ ਹੈ ਰਜਾ ਵਿਖੇ ਸੰਤ ਦਰਸ਼ਨ ਸਿੰਘ ਫੇਰੂਮਾਨ ਜੀ ਦੀ ਯਾਦ ਵਿਚ ਲੜਕੀਆਂ ਦਾ ਕਾਲਜ ਹੈ ।

੧੧ ਨਵੰਬਰ ੧੯੬੯ ਕੋਤਵਾਲੀ, ਗੁਰਦੁਆਰਾ ਸੀਸ ਗੰਜ ਦਿੱਲੀ, ਜਿਸ ਅਸਥਾਨ ਤੇ ੧੧ ਨਵੰਬਰ ੧੬੭੫ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਿੰਜਰੇ ਵਿੱਚ ਬੰਦ ਕੀਤਾ ਗਿਆ ਸੀ, ਉਥੇ ਕੋਤਵਾਲੀ ਸੀ, ਪਰ ਪੰਥ ਵਲੋਂ ਗੁਰੂ ਜੀ ਦੀ ਇਹ ਪਵਿਤਰ ਥਾਂ ਯਾਦਗਾਰ ਵਜੋਂ ਸੀਸ ਗੰਜ ਦੇ ਨਾਲ ਰਲਾਉਣ ਲਈ ਇੰਦਰਾ ਸਰਕਾਰ ਤੋਂ ਕਬਜ਼ਾ ਲੈ ਕੇ ਗੁਰਦੁਆਰੇ ਦੇ ਨਾਲ ਸ਼ਾਮਲ ਕਰ ਲਈ ।

੨੨ ਤੋਂ ੨੪ ਨਵੰਬਰ ੧੯੬੯ ਸਤਿਗੁਰੂ ਨਾਨਕ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਦਿਹਾੜੇ ਸੰਬੰਧੀ ਸੁਲਤਾਨਪੁਰ ਲੋਧੀ, ਜਿਥੇ ਉਨ੍ਹਾਂ ਨੇ ਹਟ ਖੁਲ੍ਹ ਗਿਆ ਬਾਬੇ ਨਾਨਕ ਦਾ; ਮੁਸਲਮਾਨ ਕਾਜੀ, ਮੌਲਵੀ, ਨਵਾਬ ਨੂੰ ਵੀ ਨਮਾਜ਼ ਪੜ੍ਹਨ ਦਾ ਢੰਗ ਦਸਿਆ, ਭਾਰੀ ਰੌਣਕਾ ਹੋਈਆਂ ਦਲਾਈ

ਲਾਮਾ ਨੇ ਸ਼ਰਧਾਂਜਲੀ ਭੇਟ ਕੀਤੀ, ਭਾਸ਼ਾ ਵਿਭਾਗ ਵਲੋਂ ਵਿਸ਼ੇਸ਼ ਪੁਸਤਕਾਂ ਸਰਵੇ ਅੰਕ ਛਾਪੇ ਗਏ ਪਰਦਰਸ਼ਨੀਆਂ ਲਗਾਈਆਂ ਗਈਆਂ ਸਜਾਵਟਾਂ ਰੌਣਕਾਂ ਹੋਈਆਂ।

ਡੇਰਾ ਬਾਬਾ ਨਾਨਕ ਵਿਖੇ ਵੀ ਭਾਸ਼ਾ ਵਿਭਾਗ ਵਲੋਂ ਗੋਸ਼ਟੀ ਕਰਵਾ ਕੇ ਸਰਵੇ ਪੁਸਤਕ ਛਾਪ ਕੇ ਵੰਡੀ ਗਈ ਭਾਸ਼ਾ ਅਫਸਰ ਸਤਨਾਮ ਸਿੰਘ ਸਨ।

੨੪ ਨਵੰਬਰ ੧੯੬੯ ਸਤਿਗੁਰੂ ਨਾਨਕ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਦਿਹਾੜਾ ਮਿਟੀ ਧੁੰਧ ਜਗ ਚਾਨਣ ਹੋਆ, ਸਾਰੇ ਸੰਸਾਰ ਵਿਚ ਭਾਰੀ ਉਤਸ਼ਾਹ ਰੌਣਕਾਂ, ਸਜਾਵਟਾਂ ਨਾਲ ਮਨਾਇਆ ਗਿਆ, ਕੀਰਤਨ ਦਰਬਾਰ, ਕਵੀ ਦਰਬਾਰ ਹੋਏ, ਰਾਮ ਬਾਗ ਵਿਖੇ ਲਾਈਟ ਐਂਡ ਸਾਉਂਡ ਪ੍ਰੋਗਰਾਮ ਵਿਖਾਏ ਗਏ। ਗੁਰੂ ਨਾਨਕ ਨਿਵਾਸ ਸ਼ੁਰੂ ਕੀਤਾ ਗਿਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨੀਂਹ ਰਾਸ਼ਟਰਪਤੀ ਵੀ.ਵੀ. ਗਿਰੀ ਵਲੋਂ ਰਖੀ ਗਈ। ਸ: ਬਿਸ਼ਨ ਸਿੰਘ ਸਮੁੰਦਰੀ ਜੀ ਵਾਈਸ ਚਾਨਸਲਰ ਬਣੇ। ਭਾਈ ਗੁਰਦਾਸ ਲਾਇਬਰੇਰੀ ਬਣਾਈ ਗਈ। ਭਾਰਤ ਸਰਕਾਰ ਵਲੋਂ ੨੦ ਪੈਸੇ ਵਾਲੀ ਡਾਕ ਟਿਕਟ ਜਾਰੀ ਕੀਤੀ ਗਈ। ਹਰ ਸਾਲ ੨੪ ਨਵੰਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸਥਾਪਨਾ ਦਿਵਸ ਮਨਾ ਕੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਣੀ ਉਪਦੇਸ਼ਾਂ ਬਾਰੇ ਵਿਸ਼ੇਸ਼ ਲੈਕਚਰ ਕਰਵਾਏ ਜਾਂਦੇ ਹਨ ਗੁਰੂ ਨਾਨਕ ਅਧਿਐਨ ਵਿਭਾਗ ਹੈ, ਇਨ੍ਹਾਂ ਨੂੰ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸੰਪੂਰਨ ਜੀਵਨ ਤੇ ਪੁਸਤਕਾਂ ਸਰਲ ਪੰਜਾਬੀ ਵਿਚ ਤਿਆਰ ਕਰਕੇ, ਪੰਜਾਬ ਦੇ ਪੇਂਡੂ ਲੋਕਾਂ ਨੂੰ ਵੀ ਲਾਭ ਪਹੁੰਚਾਉਣ, ਤਾਂ ਜੋ ਘਰ ਘਰ ਗੁਰੂ ਨਾਨਕ ਦੇਵ ਜੀ ਬਾਰੇ ਪੂਰੀ ਜਾਣਕਾਰੀ ਹੋਵੇ।

੧੯੬੯ ਸਰਦਾਰ ਬਹਾਦਰ ਸਰਦਾਰ ਰਾਮ ਸਿੰਘ ਅੰਬਾਲਾ ਸ਼ਹਿਰ ਵਲੋਂ ਮਾਸਕ ਗੁਰੂ ਨਾਨਕ ਉਦੇਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲੱਗਾ

੧੯੬੯ ਸਰਹੱਦੀ ਗਾਂਧੀ ਖਾਨ ਅਬਦੁਲ ਗਫਾਰ ਖਾਨ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਦਸਿਆ ਕਿ ਉਹ ਕਈ ਵਾਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਦੁਆ ਕਰਦੇ ਰਹੇ ਹਨ, ਕਿਉਂਕਿ ਇਨ੍ਹਾਂ ਦਾ ਯਕੀਨ ਸੀ ਕਿ ਹਰਿਮੰਦਰ ਦੇ ਦਰਸ਼ਨ ਕਰਨ ਨਾਲ, ਇਸ ਦੁਨੀਆਂ ਵਿਚ ਆਉਣ ਦਾ ਮਨੋਰਥ ਪੂਰਾ ਹੋ ਜਾਂਦਾ ਹੈ।

੧੯੬੯ ਇੰਦਰਾ ਕੁਰਪਟ ਸਰਕਾਰ ਵਲੋਂ ਸਿਖਾਂ ਨੂੰ ਕਿਰਪਾਨ ਲੈ ਜਾਣ ਬਾਰੇ ਸਖਤੀ ਕਿ ਤਿੰਨ ਸਿੱਖ ਆਪਣੇ ਟਰੱਕ ਵਿਚ ਕਿਰਪਾਨਾ ਰਖ ਕੇ ਲੈ ਜਾ ਰਹੇ ਸਨ ਕਿ ਪੁਲਸ ਵਲੋਂ ਗ੍ਰਿਫਤਾਰ ਕਰਕੇ ਮੈਜਿਸਟਰੇਟ ਦੀ ਅਦਾਲਤ ਇਦੌਰ ਵਿਖੇ ਛੇ, ਛੇ ਮਹੀਨੇ ਲਈ ਸਖਤ ਕੈਦ ਦੀ ਸਜ਼ਾ ਹੋਈ, ਪਰ ਸਾਡੇ ਅਖੌਤੀ ਪੰਥਕ ਲੀਡਰਾਂ ਵਲੋਂ ਇਸ ਜ਼ੁਲਮ ਵਿਰਧ ਕਦੇ ਰੋਸ ਕਾਰਵਾਈ ਨਹੀਂ ਕੀਤੀ ਗਈ।

੧੯੬੯ ਮਹੰਤ ਹਰੀ ਸਿੰਘ ਅੰਮ੍ਰਿਤਸਰ ਵਲੋਂ ਨਿਰਮਲ ਉਦੇਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

੧੯੬੯ ਸਵਾਮੀ ਸੰਤ ਦਾਸ ਜੀ, ਡੇਰਾ ਪ੍ਰੀਤਮ ਭਵਨ, ਗੋਪਾਲ ਨਗਰ, ਜਲੰਧਰ ਵਲੋਂ ਮਾਸਕ ਪ੍ਰੀਤਮ ਜੋਤ ਛਾਪ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ, ਸਵਾਮੀ ਈਸਵਰ ਦਾਸ ਜੀ ਬੜੀ ਸਫਲਤਾ ਨਾਲ ਚਲਾ ਰਹੇ ਹਨ।

੧੯੬੯ ਭਗਤ ਪੂਰਨ ਸਿੰਘ ਜੀ ਵਲੋਂ, ਮਾਸਕ ਜੀਵਨ ਲਹਿਰ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

੧੯੬੯ ਸਿਖਾਂ ਦੀ ਇਕ ਨਿਗੁਣੀ ਜਿਹੀ ਮੰਗ ਸੀ ਕਿ ਜਿਵੇਂ ਵਾਰਾਨਸੀ ਤੋਂ ਸੂਰਤ ਤਕ ਰੇਲ ਗੱਡੀ ਐਕਸਪ੍ਰੈਸ ਦਾ ਨਾਮ ਤਾਪਤੀ ਗੰਗਾ ਹੈ, ਭਵਾਨੀ ਤੋਂ ਵਾਰਾਨਸੀ ਅਤੇ ਦਾਨਾਪੁਰ ਤਕ ਰੇਲ ਗੱਡੀ ਦਾ ਨਾਮ ਗੰਗਾ-ਯਮਨਾ ਐਕਸਪ੍ਰੈਸ ਹੈ। ਇਸੇ ਤਰ੍ਹਾਂ ਬੰਬਈ ਐਕਸਪ੍ਰੈਸ ਦਾ ਨਾਮ ਗੋਲਡਨ ਟੈਂਪਲ ਐਕਸਪ੍ਰੈਸ ਰਖ ਦਿਤਾ ਜਾਵੇ, ਤਾਂ ਇਨ੍ਹਾਂ ਗੰਗੂ ਪੰਡਤਾਂ ਦੇ ਢਿਡ ਪੀੜ ਹੋਣ ਲਗ ਪਈ।

੧੯੬੯ ਭਾਈ ਪ੍ਰੇਮ ਸਿੰਘ ਅਖੰਡ ਕੀਰਤਨੀ ਜਥਾ, ਪਟਿਆਲਾ ਧੋਭੀ-ਘਾਟ ਤੋਂ ਮਾਸਕ ਬਲਿਓ ਚਰਾਗ ਸ਼ੁਰੂ ਕਰਕੇ, ਗੁਰਮਤਿ ਦਾ ਪ੍ਰਚਾਰ ਹੋਣ ਲਗਾ।

੧੦ ਜਨਵਰੀ ੧੯੭੦ ਅੰਮ੍ਰਿਤਸਰ ਵਿਖੇ ਭਾਰੀ ਸਮਾਗਮ ਹੋਇਆ, ਪਰ ਗੰਗੂ ਯਗ ਦੱਤ ਐਮ.ਪੀ. ਵਲੋਂ ਭੰਡੀ ਪ੍ਰਚਾਰ ਰੌਲਾ ਸ਼ੁਰੂ ਕਰ ਦਿਤਾ।

੧੯੭੦ ਸ: ਅਵਤਾਰ ਸਿੰਘ ਦੀਪਕ, ਬੀਬੀ ਅਨਵੰਤ ਕੌਰ ਮਾਸਕ ਕੰਵਲ ਪ-ਕੋਟ ਬਾਬਾ ਦੀਪ ਸਿੰਘ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਗਿਆ।

੨੬ ਜਨਵਰੀ ੧੯੭੦ ਸੰਤ ਫ਼ਤਹਿ ਸਿੰਘ ਨੇ ਚੰਡੀਗੜ੍ਹ ਵਾਸਤੇ ਮਰਨ ਵਰਤ ਸ਼ੁਰੂ ਕਰ ਦਿਤਾ।

ਜਥੇਦਾਰ ਪ੍ਰਿਥੀਪਾਲ ਸਿੰਘ ਅਠੌਲਾ ਬਾਬਾ ਬਕਾਲਾ ਵਲੋਂ ਕੌਮੀ ਸੁਤੰਤਰ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

੨੯ ਜਨਵਰੀ ਮਕਾਰ ਇੰਦਰਾ ਨੇ ਚੰਡੀਗੜ, ਪੰਜਾਬ ਨੂੰ ਦੇਣ ਦਾ ਐਲਾਨ ਕਰ ਦਿਤਾ, ਅਤੇ ਹਰਿਆਣਾ ਵਾਸਤੇ ਨਵੀਂ ਰਾਜਧਾਨੀ ਬਣਾਉਣ ਵਾਸਤੇ ਦਸ ਕਰੋੜ ਕੇਂਦਰ ਵਲੋਂ ਦਿਤੇ ਜਾਣ ਦਾ ਐਲਾਨ ਕਰ ਦਿਤਾ ਗਿਆ, ਪਰ ਰੇੜਕਾ ਪਾਉਣ ਵਾਸਤੇ ਫ਼ਾਜਿਲਕਾ ਅਤੇ ਅਬੋਹਰ ਦੇ ਇਲਾਕੇ ਹਰਿਆਣਾ ਨੂੰ ਤਬਦੀਲ ਕਰਨ ਦੀ ਕਮੀਨੀ ਸਾਜ਼ਸ਼ ਵੀ ਕੀਤੀ ਗਈ, ਪਰ ਇਸ ਗੋਲ ਮੋਲ ਐਲਾਨ ਦਾ ਮੰਤਵ, ਕੇਵਲ ਮਰਨ ਵਰਤ ਤੋੜਨਾ ਹੀ ਸੀ, ਤੇ ਗੁਰਨਾਮ ਸਿੰਘ ਮੁਖ ਮੰਤਰੀ ਨੇ ਸ਼ਾਮ ਨੂੰ ਪ.੩੦ ਵਜੇ ਮਰਨ ਵਰਤ ਖ਼ਤਮ ਕਰਵਾਉਣ ਦਾ ਡਰਾਮਾ ਕਰ ਦਿਤਾ। ਸ. ਬੂਟਾ ਸਿੰਘ ਫਾਜ਼ਿਲਕਾ ਵਲੋਂ ਸੰਤ ਟੋਲੇ ਦੇ ਪੁਤਲੇ ਸਾੜੇ ਗਏ।

੧੨ ਫ਼ਰਵਰੀ ਸ. ਕਪੂਰ ਸਿੰਘ, ਗਿਆਨ ਸਿੰਘ ਰਾੜੇਵਾਲਾ, ਸ. ਗੁਰਬਖ਼ਸ਼ ਸਿੰਘ ਐਡਵੋਕੇਟ, ਸ. ਗੋਪਾਲ ਸਿੰਘ ਖਾਲਸਾ ਦੀ ਪੰਥਕ ਕਮੇਟੀ ਬਣਾ ਦਿਤੀ ਗਈ, ਪਰ ਗਿਆਨ ਸਿੰਘ ਰਾੜੇਵਾਲਾ ਗੜਬੜ ਕਰਦਾ ਰਿਹਾ, ਵਜ਼ੀਰੀ ਦੀ ਝਾਕ ਕਰਦਾ ਰਿਹਾ।

ਇੰਗਲੈਂਡ ਵਿਚ ਪੰਜਾਬ ਟਾਈਮਜ਼ ਵੀਕਲੀ ੩੦, ਫੀਦਰ ਸਟੋਨ ਰੋਡ ਸਾਊਥਹਾਲ ਤੋਂ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ, ਸਫ਼ਲਤਾ ਨਾਲ ਚਲ ਰਿਹਾ।

੨੭ ਮਾਰਚ ਗੁਰਨਾਮ ਸਿੰਘ ਮੰਤਰੀ ਮੰਡਲ ੧੩ ਮਹੀਨੇ ਆਜ਼ਾਦੀ ਦਾ ਅਨੰਦ ਮਾਣ ਕੇ ਭੋਗ ਪੈ ਗਿਆ।

ਸ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਅਕਾਲੀ ਜਨਸੰਘ ਮੰਤਰੀ-ਮੰਡਲ ਬਣ ਗਿਆ। ਸ. ਬਲਵੰਤ ਸਿੰਘ, ਸੋਹਨ ਸਿੰਘ ਬਾਸੀ, ਸ. ਸੁਰਜੀਤ ਸਿੰਘ ਬਰਨਾਲਾ, ਡਾ: ਭਗਤ ਸਿੰਘ, ਸ. ਤਾਰਾ ਸਿੰਘ ਲਾਇਲਪੁਰੀ, ਜਥੇ: ਮੋਹਨ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ, ਸਤਨਾਮ ਸਿੰਘ, ਬਾਜਵਾ ਰਣਧੀਰ ਸਿੰਘ ਚੀਮਾ, ਨਰਿੰਦਰ ਸਿੰਘ ਗੁਰਮੀਤ ਸਿੰਘ ਤਰਲੋਚਨ ਸਿੰਘ ਰਿਆਸਤੀ, ਜਸਦੇਵ ਸਿੰਘ ਸੰਧੂ, ਬਾਵਾ ਹਰਨਾਮ ਸਿੰਘ, ਤੇਜਾ ਸਿੰਘ, ਸੰਤ ਸਾਧੂ ਸਿੰਘ, ਦਵਿੰਦਰ ਸਿੰਘ ਬਾਜਵਾ, ਕਰਤਾਰ ਸਿੰਘ ਵੈਦ ਕਰਮ ਸਿੰਘ ਜਾਗੀਰਦਾਰ, ਸੁਰਜੀਤ ਸਿੰਘ ਪੁਤਰ ਬਲਦੇਵ ਸਿੰਘ, ਮਜਿੰਦਰ ਸਿੰਘ ਬੇਹਲਾ, ਅਤੇ ਜਨ ਸੰਘ ਦੇ ਗੰਗੂ ਬ੍ਰਾਹਮਣਾਂ ਨੇ ਹਰ ਤਰ੍ਹਾਂ ਦੀ ਕੁਰਪਸ਼ਨ ਕਰਨੀ ਸ਼ੁਰੂ ਕਰ ਦਿਤੀ। ਗਿਆਨ ਸਿੰਘ ਰਾੜੇਵਾਲਾ ਮੂੰਹ ਵੇਖਦਾ ਰਹਿ ਗਿਆ, ਤੋੜ ਫੋੜ ਹਰਕਤਾਂ ਕਰਨ ਲਗਾ। ਬਾਦਲ ਅਤੇ ਟੌਹੜਾ ਵਿਚਕਾਰ ਨਾਚਾਕੀ ਰਹੀ। ਟੌਹੜਾ

ਸਾਹਿਬ ਸੁਰਜੀਤ ਸਿੰਘ ਬਰਨਾਲਾ ਨੂੰ ਮੁਖ ਮੰਤਰੀ ਬਣਵਾਉਣਾ ਚਾਹੁੰਦੇ ਸੀ।

੨੩ ਅਪਰੈਲ ਡਾ: ਰਾਜਿੰਦਰ ਕੌਰ ਐਮ. ਪੀ ਵਲੋਂ ਇਸਤਰੀ ਅਕਾਲੀ ਦਲ ਕਾਇਮ ਕੀਤਾ ਗਿਆ।

੧੨ ਜੂਨ ਅਕਾਲ ਤਖਤ ਦੇ ਉਪਰ ਜੋ ਤਿੰਨ ਅਗਨ ਕੁੰਡ ਸੰਤ ਟੋਲੇ ਵਲੋਂ ਬਣਵਾਏ ਹੋਏ ਸਨ, ਭਾਰੀ ਸੰਗਤਾਂ ਵਲੋਂ ਢਾਹ ਦਿਤੇ ਗਏ।

੩੦ ਜੂਨ ਗੰਗੂ ਮਹਾਸ਼ੇ ਵਜ਼ੀਰ ਪੰਜਾਬੀ ਦਾ ਵਿਰੋਧ ਕਰਦੇ ਰਹੇ। ਸ. ਗਿਆਨ ਸਿੰਘ ਰਾੜੇਵਾਲਾ ਨੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦਲ ਕਾਇਮ ਕਰ ਕੇ, ਆਪ ਪ੍ਰਧਾਨ ਬਣ ਗਿਆ, ਵਜ਼ੀਰ ਬਣਨ ਵਾਸਤੇ ਤਰਲੋ ਮੱਛੀ ਹੁੰਦਾ ਰਿਹਾ।

੯ ਨਵੰਬਰ ਭਗਤ ਨਾਮ ਦੇਵ ਜੀ ਦੇ ੭੦੦ ਸਾਲ ਜਨਮ ਦਿਹਾੜੇ ਦੀਆਂ ਭਾਰੀ ਰੌਣਕਾਂ, ਘੁਮਾਣ ਭਗਤ ਨਾਮਦੇਵ ਦਰਬਾਰ ਵਿਖੇ ਹੋਈਆਂ, ਭਾਸ਼ਾ ਵਿਭਾਗ ਵਲੋਂ ਪੁਸਤਕ ਛਾਪ ਕੇ ਵੰਡੀ ਗਈ, ਵਿਦਵਾਨਾਂ ਦੀ ਗੋਸ਼ਟੀ ਹੋਈ, ਗਿ: ਜੈਲ ਸਿੰਘ ਨੇ ਭਗਤ ਨਾਮ ਦੇਵ ਦੇ ਜੀਵਨ ਤੇ ਰੌਸ਼ਨੀ ਪਾਈ, ਭਾਰਤ ਸਰਕਾਰ ਵਲੋਂ ੨੦ ਪੈਸੇ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ। ਸ. ਬਲਵੰਤ ਸਿੰਘ ਸਬਜ਼ਾ ਵਲੋਂ ਮਾਸਕ ਮੈਗਜ਼ੀਨ ਨਾਮਦੇਵ ਦਰਬਾਰ ਕਢਣਾ ਸ਼ੁਰੂ ਕੀਤਾ। ਹੁਣ ਚਰਨ ਕੰਵਲਬੀਰ ਸਿੰਘ ਪੂਰੀ ਲਗਨ ਨਾਲ ਦਰਬਾਰ ਦੀ ਸੇਵਾ ਕਰਦੇ ਅਤੇ ਮੈਗਜ਼ੀਨ ਚਲਾ ਰਹੇ ਹਨ। ਸ. ਸਤਨਾਮ ਸਿੰਘ ਜ਼ਿਲਾ ਭਾਸ਼ਾ ਅਫ਼ਸਰ ਗੁਰਦਾਸਪੁਰ ਨੇ ਗੋਸ਼ਟੀ, ਸਰਵੇ ਦੇ ਪ੍ਰਬੰਧ ਕਰਵਾਏ।

੬ ਦਸੰਬਰ ਕਰਨਲ ਜੋਗਿੰਦਰ ਸਿੰਘ ਮਾਨ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦਲ ਦਾ ਪ੍ਰਧਾਨ ਬਣ ਗਿਆ।

ਡੇਹਰਾ ਬਾਬਾ ਨਾਨਕ ਵਿਖੇ ਭਾਸ਼ਾ ਵਿਭਾਗ ਵਲੋਂ ਗੁਰੂ ਨਾਨਕ ਦੇ ਜੀਵਨ ਤੇ ਸਮਾਗਮ ਸਰਵੇ ਪੁਸਤਕ ਛਾਪ ਕੇ ਵੰਡੀ ਗਈ, ਸ. ਸਤਨਾਮ ਸਿੰਘ ਜ਼ਿਲਾ ਭਾਸ਼ਾ ਅਫਸਰ ਗੁਰਦਾਸਪੁਰ ਵਲੋਂ ਪ੍ਰਬੰਧ ਕੀਤੇ ਗਏ।

ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਜੀ ਨੂੰ ਰੀਟਾਇਰ ਕੀਤਾ ਗਿਆ, ਹਾਲਾਂ ਕਿ ਇਨ੍ਹਾਂ ਨੇ ਆਪਣੀ ਸੇਵਾ ਦੇ ਦੌਰਾਨ ਮਹਾਨ ਕਾਰਨਾਮੇ ਕੀਤੇ ਸਨ, ਕਿਉਂਕਿ ਇਹ ਸਿਖ ਸਨ, ਇਸ ਕਰਕੇ ਕੋਈ ਹੋਰ ਤਰਕੀ, ਵਾਧਾ ਆਦਿ ਨਹੀਂ ਦਿਤਾ ਗਿਆ।

ਸੰਤ ਗੁਰਮੁਖ ਸਿੰਘ ਜੀ ਵਲੋਂ ਗੁਰਮਤਿ ਕਾਲਜ ਪਟਿਆਲਾ ਸ਼ੁਰੂ ਕੀਤਾ ਗਿਆ, ੧੯੮੪ ਤੋਂ ਹੁਣ ਪ੍ਰਿੰਸੀਪਲ ਡਾ. ਜਗਜੀਤ ਸਿੰਘ ਜੀ ਹਨ। ਐਮ. ਏ. ਧਰਮ ਦੋ ਸਾਲ ਕੋਰਸ ਹੈ।

ਬਾਵਾ ਬਲਵੰਤ ਪਪ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ।

ਮ: ਯਾਦਵਿੰਦਰ ਸਿੰਘ ਪਟਿਆਲਾ ਉੱਘੇ ਖਿਡਾਰੀ ਰਹੇ।

ਗੌਰ. ਸੀਨ ਸਕ. ਸਕੂਲ ਕੋਤਵਾਲੀ ਚੌਕ, ਅੰਮ੍ਰਿਤਸਰ ਵਲੋਂ ਪੁਸਤਕ "ਅੰਮ੍ਰਿਤਸਰ ਦਾ ਇਤਿਹਾਸਕ ਸਰਵੇਖਣ" ਤਿਆਰ ਕੀਤੀ ਗਈ।

ਰਾਜੀਵ ਸਮਗਲਰ ਨੇ ਇਟਲੀ ਦੇ ਨਿਊਡ ਕਲਬਾਂ ਵਿਚ ਡਾਂਸ ਕਰਦੀ, ਸੋਨੀਆ ਨਾਲ ਸ਼ਾਦੀ ਕਰ ਲਈ, ਉਸ ਦੇ ਭੈਣ ਭਰਾ, ਭਣਵਈਏ ਭਾਰਤ ਨੂੰ ਲੁਟਣ ਲਗੇ।

ਸ. ਨਰਿੰਦਰ ਸਿੰਘ ਕੁਲੇਰ, ਸੰਪਾਦਕ ਦਿਹਾਤੀ ਜਨਤਾ, ਬਟਾਲਾ, ਸੋ ਅਕਾਲੀ ਦਲ ਦੇ ਕਨਵੀਨਰ ਵਲੋਂ ਸੰਤ ਫਤਹਿ ਸਿੰਘ ਦਾ ਅਜਿਹਾ ਪੋਸਟਰ ਛਾਪਿਆ ਕਿ ਸੰਤ ਫਤਹਿ ਸਿੰਘ ਤਕੜੀ ਵਿਚ ਬੈਠਾ ਹੈ, ਗਲ ਵਿਚ ਸਪਾਂ ਦੀ ਮਾਲਾ, ਡਰੌਣੀ ਦੈਂਤ ਵਰਗੀ ਸ਼ਕਲ ਬਣਾ ਕੇ ਦੀਵਾਰਾਂ ਤੇ ਲਗਾਇਆ ਗਿਆ, ਟਰੈਕਟ ਛਾਪ ਕੇ ਵਿਰੋਧੀ ਪ੍ਰਚਾਰ ਕੀਤਾ ਗਿਆ, ਸੰਤ ਟੋਲਾ ਨੂੰ ਬਦਨਾਮ ਕਰਕੇ ਹਟਾਉਣ ਲਈ ਮੁਜ਼ਾਹਰੇ ਹੋਏ।

ਸ ਸਵਦੇਸ਼ ਬਹਾਦਰ ਸਿੰਘ, ਜੰਗ ਬਹਾਦਰ ਸਿੰਘ, ਏ-ਰਾਜਿੰਦਰ ਪਲੇਸ ਦਿਲੀ-੮, ਵਲੋਂ ਮਾਸਕ ਪੰਜਾਬੀ ਡਾਈਜੈਸਟ, ਸ਼ੁਰੂ ਕੀਤਾ ਗਿਆ ਜੋ ਹੁਣ ਤਕ ਸਫਲਤਾ ਨਾਲ ਛਪ ਰਿਹਾ ਹੈ।

੯ ਤੋਂ ੨੦ ਦਸੰਬਰ ਛੇਵੀਆਂ ਏਸ਼ੀਆਈ ਖੇਡਾਂ ਬੈਂਕਾਕ (ਥਾਈਲੈਂਡ) ਬੀਬੀ ਕੰਵਲਜੀਤ ਕੌਰ ਸੰਧੂ ਨੇ ਨਾਮ ਉਘਾ ਕੀਤਾ।

੧੦ ਜਨਵਰੀ ੧੯੭੧ ਗਿਆਨ ਸਿੰਘ ਰਾੜੇਵਾਲਾ ਦੀ ਲੜਕੀ ਨਿਰਲੇਪ ਕੌਰ ਨੇ ਸੰਤ ਵਿਰਸਾ ਸਿੰਘ ਦੇ ਬੰਦੂਕ ਧਾਰੀਆਂ ਦੀ ਹਮਾਕਤ ਜੋਰ ਜਬਰ ਨਾਲ, ਗੁਰਦੁਆਰਾ ਸੀਸ ਗੰਜ, ਅਤੇ ਬੰਗਲਾ ਸਾਹਿਬ–ਦਿਲੀ ਵਿਖੇ ਅਥਰੂ ਗੈਸ ਦੇ ਗੋਲੇ ਸੁਟ ਕੇ, ਗੁਰੂ ਘਰ ਦੀ ਸੇਵਾ ਕਰਨ ਦੀ ਬਜਾਏ, ਸ਼ਰਧਾਲੂ ਸੰਗਤਾਂ ਉਪਰ ਜ਼ੁਲਮ ਕਰਕੇ ਮਰਯਾਦਾ ਵਿਚ ਵਿਘਨ ਪਾ ਕੇ ਰਾਵਣ ਟੋਲੇ ਨੇ ਕਬਜਾ ਕਰਨ ਦੀ ਮੂਰਖਤਾ ਕੀਤੀ, ਇਨ੍ਹਾਂ ਸਰਮਾਏਦਾਰਾਂ ਨੇ ਮਸੇ-ਰੰਘੜ ਬਣ ਕੇ ਗੁਰੂ ਦਰਬਾਰ ਦੀ ਬੇ-ਅਦਬੀ ਕੀਤੀ।

ਲੋਕ ਸਭਾ ਚੋਣਾਂ ਦੇ ਦੌਰਾਨ, ਸਾਰੇ ਅਖੌਤੀ ਲੀਡਰ ਸੀਟਾਂ, ਵਜ਼ੀਰੀਆਂ ਦੀ ਦੌੜ ਵਿਚ ਇੰਦਰਾ ਦੀਆਂ ਪਰਕਰਮਾ ਕਰਨ ਲਗੇ, ਆਪਸ ਵਿਚ ਲੜਨ ਲਗੇ। ਸੰਤ ਟੋਲਾ ਸਿੰਘ ਬਾਦਲ ਦਲ, ਗੁਰਨਾਮ ਸਿੰਘ ਦਲ ਵਖਰਾ, ਗਿਆਨ ਸਿੰਘ ਰਾੜੇਵਾਲਾ ਭੰਡੀ ਪ੍ਰਚਾਰ ਕਰਨ ਲਗੇ, ਗੁਰੂ ਦਾ ਪ੍ਰਚਾਰ ਕਰਨ ਵਾਲੀ ਤਾਂ ਅਕਲ ਹੀ ਨਹੀਂ ਰਹੀ।

ਚੋਣਾਂ ਵਿਚ ਇੰਦਰਾ ਦੇ ਮੁਕਾਬਲੇ ਵਿਚ ਰਾਜ ਨਰਾਇਣ ਖੜਾ ਹੋਇਆ ਪਰ ਕੁਰਪਟ ਇੰਦਰਾ, ਨਾਜ਼ਾਇਜ ਢੰਗ ਨਾਲ ਜਿਤ ਗਈ ਤਾਂ ਰਾਜ ਨਾਰਾਇਣ ਨੇ ਚੋਣ ਪੈਟੀਸ਼ਨ ਅਦਾਲਤ ਤੋਂ ਇਨਸਾਫ਼ ਲੈਣ ਲਈ ਦਾਇਰ ਕਰ ਦਿਤੀ।

੬ ਮਈ ਗਿਆਨ ਸਿੰਘ ਰਾੜੇਵਾਲਾ, ਨਿਰਲੇਪ ਕੌਰ, ਵਿਰਸਾ ਸਿੰਘ ਮਸਾ ਰੰਘੜਾਂ ਵਲੋਂ ਗੁਰਦੁਆਰਾ ਸੀਸ ਗੰਜ ਦਿਲੀ ਵਿਖੇ ਅੰਦਰੋਂ ਦਰਵਾਜ਼ੇ ਬੰਦ ਕਰ ਕੇ, ਗੋਲੀ ਚਲਾ ਕੇ ਮੂਰਖਤਾ ਅਤੇ ਜਹਾਲਤ ਦਾ ਪ੍ਰਗਟਾਵਾ ਕੀਤਾ ਗਿਆ। ਪੁਲਸ ਤਮਾਸ਼ਾ ਵੇਖਦੀ ਰਹੀ।

ਹੈਪੀ ਨਿਵਾਸ ਪਟਿਆਲਾ ਮਹਲਾ ਖਾਲਸਾ ਦੀ ਉਸਾਰੀ ਮੁਕੰਮਲ, ਅਰਦਾਸ ਸ਼ੁਕਰਾਨਾ ਕੀਤਾ ਗਿਆ।

੨੦ ਮਈ ਦਿਲੀ ਮਸਾ ਰੰਘੜ ਟੋਲੇ ਵਲੋਂ, ਇੰਦਰਾ ਦੀਆਂ ਪਰਕਰਮਾ ਕਰਕੇ ਦਿਲੀ ਸਿਖ ਗੁਰਦੁਆਰਾਂ ਪ੍ਰਬੰਧ ਆਰਡੀਨੈਂਸ ੧੯੭੧ ਜਾਰੀ ਕਰਵਾ ਕੇ, ਵਖਰਾ ਬੋਰਡ ਬਣਾ ਕੇ, ਸ਼੍ਰੋ: ਗੁਰ: ਪ੍ਰ: ਕਮੇਟੀ ਨਾਲੋਂ ਵਖ ਹੋ ਗਏ। ਪ੍ਰੋ. ਜਸਵੰਤ ਸਿੰਘ ਫੁਲ ਨੇ ਅਜਿਹੀਆਂ ਸ਼ਰਮਨਾਕ ਹਰਕਤਾਂ ਤੋਂ ਦੁਖੀ ਹੋ ਕੇ, ਨਿਰਲੇਪ ਕੌਰ ਧੜੇ ਨੂੰ ਲਾਹਨਤਾਂ ਪਾਈਆਂ, ਪਰ ਇਹ ਸਰਮਾਏਦਾਰ ਹੰਕਾਰੀ ਅੰਨ੍ਹੇ ਬੋਲੇ ਜ਼ਾਲਮ ਅਤੇ ਢੀਠ ਹੁੰਦੇ ਹਨ।

ਸੰਤ ਫ਼ਤਹਿ ਸਿੰਘ ੧੦੧ ਸਿੰਘਾਂ ਦਾ ਜਥਾ ਅੰਮ੍ਰਿਤਸਰ ਤੋਂ ਦਿਲੀ ਸਕੂਰਬਸਤੀ ਜਥੇ ਸੰਤੋਖ ਸਿੰਘ ਦੇ ਜਥੇ ਇਕਠੇ ਹੋਏ, ੭ ਦਸੰਬਰ ਤਕ ਮੋਰਚਾ ਚਲਦਾ ਰਿਹਾ।

੬ ਜੂਨ ਸੰਤ ਫ਼ਤਹਿ ਸਿੰਘ ਵਲੋਂ ਸ੍ਰੀ ਅਕਾਲ ਤਖਤ ਵਿਖੇ ਸਰਬ ਭਾਰਤ ਪੰਥਕ ਸਮਾਗਮ ਕੀਤਾ ਗਿਆ ਕਿ ਦਿਲੀ ਗੁਰਦੁਆਰਾ ਐਕਟ ਬਣਾ ਕੇ ਪ੍ਰਬੰਧ ਸ਼੍ਰੋ. ਗੁਰ. ਕਮੇਟੀ ਅਧੀਨ ਰਖਿਆ ਜਾਵੇ, ਅਤੇ ਮੋਰਚਾ ਲਗਾਉਣ ਲਈ ਸਰਕਾਰ ਨੂੰ ਅਲਟੀਮੇਟਮ ਦਿਤਾ।

੮ ਜੂਨ ਬਾਦਲ ਦੇ ਗੰਗੂ ਵਜ਼ੀਰਾਂ ਨੇ ਜੋਰ ਲਗਾਇਆ ਕਿ ਸਾਰੇ ਕਾਲਜਾਂ ਵਿਚ ਹਿੰਦੀ ਨੂੰ ਮਾਧਿਅਮ ਬਣਾਇਆ ਜਾਵੇ, ਹਰਿਆਣਾ ਵਿਚ ਪੰਜਾਬੀ ਨੂੰ ਖ਼ਤਮ ਕਰ ਦਿਤਾ ਗਿਆ। ਗੁਰਨਾਮ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਹਿੰਦੂਆਂ ਨੂੰ ਭੜਕਾਉਣ ਲਗੇ, ਬਾਦਲ ਦੇ ਵਿਰੋਧੀ ਹੋ ਗਏ, ਗੰਗੂ ਵਜ਼ੀਰ ਸਾਥ ਛਡ ਗਏ।

੧੪ਜੂਨ ਪ੍ਰਕਾਸ਼ ਸਿੰਘ ਬਾਦਲ ਨੇ ੧੫ ਮਹੀਨੇ ਕੁਰਪਸ਼ਨ ਦਾ ਦੌਰਾ ਦੌਰਾ, ਕੋਠੀਆਂ ਕਾਰਾਂ, ਬੈਂਕ ਬੈਲੰਸ ਵਧਾ ਕੇ ਆਜ਼ਾਦੀ ਦੇ ਅਨੰਦ ਮਾਣ ਕੇ ਮੰਤਰੀ ਮੰਡਲ ਭੰਗ ਕਰਕੇ, ਡੀ. ਸੀ ਪਾਵਟੇ ਦਾ ਰਾਸ਼ਟਰਪਤੀ ਰਾਜ ਲਾਗੂ

ਕਰਵਾ ਦਿਤਾ, ਸਿਖਾਂ ਉਪਰ ਜ਼ੁਲਮ ਹੋਣ ਲਗੇ ਜੇਲ੍ਹਾਂ ਵਿਚ ਬੰਦ ਰਹਿ ਕੇ ਆਜ਼ਾਦੀ ਦਾ ਆਨੰਦ ਮਾਣਨ ਲਗੇ।

ਭਾਰੀ ਬਾਰਸ਼ਾਂ ਕਾਰਣ, ਭਾਖੜੇ ਤੋਂ ਹੜਾਂ ਦੀ ਮਾਰ ਪਿੰਡ ਦੇ ਲੋਕਾਂ ਦੀ ਬਰਬਾਦੀ ਉਜਾੜਾ ਹੋ ਗਿਆ।

ਪਾਕਿਸਤਾਨ ਵਲੋਂ ਜਬਰਦਸਤ ਹਮਲੇ; ਜੰਗ ਹੋਣ ਨਾਲ ਪੰਜਾਬ ਦੇ ਸਰਹਦੀ ਇਲਾਕਿਆਂ ਦੀ ਬਰਬਾਦੀ ਹੋਣ ਲਗੀ, ਫਿਰ ਵੀ ਜ਼ਿਮੀਦਾਰ ਰਾਤ ਦਿਨ ਫੌਜੀਆਂ ਦੀ ਸੇਵਾ ਕਰਦੇ ਰਹੇ, ਕੋਈ ਮੁਆਵਜਾ ਕਲੇਮ ਨਹੀਂ ਕੀਤਾ ਗਿਆ।

ਗੁਰਮਤਿ ਪ੍ਰਚਾਰ ਸੁਸਾਇਟੀ ਗਿ: ਸੁਰਿੰਦਰ ਸਿੰਘ ਸੁਭਾਨੀ ਚੌਕ ਲੁਧਿਆਣਾ ਵਲੋਂ ਮਾਸਕ ਗੁਰਮਤਿ ਸੇਧਾ ਕਢਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

ਸ. ਉਤਮ ਸਿੰਘ ਤੇਜ ੬੧ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਬਾਬਾ ਸੰਤਾ ਸਿੰਘ, ਲੋਅਰ ਮਾਲ ਰੋਡ, ਪਟਿਆਲਾ ਵਲੋਂ ਮਾਸਕ ਨਿਹੰਗ ਸਿੰਘ ਸੰਦੇਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

ਅਗਸਤ ੭੧ ਸ੍ਰੀ ਰਾਜ ਨਰਾਇਣ ਦੇ ਵਿਰੁਧ ਕੁਰਪਟ ਇੰਦਰਾ ਅਨੇਕਾਂ ਕਮੀਨੀਆਂ ਸਾਜ਼ਸ਼ਾਂ ਕਰਦੀ ਰਹੀ ਕਿ ਉਹ ਚੋਣ ਪੈਟੀਸ਼ਨ ਵਾਪਸ ਲੈ ਲਵੇ, ਪਰ ਉਹ ਬਜ਼ਿਦ ਰਿਹਾ, ਤਾਂ ਅਦਾਲਤਾਂ ਦੇ ਜੱਜਾਂ ਉਪਰ ਰੁਹਬ ਪਾਉਣ ਲਗੀ।

੨੦ ਦਸੰਬਰ ਡਾ: ਹਰਨਾਮ ਸਿੰਘ ਤਾਲਬ, ੫੬ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਡਾ. ਜਗਜੀਤ ਸਿੰਘ ਚੌਹਾਨ, ਅਮਰੀਕਾ ਵਲ ਜਾ ਕੇ ਖਾਲਿਸਤਾਨ ਲਈ ਚਰਚਾ ਕਰਨ ਲਗ ਪਿਆ।

ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ ਮਦਰਾਸ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ, ਗੁਰੂ ਨਾਨਕ ਕਾਲਜ, ਮਦਰਾਸ ਖੋਲ੍ਹਿਆ ਗਿਆ।

੨੪ ਦਸੰਬਰ ਦਿਲੀ ਸਿਖ ਗੁਰ. ਪ੍ਰ. ਐਕਟ ੧੯੭੧ ਬਣ ਗਿਆ ਅਤੇ ਪ੍ਰਬੰਧ ਸੰਗਤਾਂ ਵਲੋਂ ਚੁਣੀ ਹੋਈ ਕਮੇਟੀ ਕਰਨ ਲਗੀ।

ਸ੍ਰੀਮਤੀ ਨਿਰੰਜਣ ਅਵਤਾਰ, ਮੋਚਪੁਰਾ ਲੁਧਿਆਣਾ ਵਲੋਂ ਮਾਸਕ 'ਤਰਿੰਜਣ' ਸੁਰੂ ਕਰਕੇ ਗੁਰਬਾਣੀ ਦਾ ਪ੍ਰਚਾਰ ਕੀਤਾ ਜਾਣ ਲਗਾ।

੩ ਦਸੰਬਰ ਪਾਕਿਸਤਾਨ ਦੇ ਯਯਾ ਖਾਨ ਵਲੋਂ ਜੰਗ, ਹਮਲੇ ਪਛਮੀ

ਸੈਕਟਰ ਵਿਚ ਸ਼ੁਰੂ ਕੀਤੀ ਗਈ ਤਾਂ ਰਾਸ਼ਟਰਪਤੀ ਵਲੋਂ ਐਮਰਜੰਸੀ ਲਾਗੂ ਕਰ ਦਿਤੀ ਗਈ। ਇੰਦਰਾ ਵਲੋਂ ਸਿਖ ਫੌਜੀ ਕਮਾਂਡਰਾਂ ਦੇ ਹਾੜ੍ਹੇ ਕਢੇ ਗਏ ਕਿ ਦੇਸ਼ ਦੀ ਰਖਿਆ ਕੀਤੀ ਜਾਵੇ, ਅਤੇ ਅੰਦਰੋਂ ਕਮੀਨੀ ਸਾਜ਼ਸ਼ ਨਾਲ ਅਸ਼ਵਨੀ ਕੁਮਾਰ ਰਾਹੀਂ ਫੈਸਲਾ ਕੀਤਾ ਅਤੇ ਗੁਰਦਾਸਪੁਰ ਦਾ ਇਲਾਕਾ ਖਾਲੀ ਕਰਨ ਦਾ ਹੁਕਮ ਦੇ ਦਿਤਾ।

ਪਹਿਲੀ ਡੀਫੈਂਸ ਲਾਈਨ ਬਿਆਸ ਅਤੇ ਦੂਜੀ ਅੰਬਾਲਾ ਰਖੀ ਜਾਵੇ ਪਰ ਸੂਝਵਾਨ ਸਿਖ ਕਮਾਂਡਰਾਂ ਨੇ ਇਸ ਕਮੀਨੀ ਸਾਜ਼ਸ਼ ਦਾ ਡਟ ਕੇ ਵਿਰੋਧ ਕੀਤਾ। ਇੰਦਰਾ ਵਲੋਂ ਹਮੇਸ਼ਾਂ ਲੜਾਈ ਪੰਜਾਬ ਦੀਆਂ ਸਰਹਦਾਂ ਵਲੋਂ ਛੇੜੀ ਜਾਂਦੀ ਕਿ ਸਿਖ ਖ਼ਤਮ ਹੋ ਜਾਣ। ਪਰ ਉਸ ਨੂੰ ਇਹ ਨਹੀਂ ਪਤਾ ਕਿ ਪੰਜਾਬ, ਗੁਰੂਆਂ ਅਤੇ ਸ਼ਹੀਦਾਂ ਦੀ ਪਵਿਤਰ ਧਰਤੀ ਹੈ, ਵਾਲ ਨਾ ਵਿੰਗਾ ਹੋਆ।

੧੬ ਦਸੰਬਰ ਬੰਗਲਾ ਦੇਸ਼ ਵਿਚ ਪਾਕਿਸਤਾਨ ਦਾ ਲੈਫ. ਜਨਰਲ ਏ. ਕੇ ਨਿਆਜ਼ੀ ਦੇ ਨਾਲ ਇਕ ਲਖ ਦੀ ਹਥਿਆਰਬੰਦ ਗੀਦੀ ਫੌਜ ਸੀ, ਪਰ ਗੁਰੂ ਗੋਬਿੰਦ ਸਿੰਘ ਦੇ ਸੂਰਬੀਰ ਸੰਤ ਸਿਪਾਹੀ ਲੈਫ ਜਨਰਲ ਜਗਜੀਤ ਸਿੰਘ ਅਰੋੜਾ, ਜੀ ਨੇ ਖਾਲਸੇ ਵਾਲੀ ਭਬਕ ਮਾਰ ਕੇ, ਘੇਰਾ ਘਤ ਲਿਆ, ਅਤੇ ਸਿਖ ਲਾਈਟ ਇਨਫੈਨਟਰੀ ਰੈਜੀਮੈਂਟ ਵਲੋਂ ਜੈਕਾਰੇ ਛਡੇ ਗਏ ਕਿ ਪਾਕਿਸਤਾਨ ਦੇ ਗੀਦੀ ਨਿਆਜ਼ੀ ਦੀ ਇਕ ਲਖ ਫੌਜ ਨੇ, ਜਾਨਾਂ ਬਚਾਉਣ ਲਈ, ਹਥਿਆਰ ਸੁਟ ਦਿਤੇ। ਜਨਰਲ ਜਗਜੀਤ ਸਿੰਘ ਜੀ ਅਤੇ ਮੇਜਰ ਜਨਰਲ ਸੁਜਾਨ ਸਿੰਘ ਉਬਾਨ ਨੇ ਬਿਨਾਂ ਖ਼ੂਨ ਖ਼ਰਾਬਾ ਕੀਤੇ, ਬੰਗਲਾ ਦੇਸ਼ ਫਤਹਿ ਕਰ ਲਿਆ, ਜਿਸ ਦੀ ਪ੍ਰਸੰਸਾ ਸਾਰੇ ਦੇਸ਼ਾਂ ਨੇ ਕੀਤੀ, ਹਰ ਸਿਖ ਦਾ ਮਾਣ ਵਧਿਆ, ਪ੍ਰਧਾਨ ਮੁਜੀਬ ਅਤੇ ਇੰਦਰਾ ਨੇ ਵੀ ਹਾਰਦਿਕ ਪ੍ਰਸੰਸਾ ਕੀਤੀ ਪਰ ਹੈਰਾਨੀ ਅਤੇ ਦੁਖ ਹੈ ਕਿ ਇਨ੍ਹਾਂ ਨੂੰ ਸਿਖ ਹੋਣ ਕਰਕੇ ਕੋਈ ਵਿਸ਼ੇਸ਼ ਤਰਕੀ ਜਾਂ ਨੌਕਰੀ ਵਿਚ ਵਾਧਾ ਨਹੀਂ ਕੀਤਾ ਗਿਆ, ਜਨਰਲ ਸੁਬੇਗ ਸਿੰਘ ਜੀ ਨੇ ਮਹਾਨ ਕਾਰਨਾਮੇ ਕੀਤੇ ਪਰ ਸਿਖ ਹੋਣ ਕਰਕੇ ਰੀਟਾਇਰ ਕਰ ਦਿਤਾ ਗਿਆ, ਕੋਈ ਵਿਸ਼ੇਸ਼ ਅਹੁਦਾ ਤਰਕੀ ਨਹੀਂ ਦਿਤੀ ਗਈ, ਜਦੋਂ ਕਿ ਜਨਰਲ ਐਸ. ਐਚ. ਐਫ. ਜੀ ਮਾਣਕਸ਼ਾਹ ਨੂੰ ਰੀਟਾਇਰ ਕਰਨ ਦੀ ਬਜਾਏ ਦੋ ਸਾਲ ਲਈ ਚੀਫ਼ ਮਾਰਸ਼ਲ ਦਾ ਵਖਰਾ ਅਹੁਦਾ ਦੇ ਕੇ ਹੋਰ ਤਰਕੀ ਦੇ ਦਿਤੀ ਗਈ ਸੀ।

ਗਿਆਨ ਸਿੰਘ ਰਾੜੇਵਾਲਾ ਅਤੇ ਇਸ ਦੀ ਪੁਤਰੀ ਨਿਰਲੇਪ ਕੌਰ ਦੇ ਮਨ ਵਿਚ ਗੁਰੂ ਦਰਬਾਰ ਵਿਚ ਸੇਵਾ ਸਿਮਰਨ ਕਰਨ ਦਾ ਅੰਸ਼ ਨਹੀਂ ਸਗੋਂ ਇਕ ਹੰਕਾਰੀ ਸਰਮਾਏਦਾਰ ਵਜੋਂ ਗੁਰੂ ਘਰਾਂ ਉਪਰ ਜਬਰੀ ਕਬਜ਼ੇ ਕਰਨ, ਦਾ ਭੂਤ ਸਵਾਰ ਰਹਿੰਦਾ, ਇਸ ਕਰਕੇ ਗੁਰਦੁਆਰਾ ਬੁਢਾ ਜੋਹੜ, ਗੰਗਾ ਨਗਰ

(ਰਾਜਿਸਥਾਨ) ਤੇ ਜਬਰੀ ਕਬਜ਼ਾ ਕਰ ਲਿਆ। ਚੋਣਾ ਦੇ ਦੌਰਾਨ ਐਮ. ਪੀ. ਬਣਨ ਵਾਸਤੇ ਤਰਲੋ ਮੱਛੀ ਹੁੰਦੀ ਰਹੀ।

੧੧ ਮਾਰਚ ੧੯੭੨ ਧਰਮ ਦੇ ਨਾਮ ਤੇ ਪਖੰਡ ਕਰਨ ਵਾਲੇ ਹੰਕਾਰ ਕਰਨ ਵਾਲੇ ਅਖੌਤੀ ਸਰਮਾਏਦਾਰ ਟੋਲਾ ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ, ਗਿਆਨ ਸਿੰਘ ਰਾੜੇਵਾਲਾ ਅਤੇ ਸੰਤ ਟੋਲਾ ਚੋਣਾ ਦੇ ਦਿਨਾਂ ਵਿਚ ਮੁਖ ਮੰਤਰੀ ਬਣਨ ਦੇ ਝਾਂਸੇ ਵਿਚ ਇੰਦਰਾ ਦੀਆਂ ਪਰਕਰਮਾ ਕਰਦੇ ਰਹੇ ਆਪਸ ਵਿਚ ਝਗੜਦੇ ਰਹੇ, ਪਰ ਸਮਗਲਰ ਕਾਂਗਰਸ ਨੇ ਕਮਿਊਨਿਸਟਾਂ ਨਾਲ ਸਮਝੌਤਾ ਕਰ ਲਿਆ।

੧੭ ਮਾਰਚ ਗਿ: ਜ਼ੈਲ ਸਿੰਘ ਮੁਖ ਮੰਤਰੀ ਬਣ ਗਿਆ, ਇਸ ਦੇ ਨਾਲ ਭਾਈ ਲਾਲੋ ਸਰਕਾਰ ਦੇ ਕੈਪਟਨ ਰਤਨ ਸਿੰਘ, ਸ. ਉਮਰਾਉ ਸਿੰਘ, ਨਸੀਬ ਸਿੰਘ ਗਿਲ, ਸੰਤੋਖ ਸਿੰਘ ਰੰਧਾਵਾ, ਗੁਰਬੰਤਾ ਸਿੰਘ, ਸੋਹਨ ਸਿੰਘ ਜਲਾਲ-ਉਸਮਾਨ ਦਿਲਬਾਗ ਸਿੰਘ ਡਾਲੀਕੇ ਬਲਬੀਰ ਸਿੰਘ, ਗੁਰਬਖਸ਼ ਸਿੰਘ ਸੀਬੀਆ, ਗੁਰਦਰਸ਼ਨ ਸਿੰਘ, ਗੁਰਬਿੰਦਰ ਕੌਰ ਬਰਾੜ, ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਆਜ਼ਾਦੀ ਦਾ ਅਨੰਦ ਮਾਣਨ ਲਗੇ, ਕੋਠੀਆਂ ਕਾਰਖਾਨੇ, ਬੈਂਕ ਬੈਲੰਸ ਵਧਾਉਣ ਲਗੇ।

ਗਿ: ਜ਼ੈਲ ਸਿੰਘ ਨੇ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਮਥਾ ਟੇਕ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ, ਅਤੇ ਗੁਰੂ ਦੀ ਸੇਵਾ ਦੇ ਕਾਰਜ ਕਰਨ ਲਈ ਅਰਦਾਸ ਕੀਤੀ। ਗੁਰੂ ਗੋਬਿੰਦ ਸਿੰਘ ਮਾਰਗ ਸ਼ੁਰੂ ਕਰਵਾਇਆ।

੧੯ ਮਾਰਚ ਸੰਤ ਫ਼ਤਹਿ ਸਿੰਘ ਨੇ ਪੰਥਕ ਹਲਕਿਆਂ ਵਿਚ ਬਦਨਾਮ ਹੋ ਕੇ ਸ਼੍ਰੋ. ਅ. ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ।

੨੫ ਮਾਰਚ ਜਥੇ. ਮੋਹਨ ਸਿੰਘ ਤੁੜ ਪ੍ਰਧਾਨ ਸ਼੍ਰੋ. ਅ. ਦਲ ਬਣ ਗਿਆ।

ਰਾਮਗੜ੍ਹੀਆ ਕੌਂਸਲ ਫਗਵਾੜਾ ਵਲੋਂ ਕੌਮੀ-ਸੰਦੇਸ਼ ਵੀਕਲੀ ਛਾਪ ਕੇ ਗੁਰਮਤਿ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ, ਪ੍ਰਿੰਸੀਪਲ ਅਮਰ ਸਿੰਘ ਵਿਰਦੀ ਬੜੀ ਸਫਲਤਾ ਨਾਲ ਚਲਾ ਰਹੇ ਸਨ।

੪ ਮਈ ਜਥੇ. ਜੀਵਨ ਸਿੰਘ ਉਮਰਾ ਨੰਗਲ ਨੇ ਟੌਹੜਾ ਬਾਦਲ ਅਤੇ ਬਲਵੰਤ ਸਿੰਘ ਨੂੰ ਪੰਥ ਵਿਰੋਧੀ ਦੋਸ਼ ਲਗਾ ਕੇ ਮੁਅਤਲ ਕਰ ਦਿਤਾ।

ਪ੍ਰਿੰਸੀਪਲ ਗੁਰਬਚਨ ਸਿੰਘ ਭੂਈ, ਗਿਆਨੀ ਕਾਲਜ, ਹੁਸੈਨਪੁਰਾ ਚੌਕ ਵਲੋਂ ਮਾਸਕ ਸਾਹਿਤਕਾਰ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

ਮੂਨਿਚ ਓਲੈਪਕਿਸ ਵਿਖੇ ਮਹਿੰਦਰ ਸਿੰਘ ਗਿਲ, ਜਗਰਾਜ ਸਿੰਘ ਨੇ ਨਾਮ ਉਘਾ ਕੀਤਾ।

੨੦ ਜੂਨ ਗੁਰਦੁਆਰਾ ਸਦਾਬਰਤ ਵਿਖੇ ੯ ਸਿੰਘ ਸ਼ਹੀਦ ਹੋ ਗਏ, ਇਸ ਮਾਮਲੇ ਦੀ ਜੁਡੀਸ਼ਲ ਪੜਤਾਲ ਜੱਜ ਸ. ਆਰ ਐਸ ਨਰੂਲਾ ਵਲੋਂ ਕੀਤੀ ਗਈ ਅਤੇ ਸਾਬਤ ਹੋ ਗਿਆ ਕਿ ਸਿਖਾਂ ਉਪਰ ਜਬਰੁ ਤਸ਼ਦਦ ਵਧੀਕੀ ਹੋਈ ਹੈ।

੧੫ ਜੁਲਾਈ ਜੰਮੂ ਕਸ਼ਮੀਰ ਦਾ ਬਖ਼ਸ਼ੀ ਗੁਲਾਮ ਮੁਹੰਮਦ ਅਲਾਹ ਨੂੰ ਪਿਆਰੇ ਹੋ ਗਏ।

੨ ਜੁਲਾਈ ਪਾਕਿਸਤਾਨ ਦੇ ਜ਼ੁਲਫਕਾਰੀ ਅਲੀ ਭੁਟੋ ਅਤੇ ਇੰਦਰਾ ਵਿਚਕਾਰ, ਕਸ਼ਮੀਰ ਦੇ ਮਾਮਲੇ ਤੇ ਸ਼ਿਮਲਾ ਵਿਖੇ ਸਮਝੌਤਾ ਹੋਇਆ।

੨੧ ਜੁਲਾਈ ਸ. ਹਰਗੁਰਨਾਦ ਸਿੰਘ ਪ੍ਰਧਾਨ ਬਣ ਗਿਆ, ਨਿਰਲੇਪ ਕੌਰ ਮੂੰਹ ਵੇਖਦੀ ਰਹਿ ਗਈ।

੧੫ ਅਗਸਤ ਆਜ਼ਾਦੀ ਦੀ ਸਿਲਵਰ ਜੁਬਲੀ ਸਮਾਗਮਾਂ ਵਿਚ ਸਿਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਨਹੀਂ ਕੀਤਾ ਗਿਆ।

੧੭ ਸਤੰਬਰ ਅਕਾਲੀ ਪੰਥਕ ਕਨਵੈਨਸ਼ਨ ਅੰਮ੍ਰਿਤਸਰ ਹੋਈ।

੫ ਅਕਤੂਬਰ ਮੋਗਾ ਵਿਖੇ ਵਿਦਿਆਰਥੀਆਂ ਨੂੰ ਪੁਲਸ ਜਬਰ ਕਾਰਨ ਸ਼ਹੀਦ ਕੀਤਾ ਗਿਆ, ਹੜਤਾਲ ਮੁਜਾਹਰੇ ਹੋਣ ਲਗੇ।

੧੧ ਅਕਤੂਬਰ ਸ਼੍ਰੋ. ਅਕਾਲੀ ਦਾ ਪ੍ਰਧਾਨ ਮੋਹਨ ਸਿੰਘ ਤੁੜ ਬਣ ਗਿਆ, ਟੌਹੜਾ ਬਾਦਲ ਅਤੇ ਬਲਵੰਤ ਸਿੰਘ ਭੰਡੀ ਪ੍ਰਚਾਰ ਕਰਨ ਲਗੇ।

੩੦ ਅਕਤੂਬਰ ਸੰਤ ਫ਼ਤਹਿ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ।

ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਲਾਸ ਏਜਲਜ਼ ਕੈਲੀਫੋਰਨੀਆ ਸਿਖ ਧਰਮ ਬਰਦਰਹੁਡ ਕਾਇਮ ਕਰਕੇ, ਮਾਸਕ ਸਿਖ ਧਰਮ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ ਸਫਲਤਾ ਨਾਲ ਚਲ ਰਿਹਾ ਹੈ।

੨੩ ਨਵੰਬਰ ਸੰਤ ਫਤਹ ਸਿੰਘ ਦਿਲ ਦਾ ਦੌਰਾ ਪੈ ਜਾਣ ਨਾਲ ਮਰ ਗਿਆ।

੨੪ ਨਵੰਬਰ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕਾਇਮ ਕੀਤਾ ਗਿਆ, ਪਰ ਦੁਖ ਦੀ ਗਲ ਹੈ ਕਿ ਪੰਜਾਬ ਦੇ ਆਮ ਲੋਕਾਂ ਵਾਸਤੇ ਹੁਣ ੧੯੯੦ ਤਕ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਸਰਲ ਪੰਜਾਬੀ ਭਾਸ਼ਾ ਵਿਚ ਕੋਈ ਪੁਸਤਕ ਤਿਆਰ ਕਰਕੇ ਨਹੀਂ ਵੰਡੀ ਗਈ। ਇਹ ਸਕਾਲਰ ਪੇਂਡੂ ਜਨਤਾ ਵਾਸਤੇ ਕਦੋਂ ਸੋਚਣਗੇ ?

ਭਾਈ ਸੁਧ ਸਿੰਘ ਜੀ ਪ੍ਰਸਿਧ ਰਾਗੀ, ਗੁਰੂ ਘਰ ਦੇ ਕੀਰਤਨੀਏ, ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ।

੭ ਦਸੰਬਰ ਸੰਤ ਚੰਨਣ ਸਿੰਘ ਵੀ ਦਿਲ ਦਾ ਦੌਰਾ ਪੈ ਜਾਣ ਨਾਲ ਅਕਾਲ ਚਲਾਣਾ ਕਰ ਗਿਆ।

੧੧ ਦਸੰਬਰ ਸ. ਸੁਰਜੀਤ ਸਿੰਘ ਬਰਨਾਲਾ ਦੀ ੧੨ ਮੈਂਬਰਾਂ ਦੀ ਕਮੇਟੀ ਵਲੋਂ ਵਧੇਰੇ ਅਧਿਕਾਰ ਦਿਤੇ ਜਾਣ ਬਾਰੇ ਵਿਚਾਰਾਂ ਹੋਣ ਲਗੀਆਂ।

੨੯-੩੧ ਦਸੰਬਰ ੫੧ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਬੰਬਈ ਵਿਖੇ ਹੋਈ। ਭਾਈ ਵੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਈ ਗਈ।

ਸ. ਹੁਕਮ ਸਿੰਘ, ਅਤੇ ਗਿਆਨੀ ਗੁਰਦਿਤ ਸਿੰਘ ਵਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਦਫ਼ਤਰ ਕਾਇਮ ਕੀਤਾ ਗਿਆ।

ਜਨਵਰੀ ੧੯੭੩ ਸਤਨਾਮ ਸਿੰਘ ਲੇਖਕ ਨੇ ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸਵਾਮੀ ਸੰਤ ਦਾਸ ਡੇਰਾ ਪ੍ਰੀਤਮ ਭਵਨ ਜਲੰਧਰ ਤੋਂ ਗੁਰਮਤਿ ਦੇ ਲੇਖ ਲਿਖਣ ਦੀ ਪ੍ਰੇਰਣਾ ਮਿਲੀ। "ਹਰਿ ਜਸ ਲਿਖੇ ਬੇਅੰਤ ਸੋਹੈ ਸੇ ਹਥਾ"

੬ ਜਨਵਰੀ ਸ. ਗੁਰਚਰਨ ਸਿੰਘ ਟੌਹੜਾ, ਸ਼੍ਰੋ. ਗੁਰ. ਪ੍ਰ. ਕਮੇਟੀ ਦੇ ਪ੍ਰਧਾਨ ਬਣ ਗਏ। ਆਪਣੇ ਸੁਹਿਰਦ ਸੁਭਾਅ ਕਾਰਣ ੧੯੯੦ ਤਕ ਪ੍ਰਧਾਨ ਚਲੇ ਆ ਰਹੇ ਹਨ।

ਸ. ਬੇਅੰਤ ਸਿੰਘ ਸਰਹਦੀ ਬਸਤੀ ਸ਼ੇਖ ਜਲੰਧਰ ਵਲੋਂ ਵੀਕਲੀ ਸਿਮਰਣ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

੧੪ ਫਰਵਰੀ ਸਰਬ ਭਾਰਤ (ਕੇਂਦਰੀ) ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਸ. ਹੁਕਮ ਸਿੰਘ ਅਤੇ ਗਿਆਨੀ ਗੁਰਦਿਤ ਸਿੰਘ ਜੀ ਵਲੋਂ ੪੧ ਮੈਂਬਰਾਂ ਦੀ ਕਮੇਟੀ ਕਾਇਮ ਕੀਤੀ ਗਈ। ਸਿੰਘ ਸਭਾ ਦੇ ਮੋਢੀ ਬਾਬਾ ਖੇਮ ਸਿੰਘ ਬੇਦੀ, ਸੰਤ ਅਤਰ ਸਿੰਘ ਅਤੇ ਭਾਈ ਜਵਾਹਰ ਸਿੰਘ ਆਦਿ ਦੇ ਜੀਵਨ ਸਬੰਧੀ ਸਿੰਘ ਸਭਾ ਪਤ੍ਰਕਾਂ ਮਾਸਕ ਦੇ ਵਿਸ਼ੇਸ਼ ਅੰਕ ਛਾਪ ਕੇ ਸਿਖ ਇਤਿਹਾਸ ਨੂੰ ਪ੍ਰਮਾਣੀਕ ਕੀਤਾ ਗਿਆ। ਗਿ: ਗੁਰਦਿਤ ਸਿੰਘ ਬੜੀ ਲਗਨ ਨਾਲ ਸਾਰੇ ਇਤਿਹਾਸ ਨੂੰ ਪ੍ਰਮਾਣੀਕ ਕਰ ਰਹੇ ਹਨ ਹੁਣ ਚੰਡੀਗੜ੍ਹ ਸੈਕਟਰ ੨੮ ਤੋਂ ਮਾਸਕ ਸਿੰਘ ਸਭਾ ਪਤ੍ਰਕਾ ਛਪਦਾ ਹੈ।

੧੩ ਮਾਰਚ ਪਵਿਤਰ ਸਰੋਵਰ ਦੀ ਕਾਰ ਸੇਵਾ ਕਰਵਾਉਣ ਵਾਸਤੇ, ਸਰੋਵਰ ਦਾ ਪਾਣੀ ਕਢਣਾ ਸ਼ੁਰੂ ਕੀਤਾ ਗਿਆ।

੨੩-੨੫ ਮਾਰਚ ਡਾ. ਭਾਈ ਵੀਰ ਸਿੰਘ ਜਨਮ ਸ਼ਤਾਬਦੀ ਮਨਾਈ ਗਈ।

੨੩ ਮਾਰਚ ਸ਼੍ਰੋ. ਗੁਰ. ਪ੍ਰ. ਕਮੇਟੀ ਵਲੋਂ ਸਰੋਵਰ ਦੀ ਕਾਰ ਸੇਵਾ

ਮਿਤੀ ੩੧ ਮਾਰਚ ੧੯੭੩ ਤੋਂ ਕਰਵਾਉਣ ਦਾ ਐਲਾਨ ਸੰਗਤਾਂ ਨੂੰ ਜਾਰੀ ਕੀਤਾ ਗਿਆ । ਹਰ ਤਰ੍ਹਾਂ ਦੇ ਪ੍ਰਬੰਧ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੰਤੀਆਂ ।

੩੧ ਮਾਰਚ ਸਾਰੇ ਦੇਸ਼ ਤੋਂ ਸੰਗਤਾਂ, ਲਖਾਂ ਦੀ ਗਿਣਤੀ ਵਿਚ ਸਵੇਰੇ ੬-੦੦ ਵਜੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਸ੍ਰੀ ਅਖੰਡਪਾਠ ਦੀ ਸਮਾਪਤੀ, ਅਰਦਾਸ ਤੋਂ ਪਿਛੋਂ ਪੰਜ ਪਿਆਰਿਆਂ ਦੀ ਤਾਬਿਆ, ਸ੍ਰੀ ਦਰਬਾਰ ਸਾਹਿਬ ਪਹੁੰਚੀਆਂ, ਹਰ ਇਲਾਕੇ ਹਰ ਵਰਗ ਦੇ ਸੰਤ ਮਹਾਂਪੁਰਸ਼ ਸਾਰੀਆਂ ਸੰਸਥਾਵਾਂ ਗੁਰਮਤਿ ਪ੍ਰਚਾਰ ਸਭਾ ਸੁਸਾਇਟੀਆਂ ਸ਼ਾਮਲ ਹੋਈਆਂ, ਬਾਬਾ ਜੀਵਨ ਸਿੰਘ, ਬਾਬਾ ਖੜਕ ਸਿੰਘ, ਸੰਤ ਗੁਰਮੁਖ ਸਿੰਘ, ਸੰਤ ਸੇਵਾ ਸਿੰਘ, ਸੰਤ ਮਹਿੰਦਰ ਸਿੰਘ ਵਲੋਂ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦੇ ਬਾਟੇ ਲੈ ਕੇ ਹਰਿ ਕੀ ਪਉੜੀ ਵਿਖੇ ਅਰਦਾਸ ਕਰਕੇ ਅਰੰਭ ਕੀਤੀ ਗਈ । ਗਿ: ਜ਼ੈਲ ਸਿੰਘ ਵਲੋਂ ਸੋਨੇ ਦੀ ਇਕ ਕਹੀ ਅਤੇ ਚਾਂਦੀ ਦੇ ੫ ਬਾਟੇ ਭੇਟਾ ਕੀਤੇ ਗਏ । ਸ. ਇੰਦਰਜੀਤ ਸਿੰਘ ਪੰਜਾਬ ਸਿੰਧ ਬੈਂਕ ਵਲੋਂ ਚਾਂਦੀ ਦੇ ੫ ਬਾਟੇ ਸੰਤ ਕੁੰਦਨ ਸਿੰਘ ਕਲੇਰਾ ਵਲੋਂ ਚਾਂਦੀ ਦਾ ਇਕ ਬਾਟਾ ਭੇਟਾ ਕੀਤੇ ਗਏ । ਗਿ: ਜ਼ੈਲ ਸਿੰਘ ਮੁਖ ਮੰਤਰੀ, ਨਵਾਬ ਮਲੇਰ ਕੋਟਲਾ ਇਨ੍ਹਾਂ ਦੀ ਬੇਗਮ ਸਾਜਦਾ, ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਕੇ. ਸੀ ਪੰਤ ਵੀ ਕਾਰ ਸੇਵਾ ਵਿਚ ਸੇਵਾ ਕਰਕੇ ਧਨ ਭਾਗ ਸਮਝਣ ਲਗੇ ਹਰ ਕੋਈ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰ ਰਿਹਾ ਸੀ, ਉਪਰੋਂ ਹਵਾਈ ਜਹਾਜ਼ਾਂ ਰਾਹੀਂ ਫੁਲ-ਪਤੀਆਂ ਦੀ ਵਰਖਾ ਹੋ ਰਹੀ ਸੀ ਅੰਮ੍ਰਿਤ-ਸਰ ਵਿਚ ।

੯ ਅਪ੍ਰੈਲ ਤਕ ਦਸ ਦਿਨ ਅਲੌਕਿਕ ਨਜ਼ਾਰਾ ਰਿਹਾ, ਹਰ ਘਰ ਵਿਚ ਗੁਰੂ ਦਾ ਲੰਗਰ ਅਤੇ ਸੰਗਤਾਂ ਦੀਆਂ ਰੌਣਕਾਂ ਰਹੀਆਂ । ਸੰਸਾਰ ਦੇ ਹੋਰ ਅਨੇਕ ਧਰਮ ਅਸਥਾਨ ਅਤੇ ਤਾਲਾਬ, ਸਰੋਵਰ ਹਨ ਪਰ ਕਦੇ ਵੀ ਕਿਸੇ ਥਾਂ ਇਸ ਤਰ੍ਹਾਂ ਵਾਂਗ ਕਾਰ ਸੇਵਾ ਨਹੀਂ ਹੋਈ ।

੧੦ ਅਪ੍ਰੈਲ ਗਿ. ਜ਼ੈਲ ਸਿੰਘ ਮੁਖ ਮੰਤਰੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਦਮਦਮਾ ਸਾਹਿਬ ਤਕ ੬੪੦ ਕਿਲੋਮੀਟਰ ਸੜਕ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ, ਇਸ ਸੜਕ ਉਪਰ ੩੩੨ ਪਿੰਡ ਹਨ, ਅਤੇ ਗੁਰੂ ਸਾਹਿਬ ਦੇ ੯੧ ਪਵਿਤਰ ਯਾਦਗਾਰੀ ਅਸਥਾਨ ਗੁਰਦੁਆਰੇ ਹਨ, ੨੦ ਦਸ਼ਮੇਸ਼ ਪਿਲਰ ਜਿਨ੍ਹਾਂ ਉਪਰ ਖੰਡਾ ਅਤੇ ਸ਼ਬਦ ਉਰਦੂ, ਪੰਜਾਬੀ ਹਿੰਦੀ, ਅੰਗਰੇਜ਼ੀ ਵਿਚ ਲਿਖੇ ਹੋਏ ਹਨ, ਸਥਾਨ ਅਤੇ ਘਟਨਾ ਵੇਰਵੇ ਦਰਜ ਹਨ, ਯਾਦਗਾਰੀ ਵਡੇ ਗੇਟ ਵੀ ਤਿਆਰ ਕਰਵਾਏ ਗਏ ।

ਮਹਾਰਾਜਾ ਅਸ਼ੋਕ ਨੇ ਬੁਧ ਧਰਮ ਦੇ ਪ੍ਰਚਾਰ ਵਾਸਤੇ ਸਤੂਨ ਬਣਵਾ ਕੇ ਉਪਦੇਸ਼ ਲਿਖੇ ਸਨ, ਭਾਰੀ ਸੰਗਤਾਂ ਦਾ ਠਾਠਾਂ ਮਾਰਦਾ ਜਲੂਸ, ਤਖਤ ਕੇਸ ਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ, ੨੫ ਲਖ ਸੰਗਤਾਂ ਸ਼ਾਮਲ ਹੋਈਆਂ, ੧੩ ਅਪ੍ਰੈਲ ੧੯੭੩ ਵਿਸਾਖੀ ਸ੍ਰੀ ਦਮਦਮਾ ਸਾਹਿਬ ਪਹੁੰਚਿਆ, ਸਾਰੇ ਰਸਤੇ ਵਿਚ ਗੁਰੂ ਦੇ ਲੰਗਰ, ਸਿਮਰਨ, ਸ਼ਬਦ ਕੀਰਤਨ ਅਤੇ ਜੈਕਾਰਿਆਂ ਦੀਆਂ ਗੂੰਜਾਂ ਸਨ। ਇਨ੍ਹਾਂ ਅਦੁਤੀ ਨਜ਼ਾਰਿਆਂ ਦੇ ਚਿਤਰਾਂ ਭਰਪੂਰ ਗੁਰੂ ਗੋਬਿੰਦ ਸਿੰਘ ਮਾਰਗ ਪੁਸਤਕ, ਭਾਸ਼ਾ ਵਿਭਾਗ ਪੰਜਾਬ ਵਲੋਂ ਤਿਆਰ ਕਰਵਾ ਕੇ, ਪ੍ਰਚਾਰ ਵਾਸਤੇ ਵੰਡੀ ਗਈ। ਗਿ: ਜ਼ੈਲ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਵਾਂਗ, ਆਪਣੇ ਗੁਰੂ ਦੀ ਸ਼ੋਭਾ ਲਈ ਕਾਰਜ, ਸੇਵਾ ਕਰਵਾਏ ਗਏ।

ਗਿ: ਜ਼ੈਲ ਸਿੰਘ ਕਾਂਗਰਸੀ ਦੇਸ਼ ਭਗਤ ਸਨ, ਪਰ ਧਰਮ ਨੂੰ ਪਹਿਲ ਦੇਂਦੇ ਰਹੇ। ਧਾਰਮਕ ਜੀਵਨ ਵਾਲੇ ਕਲਾਕਾਰਾਂ, ਸਾਹਿਤਕਾਰਾਂ, ਲੇਖਕਾਂ, ਪਤਰਕਾਰਾਂ ਦੇ ਸਨਮਾਨ ਕੀਤੇ ਗਏ।

ਰਾਜ ਅਭਿਮਾਨੀ ਸ. ਗੁਰਨਾਮ ਸਿੰਘ, ਇੰਦਰਾ ਦੀਆਂ ਪਤਕਰਮਾ ਕਰਕੇ ਹ ਈ ਕਮਿਸ਼ਨਰ ਆਸਟਰੇਲੀਆ ਚਲਾ ਗਿਆ।

੨੧ ਮਈ ਪੰਜਾਬ ਦਾ ਗਵਰਨਰ ਐਮ. ਐਮ ਚੌਧਰੀ, ਆਜ਼ਾਦੀ ਦਾ ਅਨੰਦ ੩੧ ਅਗਸਤ ੧੯੭੭ ਤਕ ਮਾਣਦਾ ਰਿਹਾ।

੩੧ ਮਈ ਸ. ਗੁਰਨਾਮ ਸਿੰਘ ਹਵਾਈ ਜਹਾਜ਼ ਰਾਹੀਂ ਆਸਟਰੇਲੀਆ ਤੋਂ ਭਾਰਤ ਆ ਰਿਹਾ ਸੀ ਤਾਂ ਹਾਦਸੇ ਕਾਰਣ ਮਰ ਗਿਆ।

੧ ਜੂਨ ਹਰਿਆਣਾ ਦਾ ਮੁਖ ਮੰਤਰੀ ਦੁਸ਼ਟ ਬੰਸੀ ਲਾਲ, ਸਿਖਾਂ ਦੇ ਲੀਜ ਪਟੇ ਕੈਂਸਲ ਕਰਕੇ ਸਿਖਾਂ ਨੂੰ ਤੰਗ, ਜ਼ਲੀਲ ਕਰਕੇ ਕਢਣ ਲਗਾ ਕਿ ਉਥੇ ਸਿਖਾਂ ਦੀ ਗਿਣਤੀ ਘਟ ਹੋ ਜਾਵੇ, ਰੋਸ ਵਜੋਂ ਕਰਨਾਲ ਵਿਖੇ ਸਿਖਾਂ ਵਲੋਂ ਰੋਸ ਮੁਜ਼ਾਹਰਾ ਰਖਿਆ ਤਾਂ ਗਿਰਫਤਾਰ ਕਰਕੇ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਜ਼ਲੀਲ ਕੀਤਾ ਗਿਆ, ੩੧ ਜੁਲਾਈ ੧੯੭੩ ਤਕ ਦੋ ਹਜ਼ਾਰ ਤੋਂ ਵਧ ਸਿਖ ਕਿਸਾਨਾਂ ਨੂੰ ਜ਼ਲੀਲ ਕੀਤਾ ਗਿਆ।

੧੪ ਜੂਨ ਲੇਖਕ ਵਲੋਂ ਸ੍ਰੀ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦੇ ੬੪ ਇਸ਼ਨਾਨ ਪਾਠ ਆਦਿ ਕੀਤੇ ਗਏ।

ਜੰਮੂ ਕਸ਼ਮੀਰ ਦੇ ੧੯ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ The Jammu & Kashmir Sikh Gurdwaras and Religious Endowments Act ੧੯੭੩ ਬਣਾ ਦਿਤਾ ਪਰ ਸਰਕਾਰ ਵਲੋਂ ਕਾਫ਼ੀ ਦਖਲ ਦਿਤਾ ਜਾ ਰਿਹਾ ਹੈ।

੧੬-੧੭ ਅਕਤੂਬਰ ਸ਼੍ਰੋ. ਅ. ਦਲ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਰਾਜ ਲਈ ਵਧੇਰੇ ਅਧਿਕਾਰ, ਪੰਜਾਬੀ ਬੋਲਦੇ ਇਲਾਕੇ, ਭਾਖੜਾ ਅਤੇ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਬਾਰੇ ਮਹਾਨ ਮਤਾ ਪਾਸ ਕਰਕੇ, ਇੰਦਰਾ ਦੀ ਸਮਗਲਰ ਸਰਕਾਰ ਨੂੰ ਭੇਜਿਆ ਗਿਆ।

ਸ੍ਰੀ ਅਕਾਲ ਤਖਤ ਤੋਂ ਨਕਲੀ ਨਿਰੰਕਾਰੀਆਂ ਨਾਲ ਵਰਤ ਵਿਹਾਰ, ਸਾਕ ਸੰਬੰਧ ਨਾ ਰਖੇ ਜਾਣ ਸਬੰਧੀ ਹੁਕਮਨਾਮਾ ਜਾਰੀ ਕੀਤਾ ਗਿਆ। ਗਿ: ਜ਼ੈਲ ਸਿੰਘ ਮੁਖ ਮੰਤਰੀ ਸਹਿਮਤ ਸਨ।

ਸ. ਨਾਨਕ ਸਿੰਘ ਨਾਵਲਕਾਰ, ੭੬ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਸ. ਵਿਧਾਤਾ ਸਿੰਘ ਜੀ ਤੀਰ ਪ੍ਰਸਿਧ ਵਿਦਵਾਨ ਸਾਹਿਤਕਾਰ ੭੨ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੧੯੭੪ ਡਾ. ਸੋਹਨ ਸਿੰਘ ਡਾਇਰੈਕਟਰ ਸਿਹਤ ਵਿਭਾਗ, ਰੀਟਾਇਰ ਹੋਣ ਉਪਰੰਤ, ਪੰਥ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਗੇ।

ਸ. ਗੁਰਸ਼ਰਨ ਸਿੰਘ ਨਾਟਕਕਾਰ, ਰਣਜੀਤ ਪੁਰਾ, ਅੰਮ੍ਰਿਤਸਰ ਵਲੋਂ ਮਾਸਕ ਸਮਤਾ ਸ਼ੁਰੂ ਕੀਤਾ ਗਿਆ।

ਸ. ਮੁਬਾਰਕ ਸਿੰਘ, ੪੪ ਮਾਡਲ ਟਾਊਨ, ਗਲੀ ਨੰ: ੨ ਅੰਮ੍ਰਿਤਸਰ ਵਲੋਂ ਮਾਸਕ Art of Living ਸ਼ੁਰੂ ਕੀਤਾ ਗਿਆ ਜੋ ਸਫਲਤਾ ਨਾਲ ਚਲ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ, ਸ਼ਾਹਪੁਰ, ਮੋਹੜਾ ਜੀ. ਟੀ. ਰੋਡ, ਅੰਬਾਲਾ ਕੈਂਟ ਤੋਂ ਮਾਸਕ ਗੁਰ-ਮਿਸ਼ਨ ਸ਼ੁਰੂ ਕੀਤਾ ਗਿਆ, ਇਹ ਹੁਣ ਤਕ ਸਫਲਤਾ ਨਾਲ ਜਾਰੀ ਹੈ।

੭ ਜਨਵਰੀ ਆਲ ਇੰਡੀਆ ਸਿਖ ਸਟੂ. ਫੈਡ. ਦਾ ਪ੍ਰਧਾਨ ਪ੍ਰੋ. ਜਾਗੀਰ ਸਿੰਘ ਬਣ ਗਿਆ। ਪ੍ਰੋ. ਹਰਜਿੰਦਰ ਸਿੰਘ ਦਿਲਗੀਰ, ਸ. ਰਤਨ ਸਿੰਘ ਅੰਬਾਲਵੀ ਸਰਗਰਮ ਰਹੇ, ਸ: ਗਜਿੰਦਰ ਸਿੰਘ ਚੰਡੀਗੜ ਵਲੋਂ ਪੁਸਤਕ 'ਪੰਜ ਤੀਰ' ਇੰਦਰਾ ਦੀ ਸਮਗਲਰ ਸਰਕਾਰ ਨੇ ਜਬਤ ਕਰ ਲਈ ਅਤੇ ਲੇਖਕ ਨੂੰ ਨੌਕਰੀ ਤੋਂ ਕਢ ਦਿਤਾ ਗਿਆ।

ਸ. ਹਰਸਾ ਸਿੰਘ ਜੀ ਚਾਤਰ ਪ੍ਰਸਿਧ ਲੇਖਕ, ੬੩ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਸ. ਨਾਨਕ ਸਿੰਘ ਨਿਰਲੇਪ ਰੇਲਵੇ ਰੋਡ, ਕਰਨਾਲ ਵਲੋਂ ਨਿਰਲੇਪ ਪਤ੍ਰਿਕਾ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ, ਸਫਲਤਾ ਨਾਲ ਚਲ

ਰਿਹਾ ਹੈ।

ਇੰਦਰਾ ਦਾ ਸੈਕੂਲਰ ਦਾ ਢੋਂਗ, ਦਯਾ ਨੰਦ ਫਾਊਂਡੇਸ਼ਨ ਨੂੰ ੫ ਲਖ ਰੁਪਏ ਦੀ ਗ੍ਰਾਂਟ ਦਿਤੀ ਗਈ ਕਿ ਇਸ ਦੁਸ਼ਟ ਦੀ ਪੁਸਤਕ ਸਤਿਆਰਥ ਪ੍ਰਕਾਸ਼ (੧੮੭੫) ਛਾਪ ਕੇ ਸਿਖ ਗੁਰੂ ਸਾਹਿਬਾਨ ਦੇ ਵਿਰੁਧ ਭੰਡੀ ਪ੍ਰਚਾਰ ਕੀਤਾ ਜਾਵੇ।

੨੩-੨੫ ਮਾਰਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮੂਲ ਮੰਤਰ ਬਾਰੇ ਸੈਮੀਨਾਰ ਕਰਵਾਇਆ ਗਿਆ।

ਸ੍ਰੀ ਗੁਰੂ ਸਿੰਘ ਸਭਾ ਦੀ ਪਹਿਲੀ ਸ਼ਤਾਬਦੀ ਭਾਰੀ ਰੌਣਕਾਂ ਨਾਲ ਮਨਾਈ ਗਈ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਸ. ਸਰਮੁਖ ਸਿੰਘ ਚਮਤ, ਗਿ: ਮਹਿੰਦਰ ਸਿੰਘ ਅਤੇ ਸ: ਸੰਤੋਖ ਸਿੰਘ ਕਾਰਕੁਨ ਹਨ।

੧੦ ਜੂਨ ਰਾਜ ਅਭਿਮਾਨੀ ਗਿ: ਕਰਤਾਰ ਸਿੰਘ ਨਾਗੋਕੇ, ਅਖੰਤੀ ਪੰਥਕ ਲੀਡਰ ਪਟਿਆਲਾ ਹਸਪਤਾਲ ਜਿਚ ਅਕਾਲ ਚਲਾਣਾ ਕਰ ਗਿਆ।

੧੨ ਜੂਨ ਸਮਗਲਰ ਇੰਦਰਾ ਦੇ ਵਿਰੁਧ ਸ੍ਰੀ ਰਾਜ ਨਰਾਇਣ ਵਲੋਂ ਜੋ ਚੋਣ ਪੈਟੀਸ਼ਨ ਅਲਾਹਬਾਦ ਹਾਈ ਕੋਰਟ ਦਾਇਰ ਕੀਤੀ ਗਈ ਸੀ ਦਾ ਫੈਸਲਾ ਜਸਟਿਸ ਜਗਮੋਹਨ ਲਾਲ ਸਿਨਹਾ ਨੇ ਦੇ ਕੇ ਕਿਹਾ ਕਿ ਇੰਦਰਾ ਨੇ ਭਰਿਸ਼ਟ ਸਾਧਨ ਵਰਤੇ ਹਨ, ਪਰ ਇੰਦਰਾ ਨੇ ਅਸਤੀਫਾ ਦੇਣ ਦੀ ਬਜਾਏ, ਦੇਸ਼ ਨੂੰ ਖਤਰੇ ਦਾ ਢੋਂਗ ਰੱਚ ਕੇ ਸ੍ਰੀ ਬਰੂਹਾ ਦੀ ਸਲਾਹ ਨਾਲ, ਲਸੂੜੇ ਦੀ ਗਿਟਕ ਵਾਂਗ ਚਿਮੜੀ ਰਹੀ।

੧੪ ਜੂਨ ਲੇਖਕ ਨੂੰ ਸ੍ਰੀ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਸੇਵਾ ਅਤੇ ਸਿਮਰਨ ਕਰਦੇ ਬਿਬੇਕ ਬੁਧ ਪ੍ਰਾਪਤ ਹੋਈ, ਜੀਵਨ ਬਿਉਰਾ ਗੁਰੂ ਸਾਹਿਬਾਨ ਦਾ ਚਾਰਟ ਛਾਪਿਆ ਗਿਆ।

੧੭ ਜੂਨ ਮ: ਯਾਦਵਿੰਦਰ ਸਿੰਘ ਪਟਿਆਲਾ, ਹਾਲੈਂਡ ਵਿਖੇ, ੬੧ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਸਪੁਤਰ ਕੈਪਟਨ ਅਮਰਿੰਦਰ ਸਿੰਘ ਐਮ. ਪੀ. ਹੁਣ ਬਾਦਲ ਗਰੁਪ ਦੇ ਨਾਲ ਹਨ।

੨੭ ਜੁਲਾਈ ਸ਼ਹੀਦ ਊਧਮ ਸਿੰਘ ਜੀ ਦੀਆਂ ਪਵਿਤਰ ਅਸਥੀਆਂ ੧੧ ਜੁਲਾਈ ਨੂੰ ਦਿਲੀ–ਭਾਰਤ ਵਿਚ ਮੰਗਵਾ ਕੇ, ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਸ਼ਰਧਾਂਜਲੀ ਜਲੂਸ ਕਢਿਆ ਗਿਆ, ਅੰਮ੍ਰਿਤਸਰ ਵਿਖੇ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ। ਇਨ੍ਹਾਂ ਦੇ ਨਾਮ ਤੇ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਦਾ ਉਦਘਾਟਨ ਡਾ. ਸਾਧੂ ਸਿੰਘ ਜੀ ਹਮਦਰਦ ਰੋਜ਼ਾਨਾ ਅਜੀਤ ਵਲੋਂ ਕੀਤਾ ਗਿਆ। ੫ ਹਜਾਰ ਪੁਸਤਕਾਂ ਸਿਖ ਧਰਮ ਇਤਿਹਾਸ ਨਾਲ ਸਬੰਧਤ ਹਨ–ਟੈਲੀਫੋਨ ਨੰ. ੬੨੫੩੧ ਹੈ, ਇਥੋਂ

ਅਸਥੀਆਂ ਕੀਰਤਪੁਰ ਲੈ ਜਾ ਕੇ ਜਲ ਪ੍ਰਵਾਹ ਕੀਤੀਆਂ ਗਈਆਂ।

ਭੈਣ ਅਨਵੰਤ ਕੌਰ ਵਲੋਂ ਵੀਕਲੀ 'ਜਲ ਤਰੰਗ' ਕੋਟ ਬਾਬਾ ਦੀਪ ਸਿੰਘ ਤੋਂ ਸ਼ੁਰੂ ਕੀਤਾ ਗਿਆ।

ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ, ਨਾਦੇੜ (ਮਹਾਰਾਸ਼ਟਰ) ਵਲੋਂ ਮਾਸਕ ਸੱਚਖੰਡ ਪੱਤਰ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ ਹੁਣ ਸ: ਗੁਰਚਰਨ ਸਿੰਘ ਸੰਘਾ ਐਡੀਟਰ ਬੜੀ ਸਫਲਤਾ ਨਾਲ ਚਲਾ ਰਹੇ ਹਨ।

ਸ: ਕੇਹਰ ਸਿੰਘ ਰੁਦਰਪੁਰ, ਨਾਨਕ ਮਤਾ (ਯੂ. ਪੀ.) ਤੋਂ ਮਾਸਕ ਰੀਠਾ ਸਾਹਿਬ ਸੰਦੇਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

ਸਿੰਘ ਸਾਹਿਬ ਹਰਭਜਨ ਸਿੰਘ 'ਖਾਲਸਾ' ਸਿਖ ਧਰਮ ਬਰਦਰ ਹੁਡ, ਲਾਸ ਏਂਜਲਜ, ਅਮਰੀਕਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿੰਘ ਸਾਹਿਬ ਦਾ ਸਨਮਾਨ ਦਿਤਾ ਗਿਆ, ਉਨ੍ਹਾਂ ਨੇ ਅਮਰੀਕਾ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਸੰਗਤ ਪੰਗਤ ਲਈ ਅਨੇਕਾ ਗੁਰਦੁਆਰੇ ਤਿਆਰ ਕਰਵਾ ਰਹੇ ਹਨ। ਹਰ ਸਾਲ ਗੁਰੂ ਰਾਮਦਾਸ ਸਾਹਿਬ ਦੇ ਪੁਰਬ ਸਮੇਂ ਅੰਮ੍ਰਿਤਸਰ ਆਉਂਦੇ ਹਨ ਅਤੇ ਨਵੰਬਰ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਨਨਕਾਣਾ ਸਾਹਿਬ ਮਨਾ ਕੇ ਦਸੰਬਰ ਵਿਚ ਵਾਪਸ ਅਮਰੀਕਾ ਜਾਂਦੇ ਹਨ। ਇਨ੍ਹਾਂ ਸਿੰਘਾ ਸਿੰਘਣੀਆਂ ਦੇ ਜੀਵਨ ਸਦਾਚਾਰਕ ਅਤੇ ਗੁਰਬਾਣੀ ਵਾਲੇ ਹਨ, ਇਨ੍ਹਾਂ ਦੇ ਮੁਕਾਬਲੇ ਵਿਚ ਆਪਣੇ ਅਖੌਤੀ ਲੀਡਰਾਂ ਦੇ ਕੁਰਪਟ ਜੀਵਨ ਵੇਖੇ ਜਾਣ।

੧–੧੬ ਸਤੰਬਰ ਸਤਵੀਆਂ ਏਸ਼ੀਆਈ ਖੇਡਾਂ, ਤਹਿਰਾਨ ਵਿਖੇ ਗੁਰਮੇਜ ਸਿੰਘ ਨੇ ਨਾਮ ਉਚਾ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ੩੦੦ ਸਾਲਾ ਸਥਾਪਨਾ ਦਿਵਸ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

੨੫ ਤੋਂ ੨੭ ਅਕਤੂਬਰ ੫੨ਵੀਂ ਸਿਖ ਐਜੂਕੇਸ਼ਨਲ ਕਾਨਫਰੰਸ, ਕਾਨਪੁਰ ਵਿਖੇ ਕੀਤੀ ਗਈ। ਸਿੰਘ ਸਭਾ ਸ਼ਤਾਬਦੀ ਮਨਾਈ ਗਈ।

੨੭ ਤੋਂ ੨੯ ਅਕਤੂਬਰ ਬਾਬਾ ਫਰੀਦ ਦੀ ਜਨਮ ਸ਼ਤਾਬਦੀ, ਸੈਮੀਨਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮਨਾਈ ਗਈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀਆਂ ਆਮ ਚੋਣਾਂ ਹੋਈਆਂ, ਪਰ ਇਸ ਤੋਂ ਪਿਛੋਂ ੧੯੯੦ ਤਕ ਨਹੀਂ ਹੋਈਆਂ।

ਗੁਰਮਤਿ ਮਿਸ਼ਨਰੀ ਕਾਲਜ ਦੇ ਪ੍ਰਬੰਧਕਾਂ ਵਲੋਂ ਮਾਸਕ ਮੈਗਜੀਨ

ਗੁਰਮਤਿ ਮਿਸ਼ਨਰੀ ਸ਼ੁਰੂ ਕੀਤਾ ਗਿਆ, ਸਟਡੀ ਸਰਕਲ ਸ਼ੁਰੂ ਕੀਤਾ ਗਿਆ, ਇਤਿਹਾਸ, ਲਿਟਰੇਚਰ ਛਾਪ ਕੇ ਵੰਡਣ ਦਾ ਪ੍ਰਬੰਧ ਕੀਤਾ ਗਿਆ।

ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਤੋਂ ਸ. ਹਰਚਰਨ ਸਿੰਘ ਬਿੰਦਰਾ ਅਤੇ ਡਾ. ਸਮਸ਼ੇਰ ਸਿੰਘ ਵਲੋਂ ਮਾਸਕ ਗੋਬਿੰਦ ਪ੍ਰਕਾਸ਼ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ।

ਦਿਲੀ ਗੁਰਦੁਆਰਾ ਪ੍ਰ. ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ, ਪਹਿਲੀ ਵਾਰ ਹੋਈਆਂ।

ਨੈਰੋਬੀ ਵਿਖੇ ਸਿਖ ਕਾਮਨ-ਵੈਲਥ ਸੰਸਥਾ ਕਾਇਮ ਕਰਕੇ, ਗੁਰੂ ਦਾ ਪ੍ਰਚਾਰ ਕਰਨ ਲਗੇ।

ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਦ-ਛੇਦ ਅਖਰਾਂ ਵਿਚ ਛਾਪਣਾ ਸ਼ੁਰੂ ਹੋਈ।

ਗਿ. ਜ਼ੈਲ ਸਿੰਘ ਮੁਖ ਮੰਤਰੀ ਵਲੋਂ ਸ਼ਹੀਦ ਭਗਤ ਸਿੰਘ ਜੀ ਦੇ ਸਤਿਕਾਰ ਯੋਗ ਮਾਤਾ ਦਾ 'ਪੰਜਾਬ ਮਾਤਾ'' ਕਹਿ ਕੇ ਸਨਮਾਨ ਕੀਤਾ ਗਿਆ। ਫਰੀਡਮ ਟਾਈਟਰਾਂ, ਸਾਹਿਤਕਾਰਾਂ ਦਾ ਸਨਮਾਨ ਕੀਤਾ ਗਿਆ।

ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਮਾਡਲ ਟਾਊਨ ਲੁਧਿਆਣਾ-੨ ਦੇ ਵਿਦਵਾਨ ਨੌਜਵਾਨਾਂ ਵਲੋਂ ਮਾਸਕ ਸਾਡਾ ਵਿਰਸਾ ਸਾਡਾ ਗੌਰਵ ਸ਼ੁਰੂ ਕਰਕੇ ਗੁਰਮਤ ਦਾ ਪ੍ਰਚਾਰ ਕੀਤਾ ਜਾਣ ਲਗਾ-ਗੁਰਮਤਿ ਦਾ ਲਿਟਰੇਚਰ ਛਾਪ ਕੇ ਵੰਡਿਆ ਜਾਣ ਲਗਾ। ਹੁਣ ਸ. ਬਲਵਿੰਦਰ ਸਿੰਘ ਸਫਲਤਾ ਨਾਲ ਚਲਾ ਰਹੇ ਹਨ।

੧੪ ਜੂਨ ਸਿਖ ਸਟੂ. ਫੈਡਰੇਸ਼ਨ ਵਲੋਂ ਗੁਰਮਤਿ ਦਾ ਕੈਂਪ ਸ੍ਰੀ ਪਉਂਟਾ ਸਾਹਿਬ ਲਗਾਇਆ ਗਿਆ।

੨੫ ਜੂਨ ਸਮਗਲਰ ਇੰਦਰਾ ਨੇ ਪ੍ਰਧਾਨ ਮੰਤਰੀ ਤੋਂ ਅਸਤੀਫਾ ਦੇਣ ਦੀ ਬਜਾਏ ਰਾਤ ੧੧-੪੫ ਵਜੇ ਅਚਾਨਕ ਹੀ ਐਮਰਜੈਂਸੀ ਦਾ ਐਲਾਨ ਕਰਕੇ, ਸਾਰੀਆਂ ਪਾਰਟੀਆਂ ਦੇ ੧੨ ਹਜ਼ਾਰ ਲੀਡਰ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤੇ, ਜੋ ੧੯ ਮਹੀਨੇ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਦੇ ਰਹੇ। ਭਾਰਤ ਦੇ ਲੀਡਰ ਜੋ ਲੋਕ ਤੰਤਰ ਦੇ ਨਾਹਰੇ ਲਗਾਉਂਦੇ ਹਨ, ਕਿਸੇ ਨੇ ਕਦੇ ਇੰਦਰਾ ਦੇ ਡਿਕਟੇਟਰਸ਼ਿਪ ਵਿਰੁਧ ਬੋਲਣ ਦਾ ਹੌਂਸਲਾ ਨਹੀਂ ਕੀਤਾ। ਗਾਂਧੀ ਤਾਂ ਰਾਮ ਰਾਜ ਦੇ ਝਾਂਸੇ ਦੇਂਦਾ ਰਿਹਾ ਪਰ ਇੰਦਰਾ ਨੇ ਪੂਰਾ ਰਾਵਣ ਰਾਜ ਕਾਇਮ ਕਰ ਦਿਤਾ। ਵਿਜੇ ਲਕਸ਼ਮੀ ਪੰਡਤ ਅਤੇ ਨੈਨਤਾਰਾ ਵਲੋਂ ਵਿਰੋਧ ਕੀਤਾ ਗਿਆ।

੭ ਜੁਲਾਈ ਅੰਮ੍ਰਿਤਸਰ ਵਿਖੇ, ਇਸ ਕੁਰਪਟ, ਹੰਕਾਰੀ, ਦੁਸ਼ਟ ਇੰਦਰਾ ਵਿਰੁਧ ਅਕਾਲੀ ਜਥਿਆਂ ਦੀ ਭਾਰੀ ਕਾਨਫਰੰਸ ਹੋਈ, ਭਾਰੀ ਰੋਸ ਮੁਜ਼ਾਹਰੇ ਜਲੂਸ, ਦਫਾ ੧੪੪ ਦੀ ਪ੍ਰਵਾਹ ਨਾ ਕਰਦੇ ੧੯ ਮਹੀਨੇ ਤਕ ੪੫ ਹਜ਼ਾਰ ਸਿੰਘਾਂ ਨੇ ਜੇਲਾਂ ਵਿਚ ਸ਼ਬਦ ਕੀਰਤਨ ਕਰਦੇ ਆਜ਼ਾਦੀ ਦਾ ਅਨੰਦ ਮਾਣਿਆ, ਉਦੋਂ ਅਟਲ ਬਿਹਾਰੀ ਬਾਜਪਾਈ, ਐਡਵਾਨੀ, ਆਪਣੇ ਮਿਲਾਵਟ, ਸਮਗਲਿੰਗ, ਭਾਅ ਵਧਾਉਣ, ਗਰੀਬਾਂ ਨੂੰ ਲੁਟਣ ਵਿਚ ਰੁਝੇ ਰਹੇ।

੨੬ ਅਗਸਤ ਸੰਤ ਈਸ਼ਰ ਸਿੰਘ ਰਾੜਾ ਇੰਗਲੈਂਡ ਵੂਲਵਰ ਹੈਪਟਨ, ਸ: ਸੁਦਾਗਰ ਸਿੰਘ ਰੂਮੀ ਦੇ ਘਰ ੭੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਸਤੰਬਰ ੭੫ ਸੈਂਟਰਲ ਖਾਲਸਾ ਯਤੀਮਖਾਨਾ, ਚੌਂਕ ਸ਼ਹੀਦ ਊਧਮ ਸਿੰਘ ਵਿਖੇ ਗਿ: ਜ਼ੈਲ ਸਿੰਘ ਮੁਖ ਮੰਤਰੀ ਨੇ ਬਚਿਆਂ ਲਈ ਹੋਸਟਲ ਦਾ ਨੀਂਹ ਪਥਰ ਰਖ ਕੇ, ੨੫ ਹਜ਼ਾਰ ਰੁਪਏ ਦੀ ਸਹਾਇਤਾ ਦਿਤੀ। ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦਾ ਵੀ ਸਨਮਾਨ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ। ਬੀਬੀ ਫੂਲਾਂ ਰਾਣੀ ਆਰਟਿਸਟ ਦਾ ਸਨਮਾਨ ਕੀਤਾ।

੧੧ ਨਵੰਬਰ–ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਤਿੰਨ ਸੌ ਸਾਲਾ ਸਹੀਦੀ ਦਿਹਾੜਾ, ਸਾਰੇ ਸੰਸਾਰ ਵਿਚ ਭਾਰੀ ਰੌਣਕਾ ਨਾਲ ਮਨਾਇਆ ਗਿਆ। ਗੁਰੂ ਕੇ ਮਹਿਲ, ਗੁਰੂ ਬਾਜ਼ਾਰ ਵਿਖੇ ਨਵੀਂ ਇਮਾਰਤ ਦੀਆਂ ਉਸਾਰੀਆਂ ਲਈ ਨਕਸ਼ੇ ਸਕੀਮਾਂ ਬਣਾਈਆਂ ਗਈਆਂ। ਇਤਿਹਾਸਕ ਪ੍ਰਦਰਸ਼ਨੀ ਸਾਰੇ ਭਾਰਤ ਵਿਚ ਲਗਾਈ ਗਈ।

ਦੁਸ਼ਟ ਇੰਦਰਾ ਵਲੋਂ ਇਕ ਕਾਲਾ ਕਾਨੂੰਨ Foreign Contribution (Regulation) Act 1976, ਲਾਗੂ ਕਰਕੇ, ਬਦੇਸ਼ਾਂ ਤੋਂ ਜੋ ਸਿਖ ਆਪਣੇ ਦਸਵੰਧ ਧਰਮ ਕਾਰਜਾਂ, ਸ੍ਰੀ ਅਖੰਡ ਪਾਠ, ਕੜਾਹ ਪ੍ਰਸ਼ਾਦ ਦੀ ਦੇਗ, ਇਮਾਰਤ ਉਸਾਰੀ, ਲੰਗਰ ਆਦਿ ਵਾਸਤੇ ਭੇਜਦੇ ਸਨ, ਪਾਬੰਦੀ ਲਗਾ ਦਿਤੀ ਗਈ। ਧਰਮ ਕਾਰਜਾ ਵਿਚ ਵਿਘਨ ਪੈਣ ਲਗਾ।

ਸ਼ਹੀਦ ਗੰਜ ਬਾਬਾ ਦੀਪ ਸਿੰਘ ਸੁੰਦਰ ਗੁਰਦਆਰਾ ਬਨਾਉਣ ਦੀ ਸੇਵਾ ਸੰਤ ਭੁਰੀ ਵਾਲੇ ਕਰਵਾਉਣ ਲਗੇ। ਸੰਗਤਾਂ ਸੁਆਸ ਸੁਆਸ ਸਿਮਰਨ ਕਰਦੀਆਂ ਟੋਕਰੀ ਸੇਵਾ ਕਰਨ ਲਗੀਆਂ ਅਤੇ ਕਿਰਤ ਕਮਾਈ ਸਫਲ ਕਰਦੀਆਂ।

ਸ੍ਰੀ ਮੰਜੀ ਸਾਹਿਬ, ਦੀਵਾਨ ਅਸਥਾਨ ਦੀ ਉਸਾਰੀ ਸੇਵਾ ਬਾਬਾ ਬਿਸ਼ਨ ਸਿੰਘ ਜੀ ਕਰਵਾਉਣ ਲਗੇ। ਸੰਗਤਾਂ ਸੁਆਸ ਸੁਆਸ ਸਿਮਰਨ ਕਰਦੀਆਂ ਸੇਵਾ ਕਰਨ ਲਗੀਆਂ।

ਜਨਰਲ ਮਾਨਕ ਸ਼ਾਹ ਨੂੰ ਰੀਟਾਇਰ ਹੋਣ ਤੋਂ ਪਿਛੋਂ ਹੋਰ ਤਰੱਕੀ ਦੇ ਕੇ ਦੋ ਸਾਲ ਲਈ ਫੀਲਡ ਮਾਰਸ਼ਲ ਬਣਾ ਦਿਤਾ ਗਿਆ, ਪਰ ਕਦੇ ਕਿਸੇ ਸਿਖ ਜਰਨੈਲ ਨੂੰ ਕੋਈ ਵਿਸ਼ੇਸ਼ ਤਰੱਕੀ ਵਾਧਾ ਆਦਿ ਨਹੀਂ ਦਿਤਾ ਗਿਆ ?

੨੯ ਤੋਂ ੩੧ ਮਾਰਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਨਿਰਮਲ ਪੰਥ ਸਬੰਧੀ ਸੈਮੀਨਾਰ ਕਰਵਾਇਆ ਗਿਆ ।

ਗਿ: ਸੇਵਾ ਸਿੰਘ ਸੇਵਕ, ੬੯ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ।

੧੩ ਅਪ੍ਰੈਲ ਸਮਗਲਰ ਇੰਦਰਾ ਦੀ ਐਮਰਜੰਸੀ ਦੇ ਦੌਰਾਨ ਚੈਲੰਜ, ਸਿੰਘਾ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਮੋਰਚਾ ਜਥੇ ਗ੍ਰਿਫਤਾਰੀਆਂ ਦਿਤੀਆਂ । ਭਾਰਤ ਦੇ ਕਿਸੇ ਗੰਗੂ ਪੰਡਤ, ਪੱਥਰ ਦੇ ਬੁਤਾਂ ਵਾਲੇ ਮੰਦਰ ਮਥਰਾ, ਅਯੁਧਿਆ, ਕਾਸ਼ੀ, ਬਨਾਰਸ, ਗਯਾ, ਕਿਦਾਰ ਨਾਥ, ਜਗਨਨਾਥਪੁਰੀ, ਬਦਰੀ ਨਰਾਇਣ, ਵੈਸ਼ਨੋ ਦੇਵੀ, ਕੁਸ਼ਲਿਆ, ਨੈਨਾ ਦੇਵੀ, ਕਾਲਕਾ, ਜਗਦੰਬੇ, ਕਿਸੇ ਥਾਂ ਤੋਂ ਰੋਸ ਵਿਰੋਧ, ਗ੍ਰਿਫਤਾਰੀ, ਕੁਰਬਾਨੀ ਨਹੀਂ ਦਿਤੀ ਗਈ, ਇਨ੍ਹਾਂ ਗੰਗੂ ਪੰਡਤਾਂ ਦੀ ਅਣਖ ਹੀ ਖਤਮ ਹੋ ਚੁਕੀ ਹੈ । ਇਹ ਤਾਂ ਵਕਤੀ ਹਾਕਮਾਂ ਨੂੰ ਝੁਕਦੇ ਗੁਲਾਮੀ ਕਰਦੇ ਹਨ, ਮਿਲਾਵਟਾਂ ਸਮਲਿੰਗ ਕਰਦੇ ਹਨ ।

੫ ਜੁਲਾਈ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਨੇਤਰਹੀਨ ਸਮਾਜ ਦੀ ਇਕੱਤਰਤਾ ਭਾਈ ਦਰਸ਼ਨ ਸਿੰਘ ਦੀ ਪ੍ਰਧਾਨਗੀ ਵਿਚ ਹੋਈ ਅਤੇ ਅੰਮ੍ਰਿਤਸਰ ਬਰਾਂਚ ਕਾਇਮ ਕੀਤੀ ਗਈ, ਭਾਈ ਗੁਰਜੰਟ ਸਿੰਘ ਪ੍ਰਿੰਸੀਪਲ ਪ੍ਰਧਾਨ ਬਣੇ ।

੧ ਅਕਤੂਬਰ ਭਾਰਤ ਦੇ ਸੰਵਿਧਾਨ (ਝੂਠ ਦੇ ਪਲੰਦੇ) ਵਿਚ ੪੨ਵੀਂ ਤਰਮੀਮ-ਸੋਧ ਕੀਤੀ ਗਈ, ਪੰਥ ਵਲੋਂ ਸ. ਮਨਜੀਤ ਸਿੰਘ ਖੇੜਾ ਐਡਵੋਕੇਟ ਨੇ ਬਹਿਸ ਕੀਤੀ ।

੨ ਅਕਤੂਬਰ ਭਾਈ ਗੁਰਜੰਟ ਸਿੰਘ ਪ੍ਰਿੰਸੀਪਲ ਸੂਰਮਾ ਆਸ਼ਰਮ. ਸੈਂਟਰਲ ਖਾਲਸਾ ਯਤੀਮਖਾਨਾ ਬਰੇਲ ਦੀ ਸਿਖਲਾਈ ਕਰਵਾਉਣ ਲਗੇ ।

੧੭ ਤੋਂ ੧੯ ਦਸੰਬਰ ਪੜਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ, ਅੰਮ੍ਰਿਤਸਰ ਵਿਖੇ ੪੦੦ ਸੌ ਸਾਲਾ ਸਥਾਪਨਾ ਦਿਵਸ ਦੇ ਸਬੰਧ ਵਿਚ ਹੋਈ । ਰਾਸ਼ਟਰਪਤੀ ਸ੍ਰੀ ਫਖਰਉਦ-ਦੀਨ ਅਲੀ, ਅਹਿਮਦ ਨੇ ਉਦਘਾਟਨ ਕੀਤਾ, ਗਿ: ਜ਼ੈਲ ਸਿੰਘ ਮੁਖ ਮੰਤਰੀ ਪ੍ਰਧਾਨ ਸਨ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ।

ਇੰਦਰਾ ਵਲੋਂ ਬੋਟ ਕਲੱਬ ਰੈਲੀ ਸਮੇਂ ਫੌਜੀਆਂ ਨੂੰ ਸਫੈਦ ਕਪੜਿਆ ਵਿਚ ਸ਼ਦਾ ਦਿਤਾ ਤਾਂ ਲੈਫ: ਜਨਰਲ ਆਈ ਐਸ ਗਿਲ ਵੈਸਟਰਨ ਕਮਾਂਡ ਨੇ ਇਸ ਤੋਂ ਇਨਕਾਰ ਕਰ ਦਿਤਾ ਸੀ ਨੌਕਰੀ ਦੀ ਪ੍ਰਵਾਹ ਨਹੀਂ ਕੀਤੀ ।

ਸ: ਨਰਿੰਜਨ ਸਿੰਘ ੧੬੫੫ ਸੈਕਟਰ ੩੪-ਡੀ. ਚੰਡੀਗੜ ਵਲੋਂ ਮਾਸਕ

ਸੁਖ ਅੰਮ੍ਰਿਤ ਸੰਦੇਸ਼ ਸ਼ੁਰੂ ਕੀਤਾ ਗਿਆ ਇਹ ਹੁਣ ਤਕ ਸਫਲਤਾ ਨਾਲ ਚਲ ਰਿਹਾ ਹੈ।

੨ ਜਨਵਰੀ ੧੯੭੭ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆਂ ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਇਨ੍ਹਾਂ ਦੇ ਪਰਵਾਰਾਂ ਕੋਲ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤਰ ਛੋਟੀ ਸੁੰਦਰ ਕਿਰਪਾਨ ਰਖੀ ਹੋਈ ਹੈ।

ਗੰਗੂ ਸਰਕਾਰ ਵਲੋਂ ਨਾਨਕ ਸਾਗਰ ਡੈਮ ਨਾਨਕ ਮਤਾ ਵਿਖੇ ਬਨਾਉਣ ਲਈ ਤਿੰਨ ਹਜ਼ਾਰ ਏਕੜ ਜ਼ਮੀਨ ਗੁਰਦੁਆਰਾ ਤੇ ਕਬਜ਼ਾ ਕਰ ਲਿਆ।

ਸਮਗਲਰ ਇੰਦਰਾ ਦੀ ਐਮਰਜੈਂਸੀ ਖਤਮ ਹੋ ਗਈ, ਸਾਰੇ ਲੀਡਰ, ਹੋਰ ਸੰਗਤਾਂ ਜੇਲ੍ਹਾਂ ਤੋਂ ਆਜ਼ਾਦ ਹੋ ਕੇ ਸ੍ਰੀ ਹਰਿਮੰਦਰ ਸਾਹਿਬ, ਰੌਣਕਾਂ, ਸਵਾਗਤ ਹੋਏ।

੧੯ ਜਨਵਰੀ ਲੋਕ ਸਭਾ ਭੰਗ ਹੋ ਗਈ ਇੰਦਰਾ ਬਰਫ ਵਿਚ ਲਗ ਗਈ, ਨਵੀਆਂ ਚੋਣਾ ਲਈ ਐਲਾਨ, ਤਿਆਰੀਆਂ ਹੋਣ ਲੱਗੀਆਂ।
ਮਾਰਚ ਵਿਚ ਚੋਣਾ ਚੋਂ ਇੰਦਰਾ ਨੂੰ ਭਾਰੀ ਹਾਰ ਹੋਈ, ਹਰ ਥਾਂ ਤੋਂ ਲੋਕ ਓਏ ਓਏ ਕਰਨ ਲਗੇ, ਕਦੇ ਵੈਸ਼ਨੋ ਦੇਵੀ ਕਦੇ ਨੈਨਾ ਦੇਵੀ ਪੱਥਰ ਦੇ ਬੁਤਾਂ ਅਗੇ ਝੁਕਦੀ ਅਦਾਲਤਾਂ ਵਿਚ ਪੇਸ਼ੀਆਂ ਭੁਗਤਦੀ ਆਪਣੇ ਵਲੋਂ ਕੀਤੇ ਜ਼ੁਲਮਾਂ ਤੇ ਪਛਤਾਵਾ ਕਰਦੀ ਲੋਕਾਂ ਤੋਂ ਮਾਫੀ ਮੰਗਦੀ ਫਿਰਦੀ, ਸੰਜੇ ਅਤੇ ਰਾਜੀਵ ਵੀ ਨਾਲ ਮਾਫੀ ਮੰਗਦੇ ਫਿਰਦੇ। ਸਰਕਾਰੀ ਅਨੰਦ ਖਤਮ ਹੋ ਗਏ।
੨੫ ਮਾਰਚ ਮੁਰਾਰਜੀ ਡਿਸਾਈ ਪ੍ਰਧਾਨ ਮੰਤਰੀ ਬਣ ਗਿਆ। ਸ: ਪ੍ਰਕਾਸ਼ ਸਿੰਘ ਬਾਦਲ ਕੇਂਦਰੀ ਖੇਤੀ ਮੰਤਰੀ ਬਣ ਗਿਆ ੧੭ ਜੂਨ ਤਕ ਬੜੀ ਮੁਸ਼ਕਲ ਨਾਲ ਰਿਹਾ, ਪੰਜਾਬ ਦਾ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਬਣ ਗਿਆ।

ਸ: ਪ੍ਰਕਾਸ਼ ਸਿੰਘ ਬਾਦਲ ਚਾਹੁੰਦਾ ਸੀ ਕਿ ਉਸ ਦਾ ਹਰ ਕੋਈ ਸ਼ਾਹਾਨਾ ਠਾਠ ਨਾਲ ਸੁਆਗਤ ਕਰੇ ਹਰ ਥਾਂ ਕਾਕ ਟੇਲ ਪਾਰਟੀਆਂ ਰੰਗਾ ਰੰਗ ਮਹਿਫਲਾਂ ਹੋਣ ਜੋ ਮੁਖ ਮੰਤਰੀ ਲਈ ਹੀ ਹੋ ਸਕਦੀਆਂ ਹਨ।

੨੦ ਜੂਨ ਇਸ ਕਰਕੇ ਉਸ ਨੇ ਦੋਬਾਰਾ ਚੋਣ ਐਮ. ਐਲ. ਏ ਵਜੋਂ ਡਰਾਮਾ ਕੀਤਾ ਅਤੇ ਪੰਜਾਬ ਦਾ ਮੁਖ ਮੰਤਰੀ ਬਣ ਗਿਆ ਅਤੇ ਸ: ਸੁਰਜੀਤ ਸਿੰਘ ਬਰਨਾਲਾ ਕੇਂਦਰੀ ਖੇਤੀ ਮੰਤਰੀ ਬਣ ਗਿਆ।

ਰੂਸ ਵਿਚ ਨਵੀਂ ਤਬਦੀਲੀ ਹੋਈ, ਬਰੈਜਨਵ ਨੇ ਨਵਾਂ ਸੰਵਿਧਾਨ ਬਣਾ ਕੇ ਹਰ ਤਰ੍ਹਾਂ ਦੇ ਲੋਕਾਂ ਨੂੰ ਧਰਮਾਂ ਦੀ ਪੂਰੀ ਆਜ਼ਾਦੀ ਦੇ ਦਿਤੀ ਅਤੇ ਸਟਾਲਨ ਵਾਲਾ ਸੰਵਿਧਾਨ ੧੯੩੬ ਵਾਲਾ ਖਤਮ ਕਰ ਦਿਤਾ।
ਮਈ ਚੋਂ ਸ: ਸੁਖਜਿੰਦਰ ਸਿੰਘ ਜੋ ਆਪਣੇ ਆਪ ਨੂੰ ਖਾਲਿਸਤਾਨੀ ਅਖਵਾਉਂਦਾ

ਸੀ, ਬਾਦਲ ਦੀ ਜਨਤਾ-ਜਨਸੰਘ ਸਰਕਾਰ ਤੋਂ ਅਸਤੀਫਾ ਦੇ ਕੇ, ਕਾਂਗਰਸੀਆਂ ਨਾਲ ਸਮਝੌਤਾ ਕਰਕੇ ਮੁਖ ਮੰਤਰੀ ਬਣਨ ਲਈ ਤਰਲੋ-ਮੱਛੀ ਹੋਣ ਲਗਾ, ਦਿਲੀ ਦਰਬਾਰ ਦੇ ਹਾਕਮਾਂ ਦੀਆਂ ਪਰਕਰਮਾਂ ਕਰਨ ਲਗਾ।

੧੨ ਜੂਨ ਨੂੰ ਦੋਬਾਰਾ ਚੋਣਾ ਹੋਈਆਂ, ਅਕਾਲੀ ਜਨਤਾ ਮੰਤਰੀ ਮੰਡਲ ਸੀ।

੨੩ ਜੂਨ ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਅਤੇ ਆਤਮਾ ਸਿੰਘ, ਬਲਵੰਤ ਸਿੰਘ, ਜਸਵਿੰਦਰ ਸਿੰਘ ਬਰਾੜ, ਜੀਵਨ ਸਿੰਘ ਉਮਰਾ ਨੰਗਲ, ਰਣਧੀਰ ਸਿੰਘ ਚੀਮਾਂ, ਸੁਖਜਿੰਦਰ ਸਿੰਘ, ਸਤਵੰਤ ਕੌਰ ਸੰਧੂ, ਬਲਵਿੰਦਰ ਸਿੰਘ, ਸੁਖਦੇਵ ਸਿੰਘ ਢੀਡਸਾ, ਦਲੀਪ ਸਿੰਘ ਤਲਵੰਡੀ, ਹਰਭਜਨ ਸਿੰਘ ਕੋਠੀਆਂ ਕਾਰਾਂ ਵਿਚ ਆਜ਼ਾਦੀ ਦਾ ਅਨੰਦ ਲੈਣ ਲਗੇ, ਬਦੇਸ਼ਾ ਵਿਚ ਕਾਰਖਾਨੇ ਬਨਾਉਣ ਲਗੇ। ਸ: ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਰਮਾਏਦਾਰ ਬਾਦਲ ਨੂੰ ਨਫਰਤ ਕਰਦੇ ਰਹੇ। ਆਪਸੀ ਬੇ-ਚੈਨੀ ਰਹੀ ਬਾਦਲ ਸਾਹਿਬ ਆਪਣੀ ਹਕੂਮਤ ਲਈ ਗੰਗੂ-ਪੰਡਤਾਂ ਨੂੰ ਖੁਸ਼ ਰਖਦਾ ਪਰ ਸਿਖਾਂ ਦੀ ਆਪਣੀ ਵਖਰੀ ਹੋਂਦ ਸ੍ਰੀ ਅੰਮ੍ਰਿਤਸਰ ਨੂੰ ਪਵਿਤਰ ਨਗਰ ਕਰਵ ਉਣ, ਟਰਾਂਸਮਿਟਰ ਲਗਵਾ ਕੇ ਇਲਾਹੀ ਕੀਰਤਨ ਪ੍ਰਸਾਰ ਕਰਨ ਅਨੰਦਪੁਰ ਮਤੇ ਅਨੁਸਾਰ ਵਿਸ਼ੇਸ਼ ਅਧਿਕਾਰਾਂ ਲਈ, ਪੰਜਾਬੀ ਲਾਗੂ ਕਰਵਾਉਣ, ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਬਣਵਾਉਣ, ਸਿਖਾਂ ਨੂੰ ਫੌਜਾਂ ਵਿਚ ਭਰਤੀ ਕਰਵਾਉਣ ਪੰਜਾਬ ਵਿਚ ਕੋਈ ਵਡੇ ਕਾਰਖਾਨੇ ਲਗਵਾਉਣ ਵਲ ਕੋਈ ਧਿਆਨ ਨਹੀਂ ਦਿਤਾ। ਫ਼ਾਜ਼ਿਲਕਾ, ਅਬੋਹਰ ਆਦਿ ਇਲਾਕੇ ਵਲ ਨਰਮਾ, ਕਪਾਹ ਦੀ ਪੈਦਾਵਾਰ ਕਾਫੀ ਹੁੰਦੀ ਹੈ, ਪਰ ਕਪੜਾ ਬਣਾਉਣ ਵਾਲਾ ਕੋਈ ਵਡਾ ਕਾਰਖਾਨਾ ਨਹੀਂ ਲਗਵਾਇਆ, ਪੰਜਾਬ ਤੋਂ ਕਪਾਹ ਅਹਿਮਦਾਬਾਦ ਜਾਂਦੀ ਹੈ ਗੰਗੂ-ਪੰਡਤ ਲਾਭ ਉਠਾਉਂਦੇ ਹਨ ਕੋਈ ਵਡੀ ਖੰਡ ਮਿਲ ਨਹੀਂ, ਕੋਈ ਸੀਮਿੰਟ ਦਾ ਵਡਾ ਕਾਰਖਾਨਾ ਨਹੀਂ। ਸ੍ਰੀ ਹਰਿਮੰਦਰ ਸਾਹਿਬ, ਗੁਰੂ ਦਰਬਾਰ ਵਲ ਕੋਈ ਸੇਵਾ ਧਿਆਨ ਨਹੀਂ ਦਿਤਾ, ਨਾ ਹੀ ਸਿਖ ਧਰਮ ਦੇ ਵਿਰਸੇ ਇਤਿਹਾਸ ਦਾ ਪ੍ਰਚਾਰ ਕੀਤਾ ਕਿਸੇ ਗਰੀਬ, ਅਨਾਥ, ਖਾਨੇ ਬਿਰਧ ਘਰ, ਅਪਾਹਜ ਆਸ਼ਰਮ, ਜਾਂ ਭਗਤ ਪੂਰਨ ਸਿੰਘ ਦੇ ਪਿੰਗਲ-ਵਾੜਾ ਵਲ ਕਦੇ ਸੋਚਿਆ ਵੀ ਨਹੀਂ, ਕੇਵਲ ਆਪਣੀ ਟਰਾਂਸਪੋਰਟ, ਵਾਪਾਰ ਪ੍ਰਵਾਰ, ਸੰਤਾਨ, ਸਾਕ ਸੰਬੰਧੀਆਂ ਵਾਸਤੇ ਕਾਰੋਬਾਰ ਚਲਾਉਣ, ਗੁੜਗਾਉਂ ਵਿਖੇ ਦੇਵੀ ਲਾਲ ਨਾਲ ਸਾਂਝ ਪਾ ਕੇ ਕਾਫ਼ੀ ਜ਼ਮੀਨ ਲੈ ਕੇ ਫ਼ਾਈਵ ਸਟਾਰ ਰੈਸਟੋਰੈਂਟ, ਕਲਬ, ਅਯਾਸ਼ੀ ਵਲ ਹੀ ਰੁਝੇ ਰਹੇ। ਪੰਜਾਬ ਦੇ ਨੌਜਵਾਨ ਲਖਾਂ ਦੀ ਗਿਣਤੀ ਵਿਚ ਬੇ-ਰੋਜ਼ਗਾਰ ਹਨ, ਪਰ ਬਾਦਲ ਨੇ ਕਦੇ ਇਨ੍ਹਾਂ ਦੇ ਰੋਜ਼ਗਾਰ

ਵਾਸਤੇ ਕੁਝ ਨਹੀਂ ਸੋਚਿਆ, ਪੰਜਾਬ ਵਿਚ ਹਰ ਪਿੰਡ ਨਾਜਾਇਜ਼ ਦੇਸੀ ਸ਼ਰਾਬ ਦੇ ਧੰਦੇ, ਸਰਕਾਰ ਦੇ ਵਜ਼ੀਰ, ਹਾਕਮ ਅਫਸਰ ਵਧ ਤੋਂ ਵਧ ਕੁਰਪਸ਼ਨ ਕਰਨ ਲਗੇ, ਖਾਲਸਾ ਕਾਲਜਾਂ ਵਿਚ ਹੀ ਰੰਗਾ ਰੰਗ, ਕਲਚਰਲ ਪ੍ਰੋਗਰਾਮ ਅਤੇ ਬਿਊਟੀ ਕਾਨਟੈਸਟ ਹੋਣੇ ਸ਼ੁਰੂ ਹੋਣ ਲਗੇ, ਸਦਾਚਾਰਕ ਕੀਮਤਾਂ ਕਦਰਾਂ, ਸਿਖੀ ਰਹਿਤ ਮਰਯਾਦਾ, ਘਟ ਹੋਣ ਲਗੀ, ਬਾਦਲ ਦੇ ਸਮੇਂ ਕੋਈ ਗੁਰਮਤਿ ਪ੍ਰਚਾਰ, ਸ਼ਬਦ ਕੀਰਤਨ, ਲਿਟਰੇਚਰ ਇਤਿਹਾਸ ਜਾਂ ਗੁਰਮਤਿ ਦੇ ਜੀਵਨ ਵਾਲੇ ਵਿਦਵਾਨਾਂ ਦਾ ਕੋਈ ਸਤਿਕਾਰ ਸਨਮਾਨ ਨਹੀਂ ਕੀਤਾ ਗਿਆ। ਬਾਦਲ, ਪੰਜਾਬੀ ਸੂਬੇ ਦਾ ਮੁਖ ਮੰਤਰੀ ਰਿਹਾ ਪਰ ਆਪ ਅੰਗਰੇਜ਼ੀ ਵਿਚ ਕੰਮ ਕਰਦਾ ਰਿਹਾ, ਇਸ ਦੇ ਸਮੇਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ, ਦੁਸ਼ਟ ਨਰਿੰਜਣ ਸਿੰਘ ਨਿਰੰਕਾਰੀ ਸੀ। ਬਾਦਲ ਲੋਹੜੀ, ਰਖੜੀ ਹੋਲੀ ਆਦਿ ਦੇ ਤਿਉਹਾਰ ਸਾਰੇ ਵਜ਼ੀਰ ਅਤੇ ਇਨ੍ਹਾਂ ਦੇ ਪਰਵਾਰ, ਭੰਗੜੇ, ਗਿੱਧੇ ਨਾਚ ਕਰਕੇ ਮਨਾਉਂਦੇ ਰਹੇ, ਹਰ ਪ੍ਰੈਸ ਕਾਨਫਰੰਸ ਵੇਲੇ ਪ੍ਰੈਸ ਰਪੋਰਟਰਾਂ ਨੂੰ ਮੁਰਗੇ ਅਤੇ ਵਿਸਕੀਆਂ ਛਕਾਉਂਦੇ ਰਹੇ। ਜੋ ਗੁਰਮਤਿ ਮਰਯਾਦਾ ਤੋਂ ਬਿਲਕੁਲ ਉਲਟ ਕਰਵਾਏ, ਬਾਦਲੀ ਨੇ ਰਾਵੀ-ਬਿਆਸ ਪਾਣੀ ਦਾ ਕੇਸ ਸੁਪਰੀਮ ਕੋਰਟ ਤੋਂ ਵਾਪਸ ਲੈ ਕੇ ਨਹਿਰ ਦੀ ਖੁਦਵਾਈ ਵਾਸਤੇ ਸਰਕਾਰ ਤੋਂ ਇਕ ਕਰੋੜ ਰੁਪਏ ਲੈਣੇ ਪ੍ਰਵਾਨ ਕਰ ਲਏ—

੨ ਅਗਸਤ ਰਾਜ ਅਭਿਮਾਨੀ ਗਿਆਨ ਸਿੰਘ ਰਾੜੇਵਾਲਾ ਨੂੰ ਵਜ਼ੀਰੀ ਨਾ ਮਿਲ ਸਕਣ ਕਰਕੇ ਚਿੰਤਾ, ਈਰਖਾ ਕਾਰਣ ਅਧਰੰਗ ਹੋ ਗਿਆ, ਸੁਧ-ਬੁਧ ਯਾਦ ਹੀ ਖ਼ਤਮ ਹੋ ਗਈ, ਮਾਰਚ ੧੯੮੦ ਵਿਚ ਮਰ ਗਿਆ।

੬ ਅਗਸਤ ਸੰਤ ਕਰਤਾਰ ਸਿੰਘ ਜੀ ਖਾਲਸਾ, ਭਿੰਡਰਾਵਾਲੇ, ਮੁਖੀ ਦਮਦਮੀ ਟਕਸਾਲ, ਗੁਰਦਰਸ਼ਨ ਦਰਬਾਰ ਚੌਕ ਮਹਿਤਾ, ਸੇਵਾ ਸਿਮਰਨ ਕਰਦੇ, ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ, ਇਨ੍ਹਾ ਦੀ ਥਾਂ ਦਮਦਮੀ ਟਕਸਾਲ ਦੇ ਮੁਖੀ ਨੌਜਵਾਨ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਾ ਬਣ ਕੇ ਗੁਰਮਤਿ ਦੇ ਪ੍ਰਚਾਰ ਕਰਨ ਲਗੇ, ਪਰ ਬਾਦਲ ਇਨ੍ਹਾਂ ਨੂੰ ਨਫ਼ਰਤ ਕਰਦਾ ਰਿਹਾ।

ਸ. ਫੌਜਾ ਸਿੰਘ ਅਖੰਡ ਕੀਰਤਨੀ ਜਥਾ ਨੇ ਸਿਖ ਲੀਡਰਾਂ ਦੀ ਹਾਲਤ ਬਾਰੇ ਅਮਰੀਕਾ ਹਰਭਜਨ ਸਿੰਘ ਯੋਗੀ ਸਿਖ ਧਰਮ ਬਰਦਰ ਹੁਡ ਨੂੰ ਚਿਠੀ ਲਿਖੀ ਸੀ ਕਿ ਖ਼ੂਨ ਖ਼ਰਾਬਾ ਹੋਵੇਗਾ, ਜੋ ਉਨ੍ਹਾਂ ਵਲੋਂ ੧੯੭੮ ਵਿਚ ਛਾਪੀ ਸੀ।

੨੦ ਅਗਸਤ ਸ. ਗੁਰਬਖ਼ਸ਼ ਸਿੰਘ ਜੀ ਪ੍ਰੀਤ ਲੜੀ, ਪ੍ਰੀਤ ਨਗਰ ੮੮ ਸਾਲ ਵਿਚ ਚਲਾਣਾ ਕਰ ਗਏ।

੧ ਸਤੰਬਰ ਪੰਜਾਬ ਦਾ ਗਵਰਨਰ ਜੈ ਸੁਖ ਲਾਲ ਹਾਥੀ ਬਣ ਗਿਆ ਜੋ ੨੬ ਅਗਸਤ ੧੯੮੧ ਤਕ ਆਜ਼ਾਦੀ ਦਾ ਅਨੰਦ ਮਾਣਨ ਲਗਾ।

੧੬-੧੮ ਸਤੰਬਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ. ਹੁਕਮ ਸਿੰਘ, ਗਿ: ਗੁਰਦਿਤ ਸਿੰਘ ਵਲੋਂ ਤੀਜਾ ਗੁਰੂ ਗ੍ਰੰਥ ਵਿਚਾਰ ਸੰਮੇਲਨ ਹੋਇਆ, ਗੁਰਮਤਿ ਦੇ ਵਿਦਵਾਨ ਇਕਠੇ ਹੋ ਕੇ ਵਿਚਾਰਾਂ ਹੋਈਆਂ।

੨੪-੨੭ ਅਕਤੂਬਰ ਸ੍ਰੀ ਅੰਮ੍ਰਿਤਸਰ ਨਗਰ ਦਾ ੪੦੦ ਸਾਲਾ ਸਥਾਪਨਾ ਦਿਵਸ ਭਾਰੀ ਰੌਣਕਾਂ ਨਾਲ ਮਨਾਇਆ ਗਿਆ। ਗੋਇੰਦਵਾਲ ਤੋਂ ਸੰਗਤਾਂ ਦਾ ਠਾਠਾਂ ਮਾਰਦਾ ਜਲੂਸ ਸ਼ਬਦ-ਕੀਰਤਨ ਕਰਦਾ ਅੰਮ੍ਰਿਤਸਰ ਪਹੁੰਚਿਆ। ਪ੍ਰਧਾਨ ਮੰਤਰੀ ਮੋਰਾਰਜੀ ਡਿਸਾਈ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਦਰਸ਼ਨਾਂ ਲਈ ਪਹੁੰਚੇ। ਰਾਮਬਾਗ ਵਿਖੇ ਅੰਮ੍ਰਿਤਸਰ ਸਿਫਤੀ ਦਾ ਘਰ ਨਾਟਕ, ਲਾਈਟ ਐਂਡ ਸਾਊਂਡ ਪ੍ਰੋਗਰਾਮ ਤਿੰਨ ਮਹੀਨੇ ਤਕ ਵਿਖਾਇਆ ਗਿਆ। ਸ੍ਰੀ ਗੁਰੂ ਰਾਮਦਾਸ ਹਸਪਤਾਲ ਦੀ ਨੀਹ ਰਾਸ਼ਟਰਪਤੀ ਰੈਡੀ ਵਲੋਂ ਰਖੀ ਗਈ। ਮਹਾਨ ਸੰਤ ਸਮਾਗਮ ਹੋਇਆ।

ਬਾਬਾ ਖੜਕ ਸਿੰਘ ਜੀ ਵਲੋਂ ਗੁਰੂ ਰਾਮ ਦਾਸ ਲੰਗਰ ਹਾਲ ਦੀ ਉਸਾਰੀ ਅਰਦਾਸ ਕਰਕੇ, ਸ਼ੁਰੂ ਕੀਤੀ ਗਈ ਜੋ ੧੯੭੯ ਵਿਚ ਮੁਕੰਮਲ ਹੋਇਆ।

ਗੁਰੂ ਕੇ ਮਹਲ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਅਰਦਾਸ ਨੀਂਹ ਸੰਤ ਸੇਵਾ ਸਿੰਘ ਜੀ ਵਲੋਂ ਸ਼ੁਰੂ ਕਰਵਾਈ ਗਈ।

ਸ੍ਰੀ ਮੁਰਾਰਜੀ ਡਿਸਾਈ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਨੁਸਾਰ ਪੰਜਾਬ ਵਿਚੋਂ ਸ਼ਰਾਬ ਬਿਲਕੁਲ ਬੰਦ ਕਰਵਾਉ ਪਰ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਣ ਨਹੀਂ ਕੀਤਾ, ਨਾ ਹੀ ਕੋਈ ਕਾਰਵਾਈ ਕੀਤੀ, ਟਾਲ ਮਟੋਲ ਕਰਦਾ ਰਿਹਾ, ਇਹ ਚੰਗਾ ਗੁਰੂ ਦਾ ਸਿਖ ਹੈ ?

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਨਕਲੀ ਨਿਰੰਕਾਰੀ ਗੁਰਬਚਨੇ ਦੇ ਪੰਜਾਬ ਵਲ ਦੌਰੇ ਨਾ ਕਰਨ; ਪੁਸਤਕ ਅਵਤਾਰ–ਬਾਣੀ ਜ਼ਬਤ ਕਰਨ ਵਾਸਤੇ ਸਮਗਲਰ ਸਰਕਾਰ ਨੂੰ ਕਹਿੰਦੇ ਰਹੇ, ਪਰ ਬਾਦਲ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੈਂਟਰਲ ਖਾਲਸਾ ਯਤੀਮ ਖਾਨਾ ਵਿਖੇ ਭਾਈ ਵੀਰ ਸਿੰਘ ਗੁਰਮਤਿ ਵਿਦਿਆਲਯ ਬਣਾ ਕੇ, ਗੁਰਮਤਿ ਮਿਸ਼ਨਰੀ ਕਲਾਸਾਂ ਦੇ ਸਾਲ ਦਾ ਕੋਰਸ ਪੜ੍ਹਾਈ ਸ਼ਬਦ ਕੀਰਤਨ ਆਦਿ ਸ਼ੁਰੂ ਕੀਤਾ ਗਿਆ। ਸ. ਭਾਗ ਸਿੰਘ ਜੀ ਅਣਖੀ ਰਾਤ ਦਿਨ ਸੇਵਾ ਅਤੇ ਪ੍ਰਚਾਰ ਦੇ ਕਾਰਜ ਕਰਦੇ ਰਹਿੰਦੇ ਹਨ।

ਸਵੀਡਨ ਤੋਂ ਹੈਟਸ ਹੋਗਸਟਾਰਮ, ਸ੍ਰੀ ਹਰਿਮੰਦਰ ਸਾਹਿਬ ਵਿਖੇ ਇਲਾਹੀ ਸ਼ਬਦ ਕੀਰਤਨ, ਗੁਰੂ ਦੇ ਲੰਗਰ, ਸਰਬੱਤ ਦੇ ਭਲੇ ਵਾਲਾ ਮਾਹੌਲ ਵੇਖ ਕੇ

ਪ੍ਰਭਾਵਤ ਹੋਏ। ਸਿੰਘ ਸਜ ਗਏ।

ਨਵੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ ਨਿਊਯਾਰਕ, ਅਮਰੀਕਾ ਵਿਖੇ ਗੁਰੂ ਨਾਨਕ ਇੰਨਟਰਨੈਸ਼ਨਲ ਯੂਨੀਵਰਸਿਟੀ ਦਾ ਉਦਘਾਟਨ ਕੀਤਾ ਗਿਆ, ਧਰਮ ਪ੍ਰਚਾਰ ਦੇ ਕਾਰਜ ਹੋਣ ਲਗੇ।

ਚੀਫ ਖਾਲਸਾ ਦੀਵਾਨ ਵਲੋਂ ਨੇਤਰ ਹੀਨਾ ਦੀ ਭਲਾਈ ਵਾਸਤੇ ਕਾਨਫਰੰਸ ਵਿਚਾਰਾਂ ਕੀਤੀਆਂ ਗਈਆਂ। ਸ: ਕਿਰਪਾਲ ਸਿੰਘ ਪ੍ਰਧਾਨ ਗਰੀਬਾਂ ਅਨਾਥਾਂ ਲਈ ਹਮਦਰਦੀ ਕਰਦੇ ਹਨ।

ਅੰਮ੍ਰਿਤਸਰ ਨਗਰ ਪਾਲਕਾ ਤੋਂ ਨਗਰ ਨਿਗਮ ਕਾਰਪੋਰੇਸ਼ਨ ਬਣਾਈ ਗਈ।

ਸੀਸ ਗੰਜ ਮਾਸਕ ਦਿਲੀ ਦਾ ਵਿਸ਼ੇਸ਼ ਅੰਕ ੪੦੦ ਸੌ ਸਾਲਾ ਕਢਿਆ ਗਿਆ। ਸ: ਜਸਵੰਤ ਸਿੰਘ ਅਜੀਤ ਜੀ ਐਡੀਟਰ ਹਨ।

ਡਾ: ਦਲਜੀਤ ਸਿੰਘ ਜੀ ਅੱਖਾਂ ਦਾ ਉਪਰੇਸ਼ਨ ਕਰਨ ਵਾਲੇ ਮਾਹਰ ਹਨ, ਸਾਰੇ ਭਾਰਤ ਤੋਂ ਲੋਕ ਅੱਖਾਂ ਦਾ ਉਪਰੇਸ਼ਨ ਕਰਵਾਉਣ ਲਈ ਇਨ੍ਹਾਂ ਪਾਸ ਆਉਂਦੇ ਹਨ। ਇਨ੍ਹਾਂ ਦਾ ਹਸਪਤਾਲ ਸ਼ੇਰਾਂ ਵਾਲਾ ਗੇਟ ਪਾਸ ਹੈ ਰਿਹਾਇਸ਼ ਲਈ ਪੂਰਾ ਪ੍ਰਬੰਧ ਹੈ ਗਰੀਬ ਅਨਾਥਾਂ ਲਈ ਮੁਫਤ ਹੈ, ਫੋਨ ਨੰ: ੫੨੮੦੦ ਹੈ।

੧ ਜਨਵਰੀ ੧੯੭੮ ਸ: ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਵਲੋਂ ਸੇਵਾ ਅਤੇ ਸਿਮਰਨ ਵਾਲੇ ਬ੍ਰਹਮ ਗਿਆਨੀਆਂ ਦੇ ਜੀਵਨ ਚਿਤਰ ਬਾਬਾ ਬੁੱਢਾ ਜੀ, ਭਾਈ ਬੰਨੋ ਜੀ, ਭਾਈ ਮੰਝ ਜੀ, ਭਾਈ ਕਨ੍ਹੀਆ ਜੀ, ਨਵਾਬ ਕਪੂਰ ਸਿੰਘ ਜੀ ਅਤੇ ਮ: ਰਣਜੀਤ ਸਿੰਘ ਜੀ, ਵਾਲਾ ਕੈਲੰਡਰ ਛਾਪ ਕੇ ਸੇਵਾ ਸਿਮਰਨ ਅਤੇ ਕਿਰਤ ਦੇ ਗੁਣਾ ਦੀ ਮਹਾਨਤਾ ਦਾ ਪ੍ਰਚਾਰ ਕੀਤਾ ਗਿਆ।

੫ ਜਨਵਰੀ ਭਗਤ ਪੂਰਨ ਸਿੰਘ ਵਲੋਂ ਜੀਵਨ ਬਿਉਰਾ ਗੁਰੂ ਸਾਹਿਬਾਨ ਚਾਰਟ ਵੰਡਣਾ ਸ਼ੁਰੂ ਹੋਇਆ। ੩੦ ਲਖ ਤੋਂ ਵਧ ਵੰਡਿਆ ਜਾ ਚੁਕਾ ਹੈ।

੧੫ ਜਨਵਰੀ ਹਰਿਆਣਾ ਸਰਕਾਰ ਦੀ ਦੁਸ਼ਟ ਪੁਲਸ ਵਲੋਂ ਕੁਰਕਸ਼ੇਤਰ ਪੁਡਰੀ ਵਿਖੇ ੪ ਨਿਹੰਗ ਸਿੰਘ ਸ਼ਹੀਦ ਕੀਤੇ ਗਏ. ਕੋਈ ਮੁਆਵਜ਼ਾ ਨਹੀਂ ਦਿਤਾ।

੧੭ ਜਨਵਰੀ ਰਾਜ ਅਭਿਮਾਨੀ ਭੀਮ ਸੈਨ ਸਚਰ ਮਰ ਗਿਆ।

੧ ਅਪ੍ਰੈਲ ਮੇਲਾ ਸਿੰਘ ਮਿਸ਼ਨਰੀ ਪਬਲਿਕ ਹਾਈ ਸਕੂਲ ਫਗਵਾੜਾ ਸ਼ੁਰੂ ਕੀਤਾ, ਸ: ਅਮਰ ਸਿੰਘ ਵਿਰਦੀ ਪ੍ਰਿੰਸੀਪਲ ਹਨ।

ਬਾਬਾ ਸੰਤਾ ਸਿੰਘ ਵਲੋਂ ਪੁੰਡਰੀ ਵਿਖੇ ਸ਼ਹੀਦ ਹੋਏ ਨਿਹੰਗ ਸਿੰਘਾਂ ਮੋਰਚਾ ਲਗਾਉਣ ਲਈ ਧਮਕੀ ਦਿਤੀ ਗਈ। ਜੱਜ ਆਰ ਐਸ ਨਰੂਲਾ ਨੇ ਪੜਤਾਲ ਕੀਤੀ ਸੀ।

੭ ਫਰਵਰੀ ਮਹੰਤ ਸੇਵਾ ਦਾਸ ਸਿੰਘ ਵਲੋਂ ਚੰਡੀਗੜ ਅਤੇ ਪੰਜਾਬੀ

ਬੋਲਦੇ ਇਲਾਕੇ ਪੰਜਾਬ ਨੂੰ ਦੇਣ ਵਾਸਤੇ ਗੁਰਦੁਆਰਾ ਹਾਜੀ ਰਤਨ ਬਠਿੰਡਾ ਵਿਖੇ ਮਰਨ ਵਰਤ ਦਾ ਢੰਗ ਡਰਾਮਾ ਕੀਤਾ ਅਤੇ ੧੨ ਮਾਰਚ ਨੂੰ ਖਤਮ ਕਰ ਦਿਤਾ ਗਿਆ।

੧੨ ਮਾਰਚ ਗਦਰੀ ਬਾਬਾ ਗੁਰਮੁਖ ਸਿੰਘ ਜੀ ਆਪਣੇ ਪਿੰਡ ਲਲਤੋਂ (ਲੁਧਿਆਣਾ) ਵਿਖੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ, ਹਰ ਸਾਲ ਇਲਾਕੇ ਵਲੋਂ ਯਾਦ ਮਨਾਈ ਜਾਂਦੀ ਹੈ।

੨ ਅਪ੍ਰੈਲ ਡਾ. ਮਹਿੰਦਰ ਪਾਲ ਸਿੰਘ ਹੈਪੀ ਨਿਵਾਸ, ਗੁਰਮਤਿ ਦੇ ਵਿਦਵਾਨ ਲੇਖਕ,ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਇਨ੍ਹਾਂ ਦੇ ਅੰਤਮ ਭੋਗ ਸਮੇਂ ਜੀਵਨ ਬਿਉਰਾ ਗੁਰੂ ਸਾਹਿਬ ਦੇ ਚਾਰਟ ਜਪੁਜੀ ਸਾਹਿਬ ਦੇ ਗੁਟਕੇ ਸ਼ਬਦ ਸੰਗਤਾਂ ਨੂੰ ਵੰਡੇ ਗਏ। ਹਰ ਸਾਲ ਯਾਦ ਵਜੋਂ ਵੰਡੇ ਜਾਂਦੇ ਹਨ।

੧੩ ਅਪ੍ਰੈਲ ਵਿਸਾਖੀ ਦੁਸ਼ਟ ਨਕਲੀ ਨਿਰੰਕਾਰੀ ਗੁਰਬਚਨੇ ਦੇ ਨਾਲ ਲਾ: ਜਗਤ ਨਾਰਾਇਣ ਹਿੰਦ ਸਮਾਚਾਰ, ਵਲੋਂ ਆਪਣਾ ਪਖੰਡ ਦਰਬਾਰ ਰੇਲਵੇ ਕਾਲੋਨੀ ਫਾਟਕ ਦੇ ਨੇੜੇ ਭਾਰੀ ਜਲੂਸ ਕਢਿਆ, ਤਾਂ ਸੰਤ ਜਰਨੈਲ ਸਿੰਘ ਭਿੰਡਰਾਵਾਲਾ ਨੇ ਮੰਜੀ ਸਾਹਿਬ ਤੋਂ ਜਥੇ: ਜੀਵਨ ਸਿੰਘ ਉਮਰਾਨੰਗਲ ਜੋ ਸਰਕਾਰ ਦਾ ਮੰਤਰੀ ਵੀ ਸੀ ਨੂੰ ਪਖੰਡ ਜਲੂਸ ਬੰਦ ਕਰਵਾਉਣ ਵਾਸਤੇ ਕਿਹਾ ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ। ਅਖੰਡ ਕੀਰਤਨੀ ਜਥੇ ਦਾ ਪ੍ਰੋਗਰਾਮ ਅਜੀਤ ਨਗਰ ਹੋ ਰਿਹਾ ਸੀ, ਉਥੋਂ ਸਿੰਘ ਨਿਰੰਕਾਰੀ ਪੰਡਾਲ ਵਲ ਨਿਹਥੇ ਹੀ ਸ਼ਾਂਤਮਈ ਢੰਗ ਨਾਲ ਪਹੁੰਚੇ ਕਿ ਗੁਰੂ ਦੀ ਨਿੰਦਾ ਬੰਦ ਕੀਤੀ ਜਾਵੇ ਪਰ ਹਥਿਆਰਬੰਦ ਨਿਰੰਕਾਰੀਆਂ ਵਲੋਂ ਤੇਜ਼ਾਬ ਦੀਆਂ ਬੋਤਲਾਂ, ਅਤੇ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਦੁਖ ਦੀ ਗਲ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦਾ ਡੀ. ਸੀ ਨਿਰੰਜਨ ਸਿੰਘ ਨਿਰੰਕਾਰੀ ਸੀ, ਸਰਕਾਰ ਦੀ ਦੁਸ਼ਟ ਪੁਲਸ ਵਲੋਂ ਅਥਰੂ, ਅਤੇ ਗੋਲੀਆਂ ਚਲਾ ਕੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ, ਜ਼ਖਮੀ ਹੋਏ ਸਿੰਘਾਂ ਨੂੰ ਕੋਈ ਡਾਕਟਰੀ ਸਹਾਇਤਾ ਦੇਣ ਦੀ ਬਜਾਏ, ਨਗਰ ਪਾਲਕਾ ਦੇ ਗੰਦਗੀ ਢੋਣ ਵਾਲੇ ਟਰਕਾਂ ਟਰਾਲੀਆਂ ਵਿਚ ਲੱਦ ਕੇ ਮਾਰ ਦਿਤਾ ਗਿਆ। ੧੩ ਸਿੰਘ, ਧਰਮਬੀਰ ਸਿੰਘ, ਹਰੀ ਸਿੰਘ, ਹਰਭਜਨ ਸਿੰਘ, ਰਣਬੀਰ ਸਿੰਘ, ਅਵਤਾਰ ਸਿੰਘ, ਫੌਜਾ ਸਿੰਘ, ਪਿਆਰਾ ਸਿੰਘ, ਗੁਰਦਿਆਲ ਸਿੰਘ, ਦਰਸ਼ਨ ਸਿੰਘ, ਅਮਰੀਕ ਸਿੰਘ, ਗੁਰਬਚਨ ਸਿੰਘ, ਕੇਵਲ ਸਿੰਘ, ਰਘਬੀਰ ਸਿੰਘ ਸ਼ਹੀਦ ਸਿੰਘਾਂ ਦੇ ਸਸਕਾਰ, ਰਾਮਸਰ ਰੋਡ ਵਿਖੇ ਕੀਤੇ ਗਏ, ਵਡਾ ਦੁਖ ਹੈ ਕਿ ਡੀਸੀ ਨਿਰੰਜਣ ਸਿਘ, ਦੁਸ਼ਟ ਗੁਰਬਚਨੇ ਨੂੰ ਆਪਣੀ ਕਾਰ ਵਿਚ ਬਠਾ ਕੇ, ਜਲੰਧਰ ਛਡ ਆਇਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵਲੋਂ ਜ਼ੋਰ ਲਗਾਏ ਜਾਣ ਤੇ ਗੁਰਬਚਨੇ ਵਿਰੁਧ ਕਤਲ

ਕੇਸ ਰਜਿਸਟਰ ਹੋਇਆ ਪਰ ਸਮਾਇਤ ਸੁਣਵਾਈ ਕਰਨਾਲ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਹੋਈ, ਪੰਜਾਬ ਵਿਚ ਨਹੀਂ।

ਰੇਲਵੇ ਕਾਲੋਨੀ ਫਾਟਕ ਵਿਖੇ ਸਿੰਘਾਂ ਵਲੋਂ ਯਾਦਗਾਰੀ ਗੁਰਦੁਆਰਾ ਦੰਗਾ ਅਸਥਾਨ ਬਣਾਇਆ ਗਿਆ। ਹਰ ਸਾਲ ਯਾਦ ਮਨਾਈ ਜਾਂਦੀ ਹੈ।

ਗੰਗੂ ਪੰਡਤ ਸੈਸ਼ਨ ਜੱਜ ਕਰਨਾਲ ਵਲੋਂ ਗੁਰਬਚਨੇ ਨੂੰ ਬਰੀ ਕਰ ਦਿਤਾ ਗਿਆ, ਪਰ ਬਾਦਲ, ਬਰਨਾਲਾ ਸਰਕਾਰ ਵਲੋਂ ਕੋਈ ਨਜ਼ਰਸਾਨੀ ਅਪੀਲ ਆਦਿ ਨਹੀਂ ਕਰਵਾਈ ਗਈ, ਕਾਰਣ ਕਿ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਨਿਰੰਕਾਰੀਆਂ ਦੀ ਸੇਵਕਾ ਹੈ। ਰਾਵੀ ਬਿਆਸ ਦਾ ਪਾਣੀ ਸਤਲੁਜ ਯਮਨਾ ਨਹਿਰ ਦੀ ਪ੍ਰਵਾਨਗੀ ਦੇ ਕੇ ਦੇਵੀ ਲਾਲ ਨਾਲ ਮਿਤਰਤਾ ਅਤੇ ਖ਼ੁਸ਼ੀ ਪ੍ਰਾਪਤ ਕੀਤੀ ਗਈ। ਪੰਜਾਬ ਦੇ ਸਿੰਘਾਂ ਵਲੋਂ ਪ੍ਰਕਾਸ਼ ਸਿੰਘ ਬਾਦਲ ਅਤੇ ਬਰਨਾਲਾ ਦੀ ਪੰਥ-ਵਿਰੋਧੀ ਹਕੂਮਤ ਵਿਰੁਧ ਰੋਸ ਮੁਜ਼ਾਹਰੇ ਕੀਤੇ ਗਏ। ਦੁਸ਼ਟ ਗੁਰਬਚਨੇ ਦੀ ਜ਼ਮਾਨਤ ਅਤੇ ਰਿਹਾਈ ਵਾਸਤੇ ਸਿਫਾਰਸ਼ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਅਤੇ ਅਟਲ ਬਿਹਾਰੀ ਵਾਜਪਾਈ ਨੇ ਕੀਤੀ ਸੀ।

੧੪ ਮਈ ਨਕਲੀ ਗੁਰਬਚਨੇ ਦੇ ਦੁਖਾਂਤ ਵਿਰੁਧ ਰੋਸ ਮੁਜ਼ਾਹਰਾ ਦਿਲੀ ਵਿਖੇ ਕੀਤਾ ਪਰ ਸਮਗਲਰ ਸਰਕਾਰ ਨੇ ਸਿਖਾਂ ਉਪਰ ਜ਼ੁਲਮ, ਗਿਰਫਤਾਰੀਆਂ ਕੀਤੀਆਂ।

੧੮ ਮਈ ਗਦਰੀ ਬਾਬਾ ਹਰਨਾਮ ਸਿੰਘ ਜੀ ਕਾਲਾ ਸੰਘਿਆ (ਕਪੂਰਥਲਾ) ਅਕਾਲ ਚਲਾਣਾ ਕਰ ਗਏ, ਹਰ ਸਾਲ ਇਨ੍ਹਾਂ ਦੀ ਯਾਦ ਮਨਾਈ ਜਾਂਦੀ ਹੈ। ਪਿੰਡ ਦਾ ਨਾਮ ਵੀ ਇਨ੍ਹਾਂ ਦੇ ਨਾਮ ਤੇ ਹੀ ਰਖ ਦੇਣਾ ਚਾਹੀਦਾ ਹੈ।

ਸ. ਨਾਨਕ ਸਿੰਘ ਨਿਰਲੇਪ, ਰੇਲਵੇ ਰੋਡ, ਕਰਨਾਲ ਵਲੋਂ ਨਿਰਲੇਪ ਪਤ੍ਰਕਾ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

੭ ਜੂਨ ਪ੍ਰਕਾਸ਼ ਸਿੰਘ ਬਾਦਲ ਆਪਣੇ ਪਰਵਾਰ ਦੇ ਨਾਲ ਜੰਮੂ ਵੈਸ਼ਨੂੰ ਦੇਵੀ, ਬੁਤਾਂ ਨੂੰ ਨਕ ਰਗੜਨ ਲਈ ਮਥੇ ਤੇ ਤਿਲਕ, ਟਿਕੇ ਲਗਵਾ ਕੇ ਚੜ੍ਹਾਵੇ ਅਰਦਾਸ ਕਰਨ ਗਏ, ਇਹ ਗੁਰਮਤਿ ਦੇ ਅਸੂਲਾਂ ਦਾ ਵਿਰੋਧ ਕੀਤਾ ਗਿਆ। ਬਾਦਲ ੧੯੫੭ ਵਿਚ ਕਾਂਗਰਸੀ ਰਿਹਾ। ਦੁਖ ਹੈ ਕਿ ਸਿਖ ਇਨ੍ਹਾਂ ਸਰਮਾਏਦਾਰਾਂ ਨੂੰ ਹੀ ਆਪਣਾ ਲੀਡਰ, ਆਗੂ ਸਮਝਣ ਦੀ ਭੁਲ ਕਰੀ ਜਾ ਰਹੇ ਹਨ ਅਤੇ ਜ਼ਲੀਲ ਹੋ ਰਹੇ ਹਨ ? ਜੀਵਨ ਸਿੰਘ ਉਮਰਾਨੰਗਲ ਅਤੇ ਸੁਖਜਿੰਦਰ ਸਿੰਘ ਅਖੰਤੀ ਪੰਥਕ ਆਗੂ ਹਨ, ਇਨ੍ਹਾਂ ਆਪਣੇ ਇਲਾਕੇ ਵਿਚ ਕਦੇ ਗੁਰਮਤਿ ਦਾ ਪ੍ਰਚਾਰ ਨਹੀਂ ਕੀਤਾ, ਸਗੋਂ ਆਪ ਵੀ ਬਿਆਸਾ ਰਾਧਾ ਸੁਆਮੀ ਡੇਰੇ ਦੇ ਪ੍ਰਸੰਸਕ

ਹਨ ਕਿ ਆਮ ਲੋਕਾਂ ਦੀਆਂ ਵੋਟਾਂ ਲਈਆਂ ਜਾ ਸਕਣ ਇਹ ਸੁਆਰਥੀ ਪੰਥ ਕੌਮ, ਧਰਮ ਦਾ ਕੀ ਸੰਵਾਰ ਸਕਦੇ ਹਨ ? ਇਨ੍ਹਾਂ ਨੇ ਆਪਣੀਆਂ ਜ਼ਮੀਨਾਂ ਸੀਲਿੰਗ ਦੀ ਹਦ ਤੋਂ ਬਚਾਉਣ ਵਾਸਤੇ ਆਲੂ ਸਿੰਘ, ਟਮਾਟਰ ਸਿੰਘ, ਵਤਾਊਂ ਸਿੰਘ, ਬੰਤਾ ਸਿੰਘ ਗੰਢਾ ਸਿੰਘ ਦੇ ਨਾਮ ਤੇ ਫ਼ਰਜ਼ੀ ਕਰਵਾ ਦਿਤੀਆਂ। ਇਹ ਗੁਰਮਤਿ ਤੋਂ ਸਖਣੇ ਹਨ, ਇਨ੍ਹਾਂ ਤੋਂ ਰਾਜ ਕਰੇਗਾ ਖਾਲਸਾ ਦੀ ਕਿਵੇਂ ਪੂਰਤੀ ਹੋ ਸਕਦੀ ਹੈ ? ਇਨ੍ਹਾਂ ਨੇ ਆਪਣੀ ਹਕੂਮਤ ਲਈ ਹਜ਼ਾਰਾਂ ਅਲੜ੍ਹ ਨੌਜਵਾਨ ਸ਼ਹੀਦ ਕਰਵਾ ਦਿਤੇ ਹਨ, ਪਰ ਕਿਸੇ ਲੀਡਰ ਦਾ ਕੋਈ ਲੜਕਾ ਸ਼ਹੀਦ ਨਹੀਂ ਹੋਇਆ, ਇਹ ਕਿਉਂ ? ਉਚ ਇਖਲਾਕ ਪਵਿਤਰ ਜੀਵਨ ਸੇਵਾ ਅਤੇ ਕੁਰਬਾਨੀ ਵਾਲੇ ਹੀ ਰਾਜ ਕਰੇਗਾ ਖਾਲਸਾ ਬਣਾ ਸਕਦੇ ਹਨ।

ਪ੍ਰਿੰਸੀਪਲ ਬਾਵਾ ਹਰਿਕਿਸ਼ਨ ਸਿੰਘ ਜੀ ਅਕਾਲ ਚਲਾਣਾ ਕਰ ਗਏ।

ਸੰਤ ਰੌਸ਼ਨ ਸਿੰਘ ਮਸਕੀਨ ਡੇਰਾ ਬਾਬਾ ਕਰਮ ਸਿੰਘ ਮਕਸੂਦ ਪੁਰ ਕਪੂਰਥਲਾ ਤੋਂ ਮਾਸਕ ਕਰਮ ਜੰਤ ਛਾਪ ਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ ਐਡੀਟਰ ਗੁਰਦਿਆਲ ਸਿੰਘ ਹਨ।

੧੭ ਜੂਨ ਜਥੇਦਾਰ ਅਕਾਲ ਤਖਤ ਸਾਧੂ ਸਿੰਘ ਭੌਰਾ ਵਲੋਂ ਦੁਸ਼ਟ ਨਕਲੀ ਨਿਰੰਕਾਰੀਆਂ ਵਿਰੁਧ, ਹੁਕਮਨਾਮਾ ਜਾਰੀ ਕੀਤਾ ਗਿਆ ਕਿ ਕੋਈ ਗੁਰੂ ਦਾ ਸਿਖ ਇਨ੍ਹਾਂ ਦੁਸ਼ਟਾਂ ਨਾਲ ਵਰਤ ਵਿਹਾਰ ਨਾ ਕਰੇ, ਦੁਖ ਇਹ ਹੈ ਕਿ ਅਖੌਤੀ ਪੰਥਕ ਲੀਡਰ ਆਪਣੀਆਂ ਵੋਟਾਂ ਲੈਣ ਦੀ ਖਾਤਰ ਨਿਰੰਕਾਰੀ ਦਰਬਾਰਾਂ ਵਿਚ ਚੜ੍ਹਾਵੇ ਭੇਟ ਕਰਦੇ ਰਹੇ।

੨ ਜੁਲਾਈ ਭਾਈ ਅਮਰੀਕ ਸਿੰਘ ਸਪੁਤਰ, ਗੁਰਪੁਰਵਾਸੀ ਸੰਤ ਕਰਤਾਰ ਸਿੰਘ ਖਾਲਸਾ ਨੂੰ ਆਲ ਇੰਡੀਆ ਸਿਖ ਸਟੂ. ਫੈਡ. ਦਾ ਪ੍ਰਧਾਨ ਬਣਾਇਆ ਗਿਆ।

ਗੁਰੂ ਰਾਮਦਾਸ ਹਸਪਤਾਲ ਦੀ ਉਸਾਰੀ ਕਾਰਜ ਸ਼ੁਰੂ ਕੀਤੇ ਗਏ, ਨੀਂਹ ਪਥਰ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਰਖਿਆ, ਪੰਜਾਬ ਦਾ ਗਵਰਨਰ ਜੈ ਸੁਖ ਲਾਲ ਹਾਥੀ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਪਹੁੰਚੇ। ਸਿਰੋਪਾਉ ਭੇਟਾ ਕੀਤੇ ਗਏ।

੬ ਅਗਸਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਹਰਮੰਦਰ ਸਿੰਘ ਸੰਧੂ ਅਤੇ ਗਜਿੰਦਰ ਸਿੰਘ ਆਦਿ ਨੌ-ਜਵਾਨਾਂ ਵਲੋਂ ਦਲ-ਖਾਲਸਾ ਕਾਇਮ ਕਰਕੇ, ਸਿਖ ਰਾਜ ਅਤੇ ਖਾਲਸਤਾਨ ਦੀ ਮੰਗ ਸ਼ੁਰੂ ਕੀਤੀ ਗਈ। ਗੁਰਦੁਆਰਾ ਅਤਾਲਗੜ੍ਹ ਸੈਕਟਰ ੩੫ ਚੰਡੀਗੜ੍ਹ ਵਿਖੇ ਸਮਾਗਮ ਹੋਇਆ।

ਗਿ: ਰਾਜਿੰਦਰ ਸਿੰਘ ਭਾਟੀਆਂ ਵਲੋਂ ਮਾਸਕ ਗੁਰਸਿਖ ਦਰਸ਼ਨ ਸ਼ੁਰੂ

ਕਰਕੇ ਗੁਰਮਤਿ ਦਾ ਪ੍ਰਚਾਰ ਕਰਣ ਲਗੇ।

੨੩ ਅਗਸਤ ਸੰਤ ਨਿਸਚਲ ਸਿੰਘ ਜੀ ਸੁਆਸ ਸੁਆਸ ਸੇਵਾ ਸਿਮਰਨ ਕਰਦੇ, ਇਕ ਸੌ ਸਾਲ ਦੀ ਉਮਰ ਵਿਚ ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ, ਇਨ੍ਹਾਂ ਦੀ ਯਾਦ ਵਿਚ ਹੋਰ ਅਸਥਾਨ ਬਣਾਏ ਗਏ, ਹਰ ਸਾਲ ਭਾਰੀ ਰੌਣਕਾਂ ਨਾਲ ਯਾਦ ਮਨਾਈ ਜਾਂਦੀ ਹੈ।

ਪ੍ਰਕਾਸ਼ ਸਿੰਘ ਬਾਦਲ, ਜੰਮੂ ਵੈਸ਼ਨੂੰ ਦੇਵੀ, ਤਿਲਕ ਲਗਾ ਕੇ ਨਕ ਰਗੜਨ, ਘੰਟੀਆਂ ਖੜਕਾ ਕੇ ਬੁਤ ਦੀ ਪੂਜਾ ਲਈ ਗਿਆ। ਗੁਰੂ ਗੋਬਿੰਦ ਜੀ ਤਾਂ ਤਾੜਨਾ ਕੀਤੀ ਕਿ ਬਿਪਰਨ ਦੀ ਰੀਤ ਨਹੀਂ ਕਰਨੀ, ਪਰ ਰਾਜ ਅਭਿਮਾਨੀ ਬਾਦਲ, ਗੁਰੂ ਦੇ ਉਪਦੇਸ਼ਾਂ ਦੀ ਕਦੋਂ ਪ੍ਰਵਾਹ ਕਰਦੇ ?

੨੬ ਸਤੰਬਰ ਕਾਨ੍ਹਪੁਰ ਵਿਖੇ ਨਕਲੀ ਨਿਰੰਕਾਰੀਆਂ ਦੇ ਭਵਨ ਵਲ ਰੋਸ ਮੁਜ਼ਾਹਰਾ ਹੋਇਆ ਤਾਂ ਦੁਸ਼ਟ ਪੁਲਸ ਨੇ ਨਿਰਦੋਸ਼ ਸਿਖਾਂ ਉਪਰ ਗੋਲੀ ਚਲਾ ਕੇ ੮ ਸਿੰਘ ਸ਼ਹੀਦ ਕਰ ਦਿਤੇ, ੬ ਨਕਲੀ ਨਿਰੰਕਾਰੀ ਵਰਕਰ ਵੀ ਨਰਕਾਂ ਵਿਚ ਪਹੁੰਚ ਗਏ।

੧੫ ਸਤੰਬਰ ਲੇਖਕ ਵਲੋਂ ਜੀਵਨ ਬਿਉਰਾ ਚਾਰਟ ਤਖਤ ਸੱਚਖੰਡ ਹਜੂਰ ਸਾਹਿਬ ਵੰਡਿਆ ਗਿਆ। ਜਥੇਦਾਰ ਜੋਗਿੰਦਰ ਸਿੰਘ ਮੋਨੀ ਤੋਂ ਸਿਰਪਾਉ ਪ੍ਰਾਪਤ ਕੀਤਾ, ਗੁਰਦੁਆਰਾ ਨਾਨਕ ਝੀਰਾ ਤੋਂ ਸੰਤ ਕਰਤਾਰ ਸਿੰਘ ਜੀ ਤੋਂ ਸਿਰਪਾਉ ਪ੍ਰਾਪਤ ਕੀਤਾ ਗਿਆ।

੯-੨੦ ਸਤੰਬਰ ਅਠਵੀਆਂ ਏਸ਼ਿਆਈ ਖੇਡਾਂ ਬੈਂਕਾਕ ਵਿਖੇ ਸ. ਹਾਕਮ ਸਿੰਘ, ਬਹਾਦਰ ਸਿੰਘ ਆਦਿ ਨੇ ਨਾਮ ਉਘਾ ਕੀਤਾ।

੨੮-੨੯ ਅਕਤੂਬਰ ੧੮ਵੀਂ ਸਾਲਾਨਾ ਅਕਾਲੀ ਕਾਨਫਰੰਸ ਲੁਧਿਆਣਾ ਹੋਈ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵਲੋਂ ਨਕਲੀ ਨਿਰੰਕਾਰੀਆਂ ਵਿਰੁਧ ਲਹਿਰ ਚਲਾਈ ਗਈ।

ਸ੍ਰੀ ਹਰਿਮੰਦਰ ਸਾਹਿਬ ਟਰਾਂਸਫਾਰਮਰ ਲਗਵਾਉਣ ਅਤੇ ਸਾਰੇ ਸੰਸਾਰ ਨੂੰ ਆਤਮਕ ਗਿਆਨ ਦੇਣ ਲਈ ਵਿਚਾਰ ਹੋਈ, ਅਨੰਦਪੁਰ ਦਾ ਮਤਾ ਲਾਗੂ ਕਰਨ ਤੇ ਜ਼ੋਰ ਦਿਤਾ ਗਿਆ।

੫ ਨਵੰਬਰ ਨਕਲੀ ਨਿਰੰਕਾਰੀ ੩੧ਵਾਂ ਸਾਲਾਨਾ ਸਮਾਗਮ ਇੰਡੀਆ ਗੇਟ ਦਿਲੀ ਕਰਨ ਲਗੇ ਤਾਂ ਸਿੰਘਾਂ ਵਲੋਂ ਪਾਬੰਦੀ ਲਗਾਉਣ ਤੇ ਜ਼ੋਰ ਦਿਤਾ ਗਿਆ, ਤਾਂ ੩ ਸਿੰਘਾਂ ਨੂੰ ਸਰਕਾਰ ਦੀਆਂ ਗੋਲੀਆਂ ਨਾਲ ਸ਼ਹੀਦ ਕਰ ਦਿਤਾ ਗਿਆ। ਇਹ ਸ. ਅਵਤਾਰ ਸਿੰਘ ਕੋਹਲੀ, ਮਨਿੰਦਰ ਸਿੰਘ ਅਤੇ ਗੋਬਿੰਦ ਸਿੰਘ, ਸੈਂਕੜੇ ਸਿੰਘ ਜ਼ਖਮੀ ਹੋਏ ਅਤੇ ਜੇਲ੍ਹਾਂ ਭਰ ਦਿਤੀਆਂ ਗਈਆਂ।

ਗੁਰਦੁਆਰਾ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ ਸੀਲ ਕਰ ਦਿਤੇ ਗਏ, ਧਰਮ ਦੀ ਕੀ ਆਜ਼ਾਦੀ ਹੋਈ ?

ਬਾਦਲ, ਬਰਨਾਲਾ, ਬਲਵੰਤਾ, ਉਮਰਾਨੰਗਲ ਸੁਖਜਿੰਦਰ ਤਮਾਸ਼ਾ ਵੇਖਦੇ, ਹਕੂਮਤ ਦੀਆਂ ਕੁਰਸੀਆਂ ਨਾਲ ਲਸੂੜੇ ਦੀ ਗਿਟਕ ਵਾਂਗ ਚਿਮੜੇ ਰਹੇ। ਦੁਖ ਹੈ ਹਾਲਾਂ ਵੀ ਆਮ ਸਿਖ ਇਨ੍ਹਾਂ ਪੰਥ ਵਿਰੋਧੀਆਂ ਨੂੰ ਆਗੂ ਸਮਝਦੇ ਹਨ ?

੧੫ ਨਵੰਬਰ ਸਿਖ ਕਲਚਰ ਸੁਸਾਇਟੀ, ਅਮਰੀਕਾ ਵਲੋਂ ਭਾਰੀ ਰੋਸ ਮੁਜਾਹਰਾ, ਯੂ.ਐਨ. ਓ ਦਫਤਰ ਅਗੇ ਕੀਤਾ ਗਿਆ।

ਸੰਤ ਬਿਸ਼ਨ ਸਿੰਘ, ਸੰਤ ਕਰਤਾਰ ਸਿੰਘ ਠੱਟਾ ਟਿੱਬਾ ਵਲੋਂ ਮੰਜੀ ਸਾਹਿਬ ਦੀਵਾਨ ਹਾਲ ੧੪੦ ਫੁਟ ਲੰਬਾ ਅਤੇ ੧੦੦ ਫੁਟ ਚੌੜਾ ਉਸਾਰੀ ਸੇਵਾ ਕਰਵਾਈ ਗਈ, ਹਾਲ ਦੇ ਅੰਦਰ ੨੦'+੧੫' ਦੀ ਸਟੇਜ ਅਤੇ ਇਸ ਦੇ ਸਜੇ ਖਬੇ ਦੋਹਾਂ ਪਾਸੇ ਕਮਰੇ ਹਨ। ਸੁੰਦਰ ਚਿਤਰ ਦੀਵਾਰਾਂ ਤੇ ਬਣੇ ਹੋਏ ਹਨ। ਲਾਊਡ ਸਪੀਕਰ ਫਿਟ ਹਨ, ਸਵੇਰੇ ਅੰਮ੍ਰਿਤ ਵੇਲੇ ਦੇ ਹੁਕਮ ਦੀ ਕਥਾ ਹੁੰਦੀ ਹੈ, ਪੰਥਕ ਸਮਾਗਮ ਹੁੰਦੇ ਹਨ, ਸ਼ਾਮ ਨੂੰ ਗੁਰਪ੍ਰਤਾਪ ਸੂਰਜ ਗ੍ਰੰਥ ਆਦਿ ਦੀ ਕਥਾ ਹੁੰਦੀ ਹੈ। ਇਸ ਹਾਲ ਦੀ ਉਸਾਰੀ ੧੯੮੦ ਵਿਚ ਮੁਕੰਮਲ ਹੋਈ ਸੀ।

ਬਾਬਾ ਜਤਿੰਦਰਪਾਲ ਸਿੰਘ ਸੋਢੀ (ਵੰਸ ਬਾਬਾ ਬੰਦਾ ਬਹਾਦਰ ਜੀ) ੨੦੬੪ ਅਰਬਨ ਅਸਟੇਟ ਕਰਨਾਲ ਤੋਂ 'ਸਰਦਾਰੇ ਕੌਮ' ਮੈਗ਼ਜ਼ੀਨ ਛਾਪ ਕੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਜਾਣ ਲਗਾ।

ਨਾਮ ਧਾਰੀ ਦਰਬਾਰ ਦੇ ਮੇਹਰ ਸਿੰਘ ਚਾਵਲਾ ਵਲੋਂ ਪੁਸਤਕ 'ਪੁਰਖ ਗੁਰੂ' ਛਾਪੀ ਵੰਡੀ ਗਈ, ਸ. ਈਸਰ ਸਿੰਘ ਨਾਰਾ ਵਲੋਂ ਖੰਡਨ ਕੀਤਾ ਗਿਆ।

੨੭ ੧੯੭੯ ਮਾਰਚ ਭਾਰਤ ਵਲੋਂ Universal Declaration of Humau Rights and International Covenant on civil Political Rights ਪ੍ਰਵਾਨ ਕੀਤਾ ਗਿਆ ਹੈ, ਸਿਖਾਂ ਨੂੰ ਆਜ਼ਾਦੀ ਦੇ ਹੱਕ ਲੈਣ ਦਾ ਅਧਿਕਾਰ ਹੈ।

ਭਾਰਤ ਦੀ ਸਮਗਲਰ ਸਰਕਾਰ ਵਲੋਂ ਮਨੁਖੀ ਅਧਿਕਾਰਾਂ ਸਬੰਧੀ ਕੌਮਾਂਤਰੀ ਐਲਾਨ ਨਾਮੇ ਅਧੀਨ, ਰਾਏ ਸ਼ੁਮਾਰੀ ਦੇ ਹੱਕ ਨੂੰ ਪ੍ਰਵਾਨ ਕੀਤਾ, ਪਰ ਵਿਸ਼ਵਾਸਘਾਤ ਕੀਤਾ।

੩੧ ਮਾਰਚ ਸ਼੍ਰੋ. ਗੁਰ. ਪ੍ਰ. ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ੧੪ ਸਾਲ ਦੇ ਸਮੇਂ ਪਿਛੋਂ ਹੋਈਆਂ, ਪਰ ਬਹੁਤ ਸਾਰੇ ਕਾਂਗਰਸੀ ਰਾਧਾ ਸਵਾਮੀ, ਨਾਮਧਾਰੀ ਭ੍ਰਿਸ਼ਟ ਜੀਵਨ ਵਾਲੇ, ਧੋਖੇ ਫਰੇਬ ਨਾਲ ਮੈਂਬਰ ਬਣ ਕੇ ਦਖਲ ਦੇਣ ਲਗੇ, ਐਕਟ ਦੀ ੪੩-ਏ ਅਨੁਸਾਰ ਕੋਈ ਅਨਪੜ੍ਹ ਮੈਂਬਰ ਨਹੀਂ ਬਣ ਸਕਦਾ, ਪਰ ਦੁਖ ਹੈ ਕਿ ਵਿਦਵਾਨ ਸਕਾਲਰ, ਮਹਾਂ ਪੁਰਸ਼ ਚੋਣਾਂ ਤੋਂ ਸੰਕੋਚ ਕਰਦੇ ਹਨ।

੧੩ ਅਪ੍ਰੈਲ, ੧੯੭੮ ਦੇ ੧੩ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਬਣਾਇਆ ਗਿਆ।

ਸਿਖ ਮਿਸ਼ਨਰੀ ਕਾਲਜ ੧੦੫੨ ਕੂਚਾ ੧੪ ਫੀਲਡ ਗੰਜ, ਲੁਧਿਆਣਾ ਵਲੋਂ ਮਾਸਕ ਸਿਖ ਫੁਲਵਾੜੀ ਸ਼ੁਰੂ ਹੋਇਆ। ਇਹ ਹੁਣ ਤਕ ਸਫਲਤਾ ਪੂਰਬਕ ਚਲ ਰਿਹਾ ਹੈ।

੮ ਮਈ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਭਾਰੀ ਰੌਣਕਾਂ ਨਾਲ ਸਾਰੇ ਸੰਸਾਰ ਵਿਚ ਮਨਾਇਆ ਗਿਆ। ਭਾਸ਼ਾ ਵਿਭਾਗ ਵਲੋਂ ਸਰਵੇ ਪੁਸਤਕ ਤਿਆਰ ਕੀਤੀ ਗਈ। ਨਵੀਆ ਉਸਾਰੀਆਂ ਕੀਤੀਆਂ ਗਈਆਂ।

੧੨ ਮਈ ਕਲਕੱਤਾ ਦੇ ਸਿਖ ਗੁਰਦੁਆਰਿਆਂ ਤੇ ਹਮਲੇ ਬਰਬਾਦੀ ਕੀਤੀ ਗਈ।

੨੨ ਜੂਨ, ਪਟਿਆਲਾ ਤੋਂ ਸੰਗਤਾਂ ਭਾਰੀ ਜਥੇ ਸ੍ਰੀ ਹੇਮ ਕੁੰਟ ਸਾਹਿਬ ਯਾਤਰਾ ਕਰਨ ਗਏ ਫਿਲਮ ਬਣਾਈ ਅਤੇ ਸ: ਸਤਨਾਮ ਸਿੰਘ ਐਡਵੋਕੇਟ ਹੈਪੀ ਨਿਵਾਸ ਵਲੋਂ ਸਾਰੀ ਯਾਤਰਾ ਪੁਸਤਕ ਛਾਪ ਕੇ ਵੰਡੀ ਗਈ।

੨੯ ਜੂਨ, ਮੁਰਾਰਜੀ ਡਿਸਾਈ ਜਨਤਾ ਪਾਰਟੀ ਪ੍ਰਧਾਨ ਮੰਤਰੀ ਖਤਮ, ਹੋ ਗਈ। ਚੌ. ਚਰਨ ਸਿਉਂ ਪ੍ਰਧਾਨ ਮੰਤਰੀ ਬਣ ਗਿਆ।

ਜੂਨ, ਗਿ: ਮਹਿੰਦਰ ਸਿੰਘ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਰੀਟਾਇਰ ਹੋ ਗਏ। ਸ: ਭਰਪੂਰ ਸਿੰਘ ਬਲਬੀਰ ਸਕੱਤਰ ਬਣ ਗਏ।

੩੦ ਜੂਨ, ਸ੍ਰੀ ਹੇਮ ਕੁੰਟ ਸਾਹਿਬ ਦੀ ਯਾਤਰਾ ਲਈ ਗਏ ਸਿੰਘਾਂ ਦੇ ਉਪਰ ਗੋਬਿੰਦਗੜ੍ਹ, ਜੋਸ਼ੀਮਠ, ਰਿਸ਼ੀਕੇਸ, ਹਰਿਦੁਆਰ ਥਾਵਾਂ ਤੇ ਜ਼ੁਲਮ ਕੀਤੇ ਗਏ। ਅਖੌਤੀ ਪੰਥਕ ਲੀਡਰ ਤਮਾਸ਼ਾ ਵੇਖਦੇ ਰਹੇ।

੧ ਅਕਤੂਬਰ, ਸ. ਗੁਰਚਰਨ ਸਿੰਘ ਬੌਰੀਆ, ਪਿੰਡ ਮਾੜੀ ਮੁਸਤਫਾ ਤਹਿਸੀਲ ਮੋਗਾ (ਫਰੀਦਕੋਟ) ਬੌਰੀਆ, ਟਪਰੀਵਾਸ, ਸਾਂਸੀ ਬਾਜੀਗਰਾਂ ਨੂੰ ਸਹੂਲਤਾਂ ਦਿਤੇ ਜਾਣ ਵਾਸਤੇ ਚੰਡੀਗੜ੍ਹ ਮਰਨ ਵਰਤ ਰਖ ਕੇ ਸ਼ਹੀਦ ਹੋ ਗਏ, ਹਰ ਸਾਲ ਇਨ੍ਹਾਂ ਦੀ ਯਾਦ ਮਨਾਈ ਜਾਂਦੀ ਹੈ। ਇਹ ਉਹੀ ਟਪਰੀਵਾਸ ਦੇਸ਼-ਭਗਤ ਹਨ ਜਿਨ੍ਹਾਂ ਨੇ ੧੮੭੦ ਵਿਚ ਦੁਸ਼ਟ ਅੰਗਰੇਜ਼ ੧੬੩ ਹਾਕਮਾਂ ਵਿਰੁਧ ਡਟ ਕੇ ਸੰਘਰਸ਼ ਕੀਤਾ ਪਰ ਭਾਰਤ ਦੇ ਲਾਲਚੀ ਗੰਗੂ-ਪੰਡਤਾਂ ਨੇ ਗੁਲਾਮੀ ਪ੍ਰਵਾਨ ਕਰ ਲਈ, ਇਸ ਕਰਕੇ ਦੁਸ਼ਟ ਅੰਗਰੇਜ਼ ਹਾਕਮਾ ਨੇ ਜਰਾਇਮ ਪੇਸ਼ਾ ਐਕਟ ੧੮੭੧ ਬਣਾ ਕੇ, ਪੰਜਾਬ ਵਿਚ ਸਪੈਸ਼ਲ ੨੪ ਇਨਫੈਨਟਰੀ ਜੇਲ੍ਹਾਂ ਬਣਾ ਕੇ, ਇਹਨਾਂ ਸੂਰਬੀਰ ਦੇਸ਼ ਭਗਤਾਂ ਨੂੰ ਜੇਲ੍ਹਾਂ ਵਿਚ ਡਕ ਦਿਤਾ, ਅੰਮ੍ਰਿਤਸਰ ਦੀ ਜੋ ਪੁਰਾਣੀ ਜੇਲ ਸੀ, ਹੁਣ ਉਥੇ ਹੀ ਪਾਗਲਖਾਨਾ ਹੈ।

ਬਾਦਲ, ਬਰਨਾਲਾ, ਭਲਵੰਟਾ, ਸੁਖਜਿੰਦਰ ਸਰਕਾਰ ਵਲੋਂ ਇਹਨਾਂ ਗਰੀਬ ਟਪਰੀਵਾਸ ਬਾਜੀਗਰ ਸਿੱਖਾਂ ਨਾਲ ਕਦੇ ਹਮਦਰਦੀ, ਸਹਾਇਤਾ ਨਹੀਂ ਕੀਤੀ ਗਈ।

੩੦ ਜੁਲਾਈ, ੭੯ ਜਥੇਦਾਰ ਮੋਹਨ ਸਿੰਘ ਤੁੜ ਐਮ.ਪੀ. ਅਕਾਲ ਚਲਾਣਾ ਕਰ ਗਏ।

੧੦ ਸਤੰਬਰ, ਸ੍ਰੀ ਦਸੌਂਧੀ ਰਾਮ ਵੀਰ ਜੀ ਪਟਿਆਲਾ, ਚਲਦਾ ਫਿਰਦਾ ਰੈਡ ਕਰਾਸ ਅਕਾਲ ਚਲਾਣਾ ਕਰ ਗਏ। ਹਰ ਸਾਲ ਯਾਦ ਮਨਾਈ ਜਾਂਦਾ ਹੈ।

ਅਕਤੂਬਰ, ਲੇਖਕ ਵਲੋਂ ਸ੍ਰੀਹੇਮ ਕੁੰਟ ਯਾਤਰਾ ਗਾਈਡ ਛਪਵਾ ਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਰਾਹੀਂ ਅਰਦਾਸ ਕਰਵਾ ਕੇ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਤੋਂ ਵੰਡੀ ਗਈ।

੬ ਅਕਤੂਬਰ, ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ਹੁਕਮਨਾਮਾ ਜਾਰੀ ਕੀਤਾ ਗਿਆ।

ਅਕਤੂਬਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ, ਸਿੱਖ ਵੋਟਰ ਇਕ ਲਖ ੭੧ ਹਜ਼ਾਰ ਸਨ। ਮੇਰਠ ਵਿਖੇ ਗੁਰਦੁਆਰੇ ਸੀਲ ਕਰ ਦਿਤੇ, ਤਾਂ ਡਾ. ਰਾਜਿੰਦਰ ਕੌਰ ਇਸਤਰੀ ਦਲ ਵਲੋਂ ਮੋਰਚਾ ਲਗਾਇਆ ਗਿਆ।

ਨਵੰਬਰ, ਆਕਸ ਫੋਰਡ ਤੇ ਕੈਮਬ੍ਰਿਜ ਯੂਨੀਵਰਸਿਟੀ ਵਿਚ ਚੇਅਰ ਆਫ ਸਿਖ ਸਟੱਡੀਜ਼'' ਕਾਇਮ ਕੀਤੀ ਗਈ।

ਸੰਤ ਰੋਸ਼ਨ ਸਿੰਘ ਜੀ ਮਕਸੂਦਪੁਰ-ਨਡਾਲਾ (ਕਪੂਰਥਲਾ) ਵਲੋਂ ਮਾਸਕ 'ਕਰਮ ਜੋਤ' ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਇੰਦਰਾ ਗਾਂਧੀ, ਸੰਜੇ, ਰਾਜੀਵ ਆਦਿ ਹਰ ਸਮੇਂ ਵਿਰੋਧੀ ਪਾਰਟੀਆਂ ਨਾਲ ਸਮਝੌਤੇ, ਗਠਜੋੜ ਕਰਦੇ ਰਹੇ, ਸੀ.ਪੀ.ਆਈ. ਅਤੇ ਮੁਸਲਮਾਨਾਂ ਨੂੰ ਮਿੱਤਰ ਸਮਝ ਕੇ ਰੂਸ ਤੋਂ ਸਹਾਇਤਾ ਲੈਣ ਲਗੇ। ਪੰਥ ਦੇ ਅਕਾਲੀ ਲੀਡਰਾਂ ਨੂੰ ਵੀ ਵਿਸ਼ਵਾਸ਼ ਵਿਚ ਲਿਆ ਗਿਆ, ਪਰ ਰਾਜ ਅਭਿਮਾਨੀ ਲੀਡਰਾਂ ਵਿਚ ਆਪਸੀ ਫੁਟ ਕਰਕੇ ਸਮਝੌਤਾ ਨਹੀਂ ਹੋ ਸਕਿਆ। ਜੇਕਰ ਅਕਾਲੀ ਕਾਂਗਰਸ ਸਪਸ਼ਟ ਸਮਝੌਤਾ ਹੋ ਜਾਂਦਾ ਤਾਂ ਕਦੇ ਕੋਈ ਗੜਬੜ ਹੀ ਨਹੀਂ ਹੋਣੀ ਸੀ, ਪਰ ਬਾਦਲ ਨੇ ਦੂਰ-ਅੰਦੇਸ਼ੀ ਤੋਂ ਕੰਮ ਨਹੀਂ ਲਿਆ। ਕਦੇ ਕੌਮ ਦਾ ਭਲਾ ਨਹੀਂ ਸੋਚਿਆ ?

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਐਲਾਨ ਕੀਤਾ ਕਿ ਜੋ ਦੁਸ਼ਟ, ਗੁਰਬਚਨੇ ਨਿਰੰਕਾਰੀ ਨੂੰ ਕਤਲ ਕਰੇਗਾ, ਉਸ ਨੂੰ ਸੋਨੇ ਨਾਲ ਤੋਲਿਆ ਜਾਵੇਗਾ ਬਬਰ ਸ: ਰਣਜੀਤ ਸਿੰਘ ਵਸਨੀਕ ਖੇਮਕਰਨ, ਅਖੰਡ ਕੀਰਤਨੀ ਜਥੇ ਦ

ਕੀਰਤਨੀ ਸਿੰਘ, ਸਰਗਰਮ ਸੀ, ਇਸ ਨੇ ਸ: ਫੌਜਾ ਸਿੰਘ ੧੩ ਸ਼ਹੀਦ ਹੋਏ ਸਿੰਘਾਂ ਦਾ ਬਦਲਾ ਲੈਣ ਦਾ ਪ੍ਰਣ ਕੀਤਾ, ਨਿਰੰਕਾਰੀ ਕਾਲੋਨੀ ਦਿੱਲੀ ਰਹਿ ਕੇ ਮੌਕਾ ਤਾੜਨ ਲਗੇ।

੧੯੮੦ ਸ: ਹਰਵਿੰਦਰ ਸਿੰਘ ਖਾਲਸਾ ਵਲੋਂ ਨਗਾਰਾ ਛਾਪ ਕੇ ਸਿਖ ਧਰਮ ਦਾ ਪ੍ਰਚਾਰ ਕੀਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦਾ ੨੦੦ ਸਾਲਾ ਜਨਮ-ਦਿਹਾੜਾ ਭਾਰੀ ਰੌਣਕਾਂ, ਸਜਾਵਟਾਂ ਨਾਲ ਮਨਾਇਆ ਗਿਆ।

ਆਮ ਚੋਣਾਂ ਦਾ ਐਲਾਨ ਹੋਣ ਕਰਕੇ, ਹਰ ਰਾਜ ਅਭਿਮਾਨੀ ਲੀਡਰ ਹਕੂਮਤ ਦੀ ਝਾਕ ਵਿਚ ਦਿੱਲੀ ਦਰਬਾਰ ਦੀਆਂ ਪਰਕਰਮਾਂ ਕਰਨ ਲੱਗਾ।

ਗਿ: ਜ਼ੈਲ ਸਿੰਘ ਹੋਮ ਮਨਿਸਟਰ ਸੀ, ਜਗਦੇਵ ਸਿੰਘ ਤਲਵੰਡੀ ਨੇ, ਵਖਰਾ ਦਲ ਬਣਾ ਲਿਆ। ਬਾਦਲ. ਸੁਖਜਿੰਦਰ ਅਤੇ ਬਲਵੰਤਾ ਲੌਂਗੋਵਾਲ, ਤਲਵੰਡੀ ਆਪਸੀ ਖਿਚੋਤਾਣ ਕਰਦੇ ਰਹੇ; ਸੀਟਾਂ ਆਪਣੇ ਪਰਵਾਰਾਂ ਨੂੰ ਵੰਡਦੇ ਰਹੇ।

ਦਰਬਾਰਾ ਸਿੰਹੁ ਮੁਖ ਮੰਤਰੀ ਬਣ ਗਿਆ। ਇਹ ਪਹਿਲਾਂ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਕਰਦੇ ਕਹਿੰਦਾ ਰਿਹਾ ਕਿ ਇਹ ਮੇਰੀ ਕਬਰ ਤੇ ਬਣੇਗਾ। ਦਰਬਾਰਾ ਸਿੰਘ ਨੇ ਸਿੱਖਾਂ ਉਪਰ ਅਤਿ ਦੇ ਜ਼ੁਲਮ ਕਰਨੇ ਸ਼ੁਰੂ ਕਰਵਾ ਦਿਤੇ।

੯ ਮਾਰਚ, ਮਾਤਾ ਕੌਲਾਂ ਹਸਪਤਾਲ ਸ਼ੁਰੂ ਕੀਤਾ ਗਿਆ।

੩ ਅਪ੍ਰੈਲ ਧਨਵੰਤ ਸਿੰਘ ਸੀਤਲ ਅਕਾਲ ਚਲਾਣਾ ਕਰ ਗਏ।

ਦਿੱਲੀ ਵਿਖੇ ਜਥੇਦਾਰ ਸੰਤੋਖ ਸਿੰਘ ਬਿਲਕੁਲ ਅਨਪੜ੍ਹ ਸੀ, ਗੁਰਦੁਆਰਾ ਐਕਟ-੧੯੭੨ ਅਨੁਸਾਰ ਅਹੁਦੇਦਾਰ ਨਹੀਂ ਬਣ ਸਕਦਾ ਸੀ, ਪਰ ਇਸ ਨੇ ਇੰਦਰਾ ਦੀਆਂ ਇਤਨੀਆਂ ਪਰਕਰਮਾਂ ਕੀਤੀਆਂ ਕਿ ਉਸਨੇ ਇਸ ਅਨਪੜ੍ਹ ਨੂੰ ਪ੍ਰਧਾਨ ਬਣਾਉਣ ਵਾਸਤੇ ਐਕਟ ੧੯੭੨ ਵਿਚ ਸੋਧ ਕਰਕੇ ਦਸਵੀਂ ਪਾਸ ਵਾਲੀ ਸ਼ਰਤ ਖਤਮ ਕਰ ਦਿਤੀ।

ਬੀਬੀ ਅਮਰਜੀਤ ਕੌਰ ਸੁਪਤਨੀ ਸ਼ਹੀਦ ਫੌਜਾ ਸਿੰਘ ਵਲੋਂ ਗੁਰਮਤਿ ਪ੍ਰਚਾਰ ਕੇਂਦਰ, ਬਟਾਲਾ ਰੋਡ, ਅੰਮ੍ਰਿਤਸਰ ਕਾਇਮ ਕੀਤਾ ਗਿਆ।

ਸਰੋਵਰ ਲਈ ਹੰਸਲੀ ਪੱਕੀ ਬਨਾਉਣ ਦੀ ਕਾਰਸੇਵਾ ਬਾਬਾ ਖੜਕ ਸਿੰਘ ਬਾਬਾ ਕਰਤਾਰ ਸਿੰਘ, ਦਰਸ਼ਨ ਸਿੰਘ ਕਰਵਾਉਣ ਲਗੇ।

੧੩ ਅਪ੍ਰੈਲ, ਤਖਤ ਦਮਦਮਾ ਸਾਹਿਬ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਨਸੀਚਿਊਟ ਆਫ ਸਿੱਖ ਕਲਚਰ ਕਾਇਮ ਕੀਤਾ ਗਿਆ।

ਮਾਸਕੋ ਓਲੰਪਕਸ ਵਿਖੇ ਸ: ਬਹਾਦਰ ਸਿੰਘ, ਰਣਜੀਤ ਸਿੰਘ ਨੇ ਨਾਮ ਉੱਚਾ ਕੀਤਾ ।

ਸ: ਸੂਬਾ ਸਿੰਘ ਪ੍ਰਸਿਧ ਸਾਹਿਤਕਾਰ ੭੨ ਸਾਲ ਦੀ ਉਮਰ ਵਿਚ ਅਤੇ ਪ੍ਰੋ: ਸਾਹਿਬ ਸਿੰਘ ਜੀ ਪ੍ਰਸਿਧ ਗੁਰਬਾਣੀ ਟੀਕਾਕਾਰ ੮੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ।

੨੪ ਅਪ੍ਰੈਲ, ਭਾਈ ਰਣਜੀਤ ਸਿੰਘ ਦੇ ੨੦ ਬਬਰ ਸਾਥੀਆਂ ਨੇ ਐਲਾਨ ਕੀਤਾ ਕਿ ਜੇ ਸਮਗਲਰ ਸਰਕਾਰ ਕਾਤਲਾਂ ਨੂੰ ਬਰੀ ਕਰ ਸਕਦੀ ਹੈ ਤਾਂ "ਸਿਖ ਇਨਸਾਫ ਲੈ ਸਕਦੇ ਹਨ" ਅਤੇ ਦੁਸ਼ਟ ਗੁਰਬਚਨੇ ਨੂੰ ਉਸ ਦੇ ਨਿਰੰਕਾਰੀ ਭਵਨ ਵਿਚ ਹੀ ਨਰਕਾਂ ਵਿਚ ਪਹੁੰਚਾ ਦਿਤਾ ਗਿਆ । ਇਹ ਨਿਰੰਕਾਰੀ ਭਵਨ ਕਾਂਗਰਸੀ ਸਮਗਲਰਾਂ ਦਾ ਬਦਚਲਨੀ ਦਾ ਅੱਡਾ ਸੀ. ਸੋ ਇੰਦਰਾ ਸਰਕਾਰ ਵਲੋਂ ਸਿੱਖਾਂ ਉਪਰ ਜ਼ੁਲਮ ਕਰਨ ਵਾਸਤੇ ਅਨੇਕਾਂ ਕਾਲੇ ਕਾਨੂੰਨ ਬਣਾਏ ਗਏ, ਨਿਰਦੋਸ਼ ਸਿੱਖਾ ਨੂੰ ਗ੍ਰਿਫਤਾਰ ਕੀਤਾ ਗਿਆ, ਸਾਰੇ ਅਦਾਲਤਾਂ ਦੇ ਬੁਚੜ ਜੱਜਾਂ ਨੇ ਸਿੱਖਾਂ ਦੇ ਕੇਸਾਂ ਵਿਚ ਰੀਮਾਂਡ ਮੁਚਲਕੇ ਜ਼ਮਾਨਤਾਂ ਦੇ ਮਾਮਲੇ ਵਿਚ ਇਨਸਾਫ ਦੀਆਂ ਧੱਜੀਆਂ ਉਡਾ ਦਿਤੀਆਂ, ਅਦਾਲਤਾਂ ਦੇ ਰੀਕਾਰਡ ਅੰਕੜੇ ੧੯੭੮ ਤੋਂ ੧੯੯੦ ਤਕ ਵੇਖੇ ਜਾਣ ਕਿ ਹਿੰਦੂਆਂ ਦੇ ਕੇਸਾਂ ਦੇ ਮੁਕਾਬਲੇ ਵਿਚ ਕਿਤਨੇ ਜ਼ੁਲਮ ਹੋਏ ਹਨ । ਪਰ ਕਿਸੇ ਵਕੀਲ ਨੇ ਰੋਸ ਨਹੀਂ ਕੀਤਾ ?

ਧਰਮਸਾਲਾ ਭਾਈ ਸਾਹਿਬ ਸਿੰਘ ਚੌਕ ਪ੍ਰਾਗਦਾਸ ਤਿਆਰ ਹੋਈ ।

ਜੂਨ, ਅਮਰੀਕਨ ਸਿੰਘਾਂ ਦੇ ਜਥੇ ਨੇ ਸ੍ਰੀ ਹੇਮ ਕੁੰਟ ਯਾਤਰਾ ਫਿਲਮ ਤਿਆਰ ਕੀਤੀ ।

ਜੂਨ, ਡਾ: ਜਗਜੀਤ ਸਿੰਘ ਚੌਹਾਨ ਵਲੋਂ ਖਾਲਿਸਤਾਨ ਦਾ ਨਾਹਰਾ ਸ਼ੁਰੂ ਕੀਤਾ ਗਿਆ ਤਾਂ ਇੰਦਰਾ ਵਲੋਂ ਕੇਸ ਦਰਜ ਕਰਵਾ ਦਿਤਾ ਗਿਆ ਤਾਂ ਇਹ ਬਰਤਾਨੀਆਂ ਜਾ ਕੇ ਖਾਲਿਸਤਾਨ ਦਾ ਪ੍ਰਚਾਰ ਸਰਗਰਮੀ ਨਾਲ ਕਰਨ ਲਗੇ । ਇੰਦਰਾ ਨੇ ਐਲਾਨ ਕੀਤਾ ਜੋ ਇਸ ਨੂੰ ਕਤਲ ਕਰੇਗਾ ਉਸ ਨੂੰ ਸੋਨੇ ਨਾਲ ਲਦਿਆ ਜਾਵੇਗਾ, ਮੁਕਾਬਲੇ ਵਿਚ ਚੌਹਾਨ ਨੇ ਕਿਹਾ ਜੋ ਇੰਦਰਾ ਨੂੰ ਕਤਲ ਕਰੇਗਾ ਉਸ ਨੂੰ ਸੋਨੇ ਨਾਲ ਤੋਲਿਆ ਜਾਵੇਗਾ ।

੨੭ ਸਤੰਬਰ, ਬ੍ਰਹਮ ਬੁੰਗਾ ਦੋਦੜ (ਬਠਿੰਡਾ) ਵਿਖੇ ਅੰਮ੍ਰਿਤ ਸੰਚਾਰ ਹੋਇਆ ।

੨੬ ਅਕਤੂਬਰ, ਜਥੇਦਾਰ ਅਕਾਲ ਤਖਤ ਗੁਰਦਿਆਲ ਸਿੰਘ ਅਜਨੋਹਾ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਗੁਰਪੁਰਬ ਸਮੇਂ ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਨੂੰ ਗੁਰੂ ਰਾਮਦਾਸ ਲੰਗਰ ੪ ਮੰਜ਼ਲਾ ਇਮਾਰਤ ਦੀ

ਉਸਾਰੀ ਸੇਵਾ, ਵਜੋਂ ਸਨਮਾਨ ਕੀਤਾ ਗਿਆ।

ਵਿਸ਼ਵ ਪੰਜਾਬੀ ਕਾਨਫਰੰਸ; ਲੰਡਨ ਵਿਖੇ ਹੋਈ, ਬ: ਸਰੂਪ ਸਿੰਘ ਅਲਗ ਭਾਸ਼ਾ ਅਫਸਰ, ਉਥੇ ਸ਼ਾਮਲ ਹੋਏ।

੨੩ ਜੁਲਾਈ, ਸ: ਅਮਰ ਸਿੰਘ ਦੁਸਾਂਝ ਅਕਾਲੀ ਪੱਤ੍ਰਿਕਾ ਅਕਾਲ ਚਲਾਣਾ ਕਰ ਗਏ।

ਸੈਂਟਰਲ ਖਾ: ਯਤੀਮਖਾਨਾ ਸ: ਹਰਬੰਸ ਸਿੰਘ ਅਟਾਰੀ ਇੰਡਸਟ੍ਰੀਅਲ ਸਕੂਲ ਆਰੰਭ ਕੀਤਾ ਗਿਆ। ਸ: ਭਾਗ ਸਿੰਘ ਅਣਖੀ ਮੈ ਬਰ ਇੰਚਾਰਜ ਹਨ।

ਇੰਦਰਾ ਸਰਕਾਰ ਵਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਇਕ ਚੁਚਕਤ ਡਾਹੀ ਕਿ ਚੰਡੀਗੜ੍ਹ ਜੋ ਦਸਵੀਂ ਦੇ ਵਿਦਿਆਰਥੀ ਹਨ ਉਹਨਾਂ ਬਚਿਆਂ ਵਲੋਂ ਹਿੰਦੀ ਮਾਧਿਅਮ ਰਖਿਆ ਹੈ। ਸੋ ਹਿੰਦੀ ਬੋਲਦਾ ਹੈ ?

ਸ਼ਿਮਲਾ ਪਹਿਲਾਂ ਪਟਿਆਲਾ ਰਿਆਸਤ ਨਾਲ ਰਿਹਾ, ਫਿਰ ਪੰਜਾਬ ਦੀ ਰਾਜਧਾਨੀ, ਪੰਜਾਬੀ ਬੋਲਦਾ ਇਲਾਕਾ ਵੀ ਹਿਮਾਚਲ ਨੂੰ ਦੇ ਦਿਤਾ ਗਿਆ। ਕਾਗਜ਼ਾਂ ਵਿਚ ੯੦ ਪ੍ਰਤਿਸ਼ਤ ਪੰਜਾਬੀ ਬਲਦੇ ਸਨ, ਪਰ ਇਹ ਵੀ ਹਿਮਾਚਲ ਨੂੰ ਦੇ ਦਿਤਾ ਗਿਆ।

ਕਰਨਾਲ, ਅੰਬਾਲਾ; ਯਮਨਾ ਨਗਰ, ਫਰੀਦਾਬਾਦ, ਪੰਜਾਬੀ ਲੋਕਾਂ ਵਲੋਂ ਆਬਾਦ ਹੋਏ, ਇਹਨਾਂ ਵਾਸਤੇ ਭਾਸ਼ਾ ਬੋਲੀ ਨੂੰ ਅੱਖੋਂ ਅਹੁਲੇ ਕੀਤਾ ਗਿਆ। ਰਾਜ ਅਭਿਮਾਨੀ ਲੀਡਰ ਆਪ ਅਨਪੜ੍ਹ ਸਮਗਲਰ ਵਾਪਾਰੀ ਹਨ, ਆਮ ਲੋਕਾਂ ਤੋਂ ਵੋਟਾਂ ਲੈਣ ਦੀ ਖਾਤਰ ਜ਼ਾਤ-ਪਾਤ, ਹਿੰਦੂ ਸਿੱਖ ਦੇ ਨਾਮ ਤੇ ਦੰਗੇ ਫਸਾਦ ਕਰਵਾ ਦੇਂਦੇ ਹਨ। ਕਿਸੇ ਮਕਾਰ ਲੀਡਰ ਨੂੰ ਦੇਸ਼ ਕੌਮ, ਅਮਨ ਸ਼ਾਂਤੀ, ਪਿਆਰ ਭਲਾਈ ਦੀ ਕੋਈ ਭਾਵਨਾ ਨਹੀਂ ਹੈ।

੨੬ ਜਨਵਰੀ, ੧੯੮੧ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ ਬਾਬਾ ਖੜਕ ਸਿੰਘ ਵਲੋਂ ਸੁੰਦਰ ਇਮਾਰਤ ਬਨਾਉਣੀ ਸ਼ੁਰੂ ਕੀਤੀ ਗਈ।

ਡਾ: ਤਾਰਨ ਸਿੰਘ ਜੀ ਗੁਰਮਤਿ ਦੇ ਵਿਦਵਾਨ ਫਿਲਾਸਫਰ ਸੇਵਾ-ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਿਰਾਜ ਗਏ।

ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਦੇ ਸ: ਹਰਿਮੰਦਰ ਸਿੰਘ ਸੰਧੂ ਵਲੋਂ ਮਾਸਕ ਸ਼ਮਸ਼ੀਰ ਦਮਤ ਸ਼ੁਰੂ ਕਰਕੇ ਸਰਗਰਮੀਆਂ ਦਾ ਪ੍ਰਚਾਰ ਕੀਤਾ ਜਾਣ ਲਗਾ।

੧੩ ਨਵੰਬਰ—ਮ: ਰਣਜੀਤ ਸਿੰਘ ਦਾ ਦੋ ਸੌ ਸਾਲਾ ਜਨਮ ਦਿਹਾੜਾ ਮਨਾਇਆ ਗਿਆ।

੧ ਫਰਵਰੀ—ਅਕਾਲੀ ਕਾਨਫਰੰਸ, ਚੰਡੀਗੜ੍ਹ ਹੋਈ, ਉਥੇ ਸ਼ਾਹੀ

ਇਮਾਮ ਸਯਦ ਮੁਹੰਮਦ ਅਬਦੁਲ ਬੁਖਾਰੀ ਸਮਾਗਮ ਦੇ ਪ੍ਰਧਾਨ ਵਜੋਂ ਕਿਹਾ ਕਿ ਸਿਖਾਂ ਨੂੰ ਆਜ਼ਾਦੀ ਦਾ ਅਨੰਦ ਮਾਣਨ ਲਈ ਖਾਲਸਤਾਨ ਬਣਾਉਣਾ ਜ਼ਰੂਰੀ ਹੈ।

੧੩-੧੫ ਮਾਰਚ ਪਥਵੀਂ ਸਿਖ ਐਜੂਕੇਸ਼ਨਲ ਕਾਨਫਰੰਸ, ਚੰਡੀਗੜ੍ਹ ਹੋਈ, ਮਹਾਰਾਜਾ ਰਣਜੀਤ ਸਿੰਘ ਜੀ ਦਾ ਦੋ ਸੌ ਸਾਲਾ ਜਨਮ ਦਿਹਾੜਾ ਮਨਾਇਆ ਗਿਆ। ਸਮਾਗਮ ਦੇ ਪ੍ਰਧਾਨ ਸ. ਗੰਗਾ ਸਿੰਘ ਢਿਲੋਂ ਅਮਰੀਕਾ ਵਾਲੇ ਨਨਕਾਣਾ ਸਾਹਿਬ ਫ਼ਾਊਂਡੇਸ਼ਨ ਵਾਸ਼ਿੰਗਟਨ ਦੇ ਪ੍ਰਧਾਨ ਹਨ ਨੇ ਸਪਸ਼ਟ ਕਿਹਾ ਕਿ ਸਿਖ ਵਖਰੀ ਕੌਮ ਹੈ, ਇਨ੍ਹਾਂ ਨੂੰ ਆਜ਼ਾਦੀ ਲਈ ਸਿਖ ਸਟੇਟ ਦਿਤੀ ਜਾਵੇ।

੨੦ ਮਾਰਚ ਹੋਲੇ ਮਹਲੇ ਸਮੇਂ ਅਨੰਦਪੁਰ ਵਿਖੇ ਖਾਲਸਤਾਨ ਦਾ ਭਾਰੀ ਮਾਰਚ ਹੋਇਆ।

ਸ. ਕੁਲਦੀਪ ਸਿੰਘ ਅਰਸ਼ੀ, ੮੭੦, ਜੰਡਿਆਲਾ ਗੁਰੂ ਵਲੋਂ ਮਾਸਕ ਰਾਹ ਦਸੇਰਾ ਸ਼ੁਰੂ ਕੀਤਾ ਗਿਆ ਸਫ਼ਲਤਾ ਨਾਲ ਚਲ ਰਿਹਾ ਹੈ।

ਅਪ੍ਰੈਲ ਜਥੇਦਾਰ ਸ੍ਰੀ ਅਕਾਲ ਤਖਤ ਗੁਰਦਿਆਲ ਸਿੰਘ ਜੀ ਅਜਨੋਹਾ ਨੂੰ ਹਾਈਕੋਰਟ ਚੰਡੀਗੜ ਦੇ ਜੱਜ ਸ੍ਰੀ ਐਲ.ਪੀ. ਸੀ ਪੰਡਤ ਦੀ ਅਦਾਲਤ ਵਿਚ, ੬ ਅਕਤੂਬਰ ੧੯੭੯ ਨੂੰ ਜਾਰੀ ਕੀਤਾ ਗਿਆ ਹੁਕਮਨਾਮਾ ਲੈ ਕੇ ਪੇਸ਼ ਹੋਣ ਵਾਸਤੇ ਸੰਮਨ ਭੇਜੇ ਗਏ, ਤਾਂ ਉਸ ਸੰਮਨ ਉਪਰ ਜਥੇਦਾਰ ਸਾਹਿਬ ਵਲੋਂ ਇਹ ਲਿਖ ਕੇ ਵਾਪਸ ਮੋੜ ਦਿਤੇ ਕਿ ਅਕਾਲ ਤਖਤ ਦੇ ਜਥੇਦਾਰ ਨੂੰ ਕਿਸੇ ਦੁਨਿਆਵੀ ਅਦਾਲਤ ਦੇ ਜੱਜ ਦੇ ਸਾਹਮਣੇ ਪੇਸ਼ ਨਹੀਂ ਕਰਵਾਇਆ ਜਾ ਸਕਦਾ, ਜਥੇਦਾਰ ਦੀ ਹੈਸੀਅਤ ਇਨ੍ਹਾਂ ਜੱਜਾਂ ਤੋਂ ਮਹਾਨ ਹੈ।

੧੫ ਅਪ੍ਰੈਲ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ 'Sikhsare a Nation' ਦਾ ਮਤਾ ਪਾਸ ਕਰਕੇ ਕਿਹਾ ਕਿ ਸਿਖਾਂ ਨੂੰ ਸਟੇਟ ਦਿਤੀ ਜਾਵੇ।

੬ ਜੂਨ ਝਬਾਲ ਵਿਖੇ ਗੁਰਦੁਆਰਾ ਮਾਤਾ ਭਾਗੋ ਦੀ ਨੀਂਹ ਬਾਬਾ ਖੜਕ ਸਿੰਘ ਨੇ ਅਰਦਾਸ ਕਰਕੇ ਰਖੀ।

ਰਾਜ ਅਭਿਮਾਨੀ ਦਰਬਾਰਾ ਸਿਓਂ ਮੁਖ-ਮੰਤ੍ਰੀ ਵਲੋਂ ਸਿਖ ਨੌਜਵਾਨਾਂ ਉਪਰ ਜ਼ੁਲਮ ਕੀਤੇ ਗਏ ਅਨੇਕਾਂ ਨੌਜਵਾਨ ਸ਼ਹੀਦ ਹੋਏ, ਪਰ ਬਾਦਲ, ਬਰਨਾਲਾ, ਬਲਵੰਤ ਸਿੰਘ, ਸੁਖਜਿੰਦਰ ਸਿੰਘ, ਤਲਵੰਡੀ, ਲੌਂਗੋਵਾਲ ਵਲੋਂ ਕਿਸੇ ਸ਼ਹੀਦ ਨੌ-ਜਵਾਨ ਦੀ ਕੋਈ ਜਾਂਚ ਪੜਤਾਲ, ਪੈਰਵੀ ਸਹਾਇਤਾ ਆਦਿ ਨਹੀਂ ਕੀਤੀ ਗਈ, ਇਹ ਇੰਦਰਾ ਦੀਆਂ ਪਰਕਰਮਾ ਕਰਦੇ ਰਹਿੰਦੇ ਕਿ ਮੁਖ ਮੰਤਰੀ ਬਣਵਾ ਦਿਤਾ ਜਾਵੇ, ਇਹ ਸਾਰੇ ਲੀਡਰ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਆਪਣੇ ਰਸਤੇ ਦਾ ਰੋੜਾ ਸਮਝਦੇ ਰਹੇ।

੨੯ ਜੂਨ ਹਿੰਦੂ ਸੁਰਖਸ਼ਾ ਸੰਮਤੀ ਕਾਇਮ ਕਰਕੇ ਜ਼ਾਤ ਅਭਿਮਾਨੀ ਅਕ੍ਰਿਤਘਨਾਂ ਵਲੋਂ ਅੰਮ੍ਰਿਤਸਰ ਵਿਚ ਜਲੂਸ ਕਢ ਕੇ ਭੜਕਾਊ ਨਾਹਰੇ : (੧) "ਕਛ ਕੰਘਾ ਤੇ ਕਿਰਪਾਨ ਸਭ ਕੋ ਭੇਜੋ ਪਾਕਿਸਤਾਨ" (੨) ਸਿਰ ਤੇ ਪਗੜੀ ਰਹਿਣ ਨਹੀਂ ਦੇਣੀ, ਪਰ ਸਮਗਲਰ ਸਰਕਾਰ ਵਲੋਂ ਅਮਨ ਸ਼ਾਂਤੀ ਭੰਗ ਕਰਨ ਵਿਰੁਧ ਕਿਸੇ ਗੰਗੂਪੰਡਤ ਨੂੰ ਇਹਤਿਆਤ ਵਜੋਂ ਵੀ ਗਿਰਫਤਾਰ ਨਹੀਂ ਕੀਤਾ ਗਿਆ।

ਪ੍ਰੋ. ਮੋਹਨ ਸਿੰਘ ਜੀ ਮਾਹਰ ੭੬ ਸਾਲ ਦੀ ਉਮਰ ਵਿਚ, ਗਿ. ਬਲਦੇਵ ਚੰਦਰ ਬੇਕਲ ੭੧ ਸਾਲ ਦੀ ਉਮਰ ਵਿਚ, ਸ. ਕਰਮ ਸਿੰਘ ਜ਼ਖਮੀ, ਗਿ: ਰਣਜੀਤ ਸਿੰਘ ੫੨ ਸਾਲ ਦੀ ਉਮਰ ਵਿਚ, ਅਤੇ ਸ ਧਨਵੰਤ ਸਿੰਘ ਜੀ ਸੀਤਲ ਸਾਹਿਤ ਸੇਵਾ ਕਰਦੇ ਅਕਾਲ ਚਲਾਣਾ ਕਰ ਗਏ।

ਹਰਿਆਣਾ ਵਿਚ ਪੰਜਾਬੀ ਲੋਕ ਕਾਫ਼ੀ ਗਿਣਤੀ ਵਿਚ ਰਹਿੰਦੇ ਹਨ, ਪਰ ਪੰਜਾਬੀ ਨੂੰ ਦੂਜੀ ਭਾਸ਼ਾ ਨਹੀਂ ਬਣਾਇਆ ਗਿਆ ਸਗੋਂ ਤਾਮਲ ਤਿਲਗੂ ਜਿਸ ਨੂੰ ਕੋਈ ਪੜ੍ਹਨ ਸਮਝਣ ਬੋਲਣ ਵਾਲਾ ਹੀ ਨਹੀਂ ਦੂਜੀ ਭਾਸ਼ਾ ਬਣਾਇਆ ਹੈ। ਦੇਵੀ ਲਾਲ ਜਦੋਂ ਵਿਰੋਧੀ ਧੜੇ ਵਿਚ ਰਿਹਾ ਤਾਂ ਸਿਖਾਂ ਦੀਆਂ ਵੋਟਾਂ ਲੈਣ ਵਾਸਤੇ ਪੰਜਾਬੀ ਨੂੰ ਦੂਜੀ ਭਾਸ਼ਾ ਦੀ ਮੰਗ ਕਰਦਾ ਰਿਹਾ, ਪਰ ਜਦੋਂ ਆਪ ਮੁਖ ਮੰਤਰੀ ਬਣ ਗਿਆ ਤਾਂ ਵਿਰੋਧ ਕਰਦਾ ਰਿਹਾ। ਇਨ੍ਹਾਂ ਦੀ ਅਕਲ ਵੇਖੋ ?

ਇੰਦਰਾ ਦੇ ਖ਼ੁਸ਼ਾਮਦ ਪਸੰਦਾਂ ਵਲੋਂ ਹਵਾਈ ਜਹਾਜ਼ ਹਾਈਜੈਕ ਕੀਤਾ ਗਿਆ ਤਾਂ ਉਨ੍ਹਾਂ ਨੂੰ ਵਜ਼ੀਰ ਬਣਾ ਦਿਤਾ ਗਿਆ ਪਰ ਸੂਰਬੀਰ ਸਿਖ ਖਾੜਕੂ ਬਬਰ ਸ਼ੇਰ, ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਡਕੇ ਹੋਏ ਹਨ।

੨੬ ਜੁਲਾਈ ਸੰਤ ਲੌਂਗੋਵਾਲ ਵਲੋਂ ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ ਭਾਰੀ ਕਨਵੈਨਸ਼ਨ ਵਿਚ ਮੰਗਾਂ ਦਾ ਚਾਰਟਰ : ਅੰਮ੍ਰਿਤਸਰ ਨਗਰ ਨੂੰ ਹਰਦੁਆਰਾ, ਬਨਾਰਸ, ਕੁਰਕਸ਼ੇਤਰ ਵਾਂਗ ਹੀ ਪਵਿਤਰ ਬਣਾਇਆ ਜਾਵੇ, ਤਮਾਕੂ, ਸ਼ਰਾਬ, ਮਾਸ ਖ਼ਤਮ ਕੀਤਾ ਜਾਵੇ। ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਹੀ ਸ਼ਬਦ ਕੀਰਤਨ ਰੋਜ਼ਾਨਾ ੩ ਘੰਟੇ ਰੀਲੇ ਕਰਵਾਇਆ ਜਾਵੇ, ਫ਼ਰੰਟੀਅਰ ਮੇਲ ਦਾ ਨਾਮ ਗੋਲਡਨ ਟੈਂਪਲ ਐਕਸਪ੍ਰੈਸ ਰਖਿਆ ਜਾਵੇ, ਹਵਾਈ ਸਫ਼ਰ ਵੇਲੇ ਕਿਰਪਾਨ ਰਖਣੀ ਜ਼ਰੂਰੀ।

੨੬ ਅਗਸਤ ਪੰਜਾਬ ਦਾ ਗਵਰਨਰ ਅਮੀਨਦੀਨ ਅਹਿਮਦਖਾਨ ਬਣ ਗਿਆ, ੨੦ ਅਪ੍ਰੈਲ ੧੯੮੨ ਤਕ ਆਜ਼ਾਦੀ ਦਾ ਅਨੰਦ ਮਾਣਦਾ ਰਿਹਾ।

੧੫-੧੬ ਸਤੰਬਰ ਬਿਦਰ ਵਿਖੇ ਵਾਪਰੇ ਦੁਖਾਂਤ ਦੇ ਵੇਰਵੇ, ਰਿਪੋਰਟ ਪੰਜਾਬ ਹਿਊਮਨ ਰਾਈਟਸ ਸੰਸਥਾ ਲੁਧਿਆਣਾ ਵਲੋਂ ਛਾਪ ਕੇ ਵੰਡੀ ਗਈ।

ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਜਥੇਦਾਰ ਭਾਈ ਜੋਗਿੰਦਰ ਸਿੰਘ ਮੋਨੀ ਰੀਟਾਇਰ ੨੫ ਸਾਲ ਸੇਵਾ ਕਰਨ ਉਪਰੰਤ ਰੀਟਾਇਰ ਹੋ ਗਏ, ਅਤੇ ਭਾਈ ਹਜ਼ੂਰਾ ਸਿੰਘ ਜੀ ਜਥੇਦਾਰ ਬਣ ਗਏ।

੯ ਸਤੰਬਰ ਲਾ. ਜਗਤ ਨਾਰਾਇਣ ਜਗ ਬਾਣੀ ਜਲੰਧਰ ਨੂੰ ਲੁਧਿਆਣਾ ਦੇ ਨੇੜੇ ਜੀ. ਟੀ ਰੋਡ ਤੇ ਕਤਲ ਕੀਤਾ ਗਿਆ, ਦੁਸ਼ਟ ਇੰਦਰਾ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਰਫਤਾਰ ਕਰਨ ਵਾਸਤੇ, ਦਿਲੀ ਪੰਜਾਬ, ਹਰਿਆਣਾ ਦੀ ਪੁਲਸ ਪਿੰਡ ਚੰਦੋ ਕਲਾਂ (ਹਰਿਆਣਾ) ਭੇਜੀ, ਪਰ ਜਿਸ ਨੂੰ ਰਾਖੇ ਸਾਈਆਂ, ਉਹ ਭਿਣਕ ਸੁਣ ਕੇ ਚੌਕ ਮਹਿਤਾ ਪਹੁੰਚ ਗਏ, ਪਰ ਕਾਨੂੰਨਾਂ ਦੀਆਂ ਧਜੀਆਂ ਉਡਾ ਦਿਤੀਆਂ ਗਈਆਂ ਕਿ ਪਿੰਡ ਦੇ ਨਿਰਦੋਸ਼ ਲੋਕਾਂ ਨੂੰ ਸ਼ਹੀਦ ਕੀਤਾ ਗਿਆ, ਸਾੜ ਫੂਕ ਕਰਕੇ ਗੁਰਬਾਣੀ ਲਿਟਰੇਚਰ, ਪ੍ਰਚਾਰ ਬਸਾਂ ਵੀ ਸਾੜ ਦਿਤੀਆਂ ਕਿਸੇ ਪੰਥਕ ਲੀਡਰ ਨੇ ਚੂੰ ਤਕ ਨਹੀਂ ਕੀਤੀ, ਨਾ ਹੀ ਕੋਈ ਮੁਆਵਜ਼ਾ ਮਿਲਿਆ ?

੧੯ ਸਤੰਬਰ ਇੰਦਰਾ ਨੇ ਸੰਤ ਜਰਨੈਲ ਸਿੰਘ ਨੂੰ ਖ਼ਤਮ ਕਰਨ ਲਈ ਲੈਫ. ਜਨਰਲ ਸਿਨਾਹ ਨੂੰ ਹੁਕਮ ਕੀਤਾ ਤਾਂ ਉਸ ਨੇ ਨਿਰਦੋਸ਼ ਲੋਕਾਂ ਉਪਰ ਗੋਲੀ ਚਲਾਉਣ ਤੋਂ ਇਨਕਾਰ ਕਰ ਦਿਤਾ।

੨੦ ਸਤੰਬਰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨਿਰਦੋਸ਼ ਸਨ ਫਿਰ ਵੀ ਆਤਮ ਸਮਰਪਨ ਕੀਤੇ ਜਾਣ ਦਾ ਐਲਾਨ ਕਈ ਦਿਨਾਂ ਪਹਿਲਾਂ ਤੋਂ ਹੀ ਕਰ ਦਿਤਾ ਸੀ, ਫਿਰ ਵੀ ਪੁਲਸ, ਬੀ. ਐਸ. ਐਫ, ਸੀ. ਆਰ. ਪੀ. ਐਫ ਦੀਆਂ ਬਟਾਲੀਅਨਾਂ ੨੪ ਹਜ਼ਾਰ ਜਵਾਨ ਚੌਕ ਮਹਿਤਾ ਪਹੁੰਚ ਗਿਆ। ਅਖੌਤੀ ਪੰਥਕ ਲੀਡਰ ਪਹੁੰਚੇ, ਸੰਤ ਜੀ ਨੇ ਆਤਮ ਸਮਰਪਨ ਕੀਤਾ, ਅਦੁਤੀ ਨਜ਼ਾਰਾ ਸੀ, ਪਰ ਫਿਰ ਵੀ ਪੁਲਸ ਨੇ ਅੰਨ੍ਹੇਵਾਹ ਗੋਲੀ ਚਲਾ ਕੇ ੧੧ ਨਿਰਦੋਸ਼ ਸਿੰਘ ਸ਼ਹੀਦ ਕਰ ਦਿਤੇ, ਅਨੇਕਾਂ ਜ਼ਖਮੀ ਹੋਏ।

ਸੰਤ ਭਿੰਡਰਾਂਵਾਲਾ ਨੂੰ ਪੁਲਸ ਰੀਮਾਂਡ, ਪੁਛਗਿਛ ਦੇ ਦੌਰਾਨ ਪਰੇਸ਼ਾਨ ਕੀਤਾ ਗਿਆ, ਪਰ ਅੰਤ ਨਿਰਦੋਸ਼ ਕਹਿ ਕੇ ਮਿਤੀ ੧੪ ਅਕਤੂਬਰ ੧੯੮੧ ਨੂੰ ਰਿਹਾ ਕਰ ਦਿਤਾ ਕਿਸੇ ਵਕੀਲ ਨੇ ਕੋਈ ਮੁਆਵਜ਼ਾ ਕਲੇਮ ਨਹੀਂ ਕਰਵਾਇਆ।

ਜਥੇ. ਸੰਤੋਖ ਸਿੰਘ ਵਲੋਂ ਦਿਲੀ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਸ਼ਾਹਾਨਾ ਸਵਾਗਤ ਕੀਤਾ ਗਿਆ, ਬੰਗਲਾ ਸਾਹਿਬ ਅੰਮ੍ਰਿਤ ਪ੍ਰਚਾਰ ੧੦ ਦਿਨ ਕੀਤਾ, ਉਥੋਂ ਬੰਬਈ ਚਲੇ ਗਏ, ਉਥੋਂ ਦੀਆਂ ਸੰਗਤਾਂ ਨੇ ਕਾਫ਼ੀ ਮਾਣ ਸਤਿਕਾਰ ਕੀਤਾ, ਪ੍ਰਚਾਰ ਲਈ ਹੋਰ ਬਸਾਂ ਦੇ ਦਿਤੀਆਂ।

੨੯ ਸਤੰਬਰ ਸ: ਸਤਨਾਮ ਸਿੰਘ, ਕਰਨ ਸਿੰਘ, ਤੇਜਿੰਦਰ ਪਾਲ ਸਿੰਘ, ਜਸਬੀਰ ਸਿੰਘ, ਸ: ਗਜਿੰਦਰ ਸਿੰਘ ਦੇ ਚੇਅਰਮੈਨ ਦਲ ਖਾਲਸਾ ਦੇ ੧੪

ਮੈਂਬਰਾਂ ਨੇ ਸੰਤ ਜਰਨੈਲ ਸਿੰਘ ਦੀ ਰਿਹਾਈ ਵਾਸਤੇ ਭਾਰਤੀ ਹਵਾਈ ਜਹਾਜ਼ ਲਾਹੌਰ ਲੈ ਗਏ, ਇਹ ਨੌਜਵਾਨ ਲਾਹੌਰ ਜੇਲ ਕੋਟ ਲਖਪਤ ਵਿਚ ਡੱਕੇ ਹੋਏ ਹਨ, ਅਖੌਤੀ ਪੰਥਕ ਲੀਡਰਾਂ ਵਲੋਂ ਕੋਈ ਸਹਾਇਤਾ ਨਹੀਂ ਕੀਤੀ ਗਈ।

੧੫ ਅਕਤੂਬਰ ਸੰਤ ਜਰਨੈਲ ਸਿੰਘ ਭਿੰਡਰਾ ਵਾਲਾ, ਸ੍ਰੀ ਹਰਿਮੰਦਰ ਸਾਹਿਬ ਆਪਣੇ ਗੁਰੂ ਦਰਬਾਰ ਵਿਖੇ ਪਹੁੰਚ ਕੇ ਸੁਕਰਾਨਾ ਕੀਤਾ। ਭਾਰੀ ਰੌਣਕਾਂ ਹੋਈਆਂ।

ਨੇਤਰਹੀਨ ਸਮਾਜ ਦੀ ਕਾਨਫ੍ਰੰਸ ਸ਼ਹੀਦ ਸਿਖ ਮਿਸ਼ਨਰੀ ਕਾਲਜ ਵਿਖੇ, ਨੇਤਰਹੀਨ ਬੀਬੀਆਂ ਦੀ ਸੰਭਾਲ ਵਾਸਤੇ ਬੀਬੀ ਭਾਨੀ ਇਸਤਰੀ ਨੇਤਰਹੀਨ ਕਿਰਤ ਕੇਂਦਰ, ਛੇਹਰਟਾ ਸਨ੍ਹ ਸਾਹਿਬ ਰੋਡ ਵਿਖੇ ਬਣਾਉਣ ਦਾ ਫ਼ੈਸਲਾ ਕੀਤਾ ਗਿਆ, ਪ੍ਰਧਾਨ ਪ੍ਰਿੰਸੀਪਲ ਗੁਰਜੰਟ ਹਨ।

੧੮ ਨਵੰਬਰ ਜਾਤ ਅਭਿਮਾਨੀ ਗੰਗੂ ਪੰਡਤਾਂ ਨੇ ਪਿੰਡ ਦਿਉਲੀ ਜਿਲ੍ਹਾ ਮੈਨਪੁਰੀ ਯੂ.ਪੀ. ਵਿਚ ੨੪ ਛੂਤ ਜਾਤੀਆਂ ਦੇ ਰੱਬ ਦੇ ਬੰਦੇ ਕਤਲ ਕਰ ਦਿਤੇ।

੩ ਦਸੰਬਰ ਡਾ. ਭਾਈ ਜੋਧ ਸਿੰਘ ੯੯ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੧ ਦਸੰਬਰ ਜਥੇਦਾਰ ਸੰਤੋਖ ਸਿੰਘ ਅਤੇ ਜਥੇਦਾਰ ਸੁੰਦਰ ਸਿੰਘ ਦੇ ਆਪਸੀ ਕਲੇਸ਼ ਅਤੇ ਕਤਲ ਹੋ ਗਏ।

੩੦ ਦਸੰਬਰ ਜ਼ਾਤ ਅਭਿਮਾਨੀਆਂ ਵਲੋਂ ਪਿੰਡ ਸਾਸੂਪੁਰ ਵਿਚ ੧੦ ਹਰੀਜਨ ਰੱਬ ਦੇ ਬੰਦੇ ਕਤਲ ਕੀਤੇ ਗਏ।

੩੦ ਦਸੰਬਰ ਜਥੇਦਾਰ ਸ੍ਰੀ ਅਕਾਲ ਤਖ਼ਤ, ਗੁਰਦਿਆਲ ਸਿੰਘ ਅਜਨੋਹਾ ਅਤੇ ਸ: ਭਾਨ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੰਕਾਰੀ ਅਤੇ ਜ਼ਾਲਮ ਮੁਖ ਮੰਤਰੀ ਦਰਬਾਰਾ ਸਿੰਘ ਨੂੰ ਫਿਟਕਾਰਾ ਪਾ ਕੇ ਪੱਤਰ ਲਿਖੇ ਗਏ ਕਿ ਸਮਗਲਰ ਸਰਕਾਰ ਵਲੋਂ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਉਪਰ ਅਤਿਆਚਾਰ ਬੰਦ ਕਰਵਾਏ ਜਾਣ।

ਸ: ਰਘਬੀਰ ਸਿੰਘ ਸੋਢੀ ੧੩੪੮ ਮਹਲਾ ਸਿਕਲੀਗਰਾਂ ਅੰਬਾਲਾ ਕੈਂਟ ਵਲੋਂ ਮਾਸਕ ਮੀਰੀ-ਪੀਰੀ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਣ ਲਗਾ ਜੋ ਸਫ਼ਲਤਾ ਨਾਲ ਚਲ ਰਿਹਾ ਹੈ।

ਸ੍: ਬੀ.ਐਸ. ਬੀਰ, ਪਾਡੋਸਰ ਨਾਭਾ (ਪਟਿਆਲਾ) ਵਲੋਂ ਮਾਸਕ ਮਹਿਰਮ ਸ਼ੁਰੂ ਕਰਕੇ, ਗੁਰਮਤਿ ਪ੍ਰਚਾਰ ਕੀਤਾ ਜਾਣ ਲਗਾ।

ਜਨਵਰੀ ੧੯੮੨ ਪ੍ਰਿੰਸੀਪਲ ਸਿਖ ਸ਼ਹੀਦ ਮਿਸ਼ਨਰੀ ਕਾਲਜ, ਧਰਮਾਨੰਤ ਸਿੰਘ ਜੀ ੯੪ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨੨ ਜਨਵਰੀ ਸੰਤ ਸੇਵਾ ਸਿੰਘ ਜੀ ਪਿੰਡ ਨੌਰਾ (ਜਲੰਧਰ) ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

ਗੁਦੁਆਰਾ ਰਕਾਬ ਗੰਜ, ਦਿਲੀ ਵਿਖੇ ਭਾਈ ਲਖੀ ਸ਼ਾਹ ਹਾਲ ਬਹੁਤ ਸੁੰਦਰ, ਤਿਆਰ ਹੋਇਆ।

ਰਾਜਾ ਭਾਲਿੰਦਰ ਸਿੰਘ ਪਟਿਆਲਾ, ਓਲੈਪਕਸ ਦੇ ਪ੍ਰਧਾਨ ਨੂੰ ਇੰਟਰਨੈਸ਼ਨਲ ਅਵਾਰਡ ਮਿਲਿਆ।

੨੬-੨੭ ਜਨਵਰੀ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ੩੦੦ ਸਾਲਾ ਜਨਮ ਦਿਹਾੜਾ ਭਾਰੀ ਰੌਣਕਾਂ, ਸਜਾਵਟਾਂ ਨਾਲ ਮਨਾਇਆ ਗਿਆ, ਪਿੰਡ ਪਹੂਪਿੰਡ ਤੋਂ ਨਗਰ ਕੀਰਤਨ ਸ਼ੁਰੂ ਹੋ ਕੇ, ਚਾਟੀਵਿੰਡ ਸ਼ਹੀਦ ਗੰਜ ਪਹੁੰਚਿਆ ਸਾਰੀ ਸੜਕ ਉਪਰ ਸਵਾਗਤੀ ਗੇਟ, ਝੰਡਿਆਂ, ਸ਼ਬਦ ਕੀਰਤਨ, ਚਾਹ ਅਤੇ ਗੁਰੂ ਦੇ ਲੰਗਰ ਦੇ ਪ੍ਰਬੰਧ ਸਨ, ਕਵੀ ਦਰਬਾਰ ਢਾਡੀ ਦਰਬਾਰ, ਕੀਰਤਨ ਦਰਬਾਰ ਹੋਏ। ਸੜਕ ਦਾ ਨਾਮ ਬਾਬਾ ਦੀਪ ਸਿੰਘ ਮਾਰਗ ਹੈ।

ਫ਼ਰਵਰੀ ਸੰਤ ਜਰਨੈਲ ਸਿੰਘ ਮੁਖੀ ਦਮਦਮੀ ਟਕਸਾਲ ਵਲੋਂ ਸਮਗਲਰ ਸਰਕਾਰ ਵਿਰੁੱਧ ਧਰਮ ਯੁਧ ਮੋਰਚਾ ਸ਼ੁਰੂ ਕੀਤਾ ਗਿਆ ਕਿ ਥਾਂ ਥਾਂ ਤੇ ਪਵਿਤਰ ਬੀੜਾਂ ਅਗਨ ਭੇਟ ਹੋਣ ਵਿਰੁਧ ਗੁੰਡਾ ਅੰਸਰ ਵਿਰੁਧ ਸਖਤ ਕਾਰਵਾਈ ਹੋਵੇ।

ਗੁਰਦੁਆਰਾ ਰਾਮਸਰ ਵਿਖੇ ਗੁਰੂ ਗ੍ਰੰਥ ਭਵਨ ਬਣਾਉਣ ਵਾਸਤੇ ਨੀਂਹ ਪੰਜ ਪਿਆਰਿਆਂ ਵਲੋਂ ਰਖੀ ਗਈ, ਜਥੇਦਾਰ ਅਕਾਲ ਤਖ਼ਤ ਸ: ਗੁਰਦਿਆਲ ਸਿੰਘ ਅਜਨੋਹਾ, ਬਾਬਾ ਖੜਕ ਸਿੰਘ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਗਿ: ਕਿਰਪਾਲ ਸਿੰਘ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵਲੋਂ ਟਕ ਲਗਾਇਆ ਗਿਆ, ਜੋ ਹੁਣ ਪ ਮੰਜ਼ਲਾ ਤਿਆਰ ਹੋ ਚੁੱਕਾ ਹੈ।

੧੩ ਫਰਵਰੀ ਸ: ਭਾਗ ਸਿੰਘ ਅਣਖੀ ਧਰਮ ਪ੍ਰਚਾਰ ਚੀਫ਼ ਖ਼ਾਲਸਾ ਦੀਵਾਨ ਵਲੋਂ ਗੁਰਬਾਣੀ ਸ਼ੁੱਧ ਉਚਾਰਨ ਸੈਮੀਨਾਰ ਗੁਰਮਤਿ ਵਿਦਿਆਲਾ ਵਿਖੇ ਕਰਵਾਇਆ ਗਿਆ, ਡਾ. ਹਰਕੀਰਤ ਸਿੰਘ ਵਲੋਂ ਪੇਪਰ ਪੜੇ ਗਏ, ਵਿਚਾਰਾਂ ਹੋਈਆਂ।

੧੭ ਮਾਰਚ ਜਥੇਦਾਰ ਸ੍ਰੀ ਅਕਾਲ ਤਖ਼ਤ, ਗੁਰਦਿਆਲ ਸਿੰਘ ਜੀ ਅਜਨੋਹਾ, ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ, ਆਪ ਜੀ ੧੯੮੦ ਤੋਂ ੧੯੮੨ ਤਕ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਹੇ। ਗਿ: ਕਿਰਪਾਲ ਸਿੰਘ ਹੈਡ ਗ੍ਰੰਥੀ, ਜਥੇਦਾਰ ਸ੍ਰੀ ਅਕਾਲ ਤਖ਼ਤ ਬਣ ਗਏ।

ਪ ਅਪ੍ਰੈਲ ਅਕਾਲੀ ਦਲ ਦੇ ਸਿੰਘਾਂ ਵਲੋਂ ਸਮਗਲਰ ਇੰਦਰਾ ਨਾਲ

ਤੀਜੀ ਵਾਰ ਮੁਲਾਕਾਤ ਕੀਤੀ ਗਈ।

੮ ਅਪ੍ਰੈਲ ਸਤਲੁਜ-ਯਮਨਾ ਨਹਿਰ ਦੀ ਖੁਦਵਾਈ ਪ੍ਰੋਗਰਾਮ ਇੰਦਰਾ ਵਲੋਂ ਉਦਘਾਟਨ ਪਿੰਡ ਕਪੂਰੀ ਜ਼ਿਲਾ ਪਟਿਆਲਾ ਵਿਖੇ ਕਿਹਾ ਗਿਆ ਡਾ. ਰਾਜਿੰਦਰ ਕੌਰ ਇਸਤਰੀ ਅਕਾਲੀ ਦਲ ਵਲੋਂ ਕਾਲੀਆਂ ਝੰਡੀਆਂ ਵਿਖਾ ਕੇ ਰੋਸ ਮੁਜ਼ਾਹਰਾ ਨਹਿਰ ਰੋਕੋ ਮੋਰਚਾ ਸ਼ੁਰੂ ਕੀਤਾ ਗਿਆ।

੧੩ ਅਪ੍ਰੈਲ ਕੇਂਦਰੀ ਸਿੰਘ ਸਭਾ, ਸ: ਹੁਕਮ ਸਿੰਘ, ਗਿ: ਗੁਰਦਿਤ ਸਿੰਘ ਵਲੋਂ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਿਖਾਂ ਵਿਚ ਗੁਰਮਤੇ ਦੇ ਮਜ਼ਮੂਨ ਤੋਂ ਸੈਮੀਨਾਰ ਕਰਵਾਇਆ ਗਿਆ। ਅਕਾਲੀ ਦਲ ਵਲੋਂ ਭਾਰੀ ਸਮਾਗਮ ਹੋਇਆ ਸ਼ਾਹੀ ਇਮਾਮ ਸਯਦ ਅਬਦਲ ਬੁਖਾਰੀ ਨੇ ਸਮਗਲਰ ਇੰਦਰਾ ਨੂੰ ਜ਼ਾਲਮ ਅਤੇ ਕੁਰਪਟ ਕਹਿੰਦੇ ਹੋਏ ਲਾਹਨਤਾ ਪਾਈਆਂ ਕਿ ਇਸ ਨੇ ਹਮਾਰੀ ਜਾਮਾ ਮਸਜਦ ਕੀ ਜ਼ਮੀਨ ਹੜਪ ਕਰ ਲਈ ਹੈ, ਅਲਾ ਤਾਲਾ ਇਸ ਇੰਦਰਾ ਨੂੰ ਨਰਕਾਂ ਵਿਚ ਜਲਦੀ ਲੈ ਜਾਵੇ।

੨੧ ਅਪ੍ਰੈਲ ਪੰਜਾਬ ਦਾ ਗਵਰਨਰ ਐਮ. ਚੰਨਾ ਰੈਡੀ ਬਣ ਗਿਆ ੬ ਫਰਵਰੀ ੧੯੮੩ ਤਕ ਆਜ਼ਾਦੀ ਦਾ ਅਨੰਦ ਮਾਣਨ ਲਗਾ।

੨੫ ਅਪ੍ਰੈਲ ਸ: ਸਰਦਾਰ ਸਿੰਘ ਕਥੂਰੀਆ ਡੀ.ਸੀ. ਵਲੋਂ ਈਸਟ ਮੋਹਨ ਨਗਰ ਵਿਖੇ ਮਾਤਾ ਕੌਲਾਂ ਹਸਪਤਾਲ ਦੀ ਨੀਂਹ ਉਸਾਰੀ ਕਰਵਾਈ ਗਈ।

ਸ: ਸਰਦੂਲ ਸਿੰਘ ਭਾਟੀਆ ਅਤੇ ਪ੍ਰਿੰਸ: ਭਗਤ ਸਿੰਘ ਹੀਰਾ ੨-੧੧੪ ਗੀਤਾ ਕਾਲੋਨੀ ਦਿਲੀ-੩੧ ਤੋਂ ਮਾਸਕ ਅਕਾਲ ਸੇਵਕ ਸ਼ੁਰੂ ਕਰਕੇ ਗੁਰਮਤਿ ਦਾ ਪ੍ਰਚਾਰ ਬੜੀ ਸਫਲਤਾ ਨਾਲ ਕੀਤਾ ਜਾ ਰਿਹਾ ਹੈ।

੨੬ ਅਪ੍ਰੈਲ ਗੰਗੂ-ਪੰਡਤਾਂ ਵਲੋਂ ਗੁਰਦੁਆਰਿਆਂ ਵਿਚ ਅਤੇ ਪਵਿਤਰ ਸਰੋਵਰਾਂ ਵਿਚ ਤਮਾਕੂ, ਸਿਗਰਟਾਂ ਸੁਟ ਕੇ ਹਾਲਾਤ ਵਿਗਾੜੇ ਗਏ।

੧ ਮਈ ਦਲ ਖ਼ਾਲਸਾ ਅਤੇ ਆਲ ਇੰਡੀਆ ਸਿਖ ਸਟੂਡੈਟ ਫ਼ੈਡਰੇਸ਼ਨ ਦੇ ਸਾਰੇ ਦਲ ਬੈਨ ਕਰਕੇ ਗ੍ਰਿਫ਼ਤਾਰੀਆਂ ਜ਼ੁਲਮ, ਜੇਲਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਗੇ।

ਸ: ਭਾਗ ਸਿੰਘ ਅਣਖੀ ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਬਿੰਦੀ ਟਿਪੀ ਲਗਾਂ ਮਾਤਰਾ ਲਗਾ ਕੇ ਛਪਵਾਉਣ ਦੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਅਖੰਡ ਕੀਰਤਨੀ ਜਥੇ ਦੀ ਸਕੀਮ ਦਾ ਖੰਡਨ ਕਰਦੇ ਸੈਮੀਨਾਰ ਕਰਵਾਇਆ ਗਿਆ ਕਿ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

੧੨-੧੪ ਮਈ ਅਖ਼ਬਾਰ ਇੰਡੀਅਨ ਐਕਸਪ੍ਰੈਸ ਦੇ ਅਰੁਨ ਸ਼ੋਰੀ

ਵਲੋਂ ਲੇਖ ਪਾਲੇਟਿਕਸ ਆਫ਼ ਪੈਡਰਿੰਗ, ਸਿਖ ਧਰਮ ਵਿਰੁਧ ਅਪਮਾਨ ਜਨਕ ਲੇਖ ਛਾਪੇ ਗਏ, ਸਿਖ ਕੌਮ ਨੂੰ ਗਦਾਰ, ਦੇਸ਼ ਧਰੋਹੀ, ਸਿਖ ਕੋਈ ਵਖ ਕੌਮ ਨਹੀਂ ਦੀ ਕਮੀਨਗੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਸਿਖ ਕੌਮ ਉਪਰ ਜਿਤਨੀ ਸਖਤੀ ਅਤੇ ਜ਼ੁਲਮ ਕੀਤਾ ਜਾਵੇ ਥੋੜਾ ਹੈ। ਪਰ ਇਨ੍ਹਾਂ ਇਤਰਾਜ਼ ਯੋਗ ਲੇਖਾਂ ਸਬੰਧੀ ਕਿਸੇ ਜਥੇਦਾਰ ਲੀਡਰ ਕਿਸੇ ਵਕੀਲ ਵਲੋਂ ਵੀ ਕੁਝ ਕਰਵਾਈ ਨਹੀਂ ਕੀਤੀ ਗਈ।

੨੦-੨੨ ਮਈ ਸ: ਦਵਿੰਦਰ ਸਿੰਘ ਦੁਗਲ, ਇੰਚਾਰਜ ਸਿਖ ਇਤਿਸਾਸ ਖੋਜ ਬੋਰਡ ਸ੍ਰੀ ਹਰਿਮੰਦਰ ਸਾਹਿਬ ਵਲੋਂ ਆਪਣੇ ਗੁਰੂ ਦਰਬਾਰ ਵਿਚ ਅਰਦਾਸ ਕਰਕੇ ਦੁਸ਼ਟ ਕਮੀਨੇ ਅਰੁਨ ਸ਼ੋਰੀ ਦੇ ਉਕਤ ਲੇਖਾਂ ਦੇ ਉਤਰ ਵਿਚ ਸਿਖ ਧਰਮ ਦਾ ਸ਼ਾਨਦਾਰ ਵਿਰਸਾ ਦੇ ਲੇਖ ਇੰਡੀਅਨ ਐਕਸਪ੍ਰੈਸ ਵਿਚ ਹੀ ਛਪਵਾ ਕੇ ਮੂੰਹ ਭੰਨਵਾ ਉਤਰ ਦੇ ਕੇ ਤਸਲੀ ਕਰਵਾ ਦਿੱਤੀ, ਅਤੇ ਦਸ ਹਜ਼ਾਰ ਟਰੈਕਟ, ਪੰਜਾਬੀ ਅੰਗਰੇਜ਼ੀ ਵਿਚ ਛਪਵਾ ਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੰਡ ਕੇ ਪ੍ਰਚਾਰ ਕੀਤਾ ਗਿਆ।

੨੪ ਮਈ ਸਤਲੁਜ ਯਮਨਾ ਲਿੰਕ ਨਹਿਰ ਖੁਦਵਾਈ, ਉਦਘਾਟਨ ਇੰਦਰਾ ਵਲੋਂ ਪਿੰਡ ਕਪੂਰੀ ਜ਼ਿਲਾ ਪਟਿਆਲਾ ਵਿਖੇ ਕੀਤਾ ਗਿਆ, ਪਰ ਪਕਾਸ਼ ਸਿੰਘ ਬਾਦਲ ਅਖੌਤੀ ਲੀਡਰਾਂ ਵਲੋਂ ਨਹਿਰ ਰੋਕੋ ਮੋਰਚੇ ਦਾ ਡਰਾਮਾ ਰਚਿਆ ਗਿਆ। ਡਾ: ਰਾਜਿੰਦਰ ਕੌਰ ਇਸਤ੍ਰੀ ਅਕਾਲੀ ਦਲ ਦੀਆਂ ਬੀਬੀਆਂ ਵਲੋਂ ਕਾਲੀਆਂ ਝੰਡੀਆਂ ਫੜ ਕੇ ਨਾਹਰੇ ਲਗਾਏ ਗਏ।

੩੧ ਮਈ ਪੰਥ ਵਲੋਂ ਐਲਾਨ ਕੀਤਾ ਗਿਆ ਕਿ ਸਹਿਕਾਰੀ ਬੈਂਕਾਂ ਦੇ ਕਰਜ਼ੇ ਵਾਪਸ ਨਾ ਕੀਤੇ ਜਾਣ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ੫੦ ਸਾਲਾ ਇਤਿਹਾਸਕ ਪੁਸਤਕ ਸ: ਸ਼ਮਸ਼ੇਰ ਸਿੰਘ ਅਸ਼ੋਕ, ਖੋਜ ਸਕਾਲਰ, ਸਿਖ ਇਤਿਹਾਸ ਬੋਰਡ ਵਲੋਂ ਤਿਆਰ ਕਰਕੇ ਛਪਵਾਈ ਗਈ।

ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਪੁਲਸ ਹਿਰਾਸਤ ਵਿਚ ਸ਼ਹੀਦ ਕਰ ਦਿਤਾ ਗਿਆ। ਕਿਸੇ ਅਖੌਤੀ ਲੀਡਰ ਵਲੋਂ ਕੋਈ ਰੋਸ ਨਹੀਂ ਕੀਤਾ।

ਬੰਬਈ (ਮਹਾਂਰਾਸ਼ਟਰ) ਵਿਖੇ ਸ਼ਿਵ ਸੈਨਾ ਕਾਇਮ ਹੋਈ ਤਾਂ ਉਥੋਂ ਦੇ ਸਿੰਘ ਸਭਾ ਨੂੰ ਧਮਕੀ ਪੱਤਰ ਲਿਖ ਕੇ ਭੇਜਿਆ ਕਿ ਸਿਖ ਬੰਬਈ ਛੱਡ ਕੇ ਚਲੇ ਜਾਣ। ਇਨ੍ਹਾਂ ਹੰਕਾਰੀਆਂ ਦੀ ਅਕਲ ਵੇਖੋ ?

ਸਵਾਮੀ ਅਦਿਤਿਆ ਨੰਦ, ਕੇਵਲ ਕਰਿਸ਼ਨ, ਹਰਬੰਸ ਲਾਲ ਖੰਨਾ ਵਲੋਂ ਜ਼ਹਿਰੀਲੇ ਭੜਕਾਊ ਨਾਹਰੇ ਕਛਹਿਰੇ-ਕੜੇ ਵਾਲੇ ਪੰਜਾਬ ਜਾਉ, ਸਿਰ

ਤੇ ਪਗੜੀ ਰਹਿਣ ਨਹੀਂ ਦੇਣੀ।

੨੦ ਜੂਨ ਕਾਂਗਰਸ ਭਵਨ, ਹਾਲ ਬਾਜ਼ਾਰ ਅੰਮ੍ਰਿਤਸਰ ਵਿਖੇ ਸਮਗਲਰ ਦਰਬਾਰਾ ਸਿੰਘ ਵਿਚਕਾਰ ਪ੍ਰਧਾਨ ਕਾਂਗਰਸ ਇਸ ਮਾਮਲੇ ਤੇ ਝੜਪ ਹੋਈ ਕਿ ਗਿ: ਜ਼ੈਲ ਸਿੰਘ ਨੂੰ ਰਾਸ਼ਟਰਪਤੀ ਨਾ ਬਣਨ ਦਿੱਤਾ ਜਾਵੇ, ਪੁਲਸ ਅਧਿਕਾਰੀ ਤਮਾਸ਼ਾ ਵੇਖਦੇ ਰਹੇ।

੨੯ ਜੂਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਗਿਆਨੀ ਜ਼ੈਲ ਸਿੰਘ ਗ੍ਰਹਿ ਮੰਤਰੀ ਦੀ ਸ਼ਹਿ ਤੇ ਅਨੰਦਪੁਰ-ਮਤਾ ਮੋਰਚਾ, ਗੁਰਦੁਆਰਾ ਰਕਾਬ ਗੰਜ ਦਿਲੀ ਤੋਂ ਸ਼ੁਰੂ ਕੀਤਾ।

੧੯ ਜੁਲਾਈ ਸੰਤ ਜਰਨੈਲ ਸਿੰਘ ਭਿੰਡਰਾ ਵਾਲਾ ਚੌਕ ਮਹਿਤਾ ਤੋਂ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਪਹੁੰਚ ਗਏ, ਪਰ ਪੁਲਸ ਨੇ ਭਾਈ ਅਮਰੀਕ ਸ਼ਿੰਘ ਪ੍ਰਧਾਨ, ਭਾਈ ਰਛਪਾਲ ਸਿੰਘ ਬਾਬਾ ਠਾਰਾ ਸਿੰਘ, ਭਾਈ ਰਾਮ ਸਿੰਘ ਨੂੰ ਬਿਨਾਂ ਕਿਸੇ ਦੋਸ਼ ਗ੍ਰਿਫਤਾਰ ਕਰ ਲਿਆ, ਇਨ੍ਹਾਂ ਸਾਥੀਆਂ ਦੇ ਰੋਸ ਵਜੋਂ ਧਰਮ ਯੁਧ ਸ਼ੁਰੂ ਕਰ ਦਿਤਾ ਗਿਆ।

੨੨ ਜੁਲਾਈ ਪ੍ਰਕਾਸ਼ ਸਿੰਘ ਬਾਦਲ, ਸੰਤ ਭਿੰਡਰਾਂਵਾਲਾ ਨੂੰ ਆਪਣੇ ਮੁਖ ਮੰਤਰੀ ਬਣਨ ਦੇ ਰਸਤੇ ਵਿਚ ਰੋੜਾ ਸਮਝਦਾ ਸੀ ਸੰਤ ਲੌਂਗੋਵਾਲ ਵਲੋਂ ਵਖਰਾ ਧਰਮ ਯੁੱਧ ਚਲਾਉਣ ਲਈ ਢੌਂਗ ਰਚਿਆ। ਗਿਆਨੀ ਜ਼ੈਲ ਸਿੰਘ ਦੀ ਸਹਾਇਤਾ ਕੀਤੀ ਜੋ ਰਾਸ਼ਟਰਪਤੀ ਬਣਕੇ ਅਨੰਦ ਮਾਣਨ ਲਗਾ।

੨੫ ਜੁਲਾਈ ਮੰਜੀ ਸਾਹਿਬ ਦੀਵਾਨ ਅਸਥਾਨ ਵਿਖੇ ਭਾਰੀ ਪੰਥਕ ਇਕੱਠ ਕਰਕੇ ਅੰਮ੍ਰਿਤਸਰ ਨਗਰ ਨੂੰ ਪਵਿਤਰ ਕਰਵਾਉਣ ਦੇ ਨਾਹਰੇ ਲਗਵਾਏ ਗਏ, ਮਕਾਰ ਇੰਦਰਾ ਨੇ ਸੰਸਾਰ ਨੂੰ ਦਸਣ ਵਾਸਤੇ ਕਿ ਸਿਖ ਆਜ਼ਾਦ ਹਨ, ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਣਾ ਦਿਤਾ, ਗੰਗੂ ਰਾਜ ਪਰੋਹਤ ਨੇ ਰਾਜ ਸਿੰਘਾਸਨ ਦਾ ਤਿਲਕ ਲਗਾਇਆ, ਇਹ ਕਿਸ ਤਰ੍ਹਾਂ ਦਾ ਸੈਕੂਲਰ ਢੌਂਗ ਹੈ ਪਰ ਕਿਸੇ ਅਖੌਤੀ ਪੰਥਕ ਆਗੂ ਨੇ ਇਸ ਤਰ੍ਹਾਂ ਤਿਲਕ ਦੇ ਢੌਂਗ ਵਿਰੁੱਧ ਕੋਈ ਰੋਸ ਨਹੀਂ ਕੀਤਾ, ਨਾਹੀ ਜ਼ਾਕਰ ਹੁਸੈਨ ਨੂੰ ਤਿਲਕ ਲਗਾਉਣ ਵਿਰੁੱਧ ਕਿਸੇ ਮੁਸਲਮਾਨ ਨੇ ਰੋਸ ਕੀਤਾ ਸੀ। ਗਿਆਨੀ ਜ਼ੈਲ ਸਿੰਘ ਦਿੱਲ ਤਬਦੀਲ ਕਰਵਾਉਣ ਵਾਸਤੇ ਅਮਰੀਕਾ ਚਲਾ ਗਿਆ। ਇੰਦਰਾ ਅਤੇ ਰਾਜੀਵ ਦੀਆਂ ਪ੍ਰਕਰਮਾ ਕਰਦਾ ਰਿਹਾ, ੨੫ ਜੁਲਾਈ ੧੯੮੭ ਤਕ ਅਨੰਦ ਮਾਣਦਾ ਰਿਹਾ। ਅਤੇ ਨਿਰਦੋਸ਼ ਸਿਖਾਂ ਤੇ ਜ਼ੁਲਮ ਵੇਖਦਾ ਰਿਹਾ।

੨੬ ਜੁਲਾਈ ਡਾ: ਜਗਜੀਤ ਸਿੰਘ ਚੌਹਾਨ ਵਲੋਂ ਖਾਲਿਸਤਾਨ ਸਰਗਰਮੀਆਂ ਕੀਤੀਆਂ ਜਾਣ ਲਗੀਆਂ।

੨੯ ਜੁਲਾਈ ਸ਼: ਸੋਹਣ ਸਿੰਘ ਜੋਸ਼ ੮੬ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੪ ਅਗਸਤ ਸ: ਪ੍ਰਕਾਸ਼ ਸਿੰਘ ਬਾਦਲ, ਸੰਤ ਲੌਂਗੋਵਾਲ ਰਾਹੀਂ ਅਨੰਦਪੁਰ ਮਤਾ ਦੀ ਆੜ ਵਿਚ ਧਰਮ ਯੁਧ ਮੋਰਚਾ ਆਦਿ ਸ਼ੁਰੂ ਕਰਕੇ ੧੧੦੦ ਸੌ ਸਿੰਘਾਂ ਨਾਲ ਜਿਸ ਵਿਚ ੭੧ ਮੁਸਲਮਾਨ ਅਤੇ ੫ ਈਸਾਈ ਸ਼ਾਮਲ ਸਨ ਗ੍ਰਿਫਤਾਰ ਹੋ ਕੇ ਜੇਲ ਵਿਚ ਕਲਾਸ ਵਨ ਦੀਆਂ ਸਹੂਲਤਾਂ ਦਾ ਅਨੰਦ ਮਾਨਣ ਲਗਾ। ਆਮ ਭੋਲੀ ਭਾਲੀ ਜਨਤਾ ਤੋਂ ਸ਼ਹੀਦੀ ਫੰਡ ਇਕੱਠਾ ਕਰਨਾ ਸ਼ੁਰੂ ਕਰ ਦਿਤਾ। ਸ: ਗੁਰਬਖਸ਼ ਸਿੰਘ ਦਲ ਖਾਲਸਾ ਵਲੋਂ ਭਾਰਤੀ ਹਵਾਈ ਜਹਾਜ਼ ਅਗਵਾ ਕੀਤਾ ਗਿਆ। ਪਰ ਕਿਸੇ ਪੰਥਕ ਲੀਡਰ ਨੇ ਇਨ੍ਹਾਂ ਦੀ ਕੋਈ ਸਹਾਇਤਾ ਨਹੀਂ ਕੀਤੀ।

ਅਗਸਤ ੧੯੮੨, ਗੁਰਦੁਆਰਾ ਰਾਮਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਨੀਂਹ ਬਾਬਾ ਖੜਕ ਸਿੰਘ, ਜਥੇਦਾਰ ਅਕਾਲ ਤਖਤ ਗਿ: ਕਿਰਪਾਲ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾ ਵਾਲਾ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਬਾਬਾ ਦਰਸ਼ਨ ਸਿੰਘ ਵਲੋਂ ਟੱਕ ਲਗਾ ਕੇ ਰਖੀ ਗਈ। ਹੁਣ ਇਹ ਪੰਜ ਮੰਜ਼ਲ ਤਿਆਰ ਹੋ ਚੁਕਾ ਹੈ।

੨੦ ਅਗਸਤ ਮੁਖ ਮੰਤਰੀ ਦਰਬਾਰਾ ਸਿੰਘ, ਰਾਹੋਂ (ਜਲੰਧਰ) ਉਪਰ ਸਿੰਘਾਂ ਵਲੋਂ ਹਮਲਾ ਕੀਤਾ ਗਿਆ, ਪੁਲਸ ਨੇ ਸ: ਜੁਝਾਰ ਸਿੰਘ ਨੂੰ ਸ਼ਹੀਦ ਕਰ ਦਿਤਾ ਅਨੇਕਾ ਜ਼ਖਮੀ ਅਤੇ ਗ੍ਰਿਫਤਾਰ ਹੋਏ।

੨੦ ਅਗਸਤ ਭਾਈ ਹਰਭਜਨ ਸਿੰਘ ਦਲ ਖਾਲਸਾ ਨੌਜਵਾਨਾ ਵਲੋਂ ਭਾਰਤੀ ਹਵਾਈ ਜਹਾਜ਼ ਅਗਵਾ ਕੀਤਾ ਗਿਆ ਪਾਇਲਟ ਨੇ ਰਾਜਾ ਸਾਂਸੀ (ਅੰਮ੍ਰਿਤਸਰ) ਵਿਖੇ ਲੋਹੇ ਦੀ ਰਾਡ ਮਾਰ ਕੇ ਭਾਈ ਹਰਭਜਨ ਸਿੰਘ ਨੂੰ ਸ਼ਹੀਦ ਕਰ ਦਿਤਾ। ਪਰ ਕਦੇ ਵੀ ਕਿਸੇ ਅਖੌਤੀ ਪੰਥਕ ਲੀਡਰ ਵਲੋਂ ਅਜਿਹੇ ਅਗਵਾਕਾਰਾ ਲਈ ਕੋਈ ਹਮਦਰਦੀ, ਸਹਾਇਤਾ, ਪੈਰਵੀ ਨਹੀਂ ਕੀਤੀ ਗਈ।

ਸ: ਸਰਦੂਲ ਸਿੰਘ ਭਾਟੀਆ, ਪ੍ਰਿੰਸੀਪਲ ਭਗਤ ਸਿੰਘ ਹੀਰਾ ਦੇ ਉਦਮ ਨਾਲ ਮਾਸਕ ਅਕਾਲ ਸੇਵਕ ੨-੧੧੪ ਗੀਤਾ ਕਾਲੋਨੀ ਦਿਲੀ ੩੧ ਤੋਂ ਸਫਲਤਾ ਨਾਲ ਗੁਰਮਤਿ ਦਾ ਪ੍ਰਚਾਰ ਕਰ ਰਿਹਾ ਹੈ।

ਗਿ: ਨਿਹਾਲ ਸਿੰਘ ਰਸ, ਅਕਾਲ ਚਲਾਣਾ ਕਰ ਗਏ।

੨ ਸਤੰਬਰ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਭਾਈ ਹੀਰਾ ਸਿੰਘ ਰਾਗੀ ਦੀ ੫੬ਵੀਂ ਬਰਸੀ ਯਾਦ ਮੇਜਰ ਬਲਵੰਤ ਸਿੰਘ, ਮੇਜਰ ਆਗਿਆਪਾਲ ਸਿੰਘ ਵਲੋਂ ਭਾਰੀ ਰੌਣਕਾ ਮਨਾ ਕੇ ਭਾਈ ਹੀਰਾ ਸਿੰਘ ਰਾਗੀ ਸੰਗੀਤ ਵਿਦਿਆਲਾ

ਕਾਇਮ ਕੀਤਾ ਗਿਆ, ਅਨੇਕਾਂ ਬੱਚੇ ਸ਼ਬਦ ਕੀਰਤਨ, ਤਬਲਾ ਆਦਿ ਦੀ ਸਿਖਲਾਈ ਪ੍ਰਾਪਤ ਕਰਕੇ ਪ੍ਰਚਾਰ ਕਰ ਰਹੇ ਹਨ। ਉਸਤਾਦ ਹਰਨਾਮ ਸਿੰਘ ਜੋਗੀ, ਪ੍ਰੀਤਮ ਸਿੰਘ ਤੂਰ, ਮਹਿੰਗਾ ਸਿੰਘ ਹਨ। ਸ: ਭਾਗ ਸਿੰਘ ਅਣਖੀ ਸੁਚੱਜੇ, ਉਸਾਰੂ ਕਾਰਜ ਕਰਵਾ ਰਹੇ ਹਨ।

੬ ਸਤੰਬਰ ਇਕ ਹਜ਼ਾਰ ਦਾ ਜਥਾ ਗ੍ਰਿਫਤਾਰ ਹੋਇਆ, ਪਰ ਪੰਜਾਬ ਦੀਆਂ ਸਾਰੀਆਂ ਜੇਲਾਂ ਸਿੰਘਾਂ ਨਾਲ ਭਰ ਚਕੀਆਂ ਸਨ।

੮ ਸਤੰਬਰ ਗਿ: ਮਾਨ ਸਿੰਘ ਝੌਰ ਗੁਰਦਾਸਪੁਰ ਫ਼ਾਰਸੀ ਦੇ ਆਲਮ, ਗੁਰਬਾਣੀ ਵਿਆਖਿਆਕਾਰ ਅਕਾਲ ਚਲਾਣਾ ਕਰ ਗਏ।

੧੧ ਸਤੰਬਰ ਪੁਲਸ ਵਲੋਂ ੫੫ ਸਿੰਘਾਂ ਨੂੰ ਪੰਜ ਬੱਸਾਂ ਰਾਹੀਂ ਫੀਰੋਜ਼ਪੁਰ ਜੇਲ ਲੈ ਜਾ ਰਹੇ ਸਨ ਰਾਤ ੧੧ ਵਜੇ ਤਰਨ ਤਾਰਨ ਸਰਹਾਲੀ ਰੋਡ ਵਾਲਾ ਰੇਲਵੇ ਫਾਟਕ ਵਿਖੇ ਇਕ ਬੱਸ ਦੀ ਰੇਲ ਗੱਡੀ ਨਾਲ ਟਕਰ ਹੋ ਗਈ ੩੪ ਸਿੰਘ ਸ਼ਹੀਦ ਹੋ ਗਏ ੨੧ ਸਿੰਘ ਜ਼ਖਮੀ ਹੋ ਗਏ ਇਨ੍ਹਾਂ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸ਼ਹੀਦੀ ਫਾਟਕ ਸਾਹਿਬ ਹੈ। ਮੱਸਾ ਰੰਘੜ ਸਰਕਾਰ ਵਲੋਂ ਕੋਈ ਜਾਂਚ ਨਹੀਂ ਕਰਵਾਈ ਗਈ ਕੋਈ ਮੁਆਵਜ਼ਾ, ਸਹਾਇਤਾ ਨਹੀਂ ਦਿਤੀ ਗਈ। ਹਰ ਸਾਲ ਯਾਦ ਮਨਾਈ ਜਾਂਦੀ ਹੈ।

੨੬ ਸਤੰਬਰ ਸੰਤ ਹਰਭਜਨ ਸਿੰਘ ਜੀ ਰੱਜ ੭੮ ਸਾਲ ਦੀ ਉਮਰ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ ਪਹਿਲਾ ਹੀ ਗਿ: ਸੂਰਜਪਾਲ ਸਿੰਘ ਨੂੰ ਪ੍ਰਚਾਰ ਦੇ ਕਾਰਜ ਸੌਂਪ ਦਿਤੇ ਯਾਦ ਵਿਚ ਮੈਮੋਰੀਅਲ ਬਿਰਧ ਆਸ਼ਰਮ ਅਨੰਦਪੁਰ ਚਲ ਰਿਹਾ ਹੈ, ਆਪ ਦੀ ਹਰ ਸਾਲ ਯਾਦ ਮਨਾਈ ਜਾਂਦੀ ਹੈ।

੯ ਅਕਤੂਬਰ ਅਨੰਦਪੁਰ ਮੋਰਚਾ ਦੇ ਸਬੰਧ ਵਿਚ ੩੮ ਹਜ਼ਾਰ ਸਿੰਘ ਜੇਲਾਂ ਵਿਚ ਡਕੇ ਹੋਏ ਸਨ। ਮੱਸਾ ਰੰਘੜ ਸਰਕਾਰ ਕੋਲ ਰਾਸ਼ਨ, ਰੋਟੀ, ਚਾਹ ਵੀ ਦੇਣ ਵਾਸਤੇ ਖਤਮ ਸੀ, ਹਰ ਸ਼ਹਿਰ ਦੇ ਸਿੰਘ ਲੰਗਰ ਤਿਆਰ ਕਰਕੇ ਜੇਲਾਂ ਵਿਚ ਛਕਾਉਂਦੇ। ਹਾਈ ਕੋਰਟ ਦੇ ਹੁਕਮ ਅਨੁਸਾਰ ਦੋ ਸੈਸ਼ਨ ਜੱਜਾ ਨੇ ਸਾਰੀਆਂ ਅਦਾਲਤਾਂ ਵਿਚ ਡਕੇ ਹੋਏ ਸਿੱਖਾਂ ਦੀ ਦੁਰਦਸ਼ਾ ਵੇਖ ਕੇ ਰਪੋਟ ਪੇਸ਼ ਕੀਤੀ ਕਿ ਡਕੇ ਹੋਏ ਸਿਖਾਂ ਨਾਲ ਪਸ਼ੂਆਂ ਵਾਲਾ ਵਿਹਾਰ ਹੋ ਰਿਹਾ ਹੈ।

੧੧ ਅਕਤੂਬਰ ਦਿੱਲੀ ਦੀ ਸਮਗਲਰ ਸਰਕਾਰ ਨੂੰ ਹਾਲਤ ਦਸਣ ਵਾਸਤੇ ਤਿੰਨ ਹਜ਼ਾਰ ਸਿੰਘਾਂ ਨੇ ਰੋਸ ਜਲੂਸ ਦਿਲੀ ਵਿਖਾਵਾ ਕੀਤਾ ਤਾਂ ਪੁਲਸ ਵਲੋਂ ੪ ਨਿਰਦੋਸ਼ ਸਿੰਘ ਸ਼ਹੀਦ ਕਰ ਦਿਤੇ ਗਏ। ਕੋਈ ਜਾਂਚ ਮੁਆਵਜਾ ਸਹਾਇਤਾ ਨਹੀਂ ਹੋਈ। ਸੰਤ ਬਾਬਾ ਜੰਗ ਸਿੰਘ ਸੀਘੜਾ (ਕਰਨਾਲ) ਸ਼ਹੀਦ ਹੋਏ ਇਨ੍ਹਾਂ ਦੀ ਯਾਦ ਹਰ ਸਾਲ ਮਨਾਈ ਜਾਂਦੀ ਹੈ।

੧੪ ਅਕਤੂਬਰ ਅੰਮ੍ਰਿਤਸਰ ਦੀ ਜੇਲ ਵਿਚ ਡਕੇ ਤਿੰਨ ਹਜ਼ਾਰ ਸਿੱਖਾਂ ਵਲੋਂ ਰੋਸ ਮਜ਼ਾਹਰਾ, ਭੁਖ ਹੜਤਾਲ ਕੀਤੀ ਗਈ।

੧੬ ਅਕਤੂਬਰ ਇੰਦਰਾ ਨੇ ਦੁਖੀ ਹੋ ਕੇ ਡਕੇ ਹੋਏ ਪੰਜਾਹ ਹਜ਼ਾਰ ਸਿੰਘਾਂ ਨੂੰ ਰਿਹਾ ਕਰਨ ਦਾ ਹੁਕਮ ਕੀਤਾ। ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਨ ਹੋਣ ਲਗਾ, ਤਮਾਕੂ ਦੀਆਂ ਦੁਕਾਨਾਂ ਦੂਰ ਹਟਾਉਣ ਦਾ ਹੁਕਮ ਹੋਇਆ, ਜਹਾਜ਼ ਵਿਚ ਕਿਰਪਾਨ ਰਖਣ ਦਾ ਹੁਕਮ ਹੋਇਆ।

੧੮ ਅਕਤੂਬਰ ਸਾਰੇ ਜਥੇਦਾਰ ਸਿੰਘ ਜੇਲਾਂ ਤੋਂ ਰਿਹਾ ਹੋ ਕੇ ਗੁਰੂ ਦਰਬਾਰ ਵਿਚ ਸ਼ੁਕਰਾਨਾ ਕਰਨ ਲਈ ਇਕੱਠੇ ਹੋ ਗਏ। ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਆਦਿ ਨੂੰ ਸਨਮਾਨ ਸਿਰਪਾਉ ਭੇਟ ਹੋਏ, ਭਾਰੀ ਰੌਣਕਾਂ ਸ਼ੁਕਰਾਨੇ ਹੋਏ। ਪਰ ਲਾਜਵੰਤ ਸਿੰਘ ਡੀ. ਐਸ. ਪੀ. ਪੁਲੀਸ ਨੇ ਇਕ ਨਿਹੰਗ ਬਲਵੰਤ ਸਿੰਘ ਨੂੰ ਸ਼ਹੀਦ ਕਰ ਦਿਤਾ।

੩੧ ਅਕਤੂਬਰ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਮੰਗਾ ਦਾ ਚਾਰਟ ਇੰਦਰਾ ਸਰਕਾਰ ਨੂੰ ਦਿਤਾ ਗਿਆ।

੧੪ ਨਵੰਬਰ ਕਸ਼ਮੀਰ ਤੋਂ ਡਾ: ਫਾਰੂਕ ਅਬਦੁਲਾ ਸ੍ਰੀ ਹਰਿਮੰਦਰ ਸਾਹਿਬ ਆਇਆ ਤਾਂ ਸੰਤ ਭਿੰਡਰਾਂ ਵਾਲਾ ਅਤੇ ਸੰਗਤ ਵਲੋਂ ਸਿੱਖ-ਮੁਸਲਮਾਨ ਏਕਤਾ ਜਿੰਦਾਬਾਦ ਦੇ ਨਾਹਰੇ ਲਗੇ।

੧੭ ਨਵੰਬਰ ਡਾ. ਫਾਰੂਕ ਅਬਦੁਲਾ ਇੰਦਰਾ ਨੂੰ ਦਿੱਲੀ ਮਿਲਿਆ ਤਾਂ ਉਹ ਸਿਖ-ਮੁਸਲਮਾਨ ਘਟ-ਗਿਣਤੀਆਂ ਦੀ ਏਕਤਾ ਸੁਣ ਕੇ ਔਖੀ ਹੋ ਗਈ।

੩੦ ਨਵੰਬਰ ਸ਼੍ਰੋ: ਗੁਰ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵਾਸਤੇ ਆਤਮਾ ਸਿੰਘ ਮੁਕਾਬਲੇ ਵਿਚ ਅੜ ਗਿਆ, ਪਰ ਸ: ਗੁਰਚਰਨ ਸਿੰਘ ਟੌਹੜਾ ਜੇਲ ਵਿਚ ਹੋਣ ਦੇ ਬਾਵਜੂਦ ਵੀ ਜਿੱਤ ਕੇ ਪ੍ਰਧਾਨ ਬਣ ਗਏ ਸ਼ੁਕਰਾਨਾ ਕੀਤਾ।

੧੯ ਨਵੰਬਰ ਦਿੱਲੀ ਵਿਖੇ ਏਸ਼ੀਆਈ ਖੇਡਾਂ ਹੋਈਆਂ ਪੰਥ ਵਲੋਂ ਬਾਈਕਾਟ ਕੀਤਾ ਗਿਆ, ਸਿੱਖਾਂ ਉਪਰ ਜ਼ੁਲਮ ਹੋਣ ਲਗੇ ਹਰਿਆਣਾ ਦਾ ਮੁਖ ਮੰਤਰੀ ਭਜਨ ਲਾਲ ਕਿਸੇ ਸਿਖ ਨੂੰ ਦਿੱਲੀ ਤੱਕ ਪਹੁੰਚਣ ਹੀ ਨਹੀਂ ਦੇਂਦਾ ਸੀ, ਨਿਰਦੋਸ਼ ਸਿਖਾਂ ਉਪਰ ਮੀਰ-ਮੰਨੂੰ ਮਸੇ ਰੰਘੜ ਵਾਲੇ ਜ਼ੁਲਮ ਹੋਏ। ਗੁਰਮਤਿ ਮਿਸ਼ਨਰੀ ਕਾਲਜ ਦਿਲੀ ਅਤੇ ਹੋਰ ਸੰਸਥਵਾਂ ਵਲੋਂ ਬਦੇਸ਼ਾਂ ਤੋਂ ਆਉਣ ਵਾਲੇ ਖਿਡਾਰੀਆਂ ਲਈ ਗੁਰਮਤਿ ਦਾ ਕਾਫੀ ਲਿਟਰੇਚਰ ਹਰ ਜ਼ਬਾਨ ਵਿਚ ਤਿਆਰ ਕੀਤਾ ਗਿਆ, ਪਰ ਸਮਗਲਰ ਸਰਕਾਰ ਵਲੋਂ ਸਖਤ ਪਾਬੰਦੀ ਲਗਾ ਕੇ ਸਿਖਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿਤਾ। ਗਿ: ਜ਼ੈਲ ਸਿੰਘ ਸਿਖ ਰਾਸ਼ਟਰਪਤੀ ਦੇ ਸਮੇਂ ਵੀ ਸਿਖਾਂ ਉਪਰ ਅਤਿ ਦੇ ਜ਼ੁਲਮ ਹੁੰਦੇ ਰਹੇ ਪਰ ਕੁਰਸੀ ਪਿਆਰੀ ਸੀ ?

੨੩ ਦਸੰਬਰ ਸ੍ਰੀ ਦਰਬਾਰ ਸਾਹਿਬ ਵਿਖੇ ਮੇਜਰ ਜਨਰਲ ਸੁਬੇਗ ਸਿੰਘ ਵਲੋਂ ਸਾਬਕਾ ਸਿਖ ਫੌਜੀਆਂ ਦਾ ਭਾਰੀ ਸੰਮੇਲਨ, ੮ ਹਜ਼ਾਰ ਧਰਮੀ ਫੌਜੀ ਸਿੰਘ ਇਕੱਠੇ ਹੋਏ, ਸ੍ਰੀ ਅਕਾਲ ਤਖਤ ਦਾ ਜਥੇਦਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਬਨਾਉਣ ਦਾ ਮਤਾ ਪਾਸ ਕੀਤਾ ਗਿਆ। ਮੇਜਰ ਜਨਰਲ ਜਸਵੰਤ ਸਿੰਘ ਭੁਲਰ ਵਲੋਂ ਦੁਸ਼ਟ ਸਰਕਾਰ ਨੂੰ ਵਾਰਨਿੰਗ ਦਿਤੀ ਗਈ, ਪਰ ਸਮਗਲਰ ਇੰਦਰਾ ਅਤੇ ਪੀ. ਸੀ. ਸੇਠੀ ਗ੍ਰਹਿ ਮੰਤਰੀ ਨੂੰ ਕਿ ਫੌਜਾਂ ਵਿਚ ਬਗਾਵਤ ਨਾ ਹੋ ਜਾਵੇ। ਸੰਤ ਲੌਂਗੋਵਾਲ ਵਲੋਂ ਦਿਤੀਆਂ ਮੰਗਾ ਤੇ ਵਿਚਾਰ ਕਰਨ ਵਾਸਤੇ ਮੁਲਾਕਾਤਾਂ ਹੋਣ ਲੱਗੀਆਂ। ਹਿੰਦੂਆਂ ਦੇ ੧੫ ਧਾਰਮਕ ਮੰਦਰਾਂ ਦੇ ਨਾਮ ਤੇ ੧੫ ਰੇਲ ਗੱਡੀਆਂ ਦੇ ਨਾਮ ਰਖੇ ਹੋਏ ਹਨ, ਪਰ ਗੋਲਡਨ ਟੈਂਪਲ ਐਕਸਪ੍ਰੈਸ ਦੀ ਮੰਗ ਪੂਰੀ ਨਹੀਂ ਕੀਤੀ ਗਈ। ਪੰਜਾਬੀ ਸੂਬੇ ਉਪਰ ਅੰਗਰੇਜ਼ੀ ਬੋਲਣ ਵਾਲੇ ਗਵਰਨਰ ਠੋਸੇ ਜਾਂਦੇ ਰਹੇ। ਪੰਜਾਬ ਐਂਡ ਸਿੰਧ ਬੈਂਕ ਨੂੰ ਕੌਮੀ ਬਣਾ ਕੇ ਹਿੰਦੀ ਠੋਸੀ ਗਈ, ਫੌਜ ਵਿਚ ਸਿਖਾਂ ਦੀ ਭਰਤੀ ਨਾਮ ਮਾਤਰ ਕਰ ਦਿਤੀ, ਸਿਖ ਰੈਜੀਮੰਟਾ ਦੇ ਕਮਾਂਡਰ ਵੀ ਕੇਸ ਦਾੜ੍ਹੀ ਕਟਵਾਉਣ ਲਗ ਪਏ। ਟੀ. ਵੀ ਤੋਂ ਜੋ ਸਿਖ ਅਦਾਇਗੀ ਕਰਦੇ ਪਤਿਤ ਅਤੇ ਲਚਰ ਜੀਵਨ ਵਾਲੇ ਵਿਖਾ ਕੇ ਸਿਖ ਕੌਮ ਨੂੰ ਬਦਨਾਮ ਕੀਤਾ ਜਾਣ ਲਗਾ, ਪੰਜਾਬ ਵਿਚ ਕਦੇ ਅਕਾਲੀ ਸਰਕਾਰ ਨੂੰ ਪੂਰੇ ਪ ਸਾਲ ਹਕੂਮਤ ਨਹੀਂ ਕਰਨ ਦਿਤੀ ਗਈ। ਸਿਖਾਂ ਨੂੰ ਬਰਬਾਦ ਕਰਨ ਲਈ, ਜੰਗ ਪਾਕਿਸਤਾਨ, ਚੀਨ, ਜੰਮੂ ਕਸ਼ਮੀਰ ਨਾਲ ਪੰਜਾਬ ਦੀਆਂ ਸਰਹੱਦਾਂ ਵਲੋਂ ਛੇੜੀ ਗਈ, ਕਦੇ ਵੀ ਜ਼ਿਮੀਦਾਰਾਂ ਨੂੰ ਮੁਆਵਜ਼ਾ ਨਹੀਂ ਦਿਤਾ ਗਿਆ। ਹਿੰਦੂ ਕਾਰਖਾਨੇ ਲਗਾਉਂਦੇ ਹਨ ਤਾਂ ਉਨ੍ਹਾਂ ਦੇ ਕਰਜ਼ੇ ਉਪਰ ਸੂਦ ਬਹੁਤ ਘਟ ਹੈ, ਬਿਨਾਂ ਸੂਦ ਤੋਂ ਵੀ ਕਰਜ਼ੇ ਦਿਤੇ ਜਾਂਦੇ ਹਨ, ਪਰ ਸਿਖ ਜ਼ਿਮੀਦਾਰਾਂ ਨੂੰ ਕਰਜੇ ਉਪਰ ਵਧੇਰੇ ਸੂਦ। ਅੰਗਰੇਜ਼ ਹਕੂਮਤ ਸਮੇਂ ਤਮਾਕੂ ਸਿਗਰਟ ਦੀ ਹਰ ਥਾਂ ਮਨਾਹੀ ਸੀ ਰੇਲ ਗੱਡੀ, ਬੱਸ, ਦਫਤਰ ਆਦਿ ਵਿਚ ਪਰ ਸਮਗਲਰ ਸਰਕਾਰ ਵਲੋਂ ਹਰ ਥਾਂ ਤਮਾਕੂ, ਸਿਗਰਟ, ਸ਼ਰਾਬ ਨਸ਼ੇ ਦੀ ਵਰਤੋਂ ਹੋ ਰਹੀ ਹੈ। ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਰਹਿੰਦੇ ਸਿਖਾਂ ਉਪਰ ਜ਼ੁਲਮ ਹੋ ਰਿਹਾ ਹੈ। ਪੰਜਾਬ ਦੀ ਆਪਣੀ ਰਾਜਧਾਨੀ ਹੀ ਨਹੀਂ ਹੈ।

ਹਰ ਕਿਸੇ ਸ਼ਹਿਰ ਵਿਚ ਲੀਡਰਾਂ ਦੇ ਨਾਮ ਤੇ ਸੜਕਾਂ ਦੇ ਨਾਮ ਰਖੇ ਹੋਏ ਹਨ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ, ਟੈਗੋਰ, ਸੁਭਾਸ਼, ਗੋਖਲੇ, ਅੰਬੇਦਕਰ, ਗਾਂਧੀ ਆਦਿ ਦੇ ਬੁਤ ਵੀ ਲਗੇ ਹੋਏ ਹਨ, ਪਰ ਜਦੋਂ ਸਿਖ ਗੁਰੂ ਸਾਹਿਬਾਨ ਦੇ ਨਾਮ ਤੇ ਕਿਸੇ ਸੜਕ ਦਾ ਨਾਮ ਗੁਰੂ ਗੋਬਿੰਦ ਸਿੰਘ ਮਾਰਗ, ਗੁਰੂ ਤੇਗ ਬਹਾਦਰ ਮਾਰਗ, ਹਰੀ ਸਿੰਘ ਨਲਵਾ ਮਾਰਗ, ਬਾਬਾ ਦੀਪ ਸਿੰਘ ਮਾਰਗ, ਸ਼ਹੀਦ ਊਧਮ ਸਿੰਘ

ਚੌਂਕ ਦਾ ਨਾਮ ਰਖਣ ਦੀ ਗੱਲ ਕਰਦੇ ਹਨ, ਤਾਂ ਇਨ੍ਹਾਂ ਜਾਤ-ਅਭਿਮਾਨੀਆਂ ਨੂੰ ਪਿਸ਼ੂ ਪੈਂਦੇ ਹਨ। ਇਕ ਰੇਲ ਗੱਡੀ ਦਾ ਨਾਮ ਗੋਲਡਨ ਟੈਂਪਲ ਨਹੀਂ ਰਖਿਆ ਜਾ ਰਿਹਾ। ਚੌਂਕ ਸ਼ਹੀਦ ਊਧਮ ਸਿੰਘ ਵਿਖੇ ਊਧਮ ਸਿੰਘ ਦਾ ਬੁਤ ਲਗਾਉਣ ਵਾਸਤੇ ਅੜਿਕੇ ਡਾਹੇ ਜਾ ਰਹੇ ਹਨ।

੪ ਜਨਵਰੀ ੧੯੮੩ ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੬ ਜਨਵਰੀ ਸ. ਉਜਾਗਰ ਸਿੰਘ ਝਬਾਲ, ਪੰਥ ਦੀ ਸੇਵਾ ਕਰਦੇ ਅਕਾਲ ਚਲਾਣਾ ਕਰ ਗਏ।

੯ ਜਨਵਰੀ ਸ੍ਰੀ ਦਰਬਾਰ ਸਾਹਿਬ ਵਿਖੇ ਸਿਖ ਵਿਦਵਾਨਾਂ ਦਾ ਭਾਰੀ ਇਕੱਠ ਹੋਇਆ, ਡਾਕਟਰ, ਪ੍ਰੋਫੈਸਰ, ਇੰਜੀਨੀਅਰ, ਵਕੀਲ, ਜਰਨਲਿਸਟ ਅਤੇ ਅਫਸਰ, ਲੇਖਕ, ਸਾਹਿਤਕਾਰ ਸ਼ਾਮਲ ਹੋਏ।

੬ ਫ਼ਰਵਰੀ ੮੩ ਪੰਜਾਬ ਦਾ ਗਵਰਨਰ ਏ. ਪੀ. ਸ਼ਰਮਾ ਬਣ ਗਿਆ, ੯ ਅਕਤੂਬਰ ਤਕ ਆਨੰਦ ਮਾਨਣ ਲਗਾ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਹੋਰ ਕਿਸੇ ਧਰਮ ਅਸਥਾਨ ਤੋਂ ਕੋਈ ਪ੍ਰਸਾਰਨ ਨਹੀਂ ਹੁੰਦਾ, ਪਰ ਸਿਖਾਂ ਨੂੰ ਵਿਸ਼ੇਸ਼ ਰਿਆਇਤ ਦਿਤੀ ਹੈ, ਪਰ ਇੰਦਰਾ ਨੂੰ ਇਹ ਨਹੀਂ ਪਤਾ ਕਿ ਕਿਸੇ ਹੋਰ ਥਾਂ ਤੋਂ ਇਲਾਹੀ ਸ਼ਬਦ ਕੀਰਤਨ ਹੁੰਦਾ ਹੀ ਨਹੀਂ ਹੈ।

੨੭ ਫਰਵਰੀ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਵਿਖੇ ਇੰਦਰਾ ਨੇ ਮੱਥਾ ਟੇਕ ਕੇ ਭਰੇ ਪੰਡਾਲ ਵਿਚ ਸਿੱਖਾਂ ਦੀਆਂ ਤਿੰਨ ਮੰਗਾਂ ਦਾ ਐਲਾਨ ਕੀਤਾ :—

(੧) ਸ੍ਰੀ ਹਰਿਮੰਦਰ ਸਾਹਿਬ ਦੇ ੩੦੦ ਸੌ ਮੀਟਰ ਆਲੇ ਦੁਆਲੇ ਤਮਾਕੂ ਮਾਸ, ਸ਼ਰਾਬ ਦੀਆਂ ਦੁਕਾਨਾਂ ਵਰਤੋਂ ਖਤਮ ਕੀਤੀ ਗਈ।

(੨) ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਹੀ ਸ਼ਬਦ-ਕੀਰਤਨ ਪ੍ਰਸਾਰਨ ਕੀਤਾ ਜਾਣਾ ਸ਼ੁਰੂ ਇੱਕ ਘੰਟਾ ਸਵੇਰੇ ਅਤੇ ਅੱਧਾ ਘੰਟਾ ਸ਼ਾਮ ਨੂੰ।

(੩) ਹਵਾਈ ਜਹਾਜ਼ ਵਿਚ ਸਫਰ ਕਰਨ ਵੇਲੇ ੯ ਇੰਚ ਦੀ ਕ੍ਰਿਪਾਨ ਗਾਤਰੇ ਵਿਚ ਰੱਖਣ ਦੀ ਖੁਲ੍ਹ ਅਤੇ ਆਲਇੰਡੀਆ ਸਿਖ ਗੁਰਦੁਆਰਾ ਐਕਟ ਪਾਸ ਕਰਵਾਉਣ ਦਾ ਵਿਸ਼ਵਾਸ਼ ਦਿਵਾਇਆ।

੩੦ ਮਾਰਚ ਸਵਾਮੀ ਸੰਤ ਦਾਸ ਜੀ ਪ੍ਰੀਤਮ ਭਵਨ, ਗੋਪਾਲ ਨਗਰ ਜਲੰਧਰ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

ਸੰਤ ਕਰਤਾਰ ਸਿੰਘ ਠੱਠਾ ਟਿਬਾ ਵਲੋਂ ਦਰਸ਼ਨੀ ਡਿਉਢੀ ਦੀ ਅੰਦਰਲੀ ਛੱਤ ਤੇ ਸੋਨੇ ਦੇ ਪਤਰੇ ਲਗਵਾਉਣ ਦੀ ਸੇਵਾ ਕਰਵਾਈ ਗਈ:

ਪੰਡਤ ਨਹਿਰੂ ਦੇ ਨਾਮ ਤੇ ਯੂਨੀਵਰਸਿਟੀ, ਸਟੇਡੀਅਮ, ਨਹਿਰ ਦੇ ਪੁਲ, ਦੁਸ਼ਟ ਇੰਦਰਾ ਦੇ ਨਾਮ ਤੇ ਹਵਾਈ ਅੱਡਾ ਤਾਂ ਹੈ, ਦਯਾ ਨੰਦ ਦੇ ਨਾਮ ਤੇ ਯੂਨੀਵਰਸਿਟੀ, ਕਦੇ ਕਿਸੇ ਸਿਖ ਨੇ ਇਤਰਾਜ਼ ਨਹੀਂ ਕੀਤਾ।

੪ ਅਪਰੈਲ ਰਸਤਾ ਰੋਕੋ ਪ੍ਰੋਗਰਾਮ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਨਾਲ ਠਾਠਾ ਮਾਰਦੇ ਜਲੂਸ ਵਲੋਂ ਸ੍ਰੀ ਹਰਿਮੰਦਰ ਦੇ ਆਲੇ-ਦੁਆਲੇ ਵਾਲੀਆਂ ਪੁਲਸ ਚੌਕੀਆਂ, ਬੈਰੀਅਰ ਕੈਬਨ, ਤੰਬੂ ਕੁਰਸੀਆਂ ਆਦਿ ਤੋੜ ਦਿੱਤੀਆਂ ਗਈਆਂ, ਸਿਖ ਧਰਮ ਇਨ੍ਹਾਂ ਪਾਬੰਦੀਆਂ ਵਿਰੁਧ ਚੈਲੰਜ ਹੈ। ਸਾਰੇ ਪੰਜਾਬ ਵਿਚ ੨੧ ਸਿੰਘ ਸ਼ਹੀਦ ਹੋਏ, ਅਨੇਕਾਂ ਜਥੇ ਗ੍ਰਿਫਤਾਰ ਹੋ ਕੇ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲੱਗੇ।

੧੪ ਅਪ੍ਰੈਲ ਅਨੰਦਪੁਰ ਮਤਾ ਲਈ ਧਰਮ ਯੁਧ ਵਾਸਤੇ ਇਕ ਲੱਖ ਦੀ ਸ਼ਹੀਦੀ ਫੌਜ ਮਰਜੀਵੜੇ ਤਿਆਰ ਕਰਨ ਵਾਸਤੇ ਫਾਰਮ ਭਰ ਕੇ ੩੦ ਹਜ਼ਾਰ ਦੇ ਪਹਿਲੇ ਜਥੇ ਵਲੋਂ ਸ੍ਰੀ ਅਕਾਲ ਤਖਤ ਵਿਖੇ ਸਿਰ-ਧੜ ਦੀ ਬਾਜ਼ੀ ਲਗਾਉਣ ਵਾਸਤੇ ਪ੍ਰਣ ਕੀਤਾ ਗਿਆ ਅਲੌਕਿਕ ਨਜ਼ਾਰਾ ਸੀ।

੧੭ ਅਪ੍ਰੈਲ ਸ਼ਹੀਦ ਹੋਏ ਸਿੰਘਾਂ ਦੀ ਯਾਦ ਸ਼ਹੀਦੀ ਦਿਨ ਪੰਥ ਵਲੋਂ ਮਨਾਇਆ ਗਿਆ।

੨੫ ਅਪ੍ਰੈਲ ਸ: ਅਵਤਾਰ ਸਿੰਘ ਅਟਵਾਲ ਡੀ.ਆਈ.ਜੀ. ਪੁਲਸ, ਸ੍ਰੀ ਹਰਿਮੰਦਰ ਤੋਂ ਬਾਹਰ ਘੰਟਾ ਘਰ ਡਿਉਢੀ ਤੋਂ ਬਾਹਰ ਨਿਕਲੇ ਤੇ ਗੋਲੀ ਮਾਰ ਕੇ ਮਰਵਾ ਦਿਤਾ, ਇਨ੍ਹਾ ਦੇ ਨਾਲ ਇਕ ਹੋਰ ੧੧ ਸਾਲ ਦਾ ਬੱਚਾ ਜ਼ਖਮੀ ਹੋਣ ਉਪਰੰਤ ਮਰ ਗਿਆ, ਇਹ ਕਮੀਨੀ ਸਾਜ਼ਸ਼ ਦਰਬਾਰਾ ਸਿੰਘ ਮੁਖ ਮੰਤਰੀ ਨ ਸਿਖਾਂ ਨੂੰ ਬਦਨਾਮ ਕਰਨ ਲਈ ਕਰਵਾਈ ਸੀ।

ਮਈ ਸ: ਜਸਾ ਸਿੰਘ ਆਹਲੂਵਾਲੀਆ ਦਾ ਦੋ ਸ ਸਾਲਾ ਦਿਹਾੜਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਾਬਾ ਅਟੱਲ ਵਿਖੇ ਮਨਾਇਆ ਗਿਆ ਗੁਰਮਤਿ ਪ੍ਰਕਾਸ਼ ਦਾ ਵਿਸ਼ੇਸ਼ ਅੰਕ ਵੰਡਿਆ ।ਗਿਆ, ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਦੁਨੀਆ ਦਾ ਵਿਸ਼ਸ਼ ਅੰਕ ਕੱਢਿਆ ਗਿਆ।

੧੨ ਮਈ ਸ੍ਰੀ ਅਕਾਲ ਤਖਤ ਵਿਖੇ ਮਰਜੀਵੜੇ ਸ਼ਹੀਦੀ ਜਥੇ ਨੇ ਪ੍ਰਣ ਕੀਤਾ। ਹਰਿਆਣਾ ਦੇ ਸਵਾਮੀ ਅਦਤਿਆਵੇਸ ਨੇ, ਸਿਖਾਂ ਨੂੰ ਹਰਿਆਣਾ ਵਿਚੋਂ ਕਢੇ ਜਾਣ, ਅਤੇ ਰਾਜਸਥਾਨ ਦੇ ਜੈ ਹਿੰਦੂ ਸੰਘ, ਵਲੋਂ ਸਿਖਾ ਨੂੰ ਰਾਜਿਸਥਾਨ ਵਿਚੋਂ ਕਢੇ ਜਾਣ ਦੀਆਂ ਧਮਕੀਆਂ ਦਿੱਤੀਆਂ, ਗੁਰਦੁਆਰੇ ਅਤੇ ਬੀੜਾ ਆਦਿ ਸਾੜੇ ਗਏ, ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਇੰਦਰਾ ਦਾ ਧਿਆਨ ਦਿਵਾ ਕੇ ਕਾਰਵਾਈ ਕਰਨ ਲਈ ਜ਼ੋਰ ਦਿਤਾ ਪਰ

ਸਮਗਲਰ ਹਾਕਮ ਸੁਣੀ ਅਣਸੁਣੀ ਕਰ ਛਡਦੇ।

੨੭ ਮਈ ਸ: ਹੁਕਮ ਸਿੰਘ ਪ੍ਰਧਾਨ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅਕਾਲ ਚਲਾਣਾ ਕਰ ਗਏ।

ਜੂਨ ਪੰਜਾਬ ਦੇ ਸਿਖਾਂ ਨੇ ਕਸ਼ਮੀਰ ਦੇ ਡਾ. ਫਾਰੂਕ ਅਬਦੁਲਾ ਨੈਸ਼ਨਲ ਕਾਨਫ੍ਰੰਸ ਵਿਚ ਚੋਣਾ ਸਮੇਂ ਸਹਾਇਤਾ ਕੀਤੀ, ਗੁਰਮਤਿ ਦੇ ਸਮਾਗਮ ਕਰਵਾਏ ਤਾਂ ਸਮਗਲਰ ਇੰਦਰਾ ਨੂੰ ਪਿਸੂ ਪੈਣ ਲਗੇ। ਰੂਸ ਦੇ ਤਰਲੇ ਕਰਨੇ ਸ਼ੁਰੂ ਕਰ ਦਿਤੇ ਕਿ ਸਿਖਾਂ ਨੂੰ ਖਤਮ ਕਰਵਾਉਣਾ ਹੈ।

੧੭ ਜੂਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵਲੋਂ, ਇੰਦਰਾ ਸਮਗਲਰ ਸਰਕਾਰ ਦੀਆਂ ਵਧੀਕੀਆਂ ਦੇ ਰੋਸ ਵਜੋਂ ਰੇਲ ਰੋਕੋ ਪ੍ਰੋਗਰਾਮ ਸਾਰੇ ਪੰਜਾਬ ਵਿਚ ਸਫਲ ਰਿਹਾ। ਸ੍ਰੀ.ਪੀ.ਸੀ. ਸੇਠੀ ਗ੍ਰਹਿ ਮੰਤਰੀ ਸੀ। ਬਦੇਸ਼ਾਂ ਤੋਂ ਰੋਜ਼ਾਨਾ ਪ੍ਰੈਸ ਰਿਪੋਰਟਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨਾਲ ਮੁਲਾਕਾਤਾਂ ਕਰਦੇ ਟੇਪ ਕਰਦੇ ਅਤੇ ਸਾਰੇ ਸੰਸਾਰ ਦੇ ਪ੍ਰੈਸਾਂ ਵਿਚ ਸੰਤ ਭਿੰਡਰਾਂਵਾਲਾ ਦੇ ਵਿਚਾਰ ਫੋਟੋ ਛਪਦੇ ਸਨ ਇੰਦਰਾ ਨੂੰ ਗਸ਼ ਪੈਂਦੇ।

੧੩ ਜੁਲਾਈ ਸਿਖਾਂ ਵਿਰੁਧ ਸਾਜ਼ਸ਼ ਕਰਨ ਲਈ ਰਾਜੀਵ, ਰੂਸ ਗਿਆ ਉਥੋਂ ਵਾਪਸ ਰਾਜਾ ਸਾਂਸੀ ਅੰਮ੍ਰਿਤਸਰ ਵਿਖੇ ਸਿਖਾਂ ਬਾਰੇ ਉਘੜ ਦੁਗੜ ਗੱਲ ਕਰਦਾ ਰਿਹਾ।

ਪੁਲਸ ਵਲੋਂ ਝੂਠੇ ਮੁਕਾਬਲਿਆਂ ਵਿਚ ਸਿਖਾਂ ਨੂੰ ਸ਼ਹੀਦ ਕੀਤਾ ਜਾਣ ਲਗਾ, ਤਿੰਨ ਨੌਜਵਾਨ ਝੂਠੇ ਪੁਲਸ ਮੁਕਾਬਲੇ ਵਿਚ ਸ਼ਹੀਦ ਕੀਤੇ ਗਏ ਤਾਂ ਲੌਂਗੋਵਾਲ ਵਲੋਂ ਅਜਿਹੇ ਕੇਸਾਂ ਦੀ ਜਾਂਚ ਪੜਤਾਲ ਪੈਰਵੀ ਕਰਨ ਵਾਸਤੇ ਸਿਖ ਵਕੀਲਾਂ ਦੀ ਕਮੇਟੀ ਬਣਾਈ ਗਈ ਸ: ਜੀ.ਐਸ. ਗਰੇਵਾਲ, ਮਨਜੀਤ ਸਿੰਘ ਖੈੜਾ, ਅਤੇ ਸ: ਅਜੀਤ ਸਿੰਘ ਸਰਹੱਦੀ ਵਲੋਂ ਤਫਤੀਸ਼ ਕਰਕੇ ਰਿਪੋਰਟ ਪੇਸ਼ ਕੀਤੀ ਗਈ। ਪ੍ਰਕਾਸ਼ ਸਿੰਘ ਬਾਦਲ ਅਤੇ ਲੌਂਗੋਵਾਲ, ਇੰਦਰਾ ਦੀਆਂ ਪ੍ਰਕਰਮਾ ਕਰ ਕੇ ਮੁਖ ਮੰਤਰੀ ਬਣਾਏ ਜਾਣ ਲਈ ਹਾੜੇ ਕਢਦੇ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਇਨਾਂ ਦੀਆਂ ਰਾਜ-ਅਭਿਮਾਨੀ ਚਾਲਾਂ ਤੋਂ ਆਮ ਸੰਗਤਾਂ ਨੂੰ ਸੁਚੇਤ ਕਰਦੇ। ਸੰਗਤਾਂ ਦੇ ਭਾਰੀ ਜਥੇ ਇਹ ਨਾਹਰੇ ਲਗਾਉਂਦੇ ਸੁਤੀ ਕੌਮ ਨੂੰ ਜਗਾਉਣ ਵਾਲਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਇਕ ਲੱਖ ੩੦ ਹਜ਼ਾਰ ਤੋਂ ਵੱਧ ਮਰਜੀਵੜੇ ਸ਼ਹੀਦੀ ਜਥੇ ਵਲੋਂ ਫਾਰਮ ਭਰ ਕੇ ਪ੍ਰਣ ਲਏ ਗਏ ਸਨ।

ਪ੍ਰਿੰਸੀਪਲ ਬਲਜੀਤ ਸਿੰਘ, ਸ: ਗੁਰਬਖਸ਼ ਸਿੰਘ ਚੇਅਰਮੈਨ ਅਤੇ ਹੋਰ ਸੂਝਵਾਨ ਵਿਦਵਾਨਾ ਵਲੋਂ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸਨਰ

ਕਾਲਜ, ਪਿੰਡ ਚੌਂਤਾ ਝਲੀਆਂ (ਰੰਪੜ) ਵਿਖੇ ਬਣਾਇਆ ਗਿਆ ਪਰ ਕਿਸੇ ਅਖੌਤੀ ਪੰਥਕ ਆਗੂ ਵਲੋਂ ਇਸ ਦੀ ਹਾਲਤ ਵੇਖ ਕੇ ਕੋਈ ਸਹਾਇਤਾ ਨਹੀਂ ਕੀਤੀ ਗਈ ਨਾ ਹੀ ਆਪਣਾ ਬੱਚਾ ਦਾਖਲ ਕਰਵਾਇਆ ?

ਮਹੰਤ ਪ੍ਰਤਾਪ ਸਿੰਘ ਕਾਉਕੇ ਜਗਰਾਉਂ ਤੋਂ ਪੰਦਰਵਾੜਾ ਨਿਰਮਲ ਪ੍ਰਕਾਸ਼ ਛਾਪ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਰਾਜਾ ਸਾਂਸੀ ਹਵਾਈ ਅਡੇ ਤੋਂ ਬਰਤਾਨੀਆਂ, ਆਦਿ ਵਲ ਜਾਣ ਆਉਣ ਦੀਆਂ ਸਹੂਲਤਾਂ ਬੰਦ ਕਰਕੇ ਸਿਖਾਂ ਨੂੰ ਤੰਗ ਕੀਤਾ ਗਿਆ।

੬ ਅਗਸਤ ਸ. ਅਮਰੀਕ ਸਿੰਘ ਪ੍ਰਧਾਨ ਸਿਖ ਸਟੂ. ਫੈਡਰੇਸ਼ਨ ਅਤੇ ੧੫ ਸਿੰਘਾਂ ਨੂੰ ਅਦਾਲਤ ਅੰਮ੍ਰਿਤਸਰ ਤੋਂ ਬਰੀ ਕੀਤਾ ਗਿਆ, ਪੁਲਸ ਨੇ ਦੋਬਾਰਾ ਗਿਰਫਤਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਤੋਂ ਬਚ-ਨਿਕਲ ਕੇ, ਸ੍ਰੀ ਦਰਬਾਰ ਸਾਹਿਬ, ਸ਼ੁਕਰਾਨਾ ਕੀਤਾ, ਖੁਸ਼ੀ ਵਿਚ ਮਾਹਲਪੁੜੇ ਲੰਗਰ ਲਗਾਇਆ ਗਿਆ।

੨੬ ਅਗਸਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਲੋਂ, ਇੰਦਰਾ ਸਮਗਲਰ ਸਰਕਾਰ ਦੀ ਫਿਰਕੂ ਹਠ ਨੀਤੀ ਵਿਰੁਧ ਰੋਸ ਵਜੋਂ ਸਾਰੇ ਸਰਕਾਰੀ, ਗੈਰ-ਸਰਕਾਰੀ ਦਫ਼ਤਰਾਂ ਕੰਮਾਂ ਵਿਚ ਕੰਮ-ਰੋਕੋ ਪ੍ਰੋਗਰਾਮ ਸਫ਼ਲ ਹੋਇਆ।

ਸਾਲਾਨਾ ਡੈਲੀਗੇਟ ਇਜਲਾਸ, ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਇਆ।

੨੦ ਸਤੰਬਰ ਸ. ਅਮਰੀਕ ਸਿੰਘ ਆਲ ਇੰਡ. ਸਿਖ ਸਟੂ. ਫੈਡਰੇਸ਼ਨ ਦਾ, ਪੰਜਵੀਂ ਵਾਰ ਪ੍ਰਧਾਨ ਚੁਣਿਆ ਗਿਆ। ਪਰ ਇੰਦਰਾ ਦੀ ਅਕਲ ਵੇਖੋ ਕਿ ਰੂਸ ਦੇ ਅਧਰਮੀ ਲੋਕਾਂ ਨਾਲ ਮਿਤਰਤਾ ਕਰਨੀ ਅਤੇ ਪੰਜਾਬ ਦੇ ਸੂਰਬੀਰ ਧਰਮੀ ਸੰਤ-ਸਿਪਾਹੀਆਂ ਉਪਰ ਜ਼ੁਲਮ ਅਤਿਆਚਾਰ ਦੀ ਨੀਤੀ ਸ਼ੁਰੂ ਕਰ ਦਿਤੀ। ਸ਼ਹੀਦਾਂ ਦੀ ਯਾਦ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਕਿਹਾ :-

"ਹਮੀ ਸੇ ਰੰਗੇ ਚਮਨ ਹਮੀ ਸੇ ਰੰਗੇ ਬਹਾਰ
ਹਮੀ ਕੋ ਗੁਲਸਿਤਾਂ ਮੇਂ ਕੋਈ ਆਸ਼ੀਆਨਾ ਨਾ ਮਿਲਾ"

੬ ਅਕਤੂਬਰ ਗਿ: ਜ਼ੈਲ ਸਿੰਘ ਰਾਸ਼ਟਰਪਤੀ ਨੇ ਦਰਬਾਰਾ ਸਿੰਘ ਦੇ ਮੰਤਰੀ ਮੰਡਲ ਦਾ ਭੋਗ ਪਾ ਕੇ, ਇੰਦਰਾ ਦਾ ਰਾਵਣ ਰਾਜ ਸ਼ੁਰੂ ਕਰਵਾ ਦਿਤਾ।

ਪੰਜਾਬ ਡਿਸਟਰਬਡ ਏਰੀਆ ਐਲਾਨ ਕਰਕੇ ਪੁਲਸ ਦੇ ਜ਼ੁਲਮ ਨਿਰਦੋਸ਼ ਸਿਖਾਂ ਦੀਆਂ ਗਿਰਫ਼ਤਾਰੀ ਆ, ਵਿਸ਼ੇਸ਼ ਫਿਰਕੂ ਜੱਜ, ਅਦਾਲਤਾਂ ਕਾਨੂੰਨ ਕਾਇਮ ਕਰ ਕੇ ਜੁਡੀਸ਼ੀਰੀ ਦਾ ਦਿਵਾਲਾ ਹੀ ਕਢਿਆ ਗਿਆ। ਪੰਥ ਦੇ ਹਿਤੈਸ਼ੀ ਵਕੀਲਾਂ ਨੂੰ ਸਾਲ ੧੯੮੦ ਤੋਂ ਅਦਾਲਤਾਂ ਵਿਚਲੇ ਸਾਰੇ ਸਿਖ ਮੁਕਦਮਆਂ

ਸਬੰਧੀ ਵੇਰਵੇ ਇਕਠੇ ਕਰਕੇ ਸੰਸਾਰ ਨੂੰ ਦਸਣ ਦੀ ਲੋੜ ਹੈ ਕਿ ਰੀਮਾਂਡ ਜ਼ਮਾਨਤਾਂ ਵਾਸਤੇ ਕਿਤਨੇ ਜ਼ੁਲਮ ਹੋਏ, ਅਦਾਲਤਾਂ ਦੇ ਫਿਰਕੂ ਜੱਜਾਂ ਨੇ ਆਪਣੀ ਕਮੀਨੀ ਜ਼ਹਿਨੀਅਤ ਦਾ ਪ੍ਰਤਖ ਸਬੂਤ ਦਿਤਾ ਹੈ।

੭ ਅਕਤੂਬਰ ਪੰਜਾਬ ਅਤੇ ਚੰਡੀਗੜ ਗੜਬੜ ਇਲਾਕਾ ਆਰਡੀਨੈਨਸ, ੧੯੮੩ ਲਾਗੂ ਕਰਕੇ ਸਿਖਾਂ ਉਪਰ ਜ਼ੁਲਮ ਹੋਣ ਲਗਾ। ਸ਼ੀ. ਆਰ. ਪੀ ਦੀ ਛਾਉਨੀ ਬਣਾ ਦਿਤਾ।

੧੦ ਅਕਤੂਬਰ ਪੰਜਾਬ ਦਾ ਗਵਰਨਰ, ਏ.ਡੀ. ਪਾਂਡੇ ਮਿਤੀ ੩ ਜੁਲਾਈ ੧੯੮੪ ਤੱਕ ਆਜ਼ਾਦੀ ਦੇ ਅਨੰਦ ਮਾਣਨ ਲਗਾ। ਸਰਕਾਰ ਦੇ ਸਾਰੇ ਦਫਤਰਾਂ ਵਿਚ ਕੰਮ ਅੰਗਰੇਜ਼ੀ ਵਿਚ ਹੋਣ ਲਗ ਪਏ।

ਚੀਫ਼ ਖਾਲਸਾ ਦੀਵਾਨ ਵਲੋਂ ਸਿਖ ਐਜੂਕੇਸ਼ਨਲ ਕਾਨਫਰੰਸ ਦੀ ਡਾਇਮੰਡ ਜੁਬਲੀ ਅੰਮ੍ਰਿਤਸਰ ਭਾਰੀ ਰੌਣਕਾਂ ਨਾਲ ਮਨਾਈ ਗਈ।

੧੧ ਅਕਤੂਬਰ ਅਕਾਲੀ ਦਲ ਵਲੋਂ ਅੰਮ੍ਰਿਤਸਰ ਵਿਖੇ ਭਾਰੀ ਸਮਾਗਮ ਕਰਕੇ ਮਤੇ ਪਾਸ ਕੀਤੇ ਗਏ।

੧੨ ਅਕਤੂਬਰ ਇੰਦਰਾ ਦੇ ਰਾਵਣ ਰਾਜ ਵਲੋਂ ਵਿਸ਼ੇਸ਼ ਕਾਲੇ ਕਾਨੂੰਨ ਅਦਾਲਤਾਂ, ਝੂਠੇ ਪੁਲਸ ਮੁਕਾਬਲੇ ਦਾ ਦੌਰ ਸ਼ੁਰੂ ਹੋ ਗਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਸ਼ਹੀਦ ਕਰਨ ਦੀਆਂ ਕਮੀਨੀਆਂ ਸਾਜ਼ਸ਼ਾਂ ਹੋਣ ਲਗੀਆਂ ਕਿ ਗੁਰੂ ਨਾਨਕ ਨਿਵਾਸ ਦੀ ਚਾਰ ਮੰਜ਼ਲਾ ਇਮਾਰਤ ਨੂੰ ਹੀ ਬੰਬਾਂ ਨਾਲ ਨਸ਼ਟ ਕਰ ਦਿਤਾ ਜਾਵੇ।

ਸ ਪ੍ਰੀਤਮ ਸਿੰਘ ਭਿਡਰ ਆਈ. ਜੀ. ਪੁਲਸ ਵਲੋਂ ਕੋਈ ਖ਼ਤਰਨਾਕ ਲੋੜੀਂਦਾ ਅਤਿਵਾਦੀ ਨਹੀਂ ਹੈ ਦੀ ਰਪੋਟ ਪੇਸ਼ ਕੀਤੀ ਗਈ।

੧੫ ਅਕਤੂਬਰ ਦੀ ਆਰਮਡ ਫ਼ੋਰਸਜ਼ (ਪੰਜਾਬ, ਚੰਡੀਗੜ੍ਹ) ਸਪੈਸ਼ਲ ਪਾਵਰਜ਼ ਆਰਡੀਨੈਨਸ, ੧੯੮੩ ਲਾਗੂ ਕਰਕੇ ਹੋਰ ਫੌਜਾਂ ਭੇਜੀਆਂ ਗਈਆਂ, ਪੰਜਾਬ ਦੇ ਪਿੰਡਾਂ ਵਿਚਲੇ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰਨ ਦਾ ਦੌਰ ਸ਼ੁਰੂ ਹੋ ਗਿਆ। ਬਾਦਲ ਬਰਨਾਲਾ ਵੇਖਦੇ ਰਹੇ।

ਨਵੰਬਰ ਸ. ਰਣਜੀਤ ਸਿੰਘ ਨੂੰ ਨਕਲੀ ਨਿਰੰਕਾਰੀ ਗੁਰਬਚਨੇ ਦੇ ਕਤਲ ਕੇਸ ਵਿਚ ਗਿਰਫਤਾਰ ਕੀਤਾ ਗਿਆ ਇਸ ਦੇ ਨਾਲ ਮੁਲਾਕਾਤ ਲਈ ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਭਾਨ ਸਿੰਘ ਦਿਲੀ ਗਏ, ਐਡੀਸ਼ਨਲ ਸੈਸ਼ਨ ਜੱਜ ਊਸ਼ਾ ਮਹਿਰਾ, ਤਿਹਾੜ ਜੇਲ੍ਹ ਦੇ ਅੰਦਰ ਹੀ ਸੁਣਵਾਈ ਕਰਦੀ ਰਹੀ, ਪਰ ਪੰਥ ਦੇ ਕਿਸੇ ਅਖੌਤੀ ਲੀਡਰ ਜਾਂ ਵਕੀਲ ਵਲੋਂ ਕੋਈ ਸਹਾਇਤਾ ਨਹੀਂ ਕੀਤੀ ਗਈ।

੧੫ ਦਸੰਬਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਗੁਰੂ ਨਾਨਕ ਨਿਵਾਸ

ਦੀ ਇਮਾਰਤ ਦਾ ਤਿਆਗ ਕਰਕੇ, ਸ੍ਰੀ ਅਕਾਲ ਤਖ਼ਤ ਦੀ ਉਪਰਲੀ ਮੰਜ਼ਿਲ ਵਿਖੇ ਰਹਿਣ ਲਗੇ, ਤਾਂ ਜਥੇਦਾਰ ਗਿ: ਕਿਰਪਾਲ ਸਿੰਘ ਅਕਾਲ ਤਖ਼ਤ ਵਲੋਂ ਇਤਰਾਜ਼ ਕੀਤਾ ਗਿਆ ਤਾਂ ਅਕਾਲ ਤਖ਼ਤ ਦੇ ਨਾਲ ਲਗਦੇ ਮਕਾਨਾਂ ਦੀ ਵਰਤੋਂ ਕਰਨ ਲਗੇ, ਜਨਰਲ ਸੁਬੇਗ ਸਿੰਘ ਦੀ ਅਗਵਾਈ ਵਿਚ ਕਿਲ੍ਹਾ-ਬੰਦੀ, ਮੋਰਚੇ ਬਣਨੇ ਸੁਰਖਿਆ ਕਾਰਵਾਈ ਸ਼ੁਰੂ ਹੋ ਗਏ।

ਇੰਦਰਾ ਦੀ ਅਕਲ ਦਾ ਦੀਵਾਲਾ ਕਿ ਕਸ਼ਮੀਰ ਦੇ ਮੁਸਲਮਾਨਾਂ, ਈਸਾਈਆਂ ਪਾਰਸੀਆਂ, ਤਿਬਤੀਆਂ, ਮਿਜ਼ੋਰਮ ਦੇ ਲਾਲਡੇਂਗਾ ਆਦਿ ਨੂੰ ਹਰ ਤਰ੍ਹਾਂ ਦੀਆਂ ਆਜ਼ਾਦੀ ਦੀਆਂ ਵਿਸ਼ੇਸ਼ ਸਹੂਲਤਾਂ ਪਰ ਸਿਖ ਜੋ ਹਮੇਸ਼ਾਂ ਭਾਰਤ ਦੀ ਰਖਿਆ ਵਾਸਤੇ ਕੁਰਬਾਨੀਆਂ ਦੇਂਦੇ ਰਹੇ, ਅਨਾਜ਼ ਭੰਡਾਰ ਭਰਦੇ ਰਹੇ ਉਨ੍ਹਾਂ ਉਪਰ ਅਤਿ ਦੇ ਜ਼ੁਲਮ, ਜੇਲ੍ਹਾਂ। ਦੁਖ ਦੀ ਗੱਲ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਲੌਂਗੋਵਾਲ ਵਲੋਂ ਬੱਬਰ ਦਲ ਬਣਾ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਵਿਰੋਧ ਕਰਨ ਲਗੇ ਅਤੇ ਆਪ ਇੰਦਰਾ ਦੀਆਂ ਪਰਕਰਮਾ ਕਰਦੇ ਕਿ ਮੁਖ ਮੰਤਰੀ ਬਣ ਕੇ ਹੋਰ ਕੁਰਪਸ਼ਨ ਕਰ ਸਕਣ। ਸੰਤ ਭਿੰਡਰਾਂਵਾਲਾ ਦੇ ਵਖ ਵਖ ਜਥੇ, ਦਲ ਖਾਲਸਾ, ਬੱਬਰ ਖਾਲਸਾ, ਦਸਮੇਸ਼ ਰੈਜਮੈਂਟ, ਭਿੰਡਰਾਂਵਾਲਾ ਟਾਈਗਰਜ਼ ਯੂਥ ਖਾਲਸਾ, ਖਾਲਿਸਤਾਨ ਕਮਾਂਡੋ ਫੋਰਸ, ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਪੀਸ ਕੌਂਸਲ, ਐਮਨੈਸਟੀ, ਸਿਖ ਫੋਰਮ, ਹਿਊਮਨ ਰਾਈਟਸ ਆਰਗੇਨਾਈਜੇਸ਼ਨ ਕਾਇਮ ਹੋ ਕੇ ਅਨੰਦਪੁਰ ਦੇ ਮਤੇ ਨੂੰ ਲਾਗੂ ਕਰਨ,ਵਿਸ਼ੇਸ਼ ਅਧਿਕਾਰ ਦੇਣ ਵਾਸਤੇ ਸਰਗਰਮ ਹੋ ਗਈਆਂ।

ਡਾ: ਕਸ਼ਮੀਰ ਸਿੰਘ ਅਤੇ ਸ: ਬਿਕਰਮ ਸਿੰਘ ਵਲੋਂ, ਗੁਰਦੁਆਰਾ ਐਕਟ ੧੯੨੫ ਵਿਰੁਧ ਸੁਪਰੀਮ ਕੋਰਟ ਵਿਚ ਰਿਟ ਨੰ: ੫੨੦੩ ਦਾਇਰ ਕੀਤੀ ਗਈ।

ਇੰਦਰਾ ਦੀ ਗੰਗੂ ਜ਼ਹਿਨੀਅਤ ਕਿ ਪਟਿਆਲਾ ਦੇ ਪਵਨ ਕੁਮਾਰ ਵਲੋਂ ਨਾਜਾਇਜ਼ ਅਸਲਾ ਬਣਾਉਣ ਦਾ ਕਾਰਖਾਨਾ ਅਤੇ ਅਸਲਾ ਪਕੜਿਆ ਗਿਆ ਤਾਂ ਉਸ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ਉਦੋਂ ਇਹ ਕਾਨੂੰਨ ਪੁਲਸ, ਅਦਾਲਤਾਂ ਦੇ ਜੱਜ, ਵਕੀਲ ਭੰਗ ਪੀ ਕੇ ਕਿਉਂ ਸੌਂ ਗਏ ?

੨੬-੩੧ ਦਸੰਬਰ ਫ਼ੈਡਰੇਸ਼ਨ ਵਲੋਂ ਗਰਮਤਿ ਟਰੇਨਿੰਗ ਕੈਂਪ ਮੰਜੀ ਸਾਹਿਬ, ਜਨਰਲ ਸੁਬੇਗ ਸਿੰਘ, ਸ: ਜਸਵੰਤ ਸਿੰਘ ਭੁਲਰ, ਸ. ਗੁਰਤੇਜ ਸਿੰਘ ਵਲੋਂ 'ਕਉ ਕਿਸੀ ਕੋ ਰਾਜ ਨਹਿ ਦੇ ਹੈ, ਜੋ ਲੇ ਹੈਂ ਨਿੱਜ ਬਲ ਸੇ ਲੇ ਹੈਂ' ਦੇ ਭਾਸ਼ਨ ਦਿਤੇ ਗਏ।

੨੬ ਜਨਵਰੀ ੧੯੮੪ ਰਾਜ ਅਭਿਮਾਨੀ ਲੀਡਰ ਪ੍ਰਕਾਸ਼ ਸਿੰਘ ਬਾਦਲ,

ਸੁਰਜੀਤ ਸਿੰਘ ਬਰਨਾਲਾ ਵਲੋਂ ਸੰਵਿਧਾਨ ਦਾ ਆਰਟੀਕਲ ੨੫ (੨) ਦੀਆਂ ਕਾਪੀਆਂ ਸਾੜਨ ਦਾ ਨਾਟਕ ਕੀਤਾ ਗਿਆ।

੨੭ ਜਨਵਰੀ ਪੰਥ ਵਲੋਂ ਸੰਤ ਲੌਂਗੋਵਾਲ ਦੇ ਵਿਰੁਧ, ਉਸ ਦੇ ਦਫਤਰ ਸਾਹਮਣੇ ਰੋਸ ਮਜ਼ਾਹਰਾ ਹੋਇਆ।

੧੪ ਫਰਵਰੀ ਮਕਾਰ ਇੰਦਰਾ ਸਿਖਾਂ ਨੂੰ ਖਤਮ ਕਰਨ ਲਈ ਰੂਸ ਤੋਂ ਸਹਾਇਤਾ ਲੈਣ ਗਈ।

੧੫ ਫ਼ਰਵਰੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਵਿਖੇ ਗੁਰੂ ਰਾਮਦਾਸ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਚਿਤਰ ਤੋੜ ਕੇ ਦੁਸ਼ਟ ਹਰਬੰਸ ਲਾਲ ਖੰਨਾ, ਸੇਵਾ ਰਾਮ ਕਾਂਗਰਸੀ ਐਮ. ਐਲ. ਏ. ਨੇ ਮੂਰਖਤਾ ਦਾ ਸਬੂਤ ਦਿਤਾ, ਅਤੇ ਸਰਕਾਰ ਵਲੋਂ ਉਸ ਦੁਸ਼ਟ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ਪਰ ਸਿੰਘਾਂ ਨੇ ਹਰਬੰਸ ਲਾਲ ਖੰਨਾ ਨੂੰ ਗਡੀ ਚੜ੍ਹਾ ਦਿਤਾ।

੧੭ ਫ਼ਰਵਰੀ ਸੀ. ਆਰ. ਪੀ ਦੇ ਜਵਾਨਾਂ ਵਲੋਂ ਗੁਰੂ ਰਾਮਦਾਸ ਸਰਾਏ ਵਾਲੇ ਪਾਸੇ ਤੋਂ ਸਵੇਰੇ ੧੦.੩੦ ਵਜੇ ਤੋਂ ਸ਼ਾਮ ੫ ਵਜੇ ਤਕ ਗੋਲੀ ਚਲਾਈ ਗਈ ਦਰਬਾਰ ਸਾਹਿਬ ਵਲ ਵੀ ਗੋਲੀ ਚਲਦੀ ਰਹੀ।

੧੯ ਫ਼ਰਵਰੀ ਪਾਨੀਪਤ, (ਹਰਿਆਣਾ) ਵਿਖੇ ੮ ਨਿਰਦੋਸ਼ ਸਿਖਾਂ ਨੂੰ ਸ਼ਹੀਦ ਕੀਤਾ ਗਿਆ। ਦਸ਼ਟ ਭਜਨ ਲਾਲ ਮਖ ਮੰਤਰੀ ਵੇਲੇ ਅਤਿ ਦੇ ਜ਼ੁਲਮ ਕੀਤੇ ਜਾਣ ਲਗੇ।

੧੫-੨੦ ਫਰਵਰੀ ਰੋਹਤਕ, ਕਰਨਾਲ, ਪਾਨੀਪਤ, ਜੀਂਦ, ਕੈਂਥਲ, ਅੰਬਾਲਾ ਵਿਖੇ ੬ ਗੁਰਦੁਆਰੇ ਸਾੜੇ ਗਏ, ਕੋਈ ਮੁਆਵਜ਼ਾ ਨਹੀਂ ਦਿਤਾ ਗਿਆ। ਅਖੌਤੀ ਪੰਥਕ ਲੀਡਰ ਮੂੰਹ ਵੇਖਦੇ ਰਹੇ।

੨੪ ਫ਼ਰਵਰੀ ਲੈਫ਼. ਜਨ. ਜਗਜੀਤ ਸਿੰਘ ਅਰੋੜਾ ਸਿਖ ਫੋਰਮ, ਦਿਲੀ ਤੋਂ ਸ੍ਰੀ ਹਰਿਮੰਦਰ ਸਾਹਿਬ, ਸਾਰੀ ਹਾਲਤ ਵੇਖਣ ਲਈ ਪਹੁੰਚੇ।

੨੭ ਫ਼ਰਵਰੀ ਸੰਵਿਧਾਨ ਦੀ ਧਾਰਾ ੨੫(੨) ਵਿਰੁਧ ਮੋਰਚਾ ਲਗਾ ਕੇ ਪੰਨਾ ਫਾੜ ਕੇ ਸਾੜਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਦਿਲੀ ਵਿਖੇ ਗਿਰਫਤਾਰ ਹੋਇਆ। ਚੰਡੀਗੜ ਗਿਰਫਤਾਰੀਆਂ ਹੋਈਆਂ।

੨੮ ਫਰਵਰੀ ਸ੍ਰੀ ਹਰਿਮੰਦਰ ਦੇ ਦੁਆਲੇ ਗੇਟ, ਜੰਗਲੇ, ਕਿਲ੍ਹਾਬੰਦੀ ਸੁਰਖਿਆ ਮੋਰਚੇ ਬਣਾਏ ਗਏ।

੪ ਮਾਰਚ ਰੂਸ ਦਾ ਅਧਰਮੀ ਡੀਫੈਂਸ ਮੰਤਰੀ ਮਾਰਸ਼ਲ ਉਸਤੀਨੇਵ ਦਿੱਲੀ ਇੰਦਰਾ ਨੂੰ ਮਿਲਿਆ, ਪੰਜਾਬ ਦੇ ਸਿਖਾਂ ਨੂੰ ਖ਼ਤਮ ਕੀਤੇ ਜਾਣ ਵਾਸਤੇ ਪਾਕਿਸਤਾਨ ਦੇ ਨਾਲ ਜੰਗ ਛੇੜਨ ਪੰਜਾਬ ਨੂੰ ਬਰਬਾਦ ਕਰਨ ਵਾਸਤੇ ਸਰਬ-

ਨਾਸ ਅਸਲਾ ਸਪਲਾਈ ਕੀਤਾ ਗਿਆ, ਪਰ ਇਨ੍ਹਾਂ ਅਕਲ ਦੇ ਅਨ੍ਹਿਆਂ ਨੂੰ ਇਹ ਨਹੀਂ ਪਤਾ ਕਿ ਇਹ ਪੰਜਾਬ ਦੀ ਧਰਤੀ ਗੁਰੂਆਂ ਅਤੇ ਧਰਮੀ ਸ਼ਹੀਦਾਂ, ਸੰਤ ਸਿਪਾਹੀਆਂ ਦੀ ਧਰਤੀ ਹੈ ਇਸ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ ਜੋ ਵੀ ਕਮੀਨੀਆਂ ਸਾਜ਼ਸ਼ਾਂ ਕਰੇਗਾ, ਉਸੇ ਦਾ ਹੀ ਅੰਤ ਹੋ ਜਾਵੇਗਾ।

੧੮ ਮਾਰਚ ਗੰਗੂ ਸਰਕਾਰ ਵਲੋਂ ਫੈਡਰੇਸ਼ਨ ਜਥੇਬੰਦੀਆਂ, ਹਰਾਵਲ ਦਸਤੇ ਤੇ ਪਾਬੰਦੀ ਲਗਾ ਕੇ ਹਜ਼ਾਰਾਂ ਨਿਰਦੋਸ਼ ਸਿਖ ਘਰਾਂ ਤੋਂ ਗਿਰਫਤਾਰ ਕੀਤੇ ਗਏ। ਜਿਵੇਂ ਸਿਖਾਂ ਦੀ ਆਜ਼ਾਦੀ ਜੇਲਾਂ ਵਿਚ ਹੀ ਹੈ ?

ਗ੍ਰਿਹ ਮੰਤਰੀ ਪੀ.ਸੀ. ਸੇਠੀ ਨੇ ਦੋਸ਼ ਲਗਾਇਆ ਸੀ ਕਿ ਦਰਬਾਰ ਸਾਹਿਬ ਵਿਖੇ ੪੦ ਖ਼ਤਰਨਾਕ ਮੁਜਰਮ ਦੋਸ਼ੀ ਅਤਿਵਾਦੀ ਰਹਿੰਦੇ ਹਨ। ਪਰ ਸ੍ਰ: ਪੀ.ਐਸ. ਭਿੰਡਰ ਆਈ.ਜੀ. ਪੁਲਸ ਨੇ ਰਿਪੋਰਟ ਦਿਤੀ ਸੀ ਕਿ ਕੋਈ ਵੀ ਅਤਿਵਾਦੀ ਲੋੜੀਂਦਾ ਮੁਜਰਮ ਦਰਬਾਰ ਸਾਹਿਬ ਨਹੀਂ ਹੈ।

੨੧ ਮਾਰਚ ਡਾ. ਸਰੂਪ ਸਿੰਘ ਮੈਂਬਰ ਰਾਜਯ ਸਭਾ ਨੇ ਪੰਜਾਬ ਦੇ ਸਿਖਾਂ ਉਪਰ ਜ਼ੁਲਮ ਦੀ ਗੱਲ ਕੀਤੀ ਤਾਂ ਮਕਾਰ ਇੰਦਰਾ ਨੇ ਅਣਸੁਣੀ ਕਰ ਦਿਤੀ।

ਇੰਦਰਾ ਸ੍ਰੀ ਅਕਾਲ ਤਖਤ ਤੋਂ ਸੰਤ ਭਿੰਡਰਾਂਵਾਲਾ ਨੂੰ ਖ਼ਤਮ ਕਰਨਾ ਚਾਹੁੰਦੀ ਸੀ, ਪਰ ਇਸ ਨੂੰ ਪਤਾ ਸੀ ਕਿ ੧੯੭੧ ਵਿਚ ਲੈਫ: ਜਨਰਲ ਜੇ.ਐਸ. ਅਰੋੜਾ ਨੇ ਢਾਕਾ ਬੰਗਲਾ ਦੇਸ਼ ਵਿਖੇ ਏ.ਕੇ. ਨਿਆਜ਼ੀ ਦੀ ਇਕ ਲਖ ਸ਼ਸਤਰ-ਧਾਰੀ ਫ਼ੌਜ ਨੂੰ ਸਰੰਡਰ ਕਰਵਾ ਲਿਆ ਸੀ, ਇਸੇ ਤਰ੍ਹਾਂ ਹੀ ਕੁਝ ਖਾੜਕੂਆਂ ਨੂੰ ਵੀ ਆਰਾਮ ਨਾਲ਼ ਸਰੰਡਰ ਕਰਵਾਇਆ ਜਾ ਸਕਦਾ ਸੀ। ਨਿਰਦੋਸ਼ ਸਿਖਾਂ ਦੇ ਹਰ ਤਰ੍ਹਾਂ ਸਾਰੇ ਖ਼ੂਨ ਖਰਾਬੇ ਨੂੰ ਟਾਲਿਆ ਜਾ ਸਕਦਾ ਸੀ ਹੈਰਾਨੀ ਹੈ ਕਿ ਭਾਰਤ ਵਿਚ ਕਿਸ ਤਰ੍ਹਾਂ ਦਾ ਲਾਹਨਤੀ ਲੋਕ ਰਾਜ ਹੈ, ਕਿਸ ਤਰ੍ਹਾਂ ਦੇ ਪ੍ਰਬੰਧਕ ਹਾਕਮ ਰਾਜੇ ਸ਼ੀਂਹ ਹਨ ?

੨੩ ਮਾਰਚ ਰਾਜੀਵ ਵਲੋਂ ਸਿਖਾਂ ਵਿਰੁਧ ਭੜਕਾਊ ਬਿਆਨ ਦਿਤਾ ਗਿਆ ਕਿ ਪੁਲਸ ਧਰਮ ਅਸਥਾਨਾਂ ਮੰਦਰਾਂ ਵਿਚ ਦਾਖ਼ਲ ਹੋ ਸਕਦੀ ਹੈ।

੨੮ ਮਾਰਚ ਸ: ਹਰਬੰਸ ਸਿੰਘ ਮਨਚੰਦਾ ਪ੍ਰਧਾਨ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਲੀ ਵਿਚ ਕਤਲ ਕਰਵਾ ਦਿਤਾ ਗਿਆ।

ਸੰਤ ਜਰਨੈਲ ਸਿੰਘ ਨੇ ਆਪਣੀ ਸੁਪਤਨੀ ਪ੍ਰੀਤਮ ਕੌਰ, ਸਪੁਤਰ ਈਸ਼ਰ ਸਿੰਘ ੧੨ ਸਾਲ, ਇੰਦਰਜੀਤ ਸਿੰਘ ੯ ਸਾਲ ਨੂੰ ਪਿੰਡ ਰੋਡੇ ਜ਼ਿਲ੍ਹਾ ਫਰੀਦਕੋਟ ਭੇਜ ਦਿਤਾ ਸੀ।

੩੧ ਮਾਰਚ ਬਲਵੰਤ ਸਿੰਘ ਮਕਾਰ ਨੇ ਸੰਤ ਭਿੰਡਰਾਂਵਾਲਾ ਦੇ ਵਿਰੁਧ

ਮਕਾਰ ਇੰਦਰਾ ਨੂੰ ਚਿਠੀ ਲਿਖੀ ਸੀ ਕਿ ਸ੍ਰੀ ਦਰਬਾਰ ਸਾਹਿਬ ਉਪਰ ਬਰਬਾਦੀ ਕੀਤੀ ਜਾਵੇ। ਆਪ ਡੁਬਈ ਆਪਣੇ ਕਾਰਖਾਨੇ ਦੀ ਸੰਭਾਲ ਕਰਨ ਖਿਸਕ ਗਿਆ।

ਇੰਦਰਾ ਸਰਕਾਰ ਵਲੋਂ ਸੰਵਿਧਾਨ ਦੀ ਧਾਰਾ ੨੫ (੨) ਦੀ ਸੋਧ ਕੀਤੇ ਜਾਣ ਦੀ ਮੰਗ ਪ੍ਰਵਾਨ ਕਰ ਲਈ ਗਈ।

੧੩ ਅਪਰੈਲ ਵਿਸਾਖੀ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਾ ਵਿਚ ਆਪਸੀ ਤਕਰਾਰ ਈਰਖਾ ਭਿਆਨਕ ਰੂਪ ਧਾਰਨ ਕਰ ਗਿਆ।

੧੪ ਅਪਰੈਲ ਸ: ਗੁਰਚਰਨ ਸਿੰਘ ਸਕੱਤਰ ਅਕਾਲੀ ਦਲ ਨੂੰ ਹਟਾਉਣ ਦੇ ਮਾਮਲੇ ਤੇ ਸੰਤ ਭਿੰਡਰਾਂਵਾਲੇ ਦੇ ਨਿਕਟ ਸਾਥੀ ਸ: ਸੁਰਿੰਦਰ ਸਿੰਘ ਸੋਢੀ ਨੂੰ ਅੰਮ੍ਰਿਤਸਰ ਵਿਖੇ ਕਤਲ ਕਰ ਦਿਤਾ ਗਿਆ। ਇਸ ਨੂੰ ਲੌਂਗੋਵਾਲ ਦੇ ਗਰੁਪ ਦੀ ਬੀਬੀ ਬਲਜੀਤ ਕੌਰ ਨੇ ਕਤਲ ਕਰਵਾਇਆ ਸੀ, ਸੋ ਬੀਬੀ ਬਲਜੀਤ ਕੌਰ ਨੂੰ ਵੀ ਕਤਲ ਕਰ ਦਿਤਾ ਗਿਆ।

੧੫ ਅਪਰੈਲ ੩੭ ਰੇਲਵੇ ਸਟੇਸ਼ਨਾਂ ਤੇ ਅੱਗਾਂ ਲੱਗੀਆਂ, ਸਾੜਫੂਕ ਹੋਈ।

੨੪ ਅਪਰੈਲ ਤੋ ੩੧ ਅਪਰੈਲ ੧੯੮੪ ਸੰਵਿਧਾਨ ਦੀ ਧਾਰਾ ੨੫ (੨) ਵਿਰੁਧ ਮੋਰਚਾ, ਲਗਾ ਰਿਹਾ।

੨੬ ਅਪਰੈਲ ੧੯੮੪ ਮੋਗਾ, ਗੁਰਦੁਆਰਾ ਵਿਖੇ ਗੋਲੀ ਕਾਂਡ, ਦੁਖਾਂਤ ਹੋਇਆ।

੨੬ ਅਪਰੈਲ ਸ਼ਰੋਮਣੀ ਅਕਾਲੀ ਦਲ ਦਾ ਸਕੱਤਰ ਗੁਰਚਰਨ ਸਿੰਘ ਨੂੰ ਹਟਾ ਕੇ ਗੁਰਦੇਵ ਸਿੰਘ ਨੂੰ ਲਗਾ ਦਿਤਾ ਗਿਆ।

ਹਰਬੰਸ ਲਾਲ ਖੰਨਾ ਦੀ ਮੌਤ, ਹੜਤਾਲ ਸਮੇਂ ਪੁਲਸ ਵਲੋਂ ਸ. ਨਰਿੰਦਰ ਸਿੰਘ, ਮਹਿੰਦਰ ਸਿੰਘ ਦੁਕਾਨਦਾਰ ਫਰੂਟ ਵਾਲੇ ਨੂੰ ਗੋਲੀ ਮਾਰ ਕੇ ਮਾਰ ਦਿਤਾ ਗਿਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਕਹਿੰਦੇ ਸੀ ਕਿ ਅਸੀਂ ਕਦੇ ਵਖਰੇ ਖਾਲਸਤਾਨ ਦੀ ਮੰਗ ਨਹੀਂ ਕੀਤੀ ਪਰ ਸਾਨੂੰ ਅਣਖ ਆਜ਼ਾਦੀ ਬਰਾਬਰੀ ਲਈ ਸਾਰੇ ਆਜ਼ਾਦ ਹਾਲਾਤ ਦਿਤੇ ਜਾਣ, ਸਿਖਾਂ ਦਾ ਇਤਿਹਾਸ ਦੇਸ਼ ਵਾਸਤੇ ਕੁਰਬਾਨੀਆਂ ਭਰਪੂਰ ਹੈ, ਜੇ ਕਰ ਅਕਾਲ ਤਖਤ ਤੇ ਹਮਲਾ ਕੀਤਾ ਗਿਆ ਤਾਂ ਸਮਝੋ ਸਰਕਾਰ ਆਪੇ ਹੀ ਖਾਲਸਤਾਨ ਦੀ ਨੀਂਹ ਰਖ ਦੇਵੇਗੀ।

੧੦ ਮਈ ਜਥੇ. ਪ੍ਰਤਾਪ ਸਿੰਘ ਐਡੀਟਰ ਗਿਆਨ ਅੰਮ੍ਰਿਤ ਮਾਸਕ ਨੂੰ ਉਸ ਦੇ ਘਰ ਚੌਕ ਟਾਹਲੀ ਵਾਲਾ ਕਤਲ ਕਰ ਦਿਤਾ ਗਿਆ।

੧੧ ਮਈ ਗਿ: ਸੰਤ ਸਿੰਘ ਮਸਕੀਨ ਗੁਰਦੁਆਰਾ ਬੰਗਲਾ ਸਾਹਿਬ

ਦਿਲੀ ਕਥਾ ਕਰਦੇ ਤਾਂ ਇਨ੍ਹਾਂ ਵਿਰੁਧ ਪੰਜਾਬ ਸਕਿਉਰਟੀ ਐਕਟ ਅਧੀਨ ਕੇਸ ਰਜਿਸਟਰ ਕਰਵਾ ਦਿਤਾ ਗਿਆ।

੧੨ ਮਈ ਸ੍ਰੀ ਰਮੇਸ਼ ਚੰਦ ਐਡੀਟਰ ਜੂਠ ਬਾਣੀ ਹਿੰਦ ਸਮਾਚਾਰ ਜਲੰਧਰ ਨੂੰ ਕਤਲ ਕਰ ਦਿਤਾ ਗਿਆ। ਸੰਤ ਹਰਚੰਦ ਸਿੰਘ ਲੌਂਗੋਵਾਲ, ਬਾਦਲ ਬਰਨਾਲਾ ਗਰੁਪ ਨੇ ਇੰਦਰਾ ਨੂੰ ਅਕਾਲ ਤਖਤ ਤੇ ਫੌਜੀ ਕਾਰਵਾਈ ਕਰਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਗਿਰਫਤਾਰ ਕਰਨ ਲਈ ਵਿਚਾਰਾਂ ਕੀਤੀਆਂ ਅਤੇ ੩ ਜੂਨ ੧੯੮੪ ਹਮਲੇ ਵਾਸਤੇ ਫੈਸਲਾ ਹੋ ਗਿਆ।

੧੪ ਮਈ ਗਿਰਫਤਾਰ ਹੋਏ ਅਕਾਲੀ ਆਗੂ, ਜਥੇਦਾਰ, ਰਿਹਾ ਕੀਤੇ ਗਏ।

੧੮ ਮਈ ਇੰਦਰਾ ਐਲਾਨ ਕਰਦੀ ਰਹੀ ਕਿ ਪੁਲਸ ਫੌਜ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਹੋਵੇਗੀ ਨਾਲੋ ਨਾਲ ਡੇਹਰਾਦੂਨ ਦੇ ਨੇੜੇ ਚਕਰੌਤਾ ਵਿਖੇ ਦਰਬਾਰ ਸਾਹਿਬ, ਅਕਾਲ ਤਖਤ ਦਾ ਮਾਡਲ ਬਣ ਕੇ ਫੌਜੀ ਤਬਾਹੀ ਰਿਹਰਸਲ ਕਰਦੇ ਰਹੇ, ਜਿਥੇ ਇਕ ਜਹਾਜ਼ ਨਸ਼ਟ ਵੀ ਹੋ ਗਿਆ।

੨੨ ਮਈ ਸੰਤ ਕ੍ਰਿਪਾਲ ਸਿੰਘ ਜੀ, ਡੇਰਾ, ਸਤੋ ਵਾਲੀ, ੬੯ ਸਾਲ ਦੀ ਉਮਰ ਵਿਚ ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ, ਸੰਤ ਮਖਣ ਸਿੰਘ ਪ੍ਰਬੰਧ ਚਲਾਉਣ ਲਗੇ, ਹਰ ਸਾਲ ਯਾਦ ਮਨਾਈ ਜਾਂਦੀ ਹੈ।

੨੬ ਮਈ ਇੰਦਰਾ ਨੇ ਸ. ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਲੌਂਗੋਵਾਲ ਗਵਰਨਰ ਪੰਜਾਬ ਨਾਲ ਮੁਲਾਕਾਤ ਕੀਤੀ, ਗਿ. ਜ਼ੈਲ ਸਿੰਘ ਰਾਸ਼ਟਰਪਤੀ ਨਾਲ ਵਿਚਾਰਾਂ ਹੋਈਆਂ ਕਿ ਦੁਖਾਂਤ ਟਲ ਸਕੇ।

੩੦ ਮਈ ਮਕਾਰ ਇੰਦਰਾ ਨੇ ਸ੍ਰੀ ਹਰਿਮੰਦਰ ਦੀ ਬਰਬਾਦੀ ਵਾਸਤੇ ਗਿ; ਜ਼ੈਲ ਸਿੰਘ ਰਾਸ਼ਟਰਪਤੀ ਨੂੰ ਫੌਜਾਂ ਪੰਜਾਬ ਵਿਚ ਭੇਜੇ ਜਾਣ ਲਈ ਕਿਹਾ, ਰਾਸ਼ਟਰਪਤੀ ਦੇ ਹੁਕਮਾਂ ਨਾਲ ਫੌਜਾਂ ਪੰਜਾਬ ਪਹੁੰਚ ਗਈਆਂ। ਸ੍ਰੀ ਹਰਿਮੰਦਰ ਨੂੰ ਅਤਿਵਾਦੀਆਂ ਦਾ ਅਡਾ ਕਹਿ ਕੇ ਬਦਨਾਮ ਕੀਤਾ ਜਾਣ ਲਗਾ।

੩੧ ਮਈ ਪੰਜਾਬ ਵਿਚ ਗੁੰਡਾ ਅਨੁਸਰ ਵਲੋਂ ਪਵਿਤਰ ਬੀੜਾਂ ਸਾੜੀਆਂ ਗਈਆਂ, ਸਿਖਾਂ ਉਪਰ ਅਤਿਆਚਾਰ ਹੋਏ।

ਭਾਰਤ ਸਰਕਾਰ ਦਾ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਸੀ। ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸਾਰੀ ਬਰਬਾਦੀ ਦੀ ਸਾਜ਼ਸ਼ ਦਾ ਪਤਾ ਈ ਇਸ ਕਰਕੇ ਉਹ ਆਪਣੇ ਪਿੰਡ ਬਾਦਲ ਗਿਦੜਬਾਹ ਵਲ ਖਿਸਕ ਗਿਆ।

੧ ਜੂਨ ਭਾਰਤ ਦੀਆਂ ਫੌਜਾਂ, ਬੀ. ਐਸ. ਐਫ, ਸੀ. ਆਰ. ਪੀ, ਪੁਲਸ ਆਦਿ ਨੇ ਸ੍ਰੀ ਹਰਿਮੰਦਰ, ਅਤੇ ਅੰਮ੍ਰਿਤਸਰ ਨਗਰ ਨੂੰ ਛਾਉਣੀ ਬਣਾ ਦਿਤਾ।

ਕਾਫੀ ਦਹਿਸ਼ਤ ਹੋਣ ਲਗੀ। ਮਕਾਰ ਇੰਦਰਾ ਵਲੋਂ ਯੂ. ਐਨ. ਓ ਦੀ ਵੀਨਸ ਸੰਧੀ ੧੯੬੪ ਦੀ ਘੋਰ ਉਲੰਘਣਾਂ ਕੀਤੀ ਗਈ। ਦਿਨ ਦੇ ੧੨ ਵਜੇ ਸ੍ਰੀ ਹਰਿਮੰਦਰ ਸਾਹਿਬ ਵਲ ਗੋਲੀ ਚਲਾਈ ਗਈ ੩੦ ਗੋਲੀਆਂ ਲਗੀਆਂ ਸੰਗਤਾਂ ਇਧਰ ਉਧਰ ਹੋ ਗਈਆਂ।

੨ ਜੂਨ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਜਨਰਲ ਏ. ਐਸ. ਵੈਦਯ, ਹੈਲੀ ਕਾਪਟਰ ਦੁਆਰਾ ਸਾਰੇ ਹਾਲਾਤ ਵੇਖਦੇ ਰਹੇ ਦੁਸ਼ਟ ਅਰੁਨ ਸਿੰਘ ਨੇ ਬਰਬਾਦੀ ਦੀ ਸਕੀਮ ਤਿਆਰ ਕਰਵਾਈ ਸੀ।

੨ ਜੂਨ ੧੯੮੪ ਫੌਜਾਂ ਵਲੋਂ ਪੰਜਾਬ ਦੇ ੩੬ ਇਤਿਹਾਸਕ ਗੁਰ-ਦੁਆਰਿਆ ਦੇ ਦੁਆਲੇ ਸਖਤ ਘੇਰਾ ਬੰਦੀ ਕਰ ਲਈ, ਪਰ ਮਕਾਰ ਇੰਦਰਾ ਨੇ ਰੇਡੀਓ ਅਤੇ ਟੀ.ਵੀ. ਤੇ ਖ਼ਬਰ ਦੇਂਦੇ ਕਿਹਾ ਕਿ ਫ਼ੌਜ ਸ੍ਰੀ ਹਰਿਮੰਦਰ ਵਿਚ ਦਾਖਲ ਨਹੀਂ ਹੋਵੇਗੀ, ਇਸ ਧੋਖੇਬਾਜ਼ ਨੇ ਆਮ ਸੰਗਤਾਂ ਨੂੰ ਭੁਲੇਖੇ ਵਿਚ ਰਖਿਆ। ਸਾਰੇ ਗੁਰ ਅਸਥਾਨਾਂ ਵਿਖੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਬੰਧੀ ਸ੍ਰੀ ਅਖੰਡ ਪਾਠ ਹੋ ਰਹੇ ਸਨ, ਪੁਰਬ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪਰ ਲੌਂਗੋਵਾਲ ਵਲੋਂ ਇੰਦਰਾ ਨੂੰ ਟੈਲੀਫੋਨ ਕਰਕੇ ੩ ਜੂਨ ਨੂੰ ਹੀ ਹਮਲੇ ਕਰਨ ਦੀਆਂ ਸਾਜ਼ਸ਼ਾਂ ਹੋ ਰਹੀਆਂ ਸਨ ਕਿਉਂਕਿ ਸੰਤ ਭਿੰਡਰਾਵਾਲਾ ਵਲੋਂ ੩ ਜੂਨ ਸ਼ਾਮ ਨੂੰ ਸਰਕਾਰ ਵਿਰੁਧ ਨਾ-ਮਿਲਵਰਤਣ ਲਹਿਰ ਚਲਾਉਣ ਦਾ ਨੋਟਿਸ ਦਿਤਾ ਹੋਇਆ ਸੀ ਕਿ ਪੰਜਾਬ ਦਾ ਅਨਾਜ ਹੋਰਨਾ ਸੂਬਿਆਂ ਵਲ ਨਹੀਂ ਜਾਵੇਗਾ ਸਰਕਾਰੀ ਕਰਜ਼ੇ ਅਤੇ ਟੈਕਸ ਆਦਿ ਨਹੀਂ ਦਿਤੇ ਜਾਣਗੇ। ੧੨ ਫੌਜੀ ਬਟਾਲੀਅਨਾਂ ਨੇ ਅੰਮ੍ਰਿਤਸਰ ਘੇਰਾ ਬੰਦੀ ਕਰ ਲਈ। ਸਰਾਏ, ਅਕਾਲ ਰੈਸਟ ਹਾਊਸ, ਬ੍ਰਹਮ ਬੂਟਾ ਵਿਖੇ ਫੌਜ ਨੇ ਕਬਜ਼ਾ ਘੇਰਾ ਘਤ ਲਿਆ।

੩ ਜੂਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਸੰਗਤਾਂ ਬੜੇ ਉਤਸ਼ਾਹ ਨਾਲ ਮਨਾ ਰਹੀਆਂ ਸਨ ਪਰ ਕਮੀਨੀ ਇੰਦਰਾ ਨੇ ਪੰਜਾਬ ਦੇ ਸਾਰੇ ਟੈਲੀਫੋਨ ਡੈਡ ਕਰਵਾ ਦਿਤੇ, ਅਖਬਾਰ ਆਵਾਜਾਈ ਬੰਦ ਕਰਵਾ ਕੇ ੩੬ ਘੰਟੇ ਦਾ ਕਰਫਿਊ ਲਗਵਾ ਦਿਤਾ, ਫੌਜੀ ਹਮਲੇ ਰਾਤ ਦੇ ਹਨ੍ਹੇਰੇ ਵਿਚ ਬਿਜਲੀ ਪਾਣੀ ਦੇ ਕੁਨੈਕਸ਼ਨ ਕਟ ਕੇ ਨਿਰਦੋਸ਼ ਸ਼ਰਧਾਲੂ ਸੰਗਤਾਂ ਨੂੰ ਸ਼ਹੀਦ ਜ਼ਖਮੀ ਅਤੇ ਗ੍ਰਿਫਤਾਰ ਕੀਤਾ ਗਿਆ।

੪ ਜੂਨ ਨੂੰ ਦੁਸ਼ਟ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਸ੍ਰੀ ਰਣਜੀਤ ਸਿੰਘ ਦਿਆਲ ਸੁੰਦਰ ਜੀ ਮੇਜਰ ਚਠਾ ਅਤੇ ਜਨਰਲ ਏ. ਐਸ. ਵੈਦਯ ਮੌਕੇ ਤੇ ਸਨ। ਰਾਜਪੂਤ ਡੋਗਰਾ ਮੁਸਲਮਾਨ ਮਦਰਾਸੀ ਰੈਜਮੈਂਟਾਂ ਵਲੋਂ ਹਮਲਾ ਕੀਤਾ ਗਿਆ। ਬਰਗੇਡੀਅਰ ਦੀਵਾਨ ਅਤੇ ਮੁਸਲਮਾਨ ਲੈਫ. ਕਰਨਲ

ਈਸਾਰ ਖਾਨ ਆਪਣੀ ਬਟਾਲੀਅਨ ਰਾਹੀਂ ਪ੍ਰਕਰਮਾਂ ਵਿਚ ਦਾਖਲ ਹੋਇਆ। ਸਵੇਰੇ ਅੰਮ੍ਰਿਤ ਵੇਲੇ ੪.੪੦ ਵਜੇ ਤੋਪ ਦੇ ਗੋਲੇ ਦਰਬਾਰ ਸਾਹਿਬ, ਪ੍ਰਕਰਮਾ ਅਕਾਲ ਤਖਤ ਵਲ ਡਿਗਣੇ ਸ਼ੁਰੂ ਹੋ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਠਾਹਰਾ ਸਿੰਘ, ਸ: ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਮੇਜਰ ਜਨਰਲ ਜੇ.ਐਸ. ਭੁਲਰ ਅਤੇ ਸੰਗਤਾਂ ਡਟ ਕੇ ਮੁਕਾਬਲਾ ਕਰਨ ਲਗੀਆਂ।

ਮਕਾਰ ਇੰਦਰਾ ਦੀ ਗਿਣੀ-ਮਿਥੀ ਵੱਡੀ ਸਾਜ਼ਸ਼ ਅਨੁਸਾਰ ਸਾਰੇ ਸੰਚਾਰ ਸਾਧਨ, ਰੇਲ ਗੱਡੀਆਂ, ਬੱਸਾਂ, ਹਵਾਈ ਜਹਾਜ਼ ਉਡਾਣਾ ਟੈਲੀਫੋਨ ਅਖਬਾਰ, ਰੈਡ ਕਰਾਸ, ਸੇਵਾ ਸੰਮਤੀਆਂ, ਬੰਦ ਕਰਵਾ ਦਿਤੀਆਂ। ਕਰਫਿਊ ਦੀ ਹਾਲਤ ਵਿਚ ਤੋਪਾਂ ਦੇ ਗੋਲੇ ਜ਼ਹਿਰੀਲੀਆਂ ਗੈਸਾਂ, ਟੈਕਾਂ ਜੰਗੀ ਜਹਾਜ਼ਾਂ, ਰਾਕਟਾਂ ਨਾਲ ਅੰਧਾ-ਧੁੰਦ ਲਗਾਤਾਰ ੭੨ ਘੰਟੇ ਬਰਬਾਦੀ ਸਾੜ-ਫੂਕ ਕੀਤੀ ਗਈ ਜੇ ਕਿਸੇ ਬਦੇਸ਼ੀ ਦੁਸ਼ਮਨ ਨਾਲ ਵੀ ਇਸ ਤਰ੍ਹਾਂ ਦੀ ਜ਼ਾਲਮਾਨਾ ਤਬਾਹੀ ਕਾਰਵਾਈ ਨਹੀਂ ਕੀਤੀ ਜਾਂਦੀ।

੪ ਜੂਨ ਨੂੰ ਪੰਚਮੀ ਕਰਕੇ ਸੰਗਤਾਂ ਗੁਰਦੁਆਰਿਆਂ ਸਰੋਵਰਾਂ ਵਿਖੇ ਘਿਰ ਗਈਆ ਗੋਲੀਆਂ ਦਾ ਸ਼ਿਕਾਰ ਹੋਈਆ ਲਾਸ਼ਾਂ ਦੇ ਢੇਰ ਲਗ ਗਏ।

ਗਿਆਨੀ ਸਾਹਿਬ ਸਿੰਘ, ਪੂਰਨ ਸਿੰਘ, ਮੋਹਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਆਦਿ ੨੪ ਸਿੰਘ, ਰਾਤ ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਗੈਲਰੀ ਵਿਚ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਹਰਿ ਕੀ ਪਉੜੀ ਉਪਰ ੮ ਵਜੇ ਰਾਤ ਨੂੰ ਸੰਤੋਖ ਕੇ ਬਰਾਜਮਾਨ ਕਰ ਦਿਤਾ ਗਿਆ। ਗਿ. ਸੋਹਣ ਸਿੰਘ ਅਤੇ ਸ: ਦਵਿੰਦਰ ਸਿੰਘ ਦੁਗਲ ਸਿਖ ਰੈਫਰੈਂਸ ਲਾਇਬਰੇਰੀ ਵਿਖੇ ਹੀ ਹਾਲਾਤ ਵੇਖਦੇ ਰਹੇ। ਅੰਮ੍ਰਿਤਸਰ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕੀਂ ਸਾਰੀ ਰਾਤ ਤੋਪਾਂ ਦੇ ਗੋਲਿਆਂ ਦੀਆਂ ਆਵਾਜ਼ਾਂ ਧੂਆਂ ਅੱਗਾਂ ਵੇਖਦੇ ਸੁਣਦੇ ਵਾਹਿਗੁਰੂ ਵਾਹਿਗੁਰੂ ਹੀ ਕਰਦੇ ਰਹੇ। ਪਰ ਗੰਗੂ ਬ੍ਰਾਹਮਣ ਫੌਜੀਆਂ ਵਾਸਤੇ ਚਾਹ, ਹਲਵਾ ਪੂਰੀਆਂ ਦੇ ਲੰਗਰ ਲਗਾਉਂਦੇ ਰਹੇ।

੫ ਜੂਨ ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ੪ ਵਜੇ ਪ੍ਰਕਾਸ਼ ਕੀਤਾ ਭਾਈ ਅਵਤਾਰ ਸਿੰਘ, ਭਾਈ ਬਲਵੰਤ ਸਿੰਘ ਰਾਗੀ ਨੂੰ ਗੋਲੀਆਂ ਲੱਗੀਆਂ, ਜ਼ਖਮੀ ਅਤੇ ਸ਼ਹੀਦ ਹੋ ਗਏ। ੭ ਵਜੇ ਸਮਾਪਤੀ ਕੀਤੀ, ੮ ਵਜੇ ਗੋਲੀਆਂ ਪਾਵਨ ਸਰੂਪ ਨੂੰ ਲੱਗੀਆਂ, ੮੨ ਪਤਰੇ ਖ਼ਰਾਬ ਹੋ ਗਏ। ੨੫ ਸਿੰਘ ਡਕੇ ਰਹੇ। ਦਸ ਵਜੇ–ਲੰਗਰ ਵਾਲੀ ਡਿਉਢੀ ਵਲੋਂ ੧੨ ਟੈਂਕ, ਬਖਤਰ-ਬੰਦ ਗੱਡੀਆਂ, ਫੌਜ, ਅਤੇ ਕਮਾਂਡੋ ਦਾਖਲ ਹੋਏ ਲੈਫ: ਕਰਨਲ ਅਸਗਰ ਖਾਨ ਵਲੋਂ ਸ੍ਰੀ ਅਕਾਲ ਤਖਤ ਦੇ ਅੰਦਰ,

ਸੀ.ਐਸ. ਗੈਸ ਸੁਟੀ ਗਈ ਸਾਰਾ ਦਿਨ ਗੋਲਾਬਾਰੀ ਹੁੰਦੀ ਰਹੀ। ਸ਼ਹੀਦੀਆਂ ਹੋਣ ਲਗੀਆਂ। ਡੱਟਵਾਂ ਮੁਕਾਬਲਾ ਹੋਇਆ ਇੰਦਰਾ ਵਲੋਂ ਹੈਲੀਕਾਪਟਰ ਰਾਹੀਂ ਸਾਰੇ ਹਾਲਾਤ ਸਾੜ-ਫੂਕ ਬਰਬਾਦੀ ਵੇਖੀ ਗਈ। ਗਿਆਨੀ ਸੋਹਣ ਸਿੰਘ ਨਾਲ ਦੁਰਵਿਹਾਰ ਕੀਤਾ ਗਿਆ।

ਫ਼ੌਜ ਵਲੋਂ ਸ਼ਾਮ ੫-੩੦ ਵਜੇ ਐਲਾਨ ਕੀਤਾ ਗਿਆ ਕਿ ਜੋ ਕੋਈ ਕਿਸੇ ਕਮਰੇ ਵਿਚ ਅੰਦਰ ਹੈ, ਅੱਧੇ ਘੰਟੇ ਵਿਚ ਬਾਹਰ ਆ ਜਾਵੇ।

ਚੌਕ ਘੰਟਾ ਘਰ ਵਿਖੇ ਗੰਗੂ ਬ੍ਰਾਹਮਣਾਂ ਵਲੋਂ ਫ਼ੌਜੀਆਂ ਵਾਸਤੇ ਚਾਹ ਹਲਵਾ ਪੂਰੀਆਂ ਦੇ ਲੰਗਰ ਕਰਫਿਊ ਵਿਚ ਵੀ ਲਗਾ ਕੇ ਵਰਤਾਏ ਸਨ।

ਅੰਮ੍ਰਿਤਸਰ ਤੋਂ ਆਲੇ-ਦੁਆਲੇ ਦੇ ਪਿੰਡਾਂ ਦੇ ਭਾਰੀ ਜਥੇ ਸੰਗਤਾਂ ਰੋਸ ਮਜ਼ਾਹਰਾ ਕਰਦੇ ਬਾਹਰਲੀਆਂ ਸੜਕਾਂ ਤੇ ਹੀ ਫ਼ੌਜ ਵਲੋਂ ਰੋਕ ਕੇ ਤੋਪਾਂ ਟੈਂਕਾਂ ਨਾਲ ਉਡਾਉਣ ਦੀਆਂ ਧਮਕੀਆਂ ਦਿਤੀਆਂ ਗਈਆਂ ਜੋ ਬੇ-ਵਸ ਅਤੇ ਰੋਣਹਾਕੇ ਹੋ ਗਏ। ਵਾਹਿਗੁਰੂ ਦਾ ਭਾਣਾ ਹੀ ਸਮਝ ਕੇ ਚੁਪ ਰਹੇ। ੩੦ ਅਕਤੂਬਰ ੧੯੯੦ ਮੰਗਲਵਾਰ ਅਯੁਧਿਆ ਰਾਮ ਜਨਮ ਭੂਮੀ ਬਾਬਰੀ ਮਸਜਦ ਦੇ ਫਸਾਦ ਸਮੇਂ ਫ਼ੌਜੀ ਅਫ਼ਸਰਾਂ ਨੇ ਗੁੰਡਾ ਅਨਸਰ ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿਤਾ ਸੀ ਕਿ ਗਲਤ ਹੁਕਮ ਦੀ ਪਾਲਣਾਂ ਨਹੀਂ ਕਰਨੀ ਪਰ ਉਨ੍ਹਾਂ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਗਈ।

ਅੰਮ੍ਰਿਤਸਰ ਨਗਰ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਸਾਰੀ ਰਾਤ ਤੋਪਾਂ ਦੇ ਗੋਲਿਆਂ, ਜੰਗੀ ਜਹਾਜ਼ਾਂ ਰਾਹੀਂ ਰਾਕਟ ਬੰਬ ਗਿਡਣ ਦੀ ਹਾਲਤ, ਅੱਗਾਂ ਗੈਸਾਂ, ਧੂਆਂ ਵੇਖ ਕੇ ਵਾਹਿਗੁਰੂ ਵਾਹਿਗੁਰੂ ਹੀ ਕਰਦੇ ਰਹੇ ਇਹ ਬੜਾ ਭਿਆਨਕ ਸਮਾਂ ਸੀ ਸ੍ਰੀ ਚੰਦਰ ਸ਼ੇਖਰ ਜਨਤਾ ਪਾਰਟੀ ਵਲੋਂ ਦੁਖ ਕੀਤਾ ਗਿਆ।

ਸਾਰੇ ਫ਼ੌਜੀ ਜਵਾਨ, ਜੁਤੀਆਂ ਸਮੇਤ ਅੰਦਰ ਜਾ ਕੇ ਸ਼ਰਾਬ, ਤਮਾਕੂ, ਸਿਗਰਟਾਂ ਦੀ ਵਰਤੋਂ ਕਰਦੇ ਰਹੇ, ਧਰਮ ਕੇਂਦਰ ਦੀ ਬੇਅਦਬੀ ਕੀਤੀ ਗਈ।

ਸ਼ਾਮ ਅਤੇ ਰਾਤ ਤਕ ਸ੍ਰੀ ਅਕਾਲ ਤਖਤ ਵਿਖੇ ਅੱਗਾਂ, ਧੂਆਂ ਹੀ ਧੂਆਂ ਹੋਣ ਲਗਾ। ਸਾਰੀ ਰਾਤ ਸੜਦਾ ਰਿਹਾ।

ਤੋਸ਼ਾਖ਼ਾਨਾ ਸੜਕੇ ਨਸ਼ਟ ਹੋ ਗਿਆ, ਸਾਰੇ ਪਵਿੱਤਰ ਸ਼ਸਤਰ ਵੀ ਸੜ ਗਏ ਵਡਮੁਲੀ ਚਾਨਣੀ ਅਤੇ ਹੋਰ ਵਸਤਾਂ ਸੜ ਗਈਆਂ।

ਸਿੱਖ ਰੈਫਰੈਂਸ ਲਾਇਬਰੇਰੀ ਵਿਚ ੨੫੦੦ ਪੁਰਾਤਨ ਹੱਥ-ਲਿਖਤ ਬੀੜਾਂ ਅਤੇ ਹੋਰ ਵਡਮੁਲੀ ਦੁਰਲਭ ਸਮਗਰੀ ਸੀ।

ਮੁਕਤਸਰ, ਤਰਨ ਤਾਰਨ, ਦੂਖ ਨਿਵਾਰਨ ਪਟਿਆਲਾ ਆਦਿ ੩੬ ਗੁਰਦੁਆਰਿਆਂ ਵਿਖੇ ਬਰਬਾਦੀ ਕੀਤੀ ਗਈ ਕਿ ਹਰ ਥਾਂ ਦੇ ਨਿਰਦੋਸ਼ ਸਿੱਖਾਂ ਨੂੰ ਖ਼ਤਮ ਕਰਨਾ ਹੈ। ਇਹ ਚੰਗੀ ਆਜ਼ਾਦੀ ਹੈ ?

੬ ਜੂਨ ਸਵੇਰੇ ਅੰਮ੍ਰਿਤ ਵੇਲੇ ਇਕ ਵਜੇ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੋਂ ੩੫੦ ਨਿਰਦੋਸ਼ ਯਾਤਰੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਨਰਲ ਰਣਜੀਤ ਸਿੰਘ ਦਿਆਲ ਟੌਹੜਾ ਸਾਹਿਬ ਅਤੇ ਲੌਂਗੋਵਾਲ ਨੂੰ ਮਿਲਟਰੀ ਦੇ ਏਅਰ-ਕੰਡੀਸ਼ਨ ਰੈਸਟ ਹਾਊਸ ਵਿਚ ਬੜੇ ਚੰਗੇ ਢੰਗ ਨਾਲ ਰਖਿਆ ਗਿਆ। ਬਾਕੀ ਨਿਰਦੋਸ਼ ਸਿੰਘਾਂ ਨੂੰ ਫ਼ੌਜੀ ਕੈਂਪਾਂ, ਪੁਲਸ ਥਾਣਿਆਂ ਵਿਚ ਭੁਖੇ ਪਿਆਸੇ ਵਿਲਕਦੇ ਰਖਿਆ ਗਿਆ। ਹਰਮਿੰਦਰ ਸਿੰਘ ਸੰਧ ਦੀ ਪਤਨੀ ਉਪਕਾਰ ਕੌਰ ਜੁਝਦੀ ਹੋਈ ਸ਼ਹੀਦ ਹੋ ਗਈ। ਹਰਮਿੰਦਰ ਸਿੰਘ ਸੰਧੂ, ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਮਨਜੀਤ ਸਿੰਘ, ਵਿਰਸਾ ਸਿੰਘ, ਫੌਜੀ ਕੈਂਪਾਂ ਵਿਚ ਡੱਕੇ ਗਏ। ਸ਼ਾਮ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੱਗਾਂ, ਧੂੰਆਂ ਹੀ ਨਿਕਲਦਾ ਸੜਦਾ ਰਿਹਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਾਰੇ ਸਾਥੀ ਮਰਜੀਵੜੇ ਸ਼ਹੀਦ ਹੋ ਗਏ। ਸ਼ਾਮ ੪ ਵਜੇ ਜਨਰਲ ਬਰਾੜ ਵਲੋਂ ਅਨਾਊਂਸ ਹੋਇਆ ਸਾਰੇ ੩੦ ਮਿੰਟਾਂ ਵਿਚ ਬਾਹਰ ਆ ਜਾਣ ਬਹੁਤ ਸਾਰੇ ਹੈਡ ਗ੍ਰੰਥੀ, ਰਾਗੀ, ਸੇਵਾਦਾਰ ੨੦੦ ਗ੍ਰਿਫ਼ਤਾਰ ਕਰਕੇ ਗਠੜੀਆਂ ਬੰਨ੍ਹ ਕੇ ਇਧਰ ਉਧਰ ਸੁਟੇ ਵਿਲਕਦੇ ਰਹੇ ਭਾਈ ਅਮਰੀਕ ਸਿੰਘ, ਬਲਵੰਤ ਸਿੰਘ, ਅਵਤਾਰ ਸਿੰਘ ਰਾਗੀ ਬਹੁਤ ਸਾਰੇ ਜ਼ਖਮੀ ਸਿੰਘ ਲਾਚੀਬੇਰ ਕੋਲ ਅਕਾਲਾ ਚਲਾਣਾ ਕਰ ਗਏ। ਫੌਜੀਆਂ ਨੇ ਰਾਗੀ ਸਿੰਘਾਂ ਦੇ ਘਰਾਂ ਦੇ ਸਾਮਾਨ ਲੁਟੇ ਕਮਰੇ ਸਾੜ ਦਿਤੇ। ਚੌਕ ਘੰਟਾ ਘਰ, ਸਰਾਏ ਜਲ੍ਹਿਆਂ ਵਾਲਾ ਬਾਗ ਤਕ ਵਿਖੇ ਗੰਗੂ ਬ੍ਰਾਹਮਣ ਫੌਜੀਆਂ ਵਾਸਤੇ ਚਾਹ, ਮਿਠਾਈ, ਹਲਵਾ ਪੂਰੀਆਂ ਛੋਲੇ ਆਦਿ ਬਣਾ ਕੇ ਖੁਲ੍ਹੇ ਆਮ ਖੁਸ਼ੀਆਂ ਮਨਾਉਂਦੇ ਰਹੇ ਕਿ ਭਿੰਡਰਾਂਵਾਲਾ ਮਰ ਗਿਆ, ਅਕਾਲ ਤਖਤ ਸੜ ਗਿਆ।

ਪੰਜਾਬ ਰੈਜਮੈਂਟਲ ਸੈਂਟਰ ਰਾਮਗੜ੍ਹ (ਬਿਹਾਰ) ਤੋਂ ੧੫੦੦ ਫੌਜੀ ੯ਵੀਂ ਸਿਖ ਰੈਜਮੈਂਟ ਗੰਗਾ ਨਗਰ ਤੋਂ ੬੦੦ ਆਦਿ ਕੁਲ ਧਰਮੀ ਫੌਜੀ ਸਿੰਘ ਪੰਜ ਹਜ਼ਾਰ ਤੋਂ ਵਧ ਗਿਣਤੀ ਵਿਚ ਰੋਜ ਵਜੋਂ ਆਪਣੀਆਂ ਬੈਰਕਾਂ ਛੱਡ ਕੇ ਨੌਕਰੀ ਡਿਉਟੀ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਗੁਰੂ ਦਰਬਾਰ ਦਾ ਦੁਖਾਂਤ ਬਰਦਾਸ਼ਤ ਨਾ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਵਲ ਚਾਲੇ ਪਾਉਣ ਲਗੇ। ਬਰਗੇਡੀਅਰ ਐਸ.ਸੀ. ਪੁਰੀ ਅਤੇ ੩੫ ਹੋਰ ਫ਼ੌਜੀ ਰਸਤੇ ਵਿਚ ਸ਼ਹੀਦ ਕਰ ਦਿਤੇ, ਜੰਮੂ, ਬੰਬਈ, ਪੂਨਾ ਵਿਖੇ ਰੋਸ ਹੋਇਆ ਪਰ ਗਿਆਨੀ ਜ਼ੈਲ ਸਿੰਘ ਅਤੇ ਅਖੌਤੀ ਪੰਥਕ ਲੀਡਰ ਬਾਦਲ, ਬਰਨਾਲਾ ਆਦਿ ਸਾਰਾ ਕੁਝ ਪਹਿਲਾਂ ਹੀ ਪਤਾ ਹੋਣ ਦੇ ਬਾਵਜੂਦ ਦੂਰ-ਦੁਰਾਡੇ ਆਪਣੀਆਂ ਕੋਠੀਆਂ ਵਿਚ ਮਸਤ ਬੈਠੇ ਗੁਰੂ ਦਰਬਾਰ ਦੀ ਬਰਬਾਦੀ ਸੁਣਦੇ ਵੇਖਦੇ ਰਹੇ ਅਜਿਹੇ ਹਨ ਲੀਡਰ ?

੭ ਜੂਨ ਪਾਵਨ ਸਰੂਪ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਿਆ, ਸਾਰੇ ਦਰਬਾਰ ਹਾਲ ਵਿਚ ਖ਼ੂਨ ਹੀ ਖ਼ੂਨ ਸੀ, ਆਲੇ-ਦੁਆਲੇ ਪ੍ਰਕਰਮਾਂ ਵਿਚ ਵੀ ਲਾਸ਼ਾਂ ਹੀ ਲਾਸ਼ਾਂ ਸਨ।

੭ ਜੂਨ ਕੇਂਦਰੀ ਅਜਾਇਬ ਘਰ, ਸਰੋਵਰ ਵੀ ਲਾਸ਼ਾਂ ਅਤੇ ਖ਼ੂਨ ਨਾਲ ਲਾਲ ਹੋ ਗਿਆ, ਸਿਖ ਰੈਫ਼ਰੈਂਸ ਲਾਇਬਰੇਰੀ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਹੋਰ ਧਰਮ ਪ੍ਰਚਾਰ ਗੱਡੀਆਂ, ਜੀਕਾਰਡ ਆਦਿ ਨੂੰ ਅੱਗਾਂ ਲਗਾ ਕੇ ਸਾੜ-ਫੂਕ ਦਿਤਾ ਗਿਆ। ਸਿਖ ਰੈਜੀਮੈਂਟ ਸੈਂਟਰ ਰਾਮਗੜ੍ਹ ਤੋਂ ੨੩ ਅਫ਼ਸਰਾਂ ਨੇ ਡਿਉਟੀ ਛਡ ਦਿਤਾ, ਨਿਰਦੋਸ਼ ਸਿੰਘ ਨੇ ਜ਼ੁਲਮ ਬਰਦਾਸ਼ਤ ਕੀਤੇ।

ਧਰਮੀ ਫ਼ੌਜੀ ਸਿਖਾਂ ਉਪਰ ਹੈਲੀਕਾਪਟਰਾਂ ਰਾਹੀਂ ਗੋਲੇ ਸੁਟ ਕੇ ਰੁਕਾਵਟਾਂ ਖੜੀਆਂ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਇਤਿਹਾਸ ਵਿਚ ਪਹਿਲੀ ਘਟਨਾ ਹੈ ਕਿ ਫ਼ੌਜੀ ਆਪਣੇ ਧਰਮ ਅਸਥਾਨ ਦੀ ਬੇ-ਅਦਬੀ ਬਰਦਾਸ਼ਤ ਨਾ ਕਰਦੇ ਹੋਏ ਬੈਰਕਾਂ ਛੱਡ ਕੇ ਤੁਰ ਪਏ ਹਨ। ਅਤੇ ਬਿਨਾਂ ਕਿਸੇ ਜੁਰਮ ਸਖ਼ਤ ਸਜ਼ਾਵਾਂ ਭੁਗਤੀਆਂ, ਨੌਕਰੀਆਂ ਛੱਡੀਆਂ। ੧੨੦੮ ਫ਼ੌਜੀ, ੧੨੨ ਖਾੜਕੂ ੩੨੨੮ ਯਾਤਰੂ ਮਾਰੇ ਗਏ, ੩ ਹਜ਼ਾਰ ਫ਼ੌਜੀ, ੧੨ ਖਾੜਕੂ ਅਤੇ ਦੋ ਹਜ਼ਾਰ ਯਾਤਰੂ ਜ਼ਖ਼ਮੀ ਹੋਏ ਸਨ। ਸ਼ਹੀਦਾਂ ਦੀਆਂ ਲਾਸ਼ਾਂ ਨਗਰ ਪਾਲਕਾ ਟਰਾਲੀਆਂ ਜ਼ਮਾਦਾਰਾਂ ਵਲੋਂ ਢੋ ਕੇ ਬਾਹਰ ਸਸਕਾਰ ਕੀਤੇ ਗਏ।

ਡੋਗਰੇ ਫ਼ੌਜੀ ਹਰ ਥਾਂ ਬੈਠੇ ਖੜੇ ਸ਼ਰਾਬ ਅਤੇ ਬੀੜੀਆਂ ਪੀ ਰਹੇ ਸਨ, ਕਹਿੰਦੇ ਕਿ 'ਰਾਜ ਕਰੇਗਾ ਡੋਗਰਾ।'

੭ ਜੂਨ ਧੋਖੇਬਾਜ਼ ਇੰਦਰਾ ਵਲੋਂ ਰੇਡੀਓ, ਪ੍ਰੈਸ ਆਦਿ ਰਾਹੀਂ ਬਾਰ-ਬਾਰ ਐਲਾਨ ਕੀਤਾ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਲ ਕੋਈ ਗੋਲੀ ਨਹੀਂ ਚਲਾਈ ਗਈ, ਸ੍ਰੀ ਅਕਾਲ ਤਖ਼ਤ ਦਾ ਕੋਠਾ ਸਾਹਿਬ ਠੀਕ-ਠਾਕ ਹੈ, ਕਿ ਭਿੰਡਰਾਂਵਾਲਾ ਦੀ ਦੇਹ ਕੋਈ ਲੈਣ ਵਾਸਤੇ ਨਹੀਂ ਆਇਆ ਇਸ ਕਰਕੇ ਸਰਕਾਰ ਵਲੋਂ ਉਨ੍ਹਾਂ ਦੀ ਦੇਹ ਦਾ ਸਸਕਾਰ ਕਰ ਦਿਤਾ ਗਿਆ। ਵਾਸਤਵ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਾਹਰ ੩੫੦ ਗੋਲੀਆਂ ਦੇ ਨਿਸ਼ਾਨ ਲਗੇ, ਕੋਠਾ ਸਾਹਿਬ ਨਸ਼ਟ ਹੋ ਗਿਆ, ਸੰਤ ਜਰਨੈਲ ਸਿੰਘ, ਅਮਰੀਕ ਸਿੰਘ, ਸੁਬੇਗ ਸਿੰਘ ਆਦਿ ਦੀਆਂ ਦੇਹਾਂ ਦੀ ਮੰਗ ਸੰਗਤਾਂ ਵਲੋਂ ਬਾਰ-ਬਾਰ ਕੀਤੀ ਜਾਂਦੀ ਰਹੀ ਸੀ, ਪਰ ਦੁਸ਼ਟ ਹਾਕਮਾਂ ਵਲੋਂ ਸਭ ਧੱਕਾਸ਼ਾਹੀ ਕੀਤੀ ਗਈ।

ਸ: ਨਰਿੰਦਰ ਸਿੰਘ ਨੰਦਾ ਸੂਚਨਾ ਅਫ਼ਸਰ ਨੂੰ ਜ਼ਲੀਲ ਕੀਤਾ ਗਿਆ, ਦਵਿੰਦਰ ਸਿੰਘ ਦੁਗਲ ਨੂੰ ਜ਼ਲੀਲ ਕੀਤਾ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ੫ ਬੱਸਾਂ ਧਰਮ ਪ੍ਰਚਾਰ ਵਾਲੀਆਂ ਵੀ ਸਾੜ ਦਿਤੀਆਂ ਇਨ੍ਹਾਂ ੫ ਬੱਸਾਂ ਦਾ ਬੀਮਾ ਹੋਇਆ ਸੀ ਪਰ ਬੀਮਾ

ਕੰਪਨੀ ਦੇ ਦੁਸ਼ਟ ਫ਼ਿਰਕੂ ਹਾਕਮਾਂ ਨੇ ਕਲੇਮ ਦੇਣ ਤੋਂ ਸਾਫ ਇਨਕਾਰ ਕਰ ਦਿਤਾ।

੮ ਜੂਨ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਸਾਰੀਆਂ ਫ਼ੌਜਾਂ ਦਾ ਕਮਾਂਡਰ ਇਨ ਚੀਫ਼, ਜਨਰਲ ਵੈਦਯ ਤੋਂ ਲੈ ਕੇ ਸਾਰੀ ਤਬਾਹੀ ਦੀ ਹਾਲਤ ਬਾਰੇ ਤਸੱਲੀ ਕਰਨ ਵਾਸਤੇ, ਸ੍ਰੀ ਹਰਿਮੰਦਰ ਸਾਹਿਬ ਵਿਖੇ, ਆਪਣੀ ਐਚਕਨ ਦੇ ਉਪਰ ਬੜਾ ਵੱਡਾ ਗੁਲਾਬ ਦਾ ਫੁਲ ਸਜਾ ਕੇ, ਗੁਰੂ ਦਰਬਾਰ ਵਿਚ ਪਹੁੰਚਿਆ ਇਸ ਦੇ ਸਾਹਮਣੇ ਬਰਾਂਡਿਆਂ ਵਿਚ ਗੁਰੂ ਦਰਬਾਰ ਦੇ ਹੈਡ ਗ੍ਰੰਥੀ, ਗ੍ਰੰਥੀ, ਰਾਗੀ ਸੇਵਾਦਾਰ, ਗਠੜੀ ਵਾਂਗ ਬਨ੍ਹੇ ਵਿਲਕਦੇ ਪਏ ਸਨ ਪਰ ਇਸ ਨੇ ਆਪਣੇ ਅਧੀਨ ਕਿਸੇ ਫ਼ੌਜੀ ਅਫਸਰ ਨੂੰ ਇਨ੍ਹਾਂ ਨੂੰ ਆਜ਼ਾਦ ਕਰਨ ਵਾਸਤੇ ਨਹੀਂ ਕਿਹਾ। ਸਾਰੀ ਬਰਬਾਦੀ ਵੇਖ ਕੇ, ਆਪਣੇ ਹਵਾਈ ਜਹਾਜ਼ ਰਾਹੀਂ ਵਾਪਸ ਇੰਦਰਾ ਕੋਲ ਪਹੁੰਚ ਗਿਆ, ਸਾਰੇ ਸੰਸਾਰ ਦੇ ਸਿਖਾਂ ਨੇ ਇਸ ਰਾਸ਼ਟਰਪਤੀ ਹੋਣ ਦੇ ਬਾਵਜੂਦ ਸਿਖਾਂ ਦੇ ਮਹਾਨ ਕੇਂਦਰ ਦੀ ਬਰਬਾਦੀ ਕਰਵਾਉਣ ਤੇ ਅਸੀਹਾ ਦੇਣ ਲਈ ਸ਼ਰਮਸਾਰ ਕੀਤਾ ਗਿਆ, ਪਰ ਇਹ ਰਾਜ ਅਭਿਮਾਨੀ, ਲਸੂੜੇ ਦੀ ਗਿਟਕ ਵਾਂਗੂ ਪਦਵੀ ਤੇ ਚਿਮੜਿਆ ਰਿਹਾ ਕਿ ਇੰਦਰਾ ਖ਼ੁਸ਼ ਰਹੇ। ਦੁਖ ਦੀ ਗੱਲ ਹੈ ਕਿ ਇਹ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਰੀਸ ਕਰਕੇ ਸ਼ੇਰੇ-ਪੰਜਾਬ ਅਖਵਾਉਂਦਾ ਪਰ ਇਸ ਨੇ ਇਹ ਨਹੀਂ ਸੋਚਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਖ਼ਾਨਦਾਨ ਬਜ਼ੁਰਗ ਅਤੇ ਪੁੱਤਰ ਪੋਤਰਿਆਂ ਨੇ ਆਪਣੇ ਸਾਰੇ ਜੀਵਨ ਆਪਣੇ ਗੁਰੂ ਦਰਬਾਰ, ਹਰਿਮੰਦਰ ਨੂੰ ਗੋਲਡਨ ਟੈਂਪਲ ਬਣਾਉਣ ਵਲ ਲਗਾ ਕੇ ਸ਼ੁਕਰ ਕਰਦੇ ਰਹੇ, ਪਰ ਇਸ ਨੇ ਰਾਸ਼ਟਰਪਤੀ ਬਣ ਕੇ ਸੇਵਾ ਤਾਂ ਕੀ ਕਰਨੀ ਸੀ, ਕੇਵਲ ੭੨ ਘੰਟੇ ਵਿਚ ਹੀ ਸਾੜ-ਫੂਕ ਨਸ਼ਟ ਕਰਵਾ ਦਿਤਾ। ਸਗੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਇਤਨਾ ਵੱਡਾ ਝੂਠ ਬੋਲਿਆ ਕਿ ਕਿਸੇ ਗੱਲ ਦਾ ਪਤਾ ਹੀ ਨਹੀਂ ਲਗਾ।

ਉਥੇ ਜੋ ਹਥਿਆਰ ਵਿਖਾਏ ਗਏ ਸਨ, ਇਹ ਉਹ ਸਨ ਜੋ ੧੯੭੧ ਵਿਚ ਢਾਕਾ ਬੰਗਲਾ ਦੇਸ਼ ਵਿਖੇ ਪਾਕਿਸਤਾਨੀ ਫ਼ੌਜਾਂ ਤੋਂ ਲਏ ਹੋਏ ਸਨ ਸਿਖਾਂ ਨੂੰ ਬਦਨਾਮ ਕਰਨ ਵਾਸਤੇ ਇਥੇ ਲਿਆ ਕੇ ਰਖੇ ਗਏ। ਫ਼ੌਜਾਂ ਕਿਸ ਦੇ ਹੁਕਮ ਨਾਲ ਆਪਣੇ ਸੈਂਟਰਾਂ ਤੋਂ ਇਧਰ ਤੁਰੀਆਂ ਸਨ, ਕਿਸ ਦੇ ਹੁਕਮਾਂ ਨਾਲ ਤਬਾਹੀ ਬਰਬਾਦੀ ਦੇ ਗੋਲੇ, ਰਾਕਟ, ਬੰਬ, ਗੈਸਾਂ ਸੁਟੀਆਂ ਗਈਆਂ, ਤੇ ਇਹ ੩੦ ਮਈ ੧੯੮੪ ਤੋਂ ੭ ਜੂਨ ੧੯੮੪ ਤਕ ਕਿਥੇ ਭੰਗ ਪੀ ਕੇ ਮੂਧਾ ਪਿਆ ਰਿਹਾ, ਜਦੋਂ ਕਿ ਸੰਸਾਰ ਦੇ ਹਜ਼ਾਰਾਂ ਮੀਲ ਦੂਰ ਬੈਠੇ ਲੋਕ ਤਾਂ ਤੜਪਦੇ ਰਹੇ ਤੇ ਇਹ ਕੇਸ ਦਾੜ੍ਹੀ ਤੇ ਕਲਫ ਸਜਾ ਕੇ, ਐਚਕਨ ਸਜਾ ਕੇ ਉਪਰ ਗੁਲਾਬ ਦਾ ਤਾਜ਼ਾ ਵਡਾ ਫੁਲ ਰੋਜ਼ ਸਜਾਉਂਦਾ ਰਿਹਾ, ਮੁਰਗੇ ਛਕਦਾ ਰਿਹਾ, ਕੀ ਗੁਰੂ ਇਸ ਮਕਾਰ ਨੂੰ ਮਾਫ਼ ਕਰ ਦੇਵੇਗਾ ? ਰਾਸ਼ਟਰਪਤੀ ਭਵਨ ਦੀ ਰੋਜ਼ਾਨਾ

ਦੀ ਡਾਇਰੀ, ਮੁਲਾਕਾਤਾਂ, ਸਰਗਰਮੀਆਂ ਤੋਂ ਪੜਤਾਲ ਅਤੇ ਤਸਦੀਕ ਕਰਕੇ ਤਸੱਲੀ ਕਰਨੀ ਜ਼ਰੂਰੀ ਹੈ ਕਿ ਇਸ ਨੇ ਕਿਤਨਾ ਝੂਠ ਬੋਲਿਆ ?

ਜਥੇਦਾਰ ਅਕਾਲ ਤਖਤ ਗਿਆਨੀ ਕਿਰਪਾਲ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਵੀ ਗਲਤ ਬਿਆਨ ਦਿਤੇ ਕਿ ਕੋਠਾ ਸਾਹਿਬ ਠੀਕ-ਠਾਕ ਹੈ, ਤੋਸ਼ਾਖ਼ਾਨਾ ਠੀਕ ਹੈ। ਦੁਖ ਤਾਂ ਇਸ ਗੱਲ ਦਾ ਹੈ ਕਿ ਅਜਿਹੇ ਲੋਕਾਂ ਦੀ ਅਕਲ ਕਿਸ ਤਰ੍ਹਾਂ ਦੀ ਹੈ ਜੋ ਇਨ੍ਹਾਂ ਗੁਰੂ ਘਰ ਦੇ ਦੋਖੀਆਂ, ਨਿੰਦਕਾਂ ਨੂੰ ਆਪਣਾ ਨੇਤਾ, ਆਗੂ ਅਤੇ ਗੁਰਸਿਖ ਸਮਝੀ ਜਾਂਦੇ ਹਨ। ਸੁਚੇਤ ਹੋਣਾ ਹੈ ?

੧੩ ਅਪ੍ਰੈਲ ੧੯੧੯ ਨੂੰ ਈਸਾ ਦੇ ਦੁਸ਼ਟ ਹਾਕਮਾਂ ਜਨਰਲ ਡਾਇਰ ਆਦਿ ਵਲੋਂ ਮਾਰਸ਼ਲ-ਲਾਅ ਲਗਾ ਕੇ ਜਲ੍ਹਿਆਂ ਵਾਲਾ ਦੁਖਾਂਤ ਕੀਤਾ ਪਰ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਲ ਕੋਈ ਗੋਲੀ ਨਹੀਂ ਚਲਾਈ ਸੀ।

੧੦ ਜੂਨ ਕਰਫਿਊ ਵਿਚ ਢਿਲ ਹੋਈ ਪਰ ਕਿਸੇ ਨੂੰ ਸ੍ਰੀ ਹਰਿਮੰਦਰ ਵਾਲੇ ਪਾਸੇ ਨਹੀਂ ਜਾਣ ਦਿਤਾ ਗਿਆ ਲੋਕੀਂ ਦੂਰ ਤੋਂ ਦੁਖੀ ਮਨ ਨਾਲ ਦਰਸ਼ਨ ਕਰਦੇ ਹਉਕੇ ਲੈਂਦੇ ਵਾਹਿਗੁਰੂ ਵਾਹਿਗੁਰੂ ਕਰਦੇ।

੧੦ ਜੂਨ ਪ੍ਰਕਾਸ਼ ਸਿੰਘ ਬਾਦਲ ਵੀ ਬੜੇ ਫਰੇਬੀ ਢੰਗ ਨਾਲ ਸਫਾਈ ਦੇਣ ਲਗਾ ਕਿ ਮੈਨੂੰ ਤਾਂ ਰੇਡੀਓ ਦੀਆਂ ਖਬਰਾਂ ਤੋਂ ਹੀ ਪਤਾ ਲਗਾ ਅਤੇ ਕਰਫਿਊ ਲਗੇ ਹੋਣ ਕਰਕੇ ਮੈਂ ਪਤਨੀ ਦੇ ਪਲੰਘ ਤੋਂ ਉਠ ਕੇ ਬਾਹਰ ਤਕ ਵੀ ਨਹੀਂ ਨਿਕਲ ਸਕਿਆ। ਇਸ ਤਰ੍ਹਾਂ ਦੇ ਗੁਰੂ ਦਰਬਾਰ ਦੇ ਦੋਖੀ ਹਨ। ਕਿਸੇ ਅਖੌਤੀ ਪੰਥਕ ਨੇਤਾ ਨੇ ਧਰਮੀ ਫ਼ੌਜੀਆਂ ਦੀ ਕੋਈ ਸਹਾਇਤਾ ਨਹੀਂ ਕਰਵਾਈ। ਬਰਨਾਲਾ, ਬਾਦਲ, ਤਲਵੰਡੀ, ਸੁਖਜਿੰਦਰ ਆਦਿ ਆਮ ਲੋਕਾਂ ਤੋਂ ਡਰਦੇ, ਪੁਲਸ ਰਾਹੀਂ ਗ੍ਰਿਫਤਾਰ ਹੋ ਕੇ ਜੇਲ੍ਹਾਂ ਵਿਚ ਕਲਾਸ-ਵਨ ਦੀਆਂ ਸਹੂਲਤਾਂ ਮਾਣਨ ਲਗੇ। ਪੰਥਕ ਐਮ.ਪੀ. ਅਤੇ ਐਮ.ਐਲ.ਏ. ਆਪਣੀਆਂ ਦੋ ਸਾਲ ਤਕ ਤਨਖ਼ਾਹਾਂ ਵੀ ਲੈਂਦੇ ਰਹੇ, ਜਗਦੇਵ ਸਿੰਘ ਤਲਵੰਡੀ ਰਾਜਯ ਸਭਾ ਦਾ ਮੈਂਬਰ, ਗੁਰਚਰਨ ਸਿੰਘ ਟੌਹੜਾ ਵੀ ਐਮ. ਪੀ. ਬਣ ਗਏ ਅਤੇ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਵੀ ਇਹ ਪੰਥਕ ਕੁਰਬਾਨੀ ਹੈ ਸਾਰੇ ਦੁਖਾਂਤ ਬਾਰੇ ਕਿਸੇ ਹਿੰਦੂ ਨੇ ਕੋਈ ਦੁਖ ਅਫ਼ਸੋਸ ਨਹੀਂ ਕੀਤਾ, ਨਾ ਹੀ ਲੋਕ ਸਭਾ ਵਿਚ ਹੀ ਕੋਈ ਵਿਚਾਰ ਗੱਲ ਦੁਖ ਅਫ਼ਸੋਸ ਆਦਿ ਹੋਇਆ, ਉਲਟਾ ਹਰ ਕਿਸੇ ਨੇ ਇੰਦਰਾ ਨੂੰ ਵਧਾਈਆਂ ਦਿਤੀਆਂ। ਇੰਦਰਾ ਵਲੋਂ ਸਿਖ ਗੁਰਦੁਆਰਿਆਂ ਉਪਰ ਬਰਬਾਦੀ ਕਰਕੇ ਸੰਵਿਧਾਨ ਦੀ ਧਾਰਾ ੪੯ ਦੀ ਘੋਰ ਉਲੰਘਣਾ ਕੀਤੀ ਹੈ।

ਧਰਮੀ ਫ਼ੌਜੀ ਸਿੰਘਾਂ ਉਪਰ ਕੋਰਟ ਮਾਰਸ਼ਲ ਅਦਾਲਤਾਂ ਵਿਚ ਜਨਰਲ ਏ.ਐਸ. ਵੈਦਯ ਵਲੋਂ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਗਈਆਂ ਇਨ੍ਹਾਂ ਵਾਸਤੇ ਪੈਰਵੀ ਲੈਫ: ਜਨਰਲ ਜੇ.ਐਸ. ਅਰੋੜਾ, ਏਅਰ ਚੀਫ ਮਾਰਸ਼ਲ ਅਰਜਨ

ਸਿੰਘ, ਲੈਫ: ਜਨਰਲ ਗੁਰਬਚਨ ਸਿੰਘ, ਲੈਫ: ਜਨਰਲ ਹਰਬਖਸ਼ ਸਿੰਘ ਜੀ ਨੇ ਕੀਤੀ ਪਰ ਕੋਈ ਸੁਣਵਾਈ ਨਹੀਂ ਹੋਈ।

ਪੰਜਾਬ ਦੇ ਸਰਕਾਰੀ ਹਾਕਮ, ਹਾਈ ਕੋਰਟ ਦੇ ਸਾਰੇ ਜੱਜ ਮਿਟੀ ਦੇ ਮਾਧੋ ਹੀ ਬਣ ਗਏ, ਸ੍ਰੀ ਹਰਿਮੰਦਰ ਸਾਹਿਬ ਵਿਖੇ ਇਤਨੇ ਕਹਿਰ ਹੋਣ ਦੇ ਬਾਵਜੂਦ ਵੀ ਕਿਸੇ ਵਲੋਂ ਕੋਈ ਜਾਂਚ ਪੜਤਾਲ ਕਾਰਵਾਈ ਨਹੀਂ ਕਰਵਾਈ ਗਈ। ਪੰਜਾਬ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਨੇਕਾਂ ਇਤਿਹਾਸਕਾਰ, ਸਾਹਿਤਕਾਰ ਹਨ, ਪਰ ਕਿਸੇ ਨੇ ਆਪਣੇ ਸਮੇਂ ਦੇ ਅੱਖੀਂ ਵੇਖੇ ਵਾਪਰੇ ਦੁਖਾਂਤ ਬਾਰੇ ਕੁਝ ਨਹੀਂ ਲਿਖਿਆ, ਵੇਖਿਆ ਅਤੇ ਦਸਿਆ, ਇਹ ਕਿਸ ਤਰ੍ਹਾਂ ਦੇ ਇਤਿਹਾਸਕਾਰ ਹਨ? ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦੇ ਜਰਨੈਲ ਕਮਾਂਡਰ, ਅੰਮ੍ਰਿਤਧਾਰੀ ਗੁਰਸਿਖ ਸਨ, ਪਰ ਹੁਣ ਦੇ ਜਰਨੈਲ ਕਮਾਂਡਰ ਬਰਗੇਡੀਅਰ ਪੱਤਤ ਹੋ ਕੇ ਖ਼ੁਸ਼ ਹੁੰਦੇ ਹਨ, ਤਰੱਕੀਆਂ ਲੈਂਦੇ ਹਨ, ਚੰਗੀ ਆਜ਼ਾਦੀ ਹੈ?

੧੫ ਜੂਨ ਜਰਨਿਲਸਟ ਕੁਲਦੀਪ ਨਯਰ, ਮਾਰਕ ਟੁਲੀ ਅਤੇ ਸ: ਹਰਬੀਰ ਸਿੰਘ ਭੰਵਰ ਨੇ ਸਾਰੇ ਹਾਲਾਤ ਜੋ ਆਪ ਵੇਖੇ ਅਤੇ ਸੁਣੇ ਪੂਰੀਆਂ ਰਪੋਟਾਂ ਅਖਬਾਰਾਂ ਵਿਚ ਛਾਪ ਦਿਤੀਆਂ, ਵੱਖਰੀਆਂ ਪੁਸਤਕਾਂ ਵੀ ਛਾਪੀਆਂ।

੧੨ ਜੂਨ ਇੰਦਰਾ, ਬੂਟਾ ਸਿੰਹੁ ਨੇ ਸ੍ਰੀ ਹਰਿਮੰਦਰ ਸਾਹਿਬ ਆ ਕੇ ਹਾਲਤ ਵੇਖ ਕੇ ਅਕਾਲ ਤਖ਼ਤ ਦੀਆਂ ਮੁਰੰਮਤਾਂ ਕਰਵਾਉਣ ਦਾ ਐਲਾਨ ਕੀਤਾ, ਤਾਂ ਬਾਬਾ ਹਰਬੰਸ ਸਿੰਘ, ਬਾੜਾ ਖੜਕ ਸਿੰਘ ਨੇ ਇਨਕਾਰ ਕਰ ਦਿਤਾ, ਪਰ ਗਦਾਰ ਸੰਤਾ ਸਿੰਘ ਨੇ ਹਾਮੀ ਭਰੀ ਅਤੇ ਮੁਰੰਮਤ ਕਰਵਾਉਣ ਲਗਾ।

੧੭ ਜੂਨ ਰਾਜ ਅਭਿਮਾਨੀ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਨੇ ਟੀ.ਵੀ. ਤੋਂ ਸਾਰੇ ਦੁਖਾਂਤ ਬਾਰੇ ਅਫ਼ਸੋਸ ਕੀਤਾ, ਪਰ ਅਸਤੀਫਾ ਨਹੀਂ ਦਿਤਾ ਕਿ ਇੰਦਰਾ ਨਾਰਾਜ਼ ਨਾ ਹੋ ਜਾਵੇ। ਸਿਖਾਂ ਦਾ ਕੁਰਬਾਨੀਆਂ ਦਾ ਇਤਿਹਾਸ ਹੈ ਕਿ ਮੇਰਾ ਰੁਸੇ ਨਾ ਕਲਗੀਆਂ ਵਾਲਾ, ਜੱਗ ਭਾਵੇਂ ਸਾਰਾ ਰੁਸ ਜਾਏ।

ਟੀ.ਵੀ. ਤੋਂ ਰੋਜ਼ਾਨਾ ਕਦੇ ਬੂਟਾ ਸਿੰਹੁ, ਦਰਬਾਰਾ ਸਿੰਹੁ, ਰਾਜਿੰਦਰ ਸਿੰਘ ਸਪੈਰੋ, ਜਥੇਦਾਰ ਮਾਨ ਸਿੰਘ, ਸੇਵਾ ਦਾਸ ਸਿੰਘ ਅਜਿਹੇ ਦੁਖਾਂਤ ਦੀ ਘਟਨਾ ਨੂੰ ਜਾਇਜ਼ ਕਹਿ ਕੇ ਇੰਦਰਾ ਦੀ ਪ੍ਰਸੰਸਾ ਦੇ ਪਾਤਰ ਬਣਦੇ, ਇਨ੍ਹਾਂ ਅੰਦਰ ਗੁਰੂ ਦਰਬਾਰ ਦੀ ਬੇ-ਅਦਬੀ ਲਈ ਕੋਈ ਸ਼ਰਮ ਨਹੀਂ।

੧੮ ਜੂਨ ਸ: ਸੋਭਾ ਸਿੰਘ ਆਰਟਿਸਟ, ਸ: ਖੁਸ਼ਵੰਤ ਸਿੰਘ, ਭਗਤ ਪੂਰਨ ਸਿੰਘ, ਪ੍ਰਿੰਸੀਪਲ ਗੁਰਜੰਟ ਸਿੰਘ ਡਾ. ਸਾਧੂ ਸਿੰਘ ਹਮਦਰਦ, ਡਾ. ਖੁਸ਼ਦੇਵਾ ਸਿੰਘ, ਵਲੋਂ ਆਪਣੇ ਸਨਮਾਨ ਰੋਸ ਵਜੋਂ ਵਾਪਸ ਕਰ ਦਿਤੇ। ਸ: ਸਿਮਰਨਜੀਤ ਸਿੰਘ ਮਾਨ ਨੇ ਡੀ.ਆਈ. ਜੀ ਦੀ ਨੌਕਰੀ ਤੋਂ ਅਸਤੀਫਾ ਦੇ

ਦਿਤਾ, ਪਰ ਇੰਦਰਾ ਵਲੋਂ ਗ੍ਰਿਫਤਾਰ ਕਰਵਾ ਕੇ ਡਿਸਮਿਸ ਕਰ ਦਿਤਾ ਗਿਆ ਕੈਪਟਨ ਅਮਰਿੰਦਰ ਸਿੰਘ ਐਮ.ਪੀ. ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ, ਸ: ਹਰਵਿੰਦਰ ਸਿੰਘ ਖਾਲਸਾ, ਰਾਜਦੂਤ ਨਾਰਵੇ ਤੋਂ ਅਸਤੀਫਾ ਦੇ ਦਿਤਾ। ਸਾਰੇ ਸੰਸਾਰ ਵਿਚ ਰੋਸ ਮੁਜ਼ਾਹਰੇ ਹੋਏ ਸੂਰਬੀਰ ਸਿਖਾਂ ਲਈ ਕੀ ਹੈ ?

ਸ: ਦਰਸ਼ਨ ਸਿੰਘ ਫੇਰੂਮਾਨ ਜੀ ਦੀ ਯਾਦ ਵਿਚ ਰਯਾ ਵਿਖੇ ਕਾਲਜ ਹੈ, ਲਾਲਾ ਜਗਤ ਨਾਰਾਇਣ ਦੇ ਮਰਨ ਤੋਂ ਪਿਛੋਂ, ਹਿੰਦੂਆਂ ਵਲੋਂ ਉਸ ਦੇ ਨਾਮ ਤੇ ਸ਼ਹੀਦੀ ਫੰਡ ਅਤੇ ਅਵਾਰਡ ਦੇਣੇ ਸ਼ੁਰੂ ਕਰਕੇ, ਉਸ ਦੀ ਯਾਦ ਮਨਾਉਂਦੇ ਹਨ, ਹਰਚੰਦ ਸਿੰਘ ਲੌਂਗੋਵਾਲ ਦੇ ਮਰ ਜਾਣ ਤੇ ਹਾਕੀ ਓਲੰਪਕ ਖਿਡਾਰੀਆਂ ਨੂੰ ਇਨਾਮ ਦਿਤੇ ਗਏ, ਪਰ ਕਿਤਨੇ ਦੁਖ ਵਾਲੀ ਗੱਲ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸ਼ਹੀਦ ਹੋ ਜਾਣ ਤੇ ਇਨ੍ਹਾਂ ਦੇ ਨਾਮ ਤੇ ਇਨ੍ਹਾਂ ਦੇ ਪਿੰਡ ਰੋਡੇ ਵਿਖੇ ਵੀ ਕੋਈ ਯਾਦਗਾਰ ਕਾਇਮ ਨਹੀਂ ਕੀਤੀ ਗਈ। ਪ੍ਰਕਾਸ਼ ਸਿੰਘ ਬਾਦਲ ਅਖੌਤੀ ਪੰਥਕ ਲੀਡਰ ਕਦੇ ਫੈਡਰੇਸ਼ਨ ਦੇ ਸਮਾਗਮ ਤੇ ਨਹੀਂ ਪਹੁੰਚੇ ਨਾ ਹੀ ਕਦੇ ਅੰਮ੍ਰਿਤ ਸੰਚਾਰ ਹੀ ਕੀਤਾ ਹੈ।

ਸ: ਅਮਰੀਕ ਸਿੰਘ ਪ੍ਰਧਾਨ ਫੈਡਰੇਸ਼ਨ ਦੀ ਯਾਦ ਵਿਚ ਸਟੇਡੀਅਮ ਬਣਾਇਆ ਜਾ ਰਿਹਾ ਹੈ।

ਬਦੇਸ਼ਾਂ ਤੋਂ ਹਰ ਕੋਈ ਸਿਖ ਲੀਡਰ ਪੱਤਰਕਾਰ, ਪ੍ਰੈਸ ਜਰਨਿਲਸਟ, ਸਫੀਰ, ਸੈਲਾਨੀ, ਐਮੈਨਸਟੀ, ਦੇ ਮੈਂਬਰ ਪੰਜਾਬ ਦਾ ਦੁਖਾਂਤ ਵੇਖਣ ਲਈ ਉਤਾਵਲੇ ਸਨ, ਪਰ ਮਕਾਰ ਇੰਦਰਾ ਵਲੋਂ ਪਾਬੰਦੀ ਲਗਾ ਦਿਤੀ ਗਈ, ਕਿ ਨਾ ਹੀ ਕੋਈ ਸਿਖ ਪੰਜਾਬ ਤੋਂ ਬਦੇਸ਼ਾਂ ਵਲ ਜਾ ਸਕਦਾ ਸੀ।

੧੦ ਜੂਨ ਤੋਂ ੩੧ ਅਗਸਤ, ੧੯੮੪ ਨੂੰ ਸਾਰਾ ਸਿਖ ਰੈਫਰੈਂਸ ਲਾਇਬਰੇਰੀ ਅਮਲਾ, ਯੂਥ ਹੋਸਟਲ ਵਿਚ ਬੈਠਣ ਲਗਾ।

ਇੰਦਰਾ, ਗਿਆਨੀ ਜ਼ੈਲ ਸਿੰਘ, ਬੂਟਾ ਸਿੰਹੁ, ਦਰਬਾਰਾ ਸਿੰਹੁ ਦੇ ਦਿਲ ਦਿਮਾਗ ਉਪਰ ਜ਼ੁਲਮ ਦਾ ਭੂਤ ਸਵਾਰ ਸੀ, ਆਪਣੇ ਪਾਪਾਂ ਦਾ ਡਰ ਵੀ ਸੀ ਬੂਟਾ ਸਿੰਘ ਲੋਕ ਨਿਰਮਾਣ ਮੰਤਰੀ ਸੀ, ਉਸ ਨੇ ਆਪਣੇ ਨਿਹੰਗ ਸੰਤਾਂ ਸਿੰਘ ਰਾਹੀਂ ਸ੍ਰੀ ਅਕਾਲ ਤਖਤ ਸ੍ਰੀ ਹਰਿਮੰਦਰ ਪ੍ਰਕਰਮਾਂ ਤੋਸ਼ਾਖਾਨਾ ਆਦਿ ਦੀ ਮੁਰੰਮਤ, ਰੰਗ ਰੋਗਨ ਸਫੈਦੀ ਕਰਵਾਏ ਜਾਣ ਵਾਸਤੇ ਸਰਕਾਰ ਦੇ ਸਾਰੇ ਇੰਜੀਨੀਅਰ, ਅਫਸਰ, ਦਿਹਾੜੀਦਾਰ ਮਿਸਤਰੀ, ਕਾਰੀਗਰ, ਮਜ਼ਦੂਰ ਜੋ ਤਮਾਕੂ ਬੀੜੀ ਦੀ ਵਰਤੋਂ ਵੀ ਕਰਦੇ, ਕੰਮ ਤੇ ਲਗਾ ਦਿਤੇ ੮ ਕਰੋੜ ਰੁਪਏ ਖਰਚ ਕੀਤੇ। ਆਮ ਸੰਗਤਾਂ ਸ਼ਰਧਾਲੂਆਂ ਤੇ ਪਾਬੰਦੀ ਲਗਾ ਦਿਤੀ। ਨੌਜਵਾਨ ਅੰਮ੍ਰਿਤਧਾਰੀ ਰਹਿਤਵਾਨ ਸਿਖ ਪੀਲਾ ਪਟਕਾ, ਕੇਸਰੀ ਦਸਤਾਰ ਅਤੇ ਨੀਲੇ ਰੰਗ ਦਾ ਦੁਪੱਟਾ ਪਹਿਨਣ ਵਾਲੀ ਲੜਕੀ, ਇਸਤਰੀ ਨੂੰ

ਅਤਿਵਾਦੀ ਸਮਝ ਕੇ ਗ੍ਰਿਫਤਾਰ, ਜ਼ਲੀਲ ਕੀਤਾ ਜਾਣ ਲਗਾ ਜੂਨ ਦੇ ਮਹੀਨੇ ਵਿਚ ਹੀ ੮ ਹਜ਼ਾਰ ਸਿਖ ਨੌਜਵਾਨਾਂ ਨੂੰ ਫ਼ੌਜੀ ਕੈਂਪਾਂ ਵਿਚ ਜ਼ਲੀਲ ਕੀਤਾ ਗਿਆ, ਬਹੁਤ ਸਾਰੇ ਨੌਜਵਾਨ ਬਾਰਡਰ ਲੰਘ ਕੇ ਪਾਕਿਸਤਾਨ ਚਲੇ ਗਏ। ਸਤੰਬਰ ੧੯੮੪ ਤਕ ਜ਼ੁਲਮ ਚੱਕਰ ਚਲਦਾ ਰਿਹਾ। ਇਨ੍ਹਾਂ ਦਾ ਮੁਖ ਕਾਰਣ ਪੰਥ ਵਿਚ ਵਖ ਵਖ ਧੜੇ ਤਲਵੰਡੀ ਦਲ, ਲੌਂਗੋਵਾਲ ਦਲ, ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਧੜਾ, ਵਖ ਵਖ ਖਾਲਸਾ ਦਲ, ਬੱਬਰ ਦਲ ਦੇ ਆਪਸੀ ਤਨਾਅ, ਬਾਦਲ ਸਾਹਿਬ ਦੇ ਮੁਖ ਮੰਤਰੀ ਬਣਨ ਦੇ ਸੁਪਨੇ ਹਨ। ਆਮ ਜਨਤਾ ਦੀ ਬਰਬਾਦੀ, ਗੁਰੂ ਦਰਬਾਰ ਦੀ ਤਬਾਹੀ।

ਪ੍ਰੋ: ਦਰਸ਼ਨ ਸਿੰਘ ਰਾਗੀ, ਹਰ ਇਲਾਕੇ ਵਿਚ ਸ਼ਬਦ ਕੀਰਤਨ ਕਰਦੇ ਤਾਂ ਐਨ.ਐਸ.ਏ. ਅਧੀਨ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਆਜ਼ਾਦੀ ਦਾ ਆਨੰਦ ਮਾਣਨ ਵਾਸਤੇ ਭੇਜ ਦਿਤਾ, ਕੋਈ ਦੋਸ਼ ਨਹੀਂ ਦਸਿਆ ਗਿਆ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮੀ ਫ਼ੌਜੀ ਸਿੰਘਾਂ ਦੀਆਂ ਸੂਚੀਆਂ ਵੇਰਵੇ ਇਕੱਠੇ ਕਰਕੇ ਡਾਇਰੈਕਟਰੀਆਂ ਤਿਆਰ ਕੀਤੀਆਂ ਗਈਆਂ ਸਹਾਇਤਾ ਵੀ ਦਿਤੀ ਗਈ ਪਰਵਾਰਾਂ ਨੂੰ ਨੌਕਰੀਆਂ ਦੇ ਪ੍ਰਬੰਧ ਕਰਵਾਏ ਗਏ।

੨੭ ਜੂਨ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਕੇਵਲ ਇਕ ਘੰਟਾ ਸਵੇਰੇ ਖੁਲ੍ਹ ਸਮੇਂ ਜਦੋਂ ਅੰਦਰ ਜਾ ਕੇ ਤਬਾਹੀ ਵੇਖੀ ਤੋਪਾਂ, ਟੈਂਕਾਂ ਵੇਖੀਆਂ ਹਰ ਥਾਂ ਨਿਸ਼ਾਨ ਵੇਖੇ ਖੂਨ ਹੀ ਖੂਨ ਤਾਂ ਧਾਹਾਂ ਮਾਰ-ਮਾਰ ਕੇ ਰੋਣ ਲਗੀਆਂ, ਇੰਦਰਾ, ਗਿਆਨੀ ਜ਼ੈਲ ਸਿੰਘ, ਬੂਟਾ ਸਿੰਹੁ ਨੂੰ ਲਾਹਨਤਾ ਪਾਉਣ ਲਗੀਆਂ।

੧ ਜੁਲਾਈ ਜੰਮੂ ਕਸ਼ਮੀਰ ਵਿਚ ਡਾ. ਫਾਰੂਕ ਅਬਦੁਲਾ ਦੀ ਸਰਕਾਰ ਖ਼ਤਮ ਕਰਕੇ ਜੀ ਐਮ ਸ਼ਾਹ ਨੂੰ ਮੁਖ ਮੰਤਰੀ ਬਣਾ ਕੇ ਸਿਖਾਂ ਉਪਰ ਜ਼ੁਲਮ ਕਰਨੇ ਸ਼ੁਰੂ ਹੋ ਗਏ।

੨ ਜੁਲਾਈ–ਨੌਵੀਂ ਸਿਖ ਰਜਮੈਂਟ ਗੰਗਾ ਨਗਰ (ਰਾਜਿਸਥਾਨ) ਖਤਮ ਕਰ ਦਿਤੀ ਗਈ।

ਇੰਦਰਾ ਵਲੋਂ ਇਕ ਹੋਰ ਕਾਲਾ ਕਾਨੂੰਨ ਬਣਾ ਕੇ

੧੯੭੬ ਵਿਚ ਇਸ ਤਰ੍ਹਾਂ ਦੀ ਸੋਧ ਕਰ ਦਿਤੀ ਕਿ ਬਦੇਸ਼ਾਂ ਤੋਂ ਸਿਖਾਂ ਦੀ ਧਰਮ ਕਾਰਜਾਂ ਵਾਲੀ ਰਕਮ ਸ਼੍ਰੋ: ਗੁ: ਪ੍ਰ: ਕਮੇਟੀ ਵਸੂਲ ਨਹੀਂ ਕਰ ਸਕਦੀ।

ਲੈਫ: ਕਰਨਲ ਜੋਗਿੰਦਰਾ ਸਿੰਘ ੮੧ ਜੀ. ਐਲ. ਸੈਕਸ਼ਨ ਨੂੰ ਕਰਨਲ ਦੀ ਬਣਦੀ ਜਾਇਜ਼ ਤਰਕੀ ਨਹੀਂ ਦਿਤੀ ਗਈ। ਕਰਨਲ ਆਈ ਐਸ

ਸਭਰਵਾਲ ਚੰਡੀ ਮੰਦਰ ੬ ਸਿਖ ਰੈਜਮੈਂਟ ਦੇ ਕਮਾਂਡਿੰਗ ਅਫਸਰ ਸਨ, ਪਰ ਇਨ੍ਹਾਂ ਦਾ ਅਹੁਦਾ ਘਟਾ ਕੇ ਮੇਜਰ ਬਣਾ ਦਿਤਾ ਗਿਆ।

੩ ਜੁਲਾਈ ਪੰਜਾਬ ਦਾ ਗਵਰਨਰ ਕੇ.ਟੀ. ਸਤਾਰੇਵਾਲਾ ਬਣ ਗਿਆ, ੧੪ ਮਾਰਚ, ੧੯੮੫ ਤਕ ਆਜ਼ਾਦੀ ਦਾ ਅਨੰਦ ਮਾਣਨ ਲਗਾ।

ਸਿਟੀਜ਼ਨ ਫ਼ਾਰ ਡੈਮੋਕਰੇਸੀ ਵਲੋਂ ਰਪੋਟ Oppression in Punjab ਸਰਕਾਰ ਨੇ ਜ਼ਬਤ ਕਰ ਲਈ। ਇਹ ਸਾਰੀ ਰਪੋਟ ਇੰਗਲੈਂਡ ਤੋਂ ਛਪਦੇ ਪੰਜਾਬ ਟਾਈਮਜ਼ ਵੀਕਲੀ ੧੦੫੯-੧੦੭੫ ਵਿਚ ਛਪੀ ਹੈ।

੫ ਜੁਲਾਈ ਸ: ਦਲੀਪ ਸਿੰਘ, ਮਨਜੀਤ ਸਿੰਘ, ਮਲਾਗਰ ਸਿੰਘ ਬੱਬਰ ਆਦਿ ਹਾਈ-ਜੈਕਰ ਲਾਹੌਰ ਜੇਲ੍ਹ ਵਿਚ ਡਕੇ ਹੋਏ ਹਨ।

੬ ਜੁਲਾਈ ਲੈਫ: ਜਨਰਲ ਜਗਜੀਤ ਸਿੰਘ ਅਰੋੜਾ ਸਿਖ ਫੋਰਮ ਦਿਲੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹਾਲਤ ਵੇਖ ਕੇ ਮੇਜਰ ਜਨਰਲ ਕੇ.ਐਸ. ਬਰਾੜ ਅਤੇ ਸ: ਪ੍ਰੀਤਮ ਸਿੰਘ ਭਿੰਡਰ ਆਈ.ਜੀ. ਤੋਂ ਅੰਦਰ ਵਿਖੇ ਗਏ ਅਸਲੇ ਬਾਰੇ ਵੀ ਪੁਛ ਕੀਤੀ ਕਿ ਇਹ ਉਨ੍ਹਾਂ ਨੇ ੧੯੭੧ ਵਿਚ ਕਬਜ਼ੇ ਵਿਚ ਲਏ ਸਨ।

੧੦ ਜੁਲਾਈ ਇੰਦਰਾ ਸਰਕਾਰ ਵਲੋਂ ਆਪਣੇ ਕੀਤੇ ਪਾਪਾਂ ਤੇ ਪਰਦਾ ਪਾਉਣ ਵਾਸਤੇ, ਮਨਘੜਤ ਕਹਾਣੀਆਂ ਬਣਾ ਕੇ White Paper ਛਾਪ ਕੇ ਵੰਡਿਆ ਗਿਆ ਤਾਂ ਜੋ ਆਮ ਲੋਕਾਂ ਨੂੰ ਅਸਲੀਅਤ ਦਾ ਪਤਾ ਨਾ ਲਗ ਸਕੇ। ਇਹ ਸਰਕਾਰੀ ਝੂਠ ਦਾ ਪਲੰਦਾ ਹੈ।

੧੭ ਜੁਲਾਈ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਦਾ ਕੰਮ, ਗਦਾਰ ਬਾਬਾ ਸੰਤਾ ਸਿੰਘ ਨੇ ਕਰਵਾਉਣਾ ਸ਼ੁਰੂ ਕੀਤਾ, ਇਸ ਨੂੰ ਸ਼ੁਰੂ ਕਰਨ ਲਈ ਅਰਦਾਸ ਸੰਤ ਨਰਾਇਣ ਸਿੰਘ ਕਲੇਰਾਂਵਾਲਾ ਨੇ ਕੀਤੀ। ਆਮ ਸਿਖ ਸੰਗਤਾਂ ਲਈ ਪਾਬੰਦੀ ਸੀ ਬਾਬਾ ਖੜਕ ਸਿੰਘ ਜੀ ਨੇ ਬੂਟਾ ਸਿੰਘ ਨੂੰ ਕਿਹਾ ਕਿ ਪਹਿਲਾਂ ਦਰਬਾਰ ਸਾਹਿਬ ਦੇ ਅੰਦਰੋਂ ਫ਼ੌਜੀ ਪਹਿਰਾ ਖਤਮ ਕੀਤਾ ਜਾਵੇ।

੨੨ ਜੁਲਾਈ ਪੰਥ ਵਲੋਂ ਗਦਾਰ ਸੰਤਾ ਸਿੰਘ ਅਤੇ ਨਰਾਇਣ ਸਿੰਘ, ਬੂਟਾ ਸਿੰਘ ਨੂੰ ਗੁਰੂ ਘਰ ਦਾ ਤਨਖਾਹੀਆ ਕਹਿ ਕੇ ਨਫ਼ਰਤ ਕੀਤੀ ਜਾਣ ਲਗੀ, ਇਕ ਬੀਬੀ ਨੇ ਮਲਬੇ ਵਾਲਾ ਤਸਲਾ ਸੰਤਾ ਸਿੰਘ ਦੇ ਮਥੇ ਤੇ ਮਾਰਿਆ ਸ੍ਰੀ ਅਕਾਲ ਤਖਤ ਤੋਂ ਸਾਰਾ ਮਲਬਾ, ਸਰਕਾਰੀ ਟਰੱਕਾਂ ਰਾਹੀਂ ਢੋ ਕੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਭਰਤ ਪਾਈ ਗਈ।

੨੬ ਜੁਲਾਈ ਸ: ਸਾਧੂ ਸਿੰਘ ਹਮਦਰਦ ਰੋਜ਼ਾਨਾ ਅਜੀਤ ਅਕਾਲ ਚਲਾਣਾ ਕਰ ਗਏ। ਹਰ ਸਾਲ ਯਾਦ ਮਨਾਈ ਜਾਂਦੀ ਹੈ।

੩੧ ਜੁਲਾਈ ਅਮਰੀਕਾ ਦੇ ਸਿੰਘਾਂ ਨੇ ਇਸ ਬਰਬਾਦੀ ਜ਼ੁਲਮ ਸਬੰਧੀ

ਯੂ.ਐਨ.ਓ. ਵਿਚ ਗੱਲ ਕਰਨ ਦੀ ਵਿਚਾਰ ਹੋਈ।

੧੧ ਅਗਸਤ ਬੂਟਾ ਸਿੰਘ, ਬਾਬਾ ਸੰਤਾ ਸਿੰਘ ਵਲੋਂ ਸਰਬੱਤ ਖਾਲਸਾ ਸਰਕਾਰੀ ਕਾਂਗਰਸੀ ਇਕੱਠ ਆਪਣੇ ਡੇਰੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਕੀਤਾ। ਪ੍ਰਧਾਨ ਜਥੇਦਾਰ ਮਾਨ ਸਿੰਘ ਤਖਤ ਪਟਨਾ ਸਾਹਿਬ, ਅਤੇ ਹੋਰ ਨਾਮਧਾਰੀ ਅਤੇ ਨਿਰੰਕਾਰੀ, ਨਿਹੰਗ ਸਿੰਘ ਇਕੱਠੇ ਹੋਏ।

੧੫ ਅਗਸਤ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਉਨ੍ਹਾਂ ਫ਼ੌਜੀ ਜਰਨੈਲਾਂ, ਕਮਾਂਡਰਾਂ ਅਫ਼ਸਰਾਂ ਨੂੰ ਬਹਾਦਰੀ ਅਤੇ ਵਧੀਆ ਕੰਮ ਕਰਨ ਲਈ ਸਨਮਾਨ, ਤਰੱਕੀਆਂ ਦਿਤੀਆਂ ਜਿਨ੍ਹਾਂ ਨੇ ੪-੬ ਜੂਨ ੧੯੮੪ ਨੂੰ ਗੁਰੂ ਦਰਬਾਰ ਦੀ ਬਰਬਾਦੀ ਕੀਤੀ ਸੀ। ਅਤੇ ਗੁਰੂ ਘਰ ਦਾ ਦੋਖੀ ਹੋਣ ਦਾ ਸਬੂਤ ਦਿਤਾ।

੨੪ ਅਗਸਤ ਸ: ਤਜਿੰਦਰ, ਅਮਰਿੰਦਰ ਸਿੰਘ, ਕੰਵਲਜੀਤ ਸਿੰਘ ਸੰਧੂ ਸ: ਮਾਨ ਸਿੰਘ, ਦਵਿੰਦਰ ਸਿੰਘ ਹਾਈ-ਜੈਕਰ, ਲਾਹੌਰ ਜੇਲ੍ਹ ਵਿਚ ਹਨ ਡਾ. ਹਰਜਿੰਦਰ ਸਿੰਘ ਦਿਲਗੀਰ ਨਾਰਵੇ ਵਲੋਂ ਛਪੀ ਪੁਸਤਕ ਸਿਖ ਹਾਈ-ਜੈਕਰ ਵਿਚ ਹਰ ਕਿਸੇ ਦੇ ਜੀਵਨ ਵੇਰਵੇ ਦਰਜ ਹਨ, ਪੁਸਤਕ ਅਕਾਲੀ ਲਹਿਰ ਦਾ ਕਲਾਮ ਵੀ ਛਪੀ ਹੈ। ਸੰਗਤਾਂ ਪੜ੍ਹ ਕੇ ਲਾਭ ਉਠਾਉਣ।

੨ ਸਤੰਬਰ ਪੰਥ ਵਲੋਂ ਸਰਬੱਤ ਖਾਲਸਾ ਸਮਾਗਮ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਚਾਟੀਵਿੰਡ ਗੇਟ, ਅੰਮ੍ਰਿਤਸਰ ਹੋਇਆ, ਸਰਕਾਰ ਵਲੋਂ ਰੇਲ ਗੱਡੀਆਂ, ਬੱਸਾਂ, ਆਵਾਜਾਈ ਤੇ ਸਖਤ ਪਾਬੰਦੀ, ਨਾਕਾਬੰਦੀ ਕੀਤੀ ਗਈ, ਹਜ਼ਾਰਾਂ ਸਿਖਾਂ ਨੂੰ ਗ੍ਰਿਫਤਾਰ ਕੀਤਾ ਗਿਆ। ਭਾਰੀ ਸਮਾਗਮ ਵਿਖੇ ਪੰਜ ਪਿਆਰਿਆਂ ਵਲੋਂ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਤੇ ਬੂਟਾ ਸਿੰਘ ਵਿਰੁਧ ਮਤਾ ਪਾਸ ਕਰਕੇ ਤਨਖਾਹੀਆ ਕਰਾਰ ਦਿਤੇ ਗਏ।

੭ ਸਤੰਬਰ ਧਰਮੀ ਫ਼ੌਜੀਆਂ ਵਿਰੁਧ ਸਰਕਾਰ ਵਲੋਂ ਸਖ਼ਤ ਸਜ਼ਾਵਾਂ ਦੇਣ ਦੀ ਕਾਰਵਾਈ ਕੀਤੀ ਗਈ ਤਾਂ ਲੈਫ: ਜਨਰਲ ਹਰਬਖਸ਼ ਸਿੰਘ ਵਲੋਂ ਰੋਸ ਸਰਕਾਰ ਨੂੰ ਭੇਜਿਆ ਕਿ ਸਿਖਾਂ ਨੇ ਕੋਈ ਅਪਰਾਧ ਨਹੀਂ ਕੀਤਾ। ਵੇਖਣ ਵਾਲੀ ਗਲ ਹੈ ਕਿ ੩੦ ਅਕਤੂਬਰ, ੧੯੯੦ ਮੰਗਲਵਾਰ ਅਯੁਧਿਆ ਬਾਬਰੀ ਮਸਜਦ ਨੂੰ ਤੋੜਨ ਵਾਲੇ ਗੁੰਡਾ ਅਨਸਰ ਵਿਰੁਧ ਇਸੇ ਗੰਗੂ ਸਰਕਾਰ ਵਲੋਂ ਗੋਲੀ ਚਲਾਉਣ ਦੇ ਹੁਕਮ ਦੀ ਘੋਰ ਉਲੰਘਣਾ, ਫੌਜੀ ਅਫਸਰਾਂ ਵਲੋਂ ਕੀਤੀ ਗਈ ਤਾਂ ਇਨ੍ਹਾਂ ਬਾਗੀ ਫੌਜੀ ਅਫਸਰਾਂ ਵਿਰੁਧ ਕੋਈ ਸਖਤੀ, ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਗਈ, ਇਹ ਕਿਸ ਤਰ੍ਹਾਂ ਦੇ ਪ੍ਰਬਧਕ ਹਨ ?

੨੫ ਸਤੰਬਰ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦਾ ਕਬਜ਼ਾ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤ,

ਗਿਆ ਗਿਆਨੀ ਜ਼ੈਲ ਸਿੰਘ ਨੇ ਸਾਰੀ ਬਰਬਾਦੀ ਬਾਰੇ ਕਿਹਾ ਕਿ ਮੈਨੂੰ ਪਤਾ ਨਹੀਂ ਅਤੇ ਗੋਲ-ਮੋਲ ਸਪਸ਼ਟੀ ਕਰਨ ਦਿਤਾ, ਜਿਸ ਤੇ ਪੰਜ ਪਿਆਰਿਆਂ ਵਲੋਂ ਮਾਫ਼ੀ ਵੀ ਦੇ ਦਿਤੀ, ਜੋ ਇਹ ਸਰਕਾਰੀ ਤੌਰ ਤੇ ਅੰਦਰ-ਖਾਤੇ ਹੀ ਹੋ ਗਿਆ।

੨੭ ਸਤੰਬਰ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ, ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋਇਆ, ਸਾਰੀ ਬਰਬਾਦੀ ਬਾਰੇ ਦੁਖ ਪ੍ਰਗਟ ਕੀਤਾ ਕਿ ਰਾਸ਼ਟਰਪਤੀ ਹੋਣ ਦੇ ਸਮੇਂ ਹੀ ਕਿਉਂ ਵਾਪਰੀ।

੨੮ ਸਤੰਬਰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ, ਪੰਥ ਵਲੋਂ ਕੀਤੇ ਜਾਣ ਲਗੇ, ਸੰਗਤਾਂ ਦਰਸ਼ਨ ਕਰਨ ਲਗੀਆਂ ਪਰ ਫੌਜੀ ਸੰਗੀਨਾਂ ਦੀ ਸਖਤੀ ਤਲਾਸ਼ੀ ਹੇਠ ਸਾਰੇ ਪਾਸੇ ਸਫਾਈਆਂ ਹੋਈਆਂ।

੨੯ ਸਤੰਬਰ ਸੰਗਤਾਂ ਦਾ ਭਾਰੀ ਇਕੱਠ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ ਸਾਰੇ ਫ਼ਰਸ਼ ਦੁਧ ਨਾਲ ਧੋ ਕੇ ਸਾਫ਼ ਕੀਤੇ ਗਏ, ਸ੍ਰੀ ਅਖੰਡ ਪਾਠ ਅਰੰਭ ਕੀਤਾ ਗਿਆ, ਸੰਗਤਾਂ ਹਰ ਪਾਸੇ ਬਰਬਾਦੀ ਗੋਲੀਆਂ ਦੇ ਨਿਸ਼ਾਨ ਵੇਖਦੀਆਂ ਹੰਝੂ ਕੇਰਦੀਆਂ, ਹਰ ਕਿਸੇ ਦਾ ਮਨ ਭਰ ਜਾਂਦਾ, ਦੁਖੀ ਹੁੰਦਾ ਕਿ ਅਜ਼ਾਦ ਭਾਰਤ ਵਿਚ ਵੀ ਸਿਖਾਂ ਦੇ ਮਹਾਨ ਕੇਂਦਰ ਦੀ ਇਹ ਹਾਲਤ ਹੈ। ਮਰਯਾਦਾ ਸ਼ੁਰੂ ਹੋਈ।

ਡਾ. ਜਗਜੀਤ ਸਿੰਘ ਚੋਹਾਨ ਪ੍ਰਧਾਨ ਖਾਲਿਸਤਾਨ ਕੌਂਸਲ ਨੇ ਐਲਾਨ ਕੀਤਾ ਜੋ ਸੂਰਬੀਰ ਦੁਸ਼ਟ ਇੰਦਰਾ (ਮਸਾ ਰੰਘੜ) ਨੂੰ ਕਤਲ ਕਰੇਗਾ, ਉਸ ਨੂੰ ਸੋਨੇ ਨਾਲ ਤੋਲਿਆ ਜਾਵੇਗਾ ਸਨਮਾਨ ਕੀਤਾ ਜਾਵੇਗਾ।

੩੦ ਸਤੰਬਰ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਸ੍ਰੀ ਅਕਾਲ ਤਖਤ ਦੇ ਫ਼ਰਸ਼ਾਂ ਅਤੇ ਭੋਰੇ ਆਦਿ ਦੀ ਰਗੜਾਈ ਸਫਾਈ, ਧੁਲਾਈ ਕਰਕੇ ਸ਼ਹੀਦ ਹੋ ਚੁਕੇ ਸਿੰਘਾਂ ਦੀਆਂ ਖੋਪੜੀਆਂ, ਚਰਬੀ, ਮਿਜ, ਅਸਥੀਆਂ, ਅਤੇ ਜੰਮੇ ਹੋਏ ਖੂਨ ਨੂੰ ਸਾ ਕਰਦੀਆਂ ਸਤਿਨਾਮ ਵਾਹਿਗੁਰੂ ਕਹਿੰਦੀਆਂ ਵੀ ਹੰਝੂ ਹੀ ਕੇਰ ਰਹੀਆਂ ਅਤੇ ਹਉਕੇ ਹੀ ਲੈ ਰਹੀਆਂ ਸਨ, ਇਹ ਉਸੇ ਤਰ੍ਹਾਂ ਦੀ ਅਦਭੁਤ ਘਟਨਾ ਸੀ ਜਿਵੇਂ ਮੀਰ ਮੰਨੂ ਦੀਆਂ ਜੇਲ੍ਹਾਂ ਵਿਚ ਆਪਣੇ ਬੱਚਿਆਂ ਨੂੰ ਨੇਜ਼ਿਆਂ ਤੇ ਟੰਗੇ ਵੇਖਦੀਆਂ, ਵਾਹਿਗੁਰੂ ਦਾ ਸ਼ੁਕਰ ਕਰਦੀਆਂ, ਤੇਰਾ ਭਾਣਾ ਮੀਠਾ ਲਾਗੇ। ਸ੍ਰੀ ਅਕਾਲ ਤਖਤ ਦੇ ਫ਼ਰਸ਼ ਧੋਣ ਨਾਲ ਖੂਨ ਹੀ ਖੂਨ ਸਾਰੇ ਪਾਸੇ ਤੋਂ ਸਰੋਵਰ ਵਲ ਜਾ ਰਿਹਾ ਸੀ। ਬਦੇਸ਼ਾਂ ਤੋਂ ਸਿਖ ਗੁਰੂ ਦਰਬਾਰ ਵਿਚ ਆਉਣ ਲਈ ਉਤਾਵਲੇ ਸਨ ਪਰ ਸਮਗਲਰ ਇੰਦਰਾ ਵਲੋਂ ਸਖਤ ਪਾਬੰਦੀਆਂ ਸਨ।

੩੦ ਸਤੰਬਰ ਸੰਤ ਮੇਜਾ ਸਿੰਘ ਪਿੰਡ ਮਨਿਆਲਾ ਜੋ ਸਿੰਘ ਕਾਰ ਸੇਵਾ ਵਲੋਂ, ਸ਼ਹੀਦ ਬਾਬਾ ਤਾਰਾ ਸਿੰਘ ਵਾਂ ਦੀ ਯਾਦ ਵਿਚ ਬੁੰਗਾ ਨੇੜੇ ਬਬੇਕਸਰ

ਬਣਵਾਇਆ ਗਿਆ, ਯਾਦਗਾਰੀ ਖੂਹ ੧੯੫੭ ਦੀ ਸ਼ੰਭਾਲ ਕੀਤੀ ਗਈ।

੧ ਅਕਤੂਬਰ ਸੰਗਤਾਂ ਅੰਮ੍ਰਿਤ ਵੇਲੇ ਤੋਂ ਭਾਰੀ ਗਿਣਤੀ ਵਿਚ ਸਿਮਰਨ, ਸ਼ਬਦ ਕੀਰਤਨ ਕਰਦੀਆਂ ਸ੍ਰੀ ਹਰਿਮੰਦਰ ਸਾਹਿਬ ਪਹੁੰਚੀਆਂ, ਫੌਜੀ ਸੰਗੀਨਾਂ ਰਾਹੀਂ ਤਲਾਸ਼ੀ ਕਰਵਾ ਕੇ, ਅੰਦਰ ਦਾਖਲ ਹੋਈਆਂ, ਸ੍ਰੀ ਅਖੰਡ ਪਾਠ ਦੀ ਸਮਾਪਤੀ ਸ਼ਬਦ ਕੀਰਤਨ ਹੋਏ। ਸਰੋਵਰ ਦਾ ਜਲ, ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਅਤੇ ਖੂਨ ਨਾਲ ਬਿਲਕੁਲ ਲਾਲ ਅਤੇ ਕੌੜਾ ਹੋ ਚੁਕਾ ਸੀ। ਤਬਦੀਲ ਕੀਤੇ ਜਾਣ ਵਾਸਤੇ ਕਾਰ ਸੇਵਾ ਦਾ ਫ਼ੈਸਲਾ ਹੋਇਆ।

੧੨ ਅਕਤੂਬਰ ਬਾਬਾ ਖੜਕ ਜੀ ਕਾਰ ਸੇਵਾ ਵਲੋਂ ਗੰਦਾ ਹੋਇਆ ਜਲ ਕਢਵਾਉਣਾ ਸ਼ੁਰੂ ਕਰਵਾ ਦਿਤਾ। ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸੀ। ਭਾਰੀ ਰੌਣਕਾਂ ਸਨ।

ਜਦੋਂ ਬੀ.ਜੇ.ਪੀ. ਦਾ ਲਾਲ ਕਿਸ਼ਨ ਐਡਵਾਨੀ ਅਟਲ ਬਿਹਾਰੀ, ਬਲਦੇਵ ਪ੍ਰਕਾਸ਼, ਸੁਰਿੰਦਰ ਬਿਲਾ ਹਿੰਦੂ ਰਾਸ਼ਟਰ ਦੇ ਨਾਹਰੇ ਲਗਾ ਕੇ ਗੁੰਡਾਗਰਦੀ ਕਰਦੇ ਹਨ ਤਾਂ ਉਨ੍ਹਾਂ ਵਿਰੁਧ ਕੋਈ ਪਾਬੰਦੀ ਨਹੀਂ।

੧੭ ਅਕਤੂਬਰ ਬਾਬਾ ਖੜਕ ਸਿੰਘ ਵਲੋਂ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ, "ਵਿਣੁ ਸੇਵਾ ਧ੍ਰਿਗੁ ਹਥ ਪੈਰ", ਸੰਗਤਾਂ ਆਪਣੇ ਗੁਰੂ ਦਰਬਾਰ ਵਿਚ ਲੱਖਾਂ ਦੀ ਗਿਣਤੀ ਵਿਚ ਛੋਟੇ ਛੋਟੇ ਬੱਚੇ ਵੀ ਗਾਰ ਤਸਲੇ ਚੁਕਣ ਨਾਲ ਲਿਬੜੇ ਹੋਏ, ਧਨ ਭਾਗ ਸਮਝਦੇ, ਅਦੁੱਤੀ ਨਜ਼ਾਰਾ ਉਪਰੋਂ ਹਵਾਈ ਜਹਾਜ਼ ਰਾਹੀਂ ਫੁਲ ਪੱਤੀਆਂ, ਹਜ਼ਾਰਾ ਕੈਮਰੇ, ਫੋਟੋ ਖਿਚ ਰਹੇ। ਗੁਰੂ ਨਾਨਕ ਦੇਵ ਜੀ ਨੇ ਅਜਿਹੀ ਕਾਰ ਨੂੰ ਹੀ ਕੇਸਰ ਦਸਿਆ ਹੈ ਸੇਵਾ ਕਰਨ ਨਾਲ ਹੱਥ ਪੈਰ ਸੁਚੇ ਹੁੰਦੇ ਹਨ। ਸ੍ਰੀ ਚੰਦਰ ਸ਼ੇਖਰ ਨੇ ਅਜਿਹੇ ਪਵਿਤਰ ਸ੍ਰੀ ਹਰਿਮੰਦਰ ਨੂੰ ਬਰਬਾਦ ਕਰਨ ਲਈ ਇੰਦਰਾ ਨੂੰ ਲਾਹਨਤਾਂ ਪਾਈਆਂ ਅਤੇ ਭਾਰੀ ਸੰਗਤਾਂ ਦੇ ਨਾਲ ਕਾਰ ਸੇਵਾ ਵੀ ਕੀਤੀ।

੨੨ ਅਕਤੂਬਰ ਮਕਾਰ ਇੰਦਰਾ ਨੇ ਸਿਖਾਂ ਨੂੰ ਖ਼ਤਮ ਕਰਨ ਵਾਸਤੇ ਪਾਕਿਸਤਾਨ ਨਾਲ ਜੰਗ ੨ ਨਵੰਬਰ, ੧੯੬੪ ਤੋਂ ਛੇੜਨ ਲਈ ਭਾਰਤੀ ਫ਼ੌਜਾਂ ਨੂੰ ਬਾਰਡਰ ਤੇ ਭੇਜਣਾ ਸ਼ੁਰੂ ਕਰ ਦਿਤਾ, ਪਰ ਪਾਪੀ ਕੇ ਮਾਰਨੇ ਕੋ ਪਾਪ ਮਹਾਬਲੀ ਹੈ, ਤਪੋਂ ਰਾਜ ਅਤੇ ਰਾਜੋਂ ਨਰਕ, ਇੰਦਰਾ ਵਲੋਂ ਨਿਰਦੋਸ਼ ਸੰਤ-ਸਿਪਾਹੀ ਸਿਖਾਂ ਉਪਰ ਅਤਿ ਦੇ ਜ਼ੁਲਮ ਅਤੇ ਬਦ-ਨੀਤੀ ਦਾ ਅੰਤ ਵੀ ਹੋਣਾ ਸੀ। ਇੰਦਰਾ ਨੇ ਐਲਾਨ ਕੀਤਾ ਜੋ ਕੋਈ ਡਾ. ਜਗਜੀਤ ਸਿੰਘ ਚੌਹਾਨ ਨੂੰ ਕਤਲ ਕਰੇਗਾ ਉਸ ਨੂੰ ਸੋਨੇ ਨਾਲ ਮੜ੍ਹਿਆ ਜਾਵੇਗਾ। ਆਪਣੀ ਸੁਰੱਖਿਆ ਵਾਸਤੇ ਹਜ਼ਾਰਾ ਅਫ਼ਸਰ ਲਗਾ ਲਏ ਗਏ।

੩੧ ਅਕਤੂਬਰ ਮਲਕੁਉਲ ਮੌਤ ਜਾ ਆਵਸੀ ਸਭ ਦਰਵਾਜ਼ੇ ਭੰਨ, ਇੰਦਰਾ ਸਵੇਰੇ ਆਪਣੀ ਕੋਠੀ ਵਿਚ ਤਿਆਰ ਹੋ ਕੇ ਟਹਿਲਣ ਲਈ ਬਾਹਰ ਨਿਕਲੀ, ਤਾਂ ਸ: ਸਤਵੰਤ ਸਿੰਘ ਅਤੇ ਸ: ਬੇਅੰਤ ਸਿੰਘ ਸਕਿਉਰਟੀ ਗਾਰਡਾਂ ਨੇ ਹੀ ਸਰਕਾਰੀ ਹਥਿਆਰਾਂ, ਗੋਲੀਆਂ ਦਾ ਬਰਸ਼ਟ ਛਾਤੀ ਵਿਚ ਮਾਰਿਆ ਸਾਰਾ ਸਰੀਰ ਛਲਣੀ ਕਰ ਦਿਤਾ, ਸ: ਬੇਅੰਤ ਸਿੰਘ ਨੇ ਐਲਾਨੀਆ ਕਿਹਾ ਮੈਂ ਆਪਣਾ ਕੰਮ ਪੂਰਾ ਕਰ ਦਿਤਾ ਹੈ, "ਮੈਂ ਜੋ ਕੁਝ ਕਰਨਾ ਸੀ ਕਰ ਦਿਤਾ ਹੈ, ਹੁਣ ਤੁਸਾਂ ਜੋ ਕਰਨਾ ਹੈ ਕਰੋ" ਉਸ ਨੂੰ ਉਥੇ ਬਠਾ ਕੇ ਅੱਧੇ ਘੰਟੇ ਪਿਛੋਂ ਸ਼ਹੀਦ ਕਰਵਾ ਦਿਤਾ ਗਿਆ, ਸ: ਸਤਵੰਤ ਸਿੰਘ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ ਗਿਆ। ਇੰਦਰਾ ਮੈਡੀਕਲ ਇਨਸਟੀਚਿਊਟ ਵਿਖੇ ਮਰ ਕੇ ਨਰਕਾਂ ਵਿਚ ਪਹੁੰਚ ਗਈ, ਤਪੋਂ ਰਾਜ ਤੇ ਰਾਜੋਂ ਨਰਕ।

ਸ: ਬੇਅੰਤ ਸਿੰਘ, ਭਾਈ ਸੁਖਾ ਸਿੰਘ ਮਹਿਤਾਬ ਸਿੰਘ ਵਾਂਗ ਅਮਰ ਸ਼ਹੀਦ ਹੋ ਗਿਆ। ਸ: ਬੇਅੰਤ ਸਿੰਘ ਨੂੰ ਪਕੜ ਕੇ ਬਠਾ ਕੇ, ਅੱਧੇ ਘੰਟੇ ਪਿਛੋਂ ਗੋਲੀ ਮਾਰਨਾ ਵੀ ਕਾਨੂੰਨ ਅਨੁਸਾਰ ਕਤਲ ਦਾ ਜੁਰਮ ਹੀ ਹੈ।

ਇਹ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਹੈ ਕਿ ਜਿਸ ਚਾਜੇ ਸ਼ੀਂਹ ਮੁਕਦਮ ਕੁਤੇ ਨੇ ਸ੍ਰੀ ਹਰਿਮੰਦਰ ਦੀ ਬੇ-ਅਦਬੀ, ਬਰਬਾਦੀ ਜ਼ੁਲਮ ਕੀਤਾ ਹੈ ਉਸ ਦਾ ਕਾਲ ੧੪੫ ਦਿਨ ਪਿਛੋਂ ਹੀ ਹੋ ਗਿਆ ਹੈ, ਇੰਦਰਾ ਦਾ ਵੀ ਹੋ ਗਿਆ। ਰਾਜੀਵ ਪੱਛਮੀ ਬੰਗਾਲ, ਕਲਕੱਤਾ ਗਿਆ ਹੋਇਆ ਸੀ ਉਥੋਂ ਖਬਰ ਸੁਣ ਕੇ ਦਿਲੀ ਪਹੁੰਚਿਆ।

ਇੰਦਰਾ ਦੇ ਕਤਲ ਦੀ ਖਬਰ ਆਕਾਸ਼ਵਾਣੀ ਤੋਂ ਬੜੇ ਗੌਰ-ਜ਼ਿੰਮੇਵਾਰਾਨਾ ਢੰਗ ਨਾਲ ਕਿ ਦੋ ਸਿਖ ਗਾਰਡਾਂ ਨੇ ਕੀਤਾ ਹੈ, ਜਿਸ ਕਰਕੇ ਯੂਥ ਕਾਂਗਰਸ ਦੇ ਗੁੰਡਾ ਅਨਸਰ ਮਨਨ ਕੁਮਾਰ ਐਮ.ਪੀ. ਅਸ਼ੋਕ ਕੁਮਾਰ ਕੌਂਸਲਰ,ਐਚ.ਕੇ.ਐਲ. ਭਰਤ ਐਮ. ਪੀ. ਟਾਈਟਲਰ ਨੇ ਆਪ ਸਿਖਾਂ ਨੂੰ ਕਤਲ ਕਰਵਾਇਆ, ਪੁਲਸ ਕਮਿਸ਼ਨਰ ਸੁਭਾਸ ਟੰਡਨ ਵਲੋਂ ਖੁਲ੍ਹੇ-ਆਮ ਤੌਰ ਤੇ ਦਿਲੀ ਦੇ ਹਰ ਇਲਾਕੇ ਵਿਚ ਸਿਖਾਂ ਦੇ ਕਤਲ ਹੋਏ, ਮਕਾਨਾਂ, ਦੁਕਾਨਾਂ, ਕਾਰਖਾਨਿਆਂ, ਕਾਰਾਂ, ਟਰੱਕਾਂ, ਬੱਸਾਂ ਨੂੰ ਅੱਗਾਂ ਲਗਾ ਕੇ ਸਾੜਿਆ ਗਿਆ, ੧੭੩ ਗੁਰਦੁਆਰਿਆਂ ਉਪਰ ਹਮਲੇ ਕੀਤੇ, ਰਕਾਬ ਗੰਜ ਕਾਫ਼ੀ ਨੁਕਸਾਨ ਹੋਇਆ। ਸਿਖ ਮੁਸਾਫ਼ਰਾਂ ਨੂੰ ਬੱਸਾਂ, ਰੇਲ ਗੱਡੀਆਂ, ਸਟੇਸ਼ਨਾਂ ਤੇ ਕਤਲ ਕੀਤਾ ਗਿਆ। ਗ੍ਰਹਿ ਮੰਤਰੀ ਨਰਸਿਮਾ ਰਾਉ ਸੀ, ਪੁਲਸ ਦਾ ਐਡੀਸ਼ਨਲ ਕਮਿਸ਼ਨਰ ਗੌਤਮ ਕੌਲ, ਅਤੇ ਸਿਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਸੀ ਦਿਲੀ, ਵਿਖੇ ੩ ਦਿਨ ਰਾਵਣ ਰਾਜ ਰਿਹਾ। ਗਿਆਨੀ ਜ਼ੈਲ ਸਿੰਘ ਨੂੰ ਵੀ ਜ਼ਲੀਲਾ

ਕੀਤਾ ਗਿਆ। ਦਿਲੀ ਟਰਾਂਸਪੋਰਟ ਬੱਸਾਂ ਦੀ ਵਰਤੋਂ ਕੀਤੀ ਗਈ। ਕਲਕੱਤਾਂ ਵਿਖੇ ਗੁਰਦੁਆਰਾ ਬੜਾ ਬਾਜ਼ਾਰ ਰਾਸ ਬਿਹਾਰੀ ਐਵੀਨਿਊ ਸਿਖਾਂ ਦੀਆਂ ਕਾਰਾਂ, ਮਕਾਨਾਂ, ਦੁਕਾਨਾਂ, ਟੈਕਸੀਆਂ, ਟਰੱਕ, ਹੋਟਲ ਆਦਿ ਸਾੜ ਦਿਤੇ ਗਏ ੧੦ ਨਵੰਬਰ ੧੯੮੪ ਤਕ ਰਾਵਣ ਰਾਜ ਰਿਹਾ। ਕਾਨਪੁਰ, ਪਟਨਾ, ਬੁਕਾਰੋ, ਭਲਾਈ ਰੌੜਕੇਲਾ ਜਮਸ਼ੇਦਪੁਰ ਹਰ ਇਲਾਕੇ ਵਿਚ ੫ ਦਿਨ ਰਾਵਣ ਰਾਜ ਰਿਹਾ। ਜਨਵਰੀ ੧੯੪੮ ਨੂੰ ਨੱਥੂ ਰਾਮ ਗਾਡਸੇ, ਮਰਾਠਾ ਨੇ ਮਹਾਤਮਾ ਗਾਂਧੀ ਨੂੰ ਕਤਲ ਕੀਤਾ ਸੀ, ਪਰ ਉਸ ਨੂੰ ਮੌਕੇ ਤੇ ਕਤਲ ਨਹੀਂ ਕੀਤਾ ਗਿਆ, ਨਾ ਹੀ ਕਿਸੇ ਹੋਰ ਆਦਮੀ ਨੂੰ ਹੀ ਨੁਕਸਾਨ ਪਹੁੰਚਾਇਆ ਗਿਆ। ਅਮਰੀਕਾ ਵਿਚ ਪ੍ਰਧਾਨ ਕੈਨੇਡੀ ਦਾ ਕਤਲ ਹੋਇਆ, ਬੰਗਲਾ ਦੇਸ਼ ਵਿਚ ਮੁਜੀਬੁਲ ਰਹਿਮਾਨ, ਪਾਕਿਸਤਾਨ ਵਿਚ ਲਿਆਕਤ ਅਲੀ ਖਾਨ, ਜ਼ੁਲਫਕਾਰ ਅਲੀ ਭੁਟੋ, ਜ਼ਿਆਉਲ ਹੱਕ ਦੇ ਵੀ ਕਤਲ ਹੋਏ ਪਰ ਬਦਲੇ ਵਿਚ ਆਮ ਜਨਤਾ ਦੇ ਕਤਲ ਨਹੀਂ ਹੋਏ, ਪਰ ਭਾਰਤ ਦੇ ਰਾਜੀਵ ਅਤੇ ਗੰਗੂ ਪੰਡਤਾਂ ਨੇ ਸਿਖਾਂ ਨੂੰ ਖਤਮ ਕਰਨ ਦਾ ਪ੍ਰਣ ਹੀ ਕਰ ਲਿਆ।

ਦਿੱਲੀ ਵਿਚ ਹੋਏ ਰਾਵਣ ਰਾਜ ਦੀ ਹਾਲਤ ਬਾਰੇ ਪੀਪਲਜ਼ ਯੂਨੀਅਨ ਆਫ਼ ਡੋਮੋਕਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ ਵਲੋਂ ਪੁਸਤਕ ਦੋਸ਼ੀ ਕੌਣ ਹੈ ਛਾਪੀ ਗਈ। ਜੈਨ-ਬੈਨਰਜੀ ਕਮੇਟੀ ਨੇ ਵੀ ਰਪੋਟ ਤਿਆਰ ਕੀਤੀ। ਪਰ ਸਿਖ ਵਕੀਲ ਕਿਉਂ ਚੁਪ ਰਹੇ।

ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਨੇ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਵਾ ਦਿਤਾ। ਸਿਖਾਂ ਉਪਰ ਅਤਿ ਦੇ ਜ਼ੁਲਮ ਵੇਖਦਾ ਰਿਹਾ?

ਅੱਜ ਤਕ ਸਿਖਾਂ ਨੇ ਕਿਸੇ ਧਰਮ ਦੇ ਅਸਥਾਨ ਮੰਦਰ, ਡੇਰੇ ਮਸੀਤ, ਜਾਂ ਕਿਸੇ ਦੇ ਧਰਮ ਗ੍ਰੰਥ ਦਾ ਨੁਕਸਾਨ ਨਹੀਂ ਕੀਤਾ ਸਗੋਂ ਸਿਖ ਰਾਜਿਆਂ ਨੇ ਆਪਣੀਆਂ ਰਿਆਸਤਾਂ ਵਿਚ ਮੰਦਰ ਅਤੇ ਮਸੀਤਾਂ ਤਿਆਰ ਕਰਵਾ ਕੇ ਦਿਤੇ ਹਨ।

ਦਿਲੀ, ਕਾਨਪੁਰ, ਪਟਨਾ, ਕਲਕੱਤਾ, ਬਿਹਾਰ ਤੋਂ ੫੦ ਹਜ਼ਾਰ ਸਿੱਖ ਬਰਬਾਦ ਹੋ ਕੇ ਪੰਜਾਬ ਵਲ ਆ ਗਏ, ਪਰ ਸਮਝਲਰ ਸਰਕਾਰ ਵਲੋਂ ਕਿਸੇ ਪੀੜਤ ਪਰਵਾਰ ਨੂੰ ਕੋਈ ਸਹਾਇਤਾ ਨਹੀਂ ਦਿਤੀ ਗਈ, ਨਾ ਕਿਸੇ ਕਾਤਲ, ਗੁੰਡਾ ਅਨਸਰ ਵਿਰੁਧ ਹੀ ਕੋਈ ਕਾਰਵਾਈ ਕੀਤੀ ਗਈ। ਦਿਲੀ ਜਾਮਾ ਮਸਜਦ ਦੇ ਸ਼ੇਖ ਅਬਦੁਲ ਬੁਖਾਰੀ ਨੇ ਸਿਖਾਂ ਨੂੰ ਵਧਾਈ ਦਿਤੀ ਕਿ ਦੁਸ਼ਟ ਇੰਦਰਾ ਨੂੰ ਬੜੀ ਦਲੇਰੀ ਨਾਲ ਕਤਲ ਕੀਤਾ ਹੈ। ਗਿਆਨੀ ਕ੍ਰਿਪਾਲ ਸਿੰਘ ਜਥੇਦਾਰ ਅਕਾਲ ਤਖਤ ਉਪਰ ਮਾਰੂ ਹਮਲਾ ਕੀਤਾ ਗਿਆ ਜ਼ਖਮੀ

ਹੋ ਗਏ ।

੩ ਨਵੰਬਰ ਪ੍ਰੋ: ਦਰਸ਼ਨ ਸਿੰਘ ਜਥੇਦਾਰ ਅਕਾਲ ਤਖਤ ਵਲੋਂ ਦਿਲੀ ਦੇ ਦੰਗਿਆਂ ਵਿਚ ਸ਼ਹੀਦ ਹੋਏ ਸਿਖਾਂ ਨਮਿਤ ਪਾਠ ਭੋਗ ਸ਼ਰਧਾਂਜਲੀ ਅਫ਼ਸੋਸ ਦੁਖ ਪ੍ਰਗਟ ਕੀਤਾ ਗਿਆ ਤਾਂ ਸਮਗਲਰ ਸਰਕਾਰ ਵਲੋਂ ਬਗਾਵਤ ਦਾ ਕੇਸ ਦਰਜ ਕਰਕੇ ਐਡੀਸ਼ਨਲ ਸੈਸ਼ਨ ਜੱਜ ਜੇ.ਡੀ. ਕਪੂਰ ਦੀ ਅਦਾਲਤ ਵਿਚ ਕਾਰਵਾਈ ਸ਼ੁਰੂ ਕਰ ਦਿਤੀ ਗਈ, ਪਰ ਅਟਲ ਬਿਹਾਰੀ ਵਾਜਪਾਈ ਅਤੇ ਐਲ.ਕੇ. ਐਡਵਾਨੀ ਵਲੋਂ ਹਰ ਥਾਂ ਜ਼ਹਿਰੀਲੇ ਭੜਕਾਊ ਭਾਸ਼ਨ ਦਿਤੇ ਜਾਂਦੇ ਹਨ ਤਾਂ ਉਨ੍ਹਾਂ ਵਿਰੁਧ ਕੋਈ ਪਾਬੰਦੀ ਨਹੀਂ। ਇਨ੍ਹਾਂ ਵਲੋਂ ਨਾਹਰੇ ਕੰਘਾ ਕੜਾ ਕਿਰਪਾਨ ਭੇਜ ਦੇਂਗੇ ਪਾਕਿਸਤਾਨ "ਮਾਰੋ ਸਰਦਾਰੋ ਕੋ ਦੇਸ਼ ਕੇ ਗਦਾਰੋ ਕੋ" ੪ ਹਜ਼ਾਰ ਸਿਖ ਕਨੇਡਾ ਚਲੇ ਗਏ, ਨਾਰਵੇ, ਸਵੀਡਨ, ਡੈਨਮਾਰਕ, ਇੰਗਲੈਂਡ, ਜਰਮਨ, ਹਾਲੈਂਡ, ਬੈਲਜੀਅਮ, ਸਵਿਟਜ਼ਰਲੈਂਡ ਅਮਰੀਕਾ ਵਲ ਜਾ ਕੇ ਪਨਾਹ ਲੈਣ ਲਗੇ ਜਮਸ਼ੇਦਪੁਰ, ਭਵਿੰਡੀ, ਅਹਿਮਦਾਬਾਦ, ਸਿਖ ਇੰਜੀਨੀਅਰਾਂ ਨੂੰ ਕਾਰਖਾਨੇ ਦੀਆਂ ਭੱਠੀਆਂ ਵਿਚ ਸੁਟ ਕੇ ਸਾੜ ਦਿਤਾ ਗਿਆ। ਹਰਦੁਆਰ, ਰਿਸ਼ੀਕੇਸ਼, ਜੋਸ਼ੀਮਠ, ਰਾਂਚੀ ਧਨਬਾਦ, ਲਖਨਊ, ਸਹਾਰਨਪੁਰ ਪਾਨੀਪਤ, ਕਰਨਾਲ, ਗੁੜਗਾਉਂ ਰੇਵਾੜੀ, ਰਾਮਗੜ੍ਹ, ਡਾਲਟਨ ਗੰਜ ਕੋਪਰ ਗਾਉ ਭੂਸਾਵਾਲ, ਇੰਦੌਰ, ਪਲਵਲ ਹਰ ਥਾਂ ਦੇ ਡਿਪਟੀ ਕਮਿਸ਼ਨਰ, ਅਤੇ ਪੁਲਸ ਅਧਿਕਾਰੀ ਵੀ ਸਿਖਾਂ ਉਪਰ ਜ਼ੁਲਮ ਕਰਦੇ ਰਹੇ। ਇਤਨੇ ਜ਼ੁਲਮ ਸੁਣ ਕੇ ਸਾਰੇ ਦੇਸ਼ਾਂ ਦੇ ਲੋਕ ਹੈਰਾਨ ਹੋ ਗਏ ਕਿ ਕਿਥੇ ਗਏ ਸਾਰੇ ਕਾਨੂੰਨ

੪ ਨਵੰਬਰ ਬਨਾਰਸ ਵਿਖੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਢਾਹ ਕੇ, ਉਥੇ ਇਨ੍ਹਾਂ ਗੰਗੂ ਪੰਡਤਾਂ ਨੇ ਮੰਦਰ ਬਣਾ ਕੇ ਹਨੂੰਮਾਨ-ਬਾਂਦਰ ਮੂਰਤੀ ਲਗਾ ਦਿਤੀ, ਪਰ ਅਖੌਤੀ ਪੰਥਕ ਲੀਡਰਾਂ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਕੇਵਲ ਕੁਰਸੀ ਦੀ ਝਾਕ ਵਿਚ ਚੁਪ ਹਨ ?

ਸਿਖ ਫੋਰਮ ਦੇ ਲੈਫ: ਜਨਰਲ ਜਗਜੀਤ ਸਿੰਘ ਅਰੋੜਾ, ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ, ਕੁਲਦੀਪ ਨਯਰ, ਸ: ਖੁਸ਼ਵੰਤ ਸਿੰਘ ਵੀ.ਐਮ. ਤਾਰਕੁੰਡੇ, ਰਾਮੇਸ਼ ਥਾਪਰ (ਇਲਸਟਰਡ ਵੀਕਲੀ) ਵਲੋਂ ਸਮਗਲਰ ਸਰਕਾਰ ਨੂੰ ਲਾਹਨਤਾ ਪਾਈਆਂ ਗਈਆਂ, ਸਾਰੇ ਦੁਖਾਂਤ ਅਖਬਾਰਾਂ ਵਿਚ ਰਪੋਟਾਂ ਛਾਪੀਆਂ ਗਈਆਂ। ਦਿਲੀ ਵਿਚ ਤਿੰਨ ਹਜ਼ਾਰ ਸਿਖ ਕਤਲ ਹੋ ਗਏ ਪੀੜਤ ਪਰਵਾਰ, ਵਿਧਵਾਵਾਂ ੧੬੦੦ ਪ੍ਰਵਾਰ ਤਿਲਕ ਵਿਹਾਰ ਵਿਖੇ ਝੁਗੀਆਂ ਵਿਚ ਢਿਲਕਣ ਲਗੇ, ਸਰਕਾਰ ਵਲੋਂ ਕੋਈ ਸਹਾਇਤਾ, ਮੁਆਵਜ਼ਾ ਨਹੀਂ ਦਿਤਾ ਗਿਆ। ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿਖ ਨਿਸ਼ਕਾਮ

ਜਥੇਬੰਦੀਆਂ ਵਲੋਂ ਪ੍ਰਬੰਧ ਕੀਤੇ ਜਾਣ ਲਗੇ। ਗਿ: ਜ਼ੈਲ ਸਿੰਘ ਵੇਖਦਾ ਰਿਹਾ।

੧੯ ਨਵੰਬਰ–ਹੰਕਾਰੀ ਰਾਜੀਵ ਨੇ ਦਿੱਲੀ ਵਿਖੇ ਚੋਣ ਭਾਸ਼ਨ ਦੌਰਾਨ ਕਿਹਾ ਕਿ ਮੈਂ ਆਪਣੀ ਮਾਂ ਦੇ ਕਤਲ ਦਾ ਬਦਲਾ ਸਿਖਾਂ ਨੂੰ ਖਤਮ ਕਰਨ ਵਿਚ ਲਵਾਂਗਾ ਅਤੇ ਆਮ ਹਿੰਦੂ ਲੋਕਾਂ ਤੋਂ ਵੋਟਾਂ ਲੈਣ ਵਾਸਤੇ ਜ਼ਹਿਰੀਲਾ ਪ੍ਰਚਾਰ ਕੀਤਾ ਗਿਆ।

੨੭ ਨਵੰਬਰ–ਸ: ਸਿਮਰਨਜੀਤ ਸਿੰਘ ਮਾਨ ਨਿਪਾਲ ਵਲ ਜਾਣ ਲਗੇ ਤਾਂ ਜੋਗਬਨੀ ਬਾਰਡਰ ਤੇ ਗ੍ਰਿਫਤਾਰ ਕਰ ਲਿਆ ਗਿਆ, ਨਾਲ ਦੇ ਸਾਥੀ ਭਾਈ ਕਮਿਕਰ ਸਿੰਘ, ਭਾਈ ਰਾਮ ਸਿੰਘ, ਭਾਈ ਜਗਪਾਲ ਸਿੰਘ, ਰਘਬੀਰ ਸਿੰਘ, ਚਰਨ ਸਿੰਘ ਨੂੰ ਵੀ ਐਨ.ਐਸ.ਏ. ਅਧੀਨ ਜੇਲਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਵਾਸਤੇ ਜ਼ਲੀਲ ਕੀਤਾ ਗਿਆ। ਸਿਖਾਂ ਵਾਸਤੇ ਜੇਲ੍ਹਾਂ ਹੀ ਹਨ।

ਦਸੰਬਰ–ਹੰਕਾਰੀ ਰਾਜੀਵ ਮਾਂ ਇੰਦਰਾ ਦੇ ਕਤਲ ਦੇ ਨਾਹਰੇ ਲਗਾ ਕੇ ਕਾਂਗਰਸੀ ਗੰਗੂ ਲੋਕ ਸਭਾ ਦੀਆਂ ਚੋਣਾਂ ਜਿੱਤ ਗਏ। ਸਿਖਾਂ ਵਲੋਂ ਬਾਈਕਾਟ ਕੀਤਾ ਗਿਆ। ਦਿੱਲੀ ਦੇ ੭ ਐਮ.ਪੀ. ਗੰਗੂ ਕਾਂਗਰਸੀ ਜਿਤ ਗਏ ਪੰਜਾਬ ਵਿਚ ਚੋਣਾਂ ਨਹੀਂ ਕਰਵਾਈਆਂ ਗਈਆਂ। ਸਿਖਾਂ ਦੇ ਕਾਤਲਾਂ ਨੂੰ ਐਮ. ਪੀਜ਼ ਬਣਾ ਕੇ ਕੇਂਦਰੀ ਮੰਤਰੀ ਬਣਾ ਦਿਤਾ ਗਿਆ, ਸਿਖਾਂ ਉਪਤ ਹੋਰ ਜ਼ੁਲਮ ਸ਼ੁਰੂ ਹੋ ਗਏ। ਸ੍ਰੀ ਐਚ.ਕੇ.ਐਲ. ਭਗਤ ਵਡਾ ਕਾਤਲ ਮੰਤਰੀ ਬਣ ਗਿਆ।

ਦਸੰਬਰ, ੮੪, ਗੰ ਗ੍ਰੂ ਰਾਮ ਪ੍ਰਕਾਸ਼ ਬਾਬਾ ਵੀ ਸੀ ਪੰਜਾਬ ਯੂ ਨੀਵਰਸਿਟੀ ਚੰਡੀਗੜ੍ਹ ਨੂੰ ਰੀਟਾਇਰ ਕਰਨ ਤੇ ਤਿੰਨ ਸਾਲ ਦਾ ਹੋਰ ਵਾਧਾ ਕਰ ਦਿਤਾ ਕਿ ਇਹ ਪੰਜਾਬੀ ਵਿਰੋਧੀ ਹੈ।

ਜਨਵਰੀ ੮੫–ਸ: ਹਰਭਜਨ ਸਿੰਘ ਜੀ ਬੀ.ਐਫ-੩੩, ਟੈਗੋਰ ਗਾਰਡਨ, ਦਿੱਲੀ-੨੭ ਵਿਖੇ, ਪੀੜਤ ਪਰਵਾਰਾਂ ਦੀ ਸੇਵਾ ਸੰਭਾਲ ਲਈ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਕਾਇਮ ਕਰਕੇ ਭਾਈ ਘਨਈਆਂ ਵਾਂਗ ਕਾਰਜ ਕੀਤੇ ਜਾ ਰਹੇ ਹਨ।

ਜਨਵਰੀ–ਅਖੰਤੀ ਪੰਥਕ ਲੀਡਰ ਲੌਂਗੋਵਾਲ,ਸੁਖਜਿੰਦਰ ਬਰਨਾਲਾ ਅਤੇ ਬਾਦਲ ਨੂੰ ਰੈਸਟ ਹਾਊਸਾਂ ਵਿਚ, ਚੋਣਾਂ ਕਰਵਾਉਣ ਲਈ ਸੌਦੇਬਾਜ਼ੀ ਕਰਨ ਉਪਰੰਤ ਰਿਹਾ ਕੀਤਾ ਗਿਆ।

ਸਿੱਖ ਟਾਈਮਜ਼ ਬੋਰਡ, ਸਾਊਥ ਹਾਲ, ਯੂ.ਕੇ. ਤੋਂ ਆਵਾਜ਼ਿ-ਕੌਮ ਵੀਕਲੀ, ਸਿੱਖ ਨੌਜਵਾਨਾਂ, ਪੰਜਾਬ ਦੇ ਮਸਲੇ ਜ਼ੁਲਮਾਂ ਦੇ ਵੇਰਵੇ ਛਾਪ ਰਿਹਾ ਹੈ। ਡਾ: ਜਸਵੰਤ ਸਿੰਘ ਨੇਕੀ ਡਾਇਰੈਕਟਰ ਪੀ.ਜੀ.ਆਈ. ਚੰਡੀਗੜ੍ਹ ਨੂੰ ਫੈਡਰੇਸ਼ਨ ਦਾ ਸਾਬਕਾ ਪ੍ਰਧਾਨ ਰਹਿਣ ਕਰਕੇ, ਨੌਕਰੀ ਤੋਂ ਹਟਾ ਦਿਤਾ ਗਿਆ, ਪਰ

ਵਾਹਿਗੁਰੂ ਸੇਵਕ ਦੀ ਸੰਭਾਲ ਕਰਦਾ ਹੈ, ਇਹ ਈਰਾਨ ਵਿਖੇ ਜਾ ਕੇ ਠਾਠ ਨਾਲ ਰਹਿਣ ਲਗੇ। ਪਰ ਕਿਸੇ ਅਖੌਤੀ ਪੰਥਕ ਆਗੂ ਨੇ ਕੋਈ ਰੋਸ ਕਾਰਵਾਈ ਨਹੀਂ ਕੀਤੀ। ਸ: ਅਜੈਪਾਲ ਸਿੰਘ ਮਾਨ ਆਈ. ਪੀ. ਐਸ ਵਲੋਂ ੧੧ ਜਨਵਰੀ ੮੫ ਸ੍ਰੀ ਹਰਿਮੰਦਰ ਦਾ ਮਾਡਲ ਤੋੜੇ ਜਾਣ ਦੇ ਰੋਸ ਵਜੋਂ ਅਸਤੀਫਾ ਦੇ ਦਿਤਾ ਗਿਆ।

੧੬ ਜਨਵਰੀ–ਸ: ਦਰਸ਼ਨ ਸਿੰਘ ਡਲਾ ਅਤੇ ਗੁਰਦੇਵ ਸਿੰਘ ਕਾਉਂਕੇ ਨੂੰ ਗਿ: ਕਿਰਪਾਲ ਸਿੰਘ ਉਪਰ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ।

੧੫ ਮਾਰਚ–ਪੰਜਾਬ ਦਾ ਗਵਰਨਰ ਅਰਜਨ ਸਿੰਘ ਬਣ ਗਿਆ। ੧੪ ਨਵੰਬਰ ੮੫ ਤਕ ਕੁਰਪਸ਼ਨ ਦਾ ਦੌਰ ਜ਼ੋਰਾਂ ਤੇ ਹੋ ਗਿਆ।

ਸ: ਸੁਰੈਣ ਸਿੰਘ ਧਨੋਆ, ਮੁਖ ਸਕਤਰ ਨੂੰ ਤਬਦੀਲ ਕਰ ਦਿੱਤਾ ਗਿਆ।

੨੬ ਮਾਰਚ–ਸੂਰਮਾ ਸਿੰਘ ਆਸ਼ਰਮ ਵਲੋਂ, ਨੇਤਰਹੀਨ ਬੀਬੀਆਂ ਦੀ ਸੇਵਾ ਸੰਭਾਲ ਵਾਸਤੇ ਬੀਬੀ ਭਾਨੀ ਇਸਤਰੀ ਨੇਤਰਹੀਨ ਕਿਰਤ ਕੇਂਦਰ ਛੇਹਰਟਾ, ਸੰਨ੍ਹ ਸਾਹਿਬ ਰੋਡ ਦੀ ਉਸਾਰੀ ਲਈ ਨੀਂਹ ਬਾਬਾ ਖੜਕ ਸਿੰਘ, ਸੰਤ ਦਰਸ਼ਨ ਸਿੰਘ ਜੀ ਨੇ ਅਰਦਾਸ ਕਰਕੇ ਰਖੀ। ਦੁਖ ਦੀ ਗੱਲ ਇਹ ਹੈ ਕਿ ਭਾਰਤ ਵਿਚ ਕਿਤਨੇ ਹੀ ਸਮਾਜ ਭਲਾਈ ਮੰਤਰੀ, ਸਕੱਤਰ, ਡਾਇਰੈਕਟਰ ਅਤੇ ਅਫਸਰ, ਸੰਸਥਾਵਾਂ ਹਨ, ਪਰ ਇਨ੍ਹਾਂ ਅਨਾਥਾਂ ਦੀ ਭਲਾਈ ਦੇ ਸਮਾਗਮਾਂ ਤੇ ਸਦੇ ਪੱਤਰ ਭੇਜਣ ਦੇ ਬਾਵਜੂਦ ਵੀ ਕੋਈ ਨਹੀਂ ਪਹੁੰਚਦਾ, ਹਮਦਰਦੀ ਸਹਾਇਤਾ ਤਾਂ ਕੀ ਕਰਨੀ ਹੈ।

੨੮ ਮਾਰਚ–ਸੰਤ ਹਰਚੰਦ ਸਿੰਘ ਲੌਂਗੋਵਾਲ ਆਪਣੀ ਸਾਖ ਬਣਾਉਣ ਵਾਸਤੇ ਕਹਿੰਦਾ ਰਿਹਾ ਕਿ ਪੁਲਸ ਥਾਣਿਆਂ ਅਤੇ ਬੁਚੜ ਸੈਲਾਂ ਦਾ ਘਿਰਾਉ ਕੀਤਾ ਜਾਵੇਗਾ, ਪਰ ਕਦੇ ਅਜਿਹੀ ਜੁਅਰਤ ਹੀ ਨਹੀਂ ਕੀਤੀ। ਕਿਤਨਾ ਚੰਗਾ ਹੁੰਦਾ ਜੇ ਇਹ ਗਵਰਨਰ ਨੂੰ ਹਰ ਬੁਚੜ ਸੈਲ ਦੀ ਹਾਲਤ ਵਿਖਾ ਕੇ ਪੁਛਦਾ ਕਿ ਇਹ ਕਿਹੜੇ ਕਾਨੂੰਨਾਂ ਅਨੁਸਾਰ ਕਾਰਵਾਈ ਹੁੰਦੀ ਹੈ ? ਹੋਰਨਾਂ ਆਜ਼ਾਦ ਦੇਸ਼ਾਂ ਵਿਚ ਅਜਿਹੀ ਕੋਈ ਗੈਰ ਮਨੁਖੀ, ਵਹਿਸ਼ੀਆਨਾ ਕਾਰਵਾਈ ਨਹੀਂ ?

੧੩ ਅਪ੍ਰੈਲ–ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਵਲੋਂ ਫੈਸਲਾ ਕੀਤਾ ਗਿਆ ਕਿ ਸਰਕਾਰੀ ਮਜ਼ਦੂਰਾਂ ਰਾਹੀਂ ਮੁਰੰਮਤ ਹੋਇਆ ਅਕਾਲ ਤਖਤ ਢਾਹ ਕੇ ਦੋਬਾਰਾ ਸੰਗਤਾਂ ਰਾਹੀਂ ਬਣਾਇਆ ਜਾਵੇ।

੩੦ ਅਪ੍ਰੈਲ–ਚੋਣਾਂ ਦੀਆਂ ਸਰਗਰਮੀਆਂ ਵਾਸਤੇ ਅਖੌਤੀ ਪੰਥਕ ਲੀਡਰ ਬਾਦਲ, ਬਰਨਾਲਾ, ਸੁਖਜਿੰਦਰ, ਅਮਰਿੰਦਰ, ਲੌਂਗੋਵਾਲ, ਬਲਵੰਤ ਸਿਹੁੰ ਦਿਲੀ

ਦਰਬਾਰ ਸਿਖਾਂ ਦੇ ਕਾਤਲ ਰਾਜੀਵ ਦੀਆਂ ਪਰਕਰਮਾਂ ਕਰਨ ਲਗੇ, ਪਰ ਇਨ੍ਹਾਂ ਵਲੋਂ ਕਦੇ ਗੁਰਮਤ ਇਤਿਹਾਸ ਦਾ ਪ੍ਰਚਾਰ ਨਹੀਂ ਕੀਤਾ ਗਿਆ, ਧਰਮ ਦੇ ਫੰਡ ਅਲੈਕਸ਼ਨਾਂ ਪ੍ਰੈਸ ਰਪੋਰਟਰਾਂ, ਵਿਸਕੀਆਂ ਵਲ ਹੀ ਨਸ਼ਟ ਕੀਤੇ ਜਾਂਦੇ।

ਅਪ੍ਰੈਲ–ਚੀਫ਼ ਖ਼ਾਲਸਾ ਦੀਵਾਨ ਵਲੋਂ ਪਪਵੀਂ ਆਲ ਇੰਡੀਆ ਸਿਖ ਐਜੂਕੇਸ਼ਨਲ ਕਾਨਫਰੰਸ ਮੰਡੀ[1] ਗੋਨਿਆਣਾ, ਮਹੰਤ ਤੀਰਥ ਸਿੰਘ ਦੀ ਸਰਪ੍ਰਸਤੀ ਹੇਠ ਹੋਈ, ਭਾਈ ਘਨਈਆ ਸੈਮੀਨਾਰ ਕੀਤਾ ਗਿਆ।

੧ ਮਈ ੮੫–ਜਥੇਦਾਰ ਜਗਦੇਵ ਸਿੰਘ ਤਲਵੰਡੀ, ਬਾਦਲ ਅਤੇ ਲੌਂਗੋਵਾਲ ਧੜੇ ਨੂੰ ਖ਼ਤਮ ਕਰਨਾ ਚਾਹੁੰਦਾ ਸੀ, ਸੋ ਪੰਥਕ ਏਕਤਾ ਦੇ ਨਾਮ ਤੇ ਲੌਂਗੋਵਾਲ ਦਲ ਖ਼ਤਮ ਕਰਵਾ ਕੇ ਅਸਤੀਫਾ ਬਾਬਾ ਜੋਗਿੰਦਰ ਸਿੰਘ ਦੇ ਹਵਾਲੇ ਕਰਵਾ ਦਿਤਾ ਗਿਆ। ਰਾਜੀਵ ਨੇ ਜਗਜੀਤ ਸਿੰਘ ਰੋਡੇ ਨੂੰ ਸੰਗਰੂਰ ਜੇਲ੍ਹ ਤੋਂ ਰਿਹਾ ਕਰ ਦਿਤਾ, ਉਹ ਵੀ ਅੰਮ੍ਰਿਤਸਰ ਬਾਬਾ ਜੋਗਿੰਦਰ ਸਿੰਘ ਪਾਸ ਪਹੁੰਚ ਗਿਆ, ਮੈਗਜ਼ੀਨ ਸੂਰਯਾ ਦੇ ਪੰਨਾ ੪੨ ਤੇ ਆਪਸੀ ਫੁਟ, ਕਲੇਸ਼ਾਂ, ਧੜੇਬਾਜ਼ੀ, ਅਲੈਕਸ਼ਨ, ਸੌਦੇਬਾਜੀ ਦੇ ਹਾਲਾਤ ਛਾਪੇ ਗਏ। ਪੜ੍ਹ ਕੇ ਤਸਲੀ ਕੀਤੀ ਜਾਵੇ।

੩ ਮਈ–ਧੋਖੇਬਾਜ ਯੂ. ਪੀ. ਸਰਕਾਰ ਵਲੋਂ ੧੯੫੦ ਤੋਂ ਆਬਾਦ ਕਰਵਾਏ ਗਏ ਸਿਖਾਂ ਨੂੰ ਬੇ-ਦਖਲ ਕੀਤਾ ਜਾਣ ਲਗਾ, ਪਰ ਕਦੇ ਕਿਸੇ ਅਖੌਤੀ ਪੰਥਕ ਲੀਡਰਾਂ ਵਲੋਂ ਇਨ੍ਹਾਂ ਦੀ ਕੋਈ ਸੁਣਵਾਈ ਸਹਾਇਤਾ ਨਹੀਂ ਕੀਤੀ ਗਈ।

੧੩ ਅਪ੍ਰੈਲ–ਹੈਪੀ ਨਿਵਾਸ, ਸ਼ੇਰਸ਼ਾਹ ਸੂਰੀ ਰੋਡ ਦਾ ਉਦਘਾਟਨ ਭਗਤ ਪੂਰਨ ਸਿੰਘ ਵਲੋਂ ਸ਼ਬਦ ਕੀਰਤਨ ਅਰਦਾਸ ਕਰ ਕੇ ਕੀਤਾ ਗਿਆ, ਗੁਰਮਤਿ ਦਾ ਲਿਟਰੇਚਰ ਸੰਗਤਾਂ ਨੂੰ ਵੰਡਿਆ ਗਿਆ।

ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ, ਲੌਂਗੋਵਾਲ, ਬਾਦਲ ਗਰੁਪ ਨੂੰ ਖ਼ਤਮ ਕਰਨਾ ਚਾਹੁੰਦੇ ਸਨ, ਸੋ ਸ: ਸੁਰਜੀਤ ਸਿੰਘ ਬਰਨਾਲਾ ਰਾਜੀਵ ਦੀ ਸਰਕਾਰੀ ਸਹਾਇਤਾ ਨਾਲ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ, ਅਤੇ ਸ: ਕਾਬਲ ਸਿੰਘ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾ ਦਿਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਪੰਥ ਖਤਰੇ ਦੇ ਨਾਹਰੇ ਲਗਾਉਣ ਲਗੇ ਪ੍ਰਧਾਨ ਕਾਬਲ ਸਿੰਘ ਨੂੰ ਕਤਲ ਕਰਨ ਵਾਸਤੇ ਕਪੂਰਥਲਾ ਵਿਖੇ ਗੋਲੀ ਚਲਾਈ ਗਈ ਸਖਤ ਜ਼ਖਮੀ ਹੋ ਗਿਆ।

੧੯੮੫ ਜਸਟਿਸ ਸ: ਅਜੀਤ ਸਿੰਘ ਬੈਂਸ ਵਲੋਂ ਪੀੜਤ ਮਜ਼ਲੂਮ ਸਿਖਾਂ ਦੀ ਸੁਣਵਾਈ ਵਾਸਤੇ ਪੰਜਾਬ ਹਿਊਮਨ ਰਾਈਟਸ਼ ਸੰਸਥਾ ਕਾਇਮ ਕਰਕੇ ਸਰਕਾਰ ਨਾਲ ਕਾਰਵਾਈ ਸ਼ੁਰੂ ਹੋਈ। ਸਰਕਾਰ ਵਲੋਂ ਜਸਟਿਸ ਰੰਗਾ ਨਾਥ

ਮਿਸ਼ਰਾ ਪੜਤਾਲੀਆ ਕਮਿਸ਼ਨ ਬਣਾਇਆ ਗਿਆ, ਜਿਸ ਵਲੋਂ ਫੈਸਲਾ ਦਿਤਾ ਗਿਆ ਕਿ ਦੰਗਾਕਾਰੀਆਂ ਨੂੰ ਸਜ਼ਾ ਦਿਤੀ ਜਾਵੇ। ਦਿਲੀ ਦੇ ਦੰਗਾ ਪੀੜਤ ਪਰਿਵਾਰਾਂ, ਵਿਧਵਾਵਾਂ ਨੂੰ ਕੁਝ ਸਹਾਇਤਾ ਦਿਤੀ ਗਈ, ਪਰ ਦੰਗੇ ਤਾਂ ਹੋਰਨਾਂ ਸ਼ਹਿਰਾਂ ਵਿਚ ਵੀ ਕਈ ਥਾਵਾਂ ਤੇ ਹੋਏ ਸਨ, ਕਾਨ੍ਹਪੁਰ, ਬੁਕਾਰੋ, ਬਿਹਾਰ ਆਦਿ ਵਲ ਪਰ ਉਥੋਂ ਦੇ ਦੰਗਾ ਪੀੜਤਾਂ ਸਿਖ ਪਰਿਵਾਰਾਂ ਨੂੰ ਕੋਈ ਸਹਾਇਤਾ ਨਹੀਂ ਦਿਤੀ ਗਈ। ਇਨ੍ਹਾਂ ਨੂੰ ਸਹਾਇਤਾ ਦਿਵਾਏ ਜਾਣ ਵਾਸਤੇ ਸ: ਮਨਜੀਤ ਸਿੰਘ ਸਾਹਨੀ ਐਡਵੋਕੇਟ ਪਟਿਆਲਾ ਪ੍ਰਧਾਨ ਸਿਖ ਲਾਇਰਜ਼ ਕੌਂਸਲ ਵਲੋਂ ਕਾਰਵਾਈ ਕੀਤੀ ਜਾਣ ਲਗੀ। ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਪੁਲਸ ਵਲੋਂ ਝੂਠੇ ਪੁਲਸ ਮੁਕਾਬਲੇ ਅਤੇ ਗ੍ਰਿਫਤਾਰੀਆਂ ਹਜ਼ਾਰਾਂ ਸਿਖ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਸਿਖ ਵਕੀਲਾਂ ਵਲੋਂ ਹਰ ਅਦਾਲਤ ਵਿਚ ਕੀਤੀ ਜਾਣ ਲਗੀ। ਸ: ਸਿਮਰਨ ਜੀਤ ਸਿੰਘ ਮਾਨ ਦੀ ਪੈਰਵੀ ਸ੍ਰੀ ਰਾਮ ਜੇਠ ਮਿਲਾਨੀ ਐਡਵੋਕੇਟ ਨੇ ਕੀਤੀ। ਕਿਸੇ ਪੁਲਸ ਮੁਕਾਬਲੇ ਵਿਚ ਕਦੇ ਕੋਈ ਪੁਲਸ ਵਾਲਾ ਜ਼ਖਮੀ ਵੀ ਨਹੀਂ ਹੋਇਆ, ਕਤਲ ਕੀਤੇ ਸਿਖਾਂ ਦੀ ਦਸਤਾਰ ਉਥੇ ਉਸ ਦੀ ਦੇਹ ਦੇ ਲਾਗੇ ਵੀ ਨਹੀਂ ਹੁੰਦੀ ਸੀ। ਨਾ ਹੀ ਕਿਸੇ ਦਾ ਪੋਸਟ ਮਾਰਟਮ ਹੀ ਕਰਵਾਇਆ ਜਾਂਦਾ ਹੈ, ਕਿਸੇ ਲੀਡਰ ਜਾਂ ਵਕੀਲ ਵਲੋਂ ਕੋਈ ਰੋਸ ਜਾਂ ਅਦਾਲਤੀ ਕਾਰਵਾਈ ਨਹੀਂ ਕੀਤੀ ਜਾ ਰਹੀ ? ਜੋਸ਼ੀਲੇ ਨੌਜਵਾਨਾਂ ਨੂੰ ਸੰਭਾਲਣ ਦੀ ਲੋੜ ਹੈ।

੧੦ ਮਈ—ਪੰਥਕ ਏਕਤਾ ਵਾਸਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਸਤੀਫਾ ਦੇ ਦਿਤਾ।

੨੦ ਮਈ—ਰਾਜੀਵ ਨੇ ਸਿਖਾਂ ਨੂੰ ਖਤਮ ਕਰਨ ਲਈ Jhe Terrorist and Disruptive Activities [Prevention] Bill ੧੯੮੫ ਨੂੰ ਹੋਰ ਸਖਤੀ ਨਾਲ ਸਿਖਾਂ ਤੇ ਜ਼ੁਲਮ ਹੋਣ ਲਗੇ ਪਿੰਡ ਦੇ ਨਿਰਦੋਸ਼ ਨੌਜਵਾਨ ਸਿਖ ਝੂਠੇ ਪੁਲਸ ਮੁਕਾਬਲਿਆਂ ਵਿਚ ਕਤਲ ਹੋਣ ਲਗੇ।

ਇੰਦਰਾ ਦੇ ਕਾਤਲ ਸ: ਸਤਵੰਤ ਸਿੰਘ ਦੀ ਸਹਾਇਤਾ ਕਿਸੇ ਅਖੌਤੀ ਪੰਥਕ ਲੀਡਰ ਨੇ ਨਹੀਂ ਕੀਤੀ, ਸਗੋਂ ਸ੍ਰੀ ਰਾਮ ਜੇਠ ਮਿਲਾਨੀ, ਸ੍ਰੀ ਪੀ. ਐਨ. ਲੇਖੀ ਅਤੇ ਸ: ਆਰ. ਐਸ. ਸੋਢੀ ਐਡਵੋਕੇਟ ਸੁਪਰੀਮ ਕੋਰਟ ਨੇ ਪੈਰਵੀ ਕੀਤੀ।

ਸ਼ੰਕਰਾ ਚਾਰਯ ਨੇ ਭਾਰਤ ਵਿਚੋਂ ਬੋਧੀ ਤਾਂ ਖਤਮ ਕਰ ਦਿਤੇ ਸਨ ਬੋਧੀ ਤਾਂ ਨਾਸਤਕ ਸਨ, ਪਰ ਗੁਰੂ ਦੇ ਸਿਖ ਤਾਂ ਅਕਾਲ ਪੁਰਖ ਵਿਚ ਵਿਸ਼ਵਾਸ਼ ਰਖਦੇ ਹਨ, ਖਾਲਸਾ ਅਕਾਲ ਪੁਰਖ ਕੀ ਫੌਜ ਇਨ੍ਹਾਂ ਨੂੰ ਇਹ ਪਖੰਡੀ ਗੰਗੂ ਪੰਡਤ ਕਦੇ ਵੀ ਖਤਮ ਨਹੀਂ ਕਰ ਸਕਦੇ।

ਭਾਰਤ ਦੇ ਆਸਾਮ, ਉੜੀਸਾ, ਬਿਹਾਰ, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ,

ਅਯੁਧਿਆ ਵਿਖੇ ਅਤਿਵਾਦ, ਫਿਰਕੂ ਦੰਗੇ ਹੁੰਦੇ ਹਨ, ਪਰ ਉਨ੍ਹਾਂ ਵਾਸਤੇ ਕੋਈ ਕਾਲਾ ਕਾਨੂੰਨ ਨਹੀਂ ਕੇਵਲ ਪੰਜਾਬ ਦੇ ਸਿਖਾਂ ਵਾਸਤੇ ਕਿਉਂ ?

੨੬ ਮਈ–ਸ: ਪ੍ਰਕਾਸ਼ ਸਿੰਘ ਬਾਦਲ ਨੇ ਲੌਂਗੋਵਾਲ ਨੂੰ ਆਪਣੇ ਵਖਰੇ ਦਲ ਦਾ ਅਸਤੀਫਾ ਵਾਪਸ ਲੈਣ ਵਾਸਤੇ ਕਿਹਾ ਅਤੇ ਲੌਂਗੋਵਾਲ ਨੇ ਦੋਬਾਰਾ ਵਖਰਾ ਦਲ ਖੜਾ ਕਰਕੇ ਪੰਥਕ ਏਕਤਾ ਵਿਚ ਵਿਘਨ ਪਾ ਦਿਤਾ। ਸੰਯੁਕਤ ਅਕਾਲੀ ਦਲ ਦੇ ਬਾਬਾ ਜੋਗਿੰਦਰ ਸਿੰਘ, ਮੋਹਕਮ ਸਿੰਘ ਰੋਡੇ ਸ੍ਰੀ ਦਰਬਾਰ ਸਾਹਿਬ ਦੇ ਪਰਕਰਮਾਂ ਬਰਾਂਡਿਆਂ ਦੇ ਕਮਰਿਆਂ ਵਿਚ ਹੀ ਰਹਿੰਦੇ। ਸੰਤ ਲੌਂਗੋਵਾਲ ਬਾਦਲ ਦੇ ਜ਼ੋਰ ਪਾਉਣ ਤੇ ਆਪਣੇ ਦਿਤੇ ਅਸਤੀਫੇ ਤੋਂ ਮੁਕਰ ਗਿਆ।

੧-੬ ਜੂਨ ੮੫–ਜੂਨ ੧੯੮੪ ਦੇ ਸ਼ਹੀਦੀ ਸਾਕੇ ਦੁਖਾਂਤ ਦੀ ਬਰਸੀ ਮੰਜੀ ਸਾਹਿਬ ਵਿਖੇ ਭਾਰੀ ਇਕਠ ੧੪ ਹਜ਼ਾਰ ਸਿੰਘ ਇਕੱਠੇ ਹੋਏ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਜ਼ਿੰਦਾਬਾਦ ਅਤੇ ਬਾਦਲ, ਬਰਨਾਲਾ, ਲੌਂਗੋਵਾਲ, ਬਲਵੰਤੇ ਨੂੰ ਕੌਮ ਦੇ ਗਦਾਰ ਕਿਹਾ ਗਿਆ।

ਪੰਜਾਬ ਵਿਚ ੬ ਅਕਤੂਬਰ ੧੯੮੩ ਤੋਂ ਰਾਸ਼ਟਪਤੀ ਰਾਜ ਲਾਗੂ ਰਿਹਾ।

੯ ਜੂਨ–ਬਾਦਲ, ਬਰਨਾਲਾ, ਬਲਵੰਤ ਸਿੰਘ, ਲੌਂਗੋਵਾਲ ਨੇ ਮੁਕਾਬਲੇ ਵਿਚ ਆਪਣੇ ਦਲ ਦਾ ਇਕੱਠ ਕੀਤਾ ਤਾਂ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਵਲੋਂ ਇਨ੍ਹਾਂ ਗਦਾਰਾਂ ਨੂੰ ਜ਼ਲੀਲ ਕੀਤਾ ਗਿਆ।

੨੪ ਜੂਨ–ਪੰਥ ਰਤਨ ਮਾ. ਤਾਰਾ ਸਿੰਘ, ਬਾਨੀ ਸੰਤ ਸਿਪਾਹੀ ਦਾ ਇਕ ਸੌ ਸਾਲਾ ਜਨਮ ਦਿਹਾੜਾ ਮਨਾਇਆ ਗਿਆ।

੩੦ ਜੂਨ–ਪੰਜਾਬ ਕਾਂਗਰਸ ਦਾ ਪ੍ਰਧਾਨ ਮੇਜਰ ਜਨ: ਰਾਜਿੰਦਰ ਸਿੰਘ ਸਪੈਰੋ ਬਣ ਗਿਆ।

[redacted] ੧੦ ਜੁਲਾਈ–ਗਿ: ਜ਼ੈਲ ਸਿੰਘ ਜੋ ਸਿੱਖ ਰਾਸ਼ਟਰਪਤੀ ਸੀ, ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਦੀ ਬਰਬਾਦੀ ਕਰਨ ਵਾਲੇ ਦੁਸ਼ਟ ਫੌਜੀ ਅਫਸਰਾਂ ਵੈਦਯ, ਬਰਾੜ, ਦਿਆਲ ਆਦਿ ਨੂੰ ਬਹਾਦਰੀ ਦੇ ਸਨਮਾਨ ਤਰੱਕੀਆਂ ਦੇ ਕੇ, ਰਾਜੀਵ ਨੂੰ ਪ੍ਰਸੰਨ ਕੀਤਾ ਗਿਆ। ਪਰ ਕਿਸੇ ਅਖੌਤੀ ਪੰਥਕ ਆਗੂ ਨੇ ਰਾਸ਼ਟਰਪਤੀ ਵਿਰੁੱਧ ਰੋਸ ਨਹੀਂ ਕੀਤਾ। ਇਹ ਕਿਉਂ ?

੨੨ ਜੁਲਾਈ–ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਨੇ ਲੌਂਗੋਵਾਲ ਨੂੰ ਚੰਡੀਗੜ੍ਹ ਵਿਖੇ ਗੁਪਤ ਕਾਰਵਾਈ ਕਰਕੇ ਰਾਜੀਵ ਨਾਲ ਸਮਝੌਤਾ ਕਰਨ ਦਿੱਲੀ ਚਲੇ ਗਏ।

੨੩ ਜੁਲਾਈ–ਗੰਗੂ ਰਾਜੀਵ ਨੇ ਧਰਮੀ ਫੌਜੀ ਸਿਖਾਂ ਨੂੰ ਰਿਹਾ ਕੀਤੇ ਜਾਣ। ਨੌਕਰੀ ਤੇ ਬਹਾਲ ਕੀਤੇ ਜਾਣ। ਅਨੰਦਪੁਰ ਦਾ ਮਤਾ ਲਾਗੂ ਕਰਨ

ਵਾਸਤੇ, ਸ: ਰਣਜੀਤ ਸਿੰਘ ਸਰਕਾਰੀਆ ਕਮਿਸ਼ਨ ਕਾਇਮ ਕੀਤਾ ਗਿਆ ਗੰਗੂ ਰਾਜੀਵ ਨੇ ਪੰਥ ਵਿਚ ਫੁਟ ਪਵਾ ਕੇ, ਬਾਦਲ, ਟੌਹੜਾ, ਤਲਵੰਡੀ ਅਤੇ ਬਾਬਾ ਜੋਗਿੰਦਰ ਸਿੰਘ, ਰੋਡੇ ਫੈਡਰੇਸ਼ਨ ਨੂੰ ਅਖੋਂ ਉਹਲੇ ਕੀਤਾ ਗਿਆ।

੨੪ ਜੁਲਾਈ–ਗੰਗੂ ਰਾਜੀਵ ਵਲੋਂ ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਅਤੇ ਲੌਂਗੋਵਾਲ ਵਿਚਕਾਰ ਸਮਝੌਤਾ, ਕਾਗਜ਼ੀ ਢੰਗ ਹੋਇਆ, ਗਵਰਨਰ ਅਰਜਨ ਸਿੰਘ ਸੀ। ਇਸ ਸਮਝੌਤੇ ਦੀ ਕਲਾਜ਼ ੫ ਵਿਚ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦਾ ਝਾਂਸਾ ਵੀ ਦਰਜ ਸੀ। ਬਰਨਾਲਾ ਮੁਖ ਮੰਤਰੀ ਦੇ ਸੁਪਨੇ ਲੈਣ ਲੱਗ ਪਿਆ।

੨੬ ਜੁਲਾਈ–ਪੰਥਕ ਏਕਤਾ ਦੇ ਨਾਮ ਤੇ ਤਖਤ ਕੇਸਗੜ੍ਹ ਅਨੰਦਪੁਰ ਸਾਹਿਬ, ਇਕੱਤਰਤਾ ਹੋਈ, ਪਰ ਬਾਦਲ, ਟੌਹੜਾ, ਤਲਵੰਡੀ ਵਲੋਂ ਕਿਹਾ ਗਿਆ ਕਿ ਸਮਝੌਤੇ ਲਈ ਤਿੰਨੋਂ ਆਗੂ ਮਾਲਵੇ ਦੇ ਇਲਾਕੇ ਦੇ ਸਨ ਅਤੇ ਮਾਝੇ ਦੇ ਇਲਾਕੇ ਦਾ ਕੋਈ ਪੰਥਕ ਆਗੂ ਸ਼ਾਮਲ ਨਹੀਂ ਕੀਤਾ ਗਿਆ। ਇਸ ਕਰਕੇ ਆਪਸੀ ਏਕਤਾ ਦੀ ਕੋਈ ਗੱਲ ਕਰਨ ਦੀ ਬਜਾਏ ਬਾਦਲ ਦਲ ਵਖਰਾ ਰੌਲਾ ਪਾਉਣ ਲੱਗਾ। ਬਾਬਾ ਜੋਗਿੰਦਰ ਸਿੰਘ ਦਮਦਮੀ ਟਕਸਾਲ, ਰੋਡੇ ਫੈਡਰੇਸ਼ਨ ਵਲੋਂ ਗੰਗੂ-ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਫਰਾਡ ਧੋਖਾ ਫਰੌਂਸਲਾ ਕਹਿ ਕੇ ਭੰਡਿਆ ਗਿਆ ਤੇ ਚੋਣਾਂ ਲਈ ਬਾਈਕਾਟ ਦਾ ਨਾਹਰਾ ਲਗਾਇਆ ਜਾਣ ਲਗਾ। ਸ੍ਰੀ ਹਰਿਮੰਦਰ ਸਾਹਿਬ ਵਿਚੋਂ ਪੁਲਸ ਹਟਾ ਕੇ ਟਾਸਕ ਫੋਰਸ ਭਰਤੀ ਕਰਕੇ ਲਗਾ ਦਿਤੀ।

੨੦ ਅਗਸਤ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪੰਥ ਦਾ ਗਦਾਰ ਸਮਝ ਕੇ ਉਸ ਦੇ ਪਿੰਡ ਵਿਖੇ ਸਮਾਗਮ ਸਮੇਂ ਹੀ ਬਾਬਾ ਗਿਆਨ ਲੀਲਾ ਨੇ ਕਤਲ ਕਰ ਦਿਤਾ ਗਿਆ। ਸੁਰਜੀਤ ਸਿੰਘ ਬਰਨਾਲਾ, ਤੋਤਾ ਸਿੰਘ, ਬਲੰਵਤ ਸਿੰਘ ਵਲੋਂ ਹਰ ਸਾਲ ਯਾਦ ਮਨਾ ਕੇ ਵਿਸਕੀ ਵੀ ਛਕੀ ਜਾਂਦੀ ਹੈ।

ਚੋਣਾਂ ਹੋਈਆਂ ਅਤੇ ਸ: ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਬਣ ਗਿਆ, ਪ੍ਰਕਾਸ਼ ਸਿਘ ਬਾਦਲ ਨੂੰ ਡਿਪਟੀ ਮੁਖ ਮੰਤਰੀ ਦੀ ਪੇਸ਼ਕਸ਼ ਕੀਤੀ ਗਈ ਪਰ ਇਹ ਮੁਖ ਮੰਤਰੀ ਬਣਨਾ ਚਾਹੁੰਦਾ ਸੀ, ਇਸ ਕਰਕੇ ਮਾਯੂਸ ਰਿਹਾ।

੧੩ ਸਤੰਬਰ ਸ: ਐਚ. ਐਸ. ਮੋਹਰ ਸਿੰਘ ਬਾਨੀ ਰੋਜ਼ਾਨਾ ਰਣਜੀਤ ਪਟਿਆਲ ੭੬ ਸਾਲ ਤਕ ਪੰਥ ਦੀ ਸੇਵਾ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ। ਹਰ ਸਾਲ ਯਾਦ ਮਨਾਈ ਜਾਂਦਾ ਹੈ।

੨੫ ਸਤੰਬਰ ਸ: ਸੁਚਾ ਸਿੰਘ ਖੈੜਾ ਪੁਲਸ-ਇਨਸਪੈਕਰ ਨੂੰ ਡਿਸਮਿਸ ਕਰ ਦਿਤਾ ਗਿਆ ਇਸ ਦੀ ਸਹਾਇਤਾ ਸ: ਹਰੀ ਸਿੰਘ ਮਾਨ ਐਡਵੋਕੇਟ ਕਰ

ਰਹੇ ਹਨ।

ਜਸਟਿਸ ਅਜੀਤ ਸਿੰਘ ਬੈਂਸ ਵਲੋਂ ਪੰਜਾਬ ਹਿਊਮਨ ਰਾਈਟਸ ਸੰਸਥਾ ਦੁਆਰਾ, ਪੀੜਤ ਸਿਖਾਂ ਦੀਆਂ ਰਪੋਟਾਂ ਤਿਆਰ ਕਰਕੇ ਸਹਾਇਤਾ ਕੀਤੀ ਜਾਣ ਲਗੇ, ਹਰ ਸ਼ਹਿਰ ਦੇ ਸਿਖ ਵਕੀਲਾਂ ਵਲੋਂ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕੀਤੀ ਗਈ।

ਚੀਫ ਖਾਲਸਾ ਦੀਵਾਨ ਵਲੋਂ ਪਪਵੀਂ ਸਿਖ ਐਜੂਕੇਸ਼ਨਲ ਕਾਨਫ੍ਰੰਸ, ਮੰਡੀ ਗੋਨਿਆਣਾ (ਬਠਿੰਡਾ) ਵਿਖੇ ਮਹੰਤ ਤੀਰਥ ਸਿੰਘ ਸੇਵਾ ਪੰਥੀ ਦੀ ਸਰਪਰਹਤੀ ਹੇਠ ਹੋਈ।

੧੪ ਨਵੰਬਰ ਪੰਜਾਬ ਦਾ ਗਵਰਨਰ ਹਾਕਿਸ ਸੀਮਾ ਬਣ ਗਿਆ ਪਰ ੨੬ ਨਵੰਬਰ ੧੯੮੫ ਤਕ ਕੇਵਲ ੧੨ ਦਿਨ ਹੀ ਆਜ਼ਾਦੀ ਦਾ ਆਨੰਦ ਮਾਣ ਸਕਿਆ।

੧੭-੧੮ ਨਵੰਬਰ ਭਾਸ਼ਾ ਵਿਭਾਗ ਪੰਜਾਬ, ਦੇ ਡਾਇਰੈਕਟਰ ਸ: ਰਾਜਿੰਦਰ ਸਿੰਘ ਭਸੀਨ ਵਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਵਿਦਵਾਨਾਂ ਦੀ ਵਿਚਾਰ ਗੋਸ਼ਟੀ ਭਾਰੀ ਰੌਣਕਾਂ ਸਜਾਵਟਾਂ ਨਾਲ ਕਪੂਰਥਲਾ ਵਿਖੇ ਕਰਵਾਈ ਗਈ ਸ: ਹਰਦਿਆਲ ਸਿੰਘ ਆਈ.ਏ.ਐਸ. ਸਕੱਤਰ ਸਿਖਿਆ ਵਿਭਾਗ ਵਲੋਂ ਉਦਘਾਟਨ ਕੀਤਾ ਗਿਆ ਸ: ਸਤਨਾਮ ਜਿਲ੍ਹਾ ਭਾਸ਼ਾ ਅਫਸਰ ਵਲੋਂ ਸਾਰੇ ਪ੍ਰਬੰਧ ਕਰਵਾਏ ਗਏ ਰਾਤ ਨੂੰ ਸੁਖਜਿੰਦਰ ਸਿੰਘ ਸਿਖਿਆ ਮੰਤਰੀ ਵਲੋਂ ਕਲਚਰਲ ਪ੍ਰੋਗਰਾਮ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਗੁਰਮੀਤ ਬਾਵਾ ਨੇ ਗੀਤ ਗਾਏ।

੨੬ ਨਵੰਬਰ ਪੰਜਾਬ ਦਾ ਗਵਰਨਰ ਐਸ.ਡੀ. ਧਰਮਾ ਬਣ ਗਿਆ ਪਰ ਇਹ ਵੀ ੭ ਦਸੰਬਰ ੧੯੮੫ ਤਕ ਆਜ਼ਾਦੀ ਦੇ ਅਨੰਦ ਮਾਣਦਾ ਰਿਆ।

ਸ: ਦਵਿੰਦਰ ਸਿੰਘ ਜੀ ਦੁਗਲ ਇੰਚਾਰਜ ਸਿਖ ਇਤਿਹਾਸ ਖੋਜ ਬੋਰਡ, ਸ੍ਰੀ ਹਰਿਮੰਦਰ ਸਾਹਿਬ, ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੧ ਜਨਵਰੀ ੧੯੮੬ ਪ੍ਰੋ. ਦਰਸ਼ਨ ਸਿੰਘ ਨੂੰ ਗ੍ਰਿਫਤਾਰ ਕਰਕੇ ਨਵੇਂ ਸ਼ਾਲ ਦਾ ਤੋਹਫਾ ਜੇਲ੍ਹ ਵਿਚ ਭੇਜ ਦਿਤਾ ਗਿਆ, ਪਰ ਅਟੱਲ ਬਿਹਾਰੀ ਵਾਜਪਾਈ ਨੂੰ ਕਦੇ ਵੀ ਗ੍ਰਿਫਤਾਰ ਨਹੀਂ ਕੀਤਾ।

੧੦ ਅਗਸਤ ਦੁਸ਼ਟ ਜਨਰਲ ਏ.ਐਸ. ਵੈਦਯ ਨੂੰ ਪੂਨਾ ਵਿਖੇ ਕਤਲ ਕਰਕੇ ਨਰਕਾਂ ਵਿਚ ਪਹੁੰਚਾ ਦਿਤਾ ਗਿਆ।

੨ ਅਕਤੂਬਰ ਸਮੱਗਲਰ ਰਾਜੀਵ ਉਪਰ ਰਾਜ ਘਾਟ ਦਿਲੀ ਵਿਖੇ ਕਰਮਜੀਤ ਸਿੰਘ ਵਲੋਂ ਹਮਲਾ ਕੀਤਾ ਗਿਆ।

੨੬ ਜਨਵਰੀ ਦਮਦਮੀ ਟਕਸਾਲ ਬਾਬਾ ਠਾਕਰ ਸਿੰਘ, ਬਾਬਾ ਜੋਗਿੰਦਰ ਸਿੰਘ, ਜਸਬੀਰ ਸਿੰਘ ਰੋਡੇ ਵਲੋਂ ਸ੍ਰੀ ਅਕਾਲ ਤਖਤ ਵਿਖੇ ਸਰਬੱਤ ਖਾਲਸਾ ਕਾਨਫ੍ਰੰਸ ਹੋਈ ਗਦਾਰ ਸੰਤਾ ਸਿੰਘ ਵਲੋਂ ਸ੍ਰੀ ਅਕਾਲ ਤਖਤ ਦੀ ਜੋ ਮੁਰੰਮਤ ਸਤੰਬਰ ੧੯੮੪ ਵਿਚ ਇੰਦਰਾ ਸਰਕਾਰ ਵਲੋਂ ਕਰਵਾਈ ਗਈ ਸੀ, ਉਹ ਪੰਜ ਪਿਆਰਿਆਂ ਵਲੋਂ ਢਾਹ ਕੇ ਸਫਾਈ ਕਰਨੀ ਸ਼ੁਰੂ ਕੀਤੀ ਗਈ, ਖਾਲਿਸਤਾਨ ਦਾ ਝੰਡਾ ਲਹਿਰਾ ਕੇ ਰਾਜ ਕਰੇਗਾ ਖਾਲਸਾ ਦੇ ਨਾਹਰੇ ਲਗਾਏ ਗਏ ਰਾਜਧਾਨੀ ਦਿਲੀ ਹੋਵੇਗੀ ਪੰਜ ਮੈਂਬਰੀ ਪੰਥਕ ਕਮੇਟੀ ਦੇ ਗੁਰਬਚਨ ਸਿੰਘ ਮਾਨੋਚਾਹਲ, ਵਸਣ ਸਿੰਘ ਜਫਰਵਾਲ, ਧੰਨਾ ਸਿੰਘ, ਗੁਰਦੇਵ ਸਿੰਘ, ਅਰੂੜ ਸਿੰਘ ਕਾਇਮ ਕੀਤੀ ਗਈ, ਗਦਾਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ ਜਸਬੀਰ ਸਿੰਘ ਰੋਡੇ ਨੂੰ ਜਥੇਦਾਰ ਅਕਾਲ ਤਖਤ, ਭਾਈ ਜਸਵਿੰਦਰ ਸਿੰਘ ਨੂੰ ਜਥੇਦਾਰ ਤਖਤ ਕੇਸਗੜ੍ਹ, ਭਾਈ ਜਸਵੰਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਲਗਾਇਆ ਗਿਆ।

ਸ੍ਰੀ ਅਕਾਲ ਤਖਤ ਦੀ ਇਮਾਰਤ ਦਾ ਮਕਸ਼ਾ, ਮਾਡਲ ਤਿਆਰ ਕੀਤਾ ਗਿਆ। ਜੋ ੭੭ ਫੁਟ ਲੰਬਾਈ ਅਤੇ ੫੪ ਫੁਟ ਚੌੜਾਈ ਹੈ ਕੁਲ ਉਚਾਈ ੮੫ ਫੁਟ ਹੈ।

੨੬ ਜਨਵਰੀ ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਨੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਢਕੌਂਸਲੇ ਅਨੁਸਾਰ ਚੰਡੀਗੜ੍ਹ ਪੰਜਾਬ ਨੂੰ ਸੌਂਪੇ ਜਾਣ ਦਾ ਨਾਟਕ ਵੀ ਰਚਿਆ ਗਿਆ। ਹੈਰਾਨੀ ਹੈ ਕਿ ਜਦੋਂ ਬੰਬਈ ਮਹਾਰਾਸ਼ਟਰ ਮਦਰਾਸ ਤਾਮਲਨਾਡੂ ਦੇ ਇਲਾਕੇ ਦੀ ਵੰਡ ਹੋਈ ਉਦੋਂ ਕੋਈ ਅੜਿਕਾ ਨਹੀਂ ਡਾਰਿਆ ਗਿਆ।

ਸ: ਸਵਰਨ ਸਿੰਘ ਸੁਪਰਡੈਂਟ, ਸੈਂਟਰਲ ਖਾਲਸਾ ਯਤੀਮਖਾਨਾ, ਅਕਾਲ ਚਲਾਣਾ ਕਰ ਗਏ।

੧੮ ਮਾਰਚ ਜਗਜੀਤ ਸਿੰਘ ਰੋਡੇ ਨੂੰ ਸ਼ਹੀਦ ਕਰ ਦਿਤਾ ਗਿਆ।

੨੯ ਮਾਰਚ ਦੁਸ਼ਟ ਜ਼ੇ. ਐਫ. ਰੇਬੇਰਿਓ ਨੂੰ ਡਾਇਰੈਕਟਰ ਜਨਰਲ ਪੁਲਸ ਲਗਾ ਕ ਸਿਖਾਂ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿਤੇ ਗਏ।

ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਵਲੋਂ ਗੁਰਬਾਣੀ ਪ੍ਰਚਾਰ ਲਈ ਨਿਤਨੇਮ ਗੁਟਕੇ ਅਤੇ ਜਪੁਜੀ ਸਾਹਿਬ (ਟੀਕਾ ਵਿਆਖਿਆ ਸਾਹਿਤ ਕ੍ਰਿਤ ਸ: ਨਰੈਣ ਸਿੰਘ ੩੬ ਸ਼ਿਵਾਲਾ ਰੋਡ) ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ ਸੰਗਤਾਂ ਨੂੰ ਵੰਡੇ ਜਾਣ ਲਗੇ।

੨ ਅਪ੍ਰੈਲ ੮੬, ਪੰਜਾਬ ਦਾ ਗਵਰਨਰ ਐਸ. ਐਸ. ਰੇ ਬਣ ਗਿਆ

ਏਹ ੭ ਦਸੰਬਰ ੧੯੮੬ ਤਕ ਪੰਜਾਬ ਦੇ ਨਿਰਦੋਸ਼ ਨੌਜਵਾਨ ਸਿਖਾਂ ਉਪਰ ਅਤਿਆਚਾਰ ਝੂਠੇ ਪੁਲਸ ਮੁਕਾਬਲੇ ਕਰਵਾਉਂਦਾ ਰਿਹਾ। ਰਾਜੀਵ ਸਮਗਲਰ ਵਲੋਂ ਚੰਡੀਗੜ ਪੰਜਾਬ ਨੂੰ ਟਰਕਾਉਣ ਲਈ ਜਸਟਿਸ ਈ. ਐਸ. ਵੈਨਕਟਾਰਾਮਜ ਕਮਿਸ਼ਨ ਬਣਾਇਆ ਗਿਆ ਉਸ ਅਨੁਸਾਰ ੭੦ ਹਜ਼ਾਰ ਏਕੜ ਪੰਜਾਬ ਹਦਾਂ ਦੀ ਜ਼ਮੀਨ ਹਰਿਆਣਾ ਨੂੰ ਤਬਦੀਲ ਕਰਨੀ ਸੀ। ਜੋ ਸਾਰਾ ਪੰਜਾਬੀ ਬੋਲਦਾ ਇਲਾਕਾ ਹੈ।

੧੩ ਅਪ੍ਰੈਲ ੮੬ ਦਮਦਮੀ ਟਕਸਾਲ ਬਾਬਾ ਠਾਕਰ ਸਿੰਘ, ਬਾਬਾ ਜੋਗਿੰਦਰ ਸਿੰਘ, ਮੋਹਕਮ ਸਿੰਘ, ਜਸਬੀਰ ਸਿੰਘ ਰੋਡੇ ਵਲੋਂ ਸਰਬੱਤ ਖਾਲਸਾ, ਰਾਜ ਕਰੇਗਾ ਖਾਲਸਾ ਦੇ ਨਾਹਰੇ ਲਗਾ ਕੇ ਖਾਲਿਸਤਾਨ ਦੇ ਝੰਡੇ ਸ੍ਰੀ ਹਰਿਮੰਦਰ ਸਾਹਿਬ ਉਪਰ ਲਹਿਰਾਏ ਗਏ, ਸਾਰੀਆਂ ਫੋਟੋ, ਰਪੋਟ ਵੇਰਵੇ ਮਾਸਕ ਸੰਤ ਸਿਪਾਹੀ ਜੂਨ ੧੯੮੬ ਵਿਚ ਛਪੇ ਹਨ।

੧੮ ਅਪ੍ਰੈਲ,ਗੁਰਦੁਆਰਾ ਐਕਟ ਬਨਾਉਣ ਲਈ ਕਮੇਟੀ ਬਣਾਈ ਗਈ।

ਅਪ੍ਰੈਲ ੮੬, ਬਾਬਾ ਆਮਟੇ ਸ੍ਰੀ ਹਰਿਮੰਦਰ ਸਾਹਿਬ, ਅਮਨ ਸ਼ਾਂਤੀ ਦੀ ਅਰਦਾਸ ਕਰਨ ਲਈ ਪਹੁੰਚਿਆ।

੨੯ ਅਪ੍ਰੈਲ ੮੬ ਦਮਦਮੀ ਟਕਸਾਲ, ਫੈਡਰੇਸ਼ਨ ਵਲੋਂ ਸਰਬੱਤ ਖਾਲਸਾ ਬੁਲਾਉਣ ਲਈ ਵਿਚਾਰ ਹੋਈ।

੩੦ ਅਪ੍ਰੈਲ ੮੬, ਰਾਜ ਅਭਿਮਾਨੀ ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਵਲੋਂ ਪੁਲਸ ਸ੍ਰੀ ਦਰਬਾਰ ਸਾਹਿਬ ਦਾਖਲ ਹੋ ਕੇ ਗੋਲੀ ਚਲਾਈ ਗਈ ਕਿ ਇਥੋਂ ਫੈਡਰੇਸ਼ਨ ਦੇ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਸੁਰਜੀਤ ਸਿੰਘ ਬਰਨਾਲਾ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੀ ਸੀ, ਇਸ ਨੇ ਆਪਣੇ ਗੁਰੂ-ਦਰਬਾਰ ਦੀ ਕਿਸ ਢੰਗ ਨਾਲ ਸੇਵਾ ਕੀਤੀ ?

ਜਥੇਦਾਰ ਦਰਸ਼ਨ ਸਿੰਘ, ਸ: ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਵਲੋਂ ਸੁਰਜੀਤ ਸਿੰਘ ਬਰਨਾਲਾ ਮੰਤਰੀ ਮੰਡਲ ਦਾ ਭੰਡੀ ਪ੍ਰਚਾਰ ਸ਼ੁਰੂ ਹੋਣ ਲਗਾ, ਜਥੇਦਾਰ ਦਰਸ਼ਨ ਸਿੰਘ ਅਕਾਲ ਤਖਤ ਵਲੋਂ ਸੁਰਜੀਤ ,ਸਿੰਘ ਬਰਨਾਲਾ ਨੂੰ ਪੰਥ ਵਿਰੋਧੀ, ਤਨਖਾਹੀਆ ਦਾ ਹੁਕਮਨਾਮਾ ਜਾਰੀ ਕੀਤਾ।

੧ ਮਈ ੮੬, ਰਾਜ ਅਭਿਮਾਨੀ ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਵਲੋਂ ਪੁਲਸ ਜਥਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ।

੧੯੮੬, ਰਾਜੀਵ ਸਮਗਲਰ ਵਲੋਂ ਰੋਜ ਦੀ ਮਹਿੰਗਾਈ ਨੂੰ ਰੋਕਣ ਵਾਸਤੇ ਆਮ ਗਰੀਬ ਜਨਤਾ ਨੂੰ ਬੁਧੂ ਬਨਾਉਣ ਲਈ ਖਪਤਕਾਰ ਸੁਰਖਿਆ

ਐਕਟ ੧੯੮੬ ਬਣਾ ਦਿਤਾ ਗਿਆ, ਸੁਪਰੀਮ ਕੋਰਟ ਵਲੋਂ ਸਾਰੇ ਸੂਬਿਆਂ ਦੇ ਮੁਖ ਸਕਤਰਾਂ ਨੂੰ ਹਦਾਇਤਾਂ ਜਾਰੀ ਹੋਈਆਂ, ਪਰ ਗੈਸ ਸਲੰਡਰ ਵਾਲਿਆਂ ਨੇ ਹੋਰ ਰੇਟ ਵਧਾ ਕੇ ਬਲੈਕ ਸ਼ੁਰੂ ਕਰ ਦਿਤੀ।

ਛੋਟੇ ਬਚਿਆਂ ਵਾਸਤੇ ਬੋਰਸਟਲ ਬਣਾਉਣ, ਸੰਭਾਲ ਲਈ Juvenile Justice Act ੧੯੮੬ ਵੀ ਬਣਾ ਦਿਤਾ ਗਿਆ, ਪਰ ਅਮਲੀ ਤੌਰ ਤੇ ਸਭ ਢਕਵੰਜ ਹੀ ਸਾਬਤ ਹੋਇਆ।

ਜਿਤਨੇ ਝੂਠੇ ਪੁਲਸ ਮੁਕਾਬਲੇ, ਕਤਲ ਦਸੇ ਜਾਂਦੇ ਹਨ, ਕਿਸੇ ਸਿੰਘ ਦੇ ਸਿਰ ਤੇ ਦਸਤਾਰ ਨਹੀਂ ਹੁੰਦੀ ਨਾ ਹੀ ਕਿਸੇ ਦਾ ਪੋਸਟ ਮ'ਰਟਮ ਕਰਵਾਇਆ ਜਾਂਦਾ ਹੈ, ਨਾ ਹੀ ਕਿਸੇ ਲੀਡਰ ਵਲੋਂ ਰੋਸ ਹੁੰਦਾ ਹੈ।

ਕੈਪਟਨ ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਆਦਿ ਨੇ ਸੁਰਜੀਤ ਸਿੰਘ ਬਰਨਾਲਾ ਮੰਤਰੀ ਮੰਡਲ ਤੋਂ ਅਸਤੀਫੇ ਦੇ ਦਿਤੇ।

੬ ਮਈ–ਲੌਂਗੋਵਾਲ ਧੜੇ ਤੋਂ ਬਾਦਲ ਦਲ ਵਖਰਾ ਹੋ ਗਿਆ, ਪਰ ਇਸ ਦਾ ਨਾਮ ਤਲਵੰਡੀ ਦਲ ਰਖ ਦਿਤਾ।

ਸ੍ਰੀ ਹੇਮ ਕੁੰਟ ਸਾਹਿਬ ਦੀਆਂ ਬਰਫਾਨੀ ਚੋਟੀਆਂ ਦੇ ੫ ਕੇਸਰੀ ਨਿਸ਼ਾਨ ਸਾਹਿਬ ਦੇ ਚੋਲੇ ਭਾਈ ਗੁਰਨਿਹਾਲ ਸਿੰਘ ਦਰਸ਼ਨ ਸਿੰਘ ਵਲੋਂ ਤਬਦੀਲ ਕੀਤੇ ਗਏ।

੩੦ ਮਈ–ਸੇਵਾ ਅਤੇ ਸਿਮਰਨ ਦੇ ਪੁੰਜ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ, ਹਰ ਸਾਲ ਭਾਰੀ ਯਾਦ ਬੀੜ ਬਾਬਾ ਬੁੱਢਾ ਜੀ ਵਿਖੇ ਬਾਬਾ ਦਰਸ਼ਨ ਸਿੰਘ ਵਲੋਂ ਮਨਾਈ ਜਾਂਦੀ ਹੈ।

ਦਿਲੀ ਦੰਗਿਆਂ ਦੇ ਕਾਤਲ, ਓਮ ਪ੍ਰਕਾਸ਼, ਮਾਨ ਸਿੰਘ, ਸੁਨੀਲ ਦੱਤ, ਕੈਲਾਸ਼ ਅਤੇ ਵਿਜੇ ਸਿੰਘ ਵਲੋਂ ਸੁਖਦੇਵ ਸਿੰਘ ਨੂੰ ਕਤਲ ਕੀਤਾ ਗਿਆ, ਸਾੜ ਫੂਕ ਕੀਤੀ ਗਈ, ਪਰ ਐਡੀਸ਼ਨਲ ਸੈਸ਼ਨ ਜੱਜ ਗੰਗੂ ਟੀ. ਐਸ. ਅਗਰਵਾਲ ਨੇ ੫ ਕਾਤਲਾਂ ਨੂੰ ਬਰੀ ਕਰ ਦਿਤਾ ਕਿ ਮੌਕੇ ਦਾ ਕੋਈ ਗਵਾਹ ਨਹੀਂ ਹੈ, ਪਰ ਇਨ੍ਹਾਂ ਨੂੰ ਪੁਛੋ ਕਿ ਸ: ਕੇਹਰ ਸਿੰਘ ਵਿਰੁਧ ਮੌਕੇ ਦਾ ਕਿਹੜਾ ਗਵਾਹ ਸਬੂਤ ਸੀ, ਸ: ਸਿਮਰਨ ਜੀਤ ਸਿੰਘ ਮਾਨ ਅਤੇ ਹੋਰਨਾਂ ਸਿਖਾਂ ਵਿਰਧ ਕਿਹੜੇ ਗਵਾਹ ਸਨ ਕਿ ੪ ਸਾਲ ਜ਼ਲੀਲ ਕੀਤਾ ਗਿਆ।

੨੦ ਜੂਨ–ਸਮਗਲਰ ਰਾਜੀਵ ਵਲੋਂ ਚੰਡੀਗੜ੍ਹ ਪੰਜਾਬ ਨੂੰ ਟਰਕਾਉਣ ਵਾਸਤੇ ਜਸਟਿਸ ਡੀ: ਏ. ਡਿਸਾਈ ਕਮਿਸ਼ਨ ਬਣਾ ਕੇ ਮਾਮਲਾ ਖਟੇ ਵਿਚ ਪਾ ਦਿਤਾ ਗਿਆ।

ਅਗਸਤ–ਅਖੌਤੀ ਪੰਥਕ ਲੀਡਰਾਂ ਵਲੋਂ ਪੰਥਕ ਏਕਤਾ ਦਾ ਢੌਂਗ ਕਰਕੇ ਇਕਤਰਤਾ ਤਖਤ ਕੇਸ ਗੜ੍ਹ ਸਾਹਿਬ ਅਨੰਦਪੁਰ ਕੀਤੀ ਗਈ, ਪ੍ਰਕਾਸ਼ ਸਿੰਘ ਬਾਦਲ ਨੇ ਵਖ ਧੜਾ ਕਾਇਮ ਕਰ ਲਿਆ। ਲੌਂਗੋਵਾਲ, ਬਰਨਾਲਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਫੇਰੂਮਾਨ ਮਹੰਤ ਸੇਵਾ ਦਾਸ ਸਿੰਘ ਫਰੀਦ ਕੋਟ, ਬਾਬਾ ਜੋਗਿੰਦਰ ਸਿੰਘ ਮਾਨ ਦਲ, ਦਮਦਮੀ ਟਕਸਾਲ ਚੌਂਕ ਮਹਿਤਾ, ਸ: ਅਮਰੀਕ ਸਿੰਘ ਅਲੀਵਾਲ ਯੂਥ ਅਕਾਲੀ ਦਲ, ਪਟਿਆਲਾ ਕਾਇਮ ਹੋ ਕੇ ਇਕ ਦੂਜੇ ਵਿਰੁਧ ਭੰਡੀ ਪ੍ਰਚਾਰ ਕਰਨ ਲਗੇ, ਕਿਸੇ ਦਲ ਨੇ ਆਮ ਲੋਕਾਂ ਨੂੰ ਅੰਮ੍ਰਿਤ ਛਕਾਉਣ, ਸ਼ੁਧ ਪਾਠ, ਸ਼ਬਦ ਕੀਰਤਨ ਕਰਵਾਉਣ, ਗੁਰਮਤਿ ਦਾ ਲਿਟਰੇਚਰ ਪ੍ਰਮਾਣੀਕ ਕਰ ਕੇ ਛਾਪ ਕੇ ਵੰਡਣ ਅਤੇ ਕਿਸੇ ਅਨਾਥ ਆਸ਼ਰਮ ਵਲ ਕੋਈ ਸਹਾਇਤਾ ਕਰਨ, ਗੁਰੂ ਦਰਬਾਰ ਦੀ ਉਸਾਰੀ ਸੇਵਾ ਕਰਨ ਦੀ ਅਕਲ ਨਹੀਂ ਵਿਖਾਈ, ਨਾ ਹੀ ਕਿਸੇ ਅਖੌਤੀ ਪੰਥਕ ਆਗੂ ਨੇ ਧਰਮੀ ਫੌਜੀਆਂ ਨੂੰ ਜੇਲ੍ਹਾਂ ਵਿਚੋਂ ਰਿਹਾ ਕਰਵਾਉਣ ਦੀ ਅਕਲ ਵਿਖਾਈ।

੧੦ ਅਗਸਤ–ਦੁਸ਼ਟ ਜਨਰਲ ਏ. ਐਸ. ਵੈਦਯ ਜਿਸ ਨੇ ਜੂਨ ੮੪ ਵਿਚ ਗੁਰੂ ਦਰਬਾਰ ਵਿਚ ਬਰਬਾਦੀ ਕੀਤੀ ਸੀ, ਨੂੰ ਸ: ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁਖਾਂ ਵਲੋਂ ਉਸ ਦੇ ਘਰ ਪੂਨਾ ਵਿਖੇ ਕਤਲ ਕਰ ਦਿਤਾ ਗਿਆ।

੨੦ ਅਗਸਤ–ਰਾਜੀਵ-ਲੌਂਗੋਵਾਲ ਦੇ ਢਕਵੰਜ ਸਮਝੌਤੇ ਬਾਰੇ ਆਮ ਸਿਖਾਂ ਨੂੰ ਬੁਧੂ ਬਣਾਉਣ ਲਈ ਸੁਰਜੀਤ ਸਿੰਘ ਬਰਨਾਲਾ ਅਤੇ ਕਾਬਲ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਵਲੋਂ ਆਲ ਇੰਡੀਆ ਸਿੱਖ ਗੁਰਦੁਆਰਾ ਬਿੱਲ ਦਾ ਖਰੜਾ ਸ: ਨਥਾ ਸਿੰਘ ਦਾਲਮ, ਡਾ: ਜਸਬੀਰ ਸਿੰਘ ਆਹਲੂਵਾਲੀਆ, ਗਿ: ਲਾਲ ਸਿੰਘ, ਡਾ: ਗੁਰਨਾਮ ਸਿੰਘ ਤੀਰ ਵਲੋਂ ਸੋਧ ਕੇ ਸਮਗਲਰ ਰਾਜੀਵ ਨੂੰ ਭੇਜਣ ਦਾ ਨਾਟਕ ਕੀਤਾ ਗਿਆ। ਬਲਵੰਤ ਸਿੰਘ ਵਲੋਂ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਇਕ ਹੋਟਲ ਵਿਚ ਚੰਡੀਗੜ੍ਹ ਮਨਾਉਣ ਤੇ ਵਿਸਕੀ ਦੇ ਅਨੰਦ ਮਾਣੇ ਗਏ।

੨੨ ਅਗਸਤ–ਸ: ਸੋਭਾ ਸਿੰਘ ਜੀ ਪ੍ਰਸਿਧ ਆਰਟਿਸਟ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੀ ਆਰਟ ਗੈਲਰੀ ਅੰਧਰੇਟਾ (ਪਾਲਮ ਪੁਰ) ਇਨ੍ਹਾਂ ਦੀ ਸਪੁਤਰੀ ਗੁਰਚਰਨ ਕੌਰ ਹਨ। ੧੪ ਜੁਲਾਈ ੧੯੯੦ ਨੂੰ ਸੋਭਾ ਸਿੰਘ ਮੈਮੋਰੀਅਲ ਆਰਟ ਸੁਸਾਇਟੀ, ਚੰਡੀਗੜ੍ਹ ਕਾਇਮ ਕੀਤੀ ਗਈ, ਫਿਲਮ ਤਿਆਰ ਹੋਈ ਹੈ।

ਸਤੰਬਰ–ਰਮਦਾਸ ਵਿਖੇ ਨਵਾਂ ਸਰੋਵਰ ਬਣਾਉਣ ਲਈ ਅਰਦਾਸ ਕਰ ਕੇ ਪੰਜ ਪਿਆਰਿਆਂ ਵਲੋਂ ਟੱਪ ਲਗਾਇਆ ਗਿਆ।

੧੨ ਸਤੰਬਰ–ਸ: ਕਪੂਰ ਸਿੰਘ ਆਈ. ਸੀ. ਐਸ. ਸਿਖ ਅਕਾਲਰ ਅਕਾਲ ਚਲਾਣਾ ਕਰ ਗਏ ਹਰ ਸਾਲ ਯਾਦ ਪਿੰਡ ਅਗਵਦ-ਖਾਜਾ ਬਾਜੂ ਜਗਰਾਉ ਵਿਖੇ ਮਨਾਈ ਜਾਂਦੀ ਹੈ।

੩ ਅਕਤੂਬਰ -ਦੁਸ਼ਟ ਜੇ. ਐਫ. ਰੈਬੇਰਿਉ ਉਪਰ ਜਲੰਧਰ ਪੀ. ਏ. ਪੀ. ਕੰਪਲੈਕਸ ਵਿਖੇ ਗੋਲੀ ਚਲਾਈ ਗਈ, ਪਰ ਉਹ ਬਚ ਗਿਆ, ਉਸ ਨੇ ਸਿਖਾਂ ਨੂੰ ਖਤਮ ਕਰਨ ਵਾਸਤੇ ਅਤਿਆਚਾਰ ਤੇਜ਼ ਕਰ ਦਿਤੇ।

ਖਾੜਕੂ ਨੌਜਵਾਨਾਂ ਨੇ ਯੂ. ਕੇ. ਯੂ. ਐਸ. ਏ. ਕੈਨੇਡਾ ਦੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧ ਸੰਭਾਲਣੇ ਸ਼ੁਰੂ ਕਰ ਦਿਤੇ। ਇੰਗਲੈਂਡ ਤੋਂ ਸੰਸਾਰ ਦੇ ਸਾਰੇ ਧਰਮਾਂ ਸਬੰਧੀ ਜੀ ਦੀ ਬੈਟਨੀ ਵਲੋਂ ਅਪਮਾਨ ਜਨਕ ਵਰਤੋਂ ਕੀਤੀ ਗਈ, ਪਰ ਕਦੇ ਕਿਸੇ ਲੀਡਰ ਨੇ ਧਿਆਨ ਨਹੀਂ ਦਿਤਾ।

੧ ਨਵੰਬਰ–ਦੀਵਾਲੀ ਸਮੇਂ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ਸਰਬਤ ਖਾਲਸਾ ਸਮਾਗਮ ਵਿਚ ਭ ਰੀ ਰੌਣਕਾਂ ਹੋਈਆਂ, ਇਸ ਮੌਕੇ ਆਲ ਇੰਡੀਆ ਗੁਰਦੁਆਰਾ ਬਿਲ ਰੱਦ ਸਮਝਿਆ ਗਿਆ ਕਿ ਸਰਕਾਰ ਵਲੋਂ ਖਾੜਕੂ ਜਥੇਬੰਦੀਆਂ ਦੀ ਪ੍ਰਵਾਨਗੀ ਨਹੀਂ ਲਈ।

੨੬ ਨਵੰਬਰ ਰਾਜੀਵ ਸਰਕਾਰ ਵਲੋਂ ਸਿਖ ਗੁਰਦੁਆਰਾ (ਤਹਮੀਮ) ਆਰਡੀਨੈਂਨਸ ੧੯੮੬ ਜਾਰੀ ਕਰਕੇ ੧੪੭ ਗੁਰਦੁਆਰਿਆਂ ਦੇ ਪ੍ਰਬੰਧ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਭਾਲੇ ਗਏ, ਪਰ ਵਿਧਾਨ ਸਭਾ, ਸੁਰਜੀਤ ਸਿੰਘ ਬਰਨਾਲਾ ਵਲੋਂ ਕਾਨੂੰਨ, ਐਕਟ ਨਾ ਬਣਾਏ ਜਾਣ ਕਰਕ ਇਹ ਨਕਾਰਾ ਰਹਿ ਗਿਆ।

੩੦ ਨਵੰਬਰ–ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਹੋਈ ਤਾਂ ਸ: ਗੁਰਚਰਨ ਸਿੰਘ ਟੌਹੜਾ ਭਾਵੇਂ ਜੇਲ੍ਹ ਵਿਚ ਬੰਦ ਸੀ ਫਿਰ ਵੀ ਪ੍ਰਧਾਨ ਚੁਣਿਆ ਗਿਆ। ਪਰ ਬਰਨਾਲਾ ਵਲੋਂ ਟੌਹੜਾ ਅਤੇ ਬਾਦਲ ਦੋਹਾਂ ਤੇ ਆਈ. ਐਨ. ਐਸ. ਏ. ਲਗਾ ਕੇ ਜੇਲ੍ਹਾਂ ਵਿਚ ਆਜ਼ਾਦੀ ਦਾ ਆਨੰਦ ਮਾਣਨ ਲਈ ਭੇਜ ਦਿਤਾ ਗਿਆ।

ਸਮਗਲਰ ਸਰਕਾਰ ਵਲੋਂ ਸਿਖਾਂ ਨੂੰ ਬਦਨਾਮ ਅਤੇ ਜ਼ਲੀਲ ਕਰਨ ਵਾਸਤੇ ਫਿਲਮਾਂ, ਡਰਾਮਿਆਂ, ਰੇਡੀਓ ਅਤੇ ਟੀ. ਵੀ. ਉਪਰ ਪਤਤ ਸਿਖ ਅਤੇ ਆਚਰਣਹੀਨ ਅਦਾਕਾਰ ਵਿਖਾਏ ਜਾਂਦੇ ਹਨ, ਇਨ੍ਹਾਂ ਕਾਰਵਾਈਆਂ ਵਿਰੁਧ ਕਦੇ ਕਿਸੇ ਅਖੌਤੀ ਪੰਥਕ ਲੀਡਰ ਨੇ ਰੋਸ ਕਾਰਵਾਈ ਕਰਨ ਦੀ ਅਕਲ ਨਹੀਂ ਵਿਖਾਈ।

ਸ਼ਿਮਲਾ ਤੋਂ ਚਲਣ ਵਾਲੀ ਰੇਲਵੇ ਗੱਡੀ ਦਾ ਨਾਮ ਹਿਮਾਲਯ ਕੁਈਨ

ਹੈ, ਪਰ ਅੰਮ੍ਰਿਤਸਰ ਤੋਂ ਚਲਣ ਵਾਲੀ ਗੱਡੀ ਦਾ ਨਾਮ ਗੋਲਡਨ ਟੈਂਪਲ ਰੱਖਣ ਲਈ ਢਿਡ ਪੀੜ ਕਿਉਂ ?

ਸਮੁੰਦਰੀ ਜਹਾਜ਼ਾਂ ਦੇ ਨਾਮ ਟੀਪੂ ਸੁਲਤਾਨ, ਅਕਬਰ ਰਖੇ ਹਨ, ਇੰਦਰਾ ਅਤੇ ਗੰਗੂ ਨਹਿਰੂ ਦੇ ਨਾਮ ਤੇ ਹਵਾਈ ਅੱਡੇ, ਯੂਨੀਵਰਸਟੀ, ਸਟੇਡੀਅਮ ਹਨ।

੩੦ ਨਵੰਬਰ ਦਿਲੀ ਨਵੰਬਰ ੧੯੮੪ ਵਿਚ ਸਿਖਾਂ ਦੇ ਜ਼ੁਲਮਾਂ ਦੀ ਜਾਂਚ ਵਾਸਤੇ ਨੀਰੂ ਸਿੰਘ ਕਮਿਸ਼ਨ ਬਣਾ ਕੇ ਟਰਕਾ ਦਿਤਾ ਗਿਆ।

੧ ਦਸੰਬਰ ਸਮਗਲਰ ਰਾਜੀਵ ਅਤੇ ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਵਲੋਂ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਸ: ਗੁਰਚਰਨ ਸਿੰਘ ਟੌਹੜਾ ਨੂੰ ਭਾਰਤੀ ਸਿਕਿਉਰਟੀ ਐਕਟ ਅਧੀਨ ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਡਕ ਦਿਤਾ ਗਿਆ।

ਅਜੁਧਿਆ ਵਿਖੇ ਬਾਬਰੀ ਮਸਜਦ ਦੇ ਨਾਲ ਹੀ ਜੋ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਗੰਗੂ ਸਰਕਾਰ ਨੇ ਬੰਦ ਕਰ ਦਿਤਾ ਹੈ, ਪਰ ਕਿਸੇ ਅਖੌਤੀ ਲੀਡਰ ਨੇ ਕੋਈ ਰੋਸ ਕਾਰਵਾਈ ਨਹੀਂ ਕੀਤੀ।

ਸ਼ਾਹ ਕੋਟ ਦਾ ਇਕ ਸਿਖ ਝੂਠੇ ਪੁਲਸ ਮੁਕਾਬਲੇ ਵਿਚ ਕਤਲ ਕੀਤਾ ਗਿਆ, ਤਾਂ ਬਲਵੰਤ ਸਿੰਘ ਖ਼ਜ਼ਾਨਾ ਮੰਤਰੀ ਵਲੋਂ ਦੁਸ਼ਟ ਜੇ.ਐਫ. ਰੈਬੇਰਿਉ ਡਾਇਰੈਕਟਰ ਜਨਰਲ ਪੁਲਸ ਨੂੰ ਲਾਹਨਤਾ ਪਾਈਆਂ ਗਈਆਂ। ਪੁਲਸ ਰਾਜ ਜ਼ੁਲਮ ਹੋਣਾ ਸ਼ੁਰੂ ਹੋ ਗਿਆ।

੨੩ ਦਸੰਬਰ ਪ੍ਰੋ: ਦਰਸ਼ਨ ਸਿੰਘ ਜਥੇਦਾਰ ਨੂੰ ੧੦ ਮਹੀਨੇ ਜੇਲ੍ਹ ਵਿਚ ਵਿਚ ਬਿਨਾਂ ਕਿਸੇ ਦੋਸ਼ ਜ਼ਲੀਲ ਕਰਕੇ, ਰਿਹਾ ਕਰ ਦਿਤਾ ਗਿਆ, ਪਰ ਇਨ੍ਹਾਂ ਵਲੋਂ ਸਰਕਾਰ ਵਿਰੁੱਧ ਹਰਜਾਨੇ ਦਾ ਕੋਈ ਕੇਸ ਨਹੀਂ ਕੀਤਾ ਗਿਆ।

ਜਨਵਰੀ ੧੯੮੭ ਸ: ਰਾਜਿੰਦਰ ਸਿੰਘ ਭਸੀਨ ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ ਵਲੋਂ ਗੁਰੂ ਗੋਬਿੰਦ ਸਿੰਘ ਸੁਵਨੀਰ ਛਾਪ ਕੇ ਪ੍ਰਚਾਰ ਹਿੱਤ ਵੰਡਿਆ ਗਿਆ।

੭ ਜਨਵਰੀ ਅੰਮ੍ਰਿਤਸਰ ਦੀ ਜੇਲ੍ਹ ਵਿਚ ਕੈਦੀ ਸਿੱਖਾਂ ਉਪਰ ਅਤਿ ਦੇ ਜ਼ੁਲਮ ਹੁੰਦੇ ਸ: ਗੋਪਾਲ ਸਿੰਘ ਬਾਸਰਕੇ ਨੂੰ ਸ਼ਹੀਦ ਕਰ ਦਿਤਾ ਗਿਆ, ਤਾਂ ਡੀ.ਸੀ. ਵਲੋਂ ਪੜਤਾਲ ਕਰਵਾਈ ਗਈ, ਰਪੋਟ ਦੋ ਸਾਲ ਲਟਕਾ ਕੇ ੨੬ ਅਕਤੂਬਰ ੧੯੮੯ ਨੂੰ ਪੇਸ਼ ਹੋਈ ਜੋ ਅਗਲੀ ਕਾਰਵਾਈ ਵਾਸਤੇ ਸਰਕਾਰ ਦੇ ਖਾਤੇ ਵਿਚ ਪਈ ਹੈ। ਸ: ਮੋਹਨ ਸਿੰਘ ਪੁਤਰ ਸ: ਕੰਵਲਜੀਤ ਸਿੰਘ ਅੰਮ੍ਰਿਤਸਰ, ਦੀ ਜੇਲ੍ਹ ਵਿਚ ਕੈਦ ਹੈ, ਉਥੇ ਉਸ ਨੂੰ ਸਿਗਰਟਾਂ, ਤਮਾਕੂ, ਰੋਟੀ, ਰਾਸ਼ਨ, ਚਾਹ ਵਿਚ ਦਿਤਾ ਜਾਂਦਾ ਹੈ, ਜੱਜ ਅਜੀਤ ਸਿੰਘ ਬੈਂਸ ਵਲੋਂ ਰੋਸ ਕਾਰਵਾਈ ਕੀਤੀ

ਜਾ ਰਹੀ ਹੈ।

੧੮ ਜਨਵਰੀ ਸਰਾਏ ਗੁਰੂ ਰਾਮਦਾਸ, ਅਕਾਲ ਰੈਸਟ ਹਾਊਸ ਵਿਖੇ ਰਾਤ ਸਮੇਂ ਪੁਲਸ ਵਲੋਂ ਨਿਰਦੋਸ਼ ਯਾਤਰੂਆਂ ਉਪਰ ਜ਼ੁਲਮ ਕੀਤਾ ਗਿਆ।

੨੬ ਜਨਵਰੀ ਸ੍ਰੀ ਅਕਾਲ ਤਖਤ ਵਿਖੇ ਸਰਬੱਤ ਖਾਲਸਾ ਅਤੇ ਖਾਲਿਸਤਾਨ ਦੇ ਜੈਕਾਰੇ।

੨੬ ਜਨਵਰੀ ਦਮਦਮੀ ਟਕਸਾਲ, ਫੈਡਰੇਸ਼ਨ ਵਲੋਂ ਸਰਬੱਤ ਖਾਲਸਾ ਭਾਰੀ ਸਮਾਗਮ ਕੀਤਾ ਗਿਆ, ਪ੍ਰੋ: ਦਰਸ਼ਨ ਸਿੰਘ ਜਥੇਦਾਰ ਅਕਾਲ ਤਖਤ ਨੂੰ ਹਟਾ ਕੇ ਗੁਰਦੇਵ ਸਿੰਘ ਜਥੇਦਾਰ ਅਕਾਲ ਤਖਤ ਬਣਾਇਆ ਗਿਆ। ਪੰਥਕ ਕਮੇਟੀ ਦੇ ੫ ਮੈਂਬਰ, ਗੁਰਬਰਨ ਸਿੰਘ ਮਾਨੋਚਾਹਲ, ਵਸਣ ਸਿੰਘ ਜਫਰਵਾਲ, ਗੁਰਦੇਵ ਸਿੰਘ, ਉਦੇ ਸਿੰਘ, ਸੁਬੇਗ ਸਿੰਘ। ਜਸਬੀਰ ਸਿੰਘ ਰੋਡੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਭਤੀਜਾ ਹੈ। ਪੰਥਕ ਕਮੇਟੀ ਵਲੋਂ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵਿਰੁਧ ਗੁਰਮਤਾ ਪਾਸ ਕਰਕੇ ਪੰਥ ਵਿਰੋਧੀ ਅਤੇ ਤਨਖਾਹੀਆਂ ਕਿਹਾ ਗਿਆ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਿਯੁਕਤ ਹੋਏ ਤਖਤਾਂ ਦੇ ਜਥੇਦਾਰ ਹਟਾ ਕੇ ਆਪਣੇ ਜਥੇਦਾਰ ਲਗਾ ਕੇ ਕਬਜ਼ੇ ਕਰਕੇ ਪ੍ਰਬੰਧ ਸੰਭਾਲ ਲਏ ਗਏ।

ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਦੋਬਾਰਾ ਸ਼ੁਰੂ ਕੀਤੀ ਗਈ, ਖਾਲਿਸਤਾਨ ਦੇ ਝੰਡੇ ਲਹਿਰਾਏ ਗਏ, ਰਪੋਟਾਂ ਫੋਟੋ ਸਾਰੇ ਅਖਬਾਰਾਂ ਵਿਚ ਛਪੀਆਂ ਹਨ।

੨੯ ਜਨਵਰੀ ਦੁਸ਼ਟ ਡੀ. ਐਸ. ਪੀ. ਛਾਬੜਾ, ਜੁਤੀਆਂ ਸਮੇਤ ਸਟੇਟ ਗੁਰਦੁਆਰਾ ਕਪੂਰਥਲਾ ਵੜ ਕੇ ਪਲਵਿੰਦਰ ਸਿੰਘ ਬੱਬਰ ਬੂੜੇਵਾਲ ਲਈ ੪੦ ਫਾਇਰ ਕੀਤੇ।

੩ ਫਰਵਰੀ ਪ੍ਰੋ: ਦਰਸ਼ਨ ਸਿੰਘ ਜਥੇਦਾਰ ਵਲੋਂ ਸ: ਸਿਮਰਨਜੀਤ ਸਿੰਘ ਮਾਨ ਨੂੰ ਯੂਨਾਈਟਿਡ ਅਕਾਲੀ ਦਲ ਦਾ ਪ੍ਰਧਾਨ ਬਣਾ ਦਿਤਾ ਗਿਆ।

੫ ਫਰਵਰੀ ਜਥੇਦਾਰ ਸ੍ਰੀ ਅਕਾਲ ਤਖਤ ਪ੍ਰੋ: ਦਰਸ਼ਨ ਸਿੰਘ ਰਾਗੀ ਵਲੋਂ ਸਾਰੇ ਪੰਥਕ ਦਲਾਂ ਦਾ ਸਮਝੌਤਾ, ਏਕਤਾ ਵਾਸਤੇ ਅਸਤੀਫੇ ਮੰਗੇ ਗਏ।

੯ ਫਰਵਰੀ ਪੰਜ ਪਿਆਰਿਆਂ ਵਲੋਂ ਰਾਜ ਅਭਿਮਾਨੀ ਸਰਜੀਤ ਸਿੰਘ ਬਰਨਾਲਾ ਨੂੰ ਪੰਥ ਵਿਰੋਧੀ ਤਨਖਾਹੀਆ ਕਿਹਾ ਗਿਆ।

੩ ਮਾਰਚ ਜੂਨ ੧੯੮੪ ਦੇ ੪੦ ਨਿਰਦੋਸ਼ ਸਿੰਘਾਂ ਨੂੰ ਜੋਧਪੁਰ ਦੀ ਜੇਲ੍ਹ ਤੋਂ ਰਿਹਾ ਕਰ ਦਿਤਾ ਗਿਆ, ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਸ਼ੁਕਰਾਨਾ ਕੀਤਾ ਗਿਆ।

ਯੂਨੀਫਾਈਡ ਅਕਾਲੀ ਦਲ ਬਣਾ ਕੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਥਾਪ ਦਿਤਾ ਗਿਆ, ਇਸ ਤਰ੍ਹਾਂ ਵੱਖਰਾ ਬਾਦਲ ਦਲ ਖ਼ਤਮ ਕਰ ਦਿਤਾ ਗਿਆ। ਬਾਦਲ, ਟੌਹੜਾ, ਤਲਵੰਡੀ ਨੂੰ ਯੂ.ਏ.ਡੀ. ਦੇ ਪ੍ਰਬੰਧਕੀ ਮੈਂਬਰ ਬਣਾ ਦਿਤਾ ਗਿਆ, ਪੰਥ ਦਾ ਨਵਾਂ ਵਿਧਾਨ ਬਣਾ ਕੇ ਲਾਗੂ ਕੀਤਾ ਗਿਆ।

੮ ਫਰਵਰੀ–ਸ: ਕਿਰਪਾਲ ਸਿੰਘ ਪ੍ਰਧਾਨ, ਡ: ਧਰਮਬੀਰ ਸਿੰਘ ਜੌਲੀ ਚੇਅਰਮੈਨ ਸ੍ਰੀ ਗੁਰੂ ਰਾਮ ਦਾਸ ਅਵਤਾਰ ਪੁਰਬ ਕਮੇਟੀ ਵਲੋਂ ਐਸ ਆਰ. ਕਾਲਜ ਵਿਖੇ ਧਾਰਮਕ ਨਾਟਕ, ਸੰਤ ਸਿਪਾਹੀ, ਬੇਦਾਵਾ, ਨਿਉਟਿਆਂ ਦੀ ਓਟ ਚੜ੍ਹਦਾ ਰੂਪ ਸਵਾਇਆ, ਖੇਡੇ ਗਏ।

੯ ਫਰਵਰੀ–ਪ੍ਰੋ: ਦਰਸ਼ਨ ਸਿੰਘ ਰਾਗੀ, ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਆਪਣਾ ਵਖਰਾ ਦਲ ਖਤਮ ਕਰ ਕੇ ਯੂ. ਏ. ਡੀ. ਵਿਚ ਸ਼ਾਮਲ ਹੋਣ ਲਈ ਕਿਹਾ ਤਾਂ ਬਰਨਾਲਾ ਨੇ ਅਜਿਹੀ ਪੰਥਕ ਏਕਤਾ ਲਈ ਇਨਕਾਰ ਕਰ ਦਿਤਾ, ਜਿਸ ਕਰ ਕੇ ਉਸ ਵਿਰੁਧ ਫਤਵਾ ਪੰਥ ਵਿਰੋਧੀ ਤਨਖਾਹੀਆ ਕਰਾਰ ਦਿਤਾ ਗਿਆ।

ਡਾ: ਬਲਦੇਵ ਸਿੰਘ ਬਰਾੜ ਇੰਚਾਰਜ ਗੁਰੂ ਰਾਮ ਦਾਸ ਮੈਡੀਕਲ ਰੀਸਰਚ ਇੰਸਟੀਚਿਉਟ ਹਸਪਤਾਲ ਅਤੇ ਸ: ਅਬਨਾਸ਼ੀ ਸਿੰਘ ਮੀਤ ਸਕੱਤਰ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਅਗਵਾ ਕਰ ਕੇ ਭੇਦਭਰੀ ਹਾਲਤ ਵਿਚ ਕਤਲ ਕਰ ਦਿਤਾ ਗਿਆ। ਹਾਲਾਂ ਤਕ ਕੋਈ ਪਤਾ ਨਹੀਂ ਲਗ ਸਕਿਆ।

ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਲੋਂ ਗੁਰੂ ਦਰਬਾਰ ਵਿਚ ਸਰਕਾਰੀ ਪੁਲਸ ਟਾਸਕ ਫੋਰਸ, ਚਿੱਟੇ ਕਪੜਿਆਂ ਵਿਚ ਬਰਾਂਡਿਆਂ, ਡਿਉੜੀਆਂ ਆਦਿ ਵਿਚ ਬਿਠਾ ਦਿਤੀ ਗਈ।

ਸ: ਸਿਮਰਨਜੀਤ ਸਿੰਘ ਮਾਨ ਨੂੰ ਪੰਜਾਬ ਹਾਈ ਕੋਰਟ ਵਲੋਂ ਨਿਰਦੋਸ਼ ਸਾਬਤ ਕਰ ਕੇ ਬਰੀ ਕਰ ਦਿਤਾ ਗਿਆ, ਪਰ ਸਮਗਲਰ ਰਾਜੀਵ ਨੇ ਇੰਦਰਾ ਕਤਲ ਦੀ ਸਾਜ਼ਸ਼ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਭਾਗਲ ਪੁਰ (ਬਿਹਾਰ) ਦੀ ਜੇਲ੍ਹ ਵਿਚ ਡੱਕ ਕੇ ਤਸੀਹੇ ਦੇਣੇ ਸ਼ੁਰੂ ਕਰ ਦਿਤੇ, ਇਨ੍ਹਾਂ ਦੀ ਸਹਾਇਤਾ ਕਿਸੇ ਅਖੌਤੀ ਪੰਥਕ ਆਗੂ ਨੇ ਨਹੀਂ ਕੀਤੀ।

ਦਿੱਲੀ ਨਵੰਬਰ ੮੪ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜਾ ਦਿਤੇ ਜਾਣ ਸਬੰਧੀ ਜਸਟਿਸ ਰੰਗਾ ਨਾਥ ਮਿਸ਼ਰਾ ਵਲੋਂ ਕਿਹਾ ਗਿਆ, ਪਰ ਸਮਗਲਰ ਰਾਜੀਵ ਵਲੋਂ ਮਾਮਲਾ ਖੱਟੇ ਵਿਚ ਪਾਉਣ ਲਈ ਲੈਫਟੀਨੈਂਟ ਗਵਰਨਰ ਦਿਲੀ ਵਲੋਂ ਜੈਨ-ਬੈਨਰਜੀ ਕਮਿਸ਼ਨ ਕਾਇਮ ਕਰ ਦਿਤਾ ਅਤੇ ਕਿਸੇ ਦੋਸ਼ੀ ਕਾਤਲ ਵਿਰੁਧ ਕੋਈ ਕਾਰਵਾਈ ਨਹੀਂ ਹੋਈ।

੩੧ ਮਾਰਚ—ਡਾ: ਬਲਦੇਵ ਸਿੰਘ ਬਰਾੜ ਅਤੇ ਸ: ਅਬਨਾਸ਼ੀ ਸਿੰਘ ਮੀਤ ਸਕਤਰ ਨੂੰ ਗੋਹਲਵੜ ਤਰਨ ਤਾਰਨ ਰੋਡ ਵਿਖੇ, ਗਾਇਬ ਕਰਵਾ ਦਿਤਾ ਗਿਆ।

ਪੰਜਾਬ ਦੇ ਜ਼ਿਮੀਂਦਾਰ ਆਪਣਾ ਅਨਾਜ, ਪੈਦਾਵਾਰ ਆਪਣੇ ਖੇਤਾਂ ਅਤੇ ਪਿੰਡਾਂ ਤੋਂ ਆਪ ਢੋ ਕੇ ਅਨਾਜ਼ ਮੰਡੀਆਂ ਤਕ ਲੈ ਕੇ ਆਉਂਦੇ ਹਨ ਤਾਂ ਅਗੋਂ ਆੜ੍ਹਤੀ, ਦਲਾਲ, ਵਪਾਰੀ ਹੜਤਾਲ ਬੰਦ ਦੇ ਸਦੇ ਦੇ ਦੇਂਦੇ ਹਨ, ਜਿਮੀਂਦਾਰਾਂ ਨੂੰ ਹੈਰਾਨ ਪਰੇਸ਼ਾਨ ਕਰਦੇ, ਸਾਰਾ ਅਨਾਜ ਸਸਤੇ ਭਾਅ ਖਰੀਦ ਕਰ ਲੈਂਦੇ ਹਨ, ਸਰਕਾਰ ਦੇ ਕੁਰੱਪਟ ਸਟੋਰ ਅਫਸਰਾਂ ਦੀ ਮਿਲੀ-ਭੁਗਤ ਨਾਲ ਕੱਖ ਕਾਨਾ ਵੀ ਸਟੋਰਾਂ ਤਕ ਭੇਜ ਦੇ ਦੇ ਹਨ। ਦੁਖ ਹੈ ਕਿ ਪੰਜਾਬ ਦੇ ਸਾਰੇ ਐਮ. ਐਲ. ਏ., ਵਜ਼ੀਰ, ਵਡੇ ਵਡੇ ਜਿਮੀਂਦਾਰ ਹਨ ਪਰ ਫਿਰ ਵੀ ਕਿਸੇ ਨੇ ਅਨਾਜ ਮੰਡੀਆਂ ਦੇ ਦਲਾਲਾਂ, ਆੜ੍ਹਤੀਆਂ, ਕੁਰੱਪਟ ਸਟੋਰ ਅਫਸਰਾਂ ਵਿਰੁਧ ਕੋਈ ਸਖਤੀ ਨਹੀਂ ਕੀਤੀ। ਹੋਰ ਹਰ ਤਰ੍ਹਾਂ ਦੀ ਪੈਦਾਵਾਰ, ਵਸਤ, ਖੰਡ, ਤੇਲ, ਕਪੜਾ, ਸਰੀਆ, ਸੀਮਿੰਟ ਜਿਥੋਂ ਤਿਆਰ ਹੁੰਦੇ ਹਨ, ਵਪਾਰੀ ਉਥੋਂ ਜਾ ਕੇ ਖਰੀਦ ਕਰਦੇ ਹਨ। ਪੰਜਾਬ ਦੇ ਜਿਮੀਂਦਾਰਾਂ ਨੂੰ ਆਪਣਾ ਅਨਾਜ ਪੈਦਾਵਾਰ ਆਪਣੇ ਖੇਤਾਂ ਪਿੰਡਾਂ ਤੋਂ ਦੇਣੀ ਚਾਹੀਦੀ ਹੈ, ਸਰਕਾਰ ਦੇ ਸਟੋਰਾਂ ਤਕ ਪਿੰਡਾਂ ਅਤੇ ਖੇਤਾਂ ਤੋਂ ਹੀ ਢੋਆ ਢੁਆਈ ਦੇ ਪ੍ਰਬੰਧ ਹੋਣੇ ਜ਼ਰੂਰੀ ਹਨ, ਕਰੜੀ ਮਿਹਨਤ ਜ਼ਿਮੀਂਦਾਰ ਅਨਾਜ ਦਾ ਮਾਲਕ ਕਰਦਾ ਹੈ ਅਤੇ ਗਰੀਬ ਕਰਜ਼ਾਈ ਰਹਿੰਦਾ ਹੈ, ਜੋ ਲੁਟੇਰੇ ਕੁਰਪਟ ਅਫਸਰ ਹਨ, ਕੋਠੀਆਂ, ਕਾਰਾਂ ਵਿਚ, ਕਲੱਬਾਂ ਵਿਚ ਅਯਾਸ਼ੀ ਕਰਦੇ ਹਨ। ਸੁਰਜੀਤ ਸਿੰਘ ਬਰਨਾਲਾ ਦਾ ਮੰਤਰੀ ਮੰਡਲ ਦੇ ਵਜ਼ੀਰ ਵਧ ਚੜ੍ਹ ਕੇ ਕੁਰਪਸ਼ਨ ਕਰਨ ਲਗੇ, ਰਿਸ਼ਵਤਾਂ ਲੈਣ ਲਗੇ, ਪੰਥ ਦੇ ਨਾਮ ਨੂੰ ਵੀ ਬਦਨਾਮ ਕਰਨ ਲਗੇ, ਕਿਸੇ ਵਜ਼ੀਰ ਨੇ ਕਦੇ ਵੀ ਕੋਈ ਗੁਰਮਤਿ ਪ੍ਰਚਾਰ ਦਾ ਲਿਟਰੇਚਰ ਛਾਪ ਕੇ ਪ੍ਰਚਾਰ ਨਹੀਂ ਕੀਤਾ, ਨਾ ਹੀ ਆਪਣੇ ਗੁਰੂ ਦਰਬਾਰ ਦੀ ਸੇਵਾ, ਦਾਨ ਕੀਤਾ, ਉਲਟਾ ਸ੍ਰੀ ਦਰਬਾਰ ਸਾਹਿਬ ਵਿਖੇ ਗੋਲੀਆਂ, ਚਲਾਈਆਂ, ਸਖਤ ਪਹਿਰੇ ਲਗਾਏ ਰਖੇ। ਧਰਮੀ ਫੌਜੀਆਂ ਨੂੰ ਰਿਹਾ ਕਰਵਾਉਣ ਜੇਲ੍ਹਾਂ ਤੋਂ ਤਬਦੀਲ ਕਰਵਾਉਣ ਲਈ ਵੀ ਕਦੇ ਅਕਲ ਨਹੀਂ ਵਿਖਾਈ ਕਿ ਰਾਜੀਵ ਖੁਸ਼ ਰਹੇ।

੨੨ ਅਪ੍ਰੈਲ—ਲੇਖਕ ਨੇ ਸ੍ਰੀ ਹੇਮ ਕੁੰਟ, ਗੋਬਿੰਦ ਘਾਟ ਤਕ ਯਾਤਰਾ ਕਰ ਕੇ ਦੋਬਾਰਾ ਯਾਤਰਾ ਗਾਈਡ. ਕਰਨਲ ਜੋਗਿੰਦਰ ਸਿੰਘ ਮਾਨ ਦੀ ਹੌਂਸਲਾ ਅਫਜ਼ਾਈ ਨਾਲ ਛਪਵਾ ਕੇ ਵੰਡੀ ਗਈ।

੧੧ ਮਈ—ਸਮਗਲਰ ਰਾਜੀਵ ਨੇ ਹਰਿਆਣਾ ਵਿਚ ਚੋਣਾ ਕਰਵਾਉਣੀਆਂ ਸਨ, ਇਸ ਕਰਕੇ ਸੁਰਜੀਤ ਸਿੰਘ ਬਰਨਾਲਾ ਦੇ ਕੁਰੱਪਟ ਮੰਤਰੀ

ਮੰਡਲ ਨੂੰ ਡਿਸਮਿਸ ਕਰ ਕੇ ਐਸ. ਐਸ. ਰੇ ਅਤੇ ਜੇ ਐਫ ਰਬੇਰਿਉ ਦਾ ਰਾਵਣ ਰਾਜ ਸ਼ੁਰੂ ਕਰ ਦਿਤਾ ਗਿਆ, ਆਰ. ਪੀ. ਓਝਾ ਮੁਖ ਸਕੱਤਰ ਵਲੋਂ ਸਿਖ ਅਫਸਰਾਂ ਵਿਰੁਧ ਸਖਤੀ ਹੋਣ ਲਗੀ। ਸੰਵਿਧਾਨ ਦੀ ਧਾਰਾ ੩੫੫, ੩੫੬ ਦੀ ਘੋਰ ਉਲੰਘਣਾ ਹੈ।

ਰਾਵੀ-ਬਿਆਸ ਪਾਣੀਆਂ ਦੇ ਫੈਸਲੇ ਬਾਰੇ ਜਸਟਸ ਈਰਾਦੀ ਕਮਿਸ਼ਨ ਵੀ ਢਕਵੰਜ ਸਾਬਤ ਹੋਇਆ।

ਸੇਂਟ ਜੋਹਨ ਆਰਕਬਿਸ਼ਪ ਐਲਫੋਨਸਸ ਪੈਨੀ ਦੀ ਰਿਪੋਰਟ ਹੈ ਕਿ ਆਰਕਬਿਸ਼ਪ ਪੈਨੀ ਨਿਊ ਫਾਉਂਡਲੈਂਡ ਟਰਾਂਟੋ ਦੇ ਰੋਮਨ ਕੈਥਾਲਕ ਚਰਚ ਦੇ ੨੫ ਪਾਦਰੀਆਂ ਨੂੰ ਵਿਭਚਾਰ ਦੇ ਦੋਸ਼ ਵਿਚ ਸਜ਼ਾਵਾਂ ਹੋਈਆਂ। ਈਸਾ ਵੀ ਇਕ ਕੰਵਾਰੀ ਲੜਕੀ ਮਰੀਅਮ ਤੋਂ ਪੈਦਾ ਹੋਇਆ ਸੀ, ੩੨ ਸਾਲ ਵਿਚ ਮੇਰੀ ਮੈਸਡੇਲੇਨ ਨਾਲ ਵਿਭਚਾਰ ਦੇ ਦੋਸ਼ ਕਰ ਕੇ ਸਲੀਬ ਤੇ ਟੰਗ ਦਿਤਾ ਗਿਆ ਸੀ। ਇਨ੍ਹਾਂ ਦਾ ਕੋਈ ਸਦਾਚਾਰ ਨਹੀਂ।

੨੪ ਮਈ—ਦੁਸ਼ਟ ਗੋਬਿੰਦ ਰਾਮ ਐਸ. ਪੀ. ਨੇ ਮੁਕਤਸਰ, ਫਰੀਦਕੋਟ ਅਤਿ ਦੇ ਜੁਲਮ ਕੀਤੇ, ਝੂਠੇ ਪੁਲਸ ਮੁਕਾਬਲੇ ਭੁਪਿੰਦਰ ਸਿੰਘ ਸਾਰੰਗ ਨੂੰ ਕਤਲ ਕੀਤਾ।

ਰਾਜੀਵ ਨੇ ਸ੍ਰੀ ਲੰਕਾ ਦੇ ਪ੍ਰਧਾਨ ਜੈਵਰਧਨੇ ਨਾਲ ਸਮਝੌਤਾ ਕੀਤਾ, ਉਥੇ ਭਾਰਤੀ ਫੌਜ ਦੇ ਬਹੁਤੇ ਸਿੱਖ ਬਲੀ ਦੇ ਬਕਰੇ ਬਣਨ ਲਈ ਭੇਜੇ ਗਏ।

੨ ਜੂਨ—ਸ: ਹਰਮੰਦਰ ਸਿੰਘ ਅਤੇ ਉਸ ਦੀ ਪਤਨੀ ਜਸਬੀਰ ਕੌਰ ਨੂੰ ਪਿੰਡ ਵੈਰੋਕੀ, ਡੇਹਰਾ ਬਾਬਾ ਨਾਨਕ ਵਿਖੇ ਕਤਲ ਕੀਤਾ ਗਿਆ, ਹਰ ਰੋਜ ਪੰਜਾਬ ਦੇ ਪਿੰਡਾਂ ਵਿਚ ਝੂਠੇ ਪੁਲਸ ਮੁਕਾਬਲੇ, ਅਤਿਆਚਾਰ ਹੋਣੇ ਸ਼ੁਰੂ ਹੋ ਗਏ।

ਭਾਈ ਚੰਨਣ ਸਿੰਘ ਗੁਰੂ ਨਾਨਕ ਮਿਸ਼ਨ ਨਾਗਪੁਰ ਜੋ ਸਿਕਲੀ ਗਰ ਸਿਖਾਂ ਦੀ ਸੇਵਾ ਸੰਭਾਲ, ਗੁਰਮਤਿ ਪ੍ਰਚਾਰ ਦੇ ਕਾਰਜ ਕਰ ਰਹੇ ਹਨ, ਉਨ੍ਹਾਂ ਨੂੰ ਬਿਨਾ ਕਿਸੇ ਦੋਸ਼ ਹੀ ਗ੍ਰਿਫਤਾਰ ਕਰ ਕੇ ਜੇਲ ਵਿਚ ਆਜ਼ਾਦੀ ਦਾ ਅਨੰਦ ਮਾਣਨ ਲਈ ਭੇਜ ਦਿਤਾ ਗਿਆ।

ਸ: ਭਗਵੰਤ ਸਿੰਘ ਜੀ ਦਾਲਾਵਰੀ, ਤਪੋਵਨ, ਅਮਰਾਵਤੀ ਮਹਾਰਾਸ਼ਟਰਾ ਨੂੰ ਵੀ ਬਿਨਾਂ ਕਿਸੇ ਦੋਸ਼ ਤਸੀਹੇ ਦਿਤੇ ਗਏ।

੨੫ ਜੂਨ—ਡੀ. ਆਈ. ਜੀ. ਐਸ. ਐਸ. ਵਿਰਕ ਚਿੱਟੇ ਕਪੜਿਆਂ ਵਿਚ ਦੁੱਖ ਭੰਜਨੀ ਬੇਰ ਪਰਕਰਮਾ ਤੋਂ ਪਰਮਜੀਤ ਸਿੰਘ ਮੋਹਾਲੀ ਨੂੰ ਇਸ਼ਨਾਨ ਕਰਦੇ ਨੂੰ ਜਬਰੀ ਗ੍ਰਿਫਤਾਰ ਕਰ ਕੇ ਲੈ ਗਿਆ, ਅਦਾਲਤ ਵਲੋਂ ਜੁਲਾਈ ੧੯੮੮ ਨੂੰ ਰਿਹਾ ਹੋਇਆ।

੧ ਜੁਲਾਈ ੧੯੮੭ ਸਹਾਰਨਪੁਰ, ਹਰਦੁਆਰ, ਰਿਸ਼ੀਕੇਸ਼, ਸ੍ਰੀ ਨਗਰ ਗੜ੍ਹਵਾਲ, ਜੋਸ਼ੀ ਮਠ ਗੋਬਿੰਦਘਾਟ ਦੇ ਗੁਰਦੁਆਰਿਆਂ ਉਪਰ ਜ਼ੁਲਮ ਬਰਬਾਦੀ, ਸਰਕਾਰੀ ਪੁਲਸ, ਟਰਕਾਂ ਰਾਹੀਂ ਅਨੇਕਾਂ ਨਿਰਦੋਸ਼ ਯਾਤਰੂ ਮਾਰੇ ਗਏ।

੮ ਜੁਲਾਈ ਸੰਤ ਸੂਰਤ ਸਿੰਘ ਜੀ ਜੋ ਸ੍ਰੀ ਹੇਮਕੁੰਟ ਦੇ ਪਵਿਤਰ ਗੁਰਧਾਮ ਦੀ ਸੇਵਾ ਕਰਦੇ ਨੂੰ ਸ਼ਹੀਦ ਕਰ ਦਿਤਾ ਅਤੇ ਡੇਰਾ ਸਾੜ ਦਿਤਾ ਗਿਆ।

ਗਿ: ਜ਼ੈਲ ਸਿੰਘ ਰਾਸ਼ਟਰਪਤੀ ਨੇ ਸ. ਸੁਰਿੰਦਰ ਸਿੰਘ ਜੌਹਰ, ਦਿਲੀ ਰਾਹੀਂ ਆਪਣੇ ਜੀਵਨ ਸਬੰਧੀ ਇਕ ਸੁੰਦਰ ਪੁਸਤਕ ਤਸਵੀਰਾਂ ਸਮੇਤ ਤਿਆਰ ਕਰਵਾ ਕੇ ਲਖਾਂ ਰੁਪਏ ਖਰਚ ਕੀਤੇ, ਪਰ ਕਦੇ ਸ੍ਰੀ ਹਰਿਮੰਦਰ ਸਾਹਿਬ, ਹੇਮਕੁੰਟ ਜਾਂ ਸਿਖ ਧਰਮ ਦੇ ਇਤਿਹਾਸ ਬਾਰੇ ਕਦੇ ਕੋਈ ਪੁਸਤਕ ਛਾਪਣ ਲਈ ਕੋਈ ਦਸਵੰਧ ਵੀ ਨਹੀਂ ਕਢਿਆ।

ਸ. ਹਰਚਰਨ ਸਿੰਘ ਦਿਲੀ ਨੂੰ ਜਥੇਦਾਰ ਅਕਾਲ ਤਖਤ ਲਗਾ ਦਿਤਾ ਇਹ ਚੰਡੀਗੜ੍ਹ ਜੇਲ੍ਹ ਵਿਚ ੧੪ ਅਗਸਤ ਤਕ ਹੀ ਰਹੇ।

੨੫ ਜੁਲਾਈ ਗਿ: ਜ਼ੈਲ ਸਿੰਘ ਰਾਸ਼ਟਰਪਤੀ ਮਿਆਦ ਪੂਰੀ ਹੋਣ ਤੇ ਹਟ ਗਿਆ। ਇਸ ਦੇ ੫ ਸਾਲ ਦੇ ਸਮੇਂ ਦੇ ਦੌਰਾਨ ਸਿਖਾਂ ਉਪਰ ਅਤਿ ਦੇ ਜ਼ੁਲਮ ਹੋਏ, ਦਿਲ ਵਿਚ ਹੀ ਹਜ਼ਾਰਾਂ ਸਿਖ ਕਤਲ ਹੋਏ, ਉਜੜ ਗਏ।

ਬੋਟ ਕਲਬ, ਦਿਲੀ ਵਿਖੇ ਹਰ ਧਰਮ, ਫਿਰਕੇ, ਪਾਰਟੀ ਸਭਾ ਵਲੋਂ ਇਕਠ, ਰੈਲੀਆਂ, ਧਰਨੇ ਮੁਜ਼ਾਹਰੇ ਹੁੰਦੇ ਰਹਿੰਦੇ ਹਨ, ਹਰ ਕੋਈ ਪੀੜਤ, ਸਮਗਲਰ ਸਤਕਾਰ ਵਿਰੁਧ ਇਸ਼ਤਿਹਾਰਬਾਜੀ, ਨਾਹਰੇਬਾਜ਼ੀ, ਭਾਸ਼ਨ ਵੀ ਕਰਦਾ ਹੈ, ਮੁਸਲਮਾਨਾਂ ਵਲੋਂ ਭਾਰੀ ਰੈਲੀ ਵਿਚ ਸ਼ੇਖ ਬੁਖਾਰੀ ਨੇ ਪੁਲਸ ਅਧਿਕਾਰੀਆਂ ਅਤੇ ਮੁਸਲਮਾਨ ਮੰਤਰੀਆਂ ਵਿਰੁਧ ਭੜਾਸ ਕਢੀ, ਪਰ ਉਨ੍ਹਾਂ ਕਿਸੇ ਉਪਰ ਵੀ ਕਦੇ ਕੋਈ ਸਖਤੀ, ਪਾਬੰਦੀ ਨਹੀਂ ਲਗਾਈ ਗਈ, ਨਾ ਕੋਈ ਗਿਰਫਤਾਰੀ ਹੀ ਕੀਤੀ ਜਾਂਦੀ ਹੈ। ਪਰ ਜਦੋਂ ਸਿਖਾਂ ਵਲੋਂ ਕੋਈ ਮਾਰਚ, ਰੈਲੀ, ਧਰਨਾ, ਮੋਰਚਾ ਲਗਾਉਣ ਦੀ ਗਲ ਹੁੰਦੀ ਹੈ, ਤਾਂ ਕਈ ਦਿਨ ਪਹਿਲਾਂ ਤੋਂ ਹੀ ਨਿਰਦੋਸ਼ ਸਿਖਾਂ ਨੂੰ ਘਰਾਂ ਤੋਂ ਹੀ ਗਿਰਫ਼ਤਾਰ ਕਰਕੇ ਜੇਲ੍ਹਾਂ ਵਿਚ ਕਈ ਕਈ ਮਹੀਨੇ ਡਕ ਦਿਤਾ ਜਾਂਦਾ ਹੈ ਇਹ ਗੰਗੂ ਨੀਤੀ ਕਿਸ ਤਰ੍ਹਾਂ ਦੀ ਹੈ ?

ਆਸਾਮ ਵਿਚ ਬੋਡੋਲੈਡ ਦੇ ਬਾਗੀ ਲੀਡਰਾਂ ਨਾਲ ਹਰ ਤਰ੍ਹਾਂ ਦੀ ਗਲ ਕੀਤੀ ਜਾ ਰਹੀ ਹੈ, ਮੁਖ ਮੰਤਰੀ ਪਰਫੁਲਾ ਕੁਮਾਰ ਮਹੰਤਾਂ ਨੇ ਸਾਰੇ ਬਾਗੀ ਲੀਡਰਾਂ ਨੂੰ ਰਿਹਾ ਕੀਤਾ।

੧੪ ਅਗਸਤ ੧੯੮੭ ਜਨਰਲ ਸੁੰਦਰ ਜੀ ਨੇ ਮੇਜਰ ਸੁਚਾ ਸਿੰਘ ੩੨੮ ਡੀਟੈਂਸ ਕਾਲੌਨੀ ਜਲੰਧਰ ਨੂੰ ਬਿਨਾ ਕਿਸੇ ਦੋਸ਼ ਡਿਸਮਿਸ ਕਰ ਦਿਤਾ।

੧੪ ਅਗਸਤ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਨੇ ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਕੇ, ਸ੍ਰੀ ਹੇਮਕੁੰਟ ਸਾਹਿਬ ਯਾਤਰਾ ਗਾਈਡ, ਸੰਗਤਾਂ ਨੂੰ ਵੰਡਣੀ ਸ਼ੁਰੂ ਕੀਤੀ।

ਇਹ ਪੁਸਤਕ ਸ: ਸਤਨਾਮ ਸਿੰਘ ਐਡਵੋਕੇਟ ਵਲੋਂ ਛਪਵਾ ਕੇ ਪਿੰਗਲਵਾੜਾ ਦੇ ਰੋਗੀਆਂ ਦੀ ਸੇਵਾ ਲਈ ਭੇਂਟ ਕਰਕੇ ਸ਼ੁਕਰਾਨਾ ਕੀਤਾ ਗਿਆ।

੨੫ ਅਗਸਤ ਗਿ: ਜ਼ੈਲ ਸਿੰਘ ਨੇ ਆਪਣੀ ਪਹਿਲੀ ਪੈਨਸ਼ਨ ਦੀ ਸਾਰੀ ਰਕਮ ੨੫੦੦% ਰੁਪਏ ਸਮਗਲਰ ਰਾਜੀਵ ਨੂੰ ਦੇ ਦਿਤੀ ਪਰ ਕਿਸੇ ਮਜ਼ਲੂਮ ਸਿਖ ਪੀੜਤ ਪਰਵਾਰਾਂ ਦੀ ਕਦੇ ਕੋਈ ਸਹਾਇਤਾ ਕਰਨ ਲਈ ਉਨ੍ਹਾਂ ਦੇ ਕੈਂਪਾਂ ਵਿਚ ਸਰਕਾਰੀ ਦੌਰਾ ਵੀ ਨਹੀਂ ਕੀਤਾ ਕਿ ਰਾਜੀਵ ਨਾਰਾਜ਼ ਨਾ ਹੋ ਜਾਵੇ।

੨੦ ਅਗਸਤ, ਸ਼ਨੀਵਾਰ, ਸ: ਭਾਗ ਸਿੰਘ ਅਣਖੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਦਾ ੪੦੦ ਸਾਲਾ ਦਿਵਸ ਮਨਾਇਆ ਗਿਆ, ਉਦਘਾਟਨ ਭਗਤ ਪੂਰਨ ਸਿੰਘ ਜੀ ਨੇ ਕੀਤਾ।

ਦੁਸ਼ਟ ਰਾਜੀਵ, ਰੇ, ਰਬੇਰਿਓ, ਆਰ. ਪੀ. ਓਝਾ ਵਲੋਂ ਸਿਖ ਨੌ-ਜਵਾਨਾਂ ਦੇ ਹਰ ਰੋਜ਼ ਕਤਲ ਹੋਣ ਲਗੇ, ਪਰ ਕਦੇ ਤ੍ਰਿਸੇ ਅਖੌਤੀ ਪੰਥਕ ਦਲਾਂ ਦੇ ਕਿਸੇ ਲੀਡਰ ਨੇ ਕੋਈ ਰੋਸ ਪੜਤਾਲ ਅਤੇ ਸਹਾਇਤਾ ਨਹੀਂ ਕੀਤੀ।

ਜਸਟਿਸ ਸ. ਅਜੀਤ ਸਿੰਘ ਬੈਂਸ, ਅਤੇ ਪੰਜਾਬ ਮਨੁਖੀ ਅਧਿਕਾਰ ਸੰਸਥਾ ਦੇ ਵਕੀਲ ਮੈਂਬਰਾਂ ਵਲੋਂ ਪੁਲਸ ਵਧੀਕੀਆਂ ਵਿਰੁਧ ਜਾਂਚ, ਰਪੋਟ, ਕਤਲਾਂ ਦੇ ਵੇਰਵੇ ਇਕਠੇ ਕੀਤੇ ਗਏ।

ਦਿਲੀ ਸਿਖ ਫੋਰਮ ਲੈਫ. ਜਨ. ਜਗਜੀਤ ਸਿੰਘ ਅਰੋੜਾ ਵਲੋਂ ਵੀ ਸਰਕਾਰੀ ਜ਼ੁਲਮ ਵਧੀਕੀਆਂ ਸਬੰਧੀ ਵੇਰਵੇ, ਰਪੋਟਾਂ ਇਕਠੇ ਕਰਕੇ, ਸਹਾਇਤਾ ਕੀਤੀ ਜਾਂਦੀ ਰਹੀ।

੨੪ ਅਗਸਤ ਅੰਮ੍ਰਿਤਸਰ ਮਾਲ ਰੋਡ ਵਿਖੇ ਪੁਲਸ ਨੇ ਸ. ਸਰਦੂਲ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿਤਾ, ਇਸ ਵਿਰੁਧ ਜਾਂਚ ਐਸ. ਡੀ. ਐਮ ਸ੍ਰੀ ਐਸ. ਪੀ ਮਹਾਜਨ ਵਲੋਂ ਕਰਕੇ ਰਪੋਟ ਦਿਤੀ ਗਈ ਤਾਂ ਐਸ. ਡੀ. ਐਮ ਦੀ ਤਬਦੀਲੀ ਕਰ ਦਿਤੀ ਗਈ।

੩੧ ਅਗਸਤ, ਗੁਰਦਾਸਪੁਰ ਗੀਤਾ ਭਵਨ ਦੇ ਨੇੜੇ ਪੁਲਸ ਨੇ ਸ. ਪਰਮਿੰਦਰ ਸਿੰਘ ਕਤਲ ਕਰ ਦਿਤਾ, ਤਾਂ ਜਾਚ ਪੜਤਾਲ ਐਸ. ਡੀ. ਐਮ ਬਟਾਲਾ ਸ. ਕੁਲਵੰਤ ਸਿੰਘ ਨੇ ਕਰਕੇ ਕਿਹਾ ਕਿ ਇਹ ਮੁਕਾਬਲਾ ਬਿਲਕੁਲ ਝੂਠਾ ਹੈ।

ਹੰਕਾਰੀ ਰਾਜੀਵ ਦੀ ਸਮਗਲਰ ਸਰਕਾਰ ਕਹਿੰਦੀ ਹੈ ਕਿ ਹਰ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਂਦੀ ਹੈ, ਪਰ ਪੁਲਸ ਦੇ ਜੋ ਬੁਚੜਖਾਨੇ ਹਨ ਅਤੇ ਉਥੇ ਜਿਸ ਤਰ੍ਹਾਂ ਦੀ ਗੈਰ-ਮਨੁਖੀ ਕਾਰਵਾਈ ਹੁੰਦੀ ਹੈ, ਇਹ ਕਿਹੜੇ ਕਾਨੂੰਨਾਂ ਅਨੁਸਾਰ ਹੁੰਦੀ ਹੈ, ਇਨ੍ਹਾਂ ਸਬੰਧੀ ਕਦੇ ਕਿਸੇ ਅਦਾਲਤ ਜੱਜ ਵਕੀਲ ਨੇ ਚੈਲੰਜ ਨਹੀਂ ਕੀਤਾ, ਨਾ ਹੀ ਇਨ੍ਹਾਂ ਗੈਰ-ਮਨੁਖੀ ਅਤੇ ਗ਼ੈਰ-ਕਾਨੂੰਨੀ ਜ਼ੁਲਮ ਦੀ ਕਿਸੇ ਡੀ. ਸੀ ਨੇ ਪੜਤਾਲ ਹੀ ਕੀਤੀ ਹੈ, ਡੀ. ਸੀ ਜ਼ਿਲ੍ਹਾ ਮੈਜਿਸਟਰੇਟ ਵੀ ਹੁੰਦਾ ਹੈ। ਆਜ਼ਾਦ ਭਾਰਤ ਵਿਚ ਬੁਚੜਖਾਨੇ ਲਾਹਨਤ ਹਨ। ਹੋਰਨਾਂ ਆਜ਼ਾਦ ਮੁਲਕਾਂ ਵਿਚ ਪੁਲਿਸ ਦੀ ਕਾਰਵਾਈ ਵੇਖੀ ਜਾਵੇ।

ਪੰਜਾਬ ਵਿਚ ਭਾਸ਼ਾ ਐਕਟ ੧੯੬੬ ਤੋਂ ਲਾਗੂ ਹੈ, ਪਰ ਅਨੇਕਾਂ ਮੁਖ ਮੰਤਰੀ, ਗਵਰਨਰ, ਚੀਫ਼ ਸਕਤਰ, ਅਦਾਲਤਾਂ ਦੇ ਜੱਜ, ਅਮਲਾ ਪੰਜਾਬੀ ਭਾਸ਼ਾ ਵਿਚ ਕੰਮ ਨਹੀਂ ਕਰਦਾ, ਇਨ੍ਹਾ ਵਿਰੁਧ ਕਿਸੇ ਅਖੌਤੀ ਪੰਥਕ ਲੀਡਰ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ, ਨਾ ਹੀ ਕਿਸੇ ਹਾਕਮ ਨੂੰ ਨੌਕਰੀ ਤੋਂ ਮੁਅਤਲ ਜਾਂ ਡਿਸਮਿਸ ਹੀ ਕੀਤਾ ਹੈ। ਪੰਜਾਬ ਦੇ ਗਵਰਨਰ ਪੰਜਾਬੀ ਬੋਲਣ ਲਿਖਣ ਵਾਲੇ ਹੋਣੇ ਚਾਹੀਦੇ ਹਨ। ਖਾੜਕੂ ਸਿੰਘ ਸਖਤ ਨੋਟਿਸ ਲੈਣ।

੨੦ ਸਤੰਬਰ ੧੯੮੭ ਜੂਨ ੧੯੮੪ ਦੇ ੧੩੮ ਨਿਰਦੋਸ਼ ਸਿੰਘ ਜੋਧਪੁਰ ਜੇਲ ਤੋਂ ਰਿਹਾ ਹੋ ਕੇ ਆਏ ਸ਼ੁਕਰਾਨਾ ਕੀਤਾ।

੨੨ ਸਤੰਬਰ ਸੰਤ ਬਾਬਾ ਭਾਗ ਸਿੰਘ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੧੬ ਅਕਤੂਬਰ ੧੯੮੭ ਅਖੌਤੀ ਪੰਥਕ ਦਲਾਂ ਦੇ ਲੀਡਰ ਆਪਣੀਆਂ ਚੋਣਾਂ ਸਮੇਂ ਬੜੇ ਸਰਗਰਮ ਹੋ ਕੇ ਥਾਂ ਥਾਂ ਪਾਰਟੀਆਂ ਸਮਾਗਮ ਕਰਦੇ, ਪੰਥਕ ਏਕਤਾ ਦੀਆਂ ਗਲਾਂ ਵੀ ਕਰਦੇ ਤਖਤ ਕੇਸ ਗੜ੍ਹ ਅਨੰਦਪੁਰ ਸਾਹਿਬ ਵੀ ਪਹੁੰਚ ਜਾਂਦੇ ਪਰ ਉਥੇ ਜਾ ਕੇ ਆਪਸ ਵਿਚ ਹਥੋਪਾਈ ਹੋ ਜਾਂਦੇ, ਵਖ ਵਖ ਦਲ ਬਣ ਜਾਂਦੇ, ਇਹ ਗੁਰੂ ਘਰ ਦਾ ਕਿਸ ਤਰ੍ਹਾਂ ਦਾ ਸਤਿਕਾਰ ਕਰਦੇ ਹਨ ?

ਸ਼੍ਰੋ. ਗੁਰ. ਪ੍ਰ. ਕਮੇਟੀ ਦਾ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਬਣ ਗਿਆ, ਰਾਜ ਅਭਿਮਾਨੀ ਸੁਰਜੀਤ ਸਿੰਘ ਬਰਨਾਲਾ ਵਖਰਾ ਹੋ ਗਿਆ।

ਸ. ਬਲਦੇਵ ਸਿੰਘ ਰੰਧਾਵਾ, ਚੰਨਣ ਸਿੰਘ, ਹਰਬੰਸ ਸਿੰਘ ਘੁੰਮਣ ਵਲੋਂ ਟੌਹੜਾ ਦੇ ਪ੍ਰਧਾਨ ਬਣ ਜਾਣ ਦੀ ਚੋਣ ਵਿਰੁਧ ਅਦਾਲਤ ਵਿਚ ਕਾਰਵਾਈ ਕਰ ਦਿਤੀ। ਇਹ ਸਾਰੇ ਅਖੌਤੀ ਲੀਡਰ ਧਰਮ ਪ੍ਰਚਾਰ ਦੇ ਫੰਡ ਆਪਣੀਆਂ ਚੋਣਾਂ, ਭਜ ਦੌੜ, ਚਿਠੀ ਪਤਰ, ਟੈਲੀਫੋਨ ਕਾਲਾਂ ਕਰਨ, ਪਾਰਟੀਆਂ ਛਕਣ, ਵਧਾਈਆਂ ਦੇਣ ਅਤੇ ਅਦਾਲਤਾਂ ਵਿਚ ਵਕੀਲਾਂ ਮੁਨਸ਼ੀਆਂ ਜੱਜਾਂ ਪੁਲਸ ਆਦਿ

ਵਲ ਹੀ ਨਸਟ ਕਰਦੇ ਹਨ।

੧੭ ਅਕਤੂਬਰ ਗੁਰਦੁਆਰਾ ਬੰਗਲਾ ਸਾਹਿਬ ਦਿਲੀ, ਕੇਂਦਰੀ ਸਿਖ ਲਾਇਬ੍ਰੇਰੀ, ਅਰਦਾਸ ਕਰਕੇ ਸ਼ੁਰੂ ਕੀਤੀ ਗਈ ਹੈ।

੨੨ ਅਕਤੂਬਰ ਸਰਬਤ ਖਾਲਸਾ ਸਮਾਗਮ ਸਮੇਂ ਸ੍ਰੀ ਹਰਿਮੰਦਰ ਸਾਹਿਬ ਸੀਲ ਕਰ ਦਿਤਾ ਗਿਆ।

੪ ਨਵੰਬਰ ੧੯੮੭ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਵਲੋਂ ਪੁਸਤਕ ਧੰਨ ਨਾਨਕ ਤੇਰੀ ਵਡੀ ਕਮਾਈ, ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਕੇ, ਸੰਗਤਾਂ ਨੂੰ ਵੰਡੀ ਗਈ, ਇਹ ਪੁਸਤਕ ਸ. ਸਤਨਾਮ ਸਿੰਘ ਐਡਵੋਕੇਟ ਵਲੋਂ ਛਪਵਾ ਕੇ ਪਿੰਗਲਵ ੜਾ ਦੇ ਰੋਗੀਆਂ ਦੀ ਸੇਵਾ ਲਈ ਭੇਟ ਕਰਕੇ ਸ਼ੁਕਰਾਨਾ ਕੀਤਾ ਗਿਆ।

੪ ਨਵੰਬਰ, ਮੋਹਾਲੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੇ ਨਗਰ ਕੀਰਤਨ ਸਮੇਂ ਪੁਲਸ ਵਲੋਂ ਅਮਰਜੀਤ ਸਿੰਘ ਪੁਤਰ ਮਹਿੰਦਰ ਗੋਪਾਲ ਸਿੰਘ ਮਕਾਨ ੧੧੮੦ ਫ਼ਜ਼ 1 ਨੂੰ ਕਤਲ ਕਰ ਦਿਤਾ ਗਿਆ।

੧੫ ਦਸੰਬਰ ੧੯੮੭ ਨੌ-ਜਵਾਨ ਗੁਰਬਖਸ਼ ਸਿੰਘ ਪਿੰਡ ਮੋਠਾਂਵਾਲਾ (ਫੀਰੋਜ਼ਪੁਰ) ਅਤੇ ਸ. ਬਲਵੰਤ ਸਿੰਘ, ਬਲਬੀਰ ਕੌਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ।

੨੩ ਨਵੰਬਰ ਚੌਕ ਮਹਿਤਾ ਵਿਖੇ ਰਾਤ ੯ ਵਜੇ ਅਲੌਕਿਕ ਚਮਤਕਾਰ ੯੦ ਮਿੰਟ ਪੀਲੀ ਰੌਸ਼ਨੀ ਰਹੀ, ਅਵਾਜ਼ਿ ਕੌਮ ੧੦ ਦਸੰਬਰ ੧੯੮੭, ਵੇਖੋ।

੨੪ ਨਵੰਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਗੁਰੂ ਨਾਨਕ ਭਵਨ ਦੀ ਨੀਂਹ ਗਵਰਨਰ ਵਲੋਂ ਰਖੀ ਗਈ।

ਗੰਗੂ ਰਾਮ ਪ੍ਰਕਾਸ਼ ਬਾਬਾ ਵੀ ਸੀ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਨੂੰ ਤਿੰਨ ਸਾਲ ਦਾ ਹੋਰ ਵਾਧਾ ਦਿਤਾ ਗਿਆ ? ਇਹ ਪੰਜਾਬੀ ਵਿਰੋਧੀ ਹੈ।

ਜਨਵਰੀ ੧੯੮੮ ਸ. ਨਰੈਣ ਸਿੰਘ ਜੀ ਪ੍ਰਸਿਧ ਵਿਦਵਾਨ, ੩੬-ਸ਼ਿਵਾਲਾ ਰੋਡ, ਅੰਮ੍ਰਿਤਸਰ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੧੬ ਜਨਵਰੀ ਪੁਲਸ ਵਲੋਂ ਮਨਜੀਤ ਸਿੰਘ ਪੁਤਰ ਸੋਹਨ ਸਿੰਘ ੨੭੩ ਫੇਜ਼ ੩ ਮੋਹਾਲੀ ਨੂੰ ਸ਼ਹੀਦ ਕੀਤਾ ਗਿਆ।

੧੦ ਫ਼ਰਵਰੀ ੧੯੮੮ ਅੰਮ੍ਰਿਤਸਰ ਥਾਣਾ ਸਦਰ ਵਲੋਂ ਨੌਜਵਾਨ ਰਣਜੀਤ ਸਿੰਘ ਨੂੰ ਤਸੀਹੇ ਦਿਤੇ ਗਏ।

ਜਥੇਦਾਰ ਸ੍ਰੀ ਅਕਾਲ ਤਖ਼ਤ, ਜਸਬੀਰ ਸਿੰਘ ਰੋਡੇ ਵਲੋਂ ਸਿਖ ਰਹਿਤ

ਮਰਯਾਦਾ ਜੋ ੧੯੩੯ ਤੋਂ ਪੰਥ ਵਲੋਂ ਪ੍ਰਵਾਨ ਹੋਈ ੫੦ ਸਾਲ ਤੋਂ ਚਲੀ ਆ ਰਹੀ ਸੀ, ਵਿਚ ਆਪਣੀ ਮਰਜ਼ੀ ਅਨੁਸਾਰ ਕਾਫ਼ੀ ਤਬਦੀਲੀਆਂ ਕਰਵਾ ਦਿਤੀਆਂ, ਇਸ ਵਾਸਤੇ ਕੋਈ ਪੰਥਕ ਪ੍ਰਵਾਨਗੀ ਨਹੀਂ ਲਈ ਗਈ ਇਸੇ ਕਰਕੇ ਵਿਵਾਦ ਹੋਣ ਲਗਾ, ਅਨੰਦਪੁਰ ਵਿਖੇ ਹੋਏ ਬਜਟ ਸੈਸ਼ਨ ਵਿਚ ਮਤਾ ਵੀ ਪਾਸ ਕਰਵਾ ਦਿਤਾ। ਅੰਮ੍ਰਿਤ ਛਕਾਉਣ ਸੰਸਕਾਰ ਵਿਚ ਪੰਜ ਪਿਆਰਿਆਂ ਲਈ ਵਖਰੀ ਰਹਿਤ ਅਤੇ ਰੋਜ਼ਾਨਾ ਅਰਦਾਸ ਵਿਚ ਵੀ ਤਬਦੀਲੀ ਕੀਤੀ ਗਈ।

੨੩ ਫ਼ਰਵਰੀ ਮੰਗਲਵਾਰ ਸੰਤ ਹਰਨਾਮ ਸਿੰਘ ਸ਼ਾਮਪੁਰਾ ਨੇੜੇ ਕਥੂ-ਨੰਗਲ ਸੇਵਾ ਸਿਮਰਨ ਕਰਦੇ ਅਕਾਲ ਚਲਾਣਾ ਕਰ ਗਏ, ਹਰ ਸਾਲ ਯਾਦ ਮਨਾਈ ਜਾਂਦੀ ਹੈ।

ਮਾਰਚ ੧੯੮੮ ਸਮਗਲਰ ਰਾਜੀਵ ਨੇ ਆਪਣੀ ਕੁਟਲਨੀਤੀ ਅਨੁਸਾਰ ਸੰਵਿਧਾਨ ਵਿਚ ਪੰਦ੍ਹਵੀਂ ਸੋਧ ਕਰਕੇ, ਮਨੁਖੀ ਆਜ਼ਾਦੀ ਦੇ ਸਾਰੇ ਲਿਖਣ ਬੋਲਣ, ਛਾਪਣ ਦੇ ਸਿਵਲ ਅਧਿਕਾਰ ਖ਼ਤਮ ਕਰਕੇ ਕੇਵਲ ਪੰਜਾਬ ਦੇ ਸਿਖਾਂ ਉਪਰ ਦੁਸ਼ਟ ਰਬੇਰਿਓ ਰਾਵਣ ਰਾਜ ਤੇਜ਼ ਕਰ ਦਿਤਾ, ਹਾਲਾਂ ਕਿ ਹੋਰਨਾਂ ਸੂਬਿਆਂ ਵਿਚ ਗੜਬੜ ਫਿਰਕੂ ਦੰਗੇ ਵੀ ਹੁੰਦੇ ਹਨ।

ਸ. ਗੁਰਬੀਰ ਸਿੰਘ, ਐਡਵੋਕੇਟ ਸਪੁਤਰ ਸ. ਗੁਰਨਾਮ ਸਿੰਘ ਸਾਬਕਾ ਮੁਖ ਮੰਤਰੀ ਨੇ ਉਕਤ ਪੰਦ੍ਹਵੀਂ ਸੋਧ ਨੂੰ ਨਾਜਾਇਜ਼ ਧਕੇਸ਼ਾਹੀ ਸਮਝ ਕੇ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕਰਕੇ ਚੈਲੰਜ ਕਰ ਦਿਤਾ।

੯ ਮਾਰਚ ਸਮਗਲਰ ਸਰਕਾਰ ਸਿਖਾਂ ਦੇ ਧਰਮ ਕਾਰਜਾਂ ਵਿਚ ਵਿਘਨ ਪਾਉਣ ਵਾਸਤੇ ਆਪਣੇ ਸੇਵਕ ਜਸਬੀਰ ਸਿੰਘ ਰੋਡੇ ਨੂੰ ਜੇਲ੍ਹ ਤੋਂ ਰਿਹਾ ਕਰ ਦਿਤਾ, ਉਸ ਨੇ ਸ੍ਰੀ ਅਕਾਲ ਤਖਤ ਉਪਰ ਕਬਜ਼ਾ ਕਰਕੇ ਜਥੇਦਾਰੀ ਮਨਮਰਜ਼ੀ ਸ਼ੁਰੂ ਕਰ ਦਿਤੀ। ਪ੍ਰੋ. ਦਰਸ਼ਨ ਸਿੰਘ ਰਾਗੀ, ਆਪਣੇ ਘਰ ਜੀਰਕਪੁਰ–ਚੰਡੀਗੜ੍ਹ ਚਲਾ ਗਿਆ।

੨੬ ਮਾਰਚ ਦਰਸ਼ਨ ਸਿੰਘ ਡਲਾ ਉਪਰ ਪੁਲਸ ਜਬਰ ਕੀਤਾ ਗਿਆ।

੧੨ ਅਪ੍ਰੈਲ ਦੁਸ਼ਟ ਗੋਬਿੰਦ ਰਾਮ, ਐਸ. ਐਸ. ਪੀ ਵਲੋਂ ਫ਼ਰੀਦਕੋਟ ਵਿਖੇ ਸ, ਇਕਬਾਲ ਸਿੰਘ, ਸ. ਜਗਤਾਰ ਸਿੰਘ, ਹਰਜੀਤ ਕੌਰ ਉਪਰ ਅਤਿਆ-ਚਾਰ ਹੋਏ, ਸੁਪਰੀਮ ਕੋਰਟ ਵਿਚ ਕਾਰਵਾਈ ਕੀਤੀ ਗਈ।

੧੩ ਅਪ੍ਰੈਲ ਸ: ਜਸਵਿੰਦਰ ਸਿੰਘ ਮਕਾਨ ਐਚ. ਐਲ. ੭੪ ਰੂਪ ਨਗਰ, ਭਗਤਾਂਵਾਲਾ ਵਲੋਂ ਸਾਹਿਬਜ਼ਾਦਾ ਫ਼ਤਹਿ ਸਿੰਘ ਸਟਡੀ ਸਰਕਲ ਕਾਇਮ ਕਰਕੇ, ਗੁਰਮਤਿ ਲਿਟਰੇਚਰ ਛਾਪ ਕੇ ਵੰਡਣਾ ਸ਼ੁਰੂ ਕੀਤਾ ਗਿਆ।

੨ ਮਈ ਸਵੀਡਨ ਤੋਂ ਹੈਟਸ ਹੋਗਸਟਾਰਮ, ਸ੍ਰੀ ਹਰਿਮੰਦਰ ਸਾਹਿਬ,

ਦੂਜੀ ਵਾਰ ਆਏ, ਸ੍ਰੀ ਅਕਾਲ ਤਖਤ ਤੋਂ ਅੰਮ੍ਰਿਤ ਦਾ ਬਾਟਾ ਛਕ ਕੇ ਸਿੰਘ ਸਜ ਗਏ ਨਾਮ ਜਸਾ ਸਿੰਘ ਰਖ ਲਿਆ, ਇਹ ਸਵੀਡਨ ਦੇ ਇਲਾਕੇ ਵਿਚ ਨਾਮ ਸਿਮਰਨ ਸੰਗਤ ਪੰਗਤ ਦੇ ਪ੍ਰਵਾਹ ਚਲਾ ਰਹੇ ਹਨ।

੮ ਮਈ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸੀ. ਆਰ. ਪੀ. ਫੌਜੀ ਘੇਰਾਬੰਦੀ ਕੀਤੀ ਗਈ।

੯ ਮਈ ਸਰਕਾਰ ਵਲੋਂ ਕਾਲੀਗਰਜ ਦੇ ਨਾਮ ਨਾਲ ਹਮਲਾ ਗੋਲਾਬਾਰੀ ਕੀਤੀ ਗਈ, ੪ ਨਿਰਦੋਸ਼ ਸਿੰਘ ਸ਼ਹੀਦ ਹੋ ਗਏ। ਚੌਕ ਘੰਟਾ ਘਰ ਡਿਉਢੀ ਦੇ ਉਪਰ ਜੋ ਵਡੀ ਘੜੀ ਬਿਗ ਬੈਨ ਸਾਡ ਦਿਤੀ ਗਈ। ਕਰਫਿਊ ਲਗਾ ਦਿਤਾ ਗਿਆ। ਦਸ ਦਿਨ ਦੁਖਾਂਤ ਵਾਪਰਿਆ ਗੰਗੂ ਖੁਸ਼ ਹੋਣ ਲਗੇ।

੧੦ ਮਈ ਸ੍ਰੀ ਹਰਿਮੰਦਰ ਸਾਹਿਬ ਤੋਂ ੪੪ ਸਿੰਘ ਗਿਰਫਤਾਰ ਕੀਤੇ ਗਏ ਬਗਾਵਤ ਦੀ ਕਾਰਵਾਈ ਕੀਤੀ ਗਈ।

੧੨ ਮਈ ਜਥੇਦਾਰ ਜਸਬੀਰ ਸਿੰਘ ਰੋਡੇ ਨੂੰ ਗਿਰਫਤਾਰ ਕੀਤਾ ਗਿਆ, ਜੇਲ ਵਿਚ ਵਿਸ਼ੇਸ਼ ਸਹੂਲਤਾਂ ਅਤੇ ਮੁਲਾਕਾਤਾਂ ਕਾਰਵਾਈਆਂ ਜਾਂਦੀਆਂ ਰਹੀਆਂ। ੭ ਸਿੰਘ ਸ਼ਹੀਦ ਹੋਏ।

੧੪ ਮਈ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਖਾੜਕੂ ਨੌਜਵਾਨਾਂ ਤੋਂ ਖਤਰਾ ਸੀ ਸੋ ਬਲੈਕ ਥੰਡਰ ਰੋਸ ਦਾ ਢੌਂਗ ਕਰਕੇ ਗਿਰਫਤਾਰੀ ਦੇ ਕੇ ਸਰਕਾਰੀ ਰੈਸਟ ਹਾਊਸਾਂ ਵਿਚ ਸੁਰਖਿਅਤ ਰਹਿਣ ਲਗਾ।

੧੫ ਮਈ ੧੪੬ ਸਿੰਘ ਸ੍ਰੀ ਹਰਿਮੰਦਰ ਤੋਂ ਗਿਰਫਤਾਰ ਹੋਏ।

੧੮ ਮਈ ੬ ਮਈ ਤੋਂ ੧੮ ਮਈ ਤਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੁਖਾਂਤ ਵਾਪਰਦਾ ਰਿਹਾ, ਸਭ ਮਰਯਾਦਾ ਬੰਦ ਰਹੀ, ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ ਤੋਂ ਸਾਰੇ ਦਫਤਰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਚਲੇ ਗਏ।

ਸਾਰੇ ਵੇਰਵੇ ਰਪੋਟ, ਪੰਜਾਬ ਹਿਊਮਨ ਰਾਈਟਸ ਸੰਸਥਾ ਵਲੋਂ ਛਾਪ ਕੇ ਵੰਡੇ ਗਏ ਹਨ ੧੪੬ ਸਿੰਘ ਗਿਰਫਤਾਰ ਹੋਏ।

੨੦ ਮਈ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ੩੦ ਮੀਟਰ ਦੇ ਘੇਰੇ ਵਿਚਲੀਆਂ ਸਾਰੀਆਂ ਇਮਾਰਤਾਂ, ਦੁਕਾਨਾਂ ਬਾਜ਼ਾਰ ਢਾਹ ਢੇਰੀ ਕਰਕੇ ਸਾਫ਼ ਕਰਨੇ ਸ਼ੁਰੂ ਕਰ ਦਿਤੇ, ਕੁਝ ਵਡੀਆਂ ਵਡੀਆਂ ਇਮਾਰਤਾਂ ਵਿਖੇ ਸੀ. ਆਰ. ਪੀ. ਐਫ. ਦੇ ਡੇਰੇ ਨਾਕੇ ਬਣਾ ਦਿਤੇ ਗਏ। ਬਾਬਾ ਅਟਲ ਬਾਜ਼ਾਰ ਸਾਫ਼ ਕਰ ਦਿਤਾ ਗਿਆ, ਸਾਰੇ ਦੁਕਾਨਦਾਰਾਂ ਨੂੰ ਸ਼ਹਿਰ ਤੋਂ ਬਾਹਰਵਾਰ ਸੜਕ ਤੇ ਮਾਰਕੀਟਾਂ ਬਣਵਾ ਦਿਤੀਆਂ ਗਈਆਂ।

ਸ. ਪ੍ਰਕਾਸ਼ ਸਿੰਘ ਬਾਦਲ ਨੇ ਚੌ: ਦੇਵੀ ਲਾਲ ਮੁਖ ਮੰਤਰੀ ਦੇ ਪੁਤਰਾਂ ਨਾਲ ਹਿਸਾਦਾਰੀ ਕਰਕੇ, ਆਪਣੇ ਲੜਕੇ ਸੁਖਬੀਰ ਸਿੰਘ ਦੇ ਨਾਮ, ਗੁੜਗਾਉਂ ਵਿਖੇ ੧੭ ਏਕੜ ਜ਼ਮੀਨ ਤੇ ਫ਼ਾਈਵ ਸਟਾਰ ਹੋਟਲ, ਕਾਰੋਬਾਰ ਸ਼ੁਰੂ ਕੀਤੇ ਹਨ ?

ਇਨ੍ਹਾਂ ਸਬੰਧੀ ਹੋਰ ਵੇਰਵੇ ਸ. ਗੁਰਨਾਮ ਸਿੰਘ ਖੁਸ਼ਦਿਲ ਕਰਨਾਲ ਪਾਸੋਂ ਲਏ ਜਾ ਸਕਦੇ ਹਨ। ਬਾਦਲ ਦਾ ਪਿਆਰ ਗੁਰੂ ਦੇ ਪੰਥ ਨਾਲ ਨਹੀਂ। ਦੇਵੀ ਲਾਲ ਦੇ ਕਾਰੋਬਾਰ ਨਾਲ ਪਿਆਰ ਹੈ ।

੩੦ ਮਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ: ਹਰਚਰਨ ਸਿੰਘ ਦਿੱਲੀ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਲਗਾ ਦਿਤਾ ਗਿਆ। ਹੋਰਨਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾ ਦਿਤਾ ਗਿਆ ਪਰ ਉਨ੍ਹਾਂ ਤੋਂ ਕਾਰਾਂ ਵਾਪਸ ਨਹੀਂ ਲਈਆਂ ਗਈਆਂ ।

ਜੂਨ : ਗੰਗੂ ਪੰਡਤਾਂ ਦੀ ਚਲਾਕੀ ਕਿ ਸ੍ਰੀਲੰਕਾ, ਕਲੰਬੋ ਵਿਖੇ ਭਾਰਤ ਤੋਂ ਫ਼ੌਜ (ਆਈ.ਪੀ.ਕੇ.ਐਫ.) ਵਿਚ ਵਧੇਰੇ ਸਿਖ ਅਫਸਰ, ਨੌਜਵਾਨ ਬਲੀ ਦੇ ਬੱਕਰੇ ਬਣਨ ਵਾਸਤੇ ਭੇਜੇ ਗਏ ਸੈਂਸੂਲਰ ਦਾ ਢੌਂਗ ਟੀ.ਵੀ. ਤੋਂ ਰਾਮਾਇਣ ਅਤੇ ਮਹਾਂ ਭਾਰਤ ਸੀਰੀਅਲ ਵਿਖਾ ਕੇ ਸ੍ਰੀ ਐਚ.ਕੇ.ਐਲ. ਭਗਤ ਮੰਤਰੀ ਵਲੋਂ ਕਲਾਕਾਰਾਂ ਨੂੰ ਸਨਮਾਨ ਦਿਤੇ ਗਏ ।

ਸ: ਆਤਮਾ ਸਿੰਘ ਮੰਤਰੀ ਵਲੋਂ ੧੯੭੯ ਵਿਚ ਸ੍ਰੀ ਹੇਮਕੁੰਟ ਯਾਤਰਾ ਫ਼ਿਲਮ ਤਿਆਰ ਕਰਵਾਈ ਗਈ ਪਰ ਇਹ ਅਨੇਕਾਂ ਵਾਰ ਲਿਖ ਕੇ ਮੰਗ ਕੀਤੇ ਜਾਣ ਦੇ ਬਾਵਜੂਦ ਵੀ ਨਹੀਂ ਵਿਖਾਈ ਜਾ ਰਹੀ ।

ਸਿਖ ਧਰਮ ਦੀ ਆਜ਼ਾਦੀ ਪ੍ਰਤਿ ਕੁਰਬਾਨੀਆਂ ਦੇ ਇਤਿਹਾਸ ਹਨ, ਭਾਈ ਮਨੀ ਸਿੰਘ, ਸ਼ਹੀਦ ਭਾਈ ਤਾਰੂ ਸਿੰਘ, ਸ਼ਹੀਦ ਬਾਬਾ ਦੀਪ ਸਿੰਘ, ਬਾਬਾ ਬੰਦਾ ਬਹਾਦਰ ਪਰ ਇਨ੍ਹਾਂ ਬਾਰੇ ਕੋਈ ਅਖੌਤੀ ਪੰਥਕ ਆਗੂ ਵੀ ਸੋਚਣ ਨੂੰ ਤਿਆਰ ਨਹੀਂ ਹੈ ।

ਸਲਮਾਨ ਰਸ਼ੀਦੀ ਵਲੋਂ ਪੁਸਤਕ ਸ਼ੈਤਾਨ ਦੀਆਂ ਆਇਤਾਂ, ਛਾਪੀ ਗਈ, ਤਾਂ ਉਸ ਪੁਸਤਕ ਨੂੰ ਜ਼ਬਤ ਕਰਨ ਦੀਆਂ ਕਾਰਵਾਈਆਂ ਸਾਰੇ ਸੰਸਾਰ ਵਿਚ ਹੋਈਆਂ, ਅਨੇਕ ਥਾਵਾਂ ਤੇ ਦੰਗੇ ਕਤਲ ਵੀ ਹੋਏ, ਈਰਾਨ ਦੇ ਆਇਤ-ਉਲਾ-ਖਮੀਨੀ ਵਲੋਂ ਲੇਖਕ ਨੂੰ ਕਤਲ ਕੀਤੇ ਜਾਣ ਵਾਲੇ ਲਈ ੨੦ ਲੱਖ ਡਾਲਰ ਇਨਾਮ, ਦਾ ਐਲਾਨ ਕੀਤਾ ਗਿਆ ।

ਜੀ.ਟੀ. ਬੈਟਨੀ ਵਲੋਂ ਸੰਸਾਰ ਦੇ ਸਾਰੇ ਧਰਮਾਂ ਸਬੰਧੀ ਐਨਸਾਈ-ਕਲੋਪੇਡੀਆ ਛਾਪ ਕੇ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਭਗਤ ਕਬੀਰ ਦਾ ਚੇਲਾ ਲਿਖ ਕੇ ਹਤਕ ਕੀਤੀ ਕਿ ਸਿਖ ਵਿਸ਼ਨੂੰ ਦੇ ਪੁਜਾਰੀ

ਹਨ, ਇਹ ਐਨਸਾਈਕਲੋਪੇਡੀਆ ਬਰੇਕਨ ਬੁਕਸ ਪ੍ਰਿੰਸੈਸ ਹਾਊਸ ੫੦ ਈਸਟ ਕੈਸਲ ਸਟਰੀਟ ਇੰਗਲੈਂਡ ਵਲੋਂ ਪ੍ਰਕਾਸ਼ਤ ਹੋਇਆ ਹੈ, ਹੈਰਾਨੀ ਹੈ ਕਿ ਜੋ ਸਿਖ ਇੰਗਲੈਂਡ ਵਿਚ ਬੈਠੇ ਖਾਲਿਸਤਾਨ ਦੇ ਫੱਕੇ ਨਾਹਰੇ ਤਾਂ ਲਗਾਈ ਜਾਂਦੇ ਹਨ, ਪਰ ਕਦੇ ਉਸ ਲੇਖਕ ਅਤੇ ਪ੍ਰਕਾਸ਼ਕ ਵਿਰੁੱਧ ਕੋਈ ਵੀ ਕਾਰਵਾਈ ਕਰਨ ਨੂੰ ਤਿਆਰ ਨਹੀਂ। ਵਕੀਲਾਂ ਨੂੰ ਹਤਕ ਇਜ਼ਤ ਕਾਨੂੰਨੀ ਕਾਰਵਾਈ ਕਰਨੀ ਜ਼ਰੂਰੀ ਹੈ।

"ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। (ਸਿੱਖ ਰਹਿਤ ਮਰਿਯਾਦਾ)

ਸਿੱਖੀ ਨੂੰ ਹਿਲਾ ਦੇਣ ਵਾਲੀਆਂ ਇਹ ੩੪ ਲਾਈਨਾਂ ਇਸ ਕਿਤਾਬ ਦੇ ੨੪੬-੪੭ ਪੰਨੇ ਤੇ ਇਸ ਤਰ੍ਹਾਂ ਲਿਖੀਆਂ ਗਈਆਂ ਹਨ।

The Sikhs of the Punjab owe their rise to Nanak, a follower of Kabir in the 15th century, born not far from Lahore in 1469. He became a guru or teacher, and his follower were termed Sikhs or disciples. He taught a religion free from caste and idoltary, having been largely influenced by the growing Mohammedanism around him, but he still remained more of a pantheist than a monotheist and he taught that God should be especially worshipped under the name of Hari, one of the titles of Vishnu. After his death there succeeded him a line of chief gurus, who, at first friendly, developed great hostility to the Mohammedans, and became largely military leaders. Their political history must be read else-where, The fourth guru, Ram-das set up a lake temple in the sacred tank at Umritsur, which became the head-quarters of the Sikhs, The fifth guru, Arjun, compiled rhe first Sikh bible largely from the pre-

cepts of his predecessors. Govind, the tenth guru compiled a second book or supplement, devised a form of baptism, imposed a vow not a worship idols: to bow to no one but a Sikh Guru, and in many ways camented the bonds of the party. War was made a religious duty: and while Govind refused to name a successor as guru, he created the Sikh bible (or Granth), a permanent object of worship with the title Sahib. Henceforth it was to be their infallible guide; what ever they asked it would show them. The Sikh bible is written in the old Hindi dialect, with a peculiar mode of writing. It declares the unity of God, But is based on pantheistic ideas. Many of the names of Vishnu are accepted as names of the supreme Deity. It forbids image worship, but the way in which the Granth itself is worshipped, dressed, and decorated, goes for to elevate it into an idol. Many ordinary Hindu superstitions are included in it such as the belief in the sanctity of the cow, the vast number of transmigrations of souls, and complete submission to the guru. In recent years the Sikh faith has very considerably retrograded towards Vishnuism. Many Sikhs now adopt caste, wear the Brahmanical thread, and observe, Hindu festivals and ceremonies. There is a notable temple of Govind at Patna containing many remains of him. The temple at Umritsur is one of the most striking sights in India; it is dedicated to the one god under his name Hari; but he is believed to be visibly represented by the Sacred Book.

ਪੰਜਾਬ ਹਾਈ ਕੋਰਟ ਦੇ ਚੀਫ਼ ਜਸਟਿਸ ਐਸ. ਐਸ. ਸੰਧਾਵਾਲੀਆ ਨੂੰ ਪਟਨਾ ਹਾਈ ਕੋਰਟ (ਬਿਹਾਰ) ਤਬਦੀਲ ਕਰ ਦਿਤਾ ਗਿਆ।

ਪੰਜਾਬ ਦਾ ਮੁਖ ਸਕੱਤਰ ਆਰ. ਪੀ. ਓਝਾ ਨੂੰ ਰੀਟਾਇਰ ਕਰਨਾ ਸੀ, ਅਤੇ ਸ: ਸੁਰੈਣ ਸਿੰਘ ਧਨੋਆ ਨੂੰ ਮੁਖ ਸਕੱਤਰ ਬਨਾਉਣਾ ਸੀ, ਪਰ ਆਰ. ਪੀ. ਓਝਾ ਨੂੰ ਹੀ ਮੁਖ ਸਕੱਤਰ ਵਜੋਂ ਹੋਰ ਐਕਸਟੈਨਸ਼ਨ ਦੇ ਦਿਤੀ ਗਈ, ਕਦੇ ਕਿਸੇ ਸਿੱਖ ਅਸਫਰ ਨੂੰ ਨਹੀਂ ਦਿਤੀ ਗਈ। ਸ੍ਰੀ ਜੇ.ਐਫ. ਰੈਬੇਰਿਓ ਡਾਇਰੈਕਟਰ ਜਨਰਲ ਪੁਲਿਸ ਨੂੰ ਰੀਟਾਇਰ ਹੋ ਜਾਣ ਉਪਰੰਤ ਗਵਰਨਰ ਰੇਅ ਦਾ ਸਲਾਹਕਾਰ

ਬਣਾ ਕੇ ਹੋਰ ਸਹੂਲਤਾਂ ਦੇ ਦਿਤੀਆਂ ਗਈਆਂ ਅਤੇ ਸਤੰਬਰ ੧੯੮੬ ਤੋਂ ਐਂਬੈਸੇਡਰ ਬਣਾ ਕੇ ਰੋਮਾਨੀਆਂ ਭੇਜ ਦਿਤਾ ਗਿਆ।

ਸ: ਦਲਜੀਤ ਸਿੰਘ ਗਿਲ, ਪੀ. ਟੀ. ਆਈ. ਗੌਰਮਿੰਟ ਹਾਈ ਸਕੂਲ ਹਜ਼ਾਰਾ (ਜਲੰਧਰ) ਨੂੰ ਬੀ. ਐਸ. ਐਫ. ਵਿਚ ਹੌਲਦਾਰ ਭਰਤੀ ਕਰਨ ਉਪਰੰਤ ਆਰਡਰ ਰਦ ਕਰ ਦਿਤੇ ਗਏ।

੨੮ ਜੂਨ : ਲੇਖਕ ਤਖਤ ਸ੍ਰੀ ਪਟਨਾ ਸਾਹਿਬ, ਦਰਸ਼ਨ ਕਰਨ ਗਿਆ, ਉਥੇ ੩੦ ਜੂਨ ੮੮ ਨੂੰ ਸੰਤ ਕਰਤਾਰ ਸਿੰਘ ਜੀ ਵਲੋਂ ਲੰਗਰ ਹਾਲ ਦਾ ਉਦਘਾਟਨ ਹੋਇਆ, ਸੰਤ ਸਿੰਘ ਮਸਕੀਨ ਵਲੋਂ ਕਥਾ ਹੋਈ। ਉਸ ਇਲਾਕੇ ਦੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ।

ਸ਼੍ਰੋ. ਗੁਰ. ਪ੍ਰ. ਕਮੇਟੀ ਵਲੋਂ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਜਥੇਦਾਰ ਅਕਾਲ ਤਖਤ ਸ: ਬਲਵੀਰ ਸਿੰਘ ਨੂੰ ਜਥੇਦਾਰ ਤਖਤ ਕੇਸ ਗੜ੍ਹ ਬਣਾ ਦਿਤਾ ਗਿਆ। ਪ੍ਰੋ. ਦਰਸ਼ਨ ਸਿੰਘ ਨੂੰ ਕੰਟੈਸਾਕਾਰ ੧.੫੦ ਲਖ ਰੁਪਏ ਦੀ ਦਿਤੀ ਗਈ।

ਸ. ਕੇ. ਪੀ. ਐਸ. ਗਿਲ ਡਾਇਰੈਕਾਰ ਜਨਰਲ ਪੁਲਸ ਬਣ ਗਿਆ, ਝੂਠੇ ਪੁਲਸ ਮੁਕਾਬਲੇ ਹੋਣੇ ਸ਼ੁਰੂ ਹੋ ਗਏ।

ਸਮਗਲਰ ਸਰਕਾਰ ਵਲੋਂ ਦਰਬਾਰ ਸਾਹਿਬ ਤੋਂ ੩੦੦ ਮੀਟਰ ਤਕ ਆਲਾ ਦੁਆਲਾ ਢਾਹ ਕੇ ਚੌੜਾ ਸਾਫ਼ ਸੁੰਦਰ ਬਨਾਉਣ ਦੀ ਸਕੀਮ ਸੀ, ਪਰ ੩੦ ਮੀਟਰ ਤਕ ਬਹੁਤੇ ਸਿਖਾਂ ਦੇ ਬਾਜ਼ਾਰ, ਮਕਾਨ ਦੁਕਾਨਾਂ ਢਾਹ ਦਿਤੇ, ਇਸ ਤੋਂ ਅਗਲੇ ਹਿੰਦੂਆਂ ਦੇ ਮਕਾਨ ਬਾਜ਼ਾਰ ਸਨ ਇਸ ਲਈ ਅਗਲੀ ਸਕੀਮ ੩੦੦ ਮੀਟਰ ਵਾਲੀ ਖਤਮ ਕਰ ਦਿਤੀ ਗਈ, ਜੋ ੩੦ ਮੀਟਰ ਤਕ ਸਫਾਈ ਕੀਤੀ ਗਈ, ਉਥੇ ਹੁਣ ਖੜੇ ਬਣ ਗਏ ਹਨ। ਬ੍ਰਹਮ ਬੂਟਾ ਅਖਾੜਾ ਅਤੇ ਨਾਲ ਲਗਦੀ ੧੬੬ ਵਰਗ ਮੀਟਰ ਥਾਂ ਸ੍ਰੀ ਹਰਿਮੰਦਰ ਸਾਹਿਬ ਦੀ ਹੈ, ਇਹ ਫੌਜੀ ਜਵਾਨਾਂ ਨੇ ਜਬਰੀ ਡੇਰਾ ਬਣਾ ਹੈ। ਸ਼੍ਰੋ. ਕਮੇਟੀ ਨੂੰ ਵਾਪਸ ਲੈਣੀ ਚਾਹੀਦੀ ਹੈ।

੨੫ ਜੁਲਾਈ ਸ. ਭਾਨ ਸਿੰਘ ਜੀ ਸਕੱਤਰ ਸ਼੍ਰੋ. ਗੁਰ. ਪ੍ਰ. ਕਮੇਟੀ ਅਤੇ ਸਿੰਘ ਸਾਹਿਬ ਗਿ: ਸੋਹਣ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੂੰ ਲੁਧਿਆਣਾ ਗੁਰੂ ਨਾਨਕ ਇੰਜ. ਕਾਲਜ ਵਿਖੇ ਸ਼ਹੀਦ ਕਰ ਦਿਤਾ ਗਿਆ। ਸ. ਮਨਜੀਤ ਸਿੰਘ ਕਲਕਤਾ ਨੂੰ ਸਕਤਰ ਸ਼੍ਰੋ. ਗੁਰ. ਪ੍ਰ. ਕਮੇਟੀ ਬਣਾ ਦਿਤਾ ਗਿਆ। ਕਾਤਲਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ ਨਾ ਹੀ ਪੀੜਤ ਪਰਵਾਰਾਂ ਨੂੰ ਸਰਕਾਰ ਵਲੋਂ ਮੁਆਵਜ਼ਾ ਸਹਾਇਤਾ ਦਿਤੀ ਗਈ ਹੈ।

ਜਸਬੀਰ ਸਿੰਘ ਰੋਡੇ, ਖਾਲਸਤਾਨ ਦਾ ਨਾਹਰਾ ਲਗਾਉਣ ਦੀ ਬਜਾਏ ਪੂਰਨ ਆਜ਼ਾਦੀ ਦੇ ਨਾਹਰੇ ਲਗਾਉਣ ਲਗਾ ਤਾਂ ਖਾੜਕੂ ਸਿੰਘਾਂ ਅਤੇ ਪੰਥਕ

ਕਮੇਟੀ ਬਾਬਾ ਠਾਕਰ ਸਿੰਘ ਦਮਦਮੀ ਟਕਸਾਲ ਵਲੋਂ ਇਸ ਨੂੰ ਸਰਕਰੀ ਕਿਹਾ ਕੇ ਬਾਈਕਾਟ ਕਰ ਦਿਤਾ ਗਿਆ।

ਸਮਗਲਰ ਰਾਜੀਵ, ਬੂਟਾ ਸਿੰਘ ਅਤੇ ਗਵਰਨਰ ਰੇ, ਚਾਹੁੰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਜੋ ਬਰਬਾਦੀ ਤਬਾਹੀ, ਗੋਲੇ, ਗੋਲੀਆਂ ਦੇ ਨਿਸ਼ਾਨ ਹਨ, ਸੰਗਤਾਂ ਯਾਤਰੂ ਵੇਖਦੇ ਹਨ, ਬਿਲਕੁਲ ਖ਼ਤਮ ਕਰਵਾ ਦਿਤੇ ਜਾਣ, ਇਸ ਕਰਕੇ, ਦਿਲੀ ਦੇ ਸ. ਹਰਚਰਨ ਸਿੰਘ ਅਤੇ ਮਨਜੀਤ ਸਿੰਘ ਕਲਕਤਾ ਕਮੇਟੀ ਰਾਹੀਂ ਸ੍ਰੀ ਹਰਿਮੰਦਰ ਨੂੰ ਸੁੰਦਰ ਬਣਾਉਣ ਦੇ ਬਹਾਨੇ, ਸਾਰੀਆਂ ਮੁਰੰਮਤਾਂ, ਸਫੈਦੀ, ਡਿਸਟੈਂਪਰ ਰੰਗ ਰੋਗਨ ਕਰਵਾਏ ਜਾਣ ਲਗੇ। ਇਨ੍ਹਾਂ ਨੇ ਜਲ੍ਹਿਆਂ ਵਾਲਾ ਬਾਗ ਦੇ ਦੁਖਾਂਤ ਸਮੇਂ ਸਾਰੀਆਂ ਗੋਲੀਆਂ ਦੇ ਨਿਸ਼ਾਨ, ਜਾਲੀਆਂ ਲਗਾ ਕੇ ਯਾਦ ਵਜੋਂ ਸੁਰਖਿਅਤ ਰਖੇ ਹੋਏ ਹਨ। ਘੰਟਾ ਘਰ ਡਿਉਢੀ ਵਾਲੀ ਵਡੀ ਘੜੀ ਸੜ ਚੁਕੀ ਹੈ, ਹਰ ਕੋਈ ਯਾਤਰੂ ਵੇਖਦਾ ਹੈ ਤਾਂ ਨੀਲਾ ਤਾਰਾ ਜੂਨ ੧੯੮੪ ਘਟਨਾ ਅਤੇ ਬਲੈਕ ਥੰਡਰ ਮਈ ੧੯੮੮ ਦੀਆਂ ਘਟਨਾਵਾਂ ਤਾਜ਼ਾ ਹੋ ਜਾਂਦੀਆਂ ਹਨ।

ਪਰ ਸ੍ਰੀ ਅਕਾਲ ਤਖਤ ਸਾਹਿਬ ਦੀ ਨਵੀਂ ਉਸਾਰੀ ਦੇ ਕਾਰਜ ੮ ਮਈ ੧੯੮੮ ਤੋਂ ਠਪ ਹੋ ਗਏ, ਸੰਗਤਾਂ ਇਸ ਨੂੰ ਮੁਕੰਮਲ ਕਰਨ ਦੀ ਸੇਵਾ ਕਰਨ ਵਾਸਤੇ ਉਤਾਵਲੀਆਂ ਹਨ, ਪਰ ਕੋਈ ਜਥੇਦਾਰ ਅਕਾਲ ਤਖਤ ਇਥੇ ਆਪਣੀ ਡਿਊਟੀ ਤੇ ਹਾਜ਼ਰ ਰਹਿ ਕੇ, ਉਸਾਰੀ ਸ਼ੁਰੂ ਹੀ ਨਹੀਂ ਕਰਵਾਉਂਦਾ।

੧੭ ਅਗਸਤ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਜਨਰਲ ਜ਼ਿਆਉਲ ਹਕ, ਹਵਾਈ ਜਹਾਜ਼ ਦੁਰਘਟਨਾ ਵਿਚ ਮਾਰਿਆ ਗਿਆ।

ਸਮਗਲਰ ਰਾਜੀਵ, ਬੂਟਾ ਸਿੰਘ ਦੀ ਸਹਾਇਤਾ ਨਾਲ ਸ. ਤਲਵਿੰਦਰ ਸਿੰਘ ਮਰਵਾਹ ਵਲੋਂ ਦਿਲੀ ਗੁਰ. ਪ੍ਰ. ਕਮੇਟੀ ਉਪਰ ਜਬਰੀ ਕਬਜ਼ਾ ਕਰ ਲਿਆ, ਪਰ ਸੰਗਤਾਂ ਨੇ ਡਟ ਕੇ ਵਿਰੋਧ ਕੀਤਾ।

੨੦ ਅਗਸਤ ਸ. ਭਾਗ ਸਿੰਘ ਅਣਖੀ ਮੈਂਬਰ ਇੰਚਾਰਜ ਧਰਮ ਪ੍ਰਚਾਰ, ਚੀਫ਼ ਖਾ. ਦੀਵਾਨ ਦੀ ਸੁਚਜੀ ਅਗਵਾਈ ਹੇਠ, ਸ੍ਰੀ ਹਰਿਮੰਦਰ ਸਾਹਿਬ, ੪੦੦ ਸਾਲਾ ਦੀ ਮਹਾਨਤਾ ਬਾਰੇ ਹਰਿਮੰਦਰ ਹਰਿ ਜੀਉ ਸਾਜਿਆ, ਸੈਮੀਨਾਰ ਡਾ. ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ, ਚੌਕ ਸ਼ਹੀਦ ਊਧਮ ਸਿੰਘ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਵਿਦਵਾਨਾਂ ਵਲੋਂ ਪੇਪਰ ਪੜ੍ਹੇ ਗਏ।

੧੪ ਸਤੰਬਰ ਗੁਰੂ ਨਾਨਕ ਇੰਜ ਕਾਲਜ ਬਿਦਰ (ਕਰਨਾਟਕ) ਵਿਖੇ ਸਿਖ ਵਿਦਿਆਰਥੀ ਜੋ ਪੰਜਾਬ ਦੇ ਸਨ, ਸ਼ਹੀਦ ਕੀਤੇ ਗਏ, ਇਸ ਦੁਖਾਂਤ ਦੇ ਵੇਰਵੇ ਰਪੱਟਾਂ ਸਿਖ ਫੋਰਮ ਦਿਲੀ ਵਲੋਂ ਛਾਪੇ ਗਏ। ਪੀੜਤ ਪ੍ਰਵਾਰਾਂ ਨੂੰ ਕੋਈ

ਮੁਆਵਜ਼ਾ ਸਹਾਇਤਾ ਨਹੀਂ ਦਿਤੀ ਗਈ।

੧੮-੨੦ ਸਤੰਬਰ ਸੇਵਾ ਪੰਥੀ ਮਹੰਤਾਂ ਵਲੋਂ ਮਹਾਨ ਪਰਉਪਾਰੀ ਭਾਈ ਘਨਈਆ ਜੀ ਦੇ ਅਸਥਾਨ ਸ੍ਰੀ ਅਨੰਦਪੁਰ (ਰੋਪੜ) ਵਿਖੇ ਸਾਲਾਨਾ ਯਾਦ ਮਨਾਈ ਗਈ।

੫ ਦਸੰਬਰ ਰਾਜ ਅਭਿਮਾਨੀ ਸੁਰਜੀਤ ਸਿੰਘ ਬਰਨਾਲਾ ਨੇ ਪੰਥਕ ਏਕਤਾ ਦਾ ਢੌਂਗ ਰਚ ਕੇ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਦਾ ਡਰਾਮਾ ਕੀਤਾ।

੨੦ ਸਤੰਬਰ ਜਥੇਦਾਰ ਪ੍ਰੋ. ਦਰਸ਼ਨ ਸਿੰਘ ਰਾਗੀ, ਨੇ ਆਪਣੀ ਕੋਠੀ ਲੁਧਿਆਣਾ ਵਿਖੇ ਟੈਲੀਫੋਨ ਦਾ ਬਿਲ ੮੦ ਹਜ਼ਾਰ ਰੁਪਏ ਸ਼੍ਰੋ. ਕਮੇਟੀ ਦੇ ਧਰਮ ਪ੍ਰਚਾਰ ਫੰਡ ਨਸ਼ਟ ਕੀਤੇ, ਕੰਟੈਸਾ ਕਾਰ ਦੀ ਵਰਤੋਂ ਵੀ ਆਪਣੇ ਨਿਜੀ ਕੀਰਤਨ ਪ੍ਰੋਗਰਾਮਾਂ ਲਈ ਵਰਤੋਂ ਕਰਦੇ ਰਹੇ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਦੇ ਹਾਜ਼ਰ ਰਹਿ ਕੇ ਕੋਈ ਜਿੰਮੇਵਾਰੀ ਨਹੀਂ ਨਿਭਾਈ ਗਈ ?

੨੦ ਸਤੰਬਰ ਜੋ ਸਿੱਖ ਜੋਧਪੁਰ ਜੇਲ੍ਹ ਵਿਚ ਜੂਨ ੧੯੮੪ ਤੋਂ ਬਿਨਾਂ ਕਿਸੇ ਦੋਸ਼ ਕੈਦ ਸਨ, ਰਿਹਾ ਕਰ ਦਿਤਾ ਗਿਆ।

੨੯ ਸਤੰਬਰ ੧੯੮੮ ਨੂੰ ਨੌਜਵਾਨ ਅਤਿੰਦਰਪਾਲ ਸਿੰਘ ਨਾਭਾ ਨੂੰ ਇੰਦਰਾ ਕਤਲ ਸਾਜ਼ਸ਼ ਕੇਸ ਵਿਚ ਤਿਹਾੜ ਜੇਲ੍ਹ ਵਿਚ ਬੰਦ ਕਰ ਦਿਤਾ। ਆਜ਼ਾਦ ਭਾਰਤ ਦੀ ਲਾਹਨਤੀ ਸਮਗਲਰ ਸਰਕਾਰ ਵਲੋਂ ਸਿੱਖਾਂ ਉਪਰ ਜਿਤਨੇ ਜ਼ੁਲਮ, ਅਤਿਆਚਾਰ, ਦੁਖਾਂਤ ਵਾਪਰੇ, ਝੂਠੇ ਪੁਲਸ ਮੁਕਾਬਲੇ ਹੋਏ ਸੰਬੰਧੀ ਸਰਵੇਖਣ ਰਪੋਟ ਸ੍ਰੀ ਤਪਨ ਬੋਸ, ਅਸ਼ੋਕ ਅਗਰਵਾਲ, ਨਿਤਯ ਰਾਮਾ ਕਿਸ਼ਨ ਐਡਵੋਕੇਟ ਅਤੇ ਰਾਮ ਨਾਰਾਇਣ ਕੁਮਾਰ ਵਲੋਂ ਤਿਆਰ ਕੀਤੀ ਗਈ ਹੈ। ਕਿਤਨੇ ਸ਼ਰਮ ਦੀ ਗਲ ਹੈ ਕਿ ਭਾਰਤ ਵਿਚ ਕਿਤਨੇ ਅਖੌਤੀ ਪੰਥਕ ਦਲ, ਫਰੰਟ, ਲੀਡਰ, ਜਥੇਦਾਰ ਸਿੰਘ ਸਭਾਵਾਂ ਦੇ ਪ੍ਰਧਾਨ ਅਤੇ ਹਜ਼ਾਰਾਂ ਲੇਖਕ ਸਿਖ ਵਕੀਲ ਹਨ, ਪਰ ਕਿਸੇ ਸਿੱਖ ਨੇ ਸਾਰੇ ਦੁਖਾਂਤ ਘਟਨਾਵਾਂ ਦਾ ਸਰਵੇਖਣ ਰਪੋਟ ਤਿਆਰ ਕਰਨ ਦੀ ਅਕਲ ਨਹੀਂ ਵਿਖਾਈ, ਨਾ ਹੀ ਕਿਸੇ ਨੂੰ ਸਹਿਯੋਗ ਹੀ ਦਿਤਾ ਹੈ।

ਸਰਕਾਰ ਵਲੋਂ ਬਾਰਡਰ ਦੇ ਪਿੰਡਾਂ ਦੇ ਨੌਜਵਾਨਾਂ ਨੂੰ ਪੁਲਸ ਗਾਰਡ ਭਰਤੀ ਕਰਕੇ ਅਸਲਾ ਦਿਤਾ ਜਾ ਰਿਹਾ ਹੈ ਕਿ ਪਿੰਡਾਂ ਦੇ ਸਿਖ ਨੌਜਵਾਨ ਆਪਸ ਵਿਚ ਹੀ ਕਤਲ ਹੁੰਦੇ ਰਹਿਣ।

੧੬ ਅਕਤੂਬਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਦੀ ਚੋਣ ਦਾ ਮਾਮਲਾ ਸਾਲ ੧੯੮੭ ਤੋਂ ਹਾਈ ਕੋਰਟ ਵਿਚ ਚੈਲੰਜ ਕੀਤਾ ਗਿਆ ਸੀ। ਉਹ ਉਥੇ ਹੀ ਲਟਕਾਈ ਰਖਿਆ ਗਿਆ। ਸੋ ਸ: ਗੁਰਚਰਨ ਸਿੰਘ ਟੌਹੜਾ ਹੀ ਪ੍ਰਧਾਨ

ਕਾਇਮ ਰਹੇ।

੨੩ ਅਕਤੂਬਰ, ਭਗਤ ਪੂਰਨ ਸਿੰਘ ਜੀ ਵਲੋਂ ਪੁਸਤਕ 'ਬਾਝੁ ਗੁਰੂ ਡੁਬਾ ਸੰਸਾਰੁ, ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ ਵੰਡੀ ਗਈ। ਇਹ ਸਤਨਾਮ ਸਿੰਘ ਐਡਵੋਕਟ ਹੈਪੀ ਨਿਵਾਸ ਵਲੋਂ ਛਪਵਾ ਕੇ ਰੋਗੀਆਂ ਦੀ ਸੇਵਾ ਲਈ ਭੇਟ ਕੀਤੀ ਗਈ ਹੈ।

੨੬ ਅਕਤੂਬਰ ੧੯੮੮ ਸੂਰਬੀਰ ਸਤਵੰਤ ਸਿੰਘ, ਕੇਹਰ ਸਿੰਘ ਨੂੰ ਫਾਂਸੀ ਦੀ ਸਜ਼ਾ ਵਿਰੁਧ ਰਾਸ਼ਟਰਪਤੀ ਵੈਂਕਟਾਰਮਨ ਨੂੰ ਲਾਹਨਤਾ ਪਾ ਕੇ ਪੰਜਾਬ ਹਿਊਮਨ ਰਾਈਟਸ ਸੰਸਥਾ ਲੁਧਿਆਣਾ ਵਲੋਂ 'ਜੁਡੀਸ਼ਲ ਮਰਡਰ' ਛਾਪ ਕੇ ਵੰਡੀ ਗਈ।

੧੬ ਨਵੰਬਰ, ਪਾਕਿਸਤਾਨ ਵਿਚ ਆਮ ਚੋਣਾ, ਵੋਟਾਂ, ਪਾਈਆਂ, ਬੇਗਮ ਬੇਨਜ਼ੀਰ ਭੁਟੋ ਸਪੁਤਰੀ ਜੁਲਫਕਾਰ ਅਲੀ ਭੁਟੋ ਮਿਤੀ ੨ ਦਸੰਬਰ ਤੋਂ ਪ੍ਰਧਾਨ ਮੰਤਰੀ ਬਣ ਗਈ। ਲੋਕ ਰਾਜ ਅਤੇ ਸਮਾਜਵਾਦ ਦੀਆਂ ਗੱਲਾਂ ਕਾਰਜ ਹੋਣ ਲਗੇ। ਕੁਰਪਸ਼ਨ ਦਾ ਦੌਰ ਵੀ ਸ਼ੁਰੂ ਹੋ ਗਿਆ।

੧੯ ਤੋਂ ੨੦ ਨਵੰਬਰ, ਚੀਫ ਖਾਲਸਾ ਦੀਵਾਨ ਵਲੋਂ ਪਏਵੀਂ ਆਲ ਇੰਡੀਆ ਸਿਖ ਐਜੂਕੇਸ਼ਨਲ ਕਾਨਫਰੰਸ ਗੁਰਦੁਆਰਾ ਭਾਈ ਜੈਤਾ ਜੀ, ਮਲੋਟ ਮੰਡੀ (ਫਰੀਦਕੋਟ) ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ੪੦੦ ਸੌ ਸਾਲਾ ਸਥਾਪਨਾ ਦਿਵਸ ਸਬੰਧੀ, ਮਹੰਤ ਤੀਰਥ ਸਿੰਘ ਦੀ ਸਰਪਰਸਤੀ ਹੇਠ ਹੋਈ, ਇਲਾਕੇ ਦੀ ਸਹੂਲਤ ਲਈ ਅਰਦਾਸ ਕਰਕੇ ਆਈ. ਟੀ. ਆਈ. ਇੰਜੀਨੀਰੰਗ ਕਾਲਜ ਅਰੰਭ ਕੀਤਾ ਗਿਆ। ਸਰਕਾਰ ਵਲੋਂ ਸ੍ਰੀ ਹਰਿਮੰਦਰ ਸਾਹਿਬ ਸ਼੍ਰੋ: ਗੁ. ਪ੍ਰ: ਕਮੇਟੀ ਦੇ ਦਫਤਰ ਆਦਿ ਵਾਪਸ ਸੌਂਪੇ ਗਏ।

੨੫ ਨਵੰਬਰ, ਪੀਪਲਜ਼ ਰਾਈਟਸ ਸੰਸਥਾ ੨/III-ਸੀ, ਲਾਰੰਸ ਰੋਡ, ਦਿੱਲੀ–੩੫ ਵਲੋਂ ਗੁਰੂ ਨਾਨਕ ਇੰਜ: ਕਾਲਜ ਬਿੱਦਰ (ਕਰਨਾਟਕ) ਵਿਖੇ ਵਾਪਰੇ ਦੁਖਾਂਤ ਸਬੰਧੀ ਪੂਰੀ ਰਿਪੋਟ ਛਾਪੀ ਗਈ ਹੈ।

੩੦ ਨਵੰਬਰ, ਸ਼੍ਰੋ: ਗੁ: ਪ੍ਰ: ਕਮੇਟੀ ਦੇ ਜਨਰਲ ਇਜਲਾਸ ਵਿਚ ਭਾਈ ਜਸਬੀਰ ਸਿੰਘ ਰੋਡੇ ਵਲੋਂ ਚਲਾਈ ਗਈ ਮਰਯਾਦਾ, ਬੰਦ ਕਰਵਾ ਦਿਤੀ ਗਈ ਸੀ, ਪਰ ਹਾਲਾਂ ਵੀ ਚਲ ਰਹੀ ਹੈ।

੫ ਦਸੰਬਰ (ਸੋਮਵਾਰ) ਰਾਜ ਅਭਿਮਾਨੀ ਸੁਰਜੀਤ ਸਿੰਘ ਬਰਨਾਲਾ ਪੰਥਕ ਮਰਯਾਦਾ ਦੀ ਉਲੰਘਣਾ ਕਾਰਣ, ਆਪਣੀ ਭੁਲ ਬਖਸ਼ਵਾਉਣ ਦਸ਼ੀ ਵਜੋਂ ਤਨਖਾਹ ਲਗਵਾਉਣ ਲਈ ਸ੍ਰੀ ਅਕਾਲ ਤਖਤ ਵਿਖੇ ਪੰਜ ਪਿਆਰਿਆਂ ਦੇ ਸਾਹਮਣੇ ਪੇਸ਼ ਹੋਇਆ, ਪ੍ਰੋ: ਦਰਸ਼ਨ ਸਿੰਘ ਜਥੇਦਾਰ ਨੇ ਰਸੀ ਨਾਲ

ਦੇ ਥਮਲੇ ਦੇ ਨਾਲ ਬੰਨ੍ਹ ਕੇ ਗਲੇ ਵਿਚ ਤਖਤੀ ਦੇ ਸ਼ਬਦ "ਹਮ ਪਾਪੀ ਸਦ ਭੂਲਤੇ ਤੁਮ ਬਖ਼ਸ਼ਣ ਹਾਰੇ" ਲਟਕਾ ਕੇ ਤਨਖ਼ਾਹ ਲਗਾਈ ਇਕਾਂਤ ਵਿਚ ਸ੍ਰੀ ਅਖੰਡ ਪਾਠ ਅਤੇ ਜੋੜਿਆਂ ਅਤੇ ਲੰਗਰ ਦੀ ਸੇਵਾ ਕਰਨ ਲੱਗੇ, ਮਨ ਤੋਂ ਹਉਮੈਂ ਖ਼ਤਮ ਕਰਨੀ ਹੈ। ਪਰ ਪੰਥਕ ਏਕਤਾ ਨਹੀਂ ਕੀਤੀ।

੮ ਦਸੰਬਰ ਜਥੇਦਾਰ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ, ਗਿ: ਬਲਬੀਰ ਸਿੰਘ ਜੀ ਨੂੰ ਸਰਕਾਰੀ ਗੁੰਡਿਆਂ ਵਲੋਂ ਸ਼ਹੀਦ ਕਰ ਦਿਤਾ ਗਿਆ। ਇਨ੍ਹਾਂ ਦੇ ਪ੍ਰੀਵਾਰ ਨੂੰ ਸਰਕਾਰ ਵਲੋਂ ਕੋਈ ਸਹਾਇਤਾ, ਮੁਆਵਜ਼ਾ ਨਹੀਂ ਦਿਤਾ ਗਿਆ।

੧੩ ਦਸੰਬਰ ਸਿਖ ਸਟੂ. ਫੈਡਰੇਸ਼ਨ ਦੇ ਬਬਰ ਸ਼ੇਰ ਸ. ਹਰਮਿੰਦਰ ਸੰਧੂ ਵਲੋਂ ਜੋਧਪੁਰ ਜੇਲ੍ਹ ਵਿਚੋਂ ਇਕ ਚਿਠੀ ਸਮਗਲਰ ਰਾਜੀਵ ਨੂੰ ਫ਼ਿਟਕਾਰਾ ਅਤੇ ਲਾਹਨਤਾ ਭਰਪੂਰ ਲਿਖੀ ਗਈ, ਜੋ ੧੮ ਪੰਨੇ ਦਾ ਟਰੈਕਟ ਛਪਵਾ ਕੇ ਪ੍ਰੈਸਾਂ ਅਤੇ ਆਮ ਜਨਤਾ ਨੂੰ ਵੰਡੀ ਗਈ। ਪਰ ਰਾਜੇ ਸ਼ੀਂਹ ਮੁਕੱਦਮ ਕੁੱਤੇ ਵੀ ਢੀਠ ਕੰਡੇ ਰਾਖਸ਼ ਹੁੰਦੇ ਹਨ।

੩ ਜਨਵੀ ੧੯੮੯ ਸੰਤ ਸਿੰਘ ਸਕਤਰ ਚੀਫ਼ ਖ਼ਾਲਸਾ ਦੀਵਾਨ ੮੩ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ।

ਜਨਵਰੀ ੧੯੮੯ ਸਮੱਗਲਰ ਸਰਕਾਰ ਵਲੋਂ ਨਵੇਂ ਸਾਲ ਦਾ ਤੋਹਫਾ, ਪੰਜਾਬ ਦੇ ਸਿਖਾਂ ਲਈ ਅਸਲਾ ਐਕਟ ੧੯੮੯ ਵਿਚ ਇਸ ਪ੍ਰਕਾਰ ਸਖ਼ਤੀ ਕਰ ਦਿਤੀ ਗਈ ਕਿ ਜਿਸ ਜ਼ਿਲ੍ਹੇ ਤੋਂ ਲਸੰਸ ਬਣਿਆ ਹੋਵੇਗਾ, ਅਸਲਾ ਉਸ ਜ਼ਿਲ੍ਹੇ ਦੀ ਹੱਦ ਤਕ ਹੀ ਸੀਮਤ ਹੋਵੇਗਾ, ਜੇਕਰ ਕਿਸੇ ਹੋਰ ਜ਼ਿਲ੍ਹੇ ਵਿਚ, ਸਾਰੇ ਰਾਜ ਵਿਚ ਜਾਣਾ ਹੋਵੇ ਤਾਂ ਪ੍ਰਵਾਨਗੀ ਗ੍ਰਹਿ ਸਕੱਤਰ ਤੋਂ ਲੈਣੀ ਜ਼ਰੂਰੀ ਹੈ, ਜੇਕਰ ਭਾਰਤ ਦੇ ਕਿਸੇ ਹੋਰ ਸੂਬੇ ਰਾਜ ਵਿਚ ਜਾਣਾ ਹੋਵੇ ਤਾਂ ਅਸਲਾ ਪਹਿਲਾਂ ਪੁਲਸ ਥਾਣੇ (ਜਮਦੂਤਾਂ) ਪਾਸ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ, ਵਾਪਸੀ ਤੇ ਕਿਸ ਹਾਲਤ ਵਿਚ ਮਿਲੇ ਅਲਾਹ ਜਾਣੇ ?


ਰਾਜੀਵ ਸਮਗਲਰ ਦੇ ਪ੍ਰਣ ਅਨੁਸਾਰ ਕਿ ਸਿਖਾਂ ਨੂੰ ਖ਼ਤਮ ਕਰਨਾ ਹੈ ਨਵੇਂ ਸਾਲ ਦਾ ਇਕ ਹੋਰ ਤੋਹਫਾ ਸ: ਸਿਮਰਨਜੀਤ ਸਿੰਘ ਮਾਨ, ਸ: ਅਤਿੰਦਰਪਾਲ ਸਿੰਘ, ਪੁੱ: ਦਲੀਪ ਸਿੰਘ, ਸ: ਜਗਮੋਹਨ ਸਿੰਘ ਵਿਰੁੱਧ ਆਪਣੀ ਮਾਂ ਇੰਦਰਾ ਨੂੰ ੧੯੮੪ ਵਿਚ ਕਤਲ ਕਰਨ ਦੀ ਸਾਜ਼ਸ਼ ਦੇ ਝੂਠੇ ਕੇਸ ਦਰਜ ਕਰਵਾ ਕੇ, ਜੇਲ੍ਹਾਂ ਵਿਚ ਆਜ਼ਾਦੀ ਦਾ ਅਨੰਦ ਮਾਣ ਲਈ ਤਸੀਹੇ ਦਿਤੇ ਜਾਣ ਲੱਗੇ, ਇਨ੍ਹਾਂ ਸੂਰਬੀਰਾਂ ਦੀ ਪੈਰਵੀ ਸਹਾਇਤਾ ਕਿਸੇ ਅਖੌਤੀ ਪੰਥਕ ਲੀਡਰ ਨੇ ਇਸ ਵਾਸਤੇ ਡਰਦੇ ਨਹੀਂ ਕੀਤੀ ਕਿ ਰਾਜੀਵ ਨਾਰਾਜ਼ ਨਾ ਹੋ ਜਾਵੇ। ਸਰਦਾਰ ਆਰ. ਐਸ. ਸੰਧੂ ਐਡਵੋਕੇਟ ਸੁਪਰੀਮ ਕੋਰਟ ਦਿਲੀ ਅਤੇ

ਸਿਖ ਫੋਰਮ ਦਿਲੀ ਵਲੋਂ ਸਾਰੇ ਧਰਮੀ ਪੀੜਤ ਸਿਖਾਂ ਦੀ ਪੈਰਵੀ ਸਹਾਇਤਾ ਕੀਤੀ ਗਈ ਹੈ।

੬ ਜਨਵਰੀ ੧੯੯੬ ਨੂੰ ਦੁਸ਼ਟ ਰਾਜੀਵ ਸਰਕਾਰ ਦੇ ਲਾਹਨਤੀ ਜੱਜਾਂ ਅਤੇ ਰਾਸ਼ਟਰਪਤੀ ਵਲੋਂ, ਸੂਰਬੀਰ ਸ: ਸਤਵੰਤ ਸਿੰਘ ਅਤੇ ਬਿਲਕੁਲ ਨਿਰਦੋਸ਼ ਸ: ਕੇਹਰ ਸਿੰਘ ਜੀ ਨੂੰ ਨਵੇਂ ਸਾਲ ਦਾ ਇਕ ਹੋਰ ਤੋਹਫਾ, ਤਿਹਾੜ ਜੇਲ੍ਹ ਦਿਲੀ, ਸ਼ੁਕਰਵਾਰ ਸਵੇਰੇ ੮ ਵਜੇ, ਜਲਾਦ ਕਾਲੂ ਰਾਮ ਮੇਰਠ ਅਤੇ ਜਲਾਦ ਫ਼ਕੀਰੀਆ ਪਟਿਆਲਾ ਰਾਹੀਂ ਫਾਂਸੀ ਦੇ ਤਖਤੇ ਤੇ ਚੜ੍ਹਾ ਕੇ ਅਮਰ ਸ਼ਹੀਦ ਬਣਾ ਦਿਤਾ ਗਿਆ। ਇਹ ਸਿੰਘ ਪਾਠ ਕਰਦੇ ਸਿਮਰਨ ਕਰਦੇ ਜੈਕਾਰੇ ਗੁਜਾਉਂਦੇ ਸ਼ਹੀਦ ਹੋ ਗਏ। ਸਮਗਲਰ ਸਰਕਾਰ ਕਹਿੰਦੀ ਹੈ ਕਿ ਹਰ ਕਾਰਵਾਈ ਸੰਵਿਧਾਨ ਅਤੇ ਕਾਨੂੰਨਾਂ ਅਨੁਸਾਰ ਹੀ ਕੀਤੀ ਜਾਂਦੀ ਹੈ, ਪਰ ਇਨ੍ਹਾਂ ਦੁਸ਼ਟਾਂ ਨੇ ਆਖਰੀ ਮੁਲਾਕਾਤਾਂ ਉਨ੍ਹਾਂ ਦੇ ਪਰਵਾਰਾਂ ਨਾਲ ਵੀ ਨਹੀਂ ਕਾਰਵਾਈਆਂ, ਨਾ ਹੀ ਮਿਰਤਕ ਦੇਹਾਂ ਆਪਣੇ ਧਾਰਮਕ ਸੰਸਕਾਰਾਂ ਅਨੁਸਾਰ ਸਸਕਾਰ ਕਰਨ ਵਾਸਤੇ ਦਿਤੀਆਂ, ਇਥੋਂ ਤਕ ਕਿ ਇਨ੍ਹਾਂ ਅਮਰ ਸ਼ਹੀਦਾਂ ਦੀਆਂ ਅਸਤੀਆਂ ਵੀ ਉਨ੍ਹਾਂ ਦੀ ਇੱਛਾ ਅਨੁਸਾਰ ਕੀਰਤਪੁਰ ਸਾਹਿਬ ਜਲ ਪ੍ਰਵਾਹ ਨਹੀਂ ਕੀਤੀਆਂ ਗਈਆਂ, ਉਲਟਾ ਗੰਗੂ ਪੰਡਤਾਂ ਨੇ ਆਪਣੀ ਖਾਨਦਾਨੀ ਧੋਖੇ ਵਾਲੀ ਜ਼ਹਿਨੀਅਤ ਅਨੁਸਾਰ ਬਿਨਾਂ ਕਿਸੇ ਨੂੰ ਦਸੇ, ਰਾਤ ਸਮੇਂ ਚੋਰੀ ਹਰਿਦੁਆਰ ਗੰਗਾ ਵਿਚ ਬਿਨਾਂ ਕਿਸੇ ਧਾਰਮਿਕ ਰਸਮ ਦੇ ਰੋੜ ਦਿਤੀਆਂ ਗਈਆਂ। ਪਰ ਕਿਸੇ ਅਖੌਤੀ ਪੰਥਕ ਲੀਡਰ ਵਲੋਂ ਅਜਿਹੀਆਂ ਮਨੁਖ-ਹੀਣਤਾ ਕਾਰਵਾਈਆਂ ਵਿਰੁਧ ਰੋਸ ਆਦਿ ਕਾਰਵਾਈ ਕਰਨ ਦੀ ਅਕਲ ਨਹੀਂ ਵਿਖਾਈ, ਕਿ ਰਾਜੀਵ ਨਾਰਾਜ਼ ਨਾ ਹੋ ਜਾਵੇ ਪਰ ਇਹ ਅਮਰ ਸ਼ਹੀਦੀਆਂ ਅਜਾਈ ਨਹੀਂ ਜਾਣਗੀਆਂ ? ਇਨ੍ਹਾਂ ਅਮਰ ਸ਼ਹੀਦਾਂ ਦੇ ਗੁਰਬਾਣੀ ਗੁਟਕੇ, ਕੜੇ, ਕਪੜੇ, ਕਿਰਪਾਨਾਂ ਆਦਿ ਵੀ ਇਨ੍ਹਾਂ ਦੇ ਪਰਵਾਰਾ ਨੂੰ ਬਾਰ ਬਾਰ ਕਹਿਣ ਅਤੇ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਟਾਲ ਮਟੋਲ ਕੀਤੀ ਜਾ ਰਹੀ ਹੈ। ਅਜਿਹੇ ਗੈਰ-ਕਾਨੂੰਨੀ ਜ਼ੁਲਮ ਰਾਜੀਵ ਅਤੇ ਵੈਕਟਰਮਨ ਰਾਸ਼ਟਰਪਤੀ ਵਲੋਂ ਹੀ ਕੀਤੇ ਗਏ ਹਨ। ਇਨ੍ਹਾਂ ਕਾਤਲਾਂ ਵਿਰੁਧ, ਸਿਖ ਵਕੀਲਾਂ, ਜੱਜਾਂ, ਸਿਖ ਫੋਰਮ, ਸਿਖ ਐਮ. ਪੀਜ਼, ਸੰਤ ਸਿਪਾਹੀ ਫਰੰਟ, ਹਿਊਮਨ ਰਾਈਟਸ ਸੰਸਥਾ ਵਲੋਂ ਕਾਰਵਾਈਆਂ ਕਰਨੀਆਂ ਜ਼ਰੂਰੀ ਹਨ। ਦੁਖ ਤਾਂ ਇਸ ਗਲ ਦਾ ਹੈ ਕਿ ਜਦੋਂ ਵੀ ਇਹ ਸਮਗਲਰ, ਦੁਸ਼ਟ, ਕਾਤਲ, ਗਵਰਨਰ ਸ੍ਰੀ ਹਰਿਮੰਦਰ ਸਾਹਿਬ ਦੀ ਬਰਬਾਦੀ ਵੇਖ ਕੇ ਤਸੱਲੀ ਕਰਨ ਦੀ ਭਾਵਨਾ ਨਾਲ ਆਉਂਦੇ ਰਹੇ ਹਨ, ਅਗੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਬੰਧਕ ਅਤੇ ਹੋਰ ਅਖੌਤੀ ਪੰਥਕ ਲੀਡਰ ਹਵਾਈ ਅਡੇ ਤੋਂ ਹੀ ਸ਼ਾਹਾਨਾ ਸਵਾਗਤ ਕਰਕੇ ਸਿਰਪਾਉ

ਭੇਟ ਕਰਕੇ ਖੁਸ਼ਾਮਦਾਂ ਕਰਦੇ ਰਹੇ ਹਨ ਚੰਗਾ ਤਾਂ ਇਹ ਸੀ ਕਿ ਅਜਿਹੇ ਕਾਤਲਾਂ ਨੂੰ ਗੁਰੂ ਦੀ ਨਗਰੀ ਦੇ ਅੰਦਰ ਹੀ ਨਾ ਵੜਨ ਦਿਤਾ ਜਾਂਦਾ। ਸੁਰਿੰਦਰ ਕੁਮਾਰ ਬਿਲਾ ਪ੍ਰਧਾਨ ਹਿੰਦੂ ਸ਼ਿਵ ਸੈਨਾ ਅਤੇ ਜਗਦੀਸ਼ ਚੰਦਰ ਟਾਂਗਰੀ ਪ੍ਰਧਾਨ ਸ਼ਿਵ ਸੈਨਾ ਲੁਧਿਆਣਾ ਵਡੇ ਸਮਗਲਰ, ਗਊ ਦੀ ਚਰਬੀ ਦੀ ਮਿਲਾਵਟ ਕਰਨ ਵਾਲੇ ਧਰਮ ਧਰੋਹੀ ਹਨ, ਇਨ੍ਹਾਂ ਨੂੰ ਆਪਣਾ ਪਿਛਲਾ ੧੨੦੦ ਸਾਲ ਦਾ ਗੁਲਾਮੀਆਂ ਵਾਲਾ ਇਤਿਹਾਸ ਸਮਝਣ ਦੀ ਲੋੜ ਹੈ ਕਿ ਇਹ ਮੁਗਲਾਂ ਦੀ ਹਕੂਮਤ ਵੇਲੇ ਫਾਰਸੀ ਪੜ੍ਹਦੇ ਰਹੇ, ਕਰੋੜਾਂ ਹੀ ਮੁਸਲਮਾਨ ਬਣ ਕੇ ਗਊ ਦਾ ਮੀਟ ਖਾਣ ਲਗ ਗਏ, ਕਰੋੜਾਂ ਹੀ ਈਸਾਈ ਬਣ ਕੇ ਗਊ ਦਾ ਮੀਟ ਛਕਣ ਲਗ ਗਏ, ਉਦੋਂ ਕਿਸੇ ਗੰਗੂ ਪੰਡਤ ਨੇ ਹਿੰਦੂ ਰਖਿਆ, ਗਊ ਦੀ ਰਖਿਆ, ਹਿੰਦੀ ਰਖਿਆ ਲਈ ਕੋਈ ਗਲ ਹੀ ਨਹੀਂ ਕੀਤੀ ਨਾ ਹੀ ਹਿੰਦੂ ਦੇਸ਼ ਵਾਸਤੇ ਕਦੇ ਕੁਰਬਾਨੀ ਹੀ ਕਰਨ ਦਾ ਹੌਂਸਲਾ ਹੀ ਕੀਤਾ, ਜੇ ਕਰ ਸੂਰਬੀਰ ਸਿਖ, ਮੁਗਲਾਂ ਵਿਰੁਧ ਮੁਕਾਬਲਾ ਨਾ ਕਰਦੇ ਤਾਂ ਇਹ ਗੰਗੂ ਪੰਡਤ ਕਦੋਂ ਦੇ ਮੁਸਲਮਾਨ ਬਣ ਚੁਕੇ ਹੁੰਦੇ। ਅਗਤ ਨ ਹੋਤੇ ਗੁਰੂ ਗੋਬਿੰਦ ਸਿੰਘ ਤੋਂ ਸੁਨਤ ਹੋਤੀ ਸਭ ਕੀ ਇਹ ਕਲਾਮ ਸਾਈਂ ਬੁਲ੍ਹੇ ਸ਼ਾਹ ਦਾ ਹੈ।

ਭਾਰੀ ਦੁਖ ਇਸ ਕਬਕੇ ਵੀ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਿਖ ਤਾਂ ਅਖਵਾਉਂਦੇ ਹਾਂ, ਪੁਰਬ ਮਨਾ ਕੇ ਕਰੋੜਾਂ ਰੁਪਏ ਸਜਾਵਟਾਂ, ਰੌਣਕਾਂ ਲੰਗਰਾਂ ਤੇ ਖ਼ਰਚ ਵੀ ਕਰਦੇ ਹਾਂ ਪਰ ਗੁਰਬਾਣੀ ਤੇ ਅਮਲ ਨਹੀਂ ਕਰਦੇ, ਗੁਰੂ ਸਾਹਿਬ ਨੇ ਹੁਕਮ ਕੀਤਾ ਹੈ ਕਿ ਝੂਠਾ ਮਦ ਮੂਲ ਨ ਪੀਚਈ, ਪਰ ਹਾਲਤ ਇਹ ਹੈ ਕਿ ਸਾਰੇ ਸਰਮਾਏਦਾਰ ਕਾਰਖਾਨੇਦਾਰ, ਵਾਪਾਰੀ ਸਿਖ ਅਯਾਸ਼ੀ ਕਲਬਾਂ ਵਿਚ ਸਕਾਚ ਵਿਸਕੀਆਂ, ਲਚਰ ਪ੍ਰੋਗਰਾਮ, ਰੰਗ ਨਾਚ, ਡਿਸਕੋ ਹੀ ਕਰਦੇ ਨਜ਼ਰ ਆਉਂਦੇ ਹਨ, ਇਨ੍ਹਾਂ ਦੇ ਵਿਆਹ ਸ਼ਾਦੀਆਂ, ਉਦਘਾਟਨਾ ਦੇ ਪ੍ਰੋਗਰਾਮਾਂ, ਜਨਮ ਦਿਹਾੜੇ ਮਨਾਉਣ ਸਮੇਂ ਕਿਤਨਾ ਖਰਚ ਸ਼ਰਾਬ ਦੇ ਮੀਟ ਮੁਰਗਿਆਂ, ਸਜਾਵਟਾਂ ਤੇ ਨਸ਼ਟ ਹੁੰਦਾ ਹੈ। ਜੋ ਸਿਖ ਅੰਮ੍ਰਿਤ ਛਕਦੇ ਹਨ ਤਾਂ ਦਸਵੰਧ ਧਰਮ ਕਾਰਜਾਂ ਲਈ ਦਿਤੇ ਜਾਣ ਦਾ ਪ੍ਰਣ ਕਰਦੇ ਹਨ, ਪਰ ਦਸਵੰਧ ਦੇਣ ਦੇ ਪ੍ਰਣ ਨੂੰ ਕਿਤਨਾ ਨਿਭਾਉਂਦੇ ਹਨ, ਕੀ ਗੁਰੂ ਦੇ ਚੋਰ ਨਹੀਂ ਹਾਂ। ਗੁਰਬਾਣੀ ਉਪਦੇਸ਼ ਦੇਂਦੀ ਹੈ। ਕਿ ਮਾਨੁਖ ਕੀ ਟੇਕ ਬਿਰਥੀ ਸਭ ਜ਼ਾਨ, ਪਰ ਅੱਜ ਪੰਥ ਦੇ ਜਿਤਨੇ ਅਖੌਤੀ ਲੀਡਰ ਹਨ, ਆਪਣੇ ਕਾਰਖਾਨੇ, ਏਜੰਸੀਆਂ ਪਰਮਟ, ਹਕੂਮਤਾਂ ਦੇ ਚਕਰ ਵਿਚ ਦਿਲੀ ਦੇ ਸਮਗਲਰ ਹਾਕਮਾਂ ਦੀਆਂ ਪਰਕ੍ਰਮਾਂ ਕਰਦੇ, ਉਨ੍ਹਾਂ ਦੇ ਘਰਾਂ ਵਿਚ ਜਾ ਕੇ ਸਿਰਪਾਉ ਭੇਟ ਕਰਕੇ, ਉਨ੍ਹਾਂ ਦੀਆਂ ਖੁਸ਼ੀਆਂ ਲੋਚਦੇ, ਅਤੇ ਰਾਜਸ ਸਭਾ ਦੀ ਮੈਂਬਰੀ ਵਾਸਤੇ ਜ਼ਲੀਲ ਹੁੰਦੇ



ਪੂਜਨੀਕ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ, ਹੈਪੀ ਨਿਵਾਸ,
ਸ਼ੇਰ ਸ਼ਾਹ ਸੂਰੀ ਰੋਡ ਦਾ ਉਦਘਾਟਨ ਕਰਦੇ, ਅਰਦਾਸ ਕਰ ਰਹੇ ਹਨ।
ਡਾ. ਬਰਜਿੰਦਰ ਸਿੰਘ ਹੈਪੀ, ਬੇਦੀ ਲਾਲ ਸਿੰਘ, ਗਿ: ਸੋਹਣ ਸਿੰਘ
ਹਰਦਾਸ ਪ੍ਰੈਸ, ਮਹਿੰਦਰ ਸਿੰਘ ਸੇਠੀ ਨਾਲ ਖੜੇ ਹਨ।

**Title Printed at Escort Press, G. T. Road, Amritsar. Phone 65754**



ਸੇਵਾ ਅਤੇ ਸਿਮਰਨ ਦੇ ਪੁੰਜ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ

ਇਹ ਪੁਸਤਕ, ਗੁਰੂ ਦਰਬਾਰ ਵਿੱਚ ਅਰਦਾਸ ਕਰਕੇ

ਸੰਗਤਾਂ ਨੂੰ ਵੰਡ ਰਹੇ ਹਨ ।

ਹਨ, ਇਹ ਮੁਠੇ ਭਰ ਲੀਡਰ ਹੀ ਸਾਰੀ ਕੌਮ ਨੂੰ ਜ਼ਲੀਲ ਕਰੀ ਜਾ ਰਹੇ ਹਨ। ਅੱਜ ਦੇ ਵਿਦਵਾਨਾਂ ਸਕਾਲਰਾਂ, ਰਾਗੀਆਂ, ਪ੍ਰਚਾਰਕਾਂ, ਗ੍ਰੰਥੀਆਂ, ਪ੍ਰਧਾਨਾਂ, ਸੰਤਾਂ ਮਹੰਤਾਂ ਨੇ ਪਵਿਤਰ ਇਲਾਹੀ ਗੁਰਬਾਣੀ ਨੂੰ ਮੁਲ ਵੇਚਣਾ ਸ਼ੁਰੂ ਕਰ ਦਿਤਾ ਹੈ, ਹਰ ਸੰਤ ਮਹੰਤ ਆਪਣੀ ਸਿਖੀ ਸੇਵਕੀ, ਡੇਰੇ, ਕੋਠੀਆਂ, ਕਾਰਾਂ, ਵਪਾਰ ਬੈਂਕ ਬੈਲੰਸ ਵਧਾਉਣ ਲਈ ਸ੍ਰੀ ਅਖੰਡ ਪਾਠਾਂ ਦੀਆਂ ਲੜੀਆਂ ਦੇ ਮੁਕਾਬਲੇ ਕਰੀ ਜਾ ਰਿਹਾ ਹੈ ਕਿ ਵਧ ਤੋਂ ਵਧ ਮਾਇਆ ਬਟੋਰੀ ਜਾਵੇ। ਗੁਰੂ ਨਾਨਕ ਦੇਵ ਜੀ ਨੇ ਲਾਲਚੀ ਪੰਡਤਾਂ ਨੂੰ ਪਾਠ ਪੂਜਾ ਹਵਨ ਚੜ੍ਹਾਵੇ ਭੇਟਾ ਲੈਣ ਤੋਂ ਲਾਹਨਤਾ ਪਾਈਆਂ ਸਨ। ਪੜ੍ਹਿਆ ਮੂਰਖ ਆਖੀਐ ਜਿਸ ਲਬੁ ਲੋਭੁ ਅਹੰਕਾਰਾ।

ਅਖੌਤੀ ਲੀਡਰ ਖਾਲਸਤਾਨ ਦੇ ਫੋਕੇ ਨ ਹਰੇ ਲਗਾ ਕੇ ਅਲ੍ਹੜ ਨੌਜਵਾਨਾਂ ਨੂੰ ਸ਼ਹੀਦ ਕਰਵਾਈ ਜਾ ਰਹੇ ਹਨ। ਗੁਰੂ ਸਾਹਿਬ ਨੇ ਰਾਜ ਕਰੇਗਾ ਖਾਲਸਾ ਕਿਹਾ ਹੈ, ਸੋ ਸਾਨੂੰ ਪਹਿਲਾਂ ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣਾ ਹੈ, ਸ਼ਰਾਬ ਦੀ ਲਾਹਨਤ ਨੂੰ ਖ਼ਤਮ ਕਰਨਾ ਹੈ, ਰਾਜ ਹਕੂਮਤ ਦੀ ਲਾਲਸਾ ਛਡ ਕੇ ਅਣਖ ਆਜ਼ਾਦੀ ਨਾਲ ਸੇਵਾ ਸਿਮਰਨ ਕੁਰਬਾਨੀ ਵਾਲਾ ਪਵਿਤਰ ਜੀਵਨ ਬਣਾਉਣਾ ਹੈ, ਗੁਰਬਾਣੀ ਦੀ ਸੇਵਾ ਕਰਨੀ ਹੈ, ਹਰ ਕੋਈ ਆਪ ਸਹਿਜ ਪਾਠ ਕਰੇ, ਬਾਣੀ ਤੇ ਅਮਲ ਕਰੇ, ਅਕਾਲ ਪੁਰਖ ਦੇ ਹੁਕਮ ਵਿਚ ਰਹੇ, ਕਦੇ ਕਿਸੇ ਗੁਰਸਿਖ ਨੂੰ ਕਿਸੇ ਸਿਖ ਦੇ ਅਕਾਲ ਚਲਾਣਾ ਕਰ ਜਾਣ ਤੇ ਦੁਖ ਅਫਸੋਸ ਰੋਣਾ ਪਿਟਣਾ ਸਿਆਪਾ, ਗੱਮ ਨਹੀਂ ਕਰਨਾ ਚਾਹੀਦਾ, ਸਗੋਂ ਵਾਹਿਗੁਰੂ ਦੇ ਹੁਕਮ ਅਨੁਸਾਰ ਸ਼ਬਦ ਦਾ ਹੀ ਆਸਰਾ ਲੈਣਾ ਹੈ ਤਾਂ ਹੀ ਗੁਰੂ ਦਾ ਸੇਵਕ ਸਿਖ ਹੈ। ਅਜਿਹੇ ਪਵਿਤਰ ਜੀਵਨ ਵਾਲੇ ਖਾਲਸੇ ਨੇ ਹੀ ਸਾਰੀ ਧਰਤੀ ਉਪਰ ਰਾਜ ਕਰਕੇ ਸੁਖ ਸ਼ਾਂਤੀ ਅਤੇ ਸ਼ਬਦ ਦਾ ਵਰਤਾਰਾ ਕਰਨਾ ਹੈ ਇਹ ਜੀਵਨ ਜਾਚ ਸ੍ਰੀ ਹਰਿਮੰਦਰ ਸਾਹਿਬ ਸੱਚ ਖੰਡ ਤੋਂ ਹੀ ਪ੍ਰਾਪਤ ਹੋਣੀ ਹੈ, ਗੁਰਸਿਖਾਂ ਨੂੰ ਪ੍ਰਤੀਤ ਹੈ। ਇਥੋਂ ਹੀ ਸਾਰੇ ਸੰਸਾਰ ਬ੍ਰਹਮੰਡ ਵਿਚ ਇਲਾਹੀ ਬਾਣੀ ਦਾ ਅਮਨ ਸ਼ਾਂਤੀ ਪਿਆਰ ਦਾ ਸੰਦੇਸ਼ ਜਾਣਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਮਨੁਖਾ ਜੀਵਨ ਸਫਲ ਕਰਨ ਵਾਸਤੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਮਾਰਗ ਦਰਸਾਇਆ ਹੈ, ਪਰ ਅਸੀਂ ਸੰਸਾਰ ਦੇ ਕਾਮ, ਕਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਾ, ਚੁਗਲੀ, ਉਚ ਨੀਚ, ਜ਼ਾਤ ਪਾਤ, ਬਰਾਦਰੀ ਇਲਾਕਾਵਾਦ ਦੇ ਝੰਮੇਲਿਆਂ ਵਿਚ ਪੈ ਕੇ ਵਡਮੁਲਾ ਜੀਵਨ ਨਸ਼ਟ ਕਰ ਰਹੇ ਹਾਂ, ਇਹ ਮਕਾਰ ਲੀਡਰ, ਪੰਥਕ ਏਕਤਾ ਕਿਉਂ ਨਹੀਂ ਕਰਦੇ, ਕੀ ਸ਼ਰਤਾਂ ਹਨ ? ਮਕਾਰਾਂ ਨੂੰ ਖ਼ਤਮ ਕਰਨਾ ਹੈ।

੧੦ ਜਨਵਰੀ ਮੰਗਲਵਾਰ—ਦੁਸ਼ਟ ਐਸ. ਐਸ. ਪੀ. ਗੋਬਿੰਦ ਰਾਮ ਅਤੇ ਇਸ ਦੇ ਪੁਤਰ ਰਾਜਨ ਬੈਂਸ ਨੂੰ ਕਤਲ ਕੀਤਾ ਗਿਆ।

ਸੂਰਬੀਰ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ ਫਾਂਸੀ ਦੀ ਸਜ਼ਾ ਦੇਣ ਵਾਲੇ ਚੀਫ ਜਸਟਿਸ ਨੂੰ ਤਰੱਕੀ ਦੇ ਕੇ ਇੰਟਰਨੈਸ਼ਨਲ ਅਦਾਲਤ, ਹੇਗ, ਵਿਖੇ ਜੱਜ ਬਣਾ ਦਿਤਾ ਗਿਆ।

੧੩ ਜਨਵਰੀ ਸ਼ੁਕਰਵਾਰ—ਸ੍ਰੀ ਹਰਿਮੰਦਰ ਸਾਹਿਬ ਵਿਖੇ ੪੦੦ ਸਾਲਾ ਸਥਾਪਨਾ ਦਿਵਸ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

ਸਮਗਲਰ ਸਰਕਾਰ ਵਲੋਂ ਪੰਜਾਬ ਦੇ ਸਿਖਾਂ ਲਈ ਨਵੇਂ ਸਾਲ ਦਾ ਇਕ ਹੋਰ ਤੋਹਫਾ ਕਿ ਪੰਜਾਬ ਡਿਸਟਰਬ ਇਲਾਕਾ ਐਮਰਜੈਂਸੀ ਲਗੀ ਰਹੀ ਅਤੇ ਸੰਵਿਧਾਨ ਦੀ ਪੰਦ੍ਰਵੀਂ ਸੋਧ ਕਰਕੇ ਹੋਰ ਸਖਤੀ ਕੀਤੀ ਗਈ, ਜਦੋਂ ਕਿ ਆਸਾਮ, ਤਰੀਪੁਰਾ, ਇੰਮਫਾਲ, ਹੈਦਰਾਬਾਦ, ਬੰਗਾਲ, ਬਿਹਾਰ, ਮਦਰਾਸ, ਯੂ. ਪੀ., ਹਰਿਆਣਾ ਵਿਚ ਅਨੇਕਾਂ ਵਾਰ ਗੜਬੜ ਹੁੰਦੀ ਰਹੀ।

ਸ: ਗੁਰਬੀਰ ਸਿੰਘ ਐਡਵੋਕੇਟ ਪੁਤਰ ਸ: ਗੁਰਨਾਮ ਸਿੰਘ ਸਾਬਕਾ ਮੁਖ ਮੰਤਰੀ ਵਲੋਂ ਪੰਦ੍ਰਵੀਂ ਸੋਧ ਨੂੰ ਅਦਾਲਤ ਰਾਹੀਂ ਚੈਲੰਜ ਕੀਤਾ ਗਿਆ।

੧੩ ਜਨਵਰੀ—ਜੰਮੂ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨਗਰ ਕੀਰਤਨ ਸਮੇਂ ਗੰਗੂ ਪੰਡਤਾਂ ਵਲੋਂ ਹੁਲੜਬਾਜ਼ੀ ਕਾਰਨ ਸਿੰਘ ਸ਼ਹੀਦ ਹੋ ਗਏ। ਮਹੰਤ ਬਚਿਤਰ ਸਿੰਘ, ਡਿਗਿਆਨਾ ਆਸ਼ਰਮ ਜੰਮੂ ਵਲੋਂ ਸਾਰੇ ਵੇਰਵੇ ਦਿਕ ਟਰੈਕਟ ਛਾਪਿਆ ਗਿਆ।

ਫਰਵਰੀ ੮੯—ਸਲਮਾਨ ਰਸ਼ਦੀ ਦੀ ਇਤਰਾਜ਼ ਯੋਗ ਸ਼ੈਤਾਨ ਦੀਆਂ ਆਇਤਾਂ ਵਿਰੁਧ ਈਰਾਨ ਦੇ ਆਇਤ ਉਲਾ ਰੁਹੇਲਾ ਵਲੋਂ ਕਤਲ ਕਰਨ ਦਾ ਹੁਕਮ, ਪਰ ਜੀ ਟੀ ਬੈਦਨੀ ਐਮ ਜੇ ਅਕਬਰ ਵਲੋਂ ਇਤਰਾਜ ਯੋਗ ਪੁਸਤਕ ਵਿਰੁਧ ਸਿਖ ਕੌਮ ਕਰਨ ਕਿਉਂ ?

੪ ਫਰਵਰੀ ਸ਼ਨੀਚਰਵਾਰ—ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਵਲੋਂ ਪੁਸਤਕ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ ਸੰਗਤਾਂ ਨੂੰ ਵੰਡੀ ਗਈ ਭਗਤ ਜੀ ਨੂੰ ਗੁਰੂ ਦਰਬਾਰ ਤੋਂ ਸਿਰੋਪਾਉ ਭੇਟ ਹੋਇਆ, ਇਹ ਪੁਸਤਕ ਸ: ਸਤਨਾਮ ਸਿੰਘ ਐਡਵੋਕੇਟ ਹੈਪੀ ਨਿਵਾਸ ਵਲੋਂ ਛਪਵਾ ਕੇ ਰੋਗੀਆਂ ਦੀ ਸੇਵਾ ਲਈ ਭੇਟ ਕਰਕੇ ਸ਼ੁਕਰਾਨਾ ਕੀਤਾ ਗਿਆ।

ਸ: ਰਾਵਿੰਦਰ ਸਿੰਘ ਆਨਰੇਰੀ ਸਕਤਰ ਵਲੋਂ ਮਾਤਾ ਕੌਲਾਂ ਹਸਪਤਾਲ ਦੀ ਇਕ ਬਰਾਂਚ ਮਜੀਠਾ ਰੋਡ ਵਿਖੇ ਕਾਇਮ ਕੀਤੀ ਗਈ।

ਪ ਫਰਵਰੀ ਐਤਵਾਰ—ਡਾ: ਰਾਜਿੰਦਰ ਕੌਰ ਜੀ ਪ੍ਰਧਾਨ ਇਸਤਰੀ ਅਕਾਲੀ ਦਲ, ਮੁਖ ਐਡੀਟਰ ਸੰਤ ਸਿਪਾਹੀ, ਖਾਲਸਾ ਸੀਨ: ਸ: ਸਕੂਲ ਬਠਿੰਡਾ

ਦੇ ਗੋਲਡਨ ਜੁਬਲੀ ਸਮਾਗਮ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ੪੦੦ ਸਾਲਾ ਮਨਾਉਣ ਮਹਾਨਤਾ ਬਾਰੇ ਵਿਚਾਰ ਪ੍ਰਗਟ ਕੀਤੇ ਅਤੇ ਪੰਥ ਵਿਚ ਏਕਤਾ ਹੋਣ ਤੇ ਜ਼ੋਰ ਦਿਤਾ। ਇਸ ਮੌਕੇ ਤੇ ਜਸਟਿਸ ਅਜੀਤ ਸਿੰਘ ਬੈਂਸ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵਿਚਾਰ ਪ੍ਰਗਟ ਕੀਤੇ ਸ਼ਹੀਦ ਸਤਵੰਤ ਸਿੰਘ ਦਾ ਪਿਤਾ ਸ. ਤਰਲੋਕ ਸਿੰਘ, ਸ਼ਹੀਦ ਕੇਹਰ ਸਿੰਘ ਦਾ ਸਪੁਤਰ ਸ: ਰਾਜਿੰਦਰ ਸਿੰਘ ਅਤੇ ਸ: ਕੇਹਰ ਸਿੰਘ ਦੀ ਸੁਪਤਨੀ ਬੀਬੀ ਜਸਬੀਰ ਕੌਰ ਵੀ ਹਾਜ਼ਰ ਸਨ। ਦੁਪਹਿਰ ੧.੦੫ ਵਜੇ ਡਾ: ਰਾਜਿੰਦਰ ਕੌਰ ਨੂੰ ਸੰਗਤਾਂ ਵਲੋਂ ਸਿਰਪਾਉ ਭੇਟ ਹੋਇਆ ਮੋਮੈਂਟੋ ਦਿਤਾ ਗਿਆ।

ਸ: ਬਲਦੇਵ ਸਿੰਘ ਜੀ ਖੋਖਰ ਐਡਵੋਕੇਟ ਦੀ ਕਾਰ ਵਿਚ ਅਗਲੀ ਸੀਟ ਤੇ ਬੈਠੇ, ਕਾਤਲਾਂ ਦੀਆਂ ੪੫੫ ਬੋਰ ਦੀਆਂ ਗੋਲੀਆਂ ਨਾਲ ਸ: ਬਲਦੇਵ ਸਿੰਘ ਅਤੇ ਡਾ: ਰਾਜਿੰਦਰ ਕੌਰ ਜੀ ਸ਼ਹੀਦ ਹੋ ਗਏ, ਕਾਰ ਦੀ ਪਿਛਲੀ ਸੀਟ ਤੇ ਸ: ਪਿਆਰਾ ਸਿੰਘ ਨਿਰਛਲ ਜ਼ਖ਼ਮੀ ਹੋ ਗਏ।

੬ ਫਰਵਰੀ ਸੋਮਵਾਰ–ਸ਼ਹੀਦ ਡਾ: ਰਾਜਿੰਦਰ ਕੌਰ ਜੀ (੫੮ ਸਾਲ) ਦਾ ਅੰਤਮ ਸੰਸਕਾਰ ਸ੍ਰੀ ਅੰਮ੍ਰਿਤਸਰ ਵਿਖੇ ਭਾਰੀ ਸੰਗਤਾਂ ਵਲੋਂ ਪੂਰੇ ਸਨਮਾਨ ਨਾਲ ਕੀਤਾ ਗਿਆ, ਸੰਤ ਸਿਪਾਹੀ ਦਾ ਵਿਸ਼ੇਸ਼ ਅੰਕ ਕਢਿਆ ਗਿਆ।

੬, ੭ ਮਾਰਚ–ਜੋਧਪੁਰ ਜੇਲ੍ਹ ਤੋਂ ੧੦੪ ਅਤੇ ੮੪ ਨਿਰਦੋਸ਼ ਸਿੰਘ ਰਿਹਾ ਹੋਏ। ਪਰ ੮੧ ਨੂੰ ਫਿਰ ਗ੍ਰਿਫਤਾਰ ਕੀਤਾ ਗਿਆ।

੮ ਮਾਰਚ ਬੁਧਵਾਰ–ਮੁਹੰਮਦ ਦੇ ਇਸਲਾਮ ਅਤੇ ਈਸਾ ਦੇ ਦੁਸ਼ਟਾਂ ਵਲੋਂ ਬੈਰੂਤ ਲੈਬਨਾਨ ਵਿਚ ਸੀਰੀਆਈ ਅਤੇ ਈਸਾਈ ਫੌਜਾਂ ਵਿਚਕਾਰ ਗੋਲਾਬਾਰੀ, ਇਨਸਾਨੀਅਤ ਦੀ ਬਰਬਾਦੀ ਦੀ ਜਹਾਲਤ ਮੂਰਖਤਾ ਦਾ ਪ੍ਰਦਰਸ਼ਨ ਕੀਤਾ ਗਿਆ।

੨੭ ਮਾਰਚ–ਜਸਟਿਸ ਠਕਰ ਕਮਿਸ਼ਨ ਨੇ ਇੰਦਰਾ ਕਤਲ ਕੇਸ ਦੀ ਰਪੋਟ ਲੋਕ ਸਭਾ ਵਿਚ ਪੇਸ਼ ਕੀਤੀ, ਆਰ ਧਵਨ ਵਾਲਾ ਹਿੱਸਾ ਗੁਪਤ ਹੈ।

੨ ਅਪ੍ਰੈਲ ਐਤਵਾਰ–ਮੁਹੰਮਦ ਦੇ ਇਸਲਾਮਕ ਇਲਾਕੇ ਅਫਗਾਨਿਸਤਾਨ ਦੇ ਜਲਾਲਾਬਾਦ ਨਗਰ ਵਿਖੇ ਸਤਿਗੁਰੂ ਨਾਨਕ ਦੇਵ ਜੀ ਦੇ ਪਵਿਤਰ ਅਸਥਾਨ ਅਤੇ ਨਿਰਦੋਸ਼ ਸਿਖਾਂ ਉਪਰ ੩ ਘੰਟੇ ਗੋਲਾਬਾਰੀ ਕਰਕੇ ਬਰਬਾਦੀ ਕੀਤੀ ਗਈ, ੨੦ ਸਿੰਘ ਸ਼ਹੀਦ ਅਤੇ ਅਨੇਕਾਂ ਜ਼ਖ਼ਮੀ ਹੋ ਗਏ, ਪਰ ਪ੍ਰਧਾਨ ਨਜੀਬੁਲਾ ਨੇ ਇਸ ਜ਼ੁਲਮ ਦੀ ਮਾਫੀ ਮੰਗ ਕੇ ਸਹਾਇਤਾ ਮੁਆਵਜ਼ਾ ਅਦਾ ਕਰ ਦਿਤਾ। ਪਰ ਕਿਸੇ ਅਖੌਤੀ ਪੰਥਕ ਦਲ ਦੇ ਕਿਸੇ ਪ੍ਰਧਾਨ ਵਲੋਂ ਕੋਈ ਰੋਸ ਕਾਰਵਾਈ ਸਹਾਇਤਾ ਨਹੀਂ ਕੀਤੀ ਗਈ।

ਅਪ੍ਰੈਲ–ਬਦੇਸ਼ਾਂ ਤੋਂ ਸਿਖਾਂ ਉਪਰ ਸਾਲ ੧੯੮੪ ਤੋਂ ਅਪ੍ਰੈਲ ੧੯੯੦ ਤਕ ੫ ਸਾਲ ਸਖਤ ਮਨਾਹੀ ਕੀਤੀ ਰਖੀ ਕਿ ਆਪਣੇ ਗੁਰੂ ਦਰਬਾਰ ਵਿਚ ਮੱਥਾ ਵੀ ਨਹੀਂ ਟੇਕ ਸਕਦੇ, ਇਹ ਕਿਸ ਤਰ੍ਹਾਂ ਦੀ ਆਜ਼ਾਦੀ ਹੋਈ ?

ਅਪ੍ਰੈਲ ਸਨੀਚਰਵਾਰ–ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੁਪਿੰਦਰ ਸਿੰਘ, ਚਰਨ ਸਿੰਘ, ਬਖਤਾਵਰ ਸਿੰਘ ਆਦਿ ਕੈਦੀਆਂ ਦੀ ਮੌਤ ਤਸ਼ੱਦਦ ਕਾਰਣ ਹੋਈ, ਪਰ ਕਾਤਲ ਜੇਲ੍ਹ ਅਧਿਕਾਰੀਆਂ ਵਿਰੁਧ ਕੋਈ ਕਾਨੂੰਨੀ ਕਾਰਵਾਈ ਨਹੀਂ। ਹੋਰਨਾ ਜੇਲਾਂ ਵਿਚ ਵੀ ਇਸੇ ਤਰ੍ਹਾਂ ਸਿਖਾਂ ਦੀਆਂ ਮੌਤਾਂ ਹੋਈਆਂ। ਕਦੇ ਕਿਸੇ ਡੀ. ਸੀ. ਜਾਂ ਸੈਸ਼ਨ ਜਜ ਵਲੋਂ ਜੇਲ ਦੇ ਕੈਦੀਆਂ ਦੇ ਦੁਖ ਨਹੀਂ ਵੇਖੇ ਗਏ। ਕਿਹੜੇ ਕਾਨੂੰਨਾਂ ਅਨੁਸਾਰ ਕੈਦੀਆਂ ਉਪਰ ਜ਼ੁਲਮ ਤਸ਼ਦਦ ਕਰਕੇ ਮਾਰਿਆ ਜਾਂਦਾ ਹੈ ? ਪਰ ਕਿਸੇ ਵੀ ਨਿਰਦੋਸ਼ ਸ਼ਹੀਦ ਦੇ ਪ੍ਰਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿਤਾ ਗਿਆ, ਨਾ ਹੀ ਕਿਸੇ ਅਖੌਤੀ ਲੀਡਰ ਜਾਂ ਵਕੀਲ ਨੇ ਕਾਤਲ ਜੇਲ-ਅਧਿਕਾਰੀਆਂ ਵਿਰੁਧ ਕਤਲ ਦੇ ਕੇਸ ਦਰਜ ਕਰਵਾਏ।

੭ ਅਪ੍ਰੈਲ–ਨਿਰਦੋਸ਼ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਅ: ਦਲ ਪ੍ਰੋ: ਦਲੀਪ ਸਿੰਘ ਖਾਲਸਾ ਕਾਲਜ, ਪ੍ਰੋ· ਜਗਮੋਹਨ ਸਿੰਘ ਟੋਨੀ ਜੈ ਹਿੰਦ ਕਾਲਜ ਬੰਬਈ ਨੂੰ ਜ਼ਲੀਲ ਕਰਨਾ ਸ਼ੁਰੂ ਕੀਤਾ ਗਿਆ !

੨੯ ਅਪ੍ਰੈਲ- ਅਲੈਕਸ਼ਨਾਂ ਸਬੰਧੀ ਭਿਣਕ ਸੁਣ ਕੇ ਸਰਮਾਏਦਾਰ ਸਾਰੇ ਅਖੌਤੀ ਲੀਡਰਾਂ ਨੂੰ ਆਪਣੇ ਆਪਣੇ ਦਲਾਂ ਨੂੰ ਮਜ਼ਬੂਤ ਕਰਨ, ਮੁਖ ਮੰਤਰੀ ਬਣਨ ਦੇ ਸੁਪਨੇ ਸ਼ੁਰੂ ਹੋ ਜਾਂਦੇ ਹਨ, ਹਰ ਕਿਸੇ ਨੂੰ ਪਤਾ ਹੈ ਕਿ ਕੇਵਲ ਇਕ ਮੁਖ ਮੰਤਰੀ ਬਣ ਸਕਦਾ ਹੈ ਇਸੇ ਕਰ ਕੇ ਇਨ੍ਹਾਂ ਰਾਜ-ਅਭਿਮਾਨੀ ਲੀਡਰਾਂ ਵਿਚ ਏਕਤਾ ਹੀ ਨਹੀਂ ਹੁੰਦੀ ਕਿ ਮੁਖ ਮੰਤਰੀ ਕੌਣ ਬਣੇ। ਚੰਗਾ ਤਾਂ ਇਹ ਹੈ ਕਿ ਹਰ ਜ਼ਿਲੇ ਦਾ ਮੁਖ ਮੰਤਰੀ ਹੋਵੇ, ਪੰਜਾਬ ਦੇ ੧੩ ਮੁਖ ਮੰਤਰੀ ਹੋਣ ਤਾਂ ਇਨ੍ਹਾਂ ਵਿਚ ਪੰਥਕ ਏਕਤਾ ਹੋ ਸਕਦੀ ਹੈ। ਖਾੜਕੂ ਸਿੰਘਾਂ ਦਾ ਜ਼ਰ ਹੈ, ਇਨ੍ਹਾਂ ਨੇ ਕੌਮ ਲਈ ਸ਼ਹੀਦੀਆਂ ਦਿਤੀਆਂ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ, ਕੈਪਟਨ ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਆਦਿ ਕਿਸੇ ਮੰਤਰੀ ਦਾ ਕੋਈ ਜੀਅ ਵੀ ਮਿਸ਼ਨਰੀ ਭਾਵਨਾ ਵਾਲਾ ਨਹੀਂ ਹੈ, ਨਾ ਹੀ ਕਿਸੇ ਦਾ ਕੋਈ ਲੜਕਾ ਸ਼ਹੀਦ ਹੀ ਹੋਇਆ, ਇਨ੍ਹਾਂ ਨੂੰ ਪਤਾ ਹੈ ਕਿ ਇਹ ਹੁਣ ਮੁਖ ਮੰਤਰੀ ਨਹੀਂ ਬਣ ਸਕਦੇ, ਇਹ ਬਰਦਾਸ਼ਤ ਵੀ ਨਹੀਂ ਕਰ ਸਕਦੇ ਕਿ ਇਨ੍ਹਾਂ ਨੂੰ ਛਡ ਕੇ ਕੋਈ ਹੋਰ ਮੁਖ ਮੰਤਰੀ ਬਣੇ ਇਸੇ ਕਰਕੇ ਇਹ ਦਿੱਲੀ ਦਰਬਾਰ ਦੀਆਂ ਪਰਕਰਮਾਂ ਕਰਦੇ ਹਨ ਕਿ ਅਲੈਕਸ਼ਨਾਂ ਹੀ ਨਾ ਹੋਣ, ਕਿਰਤੀ ਆਮ ਲੋਕਾਂ ਦੀ ਕਮਾਈ ਬਟੋਰਨ ਲਈ ਅਨੰਦਪੁਰ ਦੇ ਮਤੇ ਸਤਲੁਜ ਜਮਨਾ ਨਹਿਰ ਦੇ ਬਹਾਨੇ

ਲਗਾ ਕੇ, ਮੋਰਚਾ ਲਗਾਉਣ ਲੋਕਾਂ ਤੋਂ ਧਨ ਫੰਡ ਬਟੋਰਨ ਦੀਆਂ ਸਾਜਸ਼ਾਂ, ਸਮੇਲਨ ਆਦਿ ਕਰਕੇ ਲਖਾਂ ਰੁਪਏ ਨਸ਼ਟ ਕਰ ਰਹੇ ਹਨ। ਕਦੇਂ ਕਿਸੇ ਲੀਡਰ ਨੇ ਗੁਰਮਤਿ ਪ੍ਰਚਾਰ ਅੰਮ੍ਰਿਤ ਛਕਾਉਣ ਲਈ ਪੰਜ ਪਿਆਰਿਆਂ ਵਜੋਂ ਗੁਰੂ ਦੇ ਕਾਰਜ ਨਹੀਂ ਕੀਤੇ ਨਾ ਹੀ ਕਿਸੇ ਨੂੰ ਆਪਣੇ ਗੌਰਵ-ਮਈ ਇਤਿਹਾਸ ਦੀ ਜਾਣਕਾਰੀ ਹੀ ਹੈ। ਈਸਾਈ ਪਾਦਰੀ ਕੇਵਲ ਆਪਣੇ ਧਰਮ ਈਸਾ ਦੇ ਜੀਵਨ ਦਾ ਹੀ ਪ੍ਰਚਾਰ ਕਰਦੇ ਹਨ, ਇਨ੍ਹਾਂ ਪਾਦਰੀਆਂ ਦੇ ਸਾਰੇ ਪਰਵਾਰ ਦੇ ਜੀਅ ਮਿਸ਼ਨਰੀ ਹੁੰਦੇ ਹਨ, ਲਿਟਰੇਚਰ ਹਰ ਜ਼ਬਾਨ ਵਿਚ ਛਾਪ ਕੇ ਮੁਫਤ ਵੰਡਦੇ ਹਨ, ਕਿਸੇ ਪਾਦਰੀ ਦੇ ਮਨ ਵਿਚ ਸਿਆਸਤ, ਰਾਜਨੀਤੀ, ਹਕੂਮਤ ਕਰਨ, ਮੰਤਰੀ ਬਣਨ ਵਾਸਤੇ ਅਲੈਕਸ਼ਨਾਂ ਦੇ ਚਕਤ ਕੁਰਪਸ਼ਨ ਤੋਂ ਦੂਰ ਰਹਿੰਦੇ ਹਨ।

ਅੱਜ ਗੁਰਦੁਆਰਿਆਂ, ਖਾਲਸਾ ਸਕੂਲਾਂ, ਖਾਲਸਾ ਕਾਲਜਾਂ, ਧਾਰਮਕ ਸੰਸਥਾਵਾਂ ਵਿਚ ਨੌਕਰੀਆਂ ਕੇਵਲ ਆਪਣੇ ਸਾਕ ਸੰਬੰਧੀਆਂ, ਜਾਤ ਬਰਾਦਰੀਆਂ ਦੇ ਆਧਾਰ ਤੇ ਦਿਤੀਆਂ ਜਾਂਦੀਆਂ ਹਨ, ਕਿਤਨੇ ਸ਼ਰਮ ਵਾਲੀ ਗੱਲ ਹੈ ਕਿ ਗੁਰਮਤਿ ਦੇ ਵਿਦਵਾਨ ਸਕਾਲਰ ਵੀ ਇਨ੍ਹਾਂ ਅੰਨ੍ਹੇ ਬੋਲੇ, ਅਖੌਤੀ ਸਮਗਲਰ ਮਾਇਆ ਧਾਰੀਆਂ, ਕਾਰਖਾਨੇਦਾਰਾਂ, ਜਾਗੀਰਦਾਰਾਂ ਪ੍ਰਬੰਧਕਾਂ, ਪ੍ਰਧਾਨਾਂ ਦੀਆਂ ਵਿਗਾਰਾਂ ਕਰਦੇ, ਕੋਠੀਆਂ ਦੀਆਂ ਪਰਕਰਮਾਂ ਕਰਦੇ, ਲਿਲੜ੍ਹੀਆਂ ਕਢਦੇ ਹਨ। ਇਹ ਅਖੌਤੀ ਗੁਰਮੁਖ ਆਪਣੇ ਪ੍ਰਬੰਧ ਅਧੀਨ ਅਦਾਰਿਆਂ ਵਿਚ ਇਲਾਹੀ ਸ਼ਬਦ ਕੀਰਤਨ ਗੁਰਮੱਤ ਦੇ ਮੁਕਾਬਲੇ ਕਰਵਾਉਣ ਦੀ ਬਜਾਏ ਬਿਊਟੀ ਕਾਨਟੈਸਟ ਹੀ ਕਰਵਾ ਕੇ ਅਨੰਦ ਮਾਣਦੇ ਹਨ, ਇਨ੍ਹਾਂ ਅੰਨ੍ਹੇ ਬੋਲੇ ਪ੍ਰਧਾਨਾਂ ਪ੍ਰਬੰਧਕਾਂ ਦੇ ਪਰਵਾਰ ਬਿਊਟੀ ਪਾਰਲਰਾਂ ਦੇ ਧੰਦੇ ਕਰਦੇ ਹਨ, ਸਾਰੇ ਟੱਬਰ ਫਾਈਵ ਸਟਾਰ ਰੈਸਟੋਰੈਂਟਾਂ, ਸੈਰ ਸਪਾਟੇ, ਅਯਾਸ਼ੀ ਕਲਬਾਂ ਵਲ ਧਰਮ ਪ੍ਰਚਾਰ ਵਾਲੀਆਂ ਕਾਰਾਂ ਗੱਡੀਆਂ ਵਿਚ ਸਫਰ ਕਰਦੇ ਹਨ। ਇਨ੍ਹਾਂ ਪ੍ਰਬੰਧਕਾਂ ਨੇ ਗੁਰਬਾਣੀ ਦੇ ਸ਼ਬਦ ਗੁਰਮੁਖ ਦੀ ਪਰਿਭਾਸ਼ਾ ਹੀ ਵਿਗਾੜ ਦਿਤੀ ਹੈ, ਦਸਮ ਪਿਤਾ ਵਲੋਂ ਅਕਾਲ ਪੁਰਖ ਦੀ ਆਗਿਆ ਨਾਲ ਚਲਾਏ ਖਾਲਸਾ ਪੰਥ ਨੂੰ ਆਪਣਾ ਦਲ ਕਹਿ ਕੇ ਬਦਨਾਮ ਕਰਨਾ ਸ਼ੁਰੂ ਕਰ ਦਿਤਾ ਹੈ, ਸਾਰੇ ਪਰਮ ਪ੍ਰਚਾਰ ਦੇ ਫੰਡ ਕਿਰਤੀ ਲੋਕਾਂ ਦੀ ਕਮਾਈ, ਅਲੈਕਸ਼ਨਾਂ ਤੇ ਨਸ਼ਟ ਕਰਕੇ, ਕੁਰਪਸ਼ਨ ਕਰਕੇ ਅਕਾਲੀ ਸਰਕਾਰ ਭਾਈ ਲਾਲੋ ਸਰਕਾਰ ਕਹਿ ਕੇ ਉਨ੍ਹਾਂ ਮਹਾਨ ਪੁਰਸ਼ਾਂ ਨੂੰ ਬਦਨਾਮ ਕਰਨਾ ਹੈ। ਗੁਰਮੁਖ ਦਾ ਜੀਵਨ ਤਾਂ ਜੀਵਨ ਮੁਕਤ ਹੁੰਦਾ ਹੈ। ਗੁਰਬਾਣੀ ਤਾਂ ਵਾਰਨਿੰਗ ਦੇ ਰਹੀ ਹੈ : "ਜਿਸ ਕੈ ਅੰਤਰਿ ਰਾਜ ਅਭਿਮਾਨ ਸੋ ਨਰਕ ਪਾਤੀ ਹੋਵਤ ਸੁਆਨ॥" ਇਹ ਅਖੌਤੀ ਅੰਨ੍ਹੇ ਬੋਲੇ ਵਾਹਿਗੁਰੂ ਤੋਂ ਮੁਕਤੀ ਪ੍ਰਾਪਤ ਕਰਨ ਦੀ ਬਜਾਏ ਉਸ ਨੂੰ ਮਜਬੂਰ ਕਰ ਰਹੇ ਹਨ ਕਿ ਘੋਰ ਨਰਕਾਂ ਵਿਚ ਹੀ ਸੁਟਿਆ ਜਾਵੇ। ਜੇ ਕਰ ਧਰਮ

ਪ੍ਰਚਾਰ ਦੇ ਲੀਡਰ, ਆਗੂ ਆਪ ਹੀ ਮੁਖ ਮੰਤਰੀ, ਐਮ. ਪੀ. ਕੇਂਦਰੀ ਮੰਤਰੀ ਰਾਸ਼ਟਰਪਤੀ ਬਣਨ ਲਈ ਰਾਤ ਦਿਨ ਕਮੀਨੀਆਂ ਸਾਜ਼ਸ਼ਾਂ ਕਰਕੇ ਕਰੋੜਾਂ ਰੁਪਏ ਧਰਮ ਪ੍ਰਚਾਰ ਫੰਡ ਦੇ ਨਸ਼ਟ ਕਰਦੇ ਰਹਿਣ ਤਾਂ ਆਮ ੮੦ ਫੀ ਸਦੀ ਲੋਕ ਇਨ੍ਹਾਂ ਮੁਠੀ ਭਰ ਕੁਰਪਟ ਜੀਵਨ ਵਾਲੇ ਹੰਕਾਰੀ ਸਰਮਾਏਦਾਰਾਂ ਤੋਂ ਕਿਸ ਤਰ੍ਹਾਂ ਦੇ ਭਵਿਖ ਦੀ ਆਸ ਕਰਦੇ ਹਨ ? ਹਰ ਕਿਸੇ ਨੂੰ ਸੁਚੇਤ ਹੋਣ ਦੀ ਲੋੜ ਹੈ ਆਪਣੀ ਧਰਮ ਦੀ ਕਿਰਤ ਕਮਾਈ ਆਪਣੇ ਹਥੀਂ ਗੁਰੂ ਦੇ ਇਤਿਹਾਸ ਦੇ ਪ੍ਰਚਾਰ ਵਲ ਲਗਾ ਕੇ ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਹੋਣ ਦੀ ਲੋੜ ਹੈ, ਜੋ ਕੌਮਾਂ ਆਪਣੇ ਇਤਿਹਾਸ ਭੁਲ ਜਾਂਦੀਆਂ ਹਨ, ਨਸ਼ਟ ਹੋ ਜਾਂਦੀਆਂ ਹਨ। ਆਪਣੇ ਗੌਰਵ ਮਈ ਇਤਿਹਾਸ ਤੋਂ ਹੀ ਸੁਚੱਜੀ ਅਗਵਾਈ ਮਿਲਦੀ ਹੈ।

੨੬ ਅਪ੍ਰੈਲ ਸਨੀਚਰਵਾਰ—ਬਾਬਾ ਜੋਗਿੰਦਰ ਸਿੰਘ ਮਾਨ ਦਲ ਅਤੇ ਜਥੇ ਜਗਦੇਵ ਸਿੰਘ ਤਲਵੰਡੀ ਦਲ ਵਲੋਂ ਫੈਸਲਾ ਕੀਤਾ ਕਿ ਪਾਰਟੀ ਰਜਿਸਟਰ ਕਰਵਾਉਣ ਵਾਸਤੇ ਆਪਣੇ ਵਿਧਾਨ ਵਿਚ ਕੋਈ ਤਬਦੀਲੀ ਨਹੀਂ ਕਰਨੀ। ਪਰ ਫੇਰੂਮਾਨ ਦਲ, ਬਰਨਾਲਾ ਦਲ ਅਤੇ ਅਮਰੀਕ ਸਿੰਘ ਅਲੀਵਾਲ ਯੂਥ ਅਕਾਲੀ ਦਲ ਨੇ ਪਾਰਟੀਆਂ ਰਜਿਸਟਰ ਕਰਵਾਉਣ ਵਾਸਤੇ ਆਪਣੇ ਵਿਧਾਨ ਵਿਚ ਤਬਦੀਲੀਆਂ ਕਰ ਦਿਤੀਆਂ।

ਸ੍ਰੀ ਹਰਿਮੰਦਰ ਦੇ ਆਲੇ ਦੁਆਲੇ ੩੦ ਮੀਟਰ ਤਕ ਦੀਆਂ ਦੁਕਾਨਾਂ, ਮਕਾਨ ਢਾਹੁਣੇ ਸ਼ੁਰੂ ਕੀਤੇ ਵਧੇਰੇ ਸਿਖਾਂ ਨੂੰ ਨੁਕਸਾਨ ਹੋਇਆ।

ਮਈ : ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਵਲੋਂ ਪੁਸਤਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਸ਼ੁਧ ਉਚਾਰਨ ਕਿਰਤ ਸ: ਧੰਨਾ ਸਿੰਘ ਜੀ ਕਮਿਸ਼ਨਰ ਪਟਿਆਲਾ ਦੀ ਤੀਜੀ ਐਡੀਸ਼ਨ ਛਪਵਾ ਕੇ ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਕੇ ਸੰਗਤਾਂ ਨੂੰ ਵੰਡਣੀ ਸ਼ੁਰੂ ਕੀਤੀ।

੫ ਜੂਨ ਸੋਮਵਾਰ ਮੇਜਰ ਸਿੰਘ ਜੀ ਪਰਮਵੀਰ ਚਕਰ, ਸ੍ਰੀ ਲੰਕਾ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ।

ਜੂਨ ੮੯, ਪ੍ਰੋ: ਦਰਸ਼ਨ ਸਿੰਘ ਵਲੋਂ ਪੁਸਤਕ ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਮੁਢਲੀ ਪਛਾਣ, ਦਿੱਲੀ ਗੁਰਦਵਾਰਾ ਪ੍ਰਬੰਧਕ ਵਲੋਂ ਛਪਵਾ ਕੇ ਵੰਡੀ ਗਈ।

ਜਲਾਈ : ਸਮਗਲਰ ਰਾਜੀਵ ਨੇ ਅਮਰੀਕਾ ਵਿਚ ਰਹਿੰਦੇ ਖਾਲਿਸਤਾਨ ਦੇ ਹਾਮੀ ਸਿੱਖਾਂ ਵਿਚ ਪਾੜ ਪਾਉਣ, ਅਤੇ ਮੁਸਲਮਾਨਾਂ ਵਿਚ ਪਾੜ ਪਾਉਣ ਦੀ ਕੋਝੀ ਨੀਤ ਨਾਲ, ਡਾ: ਕਰਨ ਸਿੰਘ ਨੂੰ ਅੰਬੈਸੇਡਰ ਲਗਾ ਕੇ ਅਮਰੀਕਾ ਭੇਜ ਦਿਤਾ ਤਾਂ ਉਥੇ ਡਾ: ਗੁਰਮੀਤ ਸਿੰਘ ਔਲਖ ਪ੍ਰਧਾਨ ਖਾਲਿਸਤਾਨ ਕੌਂਸਲ ਅਤੇ

ਡਾ: ਕਾਲੀਮ ਖਵਾਜਾ ਪ੍ਰਧਾਨ ਮੁਸਲਮਲੀਗ ਵਲੋਂ ਡਾ: ਕਰਨ ਸਿੰਘ ਦੀ ਗੰਗੂ-ਜ਼ਹਿਨੀਅਤ ਦਾ ਡੱਟ ਕੇ ਵਿਰੋਧ ਕੀਤਾ ਗਆ ਤਾਂ ਡਾ: ਕਰਨ ਸਿੰਘ ਨੇ ਸ਼ਰਮਸਾਰ ਹੋ ਕੇ ਇਨ੍ਹਾਂ ਤੋਂ ਮਾਫੀ ਮੰਗੀ।

ਜੂਨ : ਸ: ਅਮਰੀਕ ਸਿੰਘ ਪਦਮ ਸ. ਦਵਿੰਦਰ ਸਿੰਘ ਮੋਂਗਾ ਵਲੋਂ ਸਿਖ ਯੂਥ ਐਸੋਸੀਏਸ਼ਨ ਜੌਰਹਟ (ਆਸਾਮ) ਕਾਇਮ ਕਰਕੇ ਗੁਰਮਤਿ ਪ੍ਰਚਾਰ ਕੀਤਾ ਜਾਣ ਲੱਗਾ।

੩੦ ਜੁਲਾਈ ਐਤਵਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਪੁਸਤਕ ਹਰਿਮੰਦਰ ਦੀਆਂ ਕਿਆ ਬਾਤਾਂ ਰੀਲੀਜ਼ ਕੀਤੀ ਗਈ।

ਜੁਲਾਈ : ਸ: ਆਰ. ਐਸ. ਬਿੰਦਰਾ ਐਡਵੋਕੇਟ, ਅੰਮ੍ਰਿਤਸਰ ਵਲੋਂ ਮਾਨਸਰੋਵਰ ਸਾਹਿਤ ਅਕੈਡਮੀ ਕਾਇਮ ਕੀਤੀ ਗਈ, ਇਨ੍ਹਾਂ ਵਲੋਂ ਵੀਕਲੀ ਮਾਨਸਰੋਵਰ ਬੜੀ ਸਫਲਤਾ ਨਾਲ ਚਲ ਰਿਹਾ ਹੈ, ਸਾਹਿਤਕਾਰਾਂ ਦੀਆਂ ਪੁਸਤਕਾਂ ਛਾਪਣ ਲਈ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ।

੧੪ ਅਗਸਤ : ਭਾਈ ਹਰਜਿੰਦਰ ਸਿੰਘ ਜਿੰਦਾ ਪੁਤਰ ਗੁਲਜ਼ਾਰ ਸਿੰਘ ਪਿੰਡ ਗਦਲੀ (ਅੰਮ੍ਰਿਤਸਰ) ਸ: ਸੁਖਦੇਵ ਸਿੰਘ ਐਫ-੧੬ ਕਰਨਪੁਰ ਰਾਜਿਸਥਾਨ ਨੂੰ ਰਿਹਾ ਕਰਨ ਲਈ ਅਮਰੀਕਾ ਸਰਕਾਰ ਨੂੰ ਅਪੀਲ ਪੀ. ਐਚ. ਆਰ. ਓ. ਵਲੋਂ ਕੀਤੀ ਗਈ।

ਸਮਗਲਰ ਰਾਜੀਵ ਵਲੋਂ ਗਰੀਬਾਂ ਦੀ ਸੇਵਾ ਦੇ ਨਾਹਰੇ ਤਾਂ ਲਗਾਏ ਜਾਂਦੇ, ਪਰ ਸਰਹੰਦ ਵਿਖੇ ਪ ਸਿਖ ਟਪਰੀ ਵਾਸ ਪਰਵਾਰ ਜੋ ੩੦ ਸਾਲ ਤੋਂ ਆਪਣੇ ਕਚੇ ਪਕੇ ਢਾਰਿਆਂ ਵਿਚ ਰਹਿੰਦੇ ਪਏ ਸਨ ਦੇ ਢਾਰੇ ਬਿਨਾਂ ਕਿਸੇ ਨੋਟਿਸ ਦਿਤੇ ਅਚਾਨਕ ਹੀ ਜਬਰ ਜ਼ੁਲਮ ਕਰਦੇ, ਢਾਹ ਕੇ ਨਸ਼ਟ ਕਰਵਾ ਦਿਤੇ, ਸ. ਨਿਰਮਲ ਸਿੰਘ ਨਿਰਮਲ ਦੀ ਕੋਈ ਸੁਣਵਾਈ ਨਹੀਂ ਅਤੇ ਨਾ ਹੀ ਕਿਸੇ ਰਾਜ ਅਭਿਮਾਨੀ ਬਾਦਲ, ਬਰਨਾਲਾ, ਬਲਵੰਤਾ ਸੁਖਜਿੰਦਰ, ਪਾਂਧੀ, ਚੰਦੂ ਮਾਜਰਾ, ਅਮਰਿੰਦਰ ਅਖੌਤੀ ਪੰਥਕ ਆਗੂ ਨੇ ਹਾਲਤ ਵੇਖੀ, ਸਹਾਇਤਾ ਤਾਂ ਕੀ ਕਰਨੀ ਹੈ ?

੧੫ ਅਗਸਤ ਮੰਗਲਵਾਰ, ਸਮਗਲਰ ਰਾਜੀਵ ਨੇ ਲਾਲ ਕਿਲੇ ਉਪਰ ਝੰਡਾ ਲਹਿਰਾਇਆ। ਤਾਂ ਉਸ ਦੇ ਦਿਮਾਗ ਤੇ ਮੰਗਲ ਗ੍ਰਹਿ ਦਾ ਭੂਤ ਸੰਵਾਰ ਹੋ ਗਿਆ, ਮੁਰਦਾ ਬੋਲੇ ਕਫ਼ਨ ਫਾੜੇ ਰਾਵਣ ਵਾਂਗ ਕਹਿਣ ਲਗਾ 'ਜਿਨ੍ਹਾਂ ਨੇ ਮੇਰੀ ਛੁਟੜ ਕੁਰਪਟ ਮਾਂ ਇੰਦਰਾ ਦਾ ਭੋਗ ਪਾਇਆ ਹੈ ਮੈਂ ਉਨ੍ਹਾਂ ਸਿਖਾਂ ਨੂੰ ਕੁਚਲ ਕੇ ਰਖ ਦੇਵਾਂਗਾ। ਇਹ ਲਾਹਨਤੀ ਹਿੰਦੂ ਵੋਟ ਲੈਣ ਦੀ ਖ਼ਾਤਰ, ਜ਼ਹਿਰੀਲੇ ਫ਼ਿਰਕੂ ਭਾਸ਼ਨ ਦੇ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਮ ਕਰਨ

ਦੀਆਂ ਕਮੀਨੀਆਂ ਸਾਜ਼ਸ਼ਾਂ ਕਰਨ ਲਗਾ, ਅਤੇ ਸਪਸ਼ਟ ਕਿਹਾ ਕਿ ਭਾਰਤ ਦੇ ਬਹੁ-ਗਿਣਤੀ ਗੰਗੂਆਂ ਦੀ ਭਲਾਈ ਕਰਨੀ ਹੈ, ਕਿਸੇ ਘਟ-ਗਿਣਤੀ ਦੀ ਕੋਈ ਪ੍ਰਵਾਹ ਨਹੀਂ। ਸਿਖਾਂ ਨੇ ਤਾਂ ਹਮੇਸ਼ਾਂ ਅਕਾਲ ਪੁਰਖ ਦਾ ਹੀ ਆਸਰਾ ਲਿਆ ਹੈ ਕਦੇ ਕਿਸੇ ਹੰਕਾਰੀ ਦੁਸ਼ਟ ਰਾਜੇ ਸ਼ੀਂਹ ਮੁਕਦਮ ਕੁਤੇ ਦੀ ਪ੍ਰਵਾਹ ਨਹੀਂ ਕੀਤੀ, ਹਰ ਚੈਲੰਜ ਪ੍ਰਵਾਨ ਕੀਤਾ ਹੈ। ਇਹ ਆਪਣੀ ਮੌਤੇ ਮਰ ਜਾਣਗੇ।

੨੪ ਅਗਸਤ ਭਾਈ ਮਨੋਹਰ ਦਾਸ ਪਸ਼ੌਰੀਆਂ ਜੀ. ਟੀ. ਰੋਡ, ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੩੦ ਅਗਸਤ ਬੁਧਵਾਰ, ਪੁਲਸ ਦੀਆਂ ਵਧੀਕੀਆਂ ਵਿਰੁਧ ਰੋਸ ਵਜੋਂ ਸਾਰਾ ਭਾਰਤ ਅਤੇ ਪੰਜਾਬ ਬੰਦ ਰਿਹਾ ਕਿ ਮਾਮਲਾ ਯੂ. ਐਨ. ਓ ਵਿਚ ਪੇਸ਼ ਕੀਤਾ ਜਾਵੇ।

ਦੇਸ਼ ਦੀ ਰਖਿਆ, ਏਕਤਾ ਅਤੇ ਅਖੰਡਤਾ ਦੇ ਫੋਕੇ ਨਾਹਰੇ ਲਗਾਉਣ ਵਾਲੇ ਸਮਗਲਰ ਰਾਜੀਵ ਤੋਂ ਇਹ ਪੁਛਿਆ ਜਾਵੇ ਕਿ ਔਰੰਗਜ਼ੇਬ ਦੇ ਜ਼ੁਲਮਾਂ ਸਮੇਂ ਇਹ ਗੰਗੂ ਪੰਡਤ ਕਰੋੜਾਂ ਦੀ ਗਿਣਤੀ ਵਿਚ ਮੁਸਲਮਾਨ ਬਣ ਕੇ ਗਊ ਦਾ ਮਾਸ ਕਿਉਂ ਛਕਣ ਲਗ ਪਏ ? ਉਰਦੂ ਫਾਰਸੀ ਜ਼ਬਾਨ ਵੀ ਕਿਉਂ ਪੜ੍ਹਨ ਲਗੇ ? ਉਦੋਂ ਸ਼ਿਵ ਸੈਨਾ, ਹਿੰਦੂ ਸੁਰਖਸ਼ਾ ਸੰਮਤੀ, ਤ੍ਰਿਸ਼ੂਲ ਵਿਸ਼ਵ ਹਿੰਦੂ, ਹਿੰਦੀ ਹਿੰਦੂ ਹਿੰਦੁਸਤਾਨ ਕਹਿਣ ਵਾਲੇ, ਕਸ਼ਮੀਰੀ ਪੰਡਤ, ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹਿੰਦੂ ਧਰਮ, ਤਿਲਕ ਜੰਞੂ, ਬਹੂ ਬੇਟੀਆਂ, ਗੀਤਾ ਰਾਮਾਇਣ ਦੀ ਸੁਰਖਿਆ ਵਾਸਤੇ ਲਿਲੜੀਆਂ ਕਿਉਂ ਕਢਣ ਲਗੇ ? ਪਰ ਕਿਸੇ ਨੇ ਆਪਣੇ ਧਰਮ, ਦੇਸ਼ ਕੌਮ ਦੀ ਖ਼ਾਤਰ ਕੋਈ ਕੁਰਬਾਨੀ ਦੇਣ ਦਾ ਹੌਂਸਲਾ ਕਿਉਂ ਨਹੀਂ ਕੀਤਾ ? ਬਾਲਕ ਗੋਬਿੰਦ ਰਾਏ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿਲੀ ਵਲ ਸ਼ਹੀਦੀ ਦੇਣ ਵਾਸਤੇ ਤੋਰਿਆ ਅਤੇ ੧੧ ਨਵੰਬਰ, ੧੬੭੫ ਨੂੰ ਸੀਸ ਗੰਜ ਦੇ ਅਸਥਾਨ ਤੇ ਮਹਾਨ ਸ਼ਹੀਦੀ ਦਿਤੀ, ਗੁਰਦੁਆਰਾ ਰਕਾਬ ਗੰਜ ਵੀ ਯਾਦ ਤਾਜ਼ਾ ਕਰ ਰਿਹਾ ਹੈ, ਜਿਥੇ ਗੰਗੂ ਪੰਡਤ ਨਹਿਰੂ, ਇੰਦਰਾ ਅਤੇ ਰਾਜੀਵ, ਦੇਸ਼ ਦੇ ਸਾਰੇ ਰਾਸ਼ਟਰਪਤੀ ਸਮੇਂ ਸਮੇਂ ਸ਼ਰਧਾਂਜਲੀਆਂ ਅਰਪਨ ਕਰਦੇ ਰਹੇ ਹਨ, ਇਤਿਹਾਸ ਦੀਆਂ ਪੁਸਤਕਾਂ ਵੀ ਰੀਲੀਜ਼ ਕਰਕੇ ਸੂਰਬੀਰ ਸਿਖਾਂ ਦੀ ਪ੍ਰਸੰਸਾ ਕਰਦੇ ਰਹੇ ਹਨ ਅਤੇ ਹਮੇਸ਼ਾ ਹੀ ਕਰਦੇ ਰਹਿਣਗੇ। ੧੬੯੯ ਵਿਚ ਖਾਲਸਾ ਪੰਥ ਦੀ ਸਾਜਨਾ ਕਰਕੇ ਦੁਸ਼ਟ ਮੁਗਲਾਂ ਵਿਰੁਧ ਜੰਗ ਕੀਤੇ, ਸੰਨ ੧੭੧੬ ਵਿਚ ਬੰਦਾ ਸਿੰਘ ਬਹਾਦਰ ਦੀ ਮਹਾਨ ਕੁਰਬਾਨੀ ਹੈ, ਦਿਲੀ ਵਿਚ ਯਾਦਗਾਰ ਹੈ। ਸਾਰੀ ੧੮ਵੀਂ ਸਦੀ ਇਹ ਸੂਰਬੀਰ ਸੰਤ ਸਿਪਾਹੀ, ਇਨ੍ਹਾਂ ਗੰਗੂ ਪੰਡਤਾਂ ਦੀਆਂ ਬਹੂ ਬੇਟੀਆਂ ਦੀ

ਇਜ਼ਤ ਬਚਾਉਣ ਵਾਸਤੇ, ਬਲੀ ਦੇ ਬਕਰੇ ਬਣਦੇ ਰਹੇ, ਇਨ੍ਹਾਂ ਦੀਆਂ ਲੜਕੀਆਂ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਵਿਕਦੀਆਂ ਨੂੰ ਵਾਪਸ ਲਿਆਉਂਦੇ ਸਿੰਘਾਂ ਨੂੰ ਰਾਜ ਰਿਸ਼ੀ ਕਹਿੰਦੇ ਸਨ, ਨੂੰ ਅੱਜ ਇਹ ਹੰਕਾਰੀ ਅਕ੍ਰਿਤਘਣ ਕਿਵੇਂ ਭੁਲ ਗਏ ਹਨ ?

੧੯੪੭-੪੮ ਗੰਗੂ ਪੰਡਤ ਨਹਿਰੂ ਦੇ ਸਮੇਂ ਧਾਰਤ ਦੇ ਰਖਿਆ ਮੰਤਰੀ ਸ. ਬਲਦੇਵ ਸਿੰਘ ਅਤੇ ਪਟਿਆਲਾ ਰਿਆਸਤ ਦੀਆਂ ਸਿਖ ਰੈਜਮੈਂਟਾਂ ਨੇ ਹੀ ਕਸ਼ਮੀਰ ਵਿਚ ਕੁਰਬਾਨੀਆਂ ਦਿਤੀਆਂ ਸਨ । ਹੁਣ ੧੯੮੯ ਵਿਚ ਰਖਿਆ ਵਿਭਾਗ ਦੇ ਕਿਸੇ ਮਹਿਕਮੇ ਵਿਚ ਕਿਸੇ ਵੀ ਵਡੇ ਅਹੁਦੇ ਤੇ ਕੋਈ ਗੁਰ ਸਿਖ ਨਹੀਂ ਲਗਾਇਆ ਜਾਂਦਾ ਇਹ ਦੇਸ਼ ਦੀ ਬਦ-ਕਿਸਮਤੀ ਦੇ ਲਛਣ ਹਨ ਕਿ ਰਖਿਆ ਵਿਭਾਗ ਵਿਚ ਜੋ ਜੰਗੀ ਸਾਮਾਨ, ਤੋਪਾਂ, ਜਹਾਜ਼, ਅਸਲਾ ਬਦੇਸ਼ਾਂ ਤੋਂ ਖ਼ਰੀਦ ਕੀਤਾ ਜਾਂਦਾ ਹੈ, ਉਹ ਰਾਜੀਵ ਸਮਗਲਰ ਦੇ ਸਾਲੇ, ਸਾਂਢੂ ਅਤੇ ਹੋਰ ਸਾਕ ਸੰਬੰਧੀ ਭਾਰੀ ਕਮਿਸ਼ਨ ਲੈ ਕੇ ਨਾਕਸ ਸਾਮਾਨ ਖ਼ਰੀਦ ਕੇ ਫੌਜਾਂ ਦੇ ਮਥੇ ਮਾਰਦੇ ਹਨ ਜੋ ਜੰਗ ਲਈ ਮਸ਼ਕਾਂ ਤਮਰਬੇ ਕਰਦੇ ਹੀ ਮੂੰਹ ਵਿਗਾੜ ਕੇ ਖੜੇ ਹੋ ਜਾਂਦੇ ਹਨ। ਸ੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਵਲੋਂ ਬੋਫ਼ੋਰਜ਼ ਸਕੈਂਡਲਾਂ ਬਾਰੇ ਜਾਂਚ ਪੜਤਾਲ ਕਰਵਾ ਰਹੇ ਹਨ, ਪਰ ਰਾਜੀਵ ਨੂੰ ਜੇਲ੍ਹ ਵਿਚ ਨਾ ਭੇਜਣ ਦੀ ਗਲਤੀ ਕਰ ਰਹੇ ਹਨ । ਜੋ ਇਨ੍ਹਾਂ ਨੂੰ ਹਟਾਉਣ ਵਿਚ ਸਫਲ ਹੋਵੇਗਾ ।

੧੮ ਸਤੰਬਰ, ਪੰਥ ਵਲੋਂ ਪੁਲਸ ਜਬਰ ਵਿਰੁਧ ਡੀ. ਸੀ. ਜਲੰਧਰ ਦੇ ਦਫ਼ਤਰ ਮੂਹਰੇ ਧਰਨਾ ਦੇਣ ਦਾ ਪ੍ਰੋਗਰਾਮ ਸੀ ਤਾਂ ਪੁਲਸ ਨੇ ਸਾਰੇ ਸਿਖ ਜਥੇਦਾਰਾਂ, ਵਰਕਰਾਂ ਆਮ ਸੰਗਤਾ ਨੂੰ ਇਕ ਦਿਨ ਪਹਿਲਾਂ ੧੭ ਸਤੰਬਰ ਨੂੰ ਹੀ ਘਰਾਂ, ਦੁਕਾਨਾਂ ਤੋਂ ਹੀ ਬਿਨਾਂ ਕਿਸੇ ਕਾਰਵਾਈ ਦੋਸ਼ ਤੋਂ ਗਿਰਫਤਾਰ ਕਰ ਲਿਆ, ਪਰ ਜਦੋਂ ਇਹ ਗੰਗੂ ਕੋਈ ਧਰਨਾ ਰੋਸ ਕਰਦੇ ਹਨ ਤਾਂ ਪੁਲਸ, ਸੀ. ਆਰ. ਪੀ. ਐਫ ਹੁਲੜਬਾਜ਼ੀ ਗੁੰਡਾ ਗਰਦੀ ਵਿਚ ਰਲ ਕੇ ਸਿਖਾਂ ਉਪਰ ਜ਼ੁਲਮ ਕਰਦੇ ਹਨ, ਇਹ ਕਿਸ ਤਰ੍ਹਾਂ ਦੀ ਕਾਨੂੰਨ ਦੀ ਵਿਵਸਥਾ ਹੈ ?

ਜਸਟਿਸ ਅਜੀਤ ਸਿੰਘ ਬੈਂਸ ਵਲੋਂ ਭਾਰੀ ਰੋਸ ਕਨਵੈਨਸ਼ਨ ਕਲਕਤਾ ਵਿਖੇ ਹੋਈ ਦਿਲੀ ਦੇ ਸ਼ਾਹੀ ਇਮਮ, ਅਬਦੁਲ ਬੁਖਾਰੀ, ਸ. ਸਰਨ ਸਿੰਘ ਆਈ. ਏ. ਐਸ. ਬੀਬੀ ਦਿਲਜੀਤ ਕੌਰ ਸ਼ਾਮਲ ਹੋਏ ।

੧੯ ਸਤੰਬਰ, ਅਜੀਤ ਰੋਜ਼ਾਨਾ ਵਿਚ ਸ. ਬਚਨ ਸਿੰਘ ਸਰਲ ਦੀ ਰਪੋਟ ਛਪੀ ਹੈ ।

੧੯ ਸਤੰਬਰ ਸੋਮਵਾਰ ਗੁਰਦੁਆਰਾ ਸਿੰਘ ਸਭਾ, ਭਗਤਾਂ ਵਾਲਾ, ਨੇੜੇ ਕਲੂ ਦਾ ਅਖਾੜਾ ਗ੍ਰੰਥੀ ਗੁਰਦਿਆਲ ਸਿੰਘ ਨੇ ਦਸਿਆ ਕਿ ਗੁੰਡਾ ਅਨੁਸਰ

ਵਲੋਂ ਅੱਗ ਲਗਾ ਕੇ ਬੀੜ ਅਤੇ ਹੋਰ ਸਾਮਾਨ ਸਾੜ ਦਿਤਾ ਗਿਆ, ਭਾਰੀ ਸੰਗਤਾਂ ਵਲੋਂ ਰੋਸ ਮੁਜ਼ਾਹਰਾ ਹੋਇਆ।

੨੦ ਸਤੰਬਰ ਬੁਧਵਾਰ ਆਲ ਇੰਡੀਆ ਸਿਖ ਸਟੂ. ਫੈਡਰੇਸ਼ਨ ਦਾ ਭਾਰੀ ਇਕਠ ਹੋਇਆ, ਬਾਬਾ ਠਾਕਰ ਸਿੰਘ ਦਮਦਮੀ ਟਕਸਾਲ, ਚੌਂਕ ਮਹਿਤਾ, ਭਾਈ ਮਨਜੀਤ ਸਿੰਘ ਨੂੰ ਪ੍ਰਧਾਨ ਫੈਡਰੇਸ਼ਨ, ਅਤੇ ਤਖਤਾਂ ਲਈ ਜਥੇਦਾਰ ਲਗਾਏ ਗਏ :—

੧. ਸ੍ਰੀ ਅਕਾਲ ਤਖਤ ਵਿਖੇ ਭਾਈ ਜਸਬੀਰ ਸਿੰਘ ਰੋਡੇ
੨. ਤਖਤ ਕੇਸ ਗੜ੍ਹ ਵਿਖੇ ਭਾਈ ਸਾਵਿੰਦਰ ਸਿੰਘ
੩. ਤਖ਼ਤ ਦਮਦਮਾ ਸਾਹਿਬ ਵਿਖੇ ਭਾਈ ਜਥਵੰਤ ਸਿੰਘ
੪. ਹੈਡ ਗ੍ਰੰਥੀ ਅਕਾਲ ਤਖਤ ਭਾਈ ਕਸ਼ਮੀਰ ਸਿੰਘ

ਸ੍ਰੀ ਅਕਾਲ ਤਖਤ ਦੀ ਉਸਾਰੀ ਮੁਕੰਮਲ ਕਰਵਾਉਣ ਵਾਸਤੇ ਸ਼੍ਰੋ. ਗੁਰ. ਪ੍ਰ. ਕਮੇਟੀ ਨਾਲ ਵਿਚਾਰਾਂ ਕੀਤੀਆਂ ਜਾਣ ਲਗੀਆਂ। ਜੋ ਅਧੂਰਾ ਖੜਾ ਹੈ।

੨੦ ਸਤੰਬਰ ਬੁਧਵਾਰ ਸ਼੍ਰੋ. ਗੁਰ. ਪ੍ਰ. ਕਮੇਟੀ ਵਲੋਂ ਜੂਨ ੧੯੮੪ ਵਿਚ ਦੁਸ਼ਟ ਫੌਜ ਵਲੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ, ਗੁਰੂ ਨਾਨਕ ਨਿਵਾਸ, ਦਫ਼ਤਰ ਅਕਾਲੀ ਦਲ, ਤੇਜਾ ਸਿੰਘ ਸਮੁੰਦਰੀ ਹਾਲ, ਹੋਰ ਧਰਮ ਪ੍ਰਚਾਰ ਦੀਆਂ ਗਡੀਆਂ ਸਾੜ ਦਿਤੀਆਂ ਗਈਆਂ ਸਨ, ਇਨ੍ਹਾਂ ਦਾ ਮੁਆਵਜ਼ਾ ਇਕ ਹਜ਼ਾਰ ਕਰੋੜ ਰੁਪਏ ਦਾ ਕਲੇਮ ਦਾ ਮੁਕਦਮਾ ਦਿਲੀ ਹਾਈ ਕੋਰਟ ਵਿਚ ਕੀਤਾ ਹੋਇਆ ਸੀ, ਉਥੋਂ ਦੇ ਜੱਜ ਐਨ. ਐਨ. ਗੋਸਵਾਮੀ ਦੀ ਜਹਾਲਤ ਵੇਖੋ ਕਿ ੫ ਸਾਲ ਤੋਂ ਪਿਛੋਂ ਆਪਣੇ ਰਜਿਸਟਰਾਰ ਐਸ. ਸੀ. ਜੈਨ ਨੂੰ ਹੁਣ ਸਬੂਤ ਗਵਾਹੀਆਂ ਰੀਕਾਰਡ ਕਰਨ ਦੀ ਹਦਾਇਤ ਕੀਤੀ ਹੈ, ਸਰਕਾਰ ਹੀ ਕਾਤਲ ਹੈ, ਇਨ੍ਹਾਂ ਗੰਗੂ ਕਾਤਲਾਂ ਤੋਂ ਇਨਸਾਫ਼ ਕਾਨੂੰਨ ਦੀਆਂ ਧਜੀਆਂ ਉਡਾਉਣ ਤੋਂ ਸਿਵਾਏ ਹੋਰ ਕੋਈ ਆਸ ਨਹੀਂ ਕੀਤੀ ਜਾ ਸਕਦੀ, ਪਰ ਸਾਰੇ ਸਿਖ ਜੱਜ, ਬੈਰਿਸਟਰ, ਸੀਨੀਅਰ ਵਕੀਲ ਚੁਪ ਕਿਉਂ ਹਨ ? ਸਾਰੇ ਅਖੌਤੀ ਪੰਥਕ ਲੀਡਰ ਕਿਉਂ ਸੌਂ ਗਏ ਹਨ ? ਇਨ੍ਹਾਂ ਨੂੰ ਗੁਰੂ ਪੰਥ ਦਾ ਦਰਦ ਕਿਉਂ ਨਹੀਂ ?

੨੨ ਸਤੰਬਰ ਸ਼ੁਕਰਵਾਰ, ਸ਼੍ਰੋ. ਗੁਰ. ਪ੍ਰ. ਕਮੇਟੀ ਵਲੋਂ ਪ੍ਰੋ. ਮਨਜੀਤ ਸਿੰਘ ਗੁਰਮਤਿ ਮਿਸ਼ਨਰੀ ਨੂੰ ਜਥੇਦਾਰ ਤਖਤ ਸ੍ਰੀ ਕੇਸ ਗੜ੍ਹ, ਅਨੰਦਪੁਰ ਲਗਾ ਦਿਤਾ ਗਿਆ। ਪਰ ਭਾਈ ਸਾਵਿੰਦਰ ਸਿੰਘ ਖਾੜਕੂ ਵੀ ਤਖਤ ਵਿਖੇ ਪੂਰੀ ਤਰ੍ਹਾਂ ਪ੍ਰਬੰਧ ਚਲਾ ਰਹੇ ਹਨ :

੨੩ ਸਤੰਬਰ ਮੀਜੋਰਾਮ ਵਿਖੇ ਈਸਾਈ ਹਕੂਮਤ ਹੈ, ਮੁਖ ਮੰਤਰੀ ਲਾਲ ਥਨਹਾਲਾ ਹੈ, ਪੁਸਤਕਾਂ ਵਿਚ ਈਸਾ ਦੀ ਪੂਜਾ ਅਤੇ ਪ੍ਰਚਾਰ ਦਰਜ ਹੈ।

ਪਾਦਰੀ ਡਾ: ਮੈਕਲੋਡ ਅਤੇ ਐਮ. ਜੇ. ਅਕਬਰ ਐਮ. ਪੀ ਕਾਂਗਰਸ ਵਲੋ ਸਿਖ ਧਰਮ ਵਿਰੁਧ ਅਪਮਾਨ ਜਨਕ ਪੁਸਤਕਾਂ ਛਪੀਆਂ ਹਨ, India the seige within, ਦੁਖ ਹੈ ਕਿ ਯੂਨੀਵਰਸਟੀਆਂ, ਸ਼੍ਰੋ. ਗੁਰ. ਪ੍ਰ. ਕਮੇਟੀ, ਦਿਲੀ ਗੁਰ. ਪ੍ਰ. ਕਮੇਟੀ ਆਦਿ ਸੰਸਥਾ ਜਾਂ ਕਿਸੇ ਅਖੌਤੀ ਲੀਡਰ, ਸਕਾਲਰ, ਵਕੀਲ ਵਲੋਂ ਕੋਈ ਠੋਸ ਕਾਰਵਾਈ, ਚੁਕਵਾਂ ਉਤਰ ਤਕ ਨਹੀਂ ਦਿਤਾ ਗਿਆ, ਯੂਨੀਵਰਸਿਟੀਆਂ ਦੇ ਸਕਾਲਰਾਂ ਨੂੰ ਠੋਸ ਕਾਰਵਾਈ ਕਰਨੀ ਚਾਹੀਦੀ ਹੈ।

ਪ੍ਰੋ. ਪ੍ਰਕਾਸ਼ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਵਲੋਂ ਸ੍ਰੀ ਹਰਿਮੰਦਰ ਸਾਹਿਬ ੪੦੦ ਸਾਲਾ ਸ਼ਤਾਬਦੀ ਸਮੇਂ ਇਕ ਟਰੈਕਟ ਵਿਚ ਘਟਨਾਵਾਂ ਦੇ ਵੇਰਵੇ ਦਰਜ ਕੀਤੇ ਗਏ ਹਨ।

ਸਮਗਲਰ ਰਾਜੀਵ, ਦੀ ਸੋਨੀਆ, ਈਸਾਈ ਹੈ ਬੀਮਾ ਕੰਪਨੀ ਦੇ ਏਜੰਟ ਵਜੋਂ ਕੰਮ ਕਰਦੀ ਹੈ ਰਾਜੀਵ ਦੇ ਸਾਲੇ, ਸਾਂਢੂ ਵੀ ਸਾਰੇ ਈਸਾਈ ਹਨ, ਭਾਰਤ ਵਿਚ ਕਿਸ ਢੰਗ ਦਾ ਸੈਕੂਲਰ ਹੈ ? ਮਦਰ ਟੈਰੀਸਾ, ਕਲਕਤਾ ਵਿਖੇ ਬੀਮਾਰ ਹੈ ਤਾਂ ਉਸ ਈਸਾਈ ਵਾਸਤੇ ਹਰ ਤਰ੍ਹਾਂ ਦੇ ਇਲਾਜ ਦੇ ਖ਼ਰਚ ਸਹੂਲਤਾਂ ਦਿਤੀਆਂ ਗਈਆਂ ਪਰ ਜਦੋਂ ਭਗਤ ਪੂਰਨ ਸਿੰਘ, ਬੀਮਾਰ ਰਹੇ ਤਾਂ ਕੁਝ ਵੀ ਨਹੀਂ।

੨੩ ਸਤੰਬਰ ਸ਼ਨੀਚਰਵਾਰ ਲਾਸ ਏਂਜਲਜ਼ ਵਿਚ ਈਸਾਈ ਪਾਦਰੀ ਵਿਲਬਰ ਟਰੇਸੀ ਅਤੇ ਇਸ ਦੀ ਪਤਨੀ ਮੇਰੀ ਐਲਨ, ਨੇ ਆਪਣੇ ਚਰਚ ਵਿਖੇ ਹੀ ਵਿਭਚਾਰ ਦਾ ਅਡਾ ਬਣਾਇਆ ਹੋਇਆ ਹੈ, ਪਾਦਰੀ ਆਪਣੇ ਆਪ ਨੂੰ ਹਜ਼ਰਤ ਈਸਾ ਅਖਵਾ ਕੇ ਲੜਕੀਆਂ ਦੇ ਗੁਨਾਹ ਮਾਫ਼ ਕਰਨ ਲਈ ਵਿਭਚਾਰ ਕਰਦਾ ਹੈ, ਇਸ ਦੀ ਪਤਨੀ ਨੇ ੨੦ ਹਜ਼ਾਰ ਮਨੁਖਾਂ ਨਾਲ ਵਿਭਚਾਰ ਕਰਕੇ ਗੁਨਾਹ ਮਾਫ਼ ਕੀਤੇ ਹਨ, ਇਨ੍ਹਾਂ ਵਿਰੁਧ ਅਦਾਲਤ ਵਿਚ ਦੋਸ਼ ਸਾਬਤ ਹੋਣ ਤੇ, ਜੱਜ ਮੇਰੀਅਨ ਪੇਰਾ ਵਲੋਂ ਤਿੰਨ ਮਹੀਨੇ (੯੦ ਦਿਨ) ਦੀ ਜੇਲ ਕੈਦ ਦੀ ਸਜ਼ਾ ਅਤੇ ਜੁਰਮਾਨਾ ਵੀ ਕੀਤਾ ਗਿਆ ਹੈ, ਈਸਾ ਦਾ ਜੀਵਨ ਵੀ ਸਦਾਚਾਰਕ ਨਹੀਂ ਸੀ। ਵਿਭਚਾਰ ਦੇ ਦੋਸ਼ ਵਿਚ ਸੂਲੀ ਚੜ੍ਹਾਇਆ ਸੀ।

੨੪ ਸਤੰਬਰ ਐਤਵਾਰ ਖੇਡਾਂ ਬਾਰੇ ਸ਼ਤਾਬਦੀ ਮਨਾਉਣ ਤੇ ਸਰਕਾਰ ਵਲੋਂ ਇਕ ਰੁਪਏ ਵਾਲੀ ਡਾਕ ਟਿਕਟ ਜਾਰੀ ਕੀਤੀ ਗਈ।

੨੮ ਸਤੰਬਰ ਵੀਰਵਾਰ ਮਲੇਸ਼ੀਆ ਵਿਖੇ ਚੋਗਮ ਮੀਟਿੰਗ ਕਾਰਣ ਸਿਖਾਂ ਉਪਰ ਪਾਬੰਦੀ ਸਖ਼ਤੀ ਹੈ। ਪੰਜਾਬ ਪੁਲਸ ਬੁਚੜ ਸੈਲਾਂ, ਥਾਣਿਆਂ, ਜੇਲਾਂ ਵਿਚ ਸਿਖ ਇਸਤਰੀਆਂ ਨਾਲ ਦੁਰ ਵਿਹਾਰ, ਜ਼ੁਲਮ ਹੋਣ ਲਗੇ। ਸੰਗਤਾਂ ਵਲੋਂ ਭਾਰੀ ਰੋਸ ਮੁਜ਼ਾਹਰੇ ਹੋਣ ਲਗੇ। ਭਾਰਤ ਵਿਚ ਥਾਂ ਥਾਂ ਵੋਟ ਪ੍ਰਚਾਰ

ਵਾਸਤੇ ਕਾਂਗਰਸ ਵਾਲੇ ਸਿਖਾਂ ਵਿਰੁਧ ਅਤਿਵਾਦ, ਵਖਵਾਦ ਭੰਡੀ ਪ੍ਰਚਾਰ ਕਰਕੇ, ਫਿਰਕੂ ਦੰਗੇ, ਯੂ, ਪੀ. ਅਤੇ ਮਧ ਪ੍ਰਦੇਸ਼ ਵਿਚ ਭਾਸ਼ਾ ਸਬੰਧੀ ਦੰਗੇ ਹੋਣ ਲਗੇ।

੩੦ ਸਤੰਬਰ ਸਨੀਚਰਵਾਰ ਸ. ਅਜੀਤ ਸਿੰਘ ਬੈਂਸ ਜਥੇਬੰਦੀ ਵਲੋਂ ਪੁਲਸ ਜਬਰ ਵਿਰੁਧ ਮੈਮੋਰੈਡਮ ਦੁਸ਼ਟ ਐਸ. ਐਸ. ਰੇ ਗਵਰਨਰ ਨੂੰ ਦੇਣਾ ਸੀ ਤਾਂ ਪੁਲਸ ਨੇ ਸੈਕਟਰ ੧੯ ਵਿਖੇ ਹੀ ਡੰਡੇ, ਸਖਤੀ, ਗਿਰਫਤਾਰੀ ਸ਼ੁਰੂ ਕਰ ਦਿਤੀ, ਇਹ ਚੰਗੀ ਆਜ਼ਾਦੀ ਹੈ।

ਸਮਗਲਰ ਜੱਜ ਵੀ ਰਾਮਾ ਸਵਾਮੀ ਨੂੰ ਮਦਰਾਸ ਤੋਂ ਤਰਕੀ ਦੇ ਕੇ, ਪੰਜਾਬ ਹਾਈ ਕੋਰਟ ਦਾ ਚੀਫ ਜਸਟਿਸ ਲਗਾ ਦਿਤਾ, ਉਸ ਨੇ ਕਰੋੜਾਂ ਰੁਪਏ ਦੀਆਂ ਹੇਰਾ ਫੇਰੀਆਂ; ਗਬਨ, ਜਾਲ੍ਹੀ ਟੂਰ ਕਲੇਮ ਕੀਤੇ, ਮਦਰਾਸ ਵਿਖੇ ਕੋਠੀ ਵਿਚਲੇ ਟੈਲੀਫੂਨਾਂ ਦੇ ਖ਼ਰਚ ਕਲੇਮ ਕੀਤੇ, ਉਸ ਨੂੰ ਤਰਕੀ ਦੇ ਕੇ ਸੁਪਰੀਮ ਕੋਰਟ ਦਾ ਜੱਜ ਬਣਾ ਕੇ ਭਾਰਤ ਦੇ ਸਾਰੇ ਕਾਨੂੰਨਾਂ, ਧਰਮ, ਇਖਲਾਕੀ ਕੀਮਤਾਂ ਕਦਰਾਂ ਦੀਆਂ ਧੱਜੀਆਂ ਉਡਾ ਦਿਤੀਆਂ ਗਈਆਂ। ਪਰ ਭਾਰਤ ਦੇ ਲਖਾਂ ਵਕੀਲ ਭਿਜੀ ਬਿਲੀ ਵਾਂਗ ਚੁਪ ਕਿਉਂ ਹਨ ?

੩ ਅਕਤੂਬਰ ਮੰਗਲਵਾਰ ਸ੍ਰੀ ਹਰਿਮੰਦਰ ਸਾਹਿਬ ੪੦੦ ਸਾਲਾ ਪ੍ਰੋਗਰਾਮ ੧੫ ਦਿਨਾਂ ਲਈ ਅਰੰਭ ਕੀਤੇ ਗਏ।

੪ ਅਕਤੂਬਰ ਬੁਧਵਾਰ ਯੂ. ਪੀ. ਵਿਚ ੧੨ ਫੀਸਦੀ ਮੁਸਲਮਾਨਾਂ ਦੀਆਂ ਵੋਟਾਂ ਲੈਣ ਵਾਸਤੇ, ਉਰਦੂ ਨੂੰ ਸਰਕਾਰੀ ਦੂਜੀ ਭਾਸ਼ਾ ਦਾ ਐਲਾਨ ਕਰ ਦਿਤਾ ਗਿਆ, ਅਤੇ ਯੂ. ਪੀ. ਭਾਸ਼ਾ ਐਕਟ ੧੯੫੧ ਦੀ ਧਾਰਾ ਦੋ ਦੀ ਸੋਧ ਕਰ ਦਿਤੀ ਹੈ।

ਗੰਗੂ ਪੰਡਤ ਬਿਸ਼ੰਭਰ ਦੇਵ ਸ਼ਾਸਤਰੀ, ਵਿਜੇਂਦਰ ਵਰਮਾ ਅਤੇ ਮਹਿੰਦਰ ਪਾਲ ਵਿਰੋਧ ਦੰਗੇ ਕਰਨ ਲਗੇ, ੨੫ ਬੰਦੇ ਮਰ ਗਏ। ਪਰ ਹਰਿਆਣਾ ਵਿਚ ਪੰਜਾਬੀ ਸਿਖਾਂ ਦੀ ਕਿਤਨੀ ਵਧ ਆਬਾਦੀ ਹੈ, ਇਨ੍ਹਾਂ ਵਾਸਤੇ ਪੰਜਾਬੀ ਲਈ ਕੋਈ ਸੁਣਵਾਈ ਹੀ ਨਹੀਂ ਹੈ।

੫ ਅਕਤੂਬਰ ਵੀਰਵਾਰ ਕੈਨੇਡਾ ਵਿਖੇ ੭੦ ਹਜ਼ਾਰ ਸਿਖ ਆਬਾਦ ਹਨ, ਉਥੇ ਸਿਖਾਂ ਨੂੰ ਆਪਣੇ ਧਾਰਮਕ ਕਕਾਰ ਪਹਿਨਣ ਦੀ ਪੂਰੀ ਆਜ਼ਾਦੀ ਹੈ। ਉਥੇ ਜੋ ਸਿਖ ਪੁਲਸ ਵਿਚ ਭਰਤੀ ਹਨ, ਦਸਤਾਰ ਸਜਾਉਂਦੇ, ਕਕਾਰ ਪਹਿਨਦੇ ਹਨ, ਸ. ਸੁਤੰਤਰ ਸਿੰਘ ਸਿਖ ਸੁਸਾਇਟੀਆਂ ਦੇ ਪ੍ਰਧਾਨ ਹਨ।

੫ ਅਕਤੂਬਰ ਵੀਰਵਾਰ ਗੰਗੂ ਸਰਕਾਰ ਨੇ ਕੇਰਲਾ ਦੇ ਮੁਸਲਮਾਨਾਂ ਤੋਂ ਵੋਟਾਂ ਲੈਣ ਵਾਸਤੇ ਕੁਮਾਰੀ ਮੀਰਾ ਸਾਹਿਬ ਫਾਤਿਮਾ ਬੀਵੀ ਜੋ ਰੀਟਾਇਰ ਹੋ ਚੁਕੀ ਸੀ, ਨੂੰ ਸੁਪਰੀਮ ਕੋਰਟ ਦਾ ਜੱਜ ਲਗਾ ਦਿਤਾ ਗਿਆ। ਸੁਰਜੀਤ

ਸਿੰਘ ਬਰਨਾਲਾ, ਨੇ ਜਵਾਲਾ ਮਾਤਾ ਮੰਦਰ, ਅਜੀਤ ਰੋਡ ਬਠਿੰਡਾ ਦਾ ਨੀਂਹ ਪਥਰ ਰਖ ਕੇ ਖੁਸ਼ੀ ਮਨਾਈ, ਪਰ ਕਦੇ ਗੁਰਮਤਿ ਕੈਂਪ ਨਹੀਂ ਲਗਾਏ।

੫ ਅਕਤੂਬਰ ਤਿਬਤੀ ਲਾਮੇ ੧੯੫੯ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਧਰਮਸਾਲਾ, ਹਿਮਾਚਲ ਵਿਚ ਪਕੇ ਆਬਾਦ ਹੋ ਗਏ ਹਨ, ਇਨ੍ਹਾਂ ਕਰਕੇ ੧੯੬੨ ਵਿਚ ਚੀਨ ਨੇ ਬਰਬਾਦੀ ਕੀਤੀ, ਗੰਗੂ ਸਰਕਾਰ ਤਿਬਤੀਆਂ ਉਪਰ ੩੦ ਸਾਲ ਤੋਂ ਕਰੋੜਾਂ ਰੁਪਏ ਖਰਚ ਕਰ ਰਹੇ ਹਨ, ਉਨ੍ਹਾਂ ਨੇ ਧਰਮਸਾਲਾ ਵਿਚ ਮਿਨੀ-ਤਿਬਤ ਬਣਾ ਲਿਆ ਹੈ, ਦਲਾਈਲਾਮਾਂ ਨੂੰ ਅਮਨ ਸ਼ਾਂਤੀ ਲਈ ਨੋਬਲ ਪਰਾਈਜ਼ ਦੇ ਕੇ ਸਨਮਾਨ ਕੀਤਾ ਗਿਆ ਹੈ। ਪਰ ਸਿਖਾਂ ਨੂੰ ਹਰ ਮਾਮਲੇ ਵਿਚ ਜ਼ਲੀਲ, ਬਰਬਾਦ, ਖਤਮ ਕੀਤਾ ਜਾ ਰਿਹਾ ਹੈ ?

੬ ਅਕਤੂਬਰ ਸੁਕਰਵਾਰ ਭਗਤ ਪੂਰਨ ਜੋ ਸੇਵਾ ਸਿਮਰਨ ਦੇ ਪੁੰਜ ਹਨ, ਹਰਨੀਆਂ ਦੇ ਉਪਰੇਸ਼ਨ ਇਲਾਜ ਵਾਸਤੇ, ਜਨਤਾ ਕਲਿਨਕ ਸੰਗਰੂਰ ਪ੍ਰਾਈਵੇਟ ਖਰਚ ਕਰਕੇ ਇਲਾਜ ਕਰਵਾਉਂਦੇ ਰਹੇ, ਗੰਗੂ ਸਰਕਾਰ ਵਲੋਂ ਕੋਈ ਧਿਆਨ ਖਰਚ ਸਹੂਲਤ ਨਹੀਂ ਦਿਤੀ ਗਈ, ਜਦੋਂ ਕਿ ਟੈਰੀਸਾ ਈਸਾਈ ਨੂੰ ਹਰ ਤਰ੍ਹਾਂ ਦੇ ਖਰਚ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ।

੬ ਅਕਤੂਬਰ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਇਲਾਕੇ ਵਿਚ ਕੋਈ ਯਤੀਮ ਖਾਨਾ, ਗੁਰਮਤਿ ਵਿਦਿਆਲਾ ਧਰਮ ਦੇ ਕੋਈ ਕਾਰਜ ਨਹੀਂ ਕੀਤੇ, ਨਾ ਹੀ ਕਿਸੇ ਨੂੰ ਅੰਮ੍ਰਿਤ ਛਕਾਇਆ ਹੈ। ਫਿਰ ਵੀ ਪ੍ਰਧਾਨ ਹੈ ?

੬ ਅਕਤੂਬਰ ਸ਼ੁਕਰਵਾਰ ਸਿੰਘਾਪੁਰ ਵਿਖੇ, ਪੰਜਾਬੀ ਵਿਦਿਆਰਥੀਆਂ ਵਾਸਤੇ ਦੂਜੀ ਭਾਸ਼ਾ ਪੰਜਾਬੀ ਪ੍ਰਵਾਨ ਕੀਤੀ ਗਈ ਹੈ।

੬ ਅਕਤੂਬਰ ਪੰਜਾਬ ਵਿਚਲੇ ਜੋ ਗੰਗੂ ਹਿੰਦੀ ਦਾ ਰੌਲਾ ਪਾਉਂਦੇ ਹਨ, ਇਹ ਆਪ ਉਰਦੂ ਦੇ ਅਖਬਾਰ ਲਿਖਦੇ ਛਾਪਦੇ ਅਤੇ ਪੜ੍ਹਦੇ ਹਨ। ਇਨ੍ਹਾਂ ਵਲੋਂ ਪਾਨ ਬੀੜੀ ਸਿਗਰਟਾਂ ਵਾਲੇ ਕਲੰਡਰਾਂ ਉਪਰ ਗੁਰੂ ਸਾਹਿਬਾਨ ਦੀਆਂ ਫੋਟੋ ਛਾਪ ਕੇ ਬੇ-ਅਦਬੀ ਕੋਝੀਆਂ ਹਰਕਤਾਂ ਹੁੰਦੀਆਂ ਹਨ ਤਾਂ ਸਰਕਾਰ ਚੁਪ ਰਹਿੰਦੀ ਹੈ ? ਸ੍ਰੀ ਐਡਵਾਨੀ ਅਤੇ ਬਾਜਪਾਈ ਦਾ ਪੰਜਾਬ ਨਾਲ ਕੋਈ ਸਬੰਧ ਹੀ ਨਹੀਂ ਹੈ ਪਰ ਭੜਕਾਊ ਭਾਸ਼ਨ ਦੇਂਦੇ ਰਹਿੰਦੇ ਹਨ।

੭ ਅਕਤੂਬਰ ਸ਼ਨੀਚਰਵਾਰ ਗੰਗੂ ਸਰਕਾਰ ਵਲੋਂ ਗਰੀਬਾਂ ਦੀਆਂ ਵੋਟਾ ਬਟੋਰਨ ਵਾਸਤੇ ਜੰਮੂ ਕਸ਼ਮੀਰ ਦੇ ਇਲਾਕੇ ਵਲ ੮ ਕਬੀਲੇ, ਬਾਲਟੀ, ਬੇਦਾ ਬੋਟ-ਬੋਟੋ, ਬਰੋਕਪਾ, ਦਾਰਦ, ਸ਼ਿਨ ਛੰਗਪਾ, ਕਾਰਾ, ਮੋਨ, ਪੁਰੀਗਪਾ ਲਈ ਅਨੁਸੂਚਿਤ ਕਬੀਲਾ ਆਰਡਰ ੧੯੮੯ ਲਾਗੂ ਕਰਕੇ ਸਹੂਲਤਾਂ ਦਿਤੀਆਂ ਗਈਆਂ ਹਨ, ਇਹ ਕੁਲ ਆਬਾਦੀ ਦਾ ੨.੫੦ ਫੀ ਸਦੀ ਹਨ। ਪਰ ਮਹਾ-

ਰਾਸ਼ਟਰ ਵਿਚਲੇ ਸਿਕਲੀਗਰ ਸਿਖਾਂ ਦੀ ਭਾਰੀ ਗਿਣਤੀ ਨੂੰ ਵੀ ਕੋਈ ਸਹੂਲਤ ਨਹੀਂ ਦਿਤੀ ਗਈ। ਪੰਜਾਬ ਵਿਚ ਵੀ ਬਾਜ਼ੀਗਰ, ਟਪਰੀਵਾਸ ਬੌਰੀਏ ਸਿਖ ਹਨ, ਦੁਖ ਹੈ ਕਿ ਪੰਥ ਦੇ ਅਖੌਤੀ ਲੀਡਰ ਵੀ ਕੋਈ ਸਹਾਇਤਾ ਨਹੀਂ ਕਰਦੇ, ਲਾਰੇ ਲਪੇ ਹੀ ਲਗਾਉਂਦੇ ਹਨ। ਕਿਸ ਤਰ੍ਹਾਂ ਦੇ ਪ੍ਰਚਾਰਕ ਹਨ ?

ਗੰਗੂ ਸਰਕਾਰ ਵਲੋਂ ਸਿਖਾਂ ਨੂੰ ਖਤਮ ਕਰਨ ਦਾ ਟੀਚਾ ਪੂਰਾ ਕਰਨ ਲਈ, ਕਾਲੀਆਂ ਬਿਲੀਆਂ ਅਤੇ ਇਨਵਿਡ ਗਲਾਸ ਭਾਵ ਕਾਲੇ ਸ਼ੀਸ਼ੇ ਵਾਲੀਆਂ ਕਾਰਾਂ ਵਿਚ ਸਿਖ ਨੌਜਵਾਨਾਂ ਨੂੰ ਜਬਰੀ ਬਠਾ ਕੇ, ਝੂਠੇ ਪੁਲਸ ਮੁਕ ਬਲੇ ਵਿਚ ਕਤਲ ਕਰ ਦਿਤਾ ਜਾਂਦਾ ਹੈ। ਸ਼ਹੀਦ ਹੋਏ ਸਿਖਾਂ ਦੀ ਦਸਤਾਰ ਕਿਤੇ ਨਜ਼ਰ ਹੀ ਨਹੀਂ ਆਉਂਦੀ, ਕੇਸ ਪੁਟੇ ਹੋਏ ਖਿਲਰੇ ਹੁੰਦੇ ਹਨ। ਨਾ ਹੀ ਗਾਤਰੇ ਕਿਰਪਾਨ ਹੀ ਹੁੰਦੀ ਹੈ। ਇਹ ਕਾਰਵਾਈ ਕਿਹੜੇ ਕਾਨੂੰਨਾਂ ਅਨੁਸਾਰ ਹੈ ?

੮ ਅਕਤੂਬਰ ਐਤਵਾਰ ਸ੍ਰੀ ਕਾਂਸ਼ੀ ਰਾਮ, ਪ੍ਰਧਾਨ ਬਹੁਜਨ ਸਮਾਜ, ਪੰਜਾਬ, ਲੁਧਿਆਣਾ ਨੇ ਹੰਕਾਰੀ ਗੰਗੂ ਪੰਡਤਾਂ ਦਾ ਵਿਰੋਧ ਕਰਕੇ, ਗਰੀਬ ਕਿਰਤੀ ਮਜ਼ਦੂਰਾਂ ਨੂੰ ਜਾਗ੍ਰਤ ਕੀਤਾ ਹੈ ਕਿ ਵੋਟਾਂ ਸਮਗਲਰ ਸਰਕਾਰ ਨੂੰ ਨਹੀਂ ਪਾਉਣੀਆਂ।

੮ ਅਕਤੂਬਰ ਐਤਵਾਰ ਸਿਡਨੀ ਫਿਜੀ ਵਿਖੇ ਸਿਖਾਂ ਦੇ ਗੁਰਦੁਆਰੇ ਤੇ ਈਸਾ ਦੇ ਦਰਿੰਦੇ ਲੋਕਾਂ ਵਲੋਂ ਹਮਲਾ ਕਰਕੇ ਬਰਬਾਦੀ ਕੀਤੀ ਗਈ, ਪਰ ਇਨ੍ਹਾਂ ਦਰਿੰਦੇ ਈਸਾਈਆਂ ਦੇ ਹਥਾਂ ਵਿਚ ਬਾਈਬਲ ਵੀ ਫੜੀ ਹੋਈ ਸੀ। ਇਨ੍ਹਾਂ ਨੇ ਕਿਸ ਤਰ੍ਹਾਂ ਦਾ ਪਿਆਰ ਜ਼ਰਸਾਇਆ ਹੈ ਪਰ ਪੰਥਕ ਆਗੂ ਚੁਪ ਕਿਉਂ ਹਨ?

੯ ਅਕਤੂਬਰ ਸੋਮਵਾਰ ਸ਼੍ਰੋ. ਗੁਰ. ਪ੍ਰ. ਕਮੇਟੀ ਵਲੋਂ ਸਿਖ ਯਾਤਰੂ ਨਨਕਾਣਾ ਸਾਹਿਬ, ਪੰਜਾ ਸਾਹਿਬ ਦੀ ਯਾਤਰਾ ਲਾਹੌਰ ਪਾਕਿਸਤਾਨ ਜਾਂਦੇ ਹਨ, ਪਰ ਸਰਕਾਰ ਵਲੋਂ ਅਚਾਨਕ ਹੀ ਬਹੁਤ ਸਾਰੇ ਸਿਖ ਲੀਡਰਾਂ ਦੇ ਵੀਜ਼ੇ ਕੈਂਸਲ ਕਰ ਦਿਤੇ ਜਾਂਦੇ ਹਨ, ਪਰ ਜੋ ਜਥੇ ਦੁਰਗਿਆਨਾ ਕਮੇਟੀ ਹਿੰਦੂ ਸ਼ੰਮਤੀ ਦੇ ਸਿੰਧ ਵਲ ਜਾਂਦੇ ਹਨ, ਉਸ ਦੇ ਕਿਸੇ ਹਿੰਦੂ ਦਾ ਨਾਮ ਨਹੀਂ ਕਟਿਆ ਜਾਂਦਾ ?

੯ ਅਕਤੂਬਰ ਸੋਮਵਾਰ, ਕਰਨਲ ਜੋਗਿੰਦਰ ਸਿੰਘ ਮਾਨ ਵਲੋਂ, ਸ. ਸਿਮਰਨਜੀਤ ਸਿੰਘ ਮਾਨ ਦੀ ਚੋਣ ਵਾਸਤੇ, ਦਫ਼ਤਰ ੧੪-ਸਿਟੀ ਸੈਂਟਰ, ਸਾਹਮਣੇ ਬਸ ਸਟੈਂਡ, ਉਦਘਾਟਨ ਕੀਤਾ ਗਿਆ, ਤਰਨ ਤਾਰਨ ਹਲਕੇ ਵਿਚ ਚੋਣ ਸਰਗਰਮੀਆਂ ਪ੍ਰਚਾਰ ਹੋਣ ਲਗਾ।

੧੧ ਅਕਤੂਬਰ ਬੁਧਵਾਰ ਭਾਈ ਮਨਜੀਤ ਸਿੰਘ ਪ੍ਰਧਾਨ ਫੈਡਰੇਸ਼ਨ ਨੂੰ ਮਾਲ-ਮੰਡੀ, ਵਿਖੇ ਪੁਲਸ ਬੁਚੜ-ਸੈਲ ਦਾ ਘਿਰਾਉ ਕਰਨ ਤੋਂ ਪਹਿਲਾਂ ਹੀ ਗੁਰਦੁਆਰਾ ਸ਼ਹੀਦਾਂ ਤੋਂ ਹੀ ਜ਼ੁਲਮ ਗਿਰਫਤਾਰੀਆਂ ਹੋਣ ਲਗੀਆਂ।

੧੩ ਅਕਤੂਬਰ ਸ਼ੁਕਰਵਾਰ, ਰਾਸ਼ਟਰ ਮੰਡਲ ਦੀ ਮੀਟਿੰਗ ਕੁਆਲਾ-ਲੰਪੁਰ (ਮਲੇਸ਼ੀਆ) ਹੋਈ, ਪਰ ਸਿਖਾਂ ਉਪਰ ਉਥੇ ਵੀ ਸਖਤੀ, ਪਾਬੰਦੀ ਲਗਾ ਦਿਤੀ ਗਈ। ੫ ਸਿਖਾਂ ਨੂੰ ਉਥੋਂ ਕਢ ਦਿਤਾ ਗਿਆ।

ਸਮਗਲਰ ਡਿਪਟੀ ਕਮਿਸ਼ਨ ਰੋਪੜ ਨੇ ਸਰਕਾਰੀ ਲਖਾਂ ਰੁਪਏ ਦੇ ਗਬਨ ਕਰ ਲਏ, ਇਸ ਵਿਰੁਧ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਅਖੌਤੀ ਦਲਾਂ ਦੇ ਪੰਥਕ ਲੀਡਰ ਸੁਰਜੀਤ ਸਿੰਘ ਬਰਨਾਲਾ, ਪ੍ਰਕਾਸ਼ ਸਿੰਘ ਬਾਦਲ, ਪ੍ਰੇਮ ਸਿੰਘ ਚੰਦੂ ਮਾਜਰਾ, ਤੋਤਾ ਸਿੰਘ ਸੁਖਜਿੰਦਰ ਸਿੰਘ, ਬਲਵੰਤ ਸਿੰਘ ਸਾਬਕਾ ਮੰਤਰੀ, ਦੇ ਪ੍ਰਵਾਰਾਂ ਪੁਤਰਾਂ ਦੇ ਨਾਮ ਤੇ ਕਿਤਨੀ ਜਾਇਦਾਦ, ਕੋਠੀਆਂ ਕਾਰਖਾਨੇ, ਕਾਰਾਂ, ਵਾਪਾਰ ਅਦਾਰੇ ਅਤੇ ਬਦੇਸ਼ਾਂ ਵਿਚਲੇ ਬੈਂਕਾਂ ਵਿਚ ਕਿਤਨਾ ਧਨ, ਬੈਲੈਂਸ ਹੈ, ਇਨ੍ਹਾਂ ਸਬੰਧੀ ਕਿਸੇ ਨੇ ਵੀ ਤਸਦੀਕ ਅਤੇ ਕਾਨੂੰਨੀ ਕਾਰਵਾਈ ਕਰਨ ਦੀ ਅਕਲ ਨਹੀਂ ਵਿਖਾਈ, ਇਨ੍ਹਾਂ ਨੇ ਪੰਥ ਨੂੰ ਬਦਨਾਮ ਕੀਤਾ ਹੈ, ਸੋ ਇਹ ਸਾਰਾ ਮਾਲ ਧਨ, ਪੰਥ ਦੀ ਇਮਾਨਤ ਸਮਝ ਕੇ ਜਬਤ ਕਰ ਲੈਣਾ ਚਾਹੀਦਾ ਹੈ। ਅਤੇ ਧਰਮ ਪ੍ਰਚਾਰ ਕਾਰਜਾਂ ਵਲ ਲਗਾਉਣਾ ਹੈ।

੧੩ ਅਕਤੂਬਰ ਸ਼ੁਕਰਵਾਰ ਸਮਗਲਰ ਰਾਜੀਵ ਸਰਕਾਰ ਵਲੋਂ ਪੰਚਾਇਤ ਬਿਲ ਅਤੇ ਨਗਰਪਾਲਕਾ ਬਿਲ, ਕਾਂਗਰਸ ਦੇ ਹੀ ਐਮ. ਪੀਜ਼ ਵਲੋਂ ਪਾਰਲੀਮੈਂਟ ਵਿਚ ਵੋਟਾਂ ਨਾ ਮਿਲਣ ਕਰਕੇ ਪਾਸ ਨਹੀਂ ਹੋ ਸਕੇ, ਅਤੇ ਰਾਜੀਵ ਸਰਕਾਰ ਨੂੰ ਡਿਸਮਿਸ ਹੋਣਾ ਚਾਹੀਦਾ ਸੀ, ਵਿਰੋਧੀ ਦਲ, ਸਰਕਾਰ ਨੂੰ ਡਿਸ-ਮਿਸ ਨਾ ਕਰਨ ਤੇ ਰੋਸ ਵਜੋਂ ਨਾਹਰੇ ਲਗਾਉਂਦੇ ਬਾਹਰ ਨਿਕਲ ਗਏ।

੧੪ ਅਕਤੂਬਰ ਸ਼ਨੀਚਰਵਾਰ ਸ੍ਰੀ ਹਰਿਮੰਦਰ ਸਾਹਿਬ ੪੦੦ ਸਾਲਾ ਸਬੰਧ ਵਿਚ ਦੁਪਹਿਰ ਨਗਰ ਕੀਰਤਨ, ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋਇਆ। ਭਾਰੀ ਰੌਣਕਾਂ ਸ਼ਬਦ ਕੀਰਤਨ, ਹਵਾਈ ਜਹਾਜ਼ ਰਾਹੀਂ ਫੁਲਪਤੀਆਂ ਦੀ ਵਰਖਾ, ਸਜਾਵਟਾਂ ਹੋਈਆਂ।

੧੫ ਅਕਤੂਬਰ ਐਤਵਾਰ ਗ੍ਰੰਡਾ ਅਨੁਸਰ ਵਲੋਂ ਪਿੰਡ ਉਦੋਪੁਰ-ਲਾਂਬੜਾ (ਜਲੰਧਰ) ਗੁਰਦੁਆਰੇ ਵਿਚ ੩ ਪਾਵਨ ਬੀੜਾਂ ਅਗਨ ਭੇਟ ਕਰਕੇ ਬੇ-ਅਦਬੀ ਕੀਤੀ ਗਈ, ਪਰ ਗੰਗੂ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਮਕਾਰ ਰਾਜੀਵ ਨੇ ਆਮ ਲੋਕਾਂ ਤੋਂ ਵੋਟਾਂ ਬਟੋਰਨ ਵਾਸਤੇ ਨਾਹਰੇ ਐਲਾਨ ਕੀਤਾ ਕਿ ਜੋਧਪੁਰ ਤੋਂ ਰਿਹਾ ਹੋਏ ਸਿਖਾਂ ਨੂੰ ਮੁੜ ਨੌਕਰੀਆਂ ਸਹੂਲਤਾਂ ਦਿਤੀਆਂ ਜਾਣਗੀਆਂ।

ਪੰਜਾਬ ਦੇ ਗਵਰਨਰ ਦੇ ਨਾਲ ਦੋ ਸਲਾਹਕਾਰ ਆਰ. ਪੀ. ਖੰਨਾ ਅਤੇ

ਐਚ. ਐਮ ਸਿੰਘ ਲਗਾਏ ਗਏ, ਇਨ੍ਹਾਂ ਤਿੰਨਾਂ ਨੂੰ ਪੰਜਾਬੀ ਭਾਸ਼ਾ ਦਾ ਕੋਈ ਗਿਆਨ ਨਹੀਂ, ਇਨ੍ਹਾਂ ਕਿਸੇ ਵਿਰੁਧ ਭਾਸ਼ਾ ਐਕਟ ਅਨੁਸਾਰ ਕੋਈ ਕਾਰਵਾਈ ਕਰਨ ਦਾ ਹੌਸਲਾ ਹੀ ਨਹੀਂ ਕਰਦਾ, ਸਾਰੇ ਅਖੌਤੀ ਪੰਥਕ ਲੀਡਰ, ਵਕੀਲ ਤਾਂ ਆਪਣੀਆਂ ਜ਼ਾਤੀ ਸਹੂਲਤਾਂ ਵਾਸਤੇ, ਇਨ੍ਹਾਂ ਦੀਆਂ ਪਰਕਰਮਾ ਕਰਦੇ ਸਿਰਪਾਉ ਭੇਟ ਕਰਦੇ ਹਨ। ਕਿਸੇ ਨੂੰ ਪੰਜਾਬੀ ਨਾਲ ਪਿਆਰ ਨਹੀਂ।

ਸ. ਹੁਕਮ ਸਿੰਘ ਰਾਜਿਸਥਾਨ ਦੇ ਗਵਰਨਰ ਰਹੇ, ਤਾਂ ਉਥੇ ਹਿੰਦੀ ਦੇਵਨਾਗਰੀ ਵਿਚ ਦਸਤਖ਼ਤ ਕਰਕੇ ਤਨਖਾਹ ਲੈਂਦੇ, ਪਰ ਪੰਜਾਬ ਦੇ ਕਿਸੇ ਗਵਰਨਰ ਅਤੇ ਸਲਾਹਕਾਰ ਨੂੰ ਪੰਜਾਬੀ ਵਿਚ ਦਸਤਖਤ ਕਰਨ ਵਾਸਤੇ ਕਿਸੇ ਨੇ ਕਹਿਣ ਦਾ ਹੌਸਲਾ ਹੀ ਨਹੀਂ ਕਰਨਾ ? ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਆਪ ਸ਼ਰਮ ਹੈ।

੧੫ ਅਕਤੂਬਰ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਸ਼ਾਮ ੬ ਵਜੇ ਭਾਰੀ ਕੀਰਤਨ ਦਰਬਾਰ ਹੋਇਆ।

੧੬ ਅਕਤੂਬਰ ਸੋਮਵਾਰ ਸ੍ਰੀ ਗੁਰੂ ਰਾਮਦਾਸ ਜੀ ਦਾ ੪੫੫ ਵਾਂ ਪ੍ਰਕਾਸ਼ ਪ੍ਰਕਾਸ਼ ਉਤਸਵ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ, ਅੰਮ੍ਰਿਤ ਵੇਲੇ ਤੋਂ ਮਨਾਇਆ ਗਿਆ। ਗਵਰਨਰ ਐਸ. ਐਸ. ਰੇ ਵਲੋਂ ਜੂਨ ੧੯੮੪ ਵਿਚ ਸਰਕਾਰੀ ਕਬਜ਼ੇ ਵਿਚ ਕੀਤੀਆਂ ਵਡ ਮੁਲੀਆਂ ਵਸਤਾਂ, ਖਜ਼ਾਨਾ, ਸਿਖ ਰੈਫ਼ਰੈਂਸ ਲਾਇਬ੍ਰੇਰੀ ਦੀਆਂ ਕੁਝ ਪੁਸਤਕਾਂ, ਰੀਕਾਰਡ, ਬੈਂਕਾਂ ਦੀਆਂ ਪਾਸ ਬੁਕਾਂ, ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੂੰ ਸੌਂਪੀਆਂ ਗਈਆਂ, ਸਰਕਾਰ ਨੂੰ ਡਾਕ ਟਿਕਟ ਜਾਰੀ ਕਰਨ ਲਈ ਕਿਹਾ ਹੋਇਆ ਸੀ ਪਰ ਗੰਗੂ ਪੰਡਤਾਂ ਵਲੋਂ ਮੈਂ ਨਾ ਮਾਨੂ ?

ਸ਼ਾਮ ੬ ਵਜੇ ਭਾਰੀ ਕਵੀ ਦਰਬਾਰ ਹੋਇਆ, ਸਾਰੇ ਗੁਰਦੁਆਰਿਆਂ ਅਤੇ ਸਾਰੇ ਨਗਰ ਵਿਚ ਘਰ ਘਰ ਦੀਪ ਮਾਲਾ ਕੀਤੀ ਗਈ।

੧੭ ਅਕਤੂਬਰ ਮੰਗਲਵਾਰ, ਲੰਦਨ ਇੰਗਲੈਂਡ ਦੇ ਸਿਖ' ਨੂੰ ਹੈਲਮਟ ਪਹਿਨਣ ਦੀ ਬਜਾਏ ਦਸਤਾਰ ਸਜਾਉਣ ਦੀ ਆਜ਼ਾਦੀ ਹੋ ਗਈ।

੧੮ ਅਕਤੂਬਰ ਬੁਧਵਾਰ, ਸਿਖ ਰਹਿਤ ਮਰਯਾਦਾ ਵਿਚ ਸੋਧਾਂ ਕਰਨ ਲਈ ਭਾਈ ਗੁਰਦਾਸ ਹਾਲ ਵਿਖੇ ਸਿਖ ਵਿਦਵਾਨ, ਤਖਤਾਂ ਦੇ ਜਥੇਦਾਰ ਹਾਜ਼ਰ ਹੋਏ, ਪਰ ਕੋਈ ਨਿਰਣਾ ਨਹੀਂ ਹੋਇਆ। ਰਹਿਤ ਮਰਯਾਦਾ ਦੀ ਸੋਧ ਸਬੰਧੀ ਕੋਈ ਅਖੌਤੀ ਪੰਥਕ ਦਲ ਦਾ ਪ੍ਰਧਾਨ ਨਹੀਂ ਪਹੁੰਚਿਆ ਇਨ੍ਹਾਂ ਨੂੰ ਧਰਮ ਰਹਿਤ ਨਾਲ ਕੋਈ ਦਿਲਚਸਪੀ ਸੂਝ ਨਹੀਂ। ਫਿਰ ਵੀ ਪ੍ਰਧਾਨ ਹਨ ?

੧੮ ਤੋਂ ੨੪ ਅਕਤੂਬਰ, ਕੌਲਾ ਲੰਪਰ, ਮਲੇਸ਼ੀਆ ਵਿਖੇ ੪੯ ਦੇਸਾਂ

ਦੀ ਕਾਨਫਰੰਸ ਕਾਮਨ ਵੈਲਥ ਸਮਾਗਮ ਸਮੇਂ ਸਿਖਾਂ ਉਪਰ ਸਖਤੀ, ਪਾਬੰਦੀ ਲਗਾਈ ਗਈ, ਉਥੋਂ ਦੇ ਹੋਟਲ ਵਿਚ ਪ ਸਿਖ ਮੁਲਾਜ਼ਮ ਸਨ ਨੂੰ ਜਬਰੀ ਛੁਟੀ ਤੇ ਕਿਸੇ ਹੋਰ ਥਾਂ ਰਹਿਣ ਲਈ ਮਜਬੂਰ ਕੀਤਾ ਗਿਆ, ਪਰ ਕਿਸੇ ਅਖੌਤੀ ਲੀਡਰ ਵਲੋਂ ਉਨ੍ਹਾਂ ਦੀ ਆਜ਼ਾਦੀ ਹੱਕਾਂ ਬਾਰੇ ਕੋਈ ਕਾਨੂੰਨੀ ਕਾਰਵਾਈ, ਸਹਾਇਤਾ ਦੀ ਅਕਲ ਨਹੀਂ ਵਿਖਾਈ ?

੨੦ ਅਕਤੂਬਰ ਸ਼ੁਕਰਵਾਰ, ਡਾ. ਗੁਰਦਿਆਲ ਸਿੰਘ ਜੀ ਫੁੱਲ ਗੁਰਮਤਿ ਦੇ ਵਿਦਵਾਨ ਸਕਾਲਰ, ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ ।

ਸ: ਹਰਭਜਨ ਸਿੰਘ ਗੁਰਬਾਣੀ ਪ੍ਰਚਾਰ ਕੇਂਦਰ, ਹੁਸ਼ਿਆਰਪੁਰ ਗੁਰਮਤਿ ਦਾ ਲਿਟਰੇਚਰ ਵੰਡ ਰਹੇ ਹਨ ।

੨੧ ਅਕਤੂਬਰ ਸ਼ਨੀਵਾਰ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ੧੪੫ਵੀਂ ਬਰਸੀ ਮਨਾਈ ਗਈ ।

੨੧ ਅਕਤੂਬਰ ਸ਼ਨੀਵਾਰ, ਸੂਰਬੀਰ ਹਰਜਿੰਦਰ ਸਿੰਘ ਜਿੰਦਾ ਅਤੇ ਸ: ਸੁਖਦੇਵ ਸਿੰਘ ਸੁਖਾ ਜੀ ਨੂੰ ਪੂੰਨਾ ਅਦਾਲਤ ਦੇ ਜੱਜ ਵੀ.ਐਲ. ਰੂਏਕਾਰ ਨੇ ਦੁਸ਼ਟ ਜਨਰਲ ਏ ਐਸ. ਵੈਦਯ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਸੁਣਾਈ ਅਤੇ ਸ: ਨਿਰਮਲ ਸਿੰਘ ਜੀ ਨੂੰ ਨਿਰਦੋਸ਼ ਸਾਬਤ ਕਰਕੇ, ਬਰੀ ਕਰ ਦਿਤਾ ਗਿਆ, ਫਾਂਸੀ ਦੀ ਸਜ਼ਾ ਸੁਣਦੇ ਹੀ ਸੂਰਬੀਰ ਸਿੰਘਾਂ ਵਲੋਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਗਾ ਕੇ ਕਿਹਾ ਕਿ ਸਾਡੀਆਂ ਜਾਨਾਂ ਖਾਲਿਸਤਾਨ ਵਾਸਤੇ ਹੀ ਹਨ, ਅਸਾਂ ਇਸ ਦੁਸ਼ਟ ਨੂੰ ਸਬਕ ਸਿਖਾਇਆ ਹੈ, ਇਸ ਨੇ ਜੂਨ ੧੯੮੪ ਵਿਚ ਸਾਡੇ ਗੁਰੂ ਦਰਬਾਰ ਨੂੰ ਇੰਦਰਾ ਅਤੇ ਰੂਸ ਦੇ ਹਾਕਮਾਂ ਦੇ ਇਸ਼ਾਰੇ ਤੇ ਬਰਬਾਦੀ ਕੀਤੀ ਸੀ, ਹਰ ਸੂਰਬੀਰ ਸਿੰਘ ਨੇ ਗੁਰੂ ਦਰਬਾਰ ਦੇ ਦੇਖੀਆਂ ਦੁਸ਼ਟਾਂ ਦਾ ਬਦਲਾ ਲੈਣਾ ਹੈ, ਸ. ਊਧਮ ਸਿੰਘ, ਭਗਤ ਸਿੰਘ, ਸ: ਬੇਅੰਤ ਸਿੰਘ, ਸਤਵੰਤ ਸਿੰਘ, ਕੇਹਰ ਸਿੰਘ ਬਣ ਕੇ ਹੀ ਰਾਜ ਕਰੇਗਾ ਖਾਲਸਾ ਅਕਾਲ ਪੁਰਖ ਦੀ ਫ਼ੌਜ, ਗੁਰੂ ਦੇ ਆਸਰੇ ਚੜ੍ਹਦੀ ਕਲਾ ਵਿਚ ਰਹਿਣਾ ਹੈ। ਸੂਰਬੀਰ ਸਿੰਘ ਮੌਤ ਦੀ ਪ੍ਰਵਾਹ ਨਹੀਂ ਕਰਦੇ ਸਿਖ ਦਾ ਗੌਰਵਮਈ ਵਿਰਸਾ ਹੈ, ਸੰਸਾਰ ਦੀ ਕਿਸੇ ਕੌਮ, ਧਰਮ ਦਾ ਇਤਨਾ ਮਹਾਨ ਵਿਰਸਾ ਨਹੀਂ ਹੈ, ਹਰ ਘਰ ਪਰਵਾਰ ਨੂੰ ਆਪਣੇ ਇਤਿਹਾਸ, ਵਿਰਸੇ ਦੀ ਸੂਝ ਡਖਰ ਹੋਣਾ ਜ਼ਰੂਰੀ ਹੈ ?

੯ ਸਤੰਬਰ, ਧਰਮੀ ਫ਼ੌਜੀ ਜੋ ੧੦ ਜੂਨ ੧੯੮੪ ਤੋਂ ਜੇਲ੍ਹਾਂ ਵਿਚ ਦੁਰ-ਵਿਹਾਰ ਬਰਦਾਸ਼ਤ ਕਰ ਰਹੇ ਉਨ੍ਹਾਂ ਲਈ ਸਿਖ ਵਕੀਲ ਸ: ਰਾਜਦੇਵ

ਸਿੰਘ, ਅਮਰਜੀਤ ਸਿੰਘ ਸ਼ੇਰਗਿਲ, ਹਰਜੀਤ ਸਿੰਘ ਸੰਧੂ, ਬਲਬੀਰ ਸਿੰਘ ਨੀਮਾ, ਸ: ਸਤਨਾਮ ਸਿੰਘ ਨੇ ਜਲੰਧਰ ਵਿਖੇ ਵਿਚਾਰਾਂ ਕੀਤੀਆਂ ਕਿ ਇਨ੍ਹਾਂ ਨੂੰ ਬੀ ਕਲਾਸ ਸਹੂਲਤਾਂ ਦਿਤੀਆਂ ਜਾਣ ਅਤੇ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕੀਤਾ ਜਾਵੇ। ਪਰ ਕਿਸੇ ਅਖੌਤੀ ਲੀਡਰ ਨੇ ਸਾਥ ਨਹੀਂ ਦਿਤਾ।

ਦੁਸ਼ਟ ਜੇ. ਐਫ. ਰੇਬੇਰਿਉ ਨੂੰ ਹੋਰ ਤਰੱਕੀ ਦੇ ਕੇ ਕਮਿਸ਼ਨਰ (ਐਮਬੈਸੇਡਰ) ਰੋਮਾਨੀਆ ਬਣਾ ਦਿਤਾ ਗਿਆ।

੨੨ ਅਕਤੂਬਰ, ਨਕਲੀ ਨਿਰੰਕਾਰੀਆਂ ਦੇ ਅੱਡੇ ਭਰਿਸ਼ਟਾਚਾਰ ਦੇ ਡੇਰੇ ਹਨ, ਪੂੰਜੀਪਤੀ ਕਾਰਖਾਨੇਦਾਰ ਅਤੇ ਸਰਕਾਰ ਦੇ ਵਜ਼ੀਰ ਹਾਕਮ, ਇਨ੍ਹਾਂ ਡੇਰਿਆਂ ਤੋਂ ਗਰੀਬ ਲੜਕੀਆਂ ਲੈ ਜਾਂਦੇ ਹਨ। ਇਹ ਗੁਰਬਾਣੀ ਨੂੰ ਤਰੋੜ-ਮਰੋੜ ਕੇ ਆਪਣੇ ਅਵਤਾਰ ਸਿੰਘ ਦੇ ਨਾਮ ਤੇ ਅਵਤਾਰ ਬਾਣੀ ਅਤੇ ਯੁਗਪੁਰਸ਼ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਲਾਹੀ ਬਾਣੀ ਨੂੰ ਮਰ ਚੁੱਕੇ ਲੋਕਾਂ ਦੀ ਬਾਣੀ ਕਹਿ ਕੇ ਭੰਡੀ ਪ੍ਰਚਾਰ ਕਰਦੇ ਹਨ ਪਰ ਆਪਣੇ ਮਰ ਚੁੱਕੇ ਅਵਤਾਰ ਅਤੇ ਗੁਰਬਚਨੇ ਨੂੰ ਯੁੱਗ ਪੁਰਸ਼ ਦਰਸਾ ਕੇ ਧੰਨ ਨਿਰੰਕਾਰ ਕਹਿੰਦੇ, ਅਕਾਲ ਪੁਰਖ ਦੀ ਬਰਾਬਰੀ ਕਰਦੇ ਹਨ, ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਅਤੇ ਅਪਮਾਨ ਜਨਕ ਸ਼ਬਦਾਂ ਦੀ ਵਰਤੋਂ ਕਰਕੇ ਇਹ ਦੋਵੇਂ ਪੁਸਤਕਾਂ ਜ਼ਬਤ ਕੀਤੇ ਜਾਣ ਲਈ ਇਨ੍ਹਾਂ ਦੇ ਸਮਾਗਮ ਦਿਲੀ ਵਿਰੁੱਧ ਰੋਸ ਮੁਜ਼ਾਹਰਾ ਸ: ਰਛਪਾਲ ਸਿੰਘ ਅਤੇ ਭਾਰੀ ਸੰਗਤਾਂ ਵਲੋਂ ਕੀਤਾ ਗਿਆ। ਪਰ ਰਾਜੀਵ ਦੀ ਸਮਗਲਰ ਸਰਕਾਰ, ਆਪਣੀਆਂ ਵੋਟਾਂ ਖਟੋਰਨ ਵਾਸਤੇ ਇਨ੍ਹਾਂ ਦੀ ਪੂਰੀ ਸਹਾਇਤਾ ਕਰਦੀ ਹੈ।

੨੩ ਅਕਤੂਬਰ, ਜੰਮੂ-ਕਠੂਆ ਵਿਖੇ ਮੁਸਲਮਾਨਾਂ ਵਲੋਂ ਮੁਹੰਮਦ ਦਾ ਜਨਮ ਦਿਨ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

੨੪ ਅਕਤੂਬਰ, ਐਮਨਿਸਟੀ ਇੰਟਰਨੈਸ਼ਨਲ ਲੰਡਨ ਵਲੋਂ, ਸ਼ਹੀਦ ਬੇਅੰਤ ਸਿੰਘ, ਸਤਵੰਤ ਸਿੰਘ, ਕੇਹਰ ਸਿੰਘ ਅਤੇ ਦਿਲੀ ਦੰਗਿਆਂ ਵਿਚ ਨਿਰਦੋਸ਼ ਸਿਖਾਂ ਦੇ ਕਤਲਾਂ ਬਾਰੇ ਇਕ ਰਪੋਟ ੩੧੦ ਪੰਨੇ ਛਪੀ ਹੈ ਪੁਲਸ ਦੇ ਜਬਰ, ਵਧੀਕੀਆਂ ਦੇ ਵੇਰਵੇ ਹਨ। ਚੰਗਾ ਤਾਂ ਇਹ ਹੁੰਦਾ ਹੈ ਕਿ ਹਰ ਸਿਖ ਵਿਦਵਾਨ, ਲੇਖਕ, ਇਤਿਹਾਸਕਾਰ, ਟੀਚਰ, ਸਾਹਿਤਕਾਰ, ਪ੍ਰੈਸ ਰਿਪੋਰਟਰ ਵੀ ਹਰ ਘਟਨਾ ਦੀ ਫੋਟੋ ਖਿਚ ਕੇ ਆਪਣੇ ਸਮੇਂ ਦਾ ਦੁਖਾਂਤ ਪੇਸ਼ ਕਰੇ ਅਤੇ ਹਰ ਸਭਾ, ਸੁਸਾਇਟੀ, ਸੰਸਥਾ ਨੂੰ ਇਹ ਵੇਰਵੇ ਫੋਟੋ ਸਮੇਤ ਛਾਪ ਕੇ ਪ੍ਰਚਾਰ ਕਰਨਾ ਜ਼ਰੂਰੀ ਹੈ। ਕਿਸੇ ਹੋਰ ਦੀ ਉਡੀਕ ਆਸ਼ਾ ਕਰਨੀ ਠੀਕ ਨਹੀਂ।

ਰਾਜੀਵ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦੇ ਝਾਂਸੇ ਹੀ ਦੇਂਦਾ ਰਿਹਾ, ਪਰ ਕਰਵਾਉਣ ਦਾ ਕਦੇ ਐਲਾਨ ਕਾਰਵਾਈ ਨਹੀਂ ਕੀਤੀ। ਸਮਗਲਰ ਰਾਜੀਵ ਨੇ ਪੰਜਾਬ ਦੇ ਅਖੌਤੀ ਪੰਥਕ ਦਲਾਂ ਦੇ ਲੀਡਰਾਂ ਨਾਲ ਸਾਜਸ਼ ਕੀਤੀ ਕਿ ਲੋਕ ਸਭਾ ਦੀਆਂ ਵੋਟਾਂ ਸਮੇਂ ਇਹ ਪੰਜਾਬ ਵਿਚੋਂ ਕਾਂਗਰਸ ਦੇ ਉਮੀਦਵਾਰਾਂ ਨੂੰ ਸਫ਼ਲ ਬਣਵਾਉਣ ਤਾਂਹੀ ਅਸੈਂਬਲੀ ਚੋਣਾਂ ਪੰਜਾਬ ਵਿਚ ਕਰਵਾ ਕੇ ਇਨ੍ਹਾਂ ਨੂੰ ਅਕਾਲੀ-ਕਾਂਗਰਸ ਸਰਕਾਰ ਬਣਵਾ ਦਿਤੀ ਜਾਵੇਗੀ, ਇਸੇ ਸਾਜਸ਼ ਕਰਕੇ ਇਨ੍ਹਾਂ ਅਖੌਤੀ ਪੰਥਕ ਦਲਾਂ ਨੇ ਆਪਣੀ ਏਕਤਾ ਹੀ ਨਹੀਂ ਕੀਤੀ। ਗਵਰਨਰ ਐਸ.ਐਸ.ਰੇ. ਨੇ ਕਾਂਗਰਸੀ ਏਜੰਟ ਵਜੋਂ ਅਖੌਤੀ ਪੰਥਕ ਦਲਾਂ ਦੇ ਲੀਡਰਾਂ ਨੂੰ ਮਾਲੀ ਸਹਾਇਤਾ ਸਰਕਾਰੀ ਸਿਕਿਉਰਟੀ ਪ੍ਰੈਸ ਆਦਿ ਦਿਤਾ, ਇਹ ਆਪਸੀ ਫੁਟ ਕਾਰਣ ਹਰ ਕਿਸੇ ਸੀਟ ਤੋਂ ੧੦-੧੨ ਉਮੀਦਵਾਰ ਖੜੇ ਹੋ ਗਏ ਤਾਂ ਜੋ ਕਾਂਗਰਸ ਦਾ ਉਮੀਦਵਾਰ ਸਫਲ ਹੋ ਜਾਵੇ। ਹਰ ਉਮੀਦਵਾਰ ਨੇ ਨਾਮਜ਼ਦਗੀ ਫਾਰਮ ਭਰਨ, ਦਾਖਲ ਕਰਨ ਸਮੇਂ ਮੀਟ, ਮੁਰਗੇ, ਆਮਲੇਟ ਸਰਕਾਰ ਦੇ ਖਰਚੇ ਤੇ ਲੱਖਾਂ ਕਰੋੜਾਂ ਰੁਪਏ ਸ਼ਰਾਬ, ਵਿਸਕੀਆਂ ਤੇ ਨਸ਼ਟ ਕਰਕੇ ਜਸ਼ਨ ਮਨਾਏ, ਕਿਸੇ ਹੰਕਾਰੀ ਅਕਲ ਦੇ ਅੰਨ੍ਹੇ ਨੇ ਕੋਈ ਧਰਮ ਦਾ ਕਾਰਜ ਜਾਂ ਕਿਸੇ ਗਰੀਬ ਦੀ ਸੇਵਾ, ਦਾਨ ਪੁੰਨ ਤਕ ਨਹੀਂ ਕੀਤਾ ਇਕ ਮਹੀਨਾ ਹਰ ਕਿਸੇ ਨੇ ਚੋਣ ਪ੍ਰਚਾਰ ਲਈ ਗਰੀਬਾਂ ਦੀ ਸੇਵਾ ਕਰਨ ਦੇ ਢੋਕੇ ਨਾਹਰੇ ਰਾਤ ਦਿਨ ਲਗਾਏ ਪਰ ਕਿਸੇ ਨੇ ਵੀ ਕੋਈ ਬਿਰਧ ਘਰ, ਯਤੀਮਖਾਨਾ, ਅਪਾਹਜ ਆਸ਼ਰਮ, ਸੂਰਮਾ ਆਸ਼ਰਮ, ਪਿੰਗਲਵਾੜਾ ਵਿਚ ਇਕ ਰੁਪਿਆ ਵੀ ਦਾਨ ਨਹੀਂ ਦਿਤਾ, ਅਜਿਹੇ ਧੋਖੇਬਾਜ਼, ਮਕਾਰ, ਹੰਕਾਰੀ ਸਮਗਲਰਾਂ ਤੋਂ ਦੇਸ਼ ਦੇ ਭਲੇ ਅਤੇ ਗਰੀਬਾਂ ਦੀ ਭਲਾਈ ਦੀ ਆਸ ਕਿਵੇਂ ਕੀਤੀ ਜਾ ਸਕ ਦੀ ਹੈ? ਵਾਪਾਰੀ ਚੋਣ ਫੰਡ ਦੇ ਕੇ ਹਰ ਵਸਤ ਦੇ ਰੇਟ, ਭਾਅ ਵਧਾ ਕੇ ਕਰੋੜਾਂ ਦੇ ਢੇਰ ਲਗਾਉਣ ਲੱਗੇ।

੨੬ ਅਕਤੂਬਰ, ਵੀਰਵਾਰ ਸੰਗਤਾਂ ਵਲੋਂ ਬਠਿੰਡਾ ਵਿਖੇ ਪੁਲਸ ਜਬਰ ਵਿਰੁੱਧ ਰੋਸ ਕੀਤਾ ਗਿਆ।

ਪੰਜਾਬ ਵਿਚ ਸਰਕਾਰ ਵਲੋਂ ਅਤਿਵਾਦ ਪੁਲਸ ਜਬਰ ਦੀ ਰਪੋਟ ਨਿਤਯਾ ਅਸ਼ੋਕ ੬੬ ਬਾਬਰ ਰੋਡ ਦਿਲੀ-੧ ਵਲੋਂ ਛਾਪੀ ਗਈ ਹੈ, ਪਰ ਕਿਸੇ ਅਖੌਤੀ ਪੰਥਕ ਲੀਡਰ, ਵਿਦਵਾਨ ਵਲੋਂ ਕੁਝ ਨਹੀਂ ਲਿਖਿਆ ਗਿਆ।

੨੭ ਅਕਤੂਬਰ, ਸ਼ੁਕਰਵਾਰ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਜੀ ਦੀ ੨੦ਵੀਂ ਬਰਸੀ ਪਿੰਡ ਫੇਰੂਮਾਨ ਵਿਖੇ ਮਨਾਈ ਗਈ। ਕੋਈ ਅਖੌਤੀ ਪੰਥਕ ਆਗੂ ਨਹੀਂ ਪਹੁੰਚਿਆ।

ਨਵੰਬਰ ੧੯੮੪ ਦਿਲੀ ਦੰਗਿਆਂ ਸਮੇਂ ਬ੍ਰਹਮਾ ਨੰਦ ਗੁਪਤਾ ਦਿਲੀ ਦਾ ਗੁੰਡਾ ਕਾਤਲ ਕਾਂਗਰਸੀ ਹੈ, ਇਸ ਨੇ ਫਰਵਰੀ ੧੯੮੭ ਵਿਚ ਬਣੇ ਜੈਨ-ਬੈਨਰਜੀ ਕਮਿਸ਼ਨ ਨੂੰ ਚੈਲੰਜ ਕੀਤਾ ਹੈ ਕਿ ਅਜਿਹਾ ਕਮਿਸ਼ਨ ਲੈਫ: ਗਵਰਨਰ ਦਿਲੀ ਵਲੋਂ ਕਾਇਮ ਨਹੀਂ ਕੀਤਾ ਸਕਦਾ ਹੈ, ਐਚ.ਕੇ.ਐਲ. ਭਗਤ ਵਡਾ ਗੁੰਡਾ ਕਾਤਲ, ਕਾਂਗਰਸ ਦਾ ਮੰਤਰੀ ਹੈ ।

੨੭ ਅਕਤੂਬਰ ਸ਼ੁਕਰਵਾਰ ਗੁਰਬਾਣੀ ਕੀਰਤਨ ਨਿਸ਼ਕਾਮ ਸੇਵਕ, ਪ੍ਰਚਾਰਕ ਮਾਸਟਰ ਨਿਹਾਲ ਸਿੰਘ ਜੀ ਸੇਵਾ ਸਿਮਰਨ ਕਰਦੇ, ਰਾਜਵਿਲਾ ਬੰਗਲੌਰ ਵਿਖੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ ।

੨੯ ਅਕਤੂਬਰ ਐਤਵਾਰ ਦੀਵਾਲੀ, ਇਤਿਹਾਸਕ ਮਰਯਾਦਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ, ਦੀਪਮਾਲਾ, ਆਤਸ਼ਬਾਜ਼ੀ ਮੁਕਾਬਲੇ ਕਰਵਾ ਕੇ ਮਨਾਈ ਗਈ ਐਸ.ਐਸ.ਰੇ. ਗਵਰਨਰ ਪੰਜਾਬ ਆਪਣੇ ਪਰਵਾਰ ਸਮੇਤ ਪਹੁੰਚਿਆ ।

ਦੁਖ ਦੀ ਗੱਲ ਇਹ ਹੈ ਕਿ ਲੋਕ ਚੋਣ ਪ੍ਰਚਾਰ ਵਾਸਤੇ ਆਪਣੀਆਂ ਕਾਰਾਂ, ਪਟਰੋਲ ਧਨ ਨਸ਼ਟ ਕਰਦੇ ਹਨ ਪਰ ਗੁਰੂ ਦੇ ਪ੍ਰਚਾਰ ਵਾਸਤੇ ਘੋਸ ਵਟ ਜਾਂਦੇ ਹਨ, ਇਹ ਚੰਗੇ ਗੁਰੂ ਦੇ ਸਿਖ ਹਨ ?

੩੦ ਅਕਤੂਬਰ ਜੰਮੂ ਕਸ਼ਮੀਰ ਦੇ ਨਾਲ ਲਗਦੇ ਲਦਾਖ ਵਿਚ ਬੋਧੀ ਰਹਿੰਦੇ ਹਨ, ਇਨ੍ਹਾਂ ਦੀਆਂ ਵੋਟਾਂ ਬਟੋਰਨ ਵਾਸਤੇ, ਇਨ੍ਹਾਂ ਲੋਕਾਂ ਨੂੰ ਅਨੁਸੂਚਿਤ ਕਬੀਲੇ ਵਾਲੀਆਂ ਸਹੂਲਤਾਂ ਪ੍ਰਵਾਨ ਕਰਕੇ, ਲਦਾਖ ਨੂੰ ਵੱਖਰੀ ਯੂਨੀਅਨ ਟੈਰੀਟਰੀ, ਦਾਰਜਲਿੰਗ ਵਾਂਗ ਬਣਾ ਦਿਤੀ ਗਈ। ੧੨ ਲੱਖ ਗੁਜਰ ਰਹਿੰਦੇ ਹਨ। ਇਨ੍ਹਾਂ ਦਾ ਲੀਡਰ ਮੁਹੰਮਦ ਇਬਰਾਹੀਮ ਹੈ, ਵੋਟਾਂ ਬਟੋਰਨ ਲਈ ਸਹੂਲਤਾਂ ਦੇ ਦਿਤੀਆਂ ਗਈਆਂ ਹਨ। ਪੱਛਮੀ ਬੰਗਾਲ ਵਿਚ ਗੋਰਖਾਲੈਂਡ ਵਾਸਤੇ ਹਿੱਲ ਕੌਂਸਲ ਕਾਇਮ ਕਰ ਦਿਤੀ ਗਈ, ਪਰ ਪੰਜਾਬ ਵਿਚ ਕਾਂਗਰਸ ਨੂੰ ਕੋਈ ਆਸ ਨਹੀਂ ਸੀ ਇਸ ਕਰਕੇ ਕੋਈ ਸਹੂਲਤ ਨਹੀਂ ਸੋਚੀ ਗਈ ।

ਹਰਿਆਣਾ ਵਿਚ ਮੁਸਲਮਾਨਾਂ ਦੀ ਆਬਾਦੀ ਨਾਮ-ਮਾਤਰ ਹੈ, ਪਰ ਉਨ੍ਹਾਂ ਦੀਆਂ ਵੋਟਾਂ ਬਟੋਰਨ ਲਈ, ਉਰਦੂ ਦੇ ਵਿਕਾਸ ਲਈ ਅਕੈਡਮੀ, ਉਰਦੂ ਦੇ ਅਦੀਬਾਂ ਦੀਆਂ ਮਹਿਫਲਾਂ ਸਨਮਾਨ ਦਿਤੇ ਜਾਂਦੇ ਹਨ, ਪਰ ਪੰਜਾਬੀ ਭਸ਼ਾ ਵਾਸਤੇ ਮੈਂ ਨਾ ਮਾਨੂੰ, ਕੇਵਲ ਵੋਟਾਂ ਬਟੋਰਨ ਲਈ ਲਾਰੇ-ਲਪੇ ਹੀ ਹਨ। ਰੋੜੀ ਦੇ ਇਲਾਕੇ ਵਿਚ ਸਿਖ ਵੋਟਾਂ ਹਨ, ਸਿਖ ਨੂੰ ਕਦੇ ਸੀਟ ਨਹੀਂ ਦਿਤੀ ਗਈ, ਉਥੇ ਸਿਖਾਂ ਦੀ ਕੋਈ ਸੁਣਵਾਈ ਨਹੀਂ ।

ਸ਼ਹੀਦ ਸਤਵੰਤ ਸਿੰਘ ਦੀ ਯਾਦ, ਪਿੰਡ ਅਗਵਾਨ ਡੇਰਾ ਬਾਬਾ

ਨਾਨਕ ਜ਼ਿਲਾ ਗੁਰਦਾਸਪੁਰ ਮਨਾਈ ਗਈ ਇਕ ਗੁਰਦੁਆਰਾ ਸਾਹਿਬ ਦੀ ਨੀਂਹ ਬਾਬਾ ਠਾਕਰ ਸਿੰਘ, ਸੰਤ ਬਾਬਾ ਬਲਕਾਰ ਸਿੰਘ ਜੀ ਨੇ ਅਰਦਾਸ ਕਰਕੇ ਰਖੀ, ਉਸਾਰੀ ਚਾਲੂ ਹੈ। ਇਥੇ ਗੁਰਮਤਿ ਦੀ ਲਾਇਬਰੇਰੀ ਬਣਾਉਣੀ ਜ਼ਰੂਰੀ ਹੈ। ਪਰ ਕੋਈ ਅਖੌਤੀ ਲੀਡਰ ਨਹੀਂ ਪਹੁੰਚਿਆ।

ਸਮਗਲਰ ਗੰਗੂ ਸਰਕਾਰ ਵਲੋਂ ਪੁਲਸ, ਸੀ.ਆਰ.ਪੀ.ਐਫ. ਫ਼ੌਜ, ਬੀ.ਐਸ.ਐਫ. ਅਤੇ ਸਰਕਾਰੀ ਦਫ਼ਤਰਾਂ ਵਿਚ ਜੋ ਸਿਖ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਧਰਮ ਪ੍ਰਚਾਰ ਲਈ ਛਪਦੇ ਮਾਸਕ ਗੁਰਮਤਿ ਪ੍ਰਕਾਸ਼ ਗੁਰਦੁਆਰਾ ਗਜ਼ਟ ਅਤੇ ਧਰਮ ਪ੍ਰਚਾਰ ਦੇ ਹੋਰ ਮਾਸਕ ਮੈਗ਼ਜ਼ੀਨ ਸੰਤ ਸਿਪਾਹੀ, ਸੱਚਖੰਡ ਪਤਰ, ਸੀਨ ਗੰਜ ਆਦਿ ਪੜ੍ਹਨ ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿਤੀ, ਸਿਖ ਮੁਲਾਜ਼ਮਾਂ ਨੇ ਨੌਕਰੀ ਤੋਂ ਡਰਦੇ ਇਹ ਮੈਗਜ਼ੀਨ ਮੰਗਵਾਉਣੇ ਪੜ੍ਹਨੇ ਹੀ ਬੰਦ ਕਰ ਦਿਤੇ, ਇਹ ਕਿਸ ਤਰ੍ਹਾਂ ਦੀ ਆਜ਼ਾਦੀ ਹੈ ? ਜਦੋਂ ਕਿ ਹਿੰਦੀ ਦੇ ਹਰ ਧਰਮ ਦੇ ਮੈਗਜ਼ੀਨ ਅਖਬਾਰ ਹਰ ਦਫਤਰ ਵਿਚ ਮੰਗਵਾਏ, ਪੜ੍ਹੇ ਜਾਂਦੇ ਹਨ। ਦੁਖ ਹੈ ਕਿ ਕਿਸੇ ਅਖੌਤੀ ਪੰਥਕ ਦਲ ਦੇ ਲੀਡਰ ਨੇ ਇਸ ਵਿਤਕਰੇ ਜ਼ੁਲਮ ਵਿਰੁਧ ਕੋਈ ਅਕਲ ਨਹੀਂ ਵਿਖਾਈ।

੧ ਨਵੰਬਰ ਪੰਜਾਬ ਦੇ ਗੰਗੂ ਹਾਕਮ, ਪੰਜਾਬ ਅਤੇ ਪੰਜਾਬੀ ਦਿਵਸ, ਮਨਾਉਣ ਦੀ ਬਜਾਏ ਹਰਿਆਣਾ ਰਾਜ ਭਵਨ ਵਿਚ ਹਿੰਦੀ ਦਿਵਸ ਮਨਾਉਂਦੇ ਹਨ, ਪਰ ਕਿਸੇ ਪੰਥਕ ਲੀਡਰ ਨੇ ਰੋਸ ਨਹੀਂ ਕੀਤਾ।

ਸਾਰੇ ਸੰਸਾਰ ਦੇ ਧਰਮਾਂ ਸਬੰਧੀ ਅਮਨ ਸ਼ਾਂਤੀ ਦੇ ਸੰਦੇਸ਼ ਤੇ ਇਕ ਵਡੀ ਕਾਨਫ਼ਰੰਸ ਦਖਣੀ ਕੋਰੀਆ ਦੇ ਨਗਰ ਸਿਉਲ ਵਿਖੇ ਹੋਈ ਪਰ ਸਿਖ ਧਰਮ ਦਾ ਕੋਈ ਸਕਾਲਰ, ਪ੍ਰਤਿਨਿਧ ਉਥੇ ਨਹੀਂ ਪਹੁੰਚਿਆ। ਇਸੇ ਤਰ੍ਹਾਂ ਦੀ ਸਾਰੇ ਸੰਸਾਰ ਦੇ ਧਰਮਾਂ ਦੀ ਵੱਡੀ ਕਾਨਫ਼ਰੰਸ ੧੧ ਸਤੰਬਰ, ੧੮੯੩ ਸੋਮਵਾਰ, ਸ਼ਿਕਾਗੋ ਵਿਖੇ ਹੋਈ ਸੀ ਉਥੇ ਹੋਰਨਾਂ ਧਰਮਾਂ ਵਾਲੇ ਪਹੁੰਚੇ ਪਰ ਸਿਖ ਧਰਮ ਦਾ ਕੋਈ ਸਕਾਲਰ ਪ੍ਰਤੀਨਿਧ ਨਹੀਂ ਪਹੁੰਚਿਆ ਸੀ।

ਇਸ ਤੋਂ ਵਧੇਰੇ ਹੋਰ ਦੁਖ ਵਾਲੀ ਗੱਲ ਕਿ ਸ੍ਰੀ ਐਨ ਕੇ ਦੇਵਾਰਾਜਾ ਵਲੋਂ ਇਕ ਪੁਸਤਕ Humanism in Indian Thought ਵਿਚ ਸਿਖ ਧਰਮ ਦਾ ਕੋਈ ਜ਼ਿਕਰ ਹੀ ਨਹੀਂ, ਪਰ ਸਿਖ ਧਰਮ ਦੇ ਸਾਰੇ ਵਿਦਵਾਨ ਸਕਾਲਰ ਬਿਲਕੁਲ ਚੁਪ ਕਿਉਂ ਹਨ ?

ਲਗਭਗ ਸਾਰੇ ਵਿਦਵਾਨ ਡਾਕਟਰੇਟ ਕਰਨ, ਨੌਕਰੀਆਂ ਲੈਣ, ਆਪਣੇ ਲੇਖ, ਪੁਸਤਕਾਂ, ਰੀਸਰਸਚ ਪੇਪਰ ਅਤੇ ਆਪਣੀਆਂ ਸਵੈ-ਜੀਵਨੀਆਂ ਅਭਿਨੰਦਨ ਗ੍ਰੰਥ ਲਿਖਣ, ਪੁਸਤਕਾਂ ਛਾਪ ਕੇ ਧੰਨ ਇਕੱਠਾ ਕਰਨ ਵਿਚ

ਰੁਝੇ ਹੋਏ ਹਨ, ਗੁਰਮਤਿ ਦਾ ਲਿਟਰੇਚਰ, ਧਰਮ ਪ੍ਰਚਾਰ ਦੀ ਮਿਸ਼ਨਰੀ ਭਾਵਨਾ ਨਾਲ ਤਿਆਰ ਕਰਕੇ ਵੰਡਣ ਵਾਲੇ ਵਿਰਲੇਹੀ ਹਨ, ਹਾਲਾਂਕਿ ਬਾਣੀ ਵਾਰਨਿੰਗ ਦੇ ਰਹੀ ਹੈ, ਪੜ੍ਹਿਆ ਮੂਰਖ ਆਖੀਐ ਜਿਸ ਲਬੁ ਲੋਭੁ ਅਹੰਕਾਰਾ, ਧ੍ਰਿਗ ਤਿਨਾ ਦਾ ਜੀਵਿਆ ਜੋ ਲਿਖਿ ਲਿਖਿ ਵੇਚਹਿ ਨਾਮੁ। ਅੱਜ ਸਾਡੇ ਘਰਾਂ ਵਿਚ ਸਿਖ ਧਰਮ ਇਤਿਹਾਸ ਦੀ ਕੋਈ ਪੁਸਤਕ ਨਹੀਂ। ਅਸੀਂ ਸਿਖ ਪ੍ਰੀਵਾਰ ਦੇ ਘਰ ਜਨਮ ਲੈਣ ਕਰਕੇ ਸਿਖ ਹਾਂ, ਪਰ ਸਿਖ ਧਰਮ ਦੀ ਮਹਾਨਤਾ ਜਾਣਕਾਰੀ ਤੋਂ ਸਖਣੇ ਹਾਂ। ਕਿਤਨੀ ਸ਼ਰਮ ਵਾਲੀ ਗਲ ਹੈ ?

ਅਸੀਂ ਆਪਣੀਆਂ ਰੋਜ਼ ਦੀਆਂ ਲੋੜਾਂ ਵਾਸਤੇ ਕਿਤਨਾ ਖ਼ਰਚ ਕਰਦੇ ਹਾਂ ਪਰ ਧਾਰਮਿਕ ਲਿਟਰੇਚਰ ਵਾਸਤੇ ਮੁਫਤ ਮੰਗਦੇ ਹਾਂ। ਈਸਾਈ ਮਿਸ਼ਨਰੀ ਪਾਦਰੀ, ਪੋਪ ਕੇਵਲ ਧਰਮ ਪ੍ਰਚਾਰ ਲਿਟਰੇਚਰ ਛਾਪ ਕੇ ਵੰਡ ਕੇ ਪ੍ਰਚਾਰ ਕਰਦੇ ਹਨ। ਕੀ ਉਨ੍ਹਾਂ ਦੀ ਰੀਸ ਵੀ ਨਹੀਂ ਕਰ ਸਕਦੇ ?

ਰਾਜੀਵ ਨੇ ਪ੍ਰਣ ਕੀਤਾ ਹੋਇਆ ਕਿ ਸਿਖਾਂ ਨੂੰ ਖਤਮ ਕਰਨਾ ਹੈ ਇਸ ਕਰਕੇ ਸਿਖਾਂ ਉਪਰ ਜ਼ੁਲਮ ਹੋਣ ਲਗੇ, ਆਸਾਮ ਵਿਚ ਏ.ਜੀ.ਪੀ. ਸਰਕਾਰ, ਯੂ.ਐਲ.ਐਫ.ਏ. ਲੀਡਰਾਂ ਨਾਲ ਗੱਲਬਾਤ ਕਰਦੀ ਹੈ, ਮਿਜ਼ੋਰਮ ਸਬੰਧੀ ਕੇਵਲ ਲਾਲ ਡੇਂਗਾ ਫ਼ੀਜ਼ੋ ਨਾਲ ਵਿਚਾਰ ਹੁੰਦੀ ਹੈ, ਸ੍ਰੀਲੰਕਾ ਦੇ ਤਾਮਲ ਗੁਰੀਲੇ ਭਾਰੀ ਅਸਲਾ ਤਾਮਲਨਾਡੂ ਵਿਚ ਲੈ ਆਏ ਹਨ ਤਾਮਲਨਾਡੂ ਵੱਖ ਰਾਜ ਬਣਾਉਣ ਲਈ ਐਸ ਕਰੁਨਿਧੀ ਸਰਕਾਰ, ਡੀ.ਐਮ.ਕੇ. ਸ੍ਰੀਲੰਕਾ ਵਿਚ ਐਲ.ਟੀ.ਟੀ.ਈ. ਲੀਡਰਾਂ ਵਲੋਂ ਮੰਗ ਹੈ। ਕਸ਼ਮੀਰ ਦੇ ਮਾਮਲੇ ਵਿਚ ਡਾ. ਫਾਰੂਕ ਅਬਦੁਲਾ ਨਾਲ ਵਿਚਾਰਾਂ ਹੁੰਦੀਆਂ ਹਨ। ਸਾਰੇ ਭਾਰਤ ਵਿਚ ਹਿੰਦੂ ਗੰਗੂ ਬਹੁ-ਗਿਣਤੀ ਸਰਕਾਰਾਂ ਹਨ, ਘਟ ਗਿਣਤੀ ਦੇ ਸਿਖਾਂ ਅਤੇ ਮੁਸਲਮਾਨਾਂ ਨੂੰ ਕਦੇ ਵਿਸ਼ਵਾਸ ਗੱਲਬਾਤ ਵਿਚ ਨਹੀਂ ਸੁਣਿਆ ਜਾਂਦਾ, ਪਰ ਇਹ ਗੰਜੂ ਕਸ਼ਮੀਰ ਵਿਚ ਮੁਸਲਮਾਨ ਅਤੇ ਪੰਜਾਬ ਵਿਚ ਬਹੁ-ਗਿਣਤੀ ਸਿਖ ਸਰਕਾਰਾਂ ਨੂੰ ਬਰਦਾਸ਼ਤ ਨਹੀਂ ਕਰ ਕਰਦੇ। ਪੰਜਾਬ ਦੇ ਮਸਲੇ ਬਾਰੇ ਕੇਵਲ ਸ: ਸਿਮਰਨਜੀਤ ਸਿੰਘ ਮਾਨ ਨਾਲ ਹੀ ਫ਼ੈਸਲਾਕੁਨ ਗੱਲ ਕਰਨੀ ਚਾਹੀਦੀ ਹੈ, ਸਰਬ ਪਾਰਟੀ ਸੰਮੇਲਨ ਦਾ ਕੋਈ ਅਰਥ ਹੀ ਨਹੀਂ, ਪੰਜਾਬ ਵਿਚ ਹਰ ਮਾਮਲੇ ਵਿਚ ਗੰਗੂ ਪੰਡਤਾਂ ਦੀ ਸਲਾਹ ਲੈਣੀ ਗਲਤ ਢਕਵੰਜ ਹੈ। ਅਕਾਲੀ ਵੀ ਵੱਖ ਵੱਖ ਦਲ ਹਨ। ਪੰਥਕ ਏਕਤਾ ਹੀ ਨਹੀਂ ਕਰਦੇ ?

ਅਜੁਧਿਆ ਵਿਖੇ ਬਾਬਰ ਦੇ ਸਮੇਂ ਦੀ ਬਣਵਾਈ ਮਸੀਤ ਉਪਰ ਇਹ ਗੰਗੂ ਪਿਛਲੇ ੫੦੦ ਸਾਲਾਂ ਵਿਚ ਕਦੇ ਵੀ ਆਪਣਾ ਕਬਜ਼ਾ ਕਿਉਂ ਨਹੀਂ ਕਰ ਸਕੇ ਕੇਵਲ ਰੌਲਾ, ਇਕੱਠ, ਦੰਗੇ ਹੀ ਕਰੀ ਜਾ ਰਹੇ ਹਨ, ਸ੍ਰੀ ਹਰਿਮੰਦਰ

ਸਾਹਿਬ ਵਿਖੇ ਹਰ ਰਾਜੇ ਸ਼ੀਹ ਮੁਕੱਦਮ ਕੁੱਤੇ ਨੇ ਬਰਬਾਦੀ ਕੀਤੀ ਪਰ ਸਿੰਘ ਹਰ ਸਮੇਂ ਕੁਰਬਾਨੀਆਂ ਦੇ ਕੇ ਗੁਰੂ ਦਰਬਾਰ ਦੀ ਸੰਭਾਲ ਸੇਵਾ ਉਸਾਰੀ ਕਰਦੇ ਰਹੇ । ਇਨ੍ਹਾਂ ਗੰਗੂ ਪੰਡਤਾਂ ਦੀ ਅਕਲ ਦਾ ਦਿਵਾਲਾ ਵੇਖੋ ਕਿ ਜਿਨ੍ਹਾਂ ਸੂਰਬੀਰ ਸਿਖਾਂ ਨੇ ਹਰ ਸਮੇਂ ਪਿਛਲੇ ੫੦੦ ਸਾਲਾਂ ਵਿਚ ਦੇਸ਼ ਵਾਸਤੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਖ਼ਤਮ ਕਰਨ ਵਾਸਤੇ, ਨਾਸਤਕ ਰੂਸ, ਅਮਰੀਕਾ, ਚੀਨ, ਨਿਪਾਲ ਨਾਲ ਦੋਸਤੀ ਕਾਇਮ ਕਰਕੇ ਕਰੋੜਾਂ ਰੁਪਏ ਦੀਆਂ ਸਹੂਲਤਾਂ ਉਨ੍ਹਾਂ ਨੂੰ ਦੇ ਰਹੇ ਹਨ, ਅਤੇ ਆਪਣੇ ਦੇਸ਼ ਦੇ ਗਰੀਬ ਕਿਰਤੀ ਲੋਕਾਂ ਨੂੰ ਮਹਿੰਗਾਈ ਵਧਾ ਕੇਕਰਜ਼ਾਈ ਕਰਕੇ ਮਾਰ ਰਹੇ ਹਨ ।

ਵਾਸ਼ਿੰਟਨ ਅਮਰੀਕਾ ਵਿਚ ਗੁਰਸਿਖੀ ਰਹਿਤ । ਬੀਬੀ ਹਰਸ਼ਰਨ ਕੌਰ ਮਾਨ, ਹੋਸਟਨ ਵਿਖੇ ਇਕ ਹੋਟਲ ਦੇ ਕਿਚਨ ਵਿਚ ਨੌਕਰੀ ਕਰਦੀ ਨੂੰ ਇਸ ਕਰਕੇ ਨੌਕਰੀ ਤੋਂ ਕਢ ਦਿਤਾ ਕਿ ਉਸ ਨੇ ਕੜਾ ਉਤਾਰਨ ਤੋਂ ਇਨਕਾਰ ਕੀਤਾ ਸੀ ਕਿ ਇਹ ਕੜਾ ਧਾਰਮਿਕ ਕਕਾਰ ਚਿੰਨ ਹੈ, ਅਦਾਲਤ ਨੇ ਇਸ ਨੂੰ ਸਿਵਲ ਅਧਿਕਾਰ ਐਕਟ ਦੀ ਧਾਰਾ ੭ ਅਨੁਸਾਰ, ਕੜਾ ਪਾ ਕੇ ਨੌਕਰੀ ਕਰਨ ਲਈ ਇਨਸਾਫ ਦਿਤਾ ਅਤੇ ਨੌਕਰੀ ਤੇ ਬਹਾਲ ਹੋ ਗਈ। ਪਰ ਭਾਰਤ ਜੋ ਹਜ਼ਾਰਾਂ ਸਾਲਾਂ ਤੋਂ ਧਰਮਿਕ ਵਿਸ਼ਵਾਸਾਂ ਵਾਲਾ ਦੇਸ਼ ਰਿਹਾ ਹੈ, ਸਮਗਲਰ ਰਾਜੀਵ ਅਤੇ ਸੋਨੀਆਂ ਡਾਂਸਰ ਨੇ ਧਰਮ ਇਖਲਾਕ ਦੀਆਂ ਜੜ੍ਹਾਂ ਖੋਖਲੀਆਂ ਕਰ ਦਿਤੀਆਂ ਹਨ ਇਥੇ ਰਹਿਤਵਾਨ ਸਿਖਾਂ ਨੂੰ ਪੁਲਸ ਥਾਣਿਆਂ ਬੁਚੜ ਸੈਲਾਂ ਅਤੇ ਜੇਲ੍ਹਾਂ ਵਿਚ ਰਾਸ਼ਨ ਵਿਚ ਸਿਗਰਟ ਤਮਾਕੂ ਮਿਲਾ ਕੇ ਦਿਤਾ ਜਾਂਦਾ ਹੈ । ਫੌਜ ਵਿਚ ਉਨ੍ਹਾਂ ਸਿਖਾਂ ਨੂੰ ਤਰੱਕੀ ਦਿਤੀ ਜਾਂਦੀ ਹੈ ਜੋ ਪਤੱਤ ਹੋ ਜਾਣ । ਅਦਾਲਤਾਂ ਵਿਚ ਉਨ੍ਹਾਂ ਸਿਖਾਂ ਨੂੰ ਜੱਜ ਲਗਾਇਆ ਜਾਂਦਾ ਹੈ ਜੋ ਰਹਿਤ ਤੋਂ ਸਖਣੇ ਹੋਣ । ਪਰ ਅਖੌਤੀ ਲੀਡਰ ਚੁਪ ਹਨ ।

ਵੈਨਕੁਵਰ (ਕੈਨੇਡਾ) ਵਿਖੇ ਖ਼ਾਲਸਾ ਸਕੂਲ, ਅਰਦਾਸ ਕਰ ਕੇ ਸ਼ੁਰੂ ਕੀਤਾ ਗਿਆ ਹੈ, ਇਕ ਹਾਲ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰੋਜ਼ਾਨਾ ਸ਼ਬਦ ਕੀਰਤਨ ਹੁੰਦਾ ਹੈ, ਗੁਰਮੁਖੀ ਦੀ ਪੜ੍ਹਾਈ ਹੁੰਦੀ ਹੈ ।

ਦਿੱਲੀ ਵਿਚ ਕੁਲ ਪਏ ਲੱਖ ਵੋਟਰ ਹਨ, ੧੦ ਲੱਖ ਅਨੁਸੂਚਤ ਜਾਤੀਆਂ ਅਤੇ ੭ ਲੱਖ ਸਿੱਖ ਹਨ । ਦਿੱਲੀ ਵਿਚੋਂ ੭ ਐਮ. ਪੀ ਹਨ, ਇਨ੍ਹਾਂ ਵਿਚੋਂ ਕੋਈ ਵੀ ਸਿਖ ਉਮੀਦਵਾਰ ਨਹੀਂ ਖੜਾ ਕੀਤਾ ਗਿਆ । ਜਗਦੀਸ਼ ਟਾਈਟਲਰ ਈਸਾਈ ਨੂੰ ਟਿਕਟ ਦਿਤੀ ਗਈ। ਸ੍ਰੀ ਹਰਵਿੰਦਰਾ ਸਿੰਘ ਹੰਸਪਾਲ ਨਾਮਧਾਰੀ ਕਾਂਗਰਸੀ ਮੈਂਬਰ ਰਾਜਯ ਸਭਾ ਹੈ, ਦਿਲੀ ਦੇ ਬਹੁਤ ਸਰਮਾਏਦਾਰ, ਕਾਰਖਾਨੇਦਾਰ ਵਾਪਾਰੀ ਸਿਖ ਚੁਫੇਰ ਗੜੀਏ, ਦੋਗਲੇ ਹਨ ਕਦੇ ਕਿਸੇ ਨੇ ਪੰਜ ਪਿਆਰਿਆਂ

ਵਜੋਂ ਅੰਮ੍ਰਿਤ ਦਾ ਬਾਟਾ ਤਿਆਰ ਕਰਤੇ ਕਿਸੇ ਨੂੰ ਗੁਰੂ ਵਾਲੇ ਨਹੀਂ ਬਣਾਇਆ ਇਹ ਅੰਨ੍ਹੇ ਆਗੂ ਰਾਤ ਦਿਨ ਰਾਜੀਵ, ਬੂਟਾ ਸਿੰਘ ਦੀਆਂ ਪਰਕਰਮਾਂ ਕਰਦੇ ਹਨ, ਜ਼ਾਤ ਬਰਾਦਰੀਆਂ ਕਰਕੇ ਵਿਤਕਰੇ ਕਰਦੇ ਬਹੁਤ ਸਾਰੇ ਅਯਾਸ਼ੀ ਕਲਬਾਂ ਵਿਚ ਮੀਟ ਮੁਰਗੇ ਵਿਸਕੀ, ਡਿਸਕੋ ਡਾਂਸ ਕਰਦੇ, ਸ਼ਰਾਬ ਦੇ ਠੇਕੇਦਾਰ ਅਤੇ ਸਮਗਲਰ ਵੀ ਹਨ। ਸਿਖ ਧਰਮ ਦਾ ਇਤਿਹਾਸ, ਲਿਟਰੇਚਰ ਛਾਪ ਕੇ ਵੰਡਣ ਦੀ ਅਕਲ ਘੱਟ, ਕੇਵਲ ਧੜੇਬਾਜ਼ੀ ਅਤੇ ਸਰਕਾਰ ਦੀ ਸਹਾਇਤਾ ਨਾਲ ਗੁਰੂ ਘਰਾਂ ਉਪਰ ਗੋਲਕਾਂ ਤੇ ਕਬਜ਼ੇ ਹਨ ਧਰਮ ਪ੍ਰਚਾਰ ਫੰਡ ਮੁਕਦਮੇ ਕਰਕੇ ਨਸ਼ਟ ਕਰਦੇ ਹਨ ਵਾਹਿਗੁਰੂ ਸੁਮਤ ਬਖਸ਼ੇ।

ਇਨ੍ਹਾਂ ਦੇ ਸਰਕਾਰੀ ਕੋਟੇ, ਏਜੰਸੀਆਂ, ਬੰਗਲੇ, ਕਾਰਾਂ, ਕਾਰਖਾਨੇ ਬੈਂਕ ਲਾਕਰਾਂ ਦੀ ਪੜਤਾਲ ਕਰਨੀ ਜ਼ਰੂਰੀ ਹੈ। ਇਹ ਜ਼ਬਤ ਕਰਨੇ ਜ਼ਰੂਰੀ ਹਨ।

੨ ਨਵੰਬਰ ਵੀਰਵਾਰ, ਲੋਕ ਸਭਾ ਚੋਣਾਂ ਲਈ ਦਿਲੀ ਦੇ ਸਿਖਾਂ ਨੇ ਵੋਟ ਕਾਂਗਰਸ ਦੇ ਵਿਰੁਧ ਪਾਉਣ ਦਾ ਫੈਸਲਾ ਕੀਤਾ ਤਾਂ ਯੂਥ ਕਾਂਗਰਸ ਦੇ ਗੁੰਡਾ ਅਨੁਸਰ ਨੇ ਸਿਖ ਗੁਰਦੁਆਰਿਆਂ ਤੇ ਹਮਲੇ ਕੀਤੇ, ਸਿਖਾਂ ਦੇ ਵਾਪਾਰਕ ਅਦਾਰੇ ਸਾੜ ਫੂਕ, ਲੁਟਮਾਰ ਕੀਤੀ। ਦਿਲੀ ਵਿਚ ੧੬ ਲਖ ਸਿਖ ਵਸਦੇ ਹਨ ਫਿਰ ਵੀ ਕਿਸੇ ਸਿਖ ਨੂੰ ਲੋਕ ਸਭਾ ਲਈ ਸੀਟ ਨਹੀਂ ਦਿਤੀ ਗਈ ਪਰ ਸਾਰੇ ਸਿਖਾਂ ਨੇ ਭਾਰਤੀ ਜਨਤਾ ਦਲ ਦੇ ਗੰਗੂ ਉਮੀਦਵਾਰਾਂ ਨੂੰ ਸਫਲ ਬਣਾਇਆ।

ਕਿਤਨੀ ਸ਼ਰਮ ਦੀ ਗਲ ਹੈ ਬੂਟਾ ਸਿਹੁੰ ਆਪਣੀ ਕਿਸਮਤ, ਵੋਟਾਂ ਵਾਸਤੇ ਗੰਗੂ ਜੋਤਸ਼ੀਆਂ ਵਲੋਂ ਮੰਦਰਾਂ ਵਿਚ ਹਵਨ ਯਗ, ਤਿਲਕ ਟਿਕੇ ਲਗਵਾ ਕੇ ੭ ਲਖ ਰੁਪਏ ਨਸ਼ਟ ਕੀਤੇ, ਪਰ ਆਪਣੇ ਹਰਿਮੰਦਰ ਗੁਰੂ ਦਰਬਾਰ ਵਿਖੇ ਭੁਰ ਬਖਸ਼ਾਉਣ, ਸੇਵਾ ਕਰਨ, ਯਤੀਮਖਾਨਾ, ਪਿੰਗਲਵਾੜਾ ਇਕ ਰੁਪਿਆ ਵੀ ਦਾਨ ਨਹੀਂ ਕੀਤਾ ਗਿਆ।

੬ ਨਵੰਬਰ ਸੋਮਵਾਰ ਸ਼ੰਭੂ ਨਾਥ ਸ਼ਾਸਤਰੀ ਪ੍ਰਧਾਨ ਹਿੰਦੀ-ਸੰਸਕ੍ਰਿਤ ਪਰਿਸ਼ਦ ਜਲੰਧਰ, ਪੰਜਾਬ ਵਿਚ ਸੰਸਕ੍ਰਿਤ ਦੇ ਵਿਕਾਸ ਲਈ ਭੂਤਰਿਆ ਫਿਰਦਾ ਹੈ, ਪਰ ਇਹ ਗੰਗੂ ਹਰਿਆਣਾ ਵਿਚ ਪੰਜਾਬੀ ਦੇ ਵਿਕਾਸ ਦੂਜੀ ਭਾਸ਼ਾ ਲਈ ਕੋਈ ਗਲ ਨਹੀਂ ਸੁਣਦੇ।

੧੪ ਨਵੰਬਰ ਦਸਮੇਸ਼ ਹਸਪਤਾਲ ੧੨੦ ਬਿਸਤਰਿਆਂ ਦੇ ਪ੍ਰਬੰਧ ਵਾਲਾ ਨਾਦੇੜ (ਮਹਾਰਾਸ਼ਟਰ) ਵਿਖੇ ਤਿਆਰ ਹੋ ਕੇ, ਅਰਦਾਸ ਕਰਕੇ ਉਦ-ਘਾਟਨ ਕੀਤਾ ਗਿਆ।

੧੬ ਨਵੰਬਰ ਵੀਰਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ

ਵਿਚ ੧੬ ਨਵੰਬਰ ਵੀਰਵਾਰ, ਪਿੰਡ ਸਰਾਭਾ ਵਿਖੇ ਇਕ ਹਸਪਤਾਲ ਦਾ ਉਦਘਾਟਨ ਪੰਜਾਬ ਦੇ ਗਵਰਨਰ ਐਸ ਐਸ. ਰੇਅ ਵਲੋਂ ਕਰਦੇ ਆਮ ਲੋਕਾਂ ਨੂੰ ਵੋਟਾਂ ਕਾਂਗਰਸ ਨੂੰ ਪਾਉਣ ਲਈ ਲਿਲੜੀਆਂ ਕਢੀਆਂ ਗਈਆਂ।

ਨਵੰਬਰ–ਸਾਨਫ਼ਰਾਂਸਿਸਕੋ, ਕੈਲੀਫ਼ੋਰਨੀਆਂ, (ਅਮਰੀਕਾ) ਸਕੂਲਾਂ ਵਿਚ ਜੋ ਗੁਰਸਿਖ ਬੱਚੇ ਦਸਤਾਰ ਸਜਾ ਕੇ ਜਾਂਦੇ, ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਕਿ ਸਿਰ ਉਤੇ ਪੱਟੀ ਬਨੀ ਹੈ, ਕੁਝ ਸਿਖ ਬੱਚੇ ਪਤਿਤ ਹੋ ਗਏ ਤਾਂ ਗੋਰੇ-ਕਾਲੇ ਭੇਦ ਨਫਰਤ ਕਰਦੇ "ਤੂੰ ਹਿੰਦੂ" ਇਸ ਤਰ੍ਹਾਂ ਸਿਖ ਬੱਚਿਆਂ ਉਪਰ ਹਮਲੇ ਦੰਗੇ ਫਸਾਦ ਹੁਦੇ ਹਨ। ਸਿਖ ਵਾਪਾਰੀ ਧਨ ਕਮਾਉਣ ਦੀ ਖਾਤਰ ਹੀ ਬਦੇਸ਼ਾਂ ਵਿਚ ਜਾ ਕੇ ਜ਼ਲੀਲ ਹੋ ਰਹੇ ਹਨ, ਮਾਇਆ ਕਾਰਣ ਧਾਵਈ ਮੂਰਖ ਲੋਕ ਅਝਾਣ ਗੁਰਬਾਣੀ ਤਾਂ ਵਾਰਨਿੰਗ ਦੇ ਰਹੀ ਹੈ, ਪਰ ਇਹ ਢੀਠ ਹਨ ?

੨੬ ਨਵੰਬਰ–ਰਾਜੀਵ ਦੀ ਅਕਲ ਵੇਖੋ ਕਿ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾ ਕਰਵਾ ਲਈਆਂ, ਪਰ ਅਸੈਂਬਲੀ ਚੋਣਾਂ ਵਾਸਤੇ ਮਾਹੌਲ ਗੜਬੜ ਵਾਲਾ ਹੈ।

੨੮ ਨਵੰਬਰ–ਮੰਗਲਵਾਰ, ਅੰਮ੍ਰਿਤਸਰ ਦੀ ਸੀਟ ਤੋਂ ਸ: ਕ੍ਰਿਪਾਲ ਸਿੰਘ ਪ੍ਰਧਾਨ ਚੀਫ ਖਾਲਸਾ ਦੀਵਾਨ, ਖਾੜਕੂ ਜਥੇਬੰਦੀਆਂ ਦੇ ਪੂਰਨ ਸਹਿਯੋਗ ਨਾਲ ੨,੭੨,੪੨੭ ਵੋਟਾਂ ਤਰਨ ਤਾਰਨ ਹਲਕੇ ਤੋਂ ਸ: ਸਿਮਰਨਜੀਤ ਸਿੰਘ ਮਾਨ ੫,੨੭,੭੦੭ ਵੋਟਾਂ (ਭਾਗਲਪੁਰ ਜੇਲ੍ਹ ਵਿਚ) ਸ: ਅਤਿੰਦਰਪਾਲ ਸਿੰਘ ਤਿਹਾੜ ਜੇਲ੍ਹ ਦਿੱਲੀ ਵਿਚ ਡਕੇ ਹੋਏ ਸਨ ਪਟਿਆਲਾ ਸੀਟ ਤੋਂ ਸਫਲ ਹੋਏ।

ਪੰਜਾਬ ਦੀਆਂ ੧੩ ਸੀਟਾਂ ਵਿਚ ੧੧ ਸੀਟਾਂ ਖਾੜਕੂ ਜਥੇਬੰਦੀਆਂ ਦੇ ਸਹਿਯੋਗ ਨਾਲ ਪ੍ਰਾਪਤ ਹੋ ਗਈਆਂ। ਸ: ਕ੍ਰਿਪਾਲ ਸਿੰਘ ਪ੍ਰਧਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨਾ ਅਰਦਾਸ ਭਾਰੀ ਸੰਗਤਾਂ ਰੌਣਕਾਂ ਖੁਸ਼ੀਆਂ ਹੋਈਆਂ।

ਰੂਸ ਰੀਪਬਲਿਕ ਵਿਚ ਹਰ ਪ੍ਰਾਂਤ ਖੁਦ ਮੁਖਤਾਰ ਹਨ, ਵਿਸ਼ਵਨਾਥ ਪ੍ਰਤਾਪ ਦੀ ਨੈਸ਼ਨਲ ਫਰੰਦ ਸਰਕਾਰ ਨੇ ਹਰ ਰਾਜ ਦੀ ਖੁਦ-ਮੁਖਤਾਰੀ ਦੀ ਗੱਲ ਕੀਤੀ ਹੈ, ਪਰ ਪੰਜਾਬ ਦੇ ਸਿਖਾਂ ਨੂੰ ਲਾਰੇ-ਲਪੇ ਹੀ ਹਨ ?

ਰਾਜੀਵ ਨੇ ਸ: ਸਿਮਰਨਜੀਤ ਸਿੰਘ ਮਾਨ ਅਤੇ ਸ: ਅਤਿੰਦਰਪਾਲ ਸਿੰਘ ਵਿਰੁਧ ਸਾਰੇ ਝੂਠੇ ਕੇਸ ਵਾਪਸ ਲੈ ਕੇ ਰਿਹਾ ਕਰਨ ਦਾ ਹੁਕਮ ਜਾਰੀ ਕਰ ਦਿੱਤਾ, ਇਹ ਭਾਰਤ ਦੀ ਇਨਸਾਫ਼ ਪ੍ਰਣਾਲੀ ਹੈ ? ਕਿਤਨਾ ਚੰਗਾ ਹੁੰਦਾ ਜੇਕਰ ਸ: ਸਿਮਰਨਜੀਤ ਸਿੰਘ ਮਾਨ, ਇਕ ਕਰੋੜ ਰੁਪਏ ਹਰਜਾਨੇ ਦਾ ਮੁਕੱਦਮਾ ਦਾਇਰ ਕਰਦੇ।

੩੦ ਨਵੰਬਰ–ਵੀਰਵਾਰ ਪੰਜਾਬ ਤੋਂ ਮਾਨ ਗਰੁਪ ਦੇ ਸਫਲ ਹੋਏ ਸਾਰੇ

ਐਮ.ਪੀ. ਬਿਮਲ ਕੌਰ ਖਾਲਸਾ (ਮੋਹਾਲੀ), ਬਾਬਾ ਸੁਚਾ ਸਿੰਘ (ਬਠਿੰਡਾ), ਭਾਈ ਧਿਆਨ ਸਿੰਘ ਮੰਡ (ਫਿਰੋਜ਼ਪੁਰ), ਸ: ਰਾਜਦੇਵ ਸਿੰਘ (ਸੰਗਰੂਰ), ਸ. ਜਗਦੇਵ ਸਿੰਘ ਖੁਡੀਆਂ (ਫਰੀਦਕੋਟ), ਸ੍ਰੀ ਇੰਦਰ ਕੁਮਾਰ ਗੁਜਰਾਲ (ਜਲੰਧਰ) ਬੀਬੀ ਰਾਜਿੰਦਰ ਕੌਰ ਬੁਲਾਰਾ (ਲੁਧਿਆਣਾ), ਸ੍ਰੀ ਹਰਭਜਨ ਲਾਖਾ (ਫਿਲੌਰ) ਸ੍ਰੀ ਹਰਿਮੰਦਰ ਸਾਹਿਬ ਸ਼ੁਕਰਾਨਾ ਕਰਨ ਪਹੁੰਚੇ, ਇਨ੍ਹਾਂ ਨੂੰ ਗੁਰੂ ਦਰਬਾਰ ਤੋਂ ਸਿਰਪਾਓ ਭੇਂਟ ਕੀਤੇ ਗਏ।

ਆਪਸੀ ਵਿਚਾਰਾਂ ਕਰਕੇ, ਵਿਸ਼ਵਨਾਥ ਪ੍ਰਤਾਪ ਸਿੰਘ ਨੈਸ਼ਨਲ ਫਰੰਟ ਸਰਕਾਰ ਨੂੰ ੫ ਮੰਗਾਂ ਭੇਜੀਆਂ :

੧. ਜੂਨ ੧੯੮੪ ਵਿਚ ਸਰਕਾਰ ਵਲੋਂ, ਗੁਰੂ ਦਰਬਾਰ ਦੀ ਜੋ ਬਰਬਾਦੀ ਹੋਈ। ਅਤੇ

੨. ਨਵੰਬਰ ੧੯੮੪ ਵਿਚ ਗੁੰਡਾ ਅਨੁਸਾਰ ਵਲੋਂ ਕਤਲ, ਸਾੜ ਫੂਕ ਕਰਨ ਬਾਰੇ ਪਾਰਲੀਮੈਂਟ ਵਿਚ ਦੁਖ ਅਫਸੋਸ ਦਾ ਮਤਾ ਕਰੇ ਅਤੇ ਕਾਤਲਾਂ ਵਿਰੁਧ ਕਾਰਵਾਈ ਕਰਕੇ ਸਜ਼ਾ ਦੇਵੇ।

੩. ਜੂਨ ੧੯੮੪ ਦੇ ਧਰਮੀ ਫੌਜੀਆਂ ਨੂੰ ਜੇਲ੍ਹਾਂ ਤੋਂ ਰਿਹਾ ਕਰਕੇ ਨੌਕਰੀ ਤੇ ਬਹਾਲ ਕਰੇ।

੪. ਦੁਸ਼ਟ ਗਵਰਨਰ ਐਸ.ਐਸ. ਰੇਅ ਡਾਇਰੈਕਟਰ ਜਨਰਲ ਪੁਲਿਸ ਕੇ.ਪੀ.ਐਸ. ਗਿਲ, ਜੇ.ਐਫ. ਰਬੈਰਿਓ ਨੂੰ ਸਿਖਾਂ ਦੇ ਕਾਤਲ ਸਮਝ ਕੇ ਕਾਰਵਾਈ ਸਜ਼ਾ ਦਿਤੀ ਜਾਵੇ।

੫. ਸਾਰੇ ਕਾਲੇ ਕਾਨੂੰਨ, ਸ੍ਰੀ ਹਰਿਮੰਦਰ ਸਾਹਿਬ ਤੋਂ ਪੁਲਸ, ਫੌਜੀ ਨਾਕੇ, ਤਲਾਸ਼ੀਆਂ ਖਤਮ ਹੋਣ ਅਤੇ ਸ: ਹਰਮੰਦਰ ਸਿੰਘ ਸੰਧੂ, ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਜਥੇਦਾਰ ਗੁਰਦੇਵ ਸਿੰਘ ਕਾਉਂਕੇ ਆਦਿ ਸਾਰੇ ਲੀਡਰ, ਵਰਕਰ ਰਿਹਾ ਕੀਤੇ ਜਾਣ।

ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀਆਂ ਚੋਣਾਂ ੧੯੭੯ ਤੋਂ ਪਿਛੋਂ ਨਹੀਂ ਹੋਈਆਂ, ਤੁਰਤ ਕਰਵਾਈਆਂ ਜਾਣ।

੩੦ ਨਵੰਬਰ—ਲੰਦਨ, ਗੁਰਦੁਆਰਾ ਸਾਊਥ ਹਾਲ ਅਤੇ ਹੈਵਲਾਕ ਰੋਡ, ਪਾਰਕ ਐਵਿਨਿਊ ਵਿਖੇ ਇੰਟਰਨੈਸ਼ਨਲ ਸਿਖ ਯੂਥ ਫੈਡਰੇਸ਼ਨ ਦੇ ਪਰਮਿੰਦਰ ਸਿੰਘ ਬੱਲ, ਬਚਿਤਰ ਸਿੰਘ, ਬੇਅੰਤ ਸਿੰਘ, ਬਲਵੰਤ ਸਿੰਘ ਗਿੱਲ, ਗੁਰਬਚਨ ਸਿੰਘ ਗਿੱਲ ਵਲੋਂ ਗੁਰਦੁਆਰੇ ਦੀ ਗੋਲਕ ਦੀ ਹਫਤਾਵਾਰੀ ਭੇਟਾ ਦਸ ਤੋਂ ਵੀਹ ਹਜ਼ਾਰ ਪੌਂਡ ਤੇ ਕਬਜ਼ੇ ਕਰਨ ਦੇ ਕਲੇਸ਼, ਅਦਾਲਤੀ ਮੁਕੱਦਮੇ, ਪੁਲਸ ਰਾਹੀਂ ਕਬਜ਼ੇ ਬਰਬਾਦੀ ਹੋ ਰਹੀ ਹੈ। ਵਾਹਿਗੁਰੂ ਸੁਮਤ ਬਖਸ਼ੇ।

੩੦ ਨਵੰਬਰ–ਮੰਜੀ ਸਾਹਿਬ ਦੀਵਾਨ ਅਸਥਾਨ ਤੇ ਭਾਰੀ ਰੌਣਕਾਂ ਨਾਲ ਸ਼ਹੀਦੀ ਸਮਾਗਮ ਸਮੇਂ ਅਮਰ ਸ਼ਹੀਦ ਬੇਅੰਤ ਸਿੰਘ, ਸਤਵੰਤ ਸਿੰਘ, ਕੇਹਰ ਸਿੰਘ ਦੇ ਪ੍ਰਵਾਰਾਂ ਅਤੇ ਸ: ਹਰਜਿੰਦਰ ਸਿੰਘ ਜਿੰਦਾ, ਸ: ਸੁਖਦੇਵ ਸਿੰਘ ਸੁਖਾ ਨੂੰ ਸੋਨੇ ਦੇ ਮੈਡਲ ਦੇ ਕੇ ਸਨਮਾਨ ਕੀਤਾ ਗਿਆ।

੧ ਦਸੰਬਰ–ਸ਼ੁਕਰਵਾਰ, ਲੋਕ ਸਭਾ ਦੇ ਮਾਨ ਗਰੁਪ ਦੇ ਐਮ.ਪੀਜ਼ ਨੂੰ, ਸ੍ਰੀ ਅਕਾਲ ਤਖਤ ਵਿਖੇ ਸ. ਜਸਬੀਰ ਸਿੰਘ ਰੋਡੇ ਵਲੋਂ ਸਿਰਪਾਓ ਦਿਤੇ ਗਏ।

੨ ਦਸੰਬਰ–ਸ: ਸਿਮਰਨਜੀਤ ਸਿੰਘ ਮਾਨ ਨੂੰ ਭਾਗਲਪੁਰ ਜੇਲ੍ਹ (ਬਿਹਾਰ) ਤੋਂ ਰਿਹਾਅ ਕਰ ਦਿੱਤਾ ਗਿਆ।

੨ ਦਸੰਬਰ–ਸ਼ਨੀਚਰਵਾਰ ਸ੍ਰੀ ਵਿਸ਼ਵਨਾਥ ਪ੍ਰਤਾਪ ਸਿੰਘ, ਪ੍ਰਧਾਨ ਮੰਤ੍ਰੀ ਅਤੇ ਚੌਧਰੀ ਦੇਵੀ ਲਾਲ ਡਿਪਟੀ ਪ੍ਰਧਾਨ ਮੰਤ੍ਰੀ ਬਣ ਗਏ।

ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਉਜਾਗਰ ਸਿੰਘ ਸੇਖਵਾਂ, ਸ: ਹਰਮੰਦਰ ਸਿੰਘ ਸੰਧੂ, ਰਾਜਿੰਦਰ ਸਿੰਘ ਮਹਿਤਾ ਆਦਿ ਨੂੰ ਜੇਲ੍ਹਾਂ ਤੋਂ ਆਜ਼ਾਦ ਕਰ ਦਿੱਤਾ ਗਿਆ।

ਦੁਸ਼ਟ ਗਵਰਨਰ ਐਸ.ਐਸ. ਰੇਅ ਵਲੋਂ ਸਾਰੇ ਐਮ.ਪੀਜ਼ ਨੂੰ ਖਾਣੇ ਦੀ ਦਾਅਵਤ ਦਿਤੀ, ਤਾਂ ਮਾਨ ਗਰੁਪ ਵਲੋਂ ਇਸ ਕੌਡੇ ਰਾਖਸ਼ ਨੂੰ ਮੂੰਹ ਭੰਨਵਾਂ ਉੱਤਰ ਦਿੱਤਾ ਗਿਆ ਕਿ ਕਾਤਲਾਂ ਦੀ ਦਾਅਵਤ ਪ੍ਰਵਾਨ ਨਹੀਂ।

੫ ਦਸੰਬਰ–ਮੰਗਲਵਾਰ, ਕਿਸੇ ਸਿਖ ਐਮ. ਪੀ. ਨੂੰ ਮੰਤਰੀ ਨਹੀਂ ਬਣਾਇਆ ਗਿਆ ਸਾਰੇ ਐਮ.ਪੀ. ਸਿਖਾਂ ਦੀਆਂ ਵੋਟਾਂ ਲੈ ਕੇ ਹੀ ਸਫਲ ਹੋਏ ਹਨ।

੭ ਦਸੰਬਰ, ਵੀਰਵਾਰ - ਪ੍ਰਧਾਨ ਮੰਤ੍ਰੀ ਵੀ.ਪੀ. ਸਿੰਘ, ਚੌਧਰੀ ਦੇਵੀ ਲਾਲ, ਮੁਫਤੀ ਮੁਹੰਮਦ ਸਯਦ, ਸ੍ਰੀ ਇੰਦਰ ਕੁਮਾਰ ਗੁਜਰਾਲ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ, ਜਲ੍ਹਿਆਂਵਾਲਾ ਬਾਗ ਅਤੇ ਦੁਰਗਿਆਨਾ ਮੰਦਰ ਵੀ ਗਏ।

੮ ਦਸੰਬਰ–ਜੰਮੂ ਕਸ਼ਮੀਰ ਦੇ ਮੁਫਤੀ ਮੁਹੰਮਦ ਸਯਦ ਗ੍ਰਹਿ ਮੰਤਰੀ ਦੀ ਲੜਕੀ ਡਾ, ਰੁਬਈਆ ਨੂੰ ਮੁਜਾਹਿਦੀਨ ਲੀਡਰਾਂ ਵਲੋਂ ਅਗਵਾ ਕਰ ਲਿਆ ਗਿਆ ਅਤੇ ਸ਼ਰਤ ਰਖੀ ਗਈ ਕਿ ਗ੍ਰਿਫਤਾਰ ਕੀਤੇ ਸ਼ੌਕਤ ਅਹਿਮਦ ਬਖਸ਼ੀ, ਜਾਵੇਦ ਅਹਿਮਦ ਜਾਰਗਰ, ਇਕਬਾਲ ਅਹਿਮਦ ਗੰਦਰੂ ਮੁਜਾਹਿਦੀਮ ਲੀਡਰਾਂ ਨੂੰ ਪਹਿਲਾਂ ਰਿਹਾ ਕਰਨ ਲਈ ਕਾਨੂੰਨਾਂ ਦੀਆਂ ਧਜੀਆਂ ਉਡਾਉਂਦੇ ਹੋਏ ਆਪਣੀ ਲੜਕੀ ਵਾਸਤੇ, ਮੁਜਾਹਿਦੀਨ ਦੀਆਂ ਧਮਕੀਆਂ ਸ਼ਰਤਾਂ ਨੂੰ ਖਿੜੇ ਮਥੇ ਪ੍ਰਵਾਨ ਕਰਕੇ ਲੀਡਰਾਂ ਨੂੰ ਰਿਹਾ ਕਰ ਦਿਤਾ ਗਿਆ। ਗੰਗੂ–ਇਨਸਾਫ ਪ੍ਰਣਾਲੀ ਕਿਸ ਤਰ੍ਹਾਂ ਦੀ ਹੈ ? ਪੰਜਾਬ ਦਾ ਗਵਰਨਰ ਨਿਰਮਲ ਕੁਮਾਰ ਮੁਕਰ ਜੀ ਬਣ ਗਿਆ।

੧੩ ਦਸੰਬਰ–ਬੁਧਵਾਰ ਪੰਜਾਬ ਦਾ ਗਵਰਨਰ, ਨਿਰਮਲ ਕੁਮਾਰ ਮੁਕਰਜੀ, ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਇਆ, ਸਿਰੋਪਾਓ ਭੇਟ ਹੋਇਆ, ਜਲ੍ਹਿਆਂ ਵਾਲਾ ਬਾਗ ਅਤੇ ਦੁਰਗਿਆਣਾ ਮੰਦਰ ਵੀ ਗਿਆ। ਵੀ.ਪੀ. ਸਿੰਘ ਸਰਕਾਰ ਵਲੋਂ ਸ: ਅਰਜਨ ਸਿੰਘ ਚੀਫ਼ ਏਅਰ ਮਾਰਸ਼ਲ ਨੂੰ ਲੈਫਟੀਨੈਂਟ ਗਵਰਨਰ, ਦਿੱਲੀ ਲਗਾ ਦਿਤਾ ਗਿਆ।

ਲੋਕ ਸਭਾ ਵਿਚ ਭਾਈ ਧਿਆਨ ਸਿੰਘ ਮੰਡ (ਫ਼ੀਰੋਜ਼ਪੁਰ) ਅਤੇ ਸਰਦਾਰਨੀ ਬਿਮਲ ਕੌਰ ਖਾਲਸਾ (ਮੋਹਾਲੀ) ਉਪਰ ਕਿਰਪਾਨ ਸਮੇਤ, ਦਾਖਲ ਹੋਣ ਤੇ ਪਾਬੰਦੀ ਲਗਾਈ ਗਈ, ਜੋ ਸੰਵਿਧਾਨ ਦੀ ਧਾਰਾ ੨੫(1) ਦੀ ਉਲੰਘਣਾ ਹੈ। ਭਾਰਤ ਦੇ ਸੰਵਿਧਾਨ ਵਿਚ ਹਰ ਸਿਖ ਨੂੰ ਕਿਰਪਾਨ ਹਰ ਸਮੇਂ ਨਾਲ ਰਖਣ ਦਾ ਅਧਿਕਾਰ ਹੈ।

੧੪ ਦਸੰਬਰ–ਪੰਜਾਬ ਹਿਊਮਨ ਰਾਈਟਸ ਸੰਸਥਾ ਲੁਧਿਆਣਾ ਵਲੋਂ ਪ੍ਰਧਾਨ ਮੰਤਰੀ ਵਿਸ਼ਵ ਨਾਥ ਪ੍ਰਤਾਪ ਸਿੰਘ ਨੂੰ ਪੱਤਰ ਲਿਖ ਕੇ ਲਾਹਨਤ ਪਾਈ ਗਈ ਕਿ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਆਜ਼ਾਦੀ ਦੇ ਸਾਰੇ ਅਧਿਕਾਰ ਦਿਤੇ ਜਾਣ, ਪੰਜਾਬ ਸੰਕਟ ਵੀ ਦੂਰ ਕੀਤਾ ਜਾਵੇ। ਦੁਖ ਹੈ ਕਿ ਅਦਾਲਤਾਂ ਵਿਚ ਕਾਰਵਾਈ ਨਹੀਂ ਕੀਤੀ ਗਈ ?

੨੦ ਦਸੰਬਰ, ਬੁਧਵਾਰ–ਭਾਰਤ ਦੀ ਗੰਗੂ ਸਰਕਾਰ, ਸੈਕੂਲਰ ਅਖਵਾਉਣ ਦਾ ਢੌਂਗ ਕਰਦੀ ਹੈ। ਕਾਂਗੜਾ (ਹਿਮਾਚਲ) ਵਿਖੇ ਨਵੇਂ ਹਵਾਈ ਅਡੇ ਦੇ ਉਦਘਾਟਨ ਸਮੇਂ ਮੁਖ ਮੰਤਰੀ ਵੀਰ ਭੱਦਰ ਸਿੰਘ ਨੇ ਇਕ ਗੰਗੂ ਪੰਡਤ ਰਾਹੀਂ ਵੇਦ ਮੰਤਰ ਉਚਾਰਨ ਕੀਤੇ ਹਵਨ ਵਿਚ ਕੀਮਤੀ ਸਾਮਗਰੀ ਸਾੜ ਫੂਕ ਨਸ਼ਟ ਕੀਤੀ ਪਰ ਕਿਸੇ ਅਨਾਥ ਆਸ਼ਰਮ ਲਈ ਇਕ ਰੁਪਿਆ ਵੀ ਦਾਨ ਨਹੀਂ ਦਿਤਾ ਗਿਆ। ਸੈਕੂਲਰ ਸਟੇਟ ਵਿਚ ਕੇਵਲ ਬ੍ਰਾਹਮਣੀ ਵੇਦ ਮੰਤਰੁ ਹਵਨ ਕਿਉਂ ?

ਦਸੰਬਰ–ਖਾਲਸਾ ਯੰਗ ਮੈਨ ਐਸੋਸੀਏਸ਼ਨ ਬੀ-੩੨, ਮਾਨਸਰੋਵਰ ਗਾਰਡਨ ਦਿੱਲੀ, ਗੁਰਮਤਿ ਪ੍ਰਚਾਰ ਦੇ ਕਾਰਜ ਕਰ ਰਹੇ ਹਨ।

ਦਸੰਬਰ–ਕਸ਼ਮੀਰ ਦੇ ਕਬਾਇਲੀਆਂ ਨੇ ਇਸਲਾਮ ਦੀ ਸ਼ਰਹ ਲਾਗੂ ਕਰਕੇ ਤਮਾਕੂ, ਸਿਗਰਟ ਅਤੇ ਸ਼ਰਾਬ ਦੀ ਵਿਕਰੀ, ਦੁਕਾਨਾਂ ਵਾਪਾਰ ਬੰਦ ਕਰਵਾ ਦਿਤਾ ਹੈ, ਪੰਜਾਬ ਦੇ ਲਾਹਨਤੀ ਸਰਮਾਏਦਾਰ ਸਿੱਖਾਂ ਨੂੰ ਵੀ ਗੁਰੂ ਨਾਨਕ ਦੀ ਬਾਣੀ ਝੂਠਾ ਮਦ ਮੂਲ ਨ ਪੀਚਦੀ ਤੇ ਪੂਰੀ ਤਰ੍ਹਾਂ ਅਮਲ ਕਰਨ ਦੀ ਲੋੜ ਹੈ। ਕਲੱਬਾਂ ਵਿਚ ਜਾਣ ਅਤੇ ਸ਼ਰਾਬ ਪੀਣ ਵਾਲੇ ਸਿੱਖਾਂ ਦੀ ਸੁਧਾਈ ਕੀਤੀ ਜਾਣੀ ਜ਼ਰੂਰੀ ਹੈ। ਸਾਰੇ ਆਗੂ ਮਿਸ਼ਨਰੀ ਹੋਣੇ ਜ਼ਰੂਰੀ ਹਨ।

੨੨ ਦਸੰਬਰ–ਸ: ਧਿਆਨ ਸਿੰਘ ਮੰਡ ਐਮ.ਪੀ. ਫੀਰੋਜ਼ਪੁਰ ਨੂੰ ਲੋਕ

ਸਜ਼ਾ ਵਿਚ ਕਿਰਪਾਨ ਸਮੇਤ ਜਾਣ ਤੋਂ ਗੰਗੂ ਹਾਕਮਾਂ ਨੇ ਪਾਬੰਦੀ ਲਾ ਦਿਤੀ। ਸੰਵਿਧਾਨ ਵਿਚ ਕਿਰਪਾਨ ਰਖਣ ਦਾ ਅਧਿਕਾਰ ਹੈ। ਬਿਮਲ ਖਾਲਸਾ ਨੇ ਵੀ ਰੋਸ ਕੀਤਾ, ਪਰ ਅਖੌਤੀ ਪੰਥਕ ਆਗੂ ਹੀ ਮਜ਼ਾਕ ਉਡਾਉਣ ਲਗ ਪਏ।

੨੬ ਦਸੰਬਰ, ਮੰਗਲਵਾਰ—ਜਨਰਲ ਮੋਹਨ ਸਿੰਘ ਜੀ ਆਈ.ਐਨ.ਏ. ੮੨ ਸਾਲ ਦੀ ਉਮਰ ਵਿਚ ਆਪਣੇ ਪਿੰਡ ਜੁਗਿਆਣਾ ਜ਼ਿਲਾ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਇਹਨਾਂ ਦੀ ਯਾਦ ਵਿਚ ਗੁਰਮਤਿ ਇਤਿਹਾਸ ਦੀ ਲਾਇਬਰੇਰੀ ਹੋਣੀ ਜ਼ਰਰੀ ਹੈ।

੨੪ ਦਸੰਬਰ—ਡਾ: ਸੋਹਣ ਸਿੰਘ, ਪਰਮਜੀਤ ਸਿੰਘ ਪੰਜਵੜ, ਵਧਵਾ ਸਿੰਘ, ਮਹਿਲ ਸਿੰਘ, ਸਤਿੰਦਰਪਾਲ ਸਿੰਘ, ਹਰਮਿੰਦਰ ਸਿੰਘ ਦੀ ਪੰਥਕ ਕਮੇਟੀ ਵਲੋਂ ਖਾਲਿਸਤਾਨ ਬਨਾਉਣ ਦਾ ਪ੍ਰਣ ਕਰਕੇ ਕਾਰਵਾਈਆਂ ਆਰੰਭ ਕਰ ਦਿਤੀਆਂ ਗਈਆਂ।

੨੮ ਦਸੰਬਰ, ਵੀਰਵਾਰ—ਜਥੇਦਾਰ ਜਗਦੇਵ ਸਿੰਘ ਖੁਡੀਆ ਐਮ.ਪੀ. ਫਰੀਦਕੋਟ ਨੂੰ ਗੁੰਡਾ ਅਨਸਰਾਂ ਵਲੋਂ ਕਤਲ ਕਰਕੇ ਨਹਿਰ ਵਿਚ ਸੁੱਟ ਦਿਤਾ ਗਿਆ। ਪੀੜਤ ਪਰਿਵਾਰ ਨੂੰ ਕੋਈ ਸਹਾਇਤਾ ਨਹੀਂ ਦਿਤੀ ਗਈ, ਕਾਤਲਾਂ ਵਿਰੁਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਬਦੇਸ਼ੀ ਦਖਲ—ਭਾਰਤ ਦੇ ਗੰਗੂ ਪੰਡਤ ਨਾਸਤਕ ਦੇਸ਼ ਰੂਸ ਤੋਂ ਬਦੇਸ਼ੀ ਸਹਾਇਤਾ ਅਗਵਾਈ ਲੈ ਰਹੇ ਹਨ, ਰੂਸ ਦੇ ਏਜੰਟਾਂ ਅਨੁਸਾਰ ਕਾਰਵਾਈ ਹੁੰਦੀ ਹੈ। ਅਮਰੀਕਾ ਵਲੋਂ ਪਾਕਿਸਤਾਨ ਰਾਹੀਂ ਅਫਗਾਨ ਮੁਜਾਹਿਦਾਂ ਨੂੰ ਸਹਾਇਤਾ ਦਿਤੀ ਜਾ ਰਹੀ ਹੈ।

ਭਾਰਤ ਦੇ ਗੰਗੂ ਪੰਡਤ, ਸਾਲ ੧੯੫੯ ਤੋਂ ਤਿਬਤੀ ਦਲਾਈ ਲਾਮਿਆਂ ਨੂੰ ਮਿੱਨੀ ਤਿੱਬਤ ਧਰਮਸਾਲਾ ਵਿਖੇ ਪਨਾਹ ਦੇ ਰਹੇ ਹਨ. ਚੀਨ ਨਾਲ ਦੁਸ਼ਮਨੀ ਸਹੇੜ ਰਹੇ ਹਨ। ਬੰਗਲਾ ਦੇਸ਼ ਦੇ ਚਕਮਾ ਬਾਗੀਆਂ ਦੀ ਸਹਾਇਤਾ ਕਰ ਰਹੇ ਹਨ।

ਸਾਲ ੧੯੭੦ ਵਿਚ ਜੰਗ ਸਮੇਂ ਪੂਰਬੀ ਪਾਕਿਸਤਾਨ ਦੇ ਕਰੋੜਾਂ ਸ਼ਰਨਾਰਥੀਆਂ ਨੂੰ ਪਨਾਹ ਸਹਾਇਤਾ ਦਿਤੀ।

ਪਰ ਜਦੋਂ ਪੀੜਤ ਸਿਖ ਯੂ.ਐਨ.ਓ. ਅਮੈਨਿਸਟੀ ਇੰਟਰਨੈਸ਼ਨਲ ਨੂੰ ਆਪਣੀ ਦੁਖੀ ਹਾਲਤ ਦੱਸਣਾ ਚਾਹੁੰਦੇ ਹਨ ਤਾਂ ਇਨ੍ਹਾਂ ਗੰਗੂ-ਪੰਡਤਾਂ ਨੂੰ ਪਿਸੂ ਕਿਉਂ ਪੈਣ ਲਗ ਜਾਂਦੈ ਹਨ ?

ਸੰਨ ੧੭੩੯ ਵਿਚ ਸ਼ਹੀਦ ਭਾਈ ਗਰਜਾ ਸਿੰਘ ਬੋਤਾ ਸਿੰਘ ਨੇ ਨੂਰਦੀ ਸਰਾਏ ਤਰਨ-ਤਾਰਨ ਵਿਖੇ 'ਰਾਜ ਕਰੇਗਾ ਖਾਲਸਾ' ਦੇ ਜੈਕਾਰੇ ਗੂੰਜਾ ਕੇ

ਖਾਲਸਾ ਟੈਕਸ ਵੀ ਵਸੂਲ ਕਰਨਾ ਸ਼ੁਰੂ ਕਰ ਦਿਤਾ ਸੀ। ਖਾਲਸੇ ਨੂੰ ਤਾਂ ਅਕਾਲ ਪੁਰਖ ਦਾ ਆਸਰਾ ਹੈ।

ਦਸੰਬਰ–ਗੰਗੂ ਪੰਡਤਾਂ ਦੀ ਹਕੂਮਤ ਦੇ ਇਨਸਾਫ ਦੀ ਹਾਲਤ ਇਹ ਹੈ ਕਿ ਸ਼ਹੀਦ ਬੇਅੰਤ ਸਿੰਘ ੩੧ ਅਕਤੂਬਰ ੧੯੯੪, ਦਾ ਸੋਨੇ ਦਾ ਕੜਾ, ਕੈਸ਼, ਸੋਨੇ ਦੀ ਮੁੰਦਰੀ, ਛੋਟੀ ਕਿਰਪਾਨ, ਜੋੜੇ ਅਤੇ ਕਪੜੇ ਆਦਿ ਯਾਦਗਾਰੀ ਵਸਤਾਂ, ਇਹਨਾਂ ਦੀ ਸੁਪਤਨੀ ਬਿਮਲ ਖਾਲਸਾ ਐਮ.ਪੀ. ਨੂੰ ੫ ਸਾਲ ਤਕ ਅਦਾਲਤਾਂ ਦੇ ਹੁਕਮਾਂ ਦੇ ਬਾਵਜੂਦ ਵੀ ਵਾਪਸ ਨਹੀਂ ਕੀਤੀਆਂ ਗਈਆਂ।

ਦਸੰਬਰ–ਧਰਮ ਨੂੰ ਸਿਆਸਤ ਤੋਂ ਵੱਖ ਕੀਤੇ ਜਾਣ ਲਈ People Representation Act 1951 ਵਿਚ ਇਸ ਪ੍ਰਕਾਰ ਤਬਦੀਲੀ, ਸੋਧ ਕਰ ਦਿਤੀ ਗਈ ਕਿ ਚੋਣ ਕਮਿਸ਼ਨ ਨੇ ਸ਼ਰੋਮਣੀ ਅਕਾਲੀ ਦਲ ਨੂੰ ਪਾਰਟੀ ਵਜੋਂ ਮਾਨਤਾ ਹੀ ਨਹੀਂ ਦਿਤੀ ਗਈ, ਨਾ ਹੀ ਪਾਰਟੀ ਚੋਣ ਨਿਸ਼ਾਨ ਅਲਾਟ ਕੀਤਾ ਜਾ ਸਕੇ।

ਆਜ਼ਾਦ ਭਾਰਤ ਦੀ ਲਾਹਨਤੀ ਸਰਕਾਰ ਵਲੋਂ ਅੰਨ੍ਹੇਵਾਹ ਤਸ਼ੱਦਦ, ਲੁੱਟ-ਮਾਰ, ਭਾਰਤ ਦੇ ਕਿਹੜੇ ਕਾਨੂੰਨ ਅਨੁਸਾਰ ਕੀਤੀ ਜਾਂਦੀ ਹੈ, ਨਿਰਦੋਸ਼ ਨੌਜਵਾਨਾਂ ਨੂੰ ਸ਼ੱਕ ਅਤੇ ਪੁੱਛ-ਗਿੱਛ ਕਰਨ ਦੇ ਬਹਾਨੇ ਪੁਲਸ ਦੇ ਬੁੱਚੜ ਸੈਲਾਂ ਵਿਚ ਹੱਡ ਤੋੜੇ ਜਾਂਦੇ ਹਨ, ਮਾਰ ਕੇ ਝੂਠਾ ਪੁਲਸ ਮੁਕਾਬਲਾ ਦਸਿਆ ਜਾਂਦਾ ਹੈ, ਜੋ ਲਾਸ਼ਾਂ ਵਿਖਾਈਆਂ ਜਾਂਦੀਆਂ ਹਨ ਉਹਨਾਂ ਦੇ ਵਾਲ, ਕੇਸ ਖੁਲ੍ਹੇ ਹੁੰਦੇ ਹਨ, ਦਸਤਾਰ ਕਿਤੇ ਨਜ਼ਰ ਹੀ ਨਹੀਂ ਆਉਂਦੀ। ਕਿਸੇ ਜ਼ਿਲ੍ਹਾ ਮੈਜਿਸਟਰੇਟ ਜਾਂ ਸੈਸ਼ਨ ਜੱਜ ਨੇ ਕਦੇ ਵੀ ਕਿਸੇ ਬੁਚੜ ਸੈਲ ਦੀ ਹਾਲਤ ਨਹੀਂ ਵੇਖੀ ਅਤੇ ਨਾ ਹੀ ਕਿਸੇ ਕਾਨੂੰਨ ਅਨੁਸਾਰ ਅੰਨ੍ਹਾ ਤਸ਼ੱਦਦ ਕਰਨ ਵਾਲੇ ਪੁਲਸ ਅਧਿਕਾਰੀਆਂ ਵਿਰੁਧ ਕੋਈ ਕਾਰਵਾਈ ਹੀ ਕੀਤੀ ਹੈ। ਆਮ ਲੋਕ ਧਰਨੇ ਮਾਰਦੇ, ਦੁਹਾਈ ਦੇਂਦੇ ਹਨ, ਇਹ ਕਿਸ ਤਰ੍ਹਾਂ ਦਾ ਸਮਗਲਰ ਲੋਕ-ਰਾਜ ਹੈ ਕੋਈ ਸੁਣਵਾਈ ਨਹੀਂ ?

ਅਤਵਾਦੀਆਂ ਦੀਆਂ ਘਟਨਾਵਾਂ, ਜੰਮੂ ਕਸ਼ਮੀਰ ਵਿਚੋਂ ਹਿੰਦੂ, ਸਿੱਖ ਲੱਖਾਂ ਦੀ ਗਿਣਤੀ ਵਿਚ ਹਿਜਰਤ ਕਰ ਚੁਕੇ ਹਨ। ਹਰ ਰੋਜ਼ ਕਤਲ, ਕਰਫਿਊ ਦੀ ਹਾਲਤ ਹੈ। ਆਸਾਮ ਵਿਚ ਦੰਗੇ, ਕਤਲ ਹੋ ਰਹੇ ਹਨ, ਨਾਗਾਲੈਂਡ ਦੀ ਮੰਗ ਹੈ, ਮਿਜ਼ੋਰਮ ਵਿਚ ਦੰਗੇ, ਕਤਲ ਹੋ ਰਹੇ ਹਨ। ਅਯੁਧਿਆ ਰਾਮ ਅਤੇ ਬਾਬਰੀ ਮਸੀਤ ਲਈ ਦੰਗੇ ਫਸਾਦ, ਧਰਨੇ, ਸ਼ਿਲਾ ਪੂਜਨ ਆਦਿ ਹੋ ਰਹੇ ਹਨ। ਉਹਨਾਂ ਇਲਾਕਿਆਂ ਵਿਚ ਆਮ ਨੌਜਵਾਨਾਂ ਉਪਰ ਕੋਈ ਜ਼ੁਲਮ ਨਹੀਂ ਪਰ ਪੰਜਾਬ ਦੇ ਨਿਰਦੋਸ਼ ਨੌਜਵਾਨਾਂ ਉਪਰ ਝੂਠੇ ਪੁਲਸ ਮੁਕਾਬਲੇ, ਪੁਲਸ ਸੈਲ ਜੇਲ੍ਹਾਂ ਭਰੀਆਂ ਪਈਆਂ ਹਨ। ਰਾਜਿਸਥਾਨ ਗੰਗਾ ਨਗਰ ਵਿਖੇ ਗੰਗੂ ਕਹਿੰਦੇ

ਹਨ . 'ਨੀਲੀ ਅਤੇ ਕੇਸਰੀ ਪਗੜੀ ਰਹਿਣ ਨਹੀਂ ਦੇਣੀ, ਸਤਿ ਸ੍ਰੀ ਅਕਾਲ ਕਹਿਣ ਨਹੀਂ ਦੇਣੀ ।'

੧੧ ਜਨਵਰੀ, ੧੯੯੦ ਵੀਰਵਾਰ–ਮਿਸਟਰ ਜੇਮਜ਼ ਹਰਸ਼, ਹਾਈ ਕਮਿਸ਼ਨਰ, ਕੈਨੇਡਾ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਏ, ਇਹਨਾਂ ਨੂੰ ਸਿਰੋਪਾਓ ਅਤੇ ਗੁਰਮਤਿ ਦਾ ਲਿਟਰੇਚਰ ਵੀ ਦਿਤਾ ਗਿਆ ।

ਜਨਵਰੀ–ਕਿਤਨੀ ਹੈਰਾਨੀ ਦੀ ਗਲ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ੫੦੦ ਸਾਲਾ ਸਥਾਪਨਾ ਦਿਵਸ ਲਈ ਕੋਈ ਡਾਕ ਟਿਕਟ ਜਾਰੀ ਨਹੀਂ ਕੀਤੀ ਗਈ, ਪਰ ਰੇਲਵੇ ਟਿਕਟ ਦੇ ਪਿਛਲੇ ਪਾਸੇ ਗੰਗੂ ਪੰਡਤ ਨਹਿਰੂ ਦੀ ਸ਼ਕਲ ਹੁਣ ਹੁਣ ਤਕ ਕਿਉਂ ਛਾਪੀ ਜਾ ਰਹੀ ਹੈ ? ਡਾਕ ਟਿਕਟ ਤੇ ਗਾਂਧੀ ?

੨੬ ਜਨਵਰੀ, ਸ਼ਨੀਵਾਰ–ਡਾ: ਹਰਜਿੰਦਰ ਸਿੰਘ ਦਿਲਗੀਰ ਨਾਰਵੇ, ਤੋਂ ਆਲਬਰਟਾ ਕਨੇਡਾ ਵਿਖੇ ਵਰਲਡ ਸਿਖ ਆਰਗੇਨਾਈਜੇਸ਼ਨ ਦਾ ਉਦਘਾਟਨ ਕਰਨ ਵਾਲੇ ਸਿੱਖਾਂ ਦੀ ਹਾਲਤ ਅਤੇ ਕਿਰਪਾਨ ਧਾਰਨ ਕਰਨ ਦੇ ਹੱਕ ਬਾਰੇ ਇਤਿਹਾਸਕ ਵੇਰਵੇ ਦਿਤੇ ਕਿ ਬਰਤਾਨਵੀਂ ਹਾਕਮਾਂ ਨੇ ਨੋਟੀਫੀਕੇਸ਼ਨ ਨੰ. ੧੧੧੯ ਮਿਤੀ ੧੬ ਜੁਲਾਈ ੧੯੧੪ ਅਤੇ ਨੰ. ੨੨੪੮ ਮਿਤੀ ੨੭ ਅਕਤੂਬਰ ੧੯੧੪ ਅਨੁਸਾਰ ਸਿੱਖਾਂ ਨੂੰ ਦਿੱਲੀ ਅਤੇ ਬਰਮਾ ਵਿਚ ਕਿਰਪਾਨ ਰੱਖਣ ਦਾ ਅਧਿਕਾਰ ਸੀ । ਨੋਟੀਫਿਕੇਸ਼ਨ ਨੰ: ੨੪੭ ਮਿਤੀ ੧੬ ਮਈ ੧੯੧੭ ਅਨੁਸਾਰ ਯੂ.ਪੀ. ਵਿਚ ਕਿਰਪਾਨ ਰਖਨ ਦਾ ਹੱਕ ਸੀ । ਨੋਟੀਫੀਕੇਸ਼ਜ ਨੰ: ੩੯੩-੮੨੧ ਮਿਤੀ ੪ ਜੂਨ ੧੯੨੮, ਕਿਰਪਾਨ ਕਿਸੇ ਵੀ ਸਾਈਜ਼ ਦੀ ਰਖੀ ਜਾ ਸਕਦੀ ਹੈ । ਮਿਸਟਰ ਐਫ. ਸੀ. ਟੇਲਰ, ਡੀ.ਆਈ.ਜੀ. ਪੁਲਸ ਦੇ ਪੱਤਰ ਨੰ: ੩੩੭੯ ਸਪਸ਼ਟ ਕੀਤਾ ਕਿ ਇੰਡੀਅਨ ਆਰਮਜ਼ ਐਕਟ ਦੀ ਧਾਰਾ ੧੩ ਸਿੱਖਾਂ ਦੀ ਕਿਰਪਾਨ ਤੇ ਲਾਗੂ ਨਹੀਂ ਹੁੰਦੀ, ਇਹ ਅਸਲਾ ਨਹੀਂ ਹੈ ।

੧੮ ਜਨਵਰੀ, ਵੀਰਵਾਰ–ਬਰਤਾਨੀਆਂ ਦਾ ਹਾਈ ਕਮਿਸ਼ਨਰ ਮਿ: ਡੇਵਿਡ ਗੁਡਾਲ ਆਪਣੀ ਪਤਨੀ ਮੋਰਵਿਨਾ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਏ ਪਰਕਰਮਾਂ ਵਿਚ ਬੈਠ ਕੇ ਵਾਟਰ ਕਲਰ ਚਿਤਰ ਸ੍ਰੀ ਹਰਿਮੰਦਰ ਸਾਹਿਬ ਬਣਾਇਆ । ਇਹਨਾਂ ਨੂੰ ਸਿਰੋਪਾਉ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦਿਤਾ ਗਿਆ । ਇਹ ਅਕਤੂਬਰ ੧੯੮੭ ਵਿਚ ਦਰਸ਼ਨ ਕਰਨ ਵਾਸਤੇ ਆਏ ਤਾਂ ਫੌਜੀ ਪਹਿਰੇ ਵਲੋਂ ਇਹਨਾਂ ਦੀ ਤਲਾਸ਼ੀ ਆਦਿ ਲੈਣ ਦੇ ਦੁਰ ਵਿਹਾਰ ਸਖਤੀ ਕਾਰਣ ਇਨ੍ਹਾਂ ਨੂੰ ਅੰਦਰ ਨਹੀਂ ਜਾਣ ਦਿਤਾ ਗਿਆ ਸੀ, ਇਹ ਗੰਗੂ ਸਰਕਾਰ ਵਲੋਂ ਧਰਮ ਦੀ ਆਜ਼ਾਦੀ ਦਾ ਹਾਲ ਹੈ ? ਬਦੇਸਾਂ ਤੋਂ ਜੋ ਸਿਖ ਆਪਣੇ ਦਸਵੰਧ ਧਰਮ ਕਾਰਜਾਂ ਵਾਸਤੇ ਭੇਜਦੇ ਹਨ, ਗੰਗੂ

ਸਰਕ ਰ ਵਲੋਂ ਪਾਬੰਦੀ ਲਗਾ ਦਿਤੀ ਗਈ ਹੈ। ਕਿਸੇ ਅਖੌਤੀ ਲੀਡਰ, ਵਕੀਲ ਨੇ ਅਦਾਲਤ ਵਿਚ ਚੈਲੰਜ ਨਹੀਂ ਕੀਤਾ।

੨੪ ਜਨਵਰੀ ਬੁਧਵਾਰ ਸ. ਹਰਮੰਦਰ ਸਿੰਘ ਸੰਧੂ ਜਨਰਲ ਸਕਤਰ ਆਲ ਇੰਡ. ਸਿਖ ਸਟੂ. ਫੈਡਰੇਸ਼ਨ ਨੂੰ ਇਨ੍ਹਾਂ ਦੀ ਕੋਠੀ ੪੫-ਕੋਰਟ ਰੋਡ, ਅੰਮ੍ਰਿਤਸਰ ਵਿਖੇ ੭ ਵਜੇ ਸਵੇਰੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ, ਇਹ ਸੰਤ ਜਰਨੈਲ ਸਿੰਘ ਭਿੰਡਰਾਵਾਲਾ ਦੇ ਨਾਲ ੧੯੮੧ ਤੋਂ ੧੯੮੪ ਤੱਕ ਸਰਗਰਮ ਵਰਕਰ ਰਹੇ ਜੂਨ ੧੯੮੪ ਤੋਂ ਦਸੰਬਰ ੧੯੮੯ ਤੱਕ ਬਿਨਾਂ ਕਿਸੇ ਦੋਸ਼, ਲਾਹਨਤੀ ਗੰਗੂ ਸਰਕਾਰ ਦੀਆਂ ਜੇਲਾਂ ਵਿਚ ਡਕੇ ਰਹੇ, ਜਨਵਰੀ ਵਿਚ ਹੀ ਸ਼ਾਦੀ ਕਰਵਾਈ ਸੀ। ਇਨ੍ਹਾਂ ਦੀ ਯਾਦ ਵਿਚ ਗੁਰਮਤਿ ਲਾਇਬ੍ਰੇਰੀ ਬਣਾਈ ਜਾਣੀ ਹੈ। ਪੀੜਤ ਪਰਵਾਰ ਨੂੰ ਕੋਈ ਸਹਾਇਤਾ ਨਹੀਂ ਦਿਤੀ ਗਈ, ਨਾ ਹੀ ਕਾਤਲਾਂ ਵਿਰੁਧ ਕੋਈ ਗਿਰਫਤਾਰੀ ਕਾਰਵਾਈ ਹੀ ਕੀਤੀ ਗਈ ਹੈ।

ਫਰਵਰੀ.ਵੀ. ਤੋਂ ਹਰ ਐਤਵਾਰ ਸਵੇਰੇ ੮.੦੦ ਤੋਂ ੮.੧੦ ਤਕ, ਸ. ਕੁਲਦੀਪ ਸਿੰਘ ਬੇਦੀ ਐਡਵੋਕੇਟ ਬਟਾਲਾ ਵਲੋਂ ਸਭ ਮਹਿ ਸਾਚਾ ਏਕੋ ਸੋਈ ਦਾ ਸੀਰੀਅਲ ਪ੍ਰੋਗਰਾਮ, ਹਰ ਮਨੁਖ ਜਾਤੀ ਦੇ ਆਤਮਕ ਕਲਿਆਣ ਲਈ ਹੈ ਪਰ ਇਸ ਲਈ ਕੇਵਲ ੮-੧੦ ਮਿੰਟ ਦਾ ਸਮਾਂ ਦਿਤਾ ਜਾ ਰਿਹਾ ਹੈ, ਜਦੋਂ ਕਿ ਹੋਰਨਾਂ ਲਚਰ ਪ੍ਰੋਗਰਾਮਾਂ ਲਈ ਵੀ ਅਧਾ ਘੰਟਾ ਸਮਾਂ ਹੁੰਦਾ ਹੈ। ਪਰ ਕਿਸੇ ਅਖੌਤੀ ਪੰਥਕ ਦਲ ਵਲੋਂ ਇਸ ਧਰਮ ਦੇ ਕਾਰਜ ਵਾਸਤੇ ਸਮਾਂ ਵਧਾਏ ਜਾਣ ਲਈ ਟੀ. ਵੀ. ਅਧਿਕਾਰੀਆਂ ਨੂੰ ਕੁਝ ਨਹੀਂ ਲਿਖਿਆ ਗਿਆ।

੭ ਫਰਵਰੀ ਪੰਜਾਬ ਹਿਊਮਨ ਰਾਈਟਸ ਸੰਸਥਾ ਲੁਧਿਆਣਾ ਵਲੋਂ ਅਮਰੀਕਾ ਸਰਕਾਰ ਨੂੰ ਲਿਖਿਆ ਗਿਆ ਕਿ ਸ. ਰਣਜੀਤ ਸਿੰਘ ਗਿਲ ਅਤੇ ਸੁਖਮਿੰਦਰ ਸਿੰਘ ਸੰਧੂ ਨੂੰ ਰਿਹਾ ਕਰਵਾ ਕੇ ਸਿਖਾਂ ਨੂੰ ਇਨਸਾਫ ਦਿਤਾ ਜਾਵੇ।

ਸ. ਗੁਰਦੇਵ ਸਿੰਘ ਬਾਠ, ਸਟੈਨਲੇ ਜੇਲ੍ਹ ਹਾਕਕਾਗ ਨੇ ਸਿਖ ਰਹਿਤ ਮਰਯਾਦਾ, ਅੰਗਰੇਜ਼ੀ, ਜਾਪਾਨੀ ਚੀਨੀ, ਕੋਰੀਅਨ ਭਾਸ਼ਾਵਾਂ ਵਿਚ ਛਪਵਾ ਕੇ ਵੰਡੀ ਹੈ, ਸ਼੍ਰੋ. ਗੁਰ. ਪ੍ਰ. ਕਮੇਟੀ ਨੂੰ ਹੌਸਲਾ ਅਫਜਾਈ ਕਰਨੀ ਜ਼ਰੂਰੀ ਹੈ।

੨੭ ਫਰਵਰੀ ਸ਼ਨੀਵਾਰ, ਜੰਮੂ ਕਸ਼ਮੀਰ ਵਿਖੇ ਜਗਮੋਹਨ ਨੂੰ ਗਵਰਨਰ ਲਗਾਇਆ ਗਿਆ, ਉਸ ਨੇ ਡਾ. ਫਾਰੂਕ ਅਬਦੁਲਾ ਦੀ ਸਰਕਾਰ ਖਤਮ ਕਰਕੇ, ਆਪਣਾ ਸ਼ਨੀਚਰ ਰਾਜ ਲਾਗੂ ਕਰਵਾ ਕੇ ਜ਼ੁਲਮ ਕਰਡਿਊ ਸ਼ੁਰੂ ਕਰਵਾ ਦਿਤੇ।

੨੮ ਫਰਵਰੀ ਪੀ. ਐਚ. ਆਰ. ਓ ਵਲੋਂ ਬਠਿੰਡਾ ਵਿਖੇ ਹੋਏ ਪੁਲਸ ਜਬਰ ਦੀ ਰਪੋਟ ਛਾਪੀ ਗਈ।

ਸ. ਗੁਰਪ੍ਰੀਤ ਸਿੰਘ ਯੁਵਕ ਲਿਖਾਰੀ ਸੰਗਤ ੨੦੩ ਟੈਗੋਰ ਨਗਰ,

ਹੁਸ਼ਿਆਰਪੁਰ ਗੁਰਮਤਿ ਦਾ ਲਿਟਰੇਚਰ ਵੰਡ ਰਹੇ ਹਨ।

੧੧ ਮਾਰਚ ਐਤਵਾਰ ਸ: ਸਿਮਰਨਜੀਤ ਸਿੰਘ ਮਾਨ ਨੇ ਵੱਡੀ ਕਿਰਪਾਨ ਰਖਣ ਦੇ ਅਧਿਕਾਰ ਬਾਰੇ ੧੯੨੮ ਵਿਚ ਨਹਿਰੂ ਕਮੇਟੀ ੧੯੪੫ ਵਿਚ ਸਪਰੂ-ਕਮੇਟੀ ਅਤੇ ਸੰਵਿਧਾਨ ਦੀ ਧਾਰਾ ੨੫ ਵਿਚ ਅਧਿਕਾਰ ਹੈ। ਅਮਰੀਕਾ, ਸਵਿਸ ਦੀਆਂ ਸਰਕਾਰਾਂ ਨੇ ਵੀ ਆਜ਼ਾਦੀ ਦਿਤੀ ਹੈ, ਪਰ ਅਖੌਤੀ ਪੰਥਕ ਦਲਾਂ ਦੇ ਆਗੂ ਹੀ ਮਜ਼ਾਕ ਉਡਾ ਰਹੇ ਹਨ ?

੧੧ ਮਾਰਚ ਦਰਬਾਰਾ ਸਿੰਹੁ ਜੋ ਇੰਦਰਾ ਨੂੰ ਪ੍ਰਸੰਨ ਰਖਣ ਲਈ ਕਹਿੰਦਾ ਸੀ ਪੰਜਾਬੀ ਸੂਬਾ ਮੇਰੀ ਕਬਰ ਤੇ ਬਣੇਗਾ, ਇਸ ਹੰਕਾਰੀ ਨੂੰ ਰੱਬ ਨੇ ਵਾਪਸ ਬੁਲਾ ਲਿਆ। ਪੰਜਾਬ ਦੇ ਲੋਕਾਂ ਨੇ ਇਸ ਦੇ ਸਸਕਾਰ ੧੨ ਮਾਰਚ ਨੂੰ ਛੁਟੀ ਖੁਸ਼ੀ ਮਨਾਈ ਗਈ।

ਸਰਦਾਰਨੀ, ਬਿਮਲ ਕੌਰ ਖਾਲਸਾ ਐਮ.ਪੀ. ਵਲੋਂ ਇਸਤਰੀ ਅਕਾਲੀ ਦਲ ਕਾਇਮ ਕੀਤਾ ਗਿਆ ਹੈ।

ਪੀ.ਐਚ.ਆਰ.ਓ. ਵਲੋਂ ਪੁਲਸ ਦੇ ਬੁਚੜ ਸੈਲਾਂ ਵਿਚ ਜਬਰ ਬਾਰੇ ਜਸਟਿਸ ਜੇ.ਐਸ. ਸੇਖੋ ਦੀਆਂ ਰਪੋਟਾਂ ਛਾਪੀਆਂ ਗਈਆਂ।

ਵਾਸ਼ਿੰਗਟਨ, ਅਮਰੀਕਾ ਵਿਖੇ ਬਿਸ਼ਪ ਏਗਨ ਏ ਮੈਰੀਨੋ ੫੬ ਸਾਲ. ਰੋਮਨ ਕੈਥੋਲਕ ਚਰਚ ਵਿਖੇ ਮਿਸ ਵਿਕੀ ਪੀ. ਲੋਂਗ ੨੭ ਸਾਲ ਦੀ ਕੰਵਾਰੀ ਲੜਕੀ ਨਾਲ ਵਿਭਚਾਰ ਕਰਦਾ ਗ੍ਰਿਫਤਾਰ ਕੀਤਾ ਗਿਆ, ਪਾਦਰੀ ਮਾਈਕਲ ਵੁਡ ੪੮ ਸਾਲ ਵੀ ਮਿਸ ਲੌਂਗ ਨਾਲ ਵਿਭਚਾਰ ਕਰਦਾ ਰਿਹਾ, ਇਨ੍ਹਾਂ ਈਸਾ ਦੇ ਪਾਦਰੀਆਂ ਦੇ ਆਚਰਣ ਪਤਤ ਹਨ।

੧੫-੧੬ ਮਾਰਚ ਬੁਧ-ਵੀਰਵਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ ਜਪੁਜੀ ਸਾਹਿਬ ਦੇ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ, ਜਸਟਿਸ ਰਣਜੀਤ ਸਿੰਘ ਨਰੂਲਾ ਵਲੋਂ ਉਦਘਾਟਨ ਕੀਤਾ ਗਿਆ, ਪ੍ਰੋ: ਪ੍ਰੀਤਮ ਸਿੰਘ, ਡਾ. ਜਸਵੰਤ ਸਿੰਘ ਨੇਕੀ ਆਦਿ ੩੭ ਸਕਾਲਰਾਂ ਵਲੋਂ ਖੋਜ ਪੇਪਰ ਪੜ੍ਹੇ ਗਏ। ਦੁਖ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਆਮ ਲੋਕਾਂ ਵਾਸਤੇ ਸਰਲ ਅਤੇ ਸਸਤਾ ਲਿਟਰੇਚਰ ਛਾਪ ਕੇ ਵੰਡਿਆ ਜਾਵੇ।

੧੬ ਮਾਰਚ, ਸ਼ੁਕਰਵਾਰ ਕੈਨੇਡਾ ਵਿਚ ਪੁਲਸ ਕਰਮਚਾਰੀਆਂ ਨੂੰ ਦਸਤਾਰ ਸਜਾਉਣ ਦੀ ਖੁਲ੍ਹ ਹੈ, ਕਿਰਪਾਨ ਸਜਾਉਣ ਦੇ ਹੱਕ ਬਾਰੇ ਵੀ ਵਿਚਾਰ ਹੋ ਰਹੀ ਹੈ।

੧੭ ਮਾਰਚ, ਪ੍ਰੋ: ਮਨਿੰਦਰ ਸਿੰਘ, ਗੁਰੂ ਨਾਨਕ ਕਾਲਜ, ਧੰਨਬਾਦ (ਬਿਹਾਰ), ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਬਿਹਾਰ-ਬੰਗਾਲ ਕੋਆਰਡੀਨੇਸ਼ਨ

ਕਮੇਟੀ ਕਾਇਮ ਕਰਕੇ, ਨਿਸ਼ਕਾਮ ਤੌਰ ਤੇ ਗੁਰਮਤਿ ਪ੍ਰਚਾਰ ਦੀ ਲਹਿਰ ਚਲਾ ਰਹੇ ਹਨ।

੨੩ ਮਾਰਚ ਸ਼ੁਕਰਵਾਰ ਜ਼ਾਤ ਅਭਿਮਾਨੀ ਬਾਬਾ ਜਗਜੀਤ ਸਿੰਘ ਨਾਮਧਾਰੀ ਟੋਲਾ, ਇੰਦਰਾ, ਰਾਜੀਵ, ਅਤੇ ਵਕਤੀ ਸਰਕਾਰ ਦੇ ਸੇਵਕ ਹਨ, ਇਹ ਮਜ਼ਹਬੀ, ਗਰੀਬ ਕਿਰਤੀ ਸਿਖਾਂ ਨੂੰ ਨਫ਼ਰਤ ਕਰਦੇ, ਜ਼ਾਤ ਪਾਤ ਦੇ ਬ੍ਰਾਹਮਣੀ ਵਿਤਕਰੇ ਕਰਦੇ ਹਨ, "ਜਾਤਿ ਕਾ ਗਰਬੁ ਨ ਕਰੀਅਹੁ ਕੋਇ" (੧੯੨੭) ਆਪਣੀ ਵਡਿਆਈ, ਪੂਜਾ, ਚੌਰ ਕਰਵਾਉਂਦਾ ਹੈ। ਮਨਮਤ ਹੈ।

੨੮ ਮਾਰਚ ਬੁਧਵਾਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਸੈਸ਼ਨ ਵਿਚ, ਜਥੇਦਾਰ ਹਰਚਰਨ ਸਿੰਘ ਦਿੱਲੀ ਅਤੇ ਜਥੇਦਾਰ ਦਰਸ਼ਨ ਸਿੰਘ ਰਾਗੀ ਵਲੋਂ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਵਿਚਕਾਰ ਬੋਲ-ਕਬੋਲ ਹੋ ਗਏ, ਤਾਂ ਅਸਤੀਫੇ ਦਿਤੇ ਗਏ, ਪਰ ਕੈਨਟੈਸਾ ਕਾਰ ਵਾਪਸ ਨਹੀਂ ਕੀਤੀ ਗਈ। ਵਖਰਾ ਸਿਖ ਯੂਥ ਫਰੰਟ ਇੰਟਰਨੈਸ਼ਨਲ ਕਾਇਮ ਕਰ ਲਿਆ ਹੈ।

ਅੱਜ ਹਰ ਦੇਸ਼ ਆਪਣੇ ਇਤਿਹਾਸ ਦਾ ਪ੍ਰਚਾਰ ਟੀ.ਵੀ. ਰਾਹੀਂ ਵੀ ਕਰ ਰਿਹਾ ਹੈ, ਪਰ ਅਖੌਤੀ ਲੀਡਰ ਕਿਸੇ ਪ੍ਰਕਾਰ ਦਾ ਪ੍ਰਚਾਰ ਨਹੀਂ ਕਰ ਸਕਦੇ। ਸਿਖ ਇਤਿਹਾਸ ਦੀ ਕੋਈ ਫ਼ਿਲਮ ਟੀ.ਵੀ. ਤੇ ਨਹੀਂ ਆ ਸਕਦੀ। ਸੋਨੀਆ ਈਸਾਈ ਆਪਣੇ ਧਰਮ ਦੇ ਪ੍ਰਚਾਰ ਵਾਸਤੇ ਸਾਰੀ ਬਾਈਬਲ ਸੀਰੀਅਲ ਟੀ.ਵੀ. ਤੋਂ ਵਿਖਾਈ ਜਾਵੇਗੀ ਰਾਜੀਵ ਮਦਰ ਟੈਰੀਸਾ ਅਤੇ ਐਨ.ਜੀ. ਜੌਹਨ ਵਲੋਂ ਇਹ ਪ੍ਰੋਗਰਾਮ ਤਿਆਰ ਕਰਵਾਇਆ ਗਿਆ ਹੈ ਦੂਰਦਰਸ਼ਨ ਸਰਕਾਰ ਵਲੋਂ ੮ ਕਰੋੜ ਰੁਪਏ ਖਰਚ ਕੀਤੇ ਗਏ ਹਨ। ਸੈਕੁਲਰ ਕਿਵੇਂ ?

ਗੰਗੂ ਸਰਕਾਰ ਵਲੋਂ ਬਿਜਲੀ ਦੇ ਸਾਮਾਨ ਤੇ ਡਿਊਟੀ ਵਿਚ ਸਾਰੇ ਦੇਸ਼ ਨਾਲੋਂ ਵਧੇਰੇ ਲਗਾਈ ਗਈ, ਕਿਸੇ ਰੋਸ ਮੁਜ਼ਾਹਰੇ ਦਾ ਕੋਈ ਅਸਰ ਨਹੀਂ ਹੋਇਆ ? ਪੰਜਾਬ ਨਾਲ ਜ਼ੁਲਮ ਕਿਉਂ ?

੧ ਅਪਰੈਲ ਐਤਵਾਰ ਪੰਜਾਬ ਵਿਚ ਪੁਲਸ ਵਧੀਕੀਆਂ ਜਬਰ ਦੇ ਰੋਸ ਵਜੋਂ ਸ. ਸਿਮਰਨਜੀਤ ਸਿੰਘ ਮਾਨ ਦਲ ਵਲੋਂ ਰਾਜ ਭਵਨ ਵਿਖੇ ਧਰਨਾ ਦਿਤਾ ਗਿਆ।

ਬਿਹਾਰ, ਨਿਕਾਰਾਗੂਆ ਵਿਚ ਗੜਬੜ ਹੋਣ ਦੇ ਬਾਵਜੂਦ ਵੀ ਅਸੈਂਬਲੀ ਚੋਣਾਂ ਕਰਵਾ ਦਿਤੀਆਂ ਹਨ। ਪਰ ਪੰਜਾਬ ਵਿਚ ਚੋਣਾਂ ਦੇ ਮਾਮਲੇ ਤੇ ਰੂਸ ਦੇ ਅਧਰਮੀ ਏਜੰਟਾਂ ਤੋਂ ਹਦਾਇਤ ਲਈ ਜਾਂਦੀ ਹੈ। ਜਿਨ੍ਹਾਂ ਦਾ ਪੰਜਾਬ ਵਿਚ ਕੋਈ ਐਮ.ਪੀ. ਹੀ ਨਹੀਂ ਹੈ ?

੫ ਅਪ੍ਰੈਲ ਪੰਜਾਬ ਵਿਚ ਰਾਸ਼ਟਰਪਤੀ ਰਾਜ, ਪੁਲਸ ਜਬਰ, ਫੌਜ ਵਲੋਂ

ਜ਼ੁਲਮ ਹੀ ਲਾਗੂ ਕਰ ਦਿਤਾ ਗਿਆ । ਸੰਵਿਧਾਨ ਵਿਚ ੬ਪਵੀਂ ਸੋਧ ਕੀਤੀ ਗਈ ।

੯ ਅਪਰੈਲ ਸੋਮਵਾਰ ਚੀਫ਼ ਖ਼ਾਲਸਾ ਦੀਵਾਨ ਵਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਗੋਲਡਨ ਐਵਿਨਿਓ ਵਿਖੇ ਅਰਦਾਸ ਕਰਕੇ ਨੀਂਹ ਉਸਾਰੀ ਸ਼ੁਰੂ ਕੀਤੀ ਗਈ ।

ਸ: ਭਾਗ ਸਿੰਘ ਅਣਖੀ ਚੀਫ਼ ਖ਼ਾਲਸਾ ਦੀਵਾਨ ਵਲੋਂ ਵਿਸਾਖੀ ਦਾ ਵਧਾਈ ਕਾਰਡ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਛਕ ਰਹੇ ਹਨ, ਗੁਰਮਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਹਰ ਦੇਸ਼ ਵਿਚ ਵੀ ਭੇਜ ਕੇ ਅੰਮ੍ਰਿਤ ਛਕਣ ਦੀ ਪ੍ਰੇਰਣਾ ਦਿਤੀ ।

੬ ਅਪ੍ਰੈਲ ਸ਼ੁਕਰਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ-ਪਿਆਰਿਆਂ ਵਲੋਂ ਹੁਕਮਨਾਮਾ ਸ਼: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਵਲੋਂ ਬਜਟ ਸੈਸ਼ਨ ੨੮ ਮਾਰਚ ੧੯੯੦ ਵਿਚ ਵਰਤੇ ਸ਼ਬਦਾਂ ਵਿਰੁਧ, ਜਥੇਦਾਰ ਪ੍ਰੋ: ਮਨਜੀਤ ਸਿੰਘ ਤਖ਼ਤ ਕੇਸਗੜ੍ਹ ਵਲੋਂ ਸੰਗਤ ਨੂੰ ਸੁਣਾਇਆ ਗਿਆ, ਪਰ ਇਸ ਸਮੇਂ ਸ: ਗੁਰਚਰਨ ਸਿੰਘ ਟੌਹੜਾ ਅਤੇ ਦਰਸ਼ਨ ਸਿੰਘ ਰਾਗੀ ਆਦਿ ਪੇਸ਼ ਤੱਕ ਨਹੀਂ ਹੋਏ।

੧੩ ਅਪਰੈਲ ਵਿਸਾਖੀ ਸ਼ਕਰਵਾਰ, ਦਸਮੇਸ਼ ਸਿੰਘ ਸਜੋ ਲਹਿਰ ਇੰਟਰਨੈਸ਼ਨਲ, ਪਾਤੜਾਂ ਜ਼ਿਲ੍ਹਾ ਪਟਿਆਲਾ ਵਲੋਂ ਇਲਾਕੇ ਦੇ ਲੋਕਾਂ ਨੂੰ ਅੰਮ੍ਰਿਤ ਛਕਾਉਣ ਪਿੰਡ ਪਿੰਡ ਸਮਾਗਮ ਕਰਨ ਦੇ ਸਮਾਗਮ ਕੀਤੇ ਜਾ ਰਹੇ ਹਨ । ਜਥੇਦਾਰ ਬਲਕਾਰ ਸਿੰਘ ਭੁਲਰ ਹਨ ।

੧੪ ਅਪਰੈਲ ਸ਼ਨੀਵਾਰ ਗੰਗੂ ਪੰਡਤਾਂ ਵਲੋਂ ਸੈਕੂਲਰ ਦਾ ਢੰਗ ਕੀਤਾ ਜਾਂਦਾ ਹੈ, ਅੰਮ੍ਰਿਤਸਰ ਐਕਸਪ੍ਰੈਸ ਰੇਲਵੇ ਦਾ ਨਾਮ ਗੋਲਡਨ ਟੈਂਪਲ ਨਹੀਂ ਰਖਿਆ ਜਾ ਰਿਹਾ, ਪਰ ਦਿਲੀ ਦੇ ਹਵਈ ਅਡੇ ਦਾ ਨਾਮ ਇੰਦਰਾ ਦੇ ਨਾਮ ਤੇ ਹੈ, ਬੰਬਈ ਹਵਾਈ ਅੱਡੇ ਦਾ ਨਾਮ ਜਵਾਹਰ ਲਾਲ ਨਹਿਰੂ ਰਖਿਆ ਹੈ, ਜੰਮੂ ਜਵਾਹਰ ਟਨਲ ਹੈ, ਕਲਕੱਤਾ ਦੇ ਹਵਾਈ ਅੱਡੇ ਦਾ ਨਾਮ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਮ ਤੇ ਹੈ । ਮਹਾਂਰਾਸ਼ਟਰ ਵਿਚ ਕਿਤਨੇ ਵੱਡੇ ਵੱਡੇ ਪ੍ਰਜੈਕਟ ਹਨ, ਪਰ ਪੰਜਾਬ ਵਿਚ ਨਹੀਂ ਹਨ । ਭਾਰਤ ਦੀ ਗੰਗੂ ਸਰਕਾਰ ਜੰਮੂ ਕਸ਼ਮੀਰ ਦੇ ਅਤਿ-ਵਾਦੀਆਂ ਦੇ ਲੀਡਰ ਅਮਾਨਉਲਾ ਖਾਨ ਨਾਲ ਸਮਝੌਤੇ ਕਰਦੀ ਹੈ, ਉਥੇ ਹੋਰਨਾਂ ਪਾਰਟੀਆਂ ਦੇ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ, ਪਰ ਪੰਜਾਬ ਮਸਲੇ ਲਈ ਸ: ਸਿਮਰਨਜੀਤ ਸਿੰਘ ਮਾਨ ਐਮ.ਪੀ. ਨਾਲ ਗੱਲ ਕਰਨ ਤੋਂ ਇਨਕਾਰ ਟਾਲ ਮਟੋਲ ਅਤੇ ਹੋਰਨਾਂ ਪਾਰਟੀਆਂ ਦੀਆਂ ਚੁਚਕਰਾਂ ਕਿਉਂ ?

ਪੰਜ ਥ ਅਸੈਂਬਲੀ ਬਹਾਲ ਕਰਨ, ਸੰਵਿਧਾਨ ਦੀ ਸੋਧ ੬੪ ਨੂੰ ਖ਼ਤਮ ਕਰਨ ਅਤੇ ਪੰਜਾਬ ਵਿਚ ਚੋਣਾਂ ਕਰਵਾਉਣ ਵਾਸਤੇ ਹਾਈ ਕੋਰਟ ਵਿਚ ਰਿਟ ਭਾਈ ਸੁਚਾ ਸਿੰਘ ਐਮ.ਪੀ. ਸ: ਹਰੀ ਸਿੰਘ ਨਾਗਰਾ ਐਡਵੋਕੇਟ ਸ: ਮਨਜੀਤ ਸਿੰਘ ਖੈਰਾ ਐਡਵੋਕੇਟ ਵਲੋਂ ਦਾਇਰ ਹੈ, ਅਤੇ ਲਟਕ ਰਿਹਾ ਹੈ।

੧੮ ਅਪਰੈਲ ਬੁਧਵਾਰ, ਜੰਮੂ ਕਸ਼ਮੀਰ ਤੋਂ ਪੀੜਤ ਹਿੰਦੂ ਸਿਖ, ਜਦੋਂ ਪਠਾਨਕੋਟ ਪਹੁੰਚੇ ਤਾਂ ਸਿਖ ਪੀੜਤ ਪਰਵਾਰਾਂ ਨੂੰ ਸਰਕਾਰੀ ਸਹੂਲਤਾਂ ਦੇਣ ਸਮੇਂ ਜ਼ਲੀਲ ਕੀਤਾ ਜਾਣ ਲਗਾ, ਇਹ ਕਿਉਂ ? ਸ: ਵਰਿੰਦਰਜੀਤ ਸਿੰਘ ਪ੍ਰਧਾਨ ਸਿਖ ਯੂਥ ਫਰੰਟ ਜੰਮੂ ਹਨ।

੨੬ ਅਪ੍ਰੈਲ ਵੀਰਵਾਰ ਸ: ਕਿਰਪਾਲ ਸਿੰਘ ਆਰਟਿਸਟ ੬੭ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ, ਇਨ੍ਹਾਂ ਵਲੋਂ ਬਣਾਏ ਚਿਤਰ ਸਿਖ ਅਜਾਇਬ ਘਰ ਦਰਬਾਰ ਸਾਹਿਬ, ਗੁਰੂ ਤੇਗ ਬਹਾਦਰ ਅਜਾਇਬ ਘਰ, ਸ੍ਰੀ ਅਨੰਦਪੁਰ ਸਾਹਿਬ ਵਿਖੇ ਯਾਦ ਤਾਜ਼ਾ ਕਰ ਰਹੇ ਹਨ।

ਅਪ੍ਰੈਲ ੧੯੯੦ ਦਸ਼ਟ ਐਮ.ਜੇ. ਅਕਬਰ, ਐਮ.ਪੀ. ਕਾਂਗਰਸ ਵਲੋਂ ਸਿਖ ਧਰਮ ਵਿਰੁਧ ਇਕ ਇਤਰਾਜ਼ ਯੋਗ ਪੁਸਤਕ India The Seige Within ਛਾਪੀ ਗਈ ਹੈ, ਇਸ ਵਿਰੁਧ ਰੋਸ ੨੪ ਮਈ ੧੯੯੦ ਆਵਾਜ਼ੇ-ਕੌਮ ਵਿਚ ਪ੍ਰੋ: ਹਜ਼ਾਰਾ ਸਿੰਘ ਐਡਵੋਕੇਟ, ਲੁਧਿਆਣਾ ਵਲੋਂ ਛਪਿਆ ਹੈ ਪਰ ਕਿਸੇ ਅਖੌਤੀ ਪੰਥਕ ਆਗੂ ਵਲੋਂ ਕੋਈ ਕਾਰਵਾਈ ਨਹੀਂ ਹੋ ਰਹੀ।

੨੭ ਅਪਰੈਲ ਸ਼ੁਕਰਵਾਰ, ਅਮਰੀਕਾ ਦੇ ਸ੍ਰੀ ਡਾਨ ਬਰਟਨ ਨੇ ਇਕ ਬਿਲ ਪੇਸ਼ ਕੀਤਾ ਹੈ ਕਿ ਜੇ ਗੰਗੂ ਸਰਕਾਰ, ਐਮਨੈਸਟੀ ਇੰਟਰਨੈਸ਼ਨਲ ਨੂੰ ਭਾਰਤ ਵਿਚ ਦਾਖਲ ਨਹੀਂ ਹੋਣ ਦੇਵੇਗੀ ਤਾਂ ਮਾਲੀ ਸਹਾਇਤਾ ਦੇਣੀ ਬੰਦ ਕਰ ਦਿਤੀ ਜਾਵੇ। ਐਮਨੈਸਟੀ ਪੰਜਾਬ, ਜੰਮੂ ਕਸ਼ਮੀਰ ਵਿਖੇ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਸੰਸਾਰ ਦੇ ਲੋਕਾਂ ਨੂੰ ਦਸਣਾ ਚਾਹੁੰਦੀ। ਪੰਜਾਬ ਹਿਊਮਨ ਰਾਈਟਸ ਸੰਸਥਾ ਲੁਧਿਆਣਾ ਵਲੋਂ ਸਾਰੀਆਂ ਰਿਪੋਟਾਂ ਵੇਰਵੇ ਤਿਆਰ ਕਰਕੇ, ਛਾਪ ਕੇ ਵੰਡੀਆਂ ਗਈਆਂ ਹਨ।

੨੯ ਅਪ੍ਰੈਲ ਐਤਵਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਗੁਰਬਾਣੀ ਖੋਜ ਵਿਚਾਰ ਤੇ ਸੰਚਾਰ ਕੇਂਦਰ ਮਾਡਲ ਟਾਊਨ ਲੁਧਿਆਣਾ ਵਲੋਂ ਭਾਈ ਘਨ੍ਹਈਆ ਸੇਵਾ ਮਿਸ਼ਨ ਸੈਮੀਨਾਰ ਕਰਵਾ ਕੇ ਮਨੁਖਤਾ ਦੀ ਸੇਵਾ ਬਾਰੇ ਵਿਚਾਰਾਂ ਕਰਕੇ ਇਕ ਸੁਵੀਨਰ ਵੀ ਛਾਪ ਕੇ ਵੰਡਿਆ ਗਿਆ।

੨੯ ਅਪਰੈਲ ਤੋਂ ੧ ਮਈ ਐਤਵਾਰ, ਸੋਮਵਾਰ, ਮੰਗਲਵਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰਮਤਿ ਟਰੇਨਿੰਗ ਕੈਂਪ, ਗੁਰਦੁਆਰਾ

ਸਿੰਘ ਸਭਾ ਅਕੋਲਾ (ਮਹਾਂਰਾਸ਼ਟਰ) ਵਿਖੇ ਲਗਾਇਆ ਗਿਆ, ਗੁਰਚਰਨਜੀਤ ਸਿੰਘ ਪ੍ਰਧਾਨ ਸਿੰਘ ਸਭਾ ਵਲੋਂ ਸਾਰੇ ਪ੍ਰਬੰਧ ਕਰਵਾਏ ਗਏ, ਦੁਖ ਹੈ ਕਿ ਕਿਸੇ ਪੰਥਕ ਦਲ ਦਾ ਲੀਡਰ ਅਜਿਹੇ ਗੁਰਮਤਿ ਕੈਂਪਾਂ ਵਿਖੇ ਨਹੀਂ ਪਹੁੰਚਦਾ।

ਪ ਮਈ ਸੰਤ ਕਰਤਾਰ ਸਿੰਘ ਕਮਾਲੀਆ, ਮਾਡਲ ਟਾਊਨ ਪਟਿਆਲਾ, ਅਕਾਲ ਚਲਾਣਾ ਕਰ ਗਏ।

੧੧ ਮਈ ਸ਼ੁਕਰਵਾਰ ਸ: ਸਿਮਰਨਜੀਤ ਸਿੰਘ ਮਾਨ ਐਮ.ਪੀ. ਨੇ ਲੋਕ ਸਭਾ ਦੇ ਸਪੀਕਰ ਰਬੀ ਰੇ ਨੂੰ ਲਿਖਿਆ ਕਿਰਪਾਨ ਸਮੇਤ ਦਾਖਲ ਹੋਣ ਦਿਤਾ ਜਾਵੇ।

੧੨ ਮਈ ਸ਼ਨੀਵਾਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਰਬਜੀਤ ਸਿੰਘ ਖਾਲਸਾ ਵਲੋਂ ਗੁਰਮਤਿ ਟਰੇਨਿੰਗ ਕੈਂਪ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਲਾਡ ਬੰਬਈ ਵਿਖੇ ਲਗਾਇਆ ਗਿਆ।

੧੩ ਮਈ ਐਤਵਾਰ, ਪ੍ਰਿੰਸੀਪਲ ਕਰਤਾਰ ਸਿੰਘ ਸ਼ੇਰਗਿਲ, ਪਿੰਡ ਮੋਰਾਂਵਾਲੀ ਤਹਿਸੀਲ ਮਾਲੇਰਕੋਟਲਾ (ਸੰਗਰੂਰ) ਵਲੋਂ ਪ੍ਰਭੂ-ਦਰਸ਼ਨ ਪ੍ਰਭੂ ਮਿਲਾਪ ਛਾਪ ਕੇ ਸੰਗਤਾਂ ਨੂੰ ਵੰਡਿਆ ਗਿਆ।

੧੩ ਮਈ ਐਤਵਾਰ ਸ: ਗੁਰਚਰਨ ਸਿੰਘ ਟੌਹੜਾ ਬਸੰਤ ਪਾਰਕ ਲੁਧਿਆਣਾ ਤੋਂ ਰਾਤ ਨੂੰ ਪਟਿਆਲਾ ਵਲ ਕਾਰ ਵਿਚ ਜਾ ਰਹੇ ਸਨ। ਸਾਨ੍ਹੇਵਾਲ ਦੇ ਨੇੜੇ ਮਾਰੂ ਹਮਲਾ ਕੀਤਾ ਗਿਆ ਇਹ ਜ਼ਖਮੀ ਹੋ ਗਏ, ਇਨ੍ਹਾਂ ਦਾ ਡਰਾਈਵਰ ਸਰਦੂਲ ਸਿੰਘ ਅਤੇ ਸ: ਹਰਦਿਆਲ ਸਿੰਘ ਰਾਜਲਾ ਅਕਾਲ ਚਲਾਣਾ ਕਰ ਗਏ।

੧੩ ਮਈ ਗੁਰਦੁਆਰਾ ਨਾਨਕਸਰ, ਹਮੀਦੀਆ ਰੋਡ, ਭੁਪਾਲ (ਮੱਧ ਪ੍ਰਦੇਸ਼) ਵਿਖੇ ਸ੍ਰੀ ਗੁਰੂ ਸਿੰਘ ਸਭਾਵਾਂ ਦੇ ਪ੍ਰਬੰਧਕਾਂ ਦੇ ਸਮਾਗਮ ਵਿਖੇ ਅੱਜ ਦੇ ਹਾਲਾਤ ਬਾਰੇ ਵਿਚਾਰਾਂ ਹੋਈਆਂ।

ਮਹਾਰਾਜ ਦਰਸ਼ਨ ਦਾਸ, ਸੱਚਖੰਡ ਨਾਨਕਧਾਮ, ਬਰਮਿੰਘਮ (ਯੂ.ਕੇ.) ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੋਨੇ ਦੀ ਜਿਲਦ ਵਾਲਾ, ਸ੍ਰੀ ਹਰਿਮੰਦਰ ਸਾਹਿਬ ਵਾਸਤੇ ਭੇਟ ਕੀਤਾ ਗਿਆ ਹੈ, ਜੋ ਬਰਮਿੰਘਮ ਤੋਂ ਸਿਖ ਮਰਯਾਦਾ ਅਨੁਸਾਰ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆਂਦਾ ਜਾਵੇਗਾ।

੧੭ ਮਈ ਵੀਰਵਾਰ ਗੰਗੂ ਸਰਕਾਰ ਵਲੋਂ ਸੈਕੂਲਰ ਦਾ ਢੌਂਗ ਕੀਤਾ ਜਾਂਦਾ ਹੈ ਪਰ ਕੁਰਕਸ਼ੇਤਰ ਦੇ ਇਤਿਹਾਸਕ ਪੱਥਰ ਦੇ ਮੰਦਰਾਂ, ਸਰੋਵਰਾਂ ਨੂੰ ਸੁੰਦਰੀ ਕਰਨ ਵਾਸਤੇ ੫੦ ਕਰੋੜ ਦਿਤੇ ਗਏ ਹਨ। ਪਹਾੜਾਂ ਵਿਖੇ ਵੈਸ਼ਨੋ ਪੱਥਰ

ਦੀ ਮੂਰਤੀ ਲਈ ਕਰੋੜਾਂ ਰੁਪਏ ਨਸ਼ਟ ਕੀਤੇ ਜਾਂਦੇ ਹਨ। ਗੀਤਾ ਦੀ ਖੋਜ, ਸੰਸਕ੍ਰਿਤ ਦੇ ਵਿਕਾਸ ਵਾਸਤੇ ੨੫ ਕਰੋੜ ਖਰਚ ਕੀਤੇ ਗਏ ਹਨ, ਪਰ ਸਿਖਾਂ ਦੇ ਇਤਿਹਾਸਕ ਗੁਰਧਾਮਾਂ ਵਿਖੇ ਬਰਬਾਦੀਆਂ, ਜ਼ੁਲਮ ਹੀ ਹੋ ਰਹੇ ਹਨ, ਇਹ ਕਿਸ ਤਰ੍ਹਾਂ ਦਾ ਸੈਕੂਲਰ ਢੰਗ ਹੈ ?

੧੮ ਮਈ ਸ਼ੁਕਰਵਾਰ, ਸ੍ਰੀ ਹਰਿਮੰਦਰ ਸਾਹਿਬ ਜੋ ਸੰਗਤਾਂ ਦਰਸ਼ਨ ਕਰਨ ਵਾਸਤੇ ਜਾਂਦੀਆਂ ਹਨ, ਉਥੇ ਦੁਸ਼ਟ ਫੌਜੀ, ਸੀ.ਆਰ.ਪੀ. ਦੇ ਬਿਹਾਰੀ ਪੂਰਬੀਏ ਤਲਾਸ਼ੀ ਲੈਣ ਲਈ ਬਦਤਮੀਜੀ ਨਾਲ ਪੇਸ਼ ਆਉਂਦੇ ਹਨ। ਇਸ ਅਪਮਾਨ-ਜਨਕ ਵਤੀਰੇ ਵਿਰੁਧ, ਸ: ਸੁਰਜੀਤ ਸਿੰਘ ਸੂਦ ਐਡਵੋਕੇਟ ਨੇ ਹਾਈ ਕੋਰਟ ਵਿਚ ਰਿਟ ਦਾਇਰ ਕੀਤੀ ਅਦਾਲਤਾਂ ਦੇ ਜੱਜਾਂ ਅਤੇ ਐਡਵੋਕੇਟ ਜਨਰਲ ਨੂੰ ਚਾਹੀਦਾ ਸੀ ਕਿ ਉਹ ਆਪ ਮੌਕਾ ਹਾਲਤ ਵੇਖ ਕੇ ਤਸੱਲੀ ਕਰਕੇ ਇਨਸਾਫ਼ ਕਰਦੇ ਪਰ ਦੁਖ ਹੈ ਕਿ ਅਦਾਲਤਾਂ ਦੇ ਜੱਜ ਬਿਨਾਂ ਮੌਕਾ ਵੇਖੇ, ਸਬੂਤ ਲੈਣ ਤੋਂ ਬਿਨਾਂ ਹੀ ਰਿਟ ਡਿਸਮਿਸ ਕਰ ਦੇਂਦੇ ਹਨ, ਗੰਗੂ ਜੇ.ਬੀ. ਗਰਗ ਵਰਗੇ ਤੋਂ ਸਿਖਾਂ ਨੂੰ ਕਦੇ ਵੀ ਇਨਸਾਫ਼ ਮਿਲ ਸਕਣ ਦੀ ਆਸ ਹੀ ਨਹੀਂ।

ਗੁਰਦੁਆਰਾ ਸਿੰਘ ਸਭਾ, ਅਕੋਲਾ (ਮਹਾਂਰਾਸ਼ਟਰ) ਵਿਖੇ ਗੁਰਮਤਿ ਟਰੇਨਿੰਗ ਕੈਂਪ ਲਗਾਇਆ ਗਿਆ।

੨੩ ਮਈ ਬੁਧਵਾਰ ਸੁਰਜੀਤ ਸਿੰਘ ਬਰਨਾਲਾ, ਪ੍ਰਧਾਨ ਮੰਤਰੀ ਵੀ.ਪੀ. ਸਿੰਘ ਦੀਆਂ ਪ੍ਰਕਰਮਾ ਕਰਕੇ ਗਵਰਨਰ ਤਾਮਲਨਾਡੂ ਬਣ ਕੇ ਆਜ਼ਾਦੀ ਦੇ ਅਨੰਦ ਮਾਣਨ ਲਗ ਪਿਆ।

ਗੁਰਦੁਆਰਾ ਸਿੰਘ ਸਭਾ ਬਰਨਪੁਰ (ਪੱਛਮੀ ਬੰਗਾਲ) ਵਿਖੇ ਗੁਰਮਤਿ ਟਰੇਨਿੰਗ ਕੈਂਪ ਲਗਾਇਆ ਗਿਆ।

੨੭ ਮਈ ਐਤਵਾਰ ਕੈਨੇਡਾ, ਟਰਾਂਟੋ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਉਥੋਂ ਦੇ ਐਮ.ਪੀ. ਡੇਵਿਟ ਪੀਟਰ ਨੇ ਸ਼ਾਮਲ ਹੋ ਕੇ ਮਨਾਇਆ ਅਤੇ ਆਪਣਾ ਨਾਮ ਡੇਵਿਡ ਪੀਟਰ ਸਿੰਘ ਰਖ ਲਿਆ ਇਸ ਨੂੰ ਸ੍ਰੀ ਸਾਹਿਬ ਸਿਰਪਾਉ ਸ. ਇੰਦਰਜੀਤ ਸਿੰਘ ਬਲ ਵਲੋਂ ਦਿਤਾ ਗਿਆ, ਇਸ ਇਲਾਕੇ ਦੇ ਸਿਖ ਬੱਚੇ ਸਕੂਲ ਵਿਚ ਕਿਰਪਾਨ ਪਹਿਨ ਕੇ ਹੀ ਜਾਂਦੇ ਹਨ। ਦੁਖ ਹੈ ਪੰਜਾਬ ਦੇ ਕਿਸੇ ਸਰਕਾਰੀ ਸਕੂਲ ਕਾਲਜ ਵਿਚ ਕੋਈ ਸਿਖ ਬਚਾ ਕਿਰਪਾਨ ਪਹਿਨ ਕੇ ਨਹੀਂ ਜਾਂਦਾ, ਇਹ ਸਿਖ ਲੀਡਰਾਂ ਦੀ ਕਮਜ਼ੋਰੀ ਹੈ।

ਸ. ਸਾਹਿਬ ਸਿੰਘ ਚਾਵਲਾ ਚੰਡੀਗੜ ਟਰੱਸਟੀ, ਸ੍ਰੀ ਹੇਮਕੁੰਟ ਟਰੱਸਟ, ਸੇਵਾ ਸਿਮਰਨ ਕਰਦੇ ਅਕਾਲਪੁਰਖ ਦੇ ਚਰਨਾਂ ਵਿਚ ਬਰਾਜ ਗਏ।

1 ਜੂਨ : ਗੁਰਦੁਆਰਾ ਰਕਾਬ ਗੰਜ ਦਿੱਲੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ

ਭਵਨ ਪੰਜ ਮੰਜ਼ਲਾ ਬਣਾਏ ਜਾਣ ਲਈ ਸੰਤ ਬਾਬਾ ਹਰਬੰਸ ਸਿੰਘ ਜੀ ਵਲੋਂ ਅਰਦਾਸ ਕਰਕੇ, ਟਕ ਪੰਜ ਪਿਆਰਿਆਂ ਵਲੋਂ ਲਗਾ ਕੇ, ਉਸਾਰੀ ਸੇਵਾ ਸੰਗਤਾਂ ਵਲੋਂ ਸਿਮਰਨ ਕਰਦੇ ਸ਼ੁਰੂ ਕੀਤੀ ਗਈ।

੧ ਜੂਨ ਸ਼ੁਕਰਵਾਰ : ਬਾਬਾ ਚਰਨ ਸਿਹੁੰ ਡੇਰਾ ਤਾਧਾ ਸੁਆਮੀ ਬਿਆਸ ੭੩ ਸਾਲ ਦੀ ਉਮਰ ਵਿਚ ਗੱਦੀ ਗੁਰਿੰਦਰ ਸਿੰਘ ਢਿਲੋਂ ਨੂੰ ਸੌਂਪ ਕੇ ਅਕਾਲ ਵਾਸ ਹੋ ਗਏ।

੨ ਜੂਨ ਸੋਮਵਾਰ : ਦੁਸ਼ਟ ਗੰਗੂ ਸਵਾਮੀ ਅਬੰਦ ਬੋਧ ਸਰਸ੍ਵਤੀ ਨੇ ਕਮੀਨੀ ਸਲਾਹ ਦਿੱਤੀ ਹੈ ਕਿ ਜੇ ਕਰ ੨੦-੨੫ ਲਖ ਸਿਖ ਖ਼ਤਮ ਕਰ ਦਿਤੇ ਜਾਣ ਤਾਂ ਪੰਜਾਬ ਮਸਲਾ ਠੀਕ ਹੋ ਸਕਦਾ ਹੈ।

੧ ਜੂਨ ਸ਼ਕਰਵਾਰ ਨੌਜਵਾਨ ਪਲਵਿੰਦਰ ਸਿੰਘ ਬੱਬਰ, ਬੂੜੇਵਾਲ ਨੂੰ ਰੋਜ਼ ਗਾਰਡਨ ਚੰਡੀਗੜ੍ਹ ਸ਼ਹੀਦ ਕਰ ਦਿਤਾ ਗਿਆ।

੧-੨ ਜੂਨ ਸ਼ੁਕਰਵਾਰ-ਐਤਵਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰਮਤਿ ਟਰੇਨਿੰਗ ਕੈਂਪ, ਤਿਰਮਲ ਗਿਰੀ, ਲਾਲ ਬਾਜ਼ਾਰ, ਸਿਕੰਦਰਾਬਾਦ ਲਗਾਇਆ ਗਿਆ, ਬੀਬੀ ਬਲਬੀਰ ਕੌਰ ਪ੍ਰਿੰਸੀਪਲ ਸੇਂਟ ਐਨ ਸਕੂਲ ਅਤੇ ਬੀਬੀ ਸਰਬਜੀਤ ਕੌਰ ਵਲੋਂ ਸਾਰੇ ਪ੍ਰਬੰਧ ਕਰਵਾਏ ਗਏ।

੩ ਜੂਨ ਐਤਵਾਰ, ਗੁਰਦੁਆਰਾ ਸ਼ਹੀਦ ਗੰਜ, ਮੋਰਿੰਡਾ (ਰੋਪੜ) ਵਿਖੇ ਕੇਂਦਰੀ ਸਿੰਘ ਸਭਾਵਾਂ ਦੇ ਅਠਵੇਂ ਸਾਲਾਨਾ ਸਮਾਗਮ ਵਿਖੇ ਸ: ਸੰਪੂਰਨ ਸਿੰਘ ਪ੍ਰਧਾਨ ਵਲੋਂ ਅੱਜ ਦੇ ਹਾਲਾਤ ਤੇ ਵਿਚਾਰਾਂ ਅਤੇ ਗੁਰਮਤਿ ਦੇ ਪ੍ਰਚਾਰ ਬਾਰੇ ਵਿਚਾਰ ਕੀਤੇ ਗਏ।

੬ ਜੂਨ ਬੁਧਵਾਰ ਸ੍ਰੀ ਅਕਾਲ ਤਖ਼ਤ ਵਿਖੇ ਪੰਥ ਵਲੋਂ ਜੂਨ ੧੯੮੪ ਦੇ ਘਲੂਘਾਰੇ ਦੀ ਛੇਵੀਂ ਬਰਸੀ ਮਨਾਉਣ ਸਬੰਧੀ। ਜੂਨ ਤੋਂ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਅਰੰਭ ਕੀਤੇ ਗਏ, ਪਰ ਹਾਕਮਾਂ ਵਲੋਂ ਘੇਰਾਬੰਦੀ ਸਖ਼ਤ ਕਰਕੇ ਸੀਲ ਕਰ ਦਿਤਾ ਸੰਗਤਾਂ ਨੂੰ ਜਾਣ ਤੇ ਪਾਬੰਦੀ ਲਗਾ ਦਿਤੀ, ਐਮ.ਪੀ. ਸ: ਸਿਮਰਨਜੀਤ ਸਿੰਘ ਮਾਨ ਆਦਿ ਨੂੰ ਵੀ ਰੋਕ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਸਿਖ ਲੀਡਰਾਂ ਨੂੰ ਇਨ੍ਹਾਂ ਵਿਰੁਧ ਅਦਾਲਤਾਂ ਵਿਚ ਹਰਜ਼ਾਨੇ ਦੇ ਮੁਕੱਦਮੇ ਕਰਨੇ ਚਾਹੀਦੇ ਹਨ।

ਜੂਨ : ਸ: ਭਾਗ ਸਿੰਘ ਅਣਖੀ ਮੈਂਬਰ ਇੰਚਾਰਜ ਧਰਮ ਪ੍ਰਚਾਰ, ਚੀਫ ਖਾਲਸਾ ਦੀਵਾਨ ਵਲੋਂ ਸਿਮਰਨ ਅਤੇ ਸੇਵਾ ਦੇ ਪੁੰਜ ਭਾਈ ਘਨਈਆ ਬਲਾਕ ਦੀ ਉਸਾਰੀ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਮਹੰਤ ਤੀਰਥ ਸਿੰਘ ਸੇਵਾ ਪੰਥੀ ਵਲੋਂ ਅਰਦਾਸ ਕਰਕੇ ਸ਼ੁਰੂ ਕੀਤੀ ਗਈ ਅਤੇ ਇਕ ਸੁਵੀਨਾਰ ਵੀ ਛਪਾ

ਕੇ ਦੂਰ ਦੁਰਾਡੇ ਤਕ ਪ੍ਰਚਾਰ ਕੀਤਾ ਜਾ ਰਿਹਾ ਹੈ।

੭ ਜੂਨ ਵੀਰਵਾਰ : ਪੰਥ ਦੇ ਸਾਰੇ ਦਲਾਂ ਜਥੇਬੰਦੀਆਂ ਵਲੋਂ ਪੰਜ ਬੰਦ ਦਾ ਸਦਾ ਦਿਤਾ ਗਿਆ ਤਾਂ ਗੰਗੂ ਦੁਸ਼ਟ ਸਰਕਾਰ ਵਲੋਂ ਸਾਰੇ ਪੰਥਕ ਲੀਡਰਾਂ ਵਰਕਰਾਂ ਨੂੰ ਇਕ ਦਿਨ ਪਹਿਲਾਂ ਹੀ ਘਰਾਂ ਤੋਂ ਗ੍ਰਿਫਤਾਰ ਕਰ ਲਿਆ ਗਿਆ, ਪਰ ਜਦੋਂ ਇਹ ਗੰਗੂ ਆਪ ਰੋਸ ਹੜਤਾਲਾਂ, ਰੈਲੀਆਂ, ਮੁਜ਼ਾਹਰੇ, ਬੰਦ, ਫੌਜ ਪੁਲਸ ਵੀ ਇਨ੍ਹਾਂ ਦੀ ਗੁੰਡਾ ਗਰਦੀ ਵਿੱਚ ਪੂਰਾ ਸਾਥ ਦੇਂਦੀ ਹੈ, ਸਿਖਾਂ ਤੇ ਜ਼ੁਲਮ ਹੁੰਦਾ ਹੈ, ਸਿੱਖਾਂ ਦੇ ਕਤਲ ਹੁੰਦੇ ਹਨ।

੯ ਜੂਨ ਸ਼ਨੀਵਾਰ ਸ੍ਰੀ ਅਕਾਲ ਤਖਤ ਲਈ ਜਥੇਦਾਰ, ਸ: ਰਣਜੀਤ ਸਿੰਘ ਤਿਹਾੜ ਜੇਲ੍ਹ ਦਿਲੀ ਨੂੰ ਨਿਯੁਕਤ ਕਰ ਦਿਤਾ ਗਿਆ, ਦੁਸ਼ਟ ਨਿਰੰਕਾਰੀ ਗੁਰਬਚਨੇ ਦੇ ਕਤਲ ਦੇ ਦੋਸ਼ ਵਿਚ ਡਕੇ ਹੋਏ ਹਨ, ਗਿ: ਭਗਵਾਨ ਸਿੰਘ ਨੂੰ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਲਗਾਇਆ ਗਿਆ।

੧੦ ਜੂਨ ਐਤਵਾਰ ਸਾਨ ਫਰਾਂਸਿਸਕੋ, ਵੈਸਟ ਕਉਂਟੀ ਦੇ ਗੁਰਦੁਆਰਾ ਤੋਂ ਭਾਰਤ ਦੇ ਗੁੰਡਾ ਅਨੁਸਰ ਨੇ ਗੋਲਕ ਵਿਚੋਂ ੪੦੦ ਡਾਲਰ ਚੋਰੀ ਕੀਤੇ।

੧੨ ਜੂਨ ਮੰਗਲਵਾਰ, ਦਿੱਲੀ ਗੁਰਦੁਆਰਿਆਂ ਦੇ ਮੈਂਬਰ ਦੀਆਂ ਚੋਣਾਂ ਲਈ ਚੀਫ਼ ਸਕੱਤਰ ਵਲੋਂ ੧੮ ਸਾਲ ਦੇ ਨੌਜਵਾਨਾਂ ਨੂੰ ਵੋਟ ਅਧਿਕਾਰ ਨਹੀਂ ਦਿਤਾ।

੧੩ ਜੂਨ ਬੁਧਵਾਰ ਨਾਰਦਰਨ ਕੈਲੀਫੋਰਨੀਆ ਦੇ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਇਆ। ਚੋਣਾਂ ਪ੍ਰਬੰਧਕਾਂ ਦੀ ਹਉਮੈਂ ਵਿਚਕਾਰ ਮੁਕੱਦਮੇ ਕਿਊਬਾ ਦੀਆਂ ਅਦਾਲਤਾਂ ਵਿਚ ਦਾਇਰ ਕਰਕੇ ਧਰਮ ਪ੍ਰਚਾਰ ਫੰਡ ਨਸ਼ਟ ਕੀਤਾ ਗਿਆ।

੧੩ ਜੂਨ ਭਾਰਤ ਦੇ ਗੰਗੂ ਹਾਕਮ ਨਾਸਤਕ ਰੂਸ ਦੇ ਗਰਬਾਚੋਵ ਦੇ ਹੁਕਮ ਤੇ ਚਲਦੇ ਹਨ, ਪਰ ਉਨ ਨੇ ਰੂਸ ਦੇ ੧੫ ਗਣਰਾਜਾਂ ਨੂੰ ਖੁਦਮਖਤਾਰੀ ਦੇ ਅਧਿਕਾਰ ਦੇ ਦਿਤੇ ਹਨ, ਕੇਂਦਰ ਕੋਲ ਤਿੰਨ ਵੱਡੇ ਮਹਿਕਮੇ ਹੀ ਰਹਿਣਗੇ।

ਭਾਰਤ ਦੇ ਹਾਕਮਾਂ ਨੂੰ ਵੀ ਸਾਰੇ ਅਧਿਕਾਰ ਅਨੰਦਪੁਰ ਮਤੇ ਅਨੁਸਾਰ ਸੌਂਪ ਦੇਣੇ ਜ਼ਰੂਰੀ ਹਨ ਪੁਲਸ ਦੇ ਜ਼ਾਲਮਾਨਾ ਵਤੀਰੇ ਵਿਚ ਸੁਧਾਰ ਕਰਨਾ ਚਾਹੀਦਾ ਹੈ।

੧੪ ਜੂਨ ਵੀਰਵਾਰ ਪੰਜਾਬ ਦਾ ਗਵਰਨਰ, ਵਰਿੰਦਰ ਵਰਮਾ ਬਣ ਗਿਆ ਇਹ ੨੪ਵਾਂ ਗਵਰਨਰ ਹੈ।

੧੫ ਜੂਨ ਸ਼ੁਕਰਵਾਰ ਪੰਜਾਬ ਦੇ ਗਵਰਨਰ ਵਰਿੰਦਰ ਵਰਮਾ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕੀਤੇ ਸਿਰਤਾਉ, ਸ਼ਾਲ, ਮੋਮੈਂਟੋ, ਸ੍ਰੀ ਹਰਿਮੰਦਰ

ਦਾ ਮਾਡਲ ਅਤੇ ਲਿਟਰੇਚਰ ਦਿਤਾ ਗਿਆ। ਇਸ ਮੌਕੇ ਸਰਕਾਰ ਵਲੋਂ ੮ ਜੂਨ ੧੯੮੪ ਤੋਂ ਵਡਮੁਲੀਆਂ ਵਸਤਾਂ, ਪੁਸਤਕਾਂ, ਨਕਦੀ, ਬੈਂਕ ਰਸੀਦਾਂ ਆਦਿ ਵਾਪਸ ਪ੍ਰਬੰਧਕਾਂ ਨੂੰ ਸੌਂਪੀਆਂ ਗਈਆਂ, ਬ੍ਰਹਮ ਬੂਟਾ ਦੇ ਨਾਲ ਲਗਦੀ ਜ਼ਮੀਨ ੧੬੫ ਵਰਗ ਗਜ਼ ਜੋ ਨਗਰ ਨਿਗਮ ਨੇ ਕਬਜਾ ਕਰ ਲਿਆ ਸੀ ਦਰਬਾਰ ਸਾਹਿਬ ਦੇ ਨਾਮ ਤਬਦੀਲ ਕਰ ਦਿਤੀ ਗਈ ਹੈ।

੧੭ ਜੂਨ ਐਤਵਾਰ, ਗਿ: ਗੁਰਦਿਤ ਸਿੰਘ ਪ੍ਰਧਾਨ ਕੇਂਦਰੀ ਸਿੰਘ ਸਭਾ ਸੈਕਟਰ ੨੮-ਏ ਚੰਡੀਗੜ੍ਹ ਵਲੋਂ ਪੁਸਤਕ ਇਤਿਹਾਸ ਗੁਰੂ ਗ੍ਰੰਥ ਸਾਹਿਬ ਭਗਤ ਬਾਣੀ ਭਾਗ ਛਪਵਾ ਕੇ ਨਿਉਜ਼ਾਰਕ ਵਿਖੇ ਜਾ ਕੇ ਸਿਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ: ਜਗਜੀਤ ਸਿੰਘ ਮਾਂਗਟ ਵਲੋਂ ਰੀਲੀਜ਼ ਕਰਕੇ ਵਧਾਈ ਦੇ ਕੇ ਸਿਰਪਾਉ ਦਿਤਾ ਗਿਆ।

੧੭ ਜੂਨ ਡਾ: ਹਰਚਰਨ ਸਿੰਘ ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟਰੱਸਟ ਵਲੋਂ ਗੁਰਦੁਆਰਾ ਸ੍ਰੀ ਹਰਿ ਰਾਏ ਸਾਹਿਬ ਗੋਪਾਲ ਨਗਰ ਵਿਖੇ ਗੁਰਮਤਿ ਦਾ ਸਮਾਗਮ ਕੀਤਾ ਗਿਆ।

੧੭ ਜੂਨ ਐਤਵਾਰ, ਸ: ਗੁਰਬਖਸ਼ ਸਿੰਘ ਚੇਅਰਮੈਨ, ਗੁਰਮਤਿ ਮਿਸ਼ਨਰੀ ਈ.ਐਸ. ੨੧੮ ਮਖਦੂਮਪੁਰਾ, ਜਲੰਧਰ, ਆਪਣੇ ਮਿਸ਼ਨਰੀ ਸਾਥੀਆਂ ਪ੍ਰਿੰਸੀਪਲ ਬਲਜੀਤ ਸਿੰਘ ਪ੍ਰਿੰਸੀਪਲ ਜਸਬੀਰ ਸਿੰਘ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਬਾਬਾ ਲਾਭ ਸਿੰਘ ਨਾਲ ਗੁਰਮਤਿ ਦੇ ਕੈਂਪ ਲਗਾ ਕੇ ਬੱਚਿਆਂ ਨੂੰ ਧਰਮ ਦੀ ਮੁਢਲੀ ਜਾਣਕਾਰੀ, ਪਾਠ ਸ਼ੁਧ ਕਰਨ ਦੀ ਸਿਖਲਾਈ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਨ ਦੀ ਅਗਵਾਈ ਦੇਂਦੇ ਹਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੇਨ ਮਾਰਕਿਟ, ਨੰਗਲ, ਅਤੇ ਸੈਕਟਰ ੨ ਨੰਗਲ, ਨਵੀਂ ਦਿਲੀ, ਫਰੀਦਾਬਾਦ, ਜਲੰਧਰ, ਫਗਵਾੜਾ, ਚਮਕੌਰ ਸਾਹਿਬ, ਖਨਿਆਣ, ਆਦਿ ਥਾਵਾਂ ਤੇ ਪਹੁੰਚ ਕੇ ਪ੍ਰਬੰਧ ਕਰਦੇ ਹਨ।

੧੯ ਜੂਨ ਮੰਗਲਵਾਰ, ਸ: ਕਿਰਪਾਲ ਸਿੰਘ ਐਮ.ਪੀ. ਪ੍ਰਧਾਨ ਚੀਫ਼ ਖਾਲਸਾ ਦੀਵਾਨ ਅਤੇ ਬਾਬਾ ਦਰਸ਼ਨ ਸਿੰਘ ਕਾਲਾ ਵਲੋਂ ਮਹਿਲ ਜੰਡਿਆਲਾ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਨੀਂਹ ਪੱਥਰ ਲਗਾ ਕੇ ਮੂਲ-ਮੰਤਰ ਦੇ ਪਾਠ ਅਰਦਾਸ ਕਰਕੇ ਆਰੰਭ ਕੀਤਾ ਗਿਆ।

ਸ: ਪ੍ਰਿਥੀਪਾਲ ਸਿੰਘ ਓਸਹਾਨ, ਪ੍ਰਬੰਧਕ ਰਾਮਗੜ੍ਹੀਆ ਸੀਨ: ਸ: ਸਕੂਲ, ਅਕਾਲ ਚਲਾਣਾ ਕਰ ਗਏ।

ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਵਲੋਂ ਗੁਰਮਤਿ ਟਰੇਨਿੰਗ ਕੈਂਪ ਬਿਭੌਰ ਸਾਹਿਬ, ਨਯਾ ਨੰਗਲ (ਰੋਪੜ) ਵਿਖੇ ਲਗਾਇਆ ਗਿਆ।

੨੨ ਜੂਨ ਸ਼ੁਕਰਵਾਰ, ਈਰਾਨ ਵਿਖੇ ਐਲਬੋਰਜ਼ ਪਹਾੜੀ ਅਤੇ ਜਨ ਜਨ ਵਿਖੇ ਭੁਚਾਲ ਦੇ ਝਟਕੇ ਨਾਲ ੪੦ ਹਜ਼ਾਰ ਲੋਕ ਮਲਬੇ ਹੇਠ ਦਬ ਕੇ ਮਰ ਗਏ, ਧਰਤੀ ਨਗਰ ਧਸ ਜਾਣ ਨਾਲ ਇਕ ਲੱਖ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ।

ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਨੇ ਇਕ ਹੋਰ ਪੰਜਾਬ ਯੂਨਾਈਟਿਡ ਫਰੰਟ, ਕਾਇਮ ਕਰ ਲਿਆ ਹੈ।

ਪ੍ਰਧਾਨ ਮੰਤਰੀ ਵਿਸ਼ਵਾ ਨਾਥ ਪ੍ਰਤਾਪ ਸਿੰਘ, ਕਾਲੀ ਕਟ ਕੇਰਲਾ ਗਿਆ ਤਾਂ ਉਥੇ ਦੁਸ਼ਟ ਪੁਲਸ ਨੇ ਨਿਰਦੋਸ਼ ਸਿੰਘ ਪਟਵਾਰਾਂ ਨੂੰ ਪੁਲਸ ਥਾਣਿਆ ਵਿਚ ਬੰਦ ਕਰਕੇ ਪਰੇਸ਼ਾਨ, ਜ਼ਲੀਲ ਕੀਤਾ, ਰੋਸ ਵਜੋਂ ਸ: ਐਸ. ਐਸ. ਆਹਲੂਵਾਲੀਆ ਐਮ.ਪੀ. ਨੇ ਪ੍ਰਧਾਨ ਮੰਤਰੀ ਦਾ ਧਿਆਨ ਦਿਵਾਇਆ।

ਓਟਾਵਾ ਵਿਖੇ, ਕੈਲਗਰੀ ਦੇ ਇਕ ਸਕੂਲ ਵਿਚ ਗੁਰਸਿਖ ਬੱਚੇ ਨੂੰ ਕਿਰਪਾਨ ਪਹਿਨਣ ਸਬੰਧੀ ਪੀਟਰ ਕੌਂਡਾ ਗਰੁਪ ਵਲੋਂ ਇਤਰਾਜ਼ ਕੀਤਾ ਗਿਆ, ਪਰ ਸਕੂਲ ਦੇ ਪ੍ਰਿੰਸੀਪਲ ਬੈਰੀਫਿਸਟ ਅਨੁਸਾਰ ਕਿਰਪਾਨ ਪਹਿਨਣ ਨੂੰ ਪ੍ਰਵਾਨ ਕੀਤਾ।

੨੭ ਜੂਨ ਬੁਧਵਾਰ, ਜੰਮੂ ਹਾਈ ਕੋਰਟ ਦੇ ਸਾਬਕਾ ਜੱਜ ਮੁਫਤੀ ਬਹਾਉਦ ਦੀਨ ਫ਼ਾਰੂਕੀ ਨੇ ਦੁਸ਼ਟ ਗਵਰਨਰ ਜਗਮੋਹਨ ਦੇ ਜ਼ੁਲਮਾਂ ਵਿਰੁਧ ਉਸ ਨੂੰ ਕਾਤਲ ਠਹਿਰਾਉਂਦੇ ਹੋਏ ਇਕ ਰਿੱਟ ਦਾਇਰ ਕੀਤੀ ਹੈ ਅਤੇ ਪਬਲਿਕ ਸੇਫ਼ਟੀ ਐਕਟ ੧੯੭੮ ਵਿਚ ਕੀਤੀ ਗਈ ਸੋਧ ਨੂੰ ਵੀ ਚੈਲੰਜ ਕੀਤਾ ਹੈ। ਦਿੱਲੀ, ਅਤੇ ਪੰਜਾਬ ਦੇ ਸਾਬਕਾ ਜੱਜਾਂ, ਵਕੀਲਾਂ, ਲੀਡਰਾਂ ਨੂੰ ਵੀ ਅਦਾਲਤੀ ਕਾਰਵਾਈਆਂ ਕਰਨੀਆਂ ਜ਼ਰੂਰੀ ਹਨ।

੨੯ ਜੂਨ ਗੁਰਦੁਆਰਾ ਓਲਡ ਵੈਸਟਨ ਰੋਡ, ਟਰਾਂਟੋ (ਕੈਨੇਡਾ) ਵਿਖੇ ਭਾਈ ਰਣਧੀਰ ਸਿੰਘ ਦੀ ਸਾਲਾਨਾ ਯਾਦ ਸਮਾਗਮ ਅਖੰਡ ਕੀਰਤਨੀ ਜਥੇ ਵਲੋਂ ਸਨਾਇਆ ਗਿਆ ਅਤੇ ਅੰਮ੍ਰਿਤ ਸੰਚਾਰ ਕੀਤਾ ਗਿਆ।

੩੦ ਜੂਨ ਸ਼ਨੀਵਾਰ, ਕਾਂਗਰਸ ਭਵਨ ਹਾਲ ਬਾਜ਼ਾਰ, ਅੰਮ੍ਰਿਤਸਰ ਵਿਖੇ ਪ੍ਰਤਾਪ ਚੰਦ ਭੰਡਾਰੀ ਪ੍ਰਧਾਨ ਹੈ, ਪਰ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿਟਾ ਨੇ ਜੰਦਰੇ ਤੋੜ ਕੇ ਕਬਜ਼ਾ ਕਰ ਲਿਆ, ਅਤੇ ਭੰਡਾਰੀ ਵਲੋਂ ਵਿਰੋਧ ਕੀਤਾ ਗਿਆ ਆਪਸੀ ਕਾਫ਼ੀ ਗੜਬੜ ਕਈ ਦਿਨ ਚਲਦੀ ਰਹੀ, ਪਰ ਪੁਲਸ ਨੇ ਅਮਨ ਸ਼ਾਂਤੀ ਭੰਗ ਕਰਨ ਲਈ ਕਿਸੇ ਗੰਗੂ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ?

੧ ਜੁਲਾਈ ਐਤਵਾਰ, ਟਰਾਂਟੋ, ਕੈਨੇਡਾ, ਪੀਲ ਸਿਖਿਆ ਬੋਰਡ ਨੇ ਪਬਲਿਕ ਸਕੂਲ ਦੇ ਅਧਿਆਪਕ ਸ: ਹਰਭਜਨ ਸਿੰਘ ਪੰਡੋਰੀ ਨੂੰ ਕਿਰਪਾਨ

ਪਹਿਨਣ ਤੇ ਪਾਬੰਦੀ ਲਗਾ ਦਿਤੀ, ਤਾਂ ਮਾਮਲਾ ਓਟਾਰੀਓ ਮਨੁਖੀ ਅਧਿਕਾਰ ਸਭਾ ਵਿਚ ਪੇਸ਼ ਕੀਤਾ ਗਿਆ, ਉਥੇਂ ਕਿਰਪਾਨ ਪਹਿਨਣ ਨੂੰ ਸਿਖ ਦਾ ਜਾਇਜ਼ ਹੱਕ ਕਿਹਾ ਗਿਆ, ਹੁਣ ਮਿਸ਼ੇਸੋਗਾ, ਮਾਲਟਨ, ਬਰਾਮਟਨ ਦੇ ਸਾਰੇ ਪਬਲਿਕ ਸਕੂਲਾਂ ਦੇ ਰਹਿਤਵਾਨ ਅਧਿਆਪਕ ਕਿਰਪਾਨ ਪਹਿਨਦੇ ਹਨ।

ਸ: ਕਿਰਪਾਲ ਸਿੰਘ ਐਮ.ਪੀ. ਅਤੇ ਪ੍ਰਧਾਨ ਚੀਫ ਖਾਲਸਾ ਦੀਵਾਨ ਨੇ ਗਵਰਨਰ ਪੰਜਾਬ ਅਤੇ ਕਮਿਸ਼ਨਰ ਨਗਰ ਨਿਗਮ ਨੂੰ ਜ਼ੋਰ ਦਿਤਾ ਕਿ ਸ਼੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ੩੦ ਮੀਟਰ ਦੇ ਇਲਾਕੇ ਨੂੰ ਸੁੰਦਰ ਬਣਾਉਣ ਵਾਸਤੇ ਫੁਲਦਾਰ ਬੂਟੇ, ਬੇਲਾਂ ਲਗਾਏ ਜਾਣ, ਬਿਜਲੀ ਘਰ, ਟਿਊਬਵੈੱਲ, ਸੀਵਰੇਜ, ਫੁਆਰੇ, ਰੰਗ ਬਰੰਗੀਆਂ ਰੌਸ਼ਨੀਆਂ ਸੜਕਾਂ ਦੀ ਮੁਰੰਮਤ, ਲਾਇਬਰੇਰੀ ਅਤੇ ਅਜਾਇਬ ਘਰ ਆਦਿ ਬਣਾਏ ਜਾਣ।

ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਜਾਗੀਰ ਸਿੰਘ ਪੂਹਲਾ ੬੭ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

੨ ਜੁਲਾਈ ਸੋਮਵਾਰ, ਅਕਾਲੀ ਦਲਾਂ ਅਤੇ ਫੈਡਰੇਸ਼ਨ ਵਲੋਂ ਪੁਲਸ ਵਧੀਕੀਆਂ ਦੇ ਰੋਸ ਵਜੋਂ ਪੰਜਾਬ-ਬੰਦ ਦਾ ਸਦਾ ਦਿਤਾ ਗਿਆ ਤਾਂ ਸਿਖ ਲੀਡਰਾਂ, ਵਰਕਰਾਂ ਨੂੰ ਬਿਨਾਂ ਕਿਸੇ ਦੋਸ਼ ਪਹਿਲਾਂ ਹੀ ਘਰਾਂ ਤੋਂ ਹੀ ਗ੍ਰਿਫਤਾਰ ਕਰ ਲਿਆ ਗਿਆ।

੨ ਜੁਲਾਈ ਡੈਂਜ ਦਾ ਜਰਨੈਲ ਸੁਨੀਥ ਫਰੈਸਿਸ ਰੌਡਰਿਗਜ਼ ਨੂੰ ਬਣਾ ਦਿਤਾ ਹੈ। ਗਗੂ ਸਰਕਾਰ ਵਿਚ ਤਿੰਨਾਂ ਫ਼ੌਜਾਂ ਦੇ ਚੀਫ ਗੰਗੂ ਹੀ ਹਨ, ਇਹ ਸੈਕੂਲਰ ਦਾ ਢੰਗ ਕਰਦੇ ਹਨ, ਪਰ ਕਿਸੇ ਸਿਖ ਜਾਂ ਮੁਸਲਮਾਨ ਨੂੰ ਕਿਸੇ ਫ਼ੌਜੀ ਸੇਵਾ ਦਾ ਜਰਨੈਲ ਨਹੀਂ ਬਣਾ ਸਕਦੇ। ਇਸ ਫ਼ੌਜੀ ਜਰਨੈਲ ਵਲੋਂ ਮਰਾਠਾ ਮੁਹਿੰਮ ੧੮੦੪-੧੮੦੫ ਬਾਰੇ ਇਕ ਪੁਸਤਕ ਤਿਆਰ ਕਰਵਾਈ ਗਈ ਹੈ।

ਤਖਤ ਸੱਚਖੰਡ, ਹਜ਼ੂਰ ਸਾਹਿਬ ਵਿਖੇ ਯਾਤਰੂਆਂ ਦੀ ਰਿਹਾਇਸ਼ ਵਾਸਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਤੇ ਯਾਤਰੀ ਨਿਵਾਸ ਵਿਖੇ ੩੦੦ ਕਮਰੇ ਤਿਆਰ ਕਰਵਾਏ ਜਾ ਰਹੇ ਹਨ ਅਰਦਾਸ ਕਰਕੇ ਪੰਜ ਪਿਆਰਿਆਂ ਵਲੋਂ ਟੱਪ ਲਗਾਇਆ ਗਿਆ।

੫ ਜੁਲਾਈ ਮਾਸਟਰ ਕਿਸ਼ਨ ਸਿੰਘ ਚੌਕ ਪ੍ਰਯਾਗ ਦਾਸ, ੮੩ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਜਸਟਿਸ ਕੁਲਦੀਪ ਸਿੰਘ ਸੁਪਰੀਮ ਕੋਰਟ ਵਲੋਂ ਕਰਨਾਟਕ ਦੇ ਭਰਿਸ਼ਟ ਮੁਖ ਮੰਤਰੀ ਆਰ.ਕੇ. ਹੈਗੜੇ ਵਲੋਂ ਜ਼ਮੀਨ ਹੜ੪ ਕਰਨ ਅਤੇ ੧੯੮੪

ਵਿਚ ਦੰਗੇ ਗੜਬੜ ਦੇ ਹਾਲਾਤ ਸਬੰਧੀ ਰਿਪੋਟ, ਸਰਕਾਰ ਨੂੰ ਪੇਸ਼ ਕਰ ਦਿਤੀ ਅਤੇ ਕੁਰਪਟ ਆਰ.ਕੇ. ਹੈਗੜੇ ਨੂੰ ਅਸਤੀਫਾ ਦੇਣਾ ਪੈ ਗਿਆ।

ਜੰਮੂ ਕਸ਼ਮੀਰ ਦੇ ਗੰਗੂ ਗਵਰਨਰ ਗਰੀਸ਼ ਚੰਦਰ ਸਕਸੈਨਾ ਨੇ ਛੇ ਜ਼ਿਲ੍ਹੇ ਅਨੰਤਨਾਗ, ਬਾਰਾਮੂਲਾ, ਬਡਗਾਮ, ਪੁਲਵਾਮਾ, ਕੁਪਵਾੜਾ, ਸ੍ਰੀਨਗਰ, ਪੁੰਛ, ਅਤੇ ਰਾਜੌਰੀ ਵਾਸਤੇ ਡਿਸਟਰਬਡ ਏਰੀਆ ਐਕਟ ੧੯੯੦ ਲਾਗੂ ਕਰ ਦਿਤਾ ਹੈ। ਕਿਥੇ ਗਿਆ ਲੋਕ ਰਾਜ ?

ਡਿਗਿਆਨਾ ਆਸ਼ਰਮ ਜੰਮੂ ਵਿਖੇ ਗੁਰਮਤਿ ਮਿਸ਼ਨਰੀ ਸਮਾਗਮ ਵਿਖੇ ਨਿਰਮਲ ਸਿੰਘ ਸ: ਜਗਜੀਤ ਸਿੰਘ ਸ੍ਰੀਨਗਰ ਸ: ਰਛਪਾਲ ਸਿੰਘ ਜੰਮੂ ਸ: ਜਸਵੰਤ ਸਿੰਘ, ਨਵਜੀਤ ਸਿੰਘ ਖਾਲਸਾ, ਭਾਈ ਅਮਰੀਕ ਸਿੰਘ, ਸੁਰਜੀਤ ਸਿੰਘ ਜੰਮੂ ਅਤੇ ਪ੍ਰਿੰਸੀਪਲ ਹਰਿਭਜਨ ਸਿੰਘ ਲੁਧਿਆਣਾ ਸ਼ਾਮਲ ਹੋਏ, ਗੁਰਮਤਿ ਵਿਚਾਰਾਂ ਹੋਈਆਂ।

੭ ਜੁਲਾਈ ਸ਼ਨੀਵਾਰ, ਗੁਰਮਤਿ ਦੇ ਪ੍ਰਸਿਧ ਲੇਖਕ, ਕਵੀ ਪਿਆਰਾ ਸਿੰਘ ਨਿਰਛਲ ਭਗਤ ਸਿੰਘ ਪੁਰਾ, ਸੁਲਤਾਨਵਿੰਡ ਰੋਡ, ੭੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਸ: ਅਤਿੰਦਰਪਾਲ ਸਿੰਘ ਐਮ.ਪੀ. ਨੂੰ ਸ਼ਾਹਦਰਾ ਬੰਬ ਕੇਸ ਦਿੱਲੀ ਅਤੇ ਹੋਰ ਸੰਗੀਨ ਕੇਸਾਂ ਤੋਂ ਬਰੀ ਕਰਕੇ, ਤਿਹਾੜ ਜੇਲ੍ਹ ਤੋਂ ਰਿਹਾ ਕਰ ਦਿਤਾ ਗਿਆ, ਉਨ੍ਹਾਂ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਸ਼ੁਕਰਾਨਾ ਕੀਤਾ, ਪਰ ਇਨ੍ਹਾਂ ਦੇ ਸਾਥੀ ਕੁਲਦੀਪ ਸਿੰਘ, ਗੁਰਦੀਪ ਸਿੰਘ, ਅਵਤਾਰ ਸਿੰਘ, ਪ੍ਰਦੁਮਨ ਸਿੰਘ, ਪਲਤੇਜ ਸਿੰਘ, ਰਣਜੀਤ ਸਿੰਘ, ਸੁਚਾ ਸਿੰਘ ਹਾਲਾਂ ਤਕ ਜੇਲ੍ਹ ਵਿਚ ਜ਼ਲੀਲ ਹੋ ਰਹੇ ਹਨ।

ਸ: ਸ਼ਿਵ ਸਿੰਘ ਬੇਲਾ ਮੈਂਬਰ, ਸ਼ਰੋਮਣੀ ਕਮੇਟੀ ਨੂੰ ਅਨੰਦਪੁਰ ਕਤਲ ਕਰ ਦਿਤਾ ਗਿਆ।

ਸਾਨ-ਫਰਾਂਸਿਸਕੋ ਕੈਲੀਫੋਰਨੀਆ ਦੇ ਗੁਰਦੁਆਰਿਆਂ ਵਿਖੇ ਭਾਰਤੀ ਗੁੰਡਾ ਅਨੁਸਰ ਵਲੋਂ ਨੁਕਸਾਨ ਲੁਟ-ਮਾਰ ਗੜਬੜ ਕੀਤੀ ਗਈ। ਸਕੱਤਰ ਸ: ਗੁਰਮੀਤ ਸਿੰਘ ਵਲੋਂ ਦੁਖ ਪ੍ਰਗਟ ਕੀਤਾ ਗਿਆ।

੮ ਜੁਲਾਈ ਐਤਵਾਰ, ਭਾਰੀ ਸੰਗਤਾਂ, ਸ਼ਬਦ-ਕੀਰਤਨ ਕਰਦੀਆਂ ਗੁਰਦੁਆਰਾ ਬਾਬਾ ਅਟੱਲ ਤੋਂ ਖੂਹ ਭਾਈ ਮੰਝ ਸਾਹਿਬ ਪਹੁੰਚੀਆਂ, ਉਥੇ ਭਾਰੀ ਰੌਣਕਾਂ ਹੋਈਆਂ, ਭਾਈ ਮੰਝ ਦਾ ਪੁਰਬ ਮਨਾਇਆ ਗਿਆ।

ਸ: ਅਤਿੰਦਰਪਾਲ ਸਿੰਘ ਐਮ.ਪੀ. ਨੇ ਦਿਲੀ ਤੋਂ ਰਿਹਾ ਹੋਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਸ਼ੁਕਰਾਨਾ ਅਰਦਾਸ ਕੀਤੀ, ਸਿਰਪਾਉ ਦਿਤਾ ਗਿਆ।

੧੦ ਜੁਲਾਈ ਮੰਗਲਵਾਰ, ਸਿਖ ਸੰਸਥਾ ਨਾਰਥ ਅਮਰੀਕਾ, ਕੈਲੀਫੋਰਨੀਆ ਵਲੋਂ ਸਿਖ ਧਰਮ ਦੀ ਮਹਾਨਤਾ ਸਬੰਧੀ ਪੁਸਤਕ ਜਸਬੀਰ ਸਿੰਘ ਮਾਨ ਅਤੇ ਸ: ਹਰਬੰਸ ਸਿੰਘ ਸਰਾਉ ਵਲੋਂ ਲਿਖੀ ਗਈ ਹੈ, ਵੈਸਟਰਨ ਪ੍ਰਿੰਟਰਜ਼, ਪਟਿਆਲਾ ਤੋਂ ਛਾਪੀ ਗਈ ਹੈ।

ਰਾਜ ਅਭਿਮਾਨੀ ਬਲਵੰਤ ਸਿੰਘ ਸਾਬਕਾ ਮੰਤਰੀ ੬੧ ਸਾਲ ਨੂੰ ਸਰਕਾਰ ਦੀ ਏਅਰ ਕੰਡੀਸ਼ਨ ਕਾਰ ਵਿਚ ਚੰਡੀਗੜ੍ਹ ਵਿਖੇ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ। ਇਹ ਪਹਿਲਾਂ ਇਕ ਸਕੂਲ ਟੀਚਰ, ਫਿਰ ਬੀ.ਡੀ.ਪੀ.ਓ. ਹੁੰਦਾ ਸੀ. ੧੯੬੨ ਤੋਂ ੧੯੮੭ ਤਕ ਹਰ ਸਰਕਾਰ ਵਿਚ ਮੰਤਰੀ ਰਿਹਾ, ਇਸ ਅਖੌਤੀ ਪੰਥਕ ਲੀਡਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਗੁਰੂ ਦਰਬਾਰ, ਸ੍ਰੀ ਅਕਾਲ ਤਖਤ ਜੂਨ ੧੯੮੪ ਨੂੰ ਖ਼ਤਮ ਕਰਵਾਉਣ ਲਈ ਇੰਦਰਾ ਨਾਲ ਸਾਜ਼ਸ਼ ਕੀਤੀ, ਵਧ ਤੋਂ ਵਧ ਕੁਰਪਸ਼ਨ ਕਰਕੇ ਬੰਗਲੇ, ਕਾਰਾਂ, ਕਾਰਖ਼ਾਨੇ ਡੁਬਈ ਵਿਚ ਆਪਣੇ ਪੁਤਰ ਰਾਜਨਬੀਰ ਸਿੰਘ ਦੇ ਨਾਮ ਬਣਾਏ। ਇਸ ਨੇ ਹਕੂਮਤ ਸਮੇਂ ਵੀ ਕਿਸੇ ਅਨਾਥ ਆਸ਼ਰਮ ਨੂੰ ਕੋਈ ਸਰਕਾਰੀ ਸਹਾਇਤਾ ਵੀ ਨਹੀਂ ਦਿਤੀ, ਇਸ ਦੀ ਕੋਠੀ ੧੦੧੫ ਸੈਕਟਰ ੨੭-ਬੀ ਚੰਡੀਗੜ੍ਹ ਹੈ ਅਤੇ ਦਫ਼ਤਰ ਸੈਕਟਰ ੩੫ ਵਿਚ ਇਸ ਦੀ ਸਾਰੀ ਜਾਇਦਾਦ ਪੰਥ ਨੂੰ ਜ਼ਬਤ ਕਰਕੇ ਧਰਮ ਪ੍ਰਚਾਰ ਵਲ ਲਗਾਉਣੀ ਜ਼ਰੂਰੀ ਹੈ।

ਸ: ਬੂਟਾ ਸਿੰਘ ਸਾਬਕਾ ਮੰਤਰੀ ਨੇ ਆਪਣੀ ਸਰਕਾਰੀ ਕੋਠੀ ਨੰ: ੧੬ ਅਸ਼ੋਕਾ ਰੋਡ ਦਿੱਲੀ ਉਤੇ ਕਬਜ਼ਾ ਰਖਣ ਵਾਸਤੇ ਭਾਰਤ ਏਕਤਾ ਦਲ ਕਾਇਮ ਕਰ ਲਿਆ ਹੈ। ਇਹ ਕੁਰਪਟ ਗਰੀਬਾਂ ਦੀ ਕੀ ਸੇਵਾ ਕਰਨਗੇ ?

ਨੌਜਵਾਨ ਕੁਲਵੰਤ ਸਿੰਘ ਨਯਾ ਗਾਉ ਮੋਹਾਲੀ (ਰੋਪੜ) ਨੂੰ ਝੂਠੇ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ, ਇਸ ਦੇ ਭੋਗ ੧੮ ਜੁਲਾਈ ਸਮੇਂ ਬਿਮਲ ਕੌਰ ਖ਼ਾਲਸਾ ਹੋਰ ਲੀਡਰਾਂ ਨੂੰ ਜਾਣ ਤੇ ਵੀ ਪਾਬੰਦੀ ਲਗਾ ਕੇ ਸਖ਼ਤੀ ਕੀਤੀ ਗਈ।

ਸ: ਜਰਨੈਲ ਸਿੰਘ ਵਲੋਂ ਇਕ ਵੱਖਰਾ ਖਾੜਕੂ ਦਲ ਸ਼ਹੀਦ ਭਗਤ ਸਿੰਘ ਕਮਾਂਡੋ ਫੋਰਸ ਕਾਇਮ ਕੀਤਾ ਗਿਆ ਹੈ।

ਸ੍ਰੀ ਐਸ.ਐਲ. ਕਪੂਰ ਚੀਫ਼ ਸਕੱਤਰ, ਪੰਜਾਬ ਦੇ ਸਿਖ ਅਫ਼ਸਰਾਂ ਨੂੰ ਵਿਕਾਸ ਕਾਰਜਾਂ ਤੋਂ ਤਬਦੀਲ ਕਰਕੇ, ਆਪਣੇ ਗੰਗੂ ਹਾਕਮਾਂ ਨੂੰ ਲਗਾ ਰਿਹਾ ਹੈ, ਪੰਥਕ ਆਗੂਆਂ ਨੂੰ ਵਿਰੋਧ ਕਰਕੇ, ਕਪੂਰ ਨੂੰ ਪੰਜਾਬ ਤੋਂ ਬਾਹਰ ਤਬਦੀਲ ਕਰਵਾਉਣਾ ਜ਼ਰੂਰੀ ਹੈ।

੧੫ ਜੁਲਾਈ ਐਤਵਾਰ, ਅੰਗਹੀਣ ਸੰਸਥਾ ਹੈਂਡੀਕੈਪਡ ਐਸੋਸੀਏਸ਼ਨ

ਕਾਨਫ੍ਰੰਸ, ਸ: ਬਲਵੰਤ ਸਿੰਘ ਦੀ ਪ੍ਰਧਾਨਗੀ ਵਿਚ ਗੁਰਦੁਆਰਾ ਸਿੰਘ ਸਭਾ ਨੇੜੇ ਬਸ ਸਟੈਂਡ ਅੰਮ੍ਰਿਤਸਰ ਹੋਈ, ਦੁਖ ਹੈ ਕਿ ਸਰਕਾਰ ਦਾ ਕੋਈ ਭਲਾਈ ਹਾਕਮ ਇਨ੍ਹਾਂ ਗਰੀਬਾਂ ਦੀ ਹਾਲਤ ਵੇਖਣ ਲਈ ਨਹੀਂ ਆਉਂਦਾ।

ਰੰਗੂ ਸਰਕਾਰ ਵਲੋਂ ਟੀ.ਵੀ. ਸੀਰੀਅਲ 'ਪਰਮਵੀਰ ਚੱਕਰ' ਸ਼ੁਰੂ ਕੀਤਾ ਗਿਆ, ਅਕਤੂਬਰ ੧੯੪੭ ਦੇ ਸਮੇਂ ਜੰਮੂ ਕਸ਼ਮੀਰ ਅਤੇ ਪਾਕਿਸਤਾਨ ਨਾਲ ਜੰਗ ਦੀ ਹਾਲਤ, ਹਿੰਦੂ ਫ਼ੌਜੀ ਅਫ਼ਸਰ ਪੱਥਰ ਦੇ ਹਨੂੰਮਾਨ ਅਤੇ ਮਾਤਾ ਦੇ ਬੁਤ ਦੀ ਪੂਜਾ, ਜੈ ਬਜਰੰਗ ਬਲੀ ਦੇ ਨਾਹਰੇ ਤਾਂ ਵਿਖਾਏ ਗਏ, ਸਿਖ ਰਜਮੈਂਟ ਦੇ ਕੈਪਟਨ ਨੰਦ ਸਿੰਘ ਵਿਕਟੋਰੀਆ ਕਰਾਸ ਜੇਤੂ, ਜੂਝਦੇ ਹੋਏ ਸ਼ਹੀਦ ਹੋਏ ਸਨ ਪਰਮਵੀਰ ਚੱਕਰ ਦੇ ਅਧਿਕਾਰੀ ਸਨ ਪਰ ਜਿਨ੍ਹਾਂ ਸੂਰਬੀਰ ਸਿਖ ਅਫ਼ਸਰਾਂ ਜਰਨੈਲਾਂ ਨੇ ਫ਼ਤਹਿ ਕੀਤਾ ਉਨ੍ਹਾਂ ਦੀ ਸ਼ਕਲ ਤਕ ਵੀ ਨਹੀਂ ਵਿਖਾਈ ਗਈ। ਕਿ ੧੯੧੪-੧੮, ੧੯੩੯-੪੫ ਦੇ ਯੁਧਾਂ ਦੀ ਹਾਲਤ ਵੀ ਟੀ.ਵੀ. ਸੀਰੀਅਲ ਤੇ ਵਿਖਾਈ ਜਾਵੇ ਕਿਤਨੇ ਸਿਖਾਂ ਨੇ ਕੁਰਬਾਨੀਆਂ ਕੀਤੀਆਂ ਹਨ। ਹਾਈ ਕੋਰਟ ਦਿਲੀ ਨੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਦੇ ਪ੍ਰਬੰਧਾਂ ਵਿਚ ਵਿਘਨਕਾਰੀ ਹਦਾਇਤ ਕੀਤਾ, ਇਸ ਗਲਤ ਧੱਕੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਗਿਆ ਹੈ।

੧੭ ਜੁਲਾਈ ਮੰਗਲਵਾਰ, ਕੈਨੇਡਾ, ਟਰਾਂਟੋ ਦੇ ਗੁਰਦੁਆਰਾ ਸਾਹਿਬ ਵਿਖੇ ਸਾਊਥ ਅਫਰੀਕਾ ਦੇ ਲੀਡਰ ਨੈਲਸਨ ਮੰਡੇਲਾ ਅਤੇ ਪੀਟਰ ਮਹਾਂਲੰਗੂ ਦਾ ਸਨਮਾਨ, ਪ੍ਰਧਾਨ ਸ: ਹਰਭਜਨ ਸਿੰਘ ਪੰਡੋਰੀ ਵਲੋਂ ਸਿਰਪਾਉ ਅਤੇ ਦਸ ਹਜ਼ਾਰ ਡਾਲਰ ਦੇ ਕੇ ਕੀਤਾ ਗਿਆ, ਉਨ੍ਹਾਂ ਧੰਨਵਾਦ ਅਤੇ ਗੁਰੂ ਨਾਨਕ ਦੇ ਦਰਸਾਏ ਸਰਬੱਤ ਇਨਸਾਨੀਅਤ ਦੇ ਭਲੇ ਦੇ ਮਾਰਗ ਦੀ ਪ੍ਰਸੰਸਾ ਕੀਤੀ ਗਈ।

ਪੁਲਸ ਥਾਣਾ ਸਦਰ, ਅੰਮ੍ਰਿਤਸਰ ਨੇ ਭਾਈ ਸਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਬੋਹੜੀ ਸਾਹਿਬ ਕੋਟ ਖਾਲਸਾ ਨੂੰ ਧੋਖੇ ਅਤੇ ਜਬਰ ਨਾਲ ਬਿਨਾਂ ਕਿਸੇ ਦੋਸ਼, ਤਸੀਹੇ ਦਿਤੇ, ਤਾ ਕੋਟ ਖਾਲਸਾ ਦੀਆਂ ਸੰਗਤਾਂ ਨੇ ਥਾਣਾ ਸਦਰ ਦਾ ਘਿਰਾਉ ਕਰਕੇ ਰੋਸ ਮੁਜ਼ਾਹਰਾ ਧਰਨਾ ਤਿੰਨ ਦਿਨ ਦਿਤਾ ਗਿਆ।

੧੮ ਜੁਲਾਈ ਬੁਧਵਾਰ ਸ: ਭਾਗ ਸਿੰਘ ਅਣਖੀ ਧਰਮ ਪ੍ਰਚਾਰ ਕਮੇਟੀ, ਚੀਫ਼ ਖਾਲਸਾ ਦੀਵਾਨ ਵਲੋਂ ਸਿੱਖ ਸੰਸਕਾਰ ਅਤੇ ਮਰਯਾਦਾ ਪੁਸਤਕ, ਦੋਬਾਰਾ ਸੋਧ ਕੇ ਛਾਪੇ ਜਾਣ ਲਈ ਮੂਲ-ਮੰਤਰ ਦੇ ਪਾਠ ਕਰਕੇ ਸ: ਅਵਤਾਰ ਸਿੰਘ ਦੀਪਕ ਰਾਹੀਂ ਅਰਦਾਸ ਕਰਕੇ, ਗੁਰਸੇਵਕ ਪ੍ਰਿੰਟਿੰਗ ਪ੍ਰੈਸ ਤੋਂ ਛਾਪਣੀ ਸ਼ੁਰੂ ਕੀਤੀ ਗਈ। ਇਹ ਪ੍ਰਵਾਰ ਲਈ ਜ਼ਰੂਰੀ ਹੈ।

੧੯ ਜੁਲਾਈ ਵੀਰਵਾਰ, ਸ: ਸਿਮਰਨਜੀਤ ਸਿੰਘ ਮਾਨ ਐਮ.ਪੀ. ਨ

ਭਾਰੀ ਫ਼ੌਜਾਂ ਪੰਜਾਬ ਦੀਆਂ ਸਰਹੱਦਾਂ ਵਿਖੇ ਰਖਣ, ਰੋਸ ਕੀਤਾ ਕਿ ੧੮੬੭ ਸੈਂਟ ਪੀਟਰਜ਼ ਅਤੇ ੧੯੦੨ ਦੀ ਹੇਗ ਕਨਵੈਨਸ਼ਨ ਦੀ ਘੋਰ ਉਲੰਘਣਾ ਹੈ, ਸੋ ਇਥੋਂ ਫੌਜ ਹਟਾਉਣ ਬਾਰੇ ਰੋਸ ਕੀਤਾ ਗਿਆ।

੨੦ ਜੁਲਾਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਿੰਨ ਲੱਖ ਦੀ ਰੈਸ ਕਰਾਸ ਵੈਨ ਲੈ ਕੇ ਦਲਦੀ ਫਿਰਦੀ ਡਿਸਪੈਂਸਰੀ ਤਾਂ ਸ਼ੁਰੂ ਕੀਤੀ ਹੈ, ਪਰ ਗੀਤਾ ਭਵਨ ਗੋਰਖਪੁਰ ਵਾਂਗ ਗੁਰਮਤਿ ਦਾ ਲਿਟਰੇਚਰ ਛਾਪ ਕੇ ਵੰਡਣ ਅੰਮ੍ਰਿਤ ਪਿੰਡ ਪਿੰਡ ਜਾ ਕੇ ਛਕਾਉਣ ਵਾਸਤੇ ਕੋਈ ਵੈਨ ਨਹੀਂ ਹੈ ? ਜੋ ਬਹੁਤ ਜ਼ਰੂਰੀ ਹੈ।

੨੨ ਜੁਲਾਈ ਐਤਵਾਰ, ਗੁਰੂ ਕੀ ਬੇਰ ਸਾਹਿਬ ਮਤੇਵਾਲ (ਅੰਮ੍ਰਿਤਸਰ) ਵਿਖੇ ਸੰਤ ਬਾਬਾ ਲਾਭ ਸਿੰਘ ਦੀ ਯਾਦ ਵਿਚ ਸਕੂਲ ਅਤੇ ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਕਾਲਜ ਦੀ ਉਸਾਰੀ ਵਾਸਤੇ ਸੰਤ ਬਾਬਾ ਸੇਵਾ ਸਿੰਘ ਵਲੋਂ ਅਰਦਾਸ ਕਰਕੇ, ਉਸਾਰੀ ਕਾਰਜ ਸ਼ੁਰੂ ਕੀਤੇ ਗਏ।

ਟੀ.ਵੀ. ਸੀਰੀਅਲ ਤੇ ਪਰਮਵੀਰ ਚੱਕਰ, ਜੰਮੂ ਕਸ਼ਮੀਰ ਵਿਖੇ ਕਬਾਇਲੀਆਂ ਵਲੋਂ ਹਮਲਾ ਅਕਤੂਬਰ, ੧੯੪੭ ਸਮੇਂ ਮੁਜ਼ਫਰਾਬਾਦ ਤੇ ਹਮਲਾ ਕਰਕੇ ਇਛਾਹਾਮਾ ਵਿਖੇ ਸ: ਮੱਖਣ ਗੁਰਬਖਸ਼ ਸਿੰਘ, ਲਾਭ ਸਿੰਘ, ਜੈ ਸਿੰਘ, ਸਾਧੂ ਸਿੰਘ, ਸੋਹਣ ਸਿੰਘ, ਲਛਮਣ ਸਿੰਘ, ਦਰਸ਼ਨ ਸਿੰਘ ਨੇ ਆਪਣੀਆਂ ਬੰਦੂਕਾਂ, ਤੋਪਾਂ ਰਾਹੀਂ ਡਟ ਕੇ ਮੂੰਹ ਭੁਨਵਾਂ ਜਵਾਬ ਦਿਤਾ, ਹਵਾਈ ਅੱਡਾ ਬਚਾ ਲਿਆ, ਪਰ ਇਨ੍ਹਾਂ ਸੂਰਬੀਰ ਸਿਖਾਂ ਦੀ ਸ਼ਕਲ ਤਕ ਨਹੀਂ ਵਿਖਾਈ ਗਈ, ੯੮ ਸਿੰਘ ਸ਼ਹੀਦ ਹੋਏ ਸਨ।

੨੩ ਜੁਲਾਈ ਸੋਮਵਾਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰਾਂ ਸਿੰਘ ਸਾਹਿਬਾਨ ਪ੍ਰੋ: ਦਰਸ਼ਨ ਸਿੰਘ ਨੂੰ ੧.੫੦ ਲੱਖ ਦੀ ਕੰਨਟੈਸਾ ਕਾਰ। ਜਸਬੀਰ ਸਿੰਘ ਰੋਡੇ, ਭਾਈ ਸਵਿੰਦਰ ਸਿੰਘ ਕੋਸਗੜ੍ਹ, ਭਾਈ ਜਸਵੰਤ ਸਿੰਘ ਦਮਦਮਾ ਸਾਹਿਬ, ਭਾਈ ਕਸ਼ਮੀਰ ਸਿੰਘ ਅਕਾਲ ਤਖਤ ਨੂੰ ਮਈ ੧੯੮੮ ਤੋਂ ਹਟਾ ਦਿਤਾ ਗਿਆ ਸੀ ਪਰ ਕਾਰਾਂ ਇਨ੍ਹਾਂ ਤੋਂ ਵਾਪਸ ਨਹੀਂ ਲਈਆਂ ਗਈਆਂ। ੨੮ ਮਾਰਚ, ੧੯੯੦ ਤੋਂ ਪ੍ਰੋ. ਦਰਸ਼ਨ ਸਿੰਘ ਨੇ ਅਸਤੀਫਾ ਦੇ ਦਿਤਾ ਪਰ ਕੰਨਟੈਸਾ ਕਾਰ ਵਾਪਸ ਨਹੀਂ ਕੀਤੀ ਆਪਣੀ ਕੋਠੀ ਦੇ ਟੈਲੀਫ਼ੋਨ ਨੰ: ੫੬੫੪੭ ਦਾ ੮੦ ਹਜ਼ਾਰ ਦਾ ਬਿਲ, ਧਰਮ ਪ੍ਰਚਾਰ ਫ਼ੰਡ ਤੋਂ ਵਸੂਲ ਕੀਤਾ ਗਿਆ।

ਸਰਕਾਰ ਵਲੋਂ ਗੋਸਵਾਮੀ ਗਨੇਸ਼ਾਂ ਦਤ ਸਮਾਜ ਸੇਵਕ ਬਾਰੇ ਤਾਂ ਡਾਕ ਟਿਕਟ ਜਾਰੀ ਕੀਤੀ ਗਈ।

ਸ੍ਰੀਮਤੀ ਰਮੇਸ਼ਵਰੀ ਨਹਿਰੂ ਬਾਰੇ ਵੀ ਡਾਕ ਟਿਕਟ ਜਾਰੀ ਕੀਤੀ ਗਈ। ਪਰ ਭਗਤ ਪੂਰਨ ਸਿੰਘ ਜੋ ਰਾਤ ਦਿਨ ਸੇਵਾ ਸਿਮਰਨ ਅਮਨ ਸ਼ਾਂਤੀ ਪਿਆਰ ਦੀ ਗੱਲ ਕਰ ਰਹੇ ਹਨ, ਇਨ੍ਹਾਂ ਸਬੰਧੀ ਕੋਈ ਡਾਕ ਟਿਕਟ ਨਹੀਂ ?

੨੫ ਜੁਲਾਈ ਬੁਧਵਾਰ, ਸੰਸਾਰ ਦੇ ਧਰਮਾਂ ਦੀ ਮੀਟਿੰਗ ਵੁਲਵਰ-ਹੈਪਟਰ ਯੂ.ਕੇ. ਵਿਖੇ ਹੋਈ ਸ: ਨੰਦ ਸਿੰਘ ਬਾਹੜਾ, ਸੰਤ ਵਾਸਦੇਵ ਸਿੰਘ, ਸ: ਪਿਆਰਾ ਸਿੰਘ ਜੰਡੂ, ਪ੍ਰਿੰਸ ਅਮਰ ਸਿੰਘ ਵਿਰਦੀ ਨੇ ਸਿਖ ਧਰਮ ਦੀ ਮਹਾਨਤਾ ਦਰਸਾਈ।

੨੬ ਜੁਲਾਈ ਵੀਰਵਾਰ ਸ: ਸੁਖਦੇਵ ਸਿੰਘ ਸੁਖਾ ਅਤੇ ਸ: ਹਰਜਿੰਦਰ ਸਿੰਘ ਜਿੰਦਾ ਨੇ ਗੰਗੂ ਰਾਸ਼ਟਰਪਤੀ ਆਰ. ਵੈਨਕਟ ਰਮਨ ਨੂੰ ੧੮ ਪੰਨੇ ਦੀ ਇਕ ਚਿੱਠੀ ਲਿਖ ਕੇ ਸਿਖਾਂ ਵਲੋਂ ਇਨ੍ਹਾਂ ਗੰਗੂ ਹਾਕਮਾਂ ਵਾਸਤੇ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਲਿਖ ਕੇ ਜ਼ੁਲਮਾਂ ਵਧੀਕੀਆਂ ਦੇ ਵੇਰਵੇ ਡਾ. ਸੋਹਣ ਸਿੰਘ ਦੀ ਪੰਥਕ ਕਮੇਟੀ ਰਾਹੀਂ ਲਾਹਨਤਾ ਭਰਪੂਰ ਭੇਜੀ ਹੈ, ਸਾਰੇ ਅਖ਼ਬਾਰਾਂ ਵਿਚ ਛਪੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ੧੭੦੫ ਵਿਚ ਫ਼ਤਹਿ ਦੀ ਚਿੱਠੀ, ਜਫ਼ਰਨਾਮਾ ਦੁਸ਼ਟ ਔਰੰਗਜ਼ੇਬ ਨੂੰ ਲਾਹਨਤਾ ਪਾ ਕੇ ਭੇਜੀ ਸੀ ਕਿ ਖਾਲਸਾ ਕਦੇ ਵੀ ਮੌਤ ਤੋਂ ਨਹੀਂ ਡਰਦਾ, ਇਹ ਉਡਣਾ ਸੱਪ ਹੈ, ਸ਼ਹੀਦੀਆਂ ਪਾ ਕੇ ਦਸ਼ਟਾਂ ਦੇ ਦਿਮਾਗ ਦਰਸਤ ਕਰ ਦੇਂਦਾ ਹੈ।

ਟੀ.ਵੀ. ਸੀਰੀਅਲ ਪਰਮਵੀਰ ਚੱਕਰ, ਅਕਤੂਬਰ, ੧੯੪੭ ਦੀ ਜੰਮੂ ਕਸ਼ਮੀਰ, ਰਾਜੌਰੀ ਸੈਕਟਰ ਦੀ ਜੰਗ ਵਿਚ ਕਿਸੇ ਸਿਖ ਦੀ ਸ਼ਕਲ ਤੱਕ ਨਹੀਂ ਵਿਖਾਈ ਗਈ, ਜਦੋਂ ਕਿ ਕੈਪਟਨ ਨੰਦ ਸਿੰਘ ਵਿਕਟੋਰੀਆ ਕਰਾਸ ਜੇਤੂ ਅਤੇ ਸਿਖ ਰੈਜਮੰਟਾਂ ਦੇ ਅਨੇਕਾਂ ਸੂਰਬੀਰ ਸ਼ਹੀਦ ਹੋ ਗਏ।

੩੧ ਜੁਲਾਈ ਮੰਗਲਵਾਰ, ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਖੇ ਓਪਰੇਸ਼ਨ ਥੀਏਟਰ ਤਿੰਨ ਮੰਜ਼ਲਾ ਤਿਆਰ ਹੋਣ ਤੇ ਗਵਰਨਰ ਪੰਜਾਬ ਵਲੋਂ ਉਦਘਾਟਨ ਕੀਤਾ ਗਿਆ।

੪ ਅਗਸਤ ਸ਼ਨੀਵਾਰ, ਸ. ਅਜੀਤ ਸਿੰਘ ਵਿਧਾਤਾ, ਸ: ਸਤਨਾਮ ਸਿੰਘ ਐਡਵੋਕੇਟ ਹੈਪੀ ਨਿਵਾਸ ਨੇ ਗੁਰਮਤਿ ਦਾ ਲਿਟਰੇਚਰ ਛਾਪ ਕੇ ਵੰਡੇ ਜਾਣ ਵਾਸਤੇ ਗੁਰਮਤਿ ਸਾਹਿਤ ਕੇਂਦਰ ਕਾਇਮ ਕਰਕੇ, ਸ੍ਰੀ ਹਰਿਮੰਦਰ ਸਾਹਿਬ ਗੁਰੂ ਦਰਬਾਰ ਵਿਚ ਸੇਵਾ ਦਾ ਪ੍ਰਣ ਕਰਦੇ ਅਰਦਾਸ ਕੀਤੀ ਭਗਤ ਪੂਰਨ ਸਿੰਘ ਤੋਂ ਆਸ਼ੀਰਵਾਦ ਪ੍ਰਾਪਤ ਕੀਤੀ।

੫ ਅਗਸਤ ਐਤਵਾਰ, ਸ਼ਹੀਦ ਭਗਤ ਸਿੰਘ ਢਢੋਗਿਲ, ਧੂਰੀ ਦੀ ੫੨ਵੀਂ ਬਰਸੀ ਸ਼ਹੀਦੀ ਯਾਦ, ਸ: ਬੀਰ ਸਿੰਘ ਫ਼ੌਜੀ ਧਰਮੀ ਵਲੋਂ ਭਾਰੀ

ਰੌਣਕਾਂ ਨਾਲ ਮਨਾਈ ਗਈ ਸ: ਸਿਮਰਨਜੀਤ ਸਿੰਘ ਮਾਨ, ਰਾਜਿੰਦਰ ਕੌਰ ਬੁਲਾਰਾ, ਭਾਈ ਧਿਆਨ ਸਿੰਘ ਮੰਡ ਐਮ.ਪੀ. ਨੇ ਸ਼ਰਧਾਂਜਲੀਆਂ ਦਿਤੀਆਂ।

੬ ਅਗਸਤ ਸੋਮਵਾਰ, ਟਰਾਂਟੋ, ਕੈਨੇਡਾ ਦੇ ਨਗਰ ਓਨਟੇਰੀਓ ਵਿਖੇ ਪੰਜਾਬੀ ਲੋਕ ਭਾਰੀ ਗਿਣਤੀ ਵਿਚ ਰਹਿੰਦੇ ਹਨ, ਜੋਗਿੰਦਰ ਸਿੰਘ ਸ਼ਮਸ਼ੇਰ, ਸ: ਜਗਦੇਵ ਸਿੰਘ ਨਿਜ਼ਰ, ਪ੍ਰਧਾਨ ਪੰਜਾਬੀ ਲੇਖਕ ਸਭਾ ਵਲੋਂ ਚੌਥੀ ਸੰਸਾਰ ਪੰਜਾਬੀ ਕਾਨਫ਼ਰੰਸ ਸਮੇਂ ਸ: ਮਨਮੋਹਨ ਸਿੰਘ ਜਾਇੰਟ ਸਕੱਤਰ, ਪ੍ਰੋ: ਦਰਸ਼ਨ ਸਿੰਘ, ਸ: ਹਰਭਜਨ ਸਿੰਘ ਰਤਨ, ਡਾ. ਮਦਨਜੀਤ ਕੌਰ, ਬਲਜੀਤ ਸਿੰਘ ਬਲੀ, ਜਗਜ਼ੀਤ ਸਿੰਘ ਦਰਦੀ ਸ: ਸਰੂਪ ਸਿੰਘ ਸਿੰਘ ਅਲਗ ਆਦਿ ਪਹੁੰਚੇ ੭ ਪੇਪਰ ਪੜ੍ਹੇ ਗਏ। ਕੈਨੇਡਾ ਵਿਚ ੪੧ ਜ਼ਬਾਨਾ ਹਨ, ਉਥੇ ਪੰਜਾਬੀ ਭਾਸ਼ਾ ਨੂੰ ੧੧ਵਾਂ ਸਥਾਨ ਪ੍ਰਾਪਤ ਹੈ।

ਪਾਕਿਸਤਾਨ ਦੇ ਪ੍ਰਧਾਨ ਗੁਲਾਮ ਇਸ਼ਾਕ ਖਾਨ ਨੇ ਬੇਨਜ਼ੀਰ ਭੁਟੋ ਦੀ ੨੦ ਮਹੀਨੇ ਦੀ ਹਕੂਮਤ ਅਸੈਂਬਲੀ ਅਚਾਨਕ ਹੀ ਖ਼ਤਮ ਕਰਕੇ ਗੁਲਾਮ ਮੁਸਤਫਾ ਜੈਤੋਈ ਨੂੰ ਪ੍ਰਧਾਨ ਮੰਤਰੀ ਬਣਾ ਕੇ ੨੪ ਅਕਤੂਬਰ ੧੯੯੦ ਲਈ ਦੋਬਾਰਾ ਚੋਣਾਂ ਕਰਵਾਉਣ ਦਾ ਐਲਾਨ ਕਰ ਦਿਤਾ।

੬ ਅਗਸਤ ਲੈਫ: ਜਨਰਲ ਏ.ਐਸ. ਕਲਤਰ ਨੂੰ ਡਾਇਰੈਕਟਰ ਜਨਰਲ ਡੀਫੈਂਸ ਬਣਾ ਦਿਤਾ ਗਿਆ ਹੈ।

੬ ਅਗਸਤ ਸ: ਸਿਮਰਨਜੀਤ ਸਿੰਘ ਮਾਨ ਐਮ.ਪੀ. ਨੇ ਲੋਕ ਸਭਾ ਦੇ ਸਪੀਕਰ ਰਬੀ ਰੇ ਨੂੰ ੧੬ ਪੰਨੇ ਦੀ ਚਿੱਠੀ, ਕਿਰਪਾਨ ਪਹਿਨਣ ਦੇ ਹੱਕ ਦੇ ਇਤਿਹਾਸ ਲਿਖ ਕੇ ਭੇਜੀ ਗਈ ਕਿ ਅੰਗਰੇਜ਼ ਹਾਕਮਾਂ ਦੇ ਭਾਰਤੀ ਸਕੱਤਰ ਐਕਟ ੧੮੭੮ ਵਿਚ ਵੀ ਕਿਰਪਾਨ ਪਹਿਨਣ ਦੀ ਖੁਲ੍ਹ ਹੈ।

੮ ਅਗਸਤ ਬੁਧਵਾਰ, ਪ੍ਰੋ: ਬਲਜਿੰਦਰ ਸਿੰਘ ਪ੍ਰੋ: ਸੂਬਾ ਸਿੰਘ ਪੀ.ਐਚ.ਆਰ.ਓ. ਅੰਮ੍ਰਿਤਸਰ, ਆਪਣੇ ੨੦ ਸਾਥੀਆਂ ਸਮੇਤ, ਡੀ.ਸੀ. ਨੂੰ ਪੁਲਸ ਜਬਰ ਵਿਰੁਧ ਇਕ ਮੈਮੋਰੰਡਮ ਦੇਣ ਗਏ ਤਾਂ ਇਨ੍ਹਾਂ ਨੂੰ ਬਿਨਾਂ ਕਿਸੇ ਦੋਸ਼ ਗ੍ਰਿਫ਼ਤਾਰ ਕਰ ਲਿਆ ਗਿਆ।

੮ ਅਗਸਤ, ਸ: ਕੇਹਰ ਸਿੰਘ ਸ਼ਹੀਦ ਦੀ ਜਾਮਾ ਤਲਾਸ਼ੀ ਸਮੇਂ ਪੁਲਸ ਥਾਣਾ ਤੁਗਲਕ ਰੋਡ ਲਈ ਨਕਦੀ, ਡਾਇਰੀ, ਹੱਥਘੜੀ, ਗੁਟਕਾ, ਆਦਿ ਇਨ੍ਹਾਂ ਦੀ ਸੁਪਤਨੀ ਜਸਬੀਰ ਨੂੰ ਵਾਪਸ ਕਰਨ ਲਈ ਜ਼ਲੀਲ ਕੀਤਾ ਜਾ ਰਿਹਾ ਹੈ।

ਸਿਖ ਇਤਿਹਾਸ ਅਤੇ ਗੁਰਮਤਿ ਦੇ ਸਕਾਲਰ ਡਾ. ਗੋਪਾਲ ਸਿੰਘ ਦਰਦੀ ੮੨ ਸਾਲ ਦੀ ਉਮਰ ਵਿਚ ਆਪਣੀ ਨਵੀਂ ਬਣਾਈ ਕੋਠੀ ਡੀ. ੬-੨੦ ਵਸੰਤ

ਵਿਹਾਰ ਦਿਲੀ-੫੭ ਵਿਖੇ ਅਕਾਲ ਚਲਾਣਾ ਕਰ ਗਏ, ਆਪ ਵਲੋਂ ਸਿਖ ਇਤਿਹਾਸ ੧੯੮੮ ਤਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਅੰਗਰੇਜ਼ੀ ਅਨੁਵਾਦ ਛਾਪਿਆ ਗਿਆ।

੯ ਅਗਸਤ ਵੀਰਵਾਰ, ਅਮਰੀਕਾ ਦਾ ਅੰਬੈਸੇਡਰ ਸ੍ਰੀ ਵਿਲਯਮ ਕਲਾਰਕ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਪਹੁੰਚਿਆ ਸਿਰਪਾਉ ਦਿਤਾ ਗਿਆ, ਜੂਨ ੧੯੮੪ ਮਈ ੧੯੮੮ ਦੀ ਬਰਬਾਦੀ ਪੁਲਸ ਸੀ.ਆਰ.ਪੀ. ਵਲੋਂ ਸਖਤੀ, ਨਾਕਾਬੰਦੀ ਤਲਾਸ਼ੀ ਦੀ ਹਾਲਤ ਬਾਰੇ ਤਸੱਲੀ ਕੀਤੀ ਗਈ ਬਾਰਡਰ ਤਕ ਸਿਖ ਕਿਸਾਨਾਂ ਦੀ ਹਾਲਤ ਵੇਖੀ ਗਈ। ਸ: ਗੁਰਚਰਨ ਸਿੰਘ ਟੌਹੜਾ, ਕੈਪਟਨ ਅਮਰਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ ਨਾਲ ਮਨੁਖੀ ਅਧਿਕਾਰਾਂ ਬਾਰੇ ਵਿਚਾਰਾਂ ਹੋਈਆਂ। ਸਿਖਾਂ ਵਲੋਂ ਮੈਮੋਰੰਡਮ ਦਿਤਾ ਗਿਆ, ਤਾਂ ਗੰਗੂ ਹਾਕਮਾਂ ਵਲੋਂ ਲੋਕ ਸਭਾ ਵਿਚ ਵਾਵੇਲਾ ਕੀਤਾ ਗਿਆ। ਡਾ. ਜਸਪਾਲ ਸਿੰਘ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਸਤਕ, ਪ੍ਰਧਾਨ ਮੰਤਰੀ ਵੀ.ਪੀ. ਸਿੰਘ ਵਲੋਂ ਦਿਲੀ ਵਿਖੇ ਰੀਲੀਜ਼ ਕੀਤੀ ਗਈ। ਸਾਡੇ ਸਿਖ ਲੀਡਰ ਇਨ੍ਹਾਂ ਗੰਗੂ ਹਾਕਮਾਂ ਨੂੰ ਪ੍ਰਸੰਨ ਕਰਦੇ ਹਨ ?

੧੦ ਅਗਸਤ ਸ਼ੁਕਰਵਾਰ, ਸ: ਸਿਮਰਨਜੀਤ ਸਿੰਘ ਮਾਨ ਅਤੇ ਹੋਰ ਸਾਰੀਆਂ ਜਥੇਬੰਦੀਆਂ ਵਲੋਂ ਪੰਜਾਬ ਬੰਦ ੧੧ ਤੋਂ ੧੩ ਅਗਸਤ ਸਦਾ ਦਿਤਾ ਤਾਂ ਸਾਰੇ ਪੰਥਕ ਲੀਡਰਾਂ ਅਤੇ ਵਰਕਰਾਂ ਨੂੰ ਬਿਨਾਂ ਕਿਸੇ ਦੋਸ਼ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ।

ਸ੍ਰੀ ਹਰਿਕ੍ਰਿਸ਼ਨ ਸਿੰਹੁ ਸਰਜੀਤ ਕੌਮਨਸ਼ਟ ਦੀ ਅਕਲ ਵੇਖੋ, ਇਹ ਦੇਸ਼ ਦੀ ਆਜ਼ਾਦੀ ਤੱਕ ਤਾਂ ਸਿਖ ਸਟੇਟ, ਖਾਲਿਸਤਾਨ ਦੇ ਮੱਤੇ ਪਾਸ ਕਰਨ ਲਈ ਹਾਮੀ ਭਰਦੇ ਰਹੇ, ਇਨ੍ਹਾਂ ਕੌਮਨਸ਼ਟਾਂ ਨੂੰ ਆਪਣੇ ਪੰਜਾਬ ਦੇਸ਼ ਦੀ ਸਭਯਤਾ, ਧਰਮ, ਬੋਲੀ ਨਾਲ ਕੋਈ ਪਿਆਰ ਨਹੀਂ, ਇਹ ਨਾਸਤਕ ਰੂਸ ਦੇ ਝੋਲੀਚੁਕ ਹਨ ਵੀ.ਪੀ. ਸਿੰਘ ਸਰਕਾਰ ਆਪਣੀ ਅਕਲ ਤੋਂ ਕੰਮ ਨਹੀਂ ਲੈਂਦੀ, ਰੂਸ ਤੋਂ ਆਦੇਸ਼ ਪ੍ਰਾਪਤ ਕਰਦੀ ਹੈ, ਸੂਰਬੀਰ ਸਿਖਾਂ ਨੂੰ ਨਫ਼ਰਤ ਕਰਕੇ ਪਛਤਾਉਣਗੇ ?

੧੨ ਅਗਸਤ ਐਤਵਾਰ, ਪਰਮਵੀਰ ਚੱਕਰ ਸੀਰੀਅਲ, ਤੇ ਕੈਪਟਨ ਕਰਮ ਸਿੰਘ ਸਪੁਤਰ ਸ: ਉਤਮ ਸਿੰਘ ਪਿੰਡ ਸਹਿਣਾ ਦੀ ਬਹਾਦਰੀ ਤਾਂ ਵਿਖਾਈ ਗਈ ਪਰ ਪਰਮਵੀਰ ਚੱਕਰ ਦਿਤੇ ਜਾਣ ਦੀ ਘਟਨਾ ਉਸ ਦੇ ਸਾਰੇ ਪ੍ਰਵਾਰ ਨਾਲ ਨਹੀਂ ਵਿਖਾਈ ਗਈ।

ਸ: ਸੁਖਦੇਵ ਸਿੰਘ ਉਰਫ਼ ਜਨਰਲ ਲਾਭ ਸਿੰਘ ਜੋ ੧੨ ਅਗਸਤ ੧੯੮੮ ਨੂੰ ਸ਼ਹੀਦ ਹੋ ਗਿਆ ਸੀ ਦੀ ਦੂਜੀ ਬਰਸੀ ਸਮੇਂ ਇਸ ਦੀ ਸੁਪਤਨੀ

ਦਵਿੰਦਰ ਕੌਰ ਨੂੰ, ਪੰਜਵੜ ਵਿਖੇ ਭਾਰੀ ਸੰਗਤਾਂ ਵਲੋਂ ਸਨਮਾਨਤ ਕੀਤਾ ਗਿਆ ਬਾਬਾ ਦਰਸ਼ਨ ਸਿੰਘ ਬੀੜ ਬਾਬਾ ਬੁੱਢਾ ਜੀ ਦੁਆਰਾ ਸੋਨੇ ਦਾ ਮੈਡਲ ਅਤੇ ਸਿਰਪਾਉ ਦਿਤਾ ਗਿਆ।

ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ ਨੂੰ ਮੈਮੋਰੰਡਮ ਦਿਤਾ ਗਿਆ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੫੦ ਮੈਂਬਰਾਂ ਦੀਆਂ ਚੋਣਾਂ ਕਰਵਾਈਆਂ ਜਾਣ। ਹਵਾਈ ਉਡਾਨਾ ਰਾਜਾ ਸਾਂਸੀ ਤੋਂ ਬਹਾਲ ਕੀਤੀਆਂ ਜਾਣ। ਪਾਕਿਸਤਾਨ ਦੇ ਗੁਰਧਾਮਾਂ ਦੇ ਨਾਲ ਲਗਦੀਆਂ ਜ਼ਮੀਨਾਂ, ਕਾਸ਼ਤਕਾਰਾਂ ਨੂੰ ਅਲਾਟ ਨਾ ਕੀਤੀਆਂ ਜਾਣ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਲ ੬੦ ਪਿੰਡਾਂ ਦੀ ਜ਼ਮੀਨ ਹੈ। ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦੀ ਮੁਰੰਮਤ, ਸੰਭਾਲ ਆਦਿ ਕਰਵਾਈ ਜਾਵੇ।

੧੩ ਅਗਸਤ, ਸੋਮਵਾਰ, ਸ੍ਰੀਮਤੀ ਬੇਨਜ਼ੀਰ ਭੁਟੋ ਸਾਬਕਾ ਪ੍ਰਧਾਨ ਮੰਤਰੀ ਪਾਕਿਸਤਾਨ ਅਤੇ ਮੁਖ ਮੰਤਰੀ ਸਿੰਧ ਦੇ ਵਿਰੁਧ ਕਤਲ ਕਰਨ ਦਾ ਮੁਕੱਦਮਾ ਸੈਸ਼ਨ ਜੱਜ ਹੈਦਰਾਬਾਦ (ਸਿੰਧ) ਦੀ ਅਦਾਲਤ ਵਿਚ ਦਾਇਰ ਕੀਤਾ ਗਿਆ ਕਿ ਬੇਨਜ਼ੀਰ ਭੁਟੋ ਵਲੋਂ ੨੬ ਮਈ ੧੯੯੦ ਪੱਕਾ ਕਿਲ੍ਹਾ ਵਿਖੇ ਨਿਰਦੋਸ਼ ਲੋਕਾਂ ਦੇ ਕਤਲ ਕਰਵਾਏ ਗਏ।

ਪ੍ਰਧਾਨ ਮੰਤਰੀ ਗੁਲਾਮ ਮੁਸਤਫ਼ਾ ਜੈਤੋਈ ਵਲੋਂ ਬੇਨਜ਼ੀਰ ਭੁਟੋ ਅਤੇ ਉਸ ਦੇ ਪਤੀ ਜ਼ਰਦਾਰੀ ਵਿਰੁਧ ਭਰਿਸ਼ਟਾਚਾਰ ਦੇ ਦੋਸ਼ ਲਗਾ ਕੇ, ਜੁਡੀਸ਼ਲ ਕਾਰਵਾਈ ਸ਼ੁਰੂ ਕਰ ਦਿਤੀ ਹੈ।

ਸਾਲ ੧੯੭੯ ਵਿਚ ਪ੍ਰਧਾਨ ਜ਼ਿਆ-ਉਲ-ਹੱਕ ਨੇ ਜੁਲਫਕਾਰ ਅਲੀ ਭੁਟੋ ਵਿਰੁਧ ਆਮ ਲੋਕਾਂ ਦੇ ਕਤਲ ਹੋਣ ਦੇ ਦੋਸ਼ ਲਗਾ ਕੇ, ਕਾਤਲ ਸਾਬਤ ਕਰਕੇ ਫਾਂਸੀ ਲਗਾਇਆ ਗਿਆ ਸੀ।

੧੫ ਅਗਸਤ ਸੰਸਾਰ ਦੇ ਸਾਰੇ ਧਰਮਾਂ ਦੀ ਕਾਨਫ੍ਰੰਸ ਸਾਨ-ਫਰਾਂਸਿਸਕੋ ਵਿਖੇ ਹੋਈ ਜਥੇਦਾਰ ਦਰਸ਼ਨ ਸਿੰਘ ਰਾਗੀ ਸ਼ਾਮਲ ਹੋਏ, ਇੰਗਲੈਂਡ, ਅਮਰੀਕਾ, ਕੈਨੇਡਾ ਦੇ ਸਿਖਾਂ ਨੂੰ ਵੀਜ਼ੇ ਇੰਮੀਗਰੇਸ਼ਨ, ਅਤੇ ਕਸਟਮ ਵਾਲੇ ਜ਼ਲੀਲ ਕਰਦੇ ਹਨ।

੧੫ ਅਗਸਤ ਬੁਧਵਾਰ, ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਵਲੋਂ ਸ: ਪ੍ਰਿਥੀਪਾਲ ਸਿੰਘ ਪ੍ਰਧਾਨ ਸਵਿਟਜ਼ਰਲੈਂਡ ਰਾਹੀਂ ਪੰਜਾਬ ਦੇ ਸਿਖਾਂ ਦਾ ਮਾਮਲਾ ਜਨੀਵਾ ਵਿਖੇ ਰੋਸ ਕਰਕੇ ਯੂਨਾਈਟਿਡ ਨੇਸ਼ਨਜ਼ ਸਕੱਤਰ ਜਨਰਲ ਨੂੰ ਮੈਮੋਰੈਡਮ ਦਿਤਾ ਗਿਆ ਕਿਹਾ ਅਮਨੈਸਟੀ ਇੰਟਰਨੈਸ਼ਨਲ ਪੰਜਾਬ

ਵਿਚ ਮਨੁਖੀ ਅਧਿਕਾਰ ਬਹਾਲ ਕਰਵਾਏ ।

੧੬ ਅਗਸਤ ਵੀਰਵਾਰ, ਲੰਦਨ ਵਿਖੇ ਭਾਰਤ ਦੇ ਹਾਈ ਕਮਿਸ਼ਨਰ ਕੁਲਦੀਪ ਨਯਰ ਵਲੋਂ ੪੪ਵਾਂ ਆਜ਼ਾਦੀ ਦਿਵਸ, ਝੰਡਾ ਲਹਿਰਾਇਆ ਗਿਆ, ਉਥੇ ਖਾੜਕੂ ਸਿੰਘਾਂ ਨੇ ਰੋਸ ਮੁਜ਼ਾਹਰਾ ਕਰਕੇ ਖਾਲਿਸਤਾਨ ਦੇ ਨਾਹਰੇ ਲਗਾਏ ।

੧੬ ਅਗਸਤ ਸ: ਪ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਦੂਖ ਨਿਵਾਰਨ, ਲੁਧਿਆਣਾ ਵਲੋਂ ਅੰਮ੍ਰਿਤ ਸੰਚਾਰ ਸਮਾਗਮ ਕਰਕੇ ੮੧ ਪ੍ਰਾਣੀਆਂ ਨੂੰ ਗੁਰੂ ਵਾਲੇ ਸੰਤ ਸਿਪਾਹੀ ਬਣਾਇਆ ।

੧੬ ਅਗਸਤ ਕਲਕੱਤਾ ਤੋਂ ਬਾਬਾ ਗਜਣ ਸਿੰਘ, ਭਾਰੀ ਜਥੇ, ਸ੍ਰੀ ਹੇਮਕੁੰਟ ਸਾਹਿਬ ਪਹੁੰਚੇ ।

੧੭ ਅਗਸਤ ਸੁਕਰਵਾਰ, ਭਾਈ ਧਿਆਨ ਸਿੰਘ ਮੰਡ ਐਮ.ਪੀ. ਆਪਣੇ ਸੁਰੱਖਿਆ ਜਵਾਨਾਂ ਦੇ ਨਾਲ ਕਾਰਾਂ ਵਿਚ ਗੁਰੂ ਰਾਮਦਾਸ ਸਰਾਏ ਵਲੋਂ ਮੱਥਾ ਟੇਕਣ ਲਈ ਆਉਣ ਲੱਗੇ ਤਾ ਸਰਕਾਰੀ ਸਕਿਉਰਟੀ ਸਟਾਫ਼ ਵਲੋਂ ਅਸਲਾ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਅਤੇ ਅਸਲੇ ਸਮੇਤ ਅਤੇ ਕਾਰਾਂ ਸਮੇਤ ਜਾਣ ਤੇ ਸਖਤੀ, ਰੁਕਾਵਟ ਕੀਤੀ ਗਈ, ਉਹ ਰੋਸ ਵਜੋਂ ਲਾਹਨਤਾ ਪਾਉਂਦੇ ਵਾਪਸ ਮੁੜ ਗਏ । ਬਾਹਰੋਂ ਹੀ ਮੱਥਾ ਟੇਕ ਲਿਆ ।

੧੭ ਅਗਸਤ ਸ਼ੁਕਰਵਾਰ, ਈਸਾਈ ਅਨੁਸੂਚਤ ਜਾਤੀਆਂ ਅਤੇ ਕਬੀਲਿਆਂ ਨੂੰ ਦਿਤੇ ਗਏ ਅਧਿਕਾਰ ਲੈਣ ਵਾਸਤੇ ਬੋਟ ਕਲੱਬ, ਦਿਲੀ ਰੋਸ ਮੁਜ਼ਾਹਰਾ ਰੈਲੀ ਕਰ ਰਹੇ ਹਨ, ਸਰਕਾਰ ਵਲੋਂ ਇਨ੍ਹਾਂ ਵਿਰੁਧ ਕੋਈ ਸਖਤੀ, ਪਾਬੰਦੀ ਗ੍ਰਿਫ਼ਤਾਰੀ ਨਹੀਂ, ਪਰ ਜਦੋਂ ਸਿਖ ਕਿਸੇ ਪ੍ਰਕਾਰ ਦੀ ਰੈਲੀ, ਰੋਸ ਮੁਜ਼ਾਹਰਾ ਕਰਨ ਤਾਂ ਉਨ੍ਹਾਂ ਉਪਰ ਪਹਿਲਾਂ ਹੀ ਸਖ਼ਤੀਆਂ, ਪਾਬੰਦੀਆਂ ਗ੍ਰਿਫ਼ਤਾਰੀਆਂ ਜ਼ੁਲਮ ਦਾ ਦੌਰ ਕਿਉਂ ਸ਼ੁਰੂ ਹੋ ਜਾਂਦਾ ਹੈ ?

੧੮ ਅਗਸਤ ਸ਼ਨੀਵਾਰ, ਪ੍ਰਧਾਨ ਜਿਆ-ਉਲ-ਹਕ ਦੀ ਦੂਜੀ ਬਰਸੀ ਉਸ ਦੀ ਕਬਰ ਤੇ ਇਜਾਜ਼-ਉਲ-ਹਕ ਵਲੋਂ ਮਨਾਈ ਗਈ ਅਤੇ ਚੋਣ ਪ੍ਰੋਗਰਾਮ ਦਾ ਅਰੰਭ ਕੀਤਾ ਗਿਆ ।

੧੯ ਅਗਸਤ ,ਐਤਵਾਰ, ਬਾਬਾ ਦਰਸ਼ਨ ਸਿੰਘ, ਕਰਤਾਰ ਸਿੰਘ, ਚਰਨ ਸਿੰਘ ਵਲੋਂ ਗੁਰਦੁਆਰਾ ਰਾਮਸਰ, ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਸ਼ਬਦ ਕੀਰਤਨ ਪ੍ਰੋਗਰਾਮ ਦੁਆਰਾ ਸ੍ਰੀ ਅਖੰਡ ਪਾਠ ਆਰੰਭ ਕੀਤਾ ਗਿਆ ।

੨੧ ਅਗਸਤ ਮੰਗਲਵਾਰ, ਗੁਰਦੁਆਰਾ ਰਾਮਸਰ ਵਿਖੇ ਇਲਾਹੀ ਸ਼ਬਦ ਕੀਰਤਨ, ਨਗਰ ਕੀਰਤਨ ਭਾਰੀ ਰੌਣਕਾਂ ਸਮਾਗਮ, ਖੁਸ਼ੀਆਂ ਮਨਾਈਆਂ

ਗਈਆਂ।

੨੩ ਅਗਸਤ ਟਰਾਂਟੋ ਵਿਖੇ ਸਬ ਲੈਫਟੀਨੈਂਟ ਸ: ਲਖਬੀਰ ਸਿੰਘ, ਪੂਰਨ ਰਹਿਤ ਵਿਚ ਕੈਨੇਡੀਅਨ ਨੇਵੀ ਹਥਿਆਰਬੰਦ ਫ਼ੌਜੀ ਸੇਵਾ ਵਿਚ ਭਰਤੀ ਹੈ।

੨੩ ਅਗਸਤ ਵੀਰਵਾਰ, ਭਾਰਤ ਦੀ ਵੀ.ਪੀ. ਸਿੰਘ ਸਰਕਾਰ ਵਲੋਂ ਮੁਸਲਮਾਨਾਂ ਦੀਆਂ ਵੋਟਾਂ ਬਟੋਰਨ ਵਾਸਤੇ ਮੁਹੰਮਦ ਦੇ ਜਨਮ ਦਿਹਾੜੇ ਤੇ ਸਰਕਾਰੀ ਛੁਟੀ ਦਾ ਐਲਾਨ ਕਰ ਦਿਤਾ ਹੈ।

੨੩ ਅਗਸਤ ਅੰਮ੍ਰਿਤਸਰ ਦੇ ਐਸ.ਐਸ.ਪੀ. ਸੰਜੀਵ ਗੁਪਤਾ ਵਲੋਂ ਸ੍ਰੀ ਹਰਿਮੰਦਰ ਸਾਹਿਬ, ਗੁਰੂ ਰਾਮਦਾਸ ਸਰਾਏ, ਦਫ਼ਤਰ ਆਦਿ ਵਿਖੇ ਰਾਤ ੧੦ ਵਜੇ ਭਾਰੀ ਗਿਣਤੀ ਵਿਚ ਪੁਲਸ, ਸੀ.ਆਰ.ਪੀ. ਵਲੋਂ ਯਾਤਰੂ ਸੰਗਤਾਂ ਨੂੰ ਜ਼ਲੀਲ ਕੀਤਾ ਗਿਆ, ਸ਼ਰੋਮਣੀ ਕਮੇਟੀ ਦੇ ਪ੍ਰਬੰਧਕਾਂ ਵਲੋਂ ਡੀ.ਸੀ. ਨੂੰ ਰੋਸ ਪੜਤਾਲ ਕਰਨ ਲਈ ਕਿਹਾ ਗਿਆ ਤਾਂ ਡੀ.ਸੀ. ਨੇ ਕਿਹਾ ਮੈਨੂੰ ਕਿਸੇ ਗੱਲ ਦਾ ਹੀ ਨਹੀਂ ਪਤਾ, ਇਹ ਹਨ ਸਰਕਾਰੀ ਹਾਕਮ ਰਾਜੇ ਸ਼ੀਹ ਮੁਕੱਦਮ ਕੁਤੇ ?

੨੫ ਅਗਸਤ ਸ਼ਨੀਵਾਰ, ਬੋਟ ਕਲੱਬ ਵਿਖੇ ਪੰਥਕ ਰੈਲੀ ਹੋਈ, ਸ: ਰਣਜੀਤ ਸਿੰਘ ਜਥੇਦਾਰ ਅਕਾਲ ਤਖਤ ਨੂੰ ਤਿਹਾੜ ਜੇਲ੍ਹ ਤੋਂ ਰਿਹਾ ਕਰਵਾਏ ਜਾਣ ਲਈ। ਇਨ੍ਹਾਂ ਨੂੰ ੨੪ ਨਵੰਬਰ, ੧੯੮੩ ਤੋਂ ਤਿਹਾੜ ਜੇਲ੍ਹ ਵਿਚ ਜ਼ਲੀਲ ਕੀਤਾ ਜਾ ਰਿਹਾ ਹੈ, ਜੇਲ੍ਹ ਦੇ ਅੰਦਰ ਹੀ ਬੰਦ ਅਦਾਲਤ ਲਗਦੀ ਹੈ, ਜਮਾਨਤ ਤੇ ਵੀ ਰਿਹਾ ਨਹੀਂ ਕੀਤਾ ਜਾ ਰਿਹਾ।

੨੫ ਅਗਸਤ ਸ. ਧਰਮ ਸਿੰਘ ਓਲੰਪੀਅਨ ਦਾ ਸਨਮਾਨ, ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਕੀਤਾ ਗਿਆ।

੨੫ ਅਗਸਤ ਸੋਵੀਅਤ ਰੂਸ ਦੇ ਅਬਖ਼ਾਜ਼ੀਆਨ ਤਾਜ਼ਿਕਸਤਾਨ ਦੇ ਵਿਧਾਇਕਾਂ ਨੇ ਜੋਰਜੀਆ ਤੋਂ ਵੱਖ ਆਪਣੀ ਖੁਦ-ਮੁਖਤਾਰੀ ਦਾ ਐਲਾਨ ਕਰ ਦਿਤਾ ਹੈ, ਪਰ ਜਦੋਂ ਪੰਜਾਬ ਦੇ ਲੋਕ ਆਜ਼ਾਦੀ, ਖੁਦਮੁਖਤਾਰੀ ਦੇ ਹੱਕ ਮੰਗਦੇ ਹਨ, ਤਾਂ ਇਹ ਰੂਸੀ ਨਾਸਤਕ ਟੋਲਾ ਗੰਗੂ ਹਾਕਮਾਂ ਨੂੰ ਸਖ਼ਤੀ ਕਰਨ ਤੇ ਜ਼ੋਰ ਦਿੰਦਾ ਹੈ ?

੨੭ ਅਗਸਤ ਸੋਮਵਾਰ, ਸੰਤ ਤਰਲੋਚਨ ਸਿੰਘ ਉਮਰ ੫੮ ਸਾਲ, ਡੇਰਾ ਸੰਤਪੁਰਾ, ਯਮਨਾ ਨਗਰ, ਨੂੰ ਰਾਤ ਨੂੰ ੧੧-੩੦ ਵਜੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ।

੨੮ ਅਗਸਤ ਮੰਗਲਵਾਰ, ਬਾਬਾ ਨੰਦ ਸਿੰਘ ਨਾਨਕਸਰ, ਕਲੇਰਾਂ ਦੀ

ਬਰਸੀ ਮਨਾਈ ਗਈ।

੨੯ ਅਗਸਤ ਬੁਧਵਾਰ, ਡਾ. ਸੋਹਨ ਸਿੰਘ ਪੰਥਕ ਕਮੇਟੀ ਵਲੋਂ ਇੰਟਰਨੈਸ਼ਨਲ ਸਿਖ ਸਟੂਡੈਂਟ ਫੈਡਰੇਸ਼ਨ ਕਾਇਮ ਕੀਤੀ ਗਈ ਹੈ।

੨੯ ਅਗਸਤ ਬੁਧਵਾਰ, ਰਣਜੀਤ ਸਿੰਘ ਰਿਆੜ, ਪ੍ਰਧਾਨ ਚੰਡੀਗੜ੍ਹ ਅਕਾਲੀ ਦਲ (ਬ) ਅਤੇ ਪ੍ਰਧਾਨ ਗੁਰਦੁਆਰਾ ਸੈਕਟਰ ੧੫, ਸ਼ਰਾਬ ਦਾ ਵਡਾ ਠੇਕੇਦਾਰ ਹੋਣ ਕਰਕੇ ਕਤਲ ਕਰ ਦਿਤਾ ਗਿਆ। ਇਸ ਦਾ ਜਸਪਾਲ ਸਿੰਘ ਵੀ ਸ਼ਰਾਬ ਦਾ ਠੇਕੇਦਾਰ ਹੈ।

੨੯ ਅਗਸਤ ਬੁਧਵਾਰ, ਸ: ਸਿਮਰਨਜੀਤ ਸਿੰਘ ਮਾਨ ਵਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਤਰਤਾ ਕਰਕੇ, ਪੁਲਸ ਤਲਾਸ਼ੀਆਂ ਸਖਤੀਆਂ ਵਿਰੁਧ ਰੋਸ ਕੀਤਾ ਗਿਆ ਅਤੇ ਪੰਜਾਬ ਵਿਚ ਚੋਣਾਂ ਕਰਵਾਉਣ ਦਾ ਕੀਤਾ ਗਿਆ ੧੩ ਮਤੇ ਪਾਸ ਕੀਤੇ ਰਏ।

੩੧ ਅਗਸਤ ਬੱਬਰਾਂ ਦੀ ਯਾਦ, ਫਗਵਾਵਾ, ਬਬੇਲੀ ਵਿਖੇ ਮਨਾਈ ਰਈ।

੨ ਸਤੰਬਰ ਐਤਵਾਰ, ਸੰਤ ਨਿਰੰਜਨ ਸਿੰਘ, ਗੁਰੂ ਨਾਨਕ ਆਸ਼ਰਮ, ਫੈਕਟਰੀ ਏਰੀਆ ਪਟਿਆਲਾ ਵਿਖੇ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ੧੦੭ਵੇਂ ਅਖੰਡ ਪਾਠਾਂ ਦੀ ਸਮ ਪਤੀ ਸਮੇਂ 'ਜਗਤ ਜਲੰਦਾ ਰੱਖ ਲੈ' ਇਲਾਹੀ ਸ਼ਬਦ ਕੀਰਤਨ ਸਮਾਗਮ ਭਾਰੀ ਰੌਣਕਾਂ ਹੋਈਆਂ।

੯ ਸਤੰਬਰ ਐਤਵਾਰ, ਜਥੇਦਾਰ ਮਨਜੀਤ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਗੁਰਮਤਿ ਪਤਰਕਾਰੀ ਮਿਸ਼ਨਰੀ ਸਮਾਗਮ ਕਰਕੇ ਗੁਰਮਤਿ ਦੇ ਪ੍ਰਚਾਰ ਦੇ ਸਾਧਨਾਂ ਤੇ ਵਿਚਾਰਾਂ ਕੀਤੀਆਂ ਗਈਆਂ। ਡਾ. ਅਵਤਾਰ ਸਿੰਘ ਡਾ. ਬਲਕਾਰ ਸਿੰਘ, ਡਾ. ਕਿਹਰ ਸਿੰਘ, ਸੁਖਵੀਰ ਸਿੰਘ, ਰੁਪਿੰਦਰ ਸਿੰਘ, ਗਿ: ਬਚਿਤਰ ਸਿੰਘ, ਰੂਪ ਸਿੰਘ, ਮਹਿੰਦਰ ਸਿੰਘ, ਸ਼ਰੋਮਣੀ ਸਿਖ ਸਮਾਜ, ਗੁਰਚਰਨ ਸਿੰਘ ਸੰਘਾ, ਡਾ. ਖੇਮ ਸਿੰਘ ਗਿਲ ਪ੍ਰਿੰਸੀਪਲ ਹਰਭਜਨ ਸਿੰਘ ਨੇ ਪੇਪਰ ਪੜ੍ਹੇ, ਸੁਝਾਅ ਦਿਤੇ।

੧੪ ਸਤੰਬਰ ਸ਼ੁਕਰਵਾਰ ਸ: ਬਲਬੀਰ ਸਿੰਘ ਚੀਮਾ, ਐਡਵੋਕੇਟ, ਜਨਰਲ ਸਕੱਤਰ ਸਿਖ ਲਾਇਜਰਜ਼ ਜਲੰਧਰ ਨੂੰ ਪੁਲਸ ਵਲੋਂ ਬਿਨਾਂ ਕਿਸੇ ਜੁਰਮ ਗ੍ਰਿਫਤਾਰ ਕਰ ਲਿਆ, ਰੋਸ ਵਜੋਂ ਸਾਰੇ ਵਕੀਲਾਂ ਨੇ ਅਦਾਲਤਾਂ ਨੂੰ ਜੰਦਰੇ ਲਗਾ ਕੇ ਬੰਦ ਕਰਵਾ ਕੇ ਮੁਜ਼ਾਹਰੇ ਕੀਤੇ।

੧੪ ਸਤੰਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਡਾਕੂਮੈਟਰੀ ਫਿਲਮ ਤਿਆਰ ਕਰਾਉਣ ਦਾ ਫੈਸਲਾ

ਕੀਤਾ ਗਿਆ ਪੰਜਾਬ ਵਿਚ ਇਕ ਇੰਜੀਨੀਅਰੰਗ ਕਾਲਜ ਅਤੇ ਇਕ ਮੈਡੀਕਲ ਕਾਲਜ ਵੀ ਬਣਾਏ ਜਾਣਗੇ ।

੧੪ ਸਤੰਬਰ ਸ਼ੁਕਰਵਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਫ਼ਤਰ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵਿਖੇ ਸਿਖ ਧਰਮ ਦੀ ਸਿਖਿਆ, ਸਕੂਲਾਂ ਦੇ ਬੱਚਿਆਂ, ਨਰਸਰੀ ਦੀਆਂ ਕਲਾਸਾਂ ਤੋਂ ਹੀ ਦਸ ਗੁਰੂ ਸਾਹਿਬਾਨ, ਮੂਲ-ਮੰਤਰ ਅਤੇ ਸ਼ਬਦ ਕੀਰਤਨ ਕਰਨ ਦੀ ਸਿਖਲਾਈ ਬਾਰੇ ਵਿਚਾਰਾਂ ਹੋਈਆਂ ਸ: ਦਲਬੀਰ ਸਿੰਘ, ਭਾਗ ਸਿੰਘ ਅਣਖੀ, ਪ੍ਰਿੰਸੀਪਲ ਲਾਭ ਸਿੰਘ, ਸਤਵੰਤ ਕੌਰ ਮਕੜ, ਦਵਿੰਦਰ ਕੌਰ ਰਾਹੀ, ਸਤਨਾਮ ਸਿੰਘ ਪ੍ਰੀਤਮ ਸਿੰਘ, ਦੀਨਦਿਆਲ ਸਿੰਘ ਨੇ ਵਿਚਾਰ ਰਖੇ ।

੧੭ ਸਤੰਬਰ ਸੋਮਵਾਰ . ਦੁਸ਼ਟ ਸੱਜਣ ਕੁਮਾਰ ਐਮ. ਪੀ. ਵਲੋਂ ਨਵੰਬਰ ੮੪ ਵਿਚ ਸਿੱਖਾਂ ਦੇ ਕਤਲ ਕੀਤੇ ਗਏ ਸਨ ਹੁਣ ਜਦੋਂ ਵੀ. ਪੀ. ਸਿੰਘ ਸਰਕਾਰ ਵਲੋਂ ਉਸ ਗ੍ਰਿਫਤਾਰ ਕੀਤਾ ਗਿਆ ਤਾਂ ਹਾਈ ਕੋਰਟ ਦਿੱਲੀ ਵਲੋਂ ਰਿਹਾ ਕਰ ਦਿੱਤਾ ਗਿਆ ।

੧੭ ਸਤੰਬਰ ਸੋਮਵਾਰ : ਕੈਨੇਡਾ ਵਿਖੇ ਡਾ: ਗੁਲਜ਼ਾਰ ਸਿੰਘ ਚੀਮਾ, ਮਨੀ ਟੋਬਾ ਪ੍ਰਾਂਤ ਅਸੈਂਬਲੀ ਲਈ ਰਿਪਬਲਿਕ ਪਾਰਟੀ ਦੇ ਮੈਂਬਰ ਵਜੋਂ ਦੂਜੀ ਵਾਰ ਵਿਧਾਇਕ ਚੁਣੇ ਗਏ ਹਨ ।

੧੮ ਸਤੰਬਰ ਮੰਗਲਵਾਰ : ਸ: ਸਿਮਰਨਜੀਤ ਸਿੰਘ ਮਾਨ ਐਮ. ਪੀ. ਨੇ ਭਾਰਤ ਦੀ ਗੰਗੂ ਸਰਕਾਰ ਵਿਰੁਧ ਦੋਸ਼ ਲਗਾਇਆ ਹੈ ਕਿ ਪੰਜਾਬ ਦੇ ਸਿਖਾਂ ਉਪਰ ਪਿਛਲੇ ੧੦ ਸਾਲ ਤੋਂ ਜ਼ੁਲਮ ਹੋ ਰਹੇ ਹਨ। ੧੧ ਮਈ ੧੯੮੭ ਤੋਂ ਰਾਸ਼ਟਰਪਤੀ ਰਾਜ ਹੈ, ਚੋਣਾ ਹੀ ਨਹੀਂ ਕਰਵਾਈਆਂ ਜਾਂਦੀਆਂ ਭਾਰਤ ਨੂੰ ਕਾਮਨ ਵੈਲਥ ਦੀ ਮੈਂਬਰੀ ਤੋਂ ਕਢ ਦੇਣਾ ਜ਼ਰੂਰੀ ਹੈ ਜਿਵੇਂ ਕਿ ਫਿਜੀ ਨੂੰ ਕਢ ਦਿਤਾ ਗਿਆ ਸੀ ।

੨੨ ਸਤੰਬਰ ਤੋਂ ੭ ਅਕਤੂਬਰ ੧੯੯੦ : ੧੧ਵੀਆਂ ਏਸ਼ੀਆਈ ਖੇਡਾਂ ਚੀਨ ਦੀ ਰਾਜਧਾਨੀ ਬੀਜਿੰਗ ਵਿਖੇ ਹੋਈਆਂ ।

੧੯ ਸਤੰਬਰ ਬੁਧਵਾਰ : ਸ: ਰਾਜਿੰਦਰ ਸਿੰਘ ਭਸੀਨ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਵਲੋਂ ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦ ਗੋਸ਼ਟੀ, ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਖੇ ਮਨਾ ਕੇ ਖੋਜ ਪੱਤਰ ਪੜ੍ਹੇ ਗਏ ।

੧੯ ਸਤੰਬਰ : ਸ੍ਰੀ ਹਰਿਮੰਦਰ ਸਾਹਿਬ, ਪਰਕਰਮਾਂ ਵਿਚ ਬੇਰ ਬਾਬਾ ਬੁਢਾ ਜੀ ਦਾ ਥੜਾ ਜੋ ਖਸਤਾ ਹੋ ਚੁਕਾ ਸੀ, ਹੁਣ ਨਵਾਂ ਬਣਾ ਦਿਤਾ ਹੈ ਅਤੇ

ਪਰਕਰਮਾਂ ਵਿਚ ਬ੍ਰਹਮ ਬੂਟਾ ਵਾਲਾ ਖੂੰਜਾ ਦੀ ਨਵੀਂ ਉਸਾਰੀ ਹੋ ਰਹੀ ਹੈ।

ਕੁਵੈਤ ਤੋਂ ਹਜ਼ਾਰਾਂ ਭਾਰਤੀ ਲੋਕ, ਈਰਾਨ, ਅਫਗਾਨਿਸਤਾਨ, ਪਾਕਿਸਤਾਨ ਦੇ ਰਸਤੇ ਸੜਕਾਂ ਰਾਹੀਂ ਆਪਣੀਆਂ ਕਾਰਾਂ ਦੇ ਨਾਲ, ਅਟਾਰੀ ਵਾਗਾ ਬਾਰਡਰ ਰਾਹੀਂ ਅੰਮ੍ਰਿਤਸਰ ਪਹੁੰਚੇ, ਗੁਰੂ ਦੇ ਲੰਗਰ ਛਕੇ।

੨੨ ਸਤੰਬਰ ਸ਼ਨੀਵਾਰ : ਤਖਤ ਸੱਚਖੰਡ ਹਜ਼ੂਰ ਸਾਹਿਬ, ਨਾਦੇੜ ਵਿਖੇ ਗਿ: ਪ੍ਰਤਾਪ ਸਿੰਘ ਨੂੰ ਹੈਡ ਗ੍ਰੰਥੀ ਲਗਾਇਆ ਗਿਆ।

੨੩ ਸਤੰਬਰ ਐਤਵਾਰ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸ੍ਰੀ ਗੁਰੂ ਰਾਮ ਦਾਸ ਪ੍ਰਕਾਸ਼ ਦਿਵਸ ਸਬੰਧੀ ਸ੍ਰੀ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਪੰਦਰਵਾੜਾ ਅਰੰਭ ਹੋਇਆ ੬ ਅਕਤੂਬਰ ਤਕ ਭਾਰੀ ਰੌਣਕਾਂ ਹੋਈਆਂ।

੨੦ ਤੋਂ ੨੬ ਸਤੰਬਰ : ਸ. ਜਤਿੰਦਰ ਸਿੰਘ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸੰਗਰੂਰ ਵਿਖੇ ਸੇਵਾ ਦੇ ਪੁੰਜ ਭਾਈ ਘਨ੍ਹਈਆ ਜੀ ਦੀ ਯਾਦ ਵਿਚ ਗੁਰਮਤਿ ਮੈਡੀਕਲ ਕੈਂਪ ਲਗਾ ਕੇ ੩੮੦ ਰੋਗੀਆਂ ਨੂੰ ਦਵਾਈ ਦਿਤੀ ਗਈ, ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਨੇ ਸਾਰੇ ਪ੍ਰਬੰਧ ਦੀ ਨਿਗਰਾਨੀ ਸੇਵਾ ਕੀਤੀ, ਦੁਖ ਹੈ ਕਿ ਕੋਈ ਅਖੰਤੀ ਪੰਥਕ ਲੀਡਰ ਗੁਰਮਤਿ ਦੇ ਕੈਂਪਾਂ, ਸੇਵਾ ਦੇ ਕਾਰਜਾਂ ਲਈ ਨਜ਼ਰ ਨਹੀਂ ਆਉਂਦਾ।


ਨਗਰਪਾਲਕਾ ਚੋਣਾ ਇਕ ਸਾਲ ਲਈ ਅਗੇ ਪਾ ਦਿਤੀਆਂ ਗਈਆਂ ਹਨ।

੨੭ ਸਤੰਬਰ : ਮੰਡਲ ਕਮਿਸ਼ਨ ਰਪੋਟ ਵਿਰੁਧ ਜਾਤ-ਅਭਿਮਾਨੀਆਂ ਵਲੋਂ ਗੁੰਡਾ ਗਰਦੀ, ਸਾੜਫੂਕ ਕੀਤੀ ਗਈ, ਪ੍ਰ ਪੰਜਾਬ ਦੇ ਸਿਖਾਂ ਨੇ ਮੰਡਲ ਕਮਿਸ਼ਨ ਰਪੋਟ ਦੇ ਹੱਕ ਵਿਚ ਗਲ ਕੀਤੀ ਅਤੇ ਗੁੰਡਾ ਵਿਰੋਧੀਆਂ ਨੂੰ ਠਲ੍ਹ ਪਾਈ ਰਖ ਨਹੀਂ ਤਾਂ ਪੰਜਾਬ ਵਿਚ ਬਹੁਤ ਬਰਬਾਦੀ ਹੋ ਜਾਣੀ ਸੀ, ਸਿੱਖ ਧਰਮ ਤਾਂ ਗਰੀਬ ਕਿਰਤੀ ਮਜ਼ਲੂਮਾਂ ਦੇ ਸਾਥੀ ਹਨ।

੨੮ ਸਤੰਬਰ ਸ਼ੁਕਰਵਾਰ ਸ: ਗੁਰਦੀਪ ਸਿੰਘ ਰੰਧਾਵਾ, ਵਾਈਸ ਚਾਂਨਸਲਰ, ਸੈਂਟਰਲ ਖਾਲਸਾ ਯਤੀਮਖਾਨਾ ਦੇ ਸੂਰਮਾ ਸਿੰਘਾਂ ਗੁਰਮਤਿ ਦੀਆਂ ਕਲਾਸਾਂ, ਸੰਗੀਤ ਦੀਆਂ ਕਲਾਸਾਂ ਆਦਿ ਵੇਖਣ ਆਏ।

੨੯ ਸਤੰਬਰ ਸ਼ਨੀਵਾਰ, ਅਨੁਸੂਚਿਤ ਜਾਤੀ ਦੇ ਲੋਕਾਂ ਨੇ ਬੂਟਾ ਮੰਡੀ ਜਲੰਧਰ ਰਵੀਦਾਸ ਚੌਕ ਵਿਖੇ ਵੀ.ਪੀ. ਸਿੰਘ, ਰਾਜੀਵ ਅਤੇ ਐਲ.ਕੇ. ਅਡਵਾਨੀ ਦੇ ਪੁਤਲੇ ਰਾਮ ਚੰਦਰ, ਸੁਰਿੰਦਰ ਬਿਲਾ ਦੇ ਪੁਤਲੇ ਸਾੜੇ ਗਏ। ਮੂੰਹ ਕਾਲਾ ਕਰਕੇ ਜੁੱਤੀਆਂ ਮਾਰੀਆਂ।

੨ ਅਕਤੂਬਰ ਮੰਗਲਵਾਰ, ਮੰਡਲ ਕਮਿਸ਼ਨ ਦੇ ਵਿਰੁਧ ਜ਼ਾਤ ਅਭਿਮਾਨੀਆਂ ਵਲੋਂ ਬੋਟ ਕਲੱਬ, ਦਿਲੀ ਵਿਖੇ ਸ਼ਾਸਤਰੀ ਅਤੇ ਗਾਂਧੀ ਦੇ ਜਨਮ



ਝਿਲਮਿਲ ਕਰਦਾ ਸ੍ਰੀ ਹਰਿਮੰਦਰ ਸਾਹਿਬ
ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ



ਪਰਕਰਮਾ ਵਿੱਚ ਕਾਰ ਸੇਵਾ ਕਰਦੀ ਸੰਗਤ




ਸ. ਕਿਰਪਾਲ ਸਿੰਘ ਜੀ ਐਮ. ਪੀ., ਸ. ਸਰਬਜੀਤ ਸਿੰਘ ਡੀ. ਸੀ.,
ਸ. ਭਾਗ ਸਿੰਘ ਅਣਖੀ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ

ਦਿਹਾੜੇ ਸਮੇਂ ਗੁੰਡਾ ਗਰਦੀ ਸਾੜਫੂਕ ਵੱਡੇ ਪੈਮਾਨੇ ਤੇ ਕੀਤੀ ਪਰ ਗੰਗੂ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਲੀਡਰਾਂ ਨੇ ਸੈਂਕੜੇ ਅਲ੍ਹੜ ਨੌਜਵਾਨ ਸੜਵਾ ਕੇ ਮਰਵਾ ਦਿਤੇ ਹਨ।

੨੯-੩੦ ਸਤੰਬਰ ਗਿ: ਸੂਰਜਪਾਲ ਸਿੰਘ ਅੰਮ੍ਰਿਤ ਪ੍ਰਚਾਰ ਸੰਗਤ, ੪੯ ਵਿਜੇ ਨਗਰ ਜਲੰਧਰ ਵਲੋਂ ਬਸੰਤ ਐਵਿਨਿਊ ਅੰਮ੍ਰਿਤਸਰ ਸੰਤ ਹਰਭਜਨ ਸਿੰਘ ਰੱਜ ਜੀ ਦੀ ਬਰਸੀ ਮਨਾਈ ਗਈ।

੩ ਅਕਤੂਬਰ ਬੁਧਵਾਰ ਮੁਹੰਮਦ ਦਾ ਜਨਮ ਦਿਹਾੜਾ, ਭਾਰਤ ਸਰਕਾਰ ਵਲੋਂ ਮੁਸਲਮਾਨਾਂ ਦੀਆਂ ਵੋਟਾਂ ਲੈਣ ਵਾਸਤੇ, ਸਰਕਾਰੀ ਛੁਟੀ ਦਾ ਐਲਾਨ ਕੀਤਾ ਗਿਆ।

੪ ਅਕਤੂਬਰ ਵੀਰਵਾਰ ਭਾਰਤ ਦੇ ੧੨੦੦ ਜਰਨਿਲਸ਼ਟ, ਪ੍ਰੈਸ ਰਿਪੋਰਟਰ, ਗੁਰੂ ਨਾਨਕ ਭਵਨ ਵਿਖੇ ਸਮਾਗਮ ਹੋਇਆ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਗਏ, ਇਨ੍ਹਾਂ ਨੂੰ ਗੁਰਮਤਿ ਦਾ ਲਿਟਰੇਚਰ ਦਿਤਾ ਗਿਆ। ਸ: ਭਾਗ ਸਿੰਘ ਅਣਖੀ ਵਲੋਂ ਸੈਂਟਰਲ ਖਾਲਸਾ ਯਤੀਮਖ਼ਾਨਾ ਅਤੇ ਸਿਖ ਐਜੂਕੇਸ਼ਨਲ ਕਾਨਫ੍ਰੰਸ ਦਾ ਲਿਟਰੇਚਰ ਦਿਤਾ ਗਿਆ।

੬ ਅਕਤੂਬਰ ਸ਼ਹੀਦ ਊਧਮ ਸਿੰਘ ਰੇਲਵੇ ਐਕਸ ਪ੍ਰੈਸ, ਬਠਿੰਡਾ ਤੋਂ ਤਪਾ, ਬਰਨਾਲਾ, ਧੂਰੀ ਸੁਨਾਮ ਤੋਂ ਦਿਲੀ ਵਾਸਤੇ ਚਲਾਉਣੀ ਸ਼ੁਰੂ ਕੀਤੀ ਗਈ ਹੈ।

੬ ਅਕਤੂਬਰ ਸ਼ਨੀਵਾਰ, ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਉਤਸਵ ਪੰਦਰਵਾੜਾ ਭਾਰੀ ਰੌਣਕਾਂ ਨਾਲ ਮਨਾਇਆ ਗਿਆ, ਦਸ ਲੱਖ ਸੰਗਤਾਂ ਨੇ ਦਰਸ਼ਨ ਇਸ਼ਨਾਨ ਕੀਤੇ, ਨਗਰ ਕੀਰਤਨ, ਕੀਰਤਨ ਦਰਬਾਰ ਹੋਏ।

੭ ਅਕਤੂਬਰ ਐਤਵਾਰ ਸ੍ਰੀ ਤਰਨ ਤਾਰਨ ਨਗਰ ਦਾ ਚਾਰ ਸੌ ਸਾਲਾ ਸਮਾਗਮ ਭਾਰੀ ਰੌਣਕਾਂ ਨਾਲ ਮਨਾਏ ਗਏ।

੮ ਅਕਤੂਬਰ ਸੋਮਵਾਰ ਸ: ਭਾਗ ਸਿੰਘ ਅਣਖੀ, ਸੈਂਟਰਲ ਖਾਲਸਾ ਯਤੀਮਖ਼ਾਨਾ ਸੂਰਮਾ ਸਿੰਘ ਸਭਾ ਵਲੋਂ ਸ੍ਰੀ ਗੁਰੂ ਰਾਮਦਾਸ ਦਾ ਪ੍ਰਕਾਸ਼ ਉਤਸਵ ਭਾਰੀ ਰੌਣਕਾਂ ਨਾਲ ਮਨਾਇਆ ਗਿਆ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਤਿਹਾਸਕ ਪ੍ਰਦਰਸ਼ਨੀ ਲਗਾਈ ਗਈ ਅਤੇ ਧਾਰਮਿਕ ਫ਼ਿਲਮ ਵੀ ਵਿਖਾਈ ਗਈ। ਗਿ: ਸੰਤ ਸਿੰਘ ਮਸਕੀਨ ਨੇ ਕਥਾ ਕੀਤੀ। ਸ: ਸਰਬਜੀਤ ਸਿੰਘ ਡਿਪਟੀ ਕਮਿਸ਼ਨਰ ਨੇ ਯਤੀਮਖ਼ਾਨਾ ਦੇ ਪ੍ਰਬੰਧ ਅਤੇ ਧਰਮ ਦੀ ਸਿਖਿਆ ਦੀ ਪ੍ਰਸੰਸਾ ਕੀਤੀ, ੨੧ ਹਜ਼ਾਰ ਰੁਪਏ ਸਹਾਇਤਾ ਵਜੋਂ ਦਿਤੇ ਗਏ।

੧੧ ਅਕਤੂਬਰ ਵੀਰਵਾਰ, ਤਾਮਲਨਾਡੂ ਵਿਖੇ ਮੰਡਲ ਹਮਾਇਤੀਆਂ

ਨੇ ਕਾਚੀਮਠ ਦੀ ਵੇਦ ਪਾਠ ਸ਼ਾਲਾ ਦੇ ਗੰਗੂ ਜ਼ਾਤ ਅਭਿਮਾਨੀਆਂ ਦੀਆਂ ਪੁਸਤਕਾਂ ਸਾੜ ਦਿਤੀਆਂ, ਤਿਲਕ ਜੰਞੂ ਤੋੜ ਕੇ ਬਰਬਾਦੀ ਕੀਤੀ ਗਈ।

੧੨ ਅਕਤੂਬਰ ਸ਼ੁਕਰਵਾਰ, ਮੰਡਲ ਕਮਿਸ਼ਨ ਵਿਰੋਧੀ, ਗੁੰਡਾ ਅਨੁਸਰ ਵਲੋਂ ਬਸ ਸਟੈਂਡ ਅੰਮ੍ਰਿਤਸਰ ਵਿਖੇ ਲੱਗੇ ਚਿਤਰ ਸ੍ਰੀ ਹਰਿਮੰਦਰ ਸਾਹਿਬ ਅਤੇ ਰਾਮਾਇਣ ਦੇ ਕਰਤਾ ਰਿਸ਼ੀ ਬਾਲਮੀਕ ਦੇ ਚਿਤਰ, ਭੰਨ ਤੋੜ ਕੇ ਆਪਣੀ ਮੂਰਖਤਾ ਦਾ ਸਬੂਤ ਦਿਤਾ। ਗੁੰਡਾ ਅਨਸਰ ਨੂੰ ਨਥ ਪਾਉਣੀ ਜ਼ਰੂਰੀ ਹੈ।

੧੪ ਅਕਤੂਬਰ ਐਤਵਾਰ, ਪ੍ਰਿੰਸੀਪਲ ਗੁਰਜੰਟ ਸਿੰਘ ਸੂਰਮਾ ਆਸ਼ਰਮ ਵਲੋਂ ਬੀਬੀ ਭਾਨੀ ਨੇਤਰਹੀਨ ਇਸਤ੍ਰੀ ਕਿਰਤ ਕੇਂਦਰ, ਛੇਹਰਟਾ ਵਿਖੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਭਾਰਤ ਵਿਚ ਅਨੇਕਾਂ ਹੀ ਸਮਾਜ ਭਲਾਈ ਅਫ਼ਸਰ ਹਨ, ਪਰ ਇਨ੍ਹਾਂ ਅਨਾਥਾਂ ਦੀ ਹਾਲਤ ਵੇਖਣ ਵਾਸਤੇ ਕੋਈ ਵੀ ਨਹੀਂ ਪਹੁੰਚਦਾ। ਕਿਸ ਤਰ੍ਹਾਂ ਦੇ ਹੰਕਾਰੀ ਹਨ ?

੧੪ ਅਕਤੂਬਰ ਐਤਵਾਰ ਸ੍ਰੀ ਗੁਰੂ ਨਾਨਕ ਸੇਵਕ ਸਭਾ, ਬਸੰਤ ਐਵਨਿਊ ਵਲੋਂ ਸ੍ਰੀ ਗੁਰੂ ਰਾਮਦਾਸ ਦਾ ਆਗਮਨ ਦਿਵਸ ਕੀਰਤਨ ਦਰਬਾਰ ਕਰਕੇ ਮਨਾਇਆ ਗਿਆ।

੧੬ ਅਕਤੂਬਰ ਮੰਗਲਵਾਰ, ਸੰਤ ਜੈਮਲ ਸਿੰਘ ਸੈਂਪਲੀ ਸਾਹਿਬ ਸਰਹੰਦ (ਪਟਿਆਲਾ) ੧੪੦ ਸਾਲ ਤਕ ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਬਰਾਜ ਗਏ।

੧੬ ਅਕਤੂਬਰ ਕੋਟਾਯਮ ਕੇਰਲਾ ਵਿਖੇ, ਈਸਾ ਦੇ ਜੀਵਨ ਸਬੰਧੀ ਡਰਾਮਾ ਖੇਡਣ ਤੇ ਇਸ ਕਰਕੇ ਪਾਬੰਦੀ ਲਗਾ ਦਿਤੀ ਗਈ ਕਿ ਈਸਾ ਦੇ ਵਿਭਚਾਰੀ ਜੀਵਨ ਮੇਰੀ ਮੈਰ ਡੋਲੇਨ ਦੀ ਘਟਨਾ ਵੀ ਵਿਖਾਈ ਜਾਣੀ ਸੀ, ਜ਼ਿਲਾ ਮੈਜਿਸਟਰੇਟ ਸ੍ਰੀ ਕੇ.ਜੀ. ਐਲਫੋਨਜ਼ ਵਲੋਂ ਇਸ ਡਰਾਮੇ ਤੇ ਪਾਬੰਦੀ ਲਗਾ ਦਿਤੀ ਗਈ।

੧੯-੨੧ ਅਕਤੂਬਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰਮਤਿ ਦਾ ਕੈਂਪ ਤੋਪਚਾਂਚੀ, ਬਿਹਾਰ ਵਿਖੇ ਸ: ਹਰਭਜਨ ਸਿੰਘ ਅਤੇ ਪ੍ਰੋ: ਮਨਿੰਦਰ ਸਿੰਘ, ਬਲਜੀਤ ਸਿੰਘ ਵਲੋਂ ਸਾਰੇ ਪ੍ਰਬੰਧ ਕੀਤੇ ਗਏ, ਦੁਖ ਹੈ ਕਿ ਕੋਈ ਅਖੌਤੀ ਪੰਥਕ ਲੀਡਰ ਸ਼ਾਮਲ ਨਹੀਂ ਹੋਇਆ।

੨੦-੨੨ ਅਕਤੂਬਰ, ਅੰਮ੍ਰਿਤ ਪ੍ਰਚਾਰ ਸੰਗਤ ੪੯ ਵਿਜੇ ਨਗਰ ਜਲੰਧਰ ਵਲੋਂ ਛੇਹਰਟਾ ਭਲਾ ਕਾਲੋਨੀ ਵਿਖੇ ਭਾਰੀ ਗੁਰਬਾਣੀ ਕੀਰਤਨ ਕਥਾ ਅਤੇ ਅੰਮ੍ਰਿਤ ਸੰਚਾਰ ਪ੍ਰੋਗਰਾਮ ਕੀਤੇ ਗਏ।

੨੧ ਅਕਤੂਬਰ ਐਤਵਾਰ ਸ੍ਰੀ ਗੁਰੂ ਰਾਮਦਾਸ ਅਵਤਾਰ-ਪੁਰਬ ਕਮੇਟੀ

੨੯੩, ਗ੍ਰੀਨ ਐਵੀਨਿਊ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ੪੫੬ਵਾਂ ਪ੍ਰਕਾਸ਼-ਪੁਰਬ ਅਤੇ ਸ੍ਰੀ ਅੰਮ੍ਰਿਤਸਰ ਦਾ ੪੭੩ ਸਾਲਾ ਸਥਾਪਨਾ ਦਿਵਸ, ਗੁਰੂ ਨਾਨਕ ਆਡੀਟੋਰੀਅਮ, ਸਿਟੀ ਸੈਂਟਰ ਵਿਖੇ ਭਾਰੀ ਰੌਣਕਾਂ ਨਾਲ ਮਨਾਇਆ ਗਿਆ, ਧਾਰਮਿਕ ਨਾਟਕ ਵੀ ਵਿਖਾਏ ਗਏ।

੨੧ ਅਕਤੂਬਰ ਐਤਵਾਰ, ਸ: ਸ਼ਸ਼ਪਾਲ ਸਿੰਘ ਸਾਬਕਾ ਮੰਤਰੀ ਨੂੰ ਰਾਜਾ ਸਾਂਸੀ ਫ਼ਾਰਮ ਵਿਖੇ ਕਤਲ ਕਰ ਦਿਤਾ ਗਿਆ, ਇਹ ੭੨ ਸਾਲ ਦਾ ਸੀ।

੨੧ ਅਕਤੂਬਰ ਤੋਂ ੨ ਨਵੰਬਰ ਤਕ ਸ: ਪ੍ਰਿਤਪਾਲ ਸਿੰਘ ਸੇਠੀ ਪ੍ਰਧਾਨ ਸ੍ਰੀ ਗੁਰੂ ਨਾਨਕ ਗੁਰਪੁਰਬ ਕਮੇਟੀ ਵਲੋਂ ਹਰ ਸਾਲ ਦੀ ਤਰ੍ਹਾਂ ਸਕੂਲਾਂ ਦੇ ਬੱਚਿਆਂ ਦੇ ਕੀਰਤਨ ਮੁਕਾਬਲੇ ਸ਼ੁਧ ਪੰਜਾਬੀ ਲਿਖਤ ਮੁਕਾਬਲੇ, ਪਰਖ ਮੁਕਾਬਲੇ, ਲੈਕਚਰ ਮੁਕਾਬਲੇ ਕਰਵਾ ਕੇ ਸ਼ੀਲਡਾਂ ਇਨਾਮ ਗੁਰਮਤਿ ਲਿਟਰੇਚਰ ਦਿਤਾ ਗਿਆ।

੨੨ ਅਕਤੂਬਰ ਸੋਮਵਾਰ, ਰਾਮ-ਬਾਬਰੀ ਮਸਜਦ ਦੇ ਮਾਮਲੇ ਵਿਚ ਫਿਰਕੂ ਵਾਜਪਾਈ ਐਡਵਾਨੀ, ਬੀ.ਜੇ.ਪੀ. ਰਾਸ਼ਟਰੀ ਸੰਘ, ਅਤੇ ਹਿੰਦੂ ਸ਼ਿਵ ਸੈਨਾ ਵਾਲੇ ਇਕ ਮਹੀਨੇ ਤੋਂ ਖ਼ੂਨ-ਖਰਾਬਾ ਕਰਨ ਦੀਆਂ ਧਮਕੀਆਂ ਦੇ ਰਹੇ ਹਨ, ਉਨ੍ਹਾਂ ਨੂੰ ਇਹਤਿਆਤ ਵਜੋਂ ਵੀ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਪਰ ਬਬਰ ਸ਼ੇਰ ਸਿਮਰਨਜੀਤ ਸਿੰਘ ਮਾਨ, ਰਾਮ ਸਿੰਘ, ਅਜੀਤ ਸਿੰਘ, ਸ. ਚਰਨ ਸਿੰਘ ਸ: ਤਰਲੋਕ ਸਿੰਘ ਆਦਿ ਨੂੰ ਬਿਨਾਂ ਕਿਸੇ ਦੋਸ਼ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਹਰ ਨਿਕਲਦੇ ਹੀ ਧਾਰਾ ੧੮੮ ਅਤੇ ੫੦੭ ਅਧੀਨ ਗ੍ਰਿਫਤਾਰ ਕਰ ਲਿਆ ਗਿਆ। ਹਰਜਾਨਾ ਕਲੇਮ ਕਰਨਾ ਜ਼ਰੂਰੀ ਹੈ।

ਭਾਰਤ ਵਿਚ ਬਹੁਤ ਸ਼ਹਿਰਾਂ ਵਿਚ ਮੰਡਲ ਕਮਿਸ਼ਨ ਦੇ ਰੋਸ ਵਜੋਂ ਅਨੇਕ ਲੋਕਾਂ ਵਲੋਂ ਆਤਮ ਹੱਤਿਆ ਕਰਨ ਦੀਆਂ ਕਾਰਵਾਈਆਂ ਘਟਨਾਵਾਂ ਹੋਈਆਂ ਹਨ ਪਰ ਗੰਗੂ ਸਰਕਾਰ ਵਲੋਂ ਕਿਸੇ ਦੋਸ਼ੀ ਵਿਰੁਧ ੩੦੯ ਅਧੀਨ ਕੇਸ ਰਜਿਸਟਰ ਕਰਕੇ ਕਾਰਵਾਈ ਨਹੀਂ ਕੀਤੀ ਗਈ। ਕਾਨੂੰਨ ਚੁਪ ਕਿਉਂ ?

੨੨ ਅਕਤੂਬਰ ਸ੍ਰੀ ਹੇਮਕੁੰਟ ਸੇਵਕ ਸਭਾ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਾਰ ਪੁਰਬ, ਸ਼ਰੀਫਪੁਰਾ ਵਿਖੇ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

ਸਮਗਲਰ ਰਾਜੀਵ, ਅਗਲੀਆਂ ਚੋਣਾਂ ਵਾਸਤੇ ਸਦਭਾਵਨਾ ਯਾਤਰਾ ਦੇ ਢੋਂਗ ਕਰਦਾ ਜਦੋਂ ਭਾਗਲਪੁਰ ਪਹੁੰਚਿਆ ਤਾਂ ਚੰਦਰੀ ਅਤੇ ਲੋਕਾਈ ਦੇ ਇਲਾਕੇ ਦੇ ਲੋਕਾਂ ਨੇ ਜੁੱਤੀਆਂ ਵਿਖਾ ਕੇ ਮੁਰਦਾਬਾਦ ਦੇ ਨਾਹਰੇ ਲਗਾ ਕੇ ਸ਼ਰਮਸਾਰ ਕੀਤਾ।

੨੪ ਅਕਤੂਬਰ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦੀਆਂ ੨੧੭

ਸੀਟਾਂ ਲਈ ਚੋਣਾਂ ਹੋਈਆਂ ਲਾਹੌਰ ਦਾ ਨਵਾਜ਼ ਸ਼ਰੀਫ਼ ਪ੍ਰਧਾਨ ਮੰਤਰੀ ਬਣ ਗਿਆ।

੩੦ ਅਕਤੂਬਰ ਅਯੁਧਿਆ ਵਿਖੇ ਬਾਬਰੀ ਮਸਜਦ ਦਾ ਗੁੰਬਦ ਤੋੜ ਕੇ ਹਰਾ ਝੰਡਾ ਫਾੜ ਦਿਤਾ ਗਿਆ ਤਾਂ ਕਿਸੇ ਫ਼ੌਜੀ ਨੇ ਗੁੰਡਾ ਅਨਸਰ ਉਤੇ ਗੋਲੀ ਨਹੀਂ ਚਲਾਈ। ਸਾਰੇ ਜ਼ਾਬਤੇ ਕਾਨੂੰਨ ਚੁਪ ਕਿਉਂ ?

੩੦ ਅਕਤੂਬਰ ਸ: ਬਰਜਿੰਦਰ ਸਿੰਘ ਹਮਦਰਦ ਐਡੀਟਰ ਅਜੀਤ, ਜਲੰਧਰ ਪੱਤਰਕਾਰ ਨਿਉਯਾਰਕ ਵਿਖੇ ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਵਿਚ ਪੰਜਾਬ ਮਸਲੇ ਬਾਰੇ ਬੋਲੇ।

੩੦ ਅਕਤੂਬਰ ਗੰਗੂ ਅਸ਼ੋਕ ਸਿੰਗਲ ਜਨਰਲ ਸਕੱਤਰ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਹਮੇਸ਼ਾ ਭੜਕਾਊ ਭਾਸ਼ਨ ਦੇ ਕੇ ਦੇਸ਼ ਦੀ ਅਮਨ ਸ਼ਾਂਤੀ ਭੰਗ

੧ ਨਵੰਬਰ ਨੂੰ ਪੰਜਾਬੀ ਦਿਵਸ ਨਹੀਂ ਮਨਾਇਆ ਗਿਆ।

੨ ਨਵੰਬਰ ਸ਼ੁਕਰਵਾਰ, ਵੀ. ਪੀ. ਸਿੰਹੁ ਨੇ ਦਿਲੀ ਤਿਲਕ ਵਿਹਾਰ ਗੁਰਦੁਆਰਾ ਵਿਖੇ ਗੁਰਪੁਰਬ ਸਮੇਂ ਸਿਖ ਸੰਗਤਾਂ ਤੋਂ ਮਾਫੀ ਮੰਗੀ ਕਿ ਇਸ ਨੇ ਪੰਜਾਬ ਵਿਚ ਚੋਣਾਂ ਨਾ ਕਰਵਾ ਕੇ ਬਹੁਤ ਵੱਡੀ ਗਲਤੀ ਕੀਤੀ ਹੈ।

ਗੰਗੂ ਸਰਕਾਰ ਵਲੋਂ ਕਰਨਲ ਹਰਬੰਤ ਸਿੰਘ ਕਾਹਲੋਂ ਪ੍ਰਧਾਨ ਸੰਤ ਸਿਪਾਹੀ ਫਰੰਟ ਅਤੇ ਗੁਰਭਜਨ ਸਿੰਘ ਗਿਲ ਸਕੱਤਰ ਪੰਜਾਬ ਹਿਊਮਨ ਰਾਈਟਸ ਸੰਸਥਾ ਨੂੰ ਇਹਤਿਆਤ ਵਜੋਂ ਗ੍ਰਿਫ਼ਤਾਰ ਕਰ ਲਿਆ ਕਿ ਉਹ ਮੁਕਤਸਰ, ਖਾਲਸਾ ਪੰਥ ਸੰਮੇਲਨ ਗੁਰੂ ਨਾਨਕ ਪੁਰਬ ਤੇ ਨਾ ਜਾ ਸਕਣ, ਪਰ ਇਨ੍ਹਾਂ ਗੰਗੂ ਹਾਕਮਾਂ ਦੀ ਅਕਲ ਵੇਖੋ ਜੋ ਲੋਕ ਤਰਸ਼ੂਲ ਲੈ ਕੇ ਅਯੁਧਿਆ ਦੰਗੇ ਕਰਨ ਜਾ ਰਹੇ ਹਨ ਉਨ੍ਹਾਂ ਨੂੰ ਇਹਤਿਆਤ ਵਜੋਂ ਵੀ ਗ੍ਰਿਫ਼ਤਾਰ ਨਹੀਂ ਕੀਤਾ ਜਾ ਤਾ ? ਇਹ ਵਿਤਕਰੇ ਕਿਉਂ ?

੩ ਨਵੰਬਰ ਕੇਂਦਰੀ ਸਿਖ ਅਜਾਇਬ ਘਰ ਵਿਖੇ ਸ: ਕਪੂਰ ਸਿੰਘ ਆਈ.ਸੀ.ਐਸ. ਦਾ ਚਿਤਰ ਸ: ਮਨਜੀਤ ਸਿੰਘ ਸਕੱਤਰ ਵਲੋਂ ਲਗਾਇਆ ਗਿਆ। ਸ: ਗੁਰ ਰਤਨਪਾਲ ਸਿੰਘ ਐਡਵੋਕੇਟ, ਸ: ਦਲਬੀਰ ਸਿੰਘ ਸਕੱਤਰ, ਡਾ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ, ਡਾ. ਜੋਧ ਸਿੰਘ ਜਲੰਧਰ, ਪ੍ਰੋ: ਜਸਵੰਤ ਸਿੰਘ ਮਾਨ, ਪ੍ਰਿੰਸ: ਲਾਭ ਸਿੰਘ, ਭਰਪੂਰ ਸਿੰਘ, ਸ: ਉਜਾਗਰ ਸਿੰਘ ਰੰਗਰੇਟਾ, ਪ੍ਰੋ: ਵਰਿਆਮ ਸਿੰਘ, ਓਂਕਾਰ ਸਿੰਘ ਮਤੇਨੰਗਲ ਵਲੋਂ ਇਨ੍ਹਾਂ ਦੇ ਜੀਵਨ ਅਤੇ ਸਿਖੀ ਵਿਚਾਰਧਾਰਾ ਦੀ ਸ਼ਲਾਘਾ ਕੀਤੀ ਗਈ।

੪ ਨਵੰਬਰ ਐਤਵਾਰ ਰਾਜ ਅਭਿਮਾਨੀ ਨਿਰਲੇਪ ਕੌਰ ੨ ਕਸਤੂਰਬਾ ਗਾਂਧੀ ਨਗਰ ਦਿਲੀ ਇੰਮਪੀਅਰਲ ਹੋਟਲ ੬੩ ਸਾਲ ਦੀ ਉਮਰ ਵਿਚ ਦੌਰੇ

ਪੈਣ ਨਾਲ ਚਲਾਣਾ ਕਰ ਗਈ।

੪ ਨਵੰਬਰ ਐਤਵਾਰ, ਫੈਡਰੇਸ਼ਨ ਵਲੋਂ ਸ਼ਹੀਦੀ ਕਾਨਫ੍ਰੰਸ, ਗੁਰਦੁਆਰਾ ਬੰਗਲਾ ਸਾਹਿਬ ਦਿਲੀ ਮਨਾਈ ਗਈ।

੪ ਨਵੰਬਰ ਡਾ. ਬਲਦੇਵ ਸਿੰਘ ਗਰੇਵਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਪਾਨ ਦੇ ਨਗਰ ਉਰਵਾ ਦੇ ਮੇਅਰ ਬਣ ਗਏ।

੧੦ ਨਵੰਬਰ ਸ਼ਨੀਵਾਰ ਸ੍ਰੀ ਚੰਦਰ ਸ਼ੇਖਰ ਜਨਤਾ ਦਲ, ਸਮਗਲਰ ਕਾਂਗਰਸ ਦੀ ਸਹਾਇਤਾ ਨਾਲ ਪ੍ਰਧਾਨ ਮੰਤਰੀ ਬਣ ਗਿਆ ਇਹ ਪਿੰਡ ਇਬਰਾਹੀਮ ਪਟੀ ਜ਼ਿਲ੍ਹਾ ਬਲੀਆਂ ਯੂ.ਪੀ. ਦਾ ਵਸਨੀਕ ਹੈ।

੧੦ ਨਵੰਬਰ ਕਥੂਨੰਗਲ ਦੇ ਇਲਾਕੇ ਵਿਚ ਪੁਲਸ ਤਸ਼ੱਦਦ ਹੋਇਆ ਪੀ.ਐਚ.ਆਰ.ਓ. ਵਲੋਂ ੧੪ ਪੰਨੇ ਦੀ ਰਿਪੋਟ ਹੈ।

੧੦ ਨਵੰਬਰ ਸ੍ਰੀ ਚੰਦਰ ਸ਼ੇਖਰ ਰਾਜਪੂਤ ਆਪਣੇ ਆਪ ਨੂੰ ਗਰੀਬ ਕਿਸਾਨ ਸਮਾਜ ਸੁਧਾਰਕ ਤਾਂ ਕਹਿੰਦਾ ਹੈ, ਇਸ ਦੀ ਜੱਦੀ ਜ਼ਮੀਨ ਕੇਵਲ ੧੫ ਏਕੜ ਪਿੰਡ ਇਬਰਾਹੀਮ ਪਤੀ ਜ਼ਿਲ੍ਹਾ ਬਲੀਆਂ ਵਿਖੇ ਹੈ, ਇਸ ਦੇ ਬਚਪਨ ਦੇ ਦੋਸਤ ਦਵਿੰਦਰ ਸਿੰਹੁ ਨੇ ਦਸਿਆ ਕਿ ਸਕੂਲ ਵਿਚ ਚੰਗਾ ਵਿਦਿਆਰਥੀ ਨਹੀਂ ਸੀ ਰੋਜ਼ਾਨਾ ੧੨ ਕਿਲੋਮੀਟਰ ਸਫਰ ਕਰਕੇ ਪਿੰਡ ਭੀਮਪੁਰਾ ਸਕੂਲ ਪੜ੍ਹਦਾ ਸੀ, ਇਸ ਦੀ ਪਤਨੀ ਦਵਿਜਾ ਦੇਵੀ ਵੀ ਪੇਂਡੂ ਅਨਪੜ੍ਹ ਹੈ। ਇਸ ਦੇ ਘਰ ਦੇ ਅਗਾਂ ਸੜਕ ਦਾ ਨਾਮ ਚੰਦਰ ਸ਼ੇਖਰ ਮਾਰਗ ਹੈ ਅਤੇ ਹੁਣ ਨਵਾਂ ਸ਼ੀਸ਼ ਮਹੱਲ ਬਣਵਾ ਲਿਆ ਹੈ, ਘਰ ਦੇ ਸਾਹਮਣੇ ਹੀ ਇਕ ਮੰਦਰ ੩੦ ਲੱਖ ਰੁਪਏ ਖ਼ਰਚ ਕਰਕੇ ਬਣਵਾਇਆ ਜਾ ਰਿਹਾ ਹੈ, ਇਕ ਵੱਡਾ ਹਸਪਤਾਲ ਬਣਾਉਣ ਤੇ ਦੋ ਕਰੋੜ ਖਰਚ ਕੀਤੇ ਜਾ ਰਹੇ ਹਨ। ਆਪਣੇ ਇਲਾਕੇ ਦੀਆਂ ਵੋਟਾਂ ਲੈਣ ਵਾਸਤੇ ਇਲਾਕੇ ਦੇ ਲੋਕਾਂ ਨੂੰ ਨੌਕਰੀਆਂ ਆਦਿ ਦੇਣੇ ਸ਼ੁਰੂ ਕੀਤੇ ਹਨ। ਹੋਰਨਾਂ ਗਰੀਬਾਂ ਵਲ ਕੋਈ ਧਿਆਨ ਨਹੀਂ ?

੧੦-੧੧ ਨਵੰਬਰ ਗੁਰਦੁਆਰਾ ਫਿਲੌਰ ਅਤੇ ਅਕਾਲਪੁਰਾ ਵਿਖੇ ਸਾੜਫੂਕ ਬਰਬਾਦੀ ਕੀਤੀ ਗਈ।

੧੧ ਨਵੰਬਰ ਐਤਵਾਰ ਗੁਰ ਸੇਵਕ ਸਭਾ, ਬੀ ਬਲਾਕ ਰੇਲਵੇ ਕਾਲੋਨੀ ਵਲੋਂ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

੧੧ ਨਵੰਬਰ ਐਤਵਾਰ ਸ: ਗੁਰਬਖ਼ਸ਼ ਸਿੰਘ ਚੇਅਰਮੈਨ ਗੁਰਮਤਿ ਮਿਸ਼ਨਰੀ ਸੋਧਾਂ, ਜਲੰਧਰ ਵਲੋਂ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਪਿੰਡ ਈਸੜੂ ਖੰਨਾ ਮਲੇਰਕੋਟਲਾ–ਰੋਡ ਤੇ ਮਿਸ਼ਨਰੀ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਪ

ਪਿਆਰਿਆਂ ਵਲੋਂ ਅਰਦਾਸ ਕਰਕੇ ਗੁਰੂ ਦਾ ਕਾਰਜ ਆਰੰਭ ਕੀਤਾ ਗਿਆ ।

੧੨ ਨਵੰਬਰ ਸੋਮਵਾਰ, ਗੁਰੂ ਨਾਨਕ ਗਰਲਜ਼ ਸਕੂਲ ਕੋਤਵਾਲੀ ਚੌਕ ਵਿਖੇ ਗੁਰਮਤਿ ਦਾ ਭਾਰੀ ਸਮਾਗਮ ਹੋਇਆ ।

ਹਿੰਦ ਸਮਾਚਾਰ ਦੇ ਐਡੀਟਰ ਵਿਜੇ ਚੋਪੜਾ ਵਲੋਂ ਸ਼ਹੀਦ ਪਰਵਾਰ ਫ਼ੰਡ ਕਾਇਮ ਕੀਤਾ ਗਿਆ ਹੈ, ਕੇਂਦਰ ਸਰਕਾਰ ਦੇ ਵਜ਼ੀਰ, ਪੰਜਾਬ ਦੇ ਗਵਰਨਰ ਇਸ ਵਿਚ ਲੱਖਾਂ ਕਰੋੜਾਂ ਰੁਪਏ ਦੇ ਰਹੇ ਹਨ, ਅਤੇ ਇਸ ਫ਼ੰਡ ਵਿਚੋਂ ਗੁੰਡਿਆਂ ਨੂੰ ਦੋ ਹਜ਼ਾਰ ਰੁਪਏ ਮਹੀਨਾ ਤਨਖ਼ਾਹ ਦਿਤੀ ਜਾਂਦੀ ਹੈ, ਭਾਰਤੀ ਲਾਇਨਜ਼ ਇੰਡੀਅਨ ਨੈਸ਼ਨਲ ਆਰਮੀ ਜਗਤ ਨਰਾਇਣ ਸੁਕੈਡ, ਜਨਰਲ ਵੈਦਯ ਸੁਕੈਡ, ਕਾਇਮ ਕੀਤੇ ਹੋਏ ਹਨ, ਇਨ੍ਹਾਂ ਦੀ ਸਹਾਇਤਾ ਕੇ.ਪੀ. ਐਸ ਗਿਲ ਐਸ.ਐਸ. ਵਿਚਕ, ਅਤੇ ਸੁਰੇਸ਼ ਅਰੋੜਾ ਐਸ.ਐਸ.ਪੀ. ਜਲੰਧਰ ਕਰਦੇ ਹਨ ।

ਜਥੇਦਾਰ ਭਾਈ ਰਣਜੀਤ ਸਿੰਘ ਦਾ ਨਾਮ, ਐਫ.ਆਈ.ਆਰ. ਵਿਚ ਦਰਜ ਹੀ ਨਹੀਂ ਫਿਰ ਵੀ ਉਸ ਨੂੰ ਪਿਛਲੇ ੭ ਸਾਲਾਂ ਤੋਂ ਤਿਹਾੜ ਜੇਲ੍ਹ ਵਿਚ ਬਿਨਾਂ ਕਿਸੇ ਦੋਸ਼ ਸਬੂਤ ਬੰਦ ਰਖਿਆ ਹੋਇਆ ਹੈ ।
ਫਿਰਕੂ ਦੰਗੇ ਹੁੰਦੇ ਹਨ ਪਰ ਗੰਗੂ ਸਰਕਾਰ ਵਲੋਂ ਕਦੇ ਗ੍ਰਿਫਤਾਰ ਨਹੀਂ ਕੀਤਾ ਗਿਆ ।

੧੩ ਨਵੰਬਰ ਪੁਲਸ ਤਸ਼ੱਦਦ ਵਿਰੁਧ ਰਾਜ ਭਵਨ ਧਰਨਾ, ਪਰ ਗ੍ਰਿਫਤਾਰੀਆਂ ?

੧੩ ਨਵੰਬਰ ਗੁਰਦੁਆਰਾ ਅਜੀਤ ਨਗਰ, ਆਦਰਸ਼ ਨਗਰ ਜਲੰਧਰ, ਅਮਰ ਕਾਲੋਨੀ ਸਾਊਥ ਦਿਲੀ ਵਿਖੇ ਪਵਿਤਰ ਬੀੜਾਂ ਸਾੜੀਆਂ ਗਈਆਂ। ਕੋਈ ਸੁਣਵਾਈ ਨਹੀਂ ਉਲਟਾ ਮੁਸਲਮਾਨਾਂ ਨੂੰ ਦੋਸ਼ੀ ਦਸ ਕੇ ਟਾਲ ਦਿਤਾ ਗਿਆ ।

੧੭ ਨਵੰਬਰ ਸ਼ਨੀਵਾਰ ਗੰਗੂ ਸਰਕਾਰ ਨੇ ਉਨ੍ਹਾਂ ਗੰਗੂ ਲੋਕਾਂ ਲਈ ਜੋ ਅਕਤੂਬਰ ੧੯੯੦ ਅਯੁਧਿਆ ਵਿਖੇ ਮੰਦਰ-ਬਾਬਰੀ ਮਸਜਦ ਦੇ ਮਾਮਲੇ ਵਿਚ ਮਾਰੇ ਗਏ, ਨੂੰ ਇਕ ਇਕ ਲਖ ਰਪਏ, ਅਤੇ ਜ਼ਖਮੀ ਹੋਏ ਲੋਕਾਂ ਨੂੰ ਚਾਰ ਚਾਰ ਹਜ਼ਾਰ ਰੁਪਏ ਦਿਤੇ ਗਏ ਹਨ, ਪਰ ਜੂਨ ੧੯੮੪ ਅਕਤੂਬਰ ਨਵੰਬਰ ੧੯੮੪ ਨੂੰ ਸਿਖ ਮਾਰੇ ਗਏ ਅਤੇ ਜ਼ਖਮੀ ਹੋਏ ਉਨ੍ਹਾਂ ਦੇ ਪਰਵਾਰਾਂ ਨੂੰ ਵੀ ਇਸੇ ਹਿਸਾਬ ਨਾਲ ਹੀ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ । ਕਿਸੇ ਪ੍ਰਕਾਰ ਦੇ ਵਿਤਕਰੇ ਨਹੀਂ ਕਰਨੇ ਚਾਹੀਦੇ ।

ਭਾਰਤ ਦੇ ਹੋਰਨਾਂ ਸਾਰੇ ਸੂਬਿਆਂ ਵਿਚ ਸਾਰੇ ਜੱਜ ਅਫਸਰ ਹਾਕਮ

ਹਿੰਦੂ ਹਨ ਪੰਜਾਬ ਵਿਚ ਵੀ ਸਾਰੇ ਜੱਜ ਹਾਕਮ ਅਫਸਰ ਕੇਵਲ ਅੰਮ੍ਰਿਤਧਾਰੀ ਸਿਖ ਹੀ ਹੋਣੇ ਜ਼ਰੂਰੀ ਹਨ।

੧੯ ਨਵੰਬਰ ਸ: ਭਾਗ ਸਿੰਘ ਅਣਖੀ ਮੈਂਬਰ ਇੰਚਾਰਜ ਧਰਮ ਪ੍ਰਚਾਰ ਵਲੋਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਅਤੇ ਹੌਸਲਾ ਅਫਜਾਈ ਵਜੋਂ ਇਨਾਮ ਸਨਮਾਨ ਦਿਤੇ ਗਏ।

੨੨ ਨਵੰਬਰ ਵੀਰਵਾਰ, ਚੀਫ਼ ਖਾਲਸਾ ਦੀਵਾਨ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਵਸ ਮਨਾਇਆ ਗਿਆ ਬੱਚਿਆਂ ਦੇ ਗੁਰਬਾਣੀ ਸ਼ਬਦ ਕੀਰਤਨ, ਲੇਖ, ਭਾਸ਼ਨ ਮੁਕਾਬਲੇ ਕਰਵਾ ਕੇ ਇਨਾਮ ਹੌਂਸਲਾ ਅਫਜ਼ਾਈ ਕੀਤੀ ਗਈ।

੨੨ ਨਵੰਬਰ ਸਿਖ ਧਰਮ ਬਾਰੇ ਇੰਟਰਨੈਸ਼ਨਲ ਕਾਨਫ੍ਰੰਸ ਲੰਡਨ ਟਰਾਂਟੋ, ਵੈਨਕੂਵਰ, ਬਰਕਲੇ, ਨਿਊਯਾਰਕ ਵਾਸਿੰਗਟਨ ਵਿਖੇ ਡਾ. ਮਦਨਜੀਤ ਕੌਰ ਗੁਰੂ ਨਾਨਕ ਸਟਡੀਜ਼ ਸ਼ਾਮਲ ਹੋਏ । ਸਿਖ ਮਸਲਿਆਂ ਤੇ ਵਿਚਾਰ ਹੋਈ।

੨੪-੨੫ ਨਵੰਬਰ ਟਰਾਂਟੋ ਯੂਨੀਵਰਸਿਟੀ ਵਿਖੇ ਸਿਖ ਧਰਮ ਤੇ ਇਤਿਹਾਸ ਬਾਰੇ ਅੰਤਰ-ਰਾਸ਼ਟਰੀ ਕਾਨਫ੍ਰੰਸ ਵਿਚ ਡਾ. ਗੁਰਨਾਮ ਕੌਰ, ਡਾ. ਜੀ.ਐਸ. ਮਨਸੁਖਾਨੀ ਡਾ. ਸੁਰਜੀਤ ਸਿੰਘ, ਡਾ. ਖੜਕ ਸਿੰਘ, ਡਾ. ਮਦਨਜੀਤ ਕੌਰ, ਡਾ. ਜਰਨੈਲ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੁਰਬਖਸ਼ ਸਿੰਘ, ਜਸਟਿਸ ਅਜੀਤ ਸਿੰਘ ਬੈਂਸ, ਡਾ. ਹਰਜਿੰਦਰ ਸਿੰਘ ਦਿਲਗੀਰ, ਡਾ. ਹਰਬੰਤ ਸਿੰਘ ਸਹਾਉ ਸ਼ਾਮਲ ਹੋਏ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਵਸ ਮਨਾਇਆ ਗਿਆ ਅਤੇ ਭਾਰਤ ਵਿਚਲੇ ਸਿਖਾਂ ਦੀ ਅਜ਼ਾਦੀ ਦੇ ਮਾਮਲੇ ਤੇ ਵਿਚਾਰਾਂ ਕੀਤੀਆਂ ਗਈਆਂ।

੨੫ ਨਵੰਬਰ ਐਤਵਾਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਜੜਤਕਾਰੀ ਟੁਕੜੀ ਦਾ ਕੰਮ ਕਰਨ ਵਾਸਤੇ ੧੨ ਮੁਸਲਮਾਨ ਖਾਨਦਾਨੀ ਕਾਰੀਗਰ, ਆਗਰਾ ਤੋਂ ਮੰਗਵਾ ਕੇ ਲਗਾਏ ਗਏ ਹਨ ਇਹ ਇਕ ਸਾਲ ਇਥੇ ਰਹਿ ਕੇ ਜੜਤਕਾਰੀ ਦਾ ਸਾਰਾ ਕੰਮ ਕਰਨਗੇ।

੨੭ ਨਵੰਬਰ ਮੰਗਲਵਾਰ ਸ੍ਰੀ ਕੌਨਵਡ ਸਪੈਕਰ ਇੰਟਰਨੈਸ਼ਨਲ ਰੈਡ ਕਰਾਸ, ਜਨੇਵਾ ਤੋਂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਕੇ ਬੜੇ ਪ੍ਰਭਾਵਤ ਹੋਏ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸੈਨੇਟ ਹਾਲ ਵਿਖੇ International Humanitarian haw ਤੇ ਲੈਕਚਰ ਦਿਤਾ ਅਤੇ ਰੈਡ ਕਰਾਸ ਸੇਵਾ ਦਾ ਇਤਿਹਾਸ, ਨਿਯਮ ਦਸੇ । ਡਾ. ਸਤਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਸ਼ਬਦਾਂ ਵਿਚ ਰੈਡ ਕਰਾਸ ਦਾ ਮੁੱਢ ਗੁਰੂ ਨਾਨਕ ਦੇਵ ਜੀ ਤੋਂ ਬਾਬਰ ਦੇ

ਹਮਲੇ, ਭਾਰਤ ਦੀ ਬਰਬਾਦੀ ਅਕਾਲ ਪੁਰਖ ਨੂੰ ਰੋਸ, ਇਨਸਾਨੀ ਤੜਪ ਤੋਂ ਦਰਸਾਇਆ। ਡਾ. ਤਰਲੋਚਨ ਸਿੰਘ ਮਖੀ ਕਾਨੂੰਨ ਵਿਭਾਗ ਨੇ ਧੰਨਵਾਦ ਕਰਦੇ ਦਸਿਆ ਕਿ ਸੰਸਾਰ ਵਿਚ ਸਿਖ ਧਰਮ ਹੀ ਇਨਸਾਨੀ ਪਿਆਰ, ਭਾਈਚਾਰੇ ਅਤੇ ਸਰਬੱਤ ਦੇ ਭਲੇ ਵਾਲਾ ਧਰਮ ਹੈ. ਨਾ ਕੋ ਵੈਰੀ ਨਾ ਹੀ ਬੈਗਾਨਾ ਕਦੇ ਕਿਸੇ ਇਨਸਾਨ ਨੂੰ ਦੁਸ਼ਮਣ ਨਹੀਂ ਸਮਝਿਆ, ਨਫ਼ਰਤ ਨਹੀਂ ਕੀਤੀ. ਕਦੇ ਕਿਸੇ ਤੇ ਜ਼ੁਲਮ ਕਰਨ ਵਾਸਤੇ ਵਾਰ ਨਹੀਂ ਕੀਤਾ ਕੋਈ ਹਮਲਾ, ਲੜਾਈ ਨਹੀਂ ਛੇੜੀ, ਦੁਸ਼ਟਾਂ ਦਾ ਨਾਸ ਕਰਨਾ ਤਾਂ ਬਹੁਤ ਜ਼ਰੂਰੀ ਹੈ।

੨੭ ਨਵੰਬਰ ਭਾਈ ਬਖਸ਼ੀਸ਼ ਸਿੰਘ ਰਾਗੀ ੬੫ ਸਾਲ ਨੂੰ ਉਨ੍ਹਾ ਦੀ ਕੋਠੀ ਸੈਕਟਰ ੪੦-ਬੀ ਚਡੀਗੜ੍ਹ ਵਿਖੇ ਕਤਲ ਕਰ ਦਿਤਾ ਗਿਆ।

੨੭ ਨਵੰਬਰ ਮੰਗਲਵਾਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ੧.੫ ਕਰੋੜ ਰੁਪਏ ਖਰਚ ਕੇ ਆਫ਼-ਸੈਟ ਪ੍ਰਿੰਟਿੰਗ ਪ੍ਰੈਸ ਲਗਾਇਆ ਜਾ ਰਿਹਾ ਹੈ ਅੰਗਰੇਜ਼ੀ ਦਾ ਤ੍ਰੈ-ਮਾਸਕ ਮੈਗਜ਼ੀਨ ਸ਼ੁਰੂ ਕਰਨ ਦੀ ਸਕੀਮ ਹੈ।

ਸਿਖ ਇਤਿਹਾਸ ਲਾਇਬਰੇਰੀ ਦਾ ਵਿਕਾਸ ਕੀਤਾ ਜਾ ਰਿਹਾ ਹੈ, ਕੇਂਦਰੀ ਸਿਖ ਅਜਾਇਬ ਘਰ ਵੀ ਕਾਫੀ ਵਡਾ ਬਣਾਇਆ ਜਾ ਰਿਹਾ ਹੈ। ਗੰਗੂ ਹਾਕਮਾਂ ਵਲੋਂ ਪੰਜਾਬ ਦੇ ਸੂਰਬੀਰ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਲੋਕਾਂ ਉਪਰ ਅਤਿ ਦੇ ਜ਼ੁਲਮ ਕੀਤੇ ਜਾਣ ਸਬੰਧੀ ਇਕ ਦਸਤਾਵੇਜ਼ੀ ਫਿਲਮ ੧.੫ ਲਖ ਖਰਚ ਕੇ ਸ੍ਰੀ ਤਪਨ ਬੋਸ ਵਲੋਂ ਤਿਆਰ ਕਰਵਾਈ ਜਾ ਰਹੀ ਹੈ। ਇਲਾਹੀ ਸ਼ਬਦ ਕੀਰਤਨ ਦੇ ਪ੍ਰਸਾਰ ਲਈ ੩੦੦ ਕੇ.ਵੀ. ਦਾ ਟਰਾਂਸਮੀਟਰ ਵੀ ਲਗਾਉਣਾ ਹੈ। ਪੰਜਾਬ ਦੇ ੧੩ ਹਜ਼ਾਰ ਪਿੰਡਾਂ ਨੂੰ ਗੁਟਕਾ ਸਾਹਿਬ ਦੇ ਪਾਵਨ ਸਰੂਪ ਵਾਸਤੇ ਗੁਟਕੇ, ਲਿਟਰੇਚਰ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਾਸਤੇ ਹਰ ਜ਼ਿਲ੍ਹੇ ਲਈ ਗੁਰਮਤਿ ਪ੍ਰਚਾਰ ਮਿੰਨੀ ਬੱਸਾਂ ਰਾਹੀਂ ਪ੍ਰਚਾਰ ਕਰਨ ਦੀ ਬਹੁਤ ਲੋੜ ਹੈ। ਹਰ ਥਾਂ ਮਿਸ਼ਨਰੀ ਸਕੂਲ ਹੋਣ। ਗੁਰਮਤਿ ਦੇ ਕੈਂਪ ਲਗਣ।

ਸ: ਗੁਰ ਰਤਨ ਪਾਲ ਸਿੰਘ ਐਡਵੋਕੇਟ, ਸ: ਬਲਜੀਤ ਸਿੰਘ ਬਲੀ ਚੰਡੀਗੜ੍ਹ ਸ: ਸਤਨਾਮ ਸਿੰਘ ਐਡਵੋਕੇਟ ਅੰਮ੍ਰਿਤਸਰ ਵਲੋਂ ਸਿਖ ਸਟਡੀ ਸੈਂਟਰ ਗੁਰਮਤਿ ਪ੍ਰਚਾਰ ਲਈ ਕੰਮ ਕੀਤੇ ਜਾ ਰਹੇ ਹਨ।

੨੮ ਨਵੰਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਚੋਣ ਹੋਈ।

ਸਾਲ ੧੯੯੧ ਤਿਬਤੀ ਦਲਾਈ ਲਾਮਿਆ ਦੀ ਭਲਾਈ ਵਾਸਤੇ ਮਨਾਉਣਾ ਹੈ, ਪਰ ਪੰਜਾਬ ਦੇ ਸੂਰਬੀਰ ਸਿਖਾਂ ਵਾਸਤੇ ਜ਼ੁਲਮ ਤਸ਼ੱਦਦ, ਕਤਲ, ਜੇਲ੍ਹਾਂ ਹੀ ਕਿਉਂ ਹਨ ?

ਗੁਰੂ ਨਾਨਕ ਗਰਲਜ਼ ਸਕੂਲ ਵਿਚ ਸਮਾਗਮ ਪ੍ਰਧਾਨ ਗੁਰਚਰਨ

ਸਿੰਘ ਟੌਹੜਾ ਵਲੋਂ ਨਰਸਰੀ ਵਿੰਗ ਸਕੂਲ ਦਾ ਉਦਘਾਟਨ ਕੀਤਾ ਗਿਆ।

੨੪ ਨਵੰਬਰ ਸ਼ਨੀਵਾਰ ਰਾਜ ਅਭਿਮਾਨੀ ਗੰਗੂ ਚੰਦਰ ਸ਼ੇਖਰ ਕਾਂਗਰਸੀ ਹਾਕਮਾਂ ਦੇ ਜ਼ੁਲਮ ਵਿਰੁਧ ਰੋਸ ਕਰਦਾ ਰਿਹਾ ਪਰ ਹਕੂਮਤ ਦੀ ਖਾਤਰ, ਰਾਜੀਵ ਗਾਂਧੀ ਦਾ ਤਰਲਾ ਲੈਣ ਲਗਾ ਚੰਗਾ ਹੋਵੇ। ਸ੍ਰੀ ਹਰਿਮੰਦਰ ਸਾਹਿਬ ਮਥਾ ਟੇਕ ਕੇ ਇਲਾਹੀ ਕੀਰਤਨ ਸੁਣੇ ਅਮਨ ਸ਼ਾਂਤੀ, ਪਿਆਰ ਗਰੀਬਾਂ ਦੀ ਭਲਾਈ ਵਿਚਾਰਾਂ ਕਰੇ ਅਤੇ ਸਿਖ ਧਰਮ ਦਾ ਕੁਰਬਾਨੀਆਂ ਵਾਲਾ ਸਾਰਾ ਇਤਿਹਾਸ ਸਮਝ ਕੇ ਅਹਿਸਾਸ ਕਰੇ ਵਾਹਿਗੁਰੂ ਕਰੇ ਅਖਤੀ ਪੰਥਕ ਦਲਾਂ ਵਿਚ ਏਕਤਾ ਹੋ ਜਾਵੇ। ਕੁਰਸੀਆਂ ਦੀ ਝਾਕ ਕਲੇਸ਼ ਖ਼ਤਮ ਹੋਣ।

੨੮ ਨਵੰਬਰ ਬੁਧਵਾਰ, ਸ: ਬਲਦੇਵ ਸਿੰਘ ਸੀਬੀਆ ਐਡਵੋਕੇਟ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਦਲੀਪ ਸਿੰਘ ਮਾਲੂਨੰਗਲ ਸੀਨੀਅਰ ਵਾਈਸ ਪ੍ਰਧਾਨ, ਸ: ਸੁਖਦੇਵ ਸਿੰਘ ਲਿਬੜਾ ਜੂਨੀਅਰ ਵਾਈਸ ਪ੍ਰਧਾਨ, ਸ: ਬੀਰ ਸਿੰਘ ਜਨਰਲ ਸਕੱਤਰ ਸ: ਹਰਦਲਬੀਰ ਸਿੰਘ ਸੇਖੋਂ, ਸ: ਸਰੂਪ ਸਿੰਘ ਢੇਜੀ, ਸ: ਭਗਵੰਤ ਸਿੰਘ, ਸ: ਸੁੰਦਰ ਸਿੰਘ ਨਾਂਗਲੀ, ਸੰਤ ਦਿਲਬਾਗ ਸਿੰਘ, ਰਤਨ ਸਿੰਘ ਅਲੋਰਾ,ਸ. ਹਰਨੇਕ ਸਿੰਘ ਰਾਇਕੇ, ਸ: ਸੁਰਜੀਤ ਸਿੰਘ ਸੁਲਤਾਨਪੁਰਲੋਧੀ ਕਾਰਜ ਕਾਰਨੀ ਮੈਂਬਰ ਸਾਰੇ ਸਰਬ-ਸੰਮਤੀ ਨਾਲ ਚੁਣੇ ਗਏ। ਗੁਰੂ ਕਰੇ ਇਹ ਟੀਮ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਸੰਗਤਾਂ ਨੂੰ ਆਪ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਖਾਲਸੇ, ਸੰਤ ਸਿਪਾਹੀ ਬਣਾਉਣ ਅਤੇ ਰਾਜ ਕਰੇਗਾ ਖਾਲਸਾ ਦਾ ਲਕਸ਼ ਪੂਰਾ ਕਰਨ।

੨੮ ਨਵੰਬਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਜੌਹਨ ਮੇਜਰ ਬਣ ਗਏ, ਇਨ੍ਹਾਂ ਦੀ ਪਤਨੀ ਨੋਰਮਾ ਹੈ, ੧੧ ਡਾਉਨਿੰਗ ਸਟਰੀਟ ਲੰਡਨ ਰਿਹਾਇਸ਼ ਹੈ।

ਰਾਜੀਵ, ਵੀ.ਪੀ. ਸਿੰਘ ਅਤੇ ਚੰਦਰ ਸ਼ੇਖਰ ਦੇ ਨਾਲ ਸ੍ਰੀ ਬੀ.ਜੀ. ਦੇਸ਼ਮੁਖ, ਪ੍ਰਿੰਸੀਪਲ ਸਕੱਤਰ ਹੀ ਰਿਹਾ ਹੈ ਇਸ ਦਾ ਹਿੱਸਾ ਪਤੀ ਵੱਡੇ ਵੱਡੇ ਕਾਰਖ਼ਾਨੇਦਾਰਾਂ ਟਾਟਾ, ਅੰਬਾਨੀ ਅਤੇ ਹਿੰਦੂਜਾ ਨਾਲ ਹੈ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਸਾਰੇ ਸਕੱਤਰ ਹਿੰਦੂ ਹਨ, ਹਰ ਕਿਸੇ ਨੂੰ ਰੀਟਾਇਰ ਹੋਣ ਤੇ ਐਕਸਟੈਨਸ਼ਨ ਮਿਲ ਜਾਂਦੀ ਹੈ, ਹੋਰ ਤਰੱਕੀਆਂ ਮਿਲਦੀਆਂ ਹਨ। ਇਹ ਕਿਉ ?

ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਰਾਗੀ ਵਲੋਂ ਸਿਖ ਧਰਮ ਦੀ ਮਹਾਨਤਾ ਦਾ ਪ੍ਰਚਾਰ ਕਰਨ ਲਈ ਇਕ ਮਾਸਕ ਮੈਗਜ਼ੀਨ ੧-ਏ, ਮਾਡਲ ਟਾਊਨ, ਲੁਧਿਆਣਾ ਤੋਂ ਸ਼ੁਰੂ ਕੀਤਾ ਜਾਣਾ ਹੈ।

ਪੰਜਾਬ ਮੇਲ ਇੰਟਰਨੈਸ਼ਨਲ, ਮਾਸਕ ੬੬ ਡੇਮਜ਼ ਰੋਡ, ਫਾਰੈਸਟ ਗੇਟ, ਲੰਡਨ ਈ. ੭ ਓ.ਡੀ.ਆਰ. ਤੋਂ ਛਾਪ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਗਿਆ।

੨ ਦਸੰਬਰ ਐਤਵਾਰ, ਪੰਜ ਮੈਂਬਰੀ ਪੰਥਕ ਕਮੇਟੀ ਦੇ ਸੂਰਬੀਰ ਸਿੰਘਾਂ ਵਲੋਂ ਗੰਗੂ ਸਰਕਾਰ ਦੇ ਹਾਕਮਾਂ ਨੂੰ ਵਾਰਨਿੰਗ ਦਿਤੀ ਹੈ ਕਿ ਆਪਣੇ ਦਫ਼ਤਰਾਂ ਦਾ ਸਾਰਾ ਕੰਮ ਕਾਜ ਕੇਵਲ ਪੰਜਾਬੀ ਭਾਸ਼ਾ ਵਿਚ ਹੀ ਕਰਨ, ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਅਫ਼ਸਰਾਂ ਵਿਰੁਧ ਪੂਰੀ ਸਖ਼ਤੀ ਮਿਤੀ ੧੦ ਦਸੰਬਰ ਤੋਂ ਕਰਨੀ ਸ਼ੁਰੂ ਕੀਤੀ ਜਾਵੇਗੀ, ਹਾਈ ਕੋਰਟ ਪੰਜਾਬ ਦੇ ਜੱਜਾਂ ਅਤੇ ਅਫ਼ਸਰਾਂ ਨੂੰ ਵੀ ਇਸੇ ਤਰ੍ਹਾਂ ਦੀ ਵਾਰਨਿੰਗ ਦੇਣੀ ਜ਼ਰੂਰੀ ਹੈ ਤਾਂ ਹੀ ਸਾਰੇ ਪੰਜਾਬ ਵਿਚ ਪੰਜਾਬੀ ਲਾਗੂ ਹੋ ਸਕਦੀ ਹੈ।

੨ ਦਸੰਬਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ੨੮੩ ਗਰੀਨ ਐਵੇਨਿਊ ਵਲੋਂ ਗੁਰੂ ਨਾਨਕ ਪੁਰਬ ਭਾਰੀ ਰੌਣਕਾਂ ਨਾਲ ਮਨਾਇਆ ਗਿਆ।

੧੦ ਦਸਬਰ ਸੋਮਵਾਰ, ਜੰਮੂ ਦੇ ਗਵਰਨਰ ਗਰੀਸ ਸਕਸੈਨਾ ਅਤੇ ਰਾਮਾਨੰਦ ਸਾਗਰ ਵਲੋਂ ਵੈਸ਼ਨੋ ਦੇਵੀ ਯਾਤਰਾ ਦੀ ਫ਼ਿਲਮ ਤਿਆਰ ਕਰਵਾਈ ਗਈ ਹੈ, ਪਰ ਸ੍ਰੀ ਹਮਕੁੰਟ ਯਾਤਰਾ ਫਿਲਮ ਵਿਖਾਈ ਨਹੀਂ ਜਾ ਰਹੀ।

੧੧ ਦਸੰਬਰ ਮੰਗਲਵਾਰ, ਸ: ਤਰਲੋਕ ਸਿੰਘ ਗੁਰਮਤਿ ਚਿਤੜਕਾਰ ਲੋਅਰ ਮਾਲ ਪਟਿਆਲਾ ੭੬ ਸਾਲ ਦੀ ਉਮਰ ਵਿਚ ਸੇਵਾ ਸਿਮਰਨ ਕਰਦੇ ਅਕਾਲ ਪੁਰਖ ਦੇ ਚਰਨਾਂ ਵਿਚ ਵਰਾਜ ਗਏ।

੧੪ ਦਸੰਬਰ ਸ਼ੁਕਰਵਾਰ, ਦੁਸ਼ਟ ਗੰਗੂ ਵਰਿੰਦਰ ਵਰਮਾ ਗਵਰਨਰ ਨੂੰ ਤਬਦੀਲ ਕਰਕੇ ਜਨਰਲ ਓਮ ਪ੍ਰਕਾਸ਼ ਮਲਹੋਤਰਾ ਨੂੰ ਗਵਰਨਰ ਲਗਾਇਆ ਗਿਆ ਹੈ।

ਕਿਤਨੇ ਦੁਖ ਦੀ ਗੱਲ ਹੈ ਕਿ ਗੰਗੂ ਸਰਕਾਰ ਵਲੋਂ ਪੰਜਾਬ ਵਿਚ ਮੈਡੀਕਲ ਕਾਲਜ, ਇੰਜੀਨੀਅਰੰਗ ਕਾਲਜ ਆਦਿ ਖੋਲ੍ਹਣ ਦੀ ਮਨਜ਼ੂਰੀ ਹੀ ਨਹੀਂ ਦਿਤੀ ਜਾ ਰਹੀ, ਪੰਜਾਬ ਦੇ ਸਿਖ ਨੌਜਵਾਨਾਂ ਨੂੰ ਹੋਰਨਾਂ ਸੂਬਿਆਂ ਵਿਚਲੇ ਕਾਲਜਾਂ ਵਿਚ ਲੱਖਾਂ ਰੁਪਏ ਖਰਚ ਕਰਕੇ ਦਾਖਲ ਹੋ ਕੇ ਪੜ੍ਹਾਈ ਕਰਨੀ ਪੈਂਦੀ ਹੈ, ਉਥੇ ਬੱਚੇ ਹੋਰਨਾਂ ਧਰਮਾਂ ਦੇ ਅਸਰ ਅਧੀਨ ਪਤਤ ਹੋ ਰਹੇ ਹਨ, ਨਸ਼ਿਆਂ ਦੇ ਆਦੀ ਹੋ ਰਹੇ ਹਨ, ਸਿਖ ਵਾਪਾਰੀ ਕਾਰਖਾਨੇਦਾਰ, ਟਰਾਂਸਪੋਰਟਰ, ਰੈਸਟੋਰੈਂਟਾਂ ਵਾਲੇ ਕਾਫੀ ਅਮੀਰ ਹੋ ਗਏ ਹਨ, ਪਰ ਦੁਖ ਹੈ ਕਿ ਸਿਖੀ ਰਹਿਤ, ਗੁਰੂ ਨਾਨਕ ਵਲੋਂ ਦੱਸੇ ਉਪਦੇਸ਼ਾਂ ਗੌਰਵ ਮਈ ਵਿਰਸੇ ਤੋਂ ਬੇਮੁਖ ਹੋ ਰਹੇ ਹਨ। ਅੱਜ ਹਰ ਮਾਈ ਭਾਈ ਨੂੰ ਸਾਵਧਾਨ ਹੋਣ ਦੀ ਲੋੜ ਹੈ। ਗਰੀਬ ਸਿਖਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ।

੨੦ ਦਸੰਬਰ ਜਨਰਲ ਸ੍ਰੀ ਓਮਪ੍ਰਕਾਸ਼ ਮਲਹੋਤਰਾ ਗਵਰਨਰ ਸ੍ਰੀ ਹਰਿਮੰਦਰ ਸਾਹਿਬ, ਆਪਣੀ ਪਤਨੀ ਸਰੋਜ ਨਾਲ ਆਏ ਅਤੇ ਅਕਾਲ ਪੁਰਖ

ਅਗੇ ਅਮਨ ਸ਼ਾਂਤੀ ਲਈ ਅਰਦਾਸ ਕੀਤੀ ਵਾਹਿਗੁਰੂ ਮਿਹਰ ਕਰੇ ।

ਗੰਗੂ ਹਾਕਮਾਂ ਦੀ ਅਕਲ ਦਾ ਦਿਵਾਲਾ ਕਹਿੰਦੇ ਹਨ ਕਿ ਤਕਨੀਕੀ ਵਿਦਿਆ ਦਾ ਪਸਾਰ ਹੋਵੇ ਮਹਾਂਰਾਸ਼ਟਰ, ਆਂਧਰਾ ਪ੍ਰਦੇਸ, ਬੰਗਲੌਰ, ਕਰਨਾਟਕ ਵਿਖੇ ਤਾਂ ਅਨੇਕਾਂ ਮੈਡੀਕਲ ਅਤੇ ਇੰਜੀਨੀਅਰੰਗ ਕਾਲਜ ਹਨ ਪਰ ਪੰਜਾਬ ਵਿਚ ਤਾਂ ਸਿਖ ਆਪਣੇ ਖਰਚ ਤੇ ਖੰਲ੍ਹਣਾ ਚਾਹੁੰਦੇ ਹਨ ਫਿਰ ਵੀ ਮਨਜ਼ੂਰੀ ਨਹੀਂ ਦਿਤੀ ਜਾਂਦੀ । ਇਤਨਾ ਵਿਤਕਰਾ ਕਿਉਂ ?

ਭਾਰਤ ਦਾ ਸੰਵਿਧਾਨ ਫਿਰਕੂ ਹੈ, ਸਿਖਾਂ ਦੇ ਹੱਕਾਂ ਦਾ ਕੋਈ ਖਿਆਲ ਨਹੀਂ ਸਿਖ ਕੌਮ ਨੂੰ ਮੁਢ ਤੋਂ ਹੀ ਪ੍ਰਵਾਨ ਨਹੀਂ ਸੋ ਇਸ ਨੂੰ ਨਵੇਂ ਸਿਰਿਉਂ ਬਣ ਉਣਾ ਜ਼ਰੂਰੀ ਹੈ, ਧਰਮ ਦੀ ਵਿਦਿਆ ਲਾਜ਼ਮੀ ਹੋਵੇ ।

੨੫ ਦਸੰਬਰ ਮੰਗਲਵਾਰ, ਸ੍ਰੀਮਤੀ ਮੇਨਕਾ ਗਾਂਧੀ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਈ, ਜਲ੍ਹਿਆਂ ਵਾਲਾ ਬਾਗ ਅਤੇ ਦੁਰਗਿਆਨਾ ਮੰਦਰ ਵੀ ਗਈ ।

੨੬ ਦਸੰਬਰ ਬੁਧਵਾਰ, ਅਮਰ ਸ਼ਹੀਦ ਸ: ਊਧਮ ਸਿੰਘ ਜੀ ਨੂੰ ੯੧ਵੇਂ ਜਨਮ ਦਿਹਾੜੇ ਤੇ ਹਾਲ ਗੇਟ ਵਿਖੇ ਬੁਤ ਤੋਂ ਪਰਦਾ ਸ: ਕਿਰਪਾਲ ਸਿੰਘ ਐਮ.ਪੀ. ਪ੍ਰਧਾਨ ਚੀਫ ਖ਼ਾਲਸਾ ਦੀਵਾਨ ਵਲੋਂ ਹਟਾ ਕੇ ਸ਼ਰਧਾਂਜਲੀ ਅਰਪਨ ਕੀਤੀ ਗਈ । ਸੁਵੀਨਾਰ ਸ: ਕਿਰਪਾਲ ਸਿੰਘ ਜੀ ਵਲੋਂ ਕਮਿਸ਼ਨਰ ਜੋਗਿੰਦਰਪਾਲ ਸਿੰਘ ਪੁਰੀ ਨੂੰ ਦੇ ਕੇ ਰੀਲੀਜ਼ ਕੀਤਾ ਗਿਆ ਹੈ । ਬਾਬੂ ਸੰਤਾ ਸਿੰਘ ਨੂੰ ਸਿਰੀ ਸਾਹਿਬ ਸਿਰਪਾਉ ਦਿਤਾ ਗਿਆ ਭਾਰੀ ਸੰਗਤਾਂ ਨੂੰ ਲੱਡੂ ਵੰਡੇ ਗਏ ।

੨੮-੩੦ ਦਸੰਬਰ ਚੀਫ਼ ਖਾਲਸਾ ਦੀਵਾਨ ਵਲੋਂ ੫੭ਵੀਂ ਸਿਖ ਐਜੂਕੇਸ਼ਨਲ ਕਾਨਫ੍ਰੰਸ ਲੁਧਿਆਣਾ ਵਿਖੇ ਹੋਈ, ਮਹੰਤ ਤੀਰਥ ਸਿੰਘ ਅਤੇ ਸਿੰਘ ਸਭਾਵਾਂ ਦੇ ਉਦਮ ਨਾਲ ਮੈਡੀਕਲ ਕਾਲਜ, ਅਤੇ ਇੰਜੀਨੀਅਰੰਗ ਕਾਲਜ ਕਾਇਮ ਕੀਤੇ ਜਾਣ ਦੇ ਪ੍ਰਬੰਧ ਕੀਤੇ ਗਏ ਹਨ ।

੩੧ ਦਸੰਬਰ ਡਾ. ਆਰ.ਪੀ. ਬਾਬਾ ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜੋ ਪੰਜਾਬੀ ਵਿਰੋਧੀ ਹੈ, ਇਸ ਨੂੰ ਰੀਟਾਇਰ ਕਰਨ ਦੀ ਬਜਾਏ ਹਣ ਤੀਜੀ ਵਾਰੀ ਵੀ ਤਿੰਨ ਸਾਲ ਲਈ ਹੋਰ ਐਕਸਟੈਨਸ਼ਨ ਕਿਉਂ ਦਿਤੀ ਗਈ ਹੈ, ਸਾਰੇ ਅਖੌਤੀ ਪੰਥਕ ਦਲਾਂ ਨੂੰ ਧਿਆਨ ਦੇਣ ਦੀ ਲੋੜ ਹੈ ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸਾਲ ੧੯੮੩ ਤੋਂ ਹਰ ਸਿਖ ਉਪਰ ਸਰਕਾਰੀ ਸਖਤ ਪਾਬੰਦੀਆਂ ਤਲਾਸ਼ੀਆਂ, ਜ਼ਲਾਲਤ ਹੈ ਪਰ ਕਿਸੇ ਅਖੌਤੀ ਪੰਥਕ ਲੀਡਰ ਐਮ.ਪੀ. ਵਲੋਂ ਕੋਈ ਰੋਸ ਧਰਨਾ ਕਾਰਵਾਈ ਨਹੀਂ ਕੀਤੀ

ਜਾ ਰਹੀ। ਅਦਾਲਤਾਂ ਦੇ ਜੱਜਾਂ ਨੂੰ ਆਪ ਹਾਲਤ ਵੇਖ ਕੇ, ਧਰਮ ਦੀ ਆਜ਼ਾਦੀ ਬਹਾਲ ਕਰਨੀ ਚਾਹੀਦੀ ਹੈ।

ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਐਡਵਾਨੀ ਹਿੰਦੂ ਰਾਸ਼ਟਰ ਦੀ ਗੱਲ ਕਰਦੇ ਹਨ ਕਿ ਅਯੁੱਧਿਆ, ਮਥਰਾ ਆਦਿ ਵਿਖੇ ਜੋ ਮੰਦਰ ਢਾਹ ਕੇ ਮਸੀਤਾਂ ਬਣਾਈਆਂ ਗਈਆਂ ਇਥੇ ਦੋਬਾਰਾ ਮੰਦਰ ਬਣਾਉਣੇ ਹਨ, ਇਨ੍ਹਾਂ ਨੂੰ ਜੇ ਅਕਲ ਹੋਵੇ ਤਾਂ ਪਿਛਲਾ ਇਤਿਹਾਸ ਵੇਖਣ ਕਿ ਭਾਰਤ ਕਸ਼ਮੀਰ ਵਿਚਲੇ ਜਿਨ੍ਹਾਂ ਪੰਡਤਾਂ ਨੂੰ ਬਾਬਰ, ਜਹਾਂਗੀਰ ਅਤੇ ਔਰੰਗਜ਼ੇਬ ਵਲੋਂ ਮੁਸਲਮਾਨ ਬਣਾਇਆ ਸੀ ਅਤੇ ਅੰਗਰੇਜ਼ਾਂ ਨੇ ਈਸਾਈ ਬਣਾਇਆ ਸੀ ਇਨ੍ਹਾਂ ਸਾਰਿਆਂ ਨੂੰ ਵੀ ਵਾਪਸ ਹਿੰਦੂ ਬਣਾਉਣ ਇਸ ਤਰ੍ਹਾਂ ਸਾਰਾ ਹਿੰਦੁਸਤਾਨ ਅਤੇ ਪਾਕਿਸਤਾਨ ਵੀ ਆਪੇ ਹੀ ਹਿੰਦੂ ਮਹਾਂ ਰਾਸ਼ਟ੍ਰ ਬਣਜਾਵੇ ਗਉ ਹਤਿਆ ਬੰਦ ਹੋਵੇ।

ਭਾਰਤ ਤੋਂ ਸਿਖਾਂ ਦਾ ਜਥਾ ਬਗਦਾਦ (ਈਰਾਕ) ਦੇ ਪਵਿਤਰ ਅਸਥਾਨ ਜਿਥੇ ਸਤਿਗੁਰੂ ਨਾਨਕ ਦੇਵ ਜੀ ਪੀਰ ਬਦਲੂ ਸ਼ਾਹ ਨਾਲ ਅਲਾਹ ਦੇ ਇਕ ਹੋਣ ਬਾਰੇ ਅਤੇ ਸਮੁਚੀ ਇਨਸਾਨੀਅਤ ਦੀ ਭਲਾਈ ਬਾਰੇ ਵਿਚਾਰਾਂ ਕੀਤੀਆਂ ਸਨ, ਯਾਤਰਾ ਲਈ ਜਾਵੇਗਾ।

੨੧ ਜਨਵਰੀ ੧੯੯੧ ਕਾਮਨ ਵੈਲਥ ਮੀਟਿੰਗ, ਲੰਡਨ ਵਿਖੇ ੫੦ ਦੇਸ਼ਾਂ ਦੇ ਪ੍ਰਤਿਨਿਧ ਅਤੇ ਨੌ ਦੇਸ਼ਾਂ ਦੇ ਪ੍ਰਧਾਨ ਮੰਤਰੀ ਡਾ. ਮਹਤਿਰ ਮੁਹੰਮਦ ਮਲੇਸ਼ੀਆ, ਜੌਹਨ ਮੇਜਰ ਬਰਤਾਨੀਆਂ, ਬਾਬ ਹਾਕ ਆਸਟਰੇਲੀਆ, ਬਰੇਨ ਮੁਲਰਾਨੀ ਕੈਨੇਡਾ, ਡਾ. ਕੈਥ ਕੌਂਡਾ ਜੈਮਬੀਆ, ਗੌਹ ਚੁਕ ਚੌਂਗ ਸਿੰਗਾਪੁਰ, ਇਬਰਾਹੀਮ ਬਾਬਨ ਗਿਦਾ ਨਾਈਜੀਰੀਆ ਮਾਈਕਲ ਮੈਨਲੇ ਜੈਮੀਅਕਨ, ਸਰ ਲਿੰਡਨ ਪਿੰਡਲਿੰਗ ਬਾਹਮਾਸ ਤੋਂ, ਸ੍ਰੀ ਚੰਦਰ ਸ਼ੇਖਰ ਭਾਰਤ, ਸ਼ਾਮਲ ਹੋ ਰਹੇ ਹਨ।


੧ ਜਨਵਰੀ ੧੯੯੧ ਮੰਗਲਵਾਰ : ਸ: ਕਿਰਪਾਲ ਸਿੰਘ ਪ੍ਰਧਾਨ, ਸ: ਭਾਗ ਸਿੰਘ ਅਣਖੀ, ਸ: ਦੀਨ ਦਿਆਲ ਸਿੰਘ, ਸ: ਇੰਦਰ ਸਿੰਘ, ਸ: ਸਤਨਾਮ ਸਿੰਘ, ਸ: ਪ੍ਰੀਤਮ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੜਾਹ ਪ੍ਰਸਾਦ ਦੇਗ ਅਰਦਾਸ ਸ਼ੁਕਰਾਨਾ ਪਾਠਵੀਂ ਸਰਬ ਹਿੰਦ ਸਿੱਖ ਐਜੂਕੈਸ਼ਨ ਦੀ ਸਫਲਤਾ ਬਾਰੇ ਕੀਤਾ ਗਿਆ।

ਗੁਰੂ ਦੀ ਨਗਰੀ ਵਿਚ ਗੁਰਮਤਿ ਪ੍ਰਚਾਰ ਸਭਾਵਾਂ ਜੋ ਗੁਰਬਾਣੀ ਕੀਰਤਨ ਦੇ ਨਾਲ ਗੁਰਮਤਿ ਲਿਟਰੇਚਰ ਵੀ ਵੰਡ ਰਹੀਆਂ ਹਨ :-

੧. ਸ੍ਰੀ ਗੁਰੂ ਨਾਨਕ ਗੁਰਪੁਰਬ ਕਮੇਟੀ ਮਾਲ ੧੯੪੩ ਤੋਂ ਹੈ, ਹੁਣ ਪ੍ਰਧਾਨ ਪ੍ਰਿਤਪਾਲ ਸਿੰਘ ਸੇਠੀ ਫ਼ੋਨ : ੨੭੯੨੯।



ਸੀ ਹਰਿਮੰਦਰ ਸਾਹਿਬ ਵਿਖੇ ਪੁਸਤਕ ਵੰਡ ਸਮਾਗਮ



ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਸਤਕ ਵੰਡ ਸਮਾਗਮ

੨. ਸ੍ਰੀ ਗੁਰੂ ਸਿੰਘ ਸਭਾ ੧੯੩੮ ਤੋਂ ਗਿਆਨੀ ਮਹਿੰਦਰ ਸਿੰਘ ਜਨਰਲ ਸਕੱਤਰ ੬੧ ਕਟੜਾ ਜੈਮਲ ਸਿੰਘ ਫ਼ੋਨ : ੩੧੮੦੦।

੩. ਸ੍ਰੀ ਗੁਰੂ ਅਰਜਨ ਦੇਵ ਸਤਿਸੰਗ ਸਭਾ, ੧੩ ਕ੍ਰਿਸ਼ਨਗੜ੍ਹ ਚਾਟੀਵਿੰਡ ਗੇਟ, ਸਾਲ ੧੯੫੨ ਤੋਂ ਭਾਈ ਸੋਭਾ ਸਿੰਘ ਹਨ, ਫ਼ੋਨ : ੪੬੫੩੫।

੪. ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਜੋੜਾ ਘਰ, ਗਠੜੀ ਘਰ, ਦਰਬਾਰ ਸਾਹਿਬ ਘੰਟਾ ਘਰ, ਸ: ਜੋਗਿੰਦਰ ਸਿੰਘ ਕੋਹਲੀ ਪ੍ਰਧਾਨ ਹਨ।

੫. ਗੁਰੂ ਰਾਮਦਾਸ ਸੇਵਕ ਜਥਾ, ਜੋੜਾ ਘਰ, ਸਰਾਏ ਗੁਰੂ ਰਾਮਦਾਸ ਦਰਬਾਰ ਸਾਹਿਬ।

੬. ਸੇਵਕ ਸਭਾ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੋੜਾ ਘਰ।

੭. ਸ੍ਰੀ ਅਖੰਡ ਪਾਠ ਸੇਵਾ ਸੁਸਾਇਟੀ, ਗਲੀ ਨੰਬਰ ੪ ਕੋਟ ਬਾਬਾ ਦੀਪ ਸਿੰਘ।

੮. ਲੰਗਰ ਸੇਵਕ ਜਥਾ ਗੁਰਦੁਆਰਾ ਬਾਬਾ ਅਟੱਲ ਸਾਹਿਬ।

੯. ਮਾਤਾ ਭਾਨੀ ਸਤਿਸੰਗਸਭਾ ੫੧ ਅਜੀਤ ਨਗਰ ਸੁਲਤਾਨਵਿੰਡ ਰੋਡ।

੧੦. ਸੇਵਾ ਸੁਸਾਇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ: ਮਨੋਹਰ ਸਿੰਘ ਮਿਸ਼ਰੀ ਬਾਜਾਰ ਫ਼ੋਨ : ੪੨੬੨੧।

੧੧. ਸੇਵਾ ਸੁਸਾਇਟੀ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ, ਪ੍ਰਧਾਨ ਸ: ਸੁਰਿੰਦਰ ਸਿੰਘ ਚੌਕ ਘੰਟਾ ਘਰ।

੧੨. ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਪ੍ਰਧਾਨ ਸ: ਰਾਜਿੰਦਰ ਸਿੰਘ ਭਾਟੀਆ ਚੌਕ ਕਰੋੜੀ ਫ਼ੋਨ : ੪੫੨੧੩।

੧੩. ਸੇਵਾ ਸੁਸਾਇਟੀ ਗੁਰਦੁਆਰਾ ਟੱਭਾ ਭਾਈ ਸਾਲੋ ਹਫ਼ਤਾਵਾਰੀ ਲੰਗਰ ਕਮੇਟੀ ਮੁਖ ਸੇਵਾਦਾਰ ਭਾਈ ਧਰਮਬੀਰ ਸਿੰਘ ਖਾਲਸਾ ਹਨ।

੧੪. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਅੰਮ੍ਰਿਤਸਰ ਸੰਗੀਤ ਸਭਾ, ਮੁਖੀ ਭਾਈ ਤਜਿੰਦਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਜਸਬੀਰ ਸਿੰਘ, ਸ: ਹਰਜੀਤ ਸਿੰਘ ਚੌਕ ਚਬੂਤਰਾ।

੧੫. ਗੁਰੂ ਨਾਨਕ ਮਿਸ਼ਨ ਪ੍ਰਧਾਨ ਸ: ਅਜੀਤ ਸਿੰਘ ਉਨ ਵਾਲੇ ਹਨ।

੧੬. ਸਾਹਿਬਜ਼ਾਦਾ ਫ਼ਤਹਿ ਸਿੰਘ ਸਟੱਡੀ ਸਰਕਲ, ਦੁਕਾਨ ਨੰ: ੮ ਰੂਪ ਨਗਰ, ਗੇਟ ਭਗਤਾਂ ਵਾਲਾ।

੧੭. ਚੜ੍ਹਦੀ ਕਲਾ ਸ਼ਬਦੀ ਸੇਵਕ ਜਥਾ, ਸ: ਹਰਜੀਤ ਸਿੰਘ ੨੧੧੪੬ ਕੋਟ ਆਤਮਾ ਰਾਮ ਸੁਲਤਾਨਵਿੰਡ ਰੋਡ।

੧੮. ਮੀਰੀ-ਪੀਰੀ ਦਲ ਮਾਤਾ ਕੌਲਾਂ, ਸ਼ਬਦੀ ਜਥਾ ਚੌਂਕੀ ਗੁਰਦੁਆਰਾ ਟਾਹਲੀ ਸਾਹਿਬ ਸੰਤੋਖਸਰ ।

੧੯. ਜੋੜਾ ਘਰ ਸੇਵਾ ਸੁਸਾਇਟੀ, ਰਾਣੀ ਬਾਜ਼ਾਰ, ਸਿੰਘ ਸਭਾ ਸ਼ਰੀਫ਼ਪੁਰਾ ।

੨੦. ਗੁਰਬਾਣੀ ਸਤਿਸੰਗ, ਸੇਵਕ ਜਥਾ, ਢਾਬ ਬਸਤੀ ਰਾਮ ।

੨੧. ਇਸਤ੍ਰੀ ਸਤਿਸੰਗ, ਗੁਰੂ ਕੇ-ਮਹਲ ਖਾਲਸਾ; ਸਿੰਘ ਸਭਾ, ਕਿਲ੍ਹਾ ਰਾਮਗੜ੍ਹੀਆਂ ਭੈਣੀ ਵਾਲਾ ।

੨੨. ਖਾਲਸਾ ਨੌਜਵਾਨ ਸਭਾ, ਪ-ਕੋਟ ਬਾਬਾ ਦੀਪ ਸਿੰਘ ।

੨੩. ਕਲਗੀਧਰ ਕੀਰਤਨੀ ਜਥਾ ਬੀਬੀਆਂ, ਕਿਲ੍ਹਾ ਭੰਗੀਆਂ ।

੨੪. ਸੰਤ ਬਾਬਾ ਭੂਰੀ ਵਾਲੇ ਕੀਰਤਨੀ ਜਥਾ ।

੨੫. ਇਸਤ੍ਰੀ ਸਤਿਸੰਗ, ਈਸਟ ਮੋਹਨ ਨਗਰ ।

੨੬. ਬੀਬੀ ਭਾਨੀ ਸਤਿਸੰਗ ਸਭਾ ।

੨੭. ਬੇਬੇ ਨਾਨਕੀ ਸਤਿਸੰਗ ਸਭਾ ।

੨੮. ਸ੍ਰੀ ਗੁਰੂ ਅਮਰ ਵੰਸ ਜਥਾ ਗੋਇੰਦਵਾਲ ਬ੍ਰਾਂਚ ਅੰਮ੍ਰਿਤਸਰ ਬਾਵਾ ਦਵਿੰਦਰ ਸਿੰਘ ਭਲਾ, ਸ: ਅਰਜਨ ਸਿੰਘ ਬੀ-ਬਲਾਕ ।

੨੯. ਸ੍ਰੀ ਗੁਰੂ ਰਾਮਦਾਸ ਅਵਤਾਰ ਪੁਰਬ ਕਮੇਟੀ ੨੯੩, ਗਰੀਨ ਐਵੀਨਿਊ ਪ੍ਰਧਾਨ ਅਜੀਤ ਸਿੰਘ ਫ਼ਰੀਡਮ ਫ਼ੋਨ : ੪੪੬੪੪ ।

੩੦. ਗੁਰਮਤਿ ਪ੍ਰਚਾਰ ਸਭਾ ਮਾਡਲ ਟਾਊਨ ਗਲੀ ਨੰ: ੨ ।

੩੧. ਸ੍ਰੀ ਹੇਮਕੁੰਟ ਸੇਵਕ ਜਥਾ ਸ਼ਰੀਫ਼ਪੁਰਾ ਮੁਖੀ ਸ: ਸੁਦਰਸ਼ਨ ਸਿੰਘ ਵਸੀਕਾ ਨਵੀਸ ।

੩੨. ਚੜ੍ਹਦੀ ਕਲਾ ਸੇਵਕ ਜਥਾ ਸ਼ਰੀਫਪੁਰਾ ਮੁਖੀ ਸ: ਸੁਦਰਸ਼ਨ ਸਿੰਘ ਵਸੀਕਾ ਨਵੀਸ ।

੩੩. ਗੁਰਬਾਣੀ ਥਰੈਪੀ ਟਰੱਸਟ, ਡਾ. ਹਰਚਰਨ ਸਿੰਘ ੨੦ ਡਾਕਟਰ ਐਵਿਨਿਊ ।

੩੪. ਗੁਰੂ ਸੇਵਕ ਸਭਾ ਬੀ-ਬਲਾਕ ਰੇਲਵੇ ਕਾਲੋਨੀ ਬੀ-ਬਲਾਕ, ਪ੍ਰਧਾਨ ਸ: ਸੋਹਣ ਸਿੰਘ ।

੩੫. ਸ੍ਰੀ ਗੁਰੂ ਨਾਨਕ ਸੇਵਕ ਸਭਾ ੫੮੭ ਬਸੰਤ ਐਵਿਨਿਊ ਪ੍ਰਧਾਨ ਡਾ. ਪਿਆਰਾ ਸਿੰਘ ਮੰਜੀ ਫੋਨ : ੩੩੧੬੨ ।

੩੬. ਗੁਰਮਤਿ ਪ੍ਰਚਾਰ ਸਭਾ, ਗੁਰ: ਪਿਪਲੀ ਸਾਹਿਬ, ਪੁਤਲੀ ਘਰ ।

੩੭. ਗੁਰਮਤਿ ਸੰਗੀਤ ਕੇਂਦਰ ਦਰਬਾਰ ਸਾਹਿਬ, ਭਾਈ ਜੋਗਿੰਦਰ

ਸਿੰਘ ਤਲਵਾੜਾ ।

੩੮. ਰੰਗਰੇਟਾ ਸੇਵਕ ਸਭਾ, ਗੁਰਦੁਆਰਾ ਬਾਬਾ ਜੀਵਨ ਸਿੰਘ ।

੩੯. ਗਰਮਤਿ ਪ੍ਰਚਾਰ ਸੁਸਾਇਟੀ ਗੁਰਦੁਆਰਾ ਸਦਰ, ਪ੍ਰਧਾਨ ਡਾ. ਰਘਬੀਰ ਸਿੰਘ ।

ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਮਾਤਾ ਕੌਲਾਂ, ਈਸਟ ਮੋਹਨ ਨਗਰ, ਬਸੰਤ ਐਵਿਨਿਊ, ਰਣਜੀਤ ਐਵਿਨਿਊ ਸ਼ਾਸਤਰੀ ਨਗਰ, ਢਾਬ ਬਸਤੀ ਰਾਮ, ਚੌਕ ਦਰਬਾਰ ਸਾਹਿਬ, ਗਰੀਨ ਐਵਿਨਿਊ, ਸ਼ਹੀਦ ਊਧਮ ਸਿੰਘ ਨਗਰ, ਗੋਲਡਨ ਐਵਿਨਿਊ, ਸਿਵਲ ਲਾਈਨ, ਇਸਤ੍ਰੀ ਸਭਾ ਗੁਰੂ ਅਰਜਨ ਦੇਵ ਨਗਰ ਪੁਤਲੀ ਘਰ, ਅਮਰ ਕੋਟ, ਇੰਦਰਪੁਰੀ, ਕੋਟਖਾਲਸਾ, ਰਣਜੀਤਪੁਰਾ, ਗੁਰੂ ਨਾਨਕਵਾੜਾ, ਗੋਬਿੰਦਪੁਰਾ, ਸ਼ੇਰ ਸ਼ਾਹ ਸੂਰੀ ਰੋਡ ਆਦਿ ਹਰ ਮਹਲੇ ਵਿਚ ਹਨ ।

ਗਤਕਾ ਪਾਰਟੀਆਂ ਹਰ ਪੁਰਬ ਸਮੇਂ ਨਗਰ ਕੀਰਤਨ ਵਿਚ ਆਪਣੇ ਜੌਹਰ ਵਿਖਾਉ ਦੇ ਹਨ ।

ਖਾਲਸਾ ਗਤਕਾ, ਗੁਰੂ ਰਾਮਦਾਸ ਹਾਇਰ ਸਕੈਂਡਰੀ ਸਕੂਲ ।

ਨਿਰਮਲ ਗਤਕਾ ਅਖਾੜਾ, ਜਥੇਦਾਰ ਪੂਰਨ ਸਿੰਘ ਜੋਸ਼ ।

ਸ਼ਰੋਮਣੀ ਗਤਕਾ ਅਖਾੜਾ ਸ: ਹਰਬੰਸ ਸਿੰਘ ।

ਸੇਵਕ ਜਥਾ ਇਸ਼ਨਾਨ ਗਤਕਾ ਅਖਾੜਾ ਸ਼ਹੀਦ ਬਾਬਾ ਦੀਪ ਸਿੰਘ ।

ਇਸ ਪੁਸਤਕ ਦੀ ਛਪਾਈ ਸਮਾਪਤੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਅੱਜ ੧ ਜਨਵਰੀ ੧੯੯੧ ਦਿਨ ਮੰਗਲਵਾਰ ਅੰਮ੍ਰਿਤ ਵੇਲੇ ਦਾ ਇਲਾਹੀ ਹੁਕਮਨਾਮਾ ।

ਧਨਾਸਰੀ ਮ: ੧

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ (ਪੰਨਾ ੬੮੭)

ਪ੍ਰਿੰਟਰ—ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ

# ਸਤਿਗੁਰ ਕੀ ਸੇਵਾ ਸਫਲੁ ਹੈ

ਜਿਉਂਦੀਆਂ ਕੌਮਾਂ ਦੇ ਗੌਰਵ-ਮਈ ਇਤਿਹਾਸ ਹੁੰਦੇ ਹਨ, ਅਤੇ ਇਹ ਗੌਰਵ-ਮਈ ਇਤਿਹਾਸ ਹੀ ਕੌਮਾਂ ਨੂੰ ਜਿਉਂਦਾ ਰਖਦੇ ਹਨ। ਪੰਜਾਬ ਦੀ ਧਰਤੀ ਸੂਰਬੀਰ ਸ਼ਹੀਦਾਂ ਦੀ ਪਵਿਤਰ ਧਰਤੀ ਹੈ।

ਸ੍ਰੀ ਹਰਿਮੰਦਰ ਸਾਹਿਬ ਹੀ ਸਿਖ ਧਰਮ ਦਾ ਗੌਰਵਮਈ ਕੁਰਬਾਨੀਆਂ ਭਰਪੂਰ ਇਤਿਹਾਸ ਹੈ, ਅੱਜ ਸੰਸਾਰ ਤੋਂ ਜੋ ਬਦੇਸ਼ੀ ਲੋਕ, ਸੈਲਾਨੀ ਆਉਂਦੇ ਹਨ ਉਹ ਇਥੋਂ ਦੇ ਇਤਿਹਾਸ ਦੀ ਜਾਣਕਾਰੀ ਵਾਸਤੇ ਉਤਾਵਲੇ ਹੁੰਦੇ ਹਨ ਇਸੇ ਘਾਟ ਨੂੰ ਪੂਰਾ ਕਰਨ ਦੇ ਮੰਤਵ ਲਈ ਆਪਣੇ ਗੁਰੂ ਦਰਬਾਰ ਵਿਚ ਅਰਦਾਸ ਕਰਕੇ ਦੋ ਸਾਲ ਰਾਤ ਦਿਨ ਕਰੜੀ ਮਿਹਨਤ, ਘੋਖ ਕਰਕੇ ਸੈਂਕੜ ਲੇਖ, ਪੁਸਤਕਾਂ ਪੜ੍ਹ ਕੇ, ਅਜੋਕੇ ਹਾਲਾਤ ਵੇਖ ਕੇ ਇਹ ਵਡ-ਮੁਲੀ ਸੁਗਾਤ, ਗੁਰੂ ਦੀ ਕਿਰਪਾ ਨਾਲ ਤਿਆਰ ਕਰਕੇ ਸੰਗਤਾਂ ਦੀ ਭੇਟ ਹੈ।

ਅੱਜ ਆਪਣੇ ਘਰਾਂ ਦੀ ਹਾਲਤ ਵੇਖੀ ਜਾਵੇ ਕਿਸੇ ਵਿਰਲੇ ਸੱਜਣ ਦੇ ਘਰ ਵਿਚ ਆਪਣੇ ਗੁਰੂ ਇਤਿਹਾਸ ਦੀਆਂ ਪੁਸਤਕਾਂ ਹਨ।

ਸਾਨੂੰ ਆਪਣੇ ਧਰਮ ਦੇ ਪ੍ਰਚਾਰ ਵਾਸਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਜਥੇਦਾਰ, ਪਿੰਡਾਂ ਦੇ ਸਰਪੰਚ, ਐਮ.ਐਲ.ਏ. ਐਮ.ਪੀ. ਆਦਿ ਪੂਰਨ ਰਹਿਤ ਮਰਯਾਦਾ ਵਾਲੇ ਬਣਾਉਣੇ ਚਾਹੀਦੇ ਹਨ ਜੋ ਆਪਣੇ-ਆਪਣੇ ਇਲਾਕੇ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜ ਪਿਆਰਿਆਂ ਵਜੋਂ ਅੰਮ੍ਰਿਤ ਛਕਾਉਣ, ਆਪਣੇ ਗੌਰਵਮਈ ਵਿਰਸੇ ਇਤਿਹਾਸ ਤੋਂ ਜਾਣੂ ਹੋਣ ਹਰ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੇ ਕੈਂਪ ਲਗਾਉਣ, ਲਾਇਬਰੇਰੀਆਂ ਕਾਇਮ ਕਰਨ। ਹਰ ਮਾਈ ਭਾਈ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਹੈ, ਆਪਣੀ ਕਿਰਤ ਕਮਾਈ ਦੇ ਦਸਵੰਧ ਵਿਚੋਂ ਆਪਣੇ ਗੌਰਵ-ਮਈ ਇਤਿਹਾਸ ਵਿਰਸੇ ਦਾ ਪ੍ਰਚਾਰ ਘਰ ਘਰ ਕਰਨਾ ਹੈ। ਹਰ ਇਲਾਕੇ ਵਿਚ ਗੁਰਮਤਿ ਪ੍ਰਚਾਰ ਸਭਾ ਸੁਸਾਇਟੀ ਹੋਵੇ; ਇਹ ਪੁਸਤਕ ਆਪਣੇ ਵਲੋਂ ਛਪਵਾ ਕੇ ਵੰਡੀ ਜਾਵੇ ਜਾਂ ਵਧ ਤੋਂ ਵਧ ਮੰਗਵਾ ਕੇ ਪ੍ਰਚਾਰ ਦੇ ਕਾਰਜਾਂ ਵਿਚ ਸਹਿਯੋਗ ਦਿਤਾ ਜਾਵੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ।


ਗੁਰਸਿਖਾਂ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ।

ਆਬਾਦੀ ਗੋਬਿੰਦਪੁਰਾ
ਸ੍ਰੀ ਅੰਮ੍ਰਿਤਸਰ ੧੪੩੧੦੪

ਸਤਨਾਮ ਸਿੰਘ ਐਡਵੋਕੇਟ, ਹੈਪੀ ਨਿਵਾਸ
ਡਾਕਖਾਨਾ ਰੇਅਨ ਸਿਲਕ ਮਿਲਜ਼



ਸੇਵਾ ਅਤੇ ਸਿਮਰਨ ਦੇ ਪੁੰਜ ਬੀਬੀ ਭਾਨੀ ਜੀ
ਪਿਤਾ ਗੁਰੂ ਅਮਰਦਾਸ ਜੀ ਤੋਂ ਆਸ਼ੀਰਵਾਦ ਲੈਂਦੇ ਹੋਏ



ਸ੍ਰੀ ਅੰਮ੍ਰਿਤਸਰ ਵਿਖੇ ਪਹਿਲਾ ਅਨੰਦ ਕਾਰਜ

# ਸ੍ਰੀ ਅੰਮ੍ਰਿਤਸਰ ਵਿਚ ਪਹਿਲਾ ਅੰਨਦ ਕਾਰਜ

ਸ੍ਰੀ ਅੰਮ੍ਰਿਤਸਰ ਵਿਚ ਪਹਿਲਾ ਅਨੰਦ ਕਾਰਜ ਪੰਜ ਵਿਸਾਖ ਸੰਮਤ 1918, 15 ਅਪ੍ਰੈਲ ਸੰਨ 1861 ਸੰਪਨ ਹੋਇਆ ਨਿਰੰਕਾਰੀ ਲਹਿਰ ਦੇ ਦੂਜੇ ਸੰਚਾਲਕ ਸਾਹਿਬ ਦਰਬਾਰਾ ਸਿੰਘ ਜੀ ਥਾਂ ਥਾਂ ਪਧਾਰ ਕੇ ਅਨੰਦ ਵਿਵਾਹ ਦੀ ਮਰਯਾਦਾ ਸਿੱਖਾਂ ਵਿਚ ਪ੍ਰਚਲਤ ਕਰਨ ਦਾ ਉਦਮ ਕਰ ਰਹੇ ਸਨ। ਇਸ ਮਰਯਾਦਾ ਦੀ ਪਹਿਲੀ ਪ੍ਰਦਰਸ਼ਨੀ ਆਪ ਨੇ ਚੇਤਰ ਦੀ ਸੰਗਰਾਦ ਸੰਨ 1855 ਵਾਲੇ ਦਿਨ ਸ੍ਰੀ ਨਿਰੰਕਾਰੀ ਦਰਬਾਰ ਰਾਵਲ ਪਿੰਡੀ ਵਿੱਚ ਕੀਤੀ ਸੀ ਉਸ ਨੂੰ ਅੱਗੇ ਤੋਰਨ ਲਈ ਸਾਹਿਬਾਂ ਦੀ ਪ੍ਰਬਲ ਇਛਾ ਤੇ ਉੱਦਮ ਸੀ। ਉਨਾਂ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਅਨੰਦ ਵਿਵਾਹ ਮਰਯਾਦਾ ਨੂੰ ਸ੍ਰੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤੱਖਤ ਦੇ ਵਿਚਕਾਰਲੇ ਚੌਗਾਨ ਵਾਲੀ ਥਾਂ ਤੇ ਕੀਤਾ ਜਾਵੇ ਤਾਂ ਜੋ ਸਿੱਖ ਜਗਤ ਗੁਰਸਿਖੀ ਦੀ ਇਸ ਮਰਾਯਦਾ ਨੂੰ ਆਪਣੇ ਪਰਿਵਾਰਾਂ ਵਿਚ ਪ੍ਰਚਲਤ ਕਰਨ ਲਈ ਪ੍ਰੇਰੇ ਜਾਣ। ਇਸ ਗਲ ਨੂੰ ਮੁਖ ਰੱਖ ਦੇ ਹੋਏ ਸ੍ਰੀ ਅੰਮ੍ਰਿਤਸਰ ਵਿਸਾਖੀ ਦੇ ਸਮੇਂ ਪੁਜਣ ਦਾ ਵਿਚਾਰ ਬਣਾ ਲਿਆ। ਪਿੰਡ ਬਰਨਾਲੀ ਜ਼ਿਲਾ ਗੁਜਰਾਤ ਦੇ ਨਿਰੰਕਾਰੀ ਗੁਰ ਸਿੱਖਾਂ ਵਲੋਂ ਬਿਨੈ ਪੱਤਰ ਪੁਜਾ ਕਿ ਸਾਹਿਬ ਜੀ ਬਰਨਾਲੀ ਪੁਜ ਕੇ ਉਥੇ ਬੀਬੀ ਮੀਰਾਂ ਦਏ ਸਪੁਤਰੀ ਭਾਈ ਕਰਮ ਸਿੰਘ ਅਤੇ ਬੂਟਾ ਸਿੰਘ ਸਪੁਤਰ ਭਾਈ ਸੂਬਾ ਸਿੰਘ ਭਲਾ ਜਿਹਨਾਂ ਦੀ ਮੰਗਣੀਤਹਿ ਹੋ ਚੁੱਕੀ ਸੀ ਦਾ ਅਨੰਦਵਿਵਾਹ ਮਰਯਾਦਾ ਨਾਲ ਸੰਪਨ ਹੋ ਜੇ ਅਤੇ ਸਾਹਿਬ ਦਰਬਾਰਾ ਸਿੰਘ ਜੀ ਆਪਣੀ ਹਥੀ ਕਰਨ ਪਿੰਡ ਵਿਚ ਇਸ ਵਿਵਾਹ ਦੀ ਹਿੰਦੂ ਸਿਖ ਭਾਈ ਚਾਰੇ ਵਲੋਂ ਬੜੀ ਮੁਖਾਲਫਤ ਹੋ ਰਹੀ ਸੀ। ਸਾਹਿਬ ਦਰਬਾਰਾ ਸਿੰਘ ਜੀ ਵਿਰੋਧਤਾ ਦਾ ਕੋਈ ਭੈ ਨਹੀਂ ਸਨ ਮੰਨਦੇ। ਉਹਨਾਂ ਦਾ ਇਰਾਦਾ ਇਸ ਸੁਭਾਗ ਜੋੜੀ ਦਾ ਵਿਵਾਹ ਗੁਰੂ ਰਾਮਦਾਸ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਦੀ ਹਜੂਰੀ ਵਿਚ ਕਰਨ ਦਾ ਸੀ ਜਿਸ ਕਾਰਨ ਬਰਨਾਲੀ ਦੀ ਸੰਗਤ ਨੂੰ ਰਾਵਲ ਪਿੰਡੀ ਤੋਂ ਗੁਰਸਿੱਖਾਂ ਦੀ ਵਹੀਰ ਨਾਲ ਲੈਣਕ ਲਈ ਪਿੰਡ ਕਾਲਾ ਗੁਜਰਾ ਵਿਚ ਇੱਕਠੇ ਹੋਣ ਦਾ ਸੰਦੇਸ਼ ਭੇਜ ਦਿਤਾ ਸੀ।

ਇਹ ਵਹੀਰ ਬੱਚੇ ਬੱਚੀ ਸਣੇ ਵਿਸਾਖੀ ਜੋ ਉਸ ਵਰਹੇ 11 ਅਪ੍ਰੈਲ ਨੂੰ ਸੀ ਇਕ ਦਿਨ ਪਹਿਲਾਂ ਸ੍ਰੀ ਅੰਮ੍ਰਿਤਸਰ ਪੁਜ ਗਈ। ਵਿਸਾਖੀ ਦੇ ਪੁਰਬ ਦੀ ਰੌਣਕ ਮਗਰੋਂ ਕੁਝ ਮਠੀ ਪੈ ਗਈ ਅਤੇ ਇਸ ਸਮੇਂ ਨੂੰ ਯੋਗ ਸਮਝਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀਆਂ ਭਾਈ ਜਵਾਹਰ

ਸਿੰਘ ਜੀ ਸੈਣੀ, ਭਾਈ ਦੀਵਾਨ ਸਿੰਘ ਜੀ ਬ੍ਰਾਹਮਣ ਅਤੇ ਭਾਈ ਮੱਖਣ ਸਿੰਘ ਜੀ ਭਾਈ ਰੂਪ ਸਿੰਘ ਜੀ ਨਿਰੰਕਾਰੀ ਵਿਦਵਾਨ ਮਿਲੇ ਅਤੇ ਕਈ ਗੋਸ਼ਟੀਆ ਕੀਤੀਆ। ਅੰਤ ਗ੍ਰੰਥੀ ਸਿੰਘਾ ਨੇ ਇਹ ਆਖਕੇ ਕਿ ਉਹ ਪਿਤਾ ਪੁਰਖੀ ਰਵਾਜਾ ਰਸਮਾ ਵਿਚ ਕਿਸੇ ਭਾਂਤ ਦੀ ਦਖਲ ਅੰਦਾਜ਼ੀ ਦੇ ਵਿਰੋਧੀ ਹਨ ਅਤੇ ਇਵੇਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀਆ ਤੇ ਸ੍ਰੀ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਅਨੰਦ ਵਿਵਾਹ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ। ਬਾਬਾ ਦਰਬਾਰਾ ਸਿੰਘ ਜੀ ਵਹੀਰ ਸਹਿਤ ਠਾਕਰ ਦਿਆਲ ਸਿੰਘ ਜੀ ਦੇ ਡੇਰੇ ਜੋ ਚੌਕ ਮੋਨੀ ਵਿਖੇ ਹੈ ਨਿਵਾਸ ਰਖਿਆ ਹੋਇਆ ਸੀ। ਉਥੇ ਉਸ ਸਮੇਂ ਮਹੰਤ ਠਾਕਰ ਗੁਲਾਬ ਸਿੰਘ ਜੀ ਨੂੰ ਸਾਹਿਬਾਂ ਨੇ ਪ੍ਰੇਰ ਲਿਆ ਤੇ ਇਵੇਂ ਇਹ ਪਹਿਲਾ ਅਨੰਦ ਵਿਵਾਹ ਸ੍ਰੀ ਅੰਮ੍ਰਿਤਸਰ ਦੇ ਵਸਨੀਕ ਸਿਖਾਂ ਦੀ ਭਰਪੂਰ ਸੰਗਤਾਂ ਨੇ ਬੜੀ ਹੈਰਾਨੀ ਜਨਕ ਸਿਥਤੀ ਵਿਚ ਸੰਪਨ ਹੁੰਦਾ ਵੇਖਿਆ। ਭਾਈ ਜੀਵਨ ਸਿੰਘ ਜੀ ਮਾਲਕ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾ ਵਾਲੇ ਬਾਜ਼ਾਰ ਮਾਈ ਸੇਵਾ ਵਾਲਿਆ ਨੇ ਲੇਖਕ ਨੂੰ ਇਹ ਜਾਣਕਾਰੀ ਦਿਤੀ ਸੀ ਕਿ ਉਹਨਾਂ ਦੇ ਇਕ ਬਜ਼ੁਰਗ ਨੇ ਇਸ ਅਨੰਦ ਕਾਰਜ ਦੇ ਦ੍ਰਿਸ਼ ਨੂੰ ਆਪਣੀ ਅੱਖੀਂ ਵੇਖਿਆ ਸੀ ਅਤੇ ਇਸ ਵਿਲਖਣ ਮਤਯਾਦਾ ਦੀ ਚਰਚਾ ਸ੍ਰੀ ਅੰਮ੍ਰਿਤਸਰ ਦੇ ਵਸਨੀਕ ਆਪਣੀਆਂ ਦੁਕਾਨਾ, ਘਰਾ ਅਤੇ ਬਾਜ਼ਾਰਾ ਵਿਚ ਕਈ ਦਿਨ ਕਰਦੇ ਰਹੇ।

## ਭਾਈ ਜਸਾ ਸਿੰਘ ਜੀ ਅਰੋੜਾ ਮੁਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਦਿਹਾਂਤ ਸਬੰਧੀ ਚਰਚਾ।

ਭਾਈ ਜਸਾ ਸਿੰਘ ਜੀ ਅਰੋੜਾ ਮੁਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਇਕ ਚੰਗੇ ਗੁਰ ਸਿਖ ਸਜਣ ਸਨ। ਬਾਣੀ ਦੇ ਨਿਤਨੇਮੀ ਪਰ ਪਿਤਾ ਪੁਰਖੀ ਰਸਮਾ ਜੋ ਹਿੰਦੂ ਸਿਖਾਂ ਦੀਆਂ ਸ਼ਾਝੀਆ ਸਨ ਉਸਦੇ ਧਾਰਨੀ ਸਨ। ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਹੁੰਦੇ ਸਨ ਤੇ ਇਹ ਢਾਰੋ ਵਾਰੀ ਆਪਣੀਆਂ ਸੇਵਾਵਾਂ ਤੇ ਹਾਜ਼ਰ ਰਹਿੰਦੇ ਸਨ। ਅੰਮ੍ਰਿਤ ਵੇਲੇ ਦੀ ਸੇਵਾ ਕਰਨ ਮਗਰੋਂ ਭਾਈ ਜਸਾ ਸਿੰਘ ਜੀ ਸ੍ਰੀ ਹਰਮਿੰਦਰ ਤੋਂ ਬਹਾਰ ਪੁਲ ਉਪਰ ਪੁਜੇ ਤਾਂ ਅਚਾਨਕ ਉਹਨਾਂ ਦੇ ਪੇਟ ਵਿਚ ਸੂਲ ਪੈ ਗਿਆ। ਦੋ ਸਿਖਾ ਦੇ ਮੋਢਿਆ ਦਾ ਸਹਾਰਾ ਲੈ ਕੇ ਇਹਨਾਂ ਨੂੰ ਗੁਰੂ ਦੇ ਬਾਗ ਮੰਜੀ ਸਾਹਿਬ ਦੇ ਅਸਥਾਨ ਤੇ ਪਹੁੰਚਾਇਆ ਗਿਆ। ਸਿਖਾ ਨੇ ਉਹਨਾਂ ਨੂੰ ਇਕ ਮੰਜੀ ਲਿਆ ਦਿਤੀ ਜਿਸ ਤੇ ਭਾਈ ਜੀ ਲੇਟ ਗਏ।

ਇਕ ਸਿੰਘ ਹਕੀਮ ਨੂੰ ਬੁਲਾਣ ਗਿਆ ਪਰ ਹਕੀਮ ਦੇ ਪੁਜਣ ਤੋਂ ਪਹਿਲਾ ਹੀ ਭਾਈ ਜੀ ਅਕਾਲ ਚਲਾਣਾ ਕਰ ਗਏ। ਮੰਜੀ ਉਪਰ ਲੇਟੇ ਹੋਏ ਸਰੀਰ ਸ਼ਾਂਤ ਹੋਣ ਦਾ ਚਰਚਾ ਚਲ ਨਿਕਲਿਆ ਕਿ ਭਾਈ ਜੱਸਾ ਸਿੰਘ ਜੀ ਬੇ-ਗਤ ਮਰ ਗਏ ਹਨ। ਉਹਨਾਂ ਨੂੰ ਮੰਜੀ ਤੋਂ ਹੇਠਾ ਉਤਾਰ ਕੇ ਦੀਵਾ ਵਟੀ ਕਰਨੀ ਜਰੂਰੀ ਸੀ, ਨਹੀਂ ਤਾਂ ਪੁੰਪਰਾ ਵਾਦੀਆ ਦੀ ਨਿਗਾਹ ਵਿਚ ਪੁਰਸ਼ ਬੇ-ਗਤਾ ਹੋ ਜਾਂਦਾ ਹੈ ਤੇ ਉਸਦੀ ਕਿਰਿਆ ਕਰਮ ਲਈ ਗੰਗਾ ਜੀ ਜਾਂ ਕਿਸੇ ਵਿਸ਼ੇਸ਼ ਤੀਰਥ ਤੋਂ ਬ੍ਰਾਹਮਣਾਂ ਪਾਸੋਂ ਸਦ-ਗਤੀ ਲਈ ਵਿਸ਼ੇਸ਼ ਕ੍ਰਿਆ ਕਰਮ ਕਰਾਉਣੇ ਪੈਂਦੇ ਹਨ। ਇਹ ਵਾਰਤਾ ਅਸੂ ਸਮੰਤ 1913 ਅਰਥਾਤ ਅਕਤੂਬਰ 1856 ਦੀ ਹੈ। ਸਾਹਿਬ ਦਰਬਾਰਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਪਧਾਰੇ ਹੋਏ ਸਨ। ਉਨ੍ਹਾਂ ਦੀ ਗੁਰਮਤਿ ਸੋਚਣੀ ਭਾਈ ਜਸਾ ਸਿੰਘ ਜੀ ਦੇ ਬੇ-ਗਤ ਮਰਨ ਨੂੰ ਗੁਰਮਤਿ ਵਿਰੋਧੀ ਸਮਝਦੇ ਤੇ ਮੰਨਦੇ ਸਨ। ਇਸ ਦਾ ਨਿਰਣਾ ਕਰਨ ਲਈ ਬਾਬਾ ਦਰਬਾਰਾ ਸਿੰਘ ਜੀ ਪਤਾਸਿਆਂ ਦੇ ਇਕ ਥਾਲ ਉਪਰ ਪੰਜ ਰੁਪਏ ਰਖ ਕੇ ਆਪਣੇ ਛੋਟੇ ਭਾਈ ਸਾਹਿਬ ਰਤਨ ਚੰਦ ਜੀ ਨਾਲ ਅਕਾਲ ਤਖਤ ਸਾਹਿਬ ਪੁਜੇ। ਭਾਈ ਰੂਪ ਸਿੰਘ ਸਾਹਿਬ ਰਤਨ ਚੰਦ ਅਤੇ ਸਾਹਿਬ ਦਰਬਾਰਾ ਸਿੰਘ ਜੀ ਬਾਬਾ ਬਿਕਰਮ ਸਿੰਘ ਜੀ ਬੇਦੀ ਜੋ ਬਾਬਾ ਸਾ ਹਬ ਸਿੰਘ ਜੀ ਬੇਦੀ ਊਨਾ ਵਾਲਿਆ ਦੇ ਸਪੁਤਰ ਸਨ। ਸ੍ਰੀ ਅਕਾਲ ਤਖਤ ਦੇ ਪੁਜਾਰੀ ਤੇ ਮੁਖੀ ਸਨ ਉਹ ਥਾਲ ਬੇਦੀ ਜੀ ਅੱਗੇ ਜਾ ਧਰਿਆ ਤੇ ਆਖਿਆ 'ਮਹਾਰਾਜ ਆਪ ਬੇਦੀ ਅੰਸ਼ ਹੋ ਆਪ ਦਾ ਸਤਿਕਾਰ ਗੁਰੂ ਮਹਾਰਾਜ ਦੇ ਵਜ਼ੀਰ ਦੇ ਤੁਲ ਹੈ। ਸਾਡਾ ਸ਼ੰਕਾ ਨਵਿਰਤ ਕਰਕੇ ਕਿਰਤਾਰਥ ਕਰੋ।'

ਬਾਬਾ ਬਿਕਰਮ ਸਿੰਘ ਜੀ ਨੇ ਅਗੋਂ ਕਿਹਾ "ਭਾਈ ਪਸ਼ੋਰਾ ਸਿੰਘ ਜੀ ਤੁਹਾਡਾ ਕੀ ਸ਼ੰਕਾ ਹੈ ? ਜਿਸਦੀ ਨਿਵਰਤੀ ਚਾਹੁੰਦੇ ਹੋ ?"

ਸਾਹਿਬ ਦਰਬਾਰਾ ਸਿੰਘ ਜੀ ਨੇ ਭਾਈ ਜਸਾ ਸਿੰਘ ਦੀ ਹੋਈ ਵਾਰਤਾ ਆਖ ਸੁਣਾਈ ਤੇ ਆਖਿਆ 'ਮਹਾਰਾਜ ਭਾਈ ਜਸਾ ਸਿੰਘ ਗੁਰੂ ਦਾ ਵਜ਼ੀਰ ਤੇ ਉਸ ਨੇ ਆਪਣੀ ਆਯੂ ਵਿਚ ਨਿਤਨੇਮ ਕੀਤਾ ਸੀ, ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਭੁਜਨ ਕੀਤਾ। ਅੰਤ ਇਹ ਉਸ ਦੇ ਵਸੋਂ ਬਾਹਰ ਸੀ ਕਿ ਉਹ ਮਰਨ ਸਮੇਂ ਮੰਜੀ ਤੋਂ ਉਤਰ ਹੇਠਾ ਧਰਤੀ ਤੇ ਲੇਟ ਕੇ ਆਖਰੀ ਸਵਾਸ-ਲੈਂਦਾ, ਧਰਤੀ ਤੇ ਲੇਟਣ ਨਾਲ ਤਾਂ ਜੀਵ ਦਾ ਉਧਾਰ ਨਹੀਂ ਹੁੰਦਾ ਇਹ ਤਾਂ ਨਾਮ ਜਪਣ ਤੇ ਸਵਛ ਜੀਵਨ ਜੀਉਣ ਨਾਲ ਹੁੰਦਾ ਹੈ ਸਾਹਿਬ ਦਰਬਾਰਾ ਸਿੰਘ ਜੀ ਨੇ ਬਾਣੀ ਦੀਆਂ ਇਕ ਦੋ ਤੁਕਾ ਸੁਣਾਈਆ।

ਨਾਮੁ ਜਪਤਿ ਮਿਟਹਿ ਪਾਪ ਕੋਟਿ (293)
ਨਾਮਿ ਰਤੇ ਕੁਲਾਂ ਕਰਹਿ ਉਧਾਰੁ (1164)
ਰਾਮਦਾਸ ਸਰੋਵਰ ਨਾਤੇ ਸਭਿ ਉਤਰੇ ਪਾਪ ਕਮਾਤੇ।

ਗੁਰਬਾਣੀ ਅਨੁਸਾਰ ਤਾਂ ਪਿਸ਼ੌਰ ਸਿੰਘ ਜੀ (ਬਾਬਾ ਦਰਬਾਰਾ ਸਿੰਘ ਜੀ ਦੀ ਵੰਸ ਪਿਛੋ ਪਿਸੌਵਰ ਦੇ ਨਿਵਾਸੀ ਸਨ। ਜਿਸ ਕਾਰਨ ਬਾਬਾ ਬਿਕਰਮ ਸਿੰਘ ਜੀ ਇਸ ਨਾਮ ਨਾਲ ਉਹਨਾ ਨੂੰ ਪ੍ਰੇਮ ਨਾਲ ਸੰਬੋਧਨ ਕਰਦੇ ਸਨ) 'ਗੁਰਬਾਣੀ ਅਨੁਸਾਰ ਤੁਸੀ ਠੀਕ ਆਖਦੇ ਹੋ' 'ਪਰ ਫਿਰ ਸਿਰ ਨੀਵਾਂ ਕਰਕੇ ਧੀਮੀ ਆਵਾਜ਼ ਵਿਚ ਬੋਲੇ - 'ਸਾਡੇ ਲੋਕਾਂ ਨੂੰ ਸੰਸਾਰੀ ਲੋਕਾਂ ਨਾਲ ਮਿਲ ਕੇ ਸਭ ਕਾਰਜ ਕਰਨੇ ਹਨ।' ਇਹ ਢਿਲੀ ਦਲੀਲ ਸੁਣ ਕੇ ਸ੍ਰੀ ਸਾਹਿਬ ਦਰਬਾਰ ਸਿੰਘ ਜੀ ਨੇ ਥਾਲ ਸਾਹਮਣਿਉ ਚੁਕ ਲਿਆ ਤੇ ਪੰਜ ਰੁਪਏ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਦੇ ਅਰਪਨ ਕਰ ਦਿਤੇ ਤੇ ਪ੍ਰਸ਼ਾਦ ਸੰਗਤ ਵਿਚ ਵੰਡ ਦਿਤਾ। ਉਸ ਸਮੇਂ ਦੇ ਗਰੰਥੀਆ ਸ੍ਰੀ ਅਕਾਲ ਤਖਤ ਤੇ ਬਿਰਾਜਮਾਨ ਵਿਅਕਤੀਆਂ ਦਾ ਗੁਰਸਿਖੀ ਦੀ ਰਹੁ ਰੀਤ ਬਾਰੇ ਕਚਾ ਪਿਲਾ ਵਤੀਰਾ ਸੀ ਜਿਸ ਦਾ ਨਿਰੰਕਾਰੀ ਗੁਰਸਿਖ ਆਗੂਆ ਨੇ ਪੂਰੀ ਤਰ੍ਹਾਂ ਡਟ ਕੇ ਵਿਰੋਧ ਕੀਤਾ ਅਤੇ ਹਰ ਪ੍ਰਕਾਰ ਦੀਆ ਔਕੜਾ ਬਰਦਾਸ਼ਤ ਕੀਤੀਆਂ।

ਫੋਨ ਨੰ: 23021
ਲੇਖਕ ਡਾ: ਮਾਨ ਸਿੰਘ ਨਿਰੰਕਾਰੀ
14 ਡਾਕਟਰ ਐਵੀਨਿਊ
ਸ੍ਰੀ ਅੰਮ੍ਰਿਤਸਰ।

# ਪੰਥ ਦਰਦੀਆਂ ਨੂੰ ਬੇਨਤੀ

ਅਜ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਈਸਾਈ ਮਿਸ਼ਨਰੀ ਕਿਤਨਾ ਲਿਟਰੇਚਰ ਛਾਪ ਕੇ ਸੰਸਾਰ ਵਿਚ ਪ੍ਰਚਾਰ ਕਰਦੇ ਹਨ, ਪਰ ਪਿਛਲੇ 44 ਸਾਲਾਂ ਤੋਂ ਅਖੌਤੀ ਪੰਥਕ ਲੀਡਰਾਂ ਦੀ ਹਾਲਤ ਵੇਖੀ ਜਾਵੇ ਕਿ ਇਹ ਧਰਮ ਪ੍ਰਚਾਰ ਦੇ ਸਾਰੇ ਫੰਡ ਆਪਣੀਆਂ ਅਲਕਸ਼ਨਾ ਵਾਸਤੇ ਕਿਸ ਤਰ੍ਹਾਂ ਨਸ਼ਟ ਕਰਦੇ ਹਨ; ਕਿ ਕੌਮ ਦਾ ਵਕਾਰ ਹੀ ਖਤਮ ਕਰ ਦਿਤਾ ਹੈ। ਪੰਥ ਦਾ ਮਾਲਕ ਅਕਾਲ ਪੁਰਖ ਹੈ, ਹਰ ਮਾਈ ਭਾਈ ਨੂੰ ਆਪਣੇ ਧਰਮ, ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਚਾਰ ਵਲ ਵਧ ਤੋਂ ਵੱਧ ਸਹਿਯੋਗ ਦੇਣ ਦੀ ਲੋੜ ਹੈ ਤਾਂ ਹੀ ਗੁਰੂ ਦਾ ਪ੍ਰਚਾਰ ਘਰ ਘਰ ਹੋ ਸਕਦਾ ਹੈ ਜੀ।

ਸਿੱਖ ਧਰਮ ਦੀ ਵਡ-ਮੂ ਲੀ ਇਤਿਹਾਸਕ ਡਾਇਰੈਕਟਰੀ ਸਬੰਧੀ ਵਖ ਵਖ ਪ੍ਰਸਿਧ ਵਿਦਵਾਨਾਂ, ਸੰਤਾਂ ਮਹੰਤਾਂ, ਮਿਸ਼ਨਰੀਆਂ, ਮਹਾਂਪੁਰਸ਼ਾਂ, ਪੰਥਕ ਜਥੇਬੰਦੀਆਂ ਅਤੇ ਗੁਰਮਤਿ ਪ੍ਰਚਾਰ ਨਾਲ ਸਬੰਧਤ ਅਨੇਕਾਂ ਸਭਾ ਸੁਸਾਇਟੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਲੇਖਕ ਨੂੰ ਸਨਮਾਨ ਸਿਰਪਾਉ ਭੇਟ ਕਰਕੇ ਭਰਪੂਰ ਪ੍ਰਸ਼ੰਸਾ ਕੀਤੀ, ਕੁਝ ਪਤਰ ਨਿਮਨ ਅਨੁਸਾਤ ਹਨ :-

ਪਿਆਰੇ ਸਰਦਾਰ ਸਾਹਿਬ,

ਆਪ ਦਾ ਪੱਤਰ ਮਿਤੀ 19-3-91 ਅਤੇ ਇਸ ਦੇ ਨਾਲ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ ਮਿਲੀ ਹੈ। ਇਸ ਬਹੁ-ਮੁੱਲੀ ਸੋਗਾਤ ਲਈ ਮੈਂ ਆਪ ਦਾ ਤਹਿ ਦਿਲੋਂ ਧੰਨਵਾਦੀ ਹਾਂ। ਆਪ ਦੇ ਵਿਸ਼ਾਲ ਅਧਿਐਨ, ਡੂੰਘੀ ਲਗਨ ਅਤੇ ਸਖਤ ਮਿਹਨਤ ਦੀ ਇਹ ਪੁਸਤਕ ਮੂੰਹ ਬੋਲਦੀ ਤਸਵੀਰ ਹੈ। ਸਿੱਖ, ਭਾਰਤ ਅਤੇ ਵਿਸ਼ਵ ਇਤਿਹਾਸ ਵਿਚ ਪਿਛਲੇ 500 ਸਾਲਾਂ ਦੌਰਾਨ ਵਾਪਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਘਟਨਾਵਾਂ ਨੂੰ ਬਹੁਤ ਅੱਛੀ ਤਰਤੀਬ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਇਸ ਵਿਚ ਸਮੋਇਆ ਗਿਆ ਹੈ। ਪੰਜਾਬ ਅਤੇ ਸਿੱਖ ਹਿਤਾਂ ਪ੍ਰਤੀ ਆਪ ਦੀ ਸਿੱਕ ਅਤੇ ਤੜਪ ਥਾਂ ਪੁਰ ਥਾਂ ਵਿਖਾਈ ਦਿੰਦੀ ਹੈ।

ਇਸ ਵਿਦਵਤਾ ਭਰਪੂਰ ਪ੍ਰਕਾਸ਼ਨ ਲਈ ਮੈਂ ਆਪ ਨੂੰ ਵਧਾਈ ਦਿੰਦਾ ਹਾਂ। ਕਿਸੇ ਸਮੇਂ ਮੇਲ ਹੋਣ ਤੇ ਇਸ ਦੇ ਕੁਝ ਪੱਖਾਂ ਬਾਰੇ ਤੁਹਾਡੇ ਨਾਲ ਵੀਚਾਰ ਸਾਂਝੇ ਕਰਕੇ ਮੈਨੂੰ ਪ੍ਰਸੰਸਾ ਹੋਵੇਗੀ। ਸਤਿਕਾਰ ਸਹਿਤ।

ਆਪ ਦਾ ਹਿਤੂ
(ਸੁਰਜੀਤ ਸਿੰਘ ਮਿਨਹਾਸ)
ਸਪੀਕਰ ਪੰਜਾਬ ਵਿਧਾਨ ਸਭਾ,
ਚੰਡੀਗੜ।

22-3-91

ਸਰਦਾਰ ਸਤਨਾਮ ਸਿੰਘ ਖਾਲਸਾ ਐਡਵੋਕੇਟ,

ਵਾਹਿਗੁਰੂ ਜੀ ਕਾ ਖਾਲਸਾ ਵਹਿਗੁਰੂ ਜੀ ਕੀ ਫ਼ਤਹਿ

ਆਪ ਜੀ ਵਲੋਂ ਇਸ ਨਾਜ਼ਕ ਸਮੇਂ ਵਿਚ ਬਾਹਰਲੇ ਦੇਸ਼ਾਂ ਦੇ ਲੇਖਕਾਂ ਵਲੋਂ ਸਿਖ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਸਬੰਧੀ ਜੋ ਅਧਿਐਨ ਕੀਤਾ ਜਾ ਰਿਹਾ ਹੈ ਅਤੇ ਆਪ ਉਸ ਵਿਰੁੱਧ ਦ੍ਰਿੜਤਾ ਨਾਲ ਜੋ ਸਟੈਂਡ ਲੈ ਰਹੇ ਹੋ ਅਤੇ ਖਾਲਸਾ ਪੰਥ ਨੂੰ ਇਨ੍ਹਾਂ ਗਲਤ ਲਿਖਤਾਂ ਸਬੰਧੀ ਜਾਣੂ ਕਰਾਉਣ ਦਾ ਹਰ ਯਤਨ ਕਰ ਰਹੇ ਹੋ, ਉਸ ਲਈ ਖਾਲਸਾ ਪੰਥ ਆਪ ਜੀ ਦਾ ਅਭਾਰੀ ਰਹੇਗਾ।

ਖਾਲਸਾ ਪੰਥ ਆਪ ਜੀ ਵਲੋਂ ਕੀਤੇ ਜਾ ਰਹੇ ਇਸ ਮਹਾਨ ਉਦਮ ਲਈ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹੈ ਅਤੇ ਜੋ ਸਿੱਖ ਇਤਿਹਾਸ ਸਬੰਧੀ ਆਪ ਜੀ ਨੇ ਸਾਨੂੰ ਡਾਇਰੈਕਟਰੀ ਭੇਜੀ ਹੈ ਉਸ ਲਈ ਅਸੀਂ ਆਪ ਜੀ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਜਸਟਿਸ ਆਰ. ਐਸ. ਨਰੂਲਾ
ਡੀਫੈਂਸ ਕਲੋਨੀ, ਦਿਲੀ-24

9 ਅਪਰੈਲ, 1991

Respected S. Satnam Singh Ji Khalsa,

Waheguru Ji Ka Khalsa, Waheguru Ji Ki Fateh

I am in receipt of Book "SRI AMRITSAR JEE DE DARSHAN ISHNAN & 500 SALAN DI ITHASIK DIRECTORY". I am extremely happy to go through the contents of this religious book which is very meaningful and informative.

As regards the calendar sample sent by you, this is for your information that I have instructed the department concerned to do the needful immediately. With kind regards.

Yours Sincerely,

5-4-91

(Raja Singh)
TEXLA TELEVISION

My dear S. Satnam Singh Khalsa

Justice R. S. Narula has handed over a copy of ITHASAK DIRECTORY of the last 500 years to me.

You have done a wonderful work and it will serve a very useful and constructive purpose and will be a guide to all scholars for reference purposes. Kindly send me 10 copies of the same as early as possible. Again thanking you and lauding your magnificent efforts in this direction.

Yours Sincerely


8 April, 1991

Mehtab Singh
Hindustan Refrigeration Stores
Darya Ganj, Delhi-2

Dear S. Satnam Singh Jee,

Those nations who do not keep the historical facts of theirs alive & upto date, their existances get lost in the dust and din of time. Sikh nation has a past which no one can compete, it is replete with acts of bravery & selfless sacrifices and Sewa Simran throughout the world. We have produced some of the greatest Martyrs of time.

There was indeed a great requirement for the compilation of datewise happenings which directly and indirectly affected the sikh nation. You have definately done a very great service to the nation by producing the book "500 Salan Di Itihasak Directory" Undoubtedly lot of hard work and time has been consumed in its production beside the money.



ਮਹੰਤ ਤੀਰਥ ਸਿੰਘ ਜੀ ਵਲੋਂ ਸਨਮਾਨ

ਸ੍ਰੀ ਐਸ ਕੇ ਆਹਲੂਵਾਲੀਆ ਵਲੋਂ ਸਨਮਾਨ

I have gone through every line of this book and have fully realised the efforts you have put in with all the dedication to the cause. Me & my wife ( Dr. Mrs Sukhjit Gill) fully appreciate the contents & we do pray to Waheguruji to give more & more incentive and strength to add more facts to this excelent compilation and specially bring out the doings of these (specially Sikhs) who have done & are causing the irreparable damage to the Sikh cause.

We wish you all the luck. Please convey our love, affection, regards & respect to Bhagat Puran Singh Jee also.

Yours Sincerely

17-5-91

Col. Jamsher Singh Gill
Dr. Sukhjit Kaur Gill

1147, Sector 15-B,
CHANDIGARH

Racy narrative explores the corridors of five centuries to trace notable events, historical and theological, relating to the inception and development of the holy city of Amritsar. Profusely illustrated the book takes the reader gently, from the early days of discovery of the sacred pool by a cripple restored to normalcy at Dukh Bhanjani, to the laying of Harmendir Sahib's corner stone by the Sufi saint Mian Mir, the diabolical desecration by Masa Ranghar to the storming of the shrine during the infamous operation Blue Star. Tumultuous times are recollected in brief references in the fashion of beginner's encyclopaedia. Useful as a handy book of reference, reasonably priced for the production values offered.

Saran Singh I A S.
The Sikh Review Calcutta-16

ਪਿਆਰੇ ਸਤਨਾਮ ਸਿੰਘ ਗੁਰ ਫ਼ਤਹਿ

ਤੁਹਾਡੇ ਵਲੋਂ ਸਿੱਖ ਧਰਮ ਦੀ ਮਹਾਨਤਾ ਦਰਸਾਉਣ ਵਾਲੀ ਵਡ-ਮੁੱਲੀ ਇਤਿਹਾਸਕ ਡਾਇਰੈਕਟਰੀ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਮਿਲੀ ਹੈ, ਪੜ੍ਹ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਤੁਸਾਂ ਕਰੜੀ ਮਿਹਨਤ, ਖੋਜ ਨਾਲ ਸਿਖ ਧਰਮ ਦੇ ਇਤਿਹਾਸ ਨੂੰ ਬੜੀ ਦਲੇਰੀ ਅਤੇ ਹੌਂਸਲੇ ਨਾਲ ਲਿਖ ਕੇ ਸਿਖ ਜਗਤ ਦੀ ਜਾਣਕਾਰੀ ਵਾਸਤੇ ਇਤਨੀ ਵਡੀ ਪੁਸਤਕ ਕੇਵਲ ਲਾਗਤ ਖਰਚ ਤੇ ਦੇ ਰਹੇ ਹੋ, ਹਰ ਮਾਈ ਭਾਈ ਦਾ ਫ਼ਰਜ ਬਣਦਾ ਹੈ, ਉਹ ਤੁਹਾਡੇ ਇਸ ਉਦਮ ਵਿਚ ਸਹਿਯੋਗ ਦੇ ਕੇ ਗੁਰੂ ਦੇ ਪ੍ਰਚਾਰ ਵਿਚ ਹਿਸਾ ਪਾਵੇ ।

ਗੁਰਚਰਨ ਸਿੰਘ ਟੌਹੜਾ
ਸਾਬਕਾ ਪ੍ਰਧਾਨ ਸ਼੍ਰੋ. ਗੁ. ਪ੍ਰ. ਕਮੇਟੀ

ਅੱਜ ਹਰ ਕੋਈ ਵਧ ਤੋਂ ਵਧ ਧਨ ਕਮਾਉਣ ਸੰਸਾਰ ਦੇ ਸੁਖ ਸਾਧਨ ਜੁਟਾਉਣ ਵਿਚ ਰੁਝਿਆ ਹੋਇਆ ਹੈ, ਪਰ ਤੁਸਾਂ ਆਪਣਾ ਜੀਵਨ ਆਪਣੀ ਕਿਰਤ ਕਮਾਈ, ਪੈਨਸ਼ਨ ਤਨ ਮਨ ਧਨ ਸਭ ਸਉਂਪ ਗੁਰ ਕੋ ਇਕ ਸੱਚੇ ਸੇਵਕ ਦੀ ਨਿਆਈਂ ਸਿਖ ਧਰਮ ਦੀ ਵਿਲਖਣਤਾ ਨੂੰ ਨਿਖਾਰ ਕੇ ਸਿਖ ਜਗਤ ਦੇ ਸਾਹਮਣੇ ਇਕ ਪੁਸਤਕ ਦੇ ਰੂਪ ਵਿਚ ਪੇਸ਼ ਕਰ ਦਿਤਾ ਹੈ। ਮੈਂ ਸਿੱਖ ਧਰਮ ਪ੍ਰਚਾਰ ਨਾਲ ਸਬੰਧਤ ਸੰਸਥਾਵਾਂ ਸਕੂਲਾਂ, ਕਾਲਜਾਂ ਦੇ ਪ੍ਰਬੰਧਕਾਂ ਖਾਸ ਕਰਕੇ ਬਾਰ ਕੌਂਸਲ ਦੇ ਮੈਂਬਰਾਂ ਨੂੰ ਪੁਰਜ਼ੋਰ ਸ਼ਬਦਾਂ ਵਿਚ ਬੇਨਤੀ ਕਰਦਾ ਹਾਂ ਕਿ ਤੁਹਾਡੀ ਘਾਲ ਕਮਾਈ ਦਾ ਸਨਮਾਨ ਕਰਦੇ ਹੋਏ ਲਾਭ ਉਠਾਉਣ।

2 ਮਾਰਚ 91

ਪੂਰਨ ਸਿੰਘ ਹੁੰਦਲ ਐਡਵੋਕੇਟ
ਮੈਂਬਰ ਬਾਰ ਕੌਂਸਲ, ਚੰਡੀਗੜ

ਤੁਸਾਂ ਸਾਨੂੰ ਨੌਜਵਾਨਾਂ ਨੂੰ ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾ ਕੇ ਸਮੁੱਚੀ ਕੌਮ ਨੂੰ ਆਉਣ ਵਾਲੇ ਖਤਰਿਆਂ ਤੋਂ ਵੀ ਸੁਚੇਤ ਕੀਤਾ ਹੈ, ਤੁਹਾਡੇ ਵਰਗੇ ਸੂਝਵਾਨ ਵਿਦਵਾਨਾਂ ਦਾ ਕੌਮ ਵਲੋਂ ਜਿਤਨਾ ਵੀ ਸਨਮਾਨ ਕੀਤਾ ਜਾਵੇ ਯੋਗ ਹੈ। ਅਸੀਂ ਅਕਾਲ ਪੁਰਖ ਅਗੇ ਅਰਦਾਸ ਕਰਦੇ ਹਾਂ ਕਿ ਤੁਹਾਡੀ ਕਲਮ ਵਿਚ ਸੱਚ ਨੂੰ ਬਿਆਨ ਕਰਨ ਲਈ ਹੋਰ ਸ਼ਕਤੀ ਬਖਸ਼ੇ।

18 ਮਾਰਚ 91

ਰਜਿੰਦਰ ਸਿੰਘ ਮਹਿਤਾ
ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ
87–ਰਾਣੀ ਕਾ ਬਾਗ, ਅੰਮ੍ਰਿਤਸਰ।

ਤੁਹਾਡੇ ਅੰਦਰ ਆਪਣੇ ਧਰਮ ਦੀ ਮਹਾਨਤਾ ਦਰਸਾਉਣ ਲਈ ਤੜਪ ਹੈ ਪਿਛਲੇ 500 ਸਾਲ ਦੇ ਹਰ ਪੱਖ ਨੂੰ ਪੂਰੀ ਤਨਦੇਹੀ ਨਾਲ ਘੋਖ ਕੇ ਰੂਪਮਾਨ ਕਰ ਦਿਤਾ ਹੈ। ਦੁਖ ਹੈ ਕਿ ਸਾਡੇ ਰਾਜ ਅਭਿਮਾਨੀ ਹੰਕਾਰੀ ਲੀਡਰ ਆਪਸ ਵਿਚ ਪੰਥਕ ਏਕਤਾ ਹੀ ਨਹੀਂ ਕਰਦੇ, ਧਰਮ ਪ੍ਰਚਾਰ ਦੇ ਸਾਰੇ ਫ਼ੰਡ ਰਾਜ ਕਰੇਗਾ ਖਾਲਸਾ ਦੇ ਲਕਸ਼ ਨੂੰ ਪੂਰਾ ਕਰਨ ਵਾਸਤੇ ਨਾਮ ਸਿਮਰਨ, ਅੰਮ੍ਰਿਤ ਛਕਾਉਣ, ਗੁਰਮਤਿ ਦਾ ਲਿਟਰੇਚਰ ਛਪਵਾ ਕੇ ਵੰਡਣ, ਗਰੀਬਾਂ ਅਨਾਥਾਂ ਦੀ ਸੇਵਾ ਕਰਨ ਦੀ ਬਜ਼ਾਏ, ਆਪਣੀਆਂ ਇਲੈਕਸ਼ਨਾਂ, ਪ੍ਰੈਸ ਰਿਪੋਰਟਰਾਂ, ਬਿਆਨ ਬਾਜੀਆਂ, ਇਸ਼ਤਿਹਾਰ ਬਾਜੀ, ਟੈਲੀਫੋਨ ਕਾਲਾਂ, ਪੈਟਰੋਲ ਫੂਕਨ, ਸ਼ਰਾਬ ਵਿਸਕੀਆਂ ਪ੍ਰਚਾਰ ਰੈਲੇ ਵਲ ਨਸ਼ਟ ਕਰਕੇ ਲੜ ਮਰ ਰਹੇ ਹਨ, ਅਜਿਹੇ ਨਾਮ ਬਾਣੀ ਸੇਵਾ ਸਿਮਰਨ ਕੁਰਬਾਨੀ ਦੀ ਭਾਵਨਾ ਤੋਂ ਸਖਣੇ, ਲੀਡਰਾਂ ਤੋਂ ਧਰਮ ਪ੍ਰਚਾਰ ਦੀ ਕੀ ਆਸ ਕੀਤੀ ਜਾ ਸਕਦੀ ਹੈ। ਗੁਰੂ ਸੁਮਤ ਬਖਸ਼ੇ।

19 ਮਾਰਚ 91

ਗੁਰਬਖਸ਼ ਸਿੰਘ ਚੇਅਰਮੈਨ
ਗੁਰਮਤਿ ਮਿਸ਼ਨਰੀ ਮਖਦੂਮਪੁਰਾ, ਜਲੰਧਰ।

# ਸੇਵਾ ਸੁਸਾਇਟੀ ਅਤੇ ਗੁਰਮਤਿ ਪ੍ਰਚਾਰ

ਸੇਵਾ ਸੁਸਾਇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਿਸ ਦਾ ਨਾਮ ਮੌਜੂਦਾ ਸਮੇਂ ਸੇਵਾ ਸੁਸਾਇਟੀ ਸ੍ਰੀ ਅੰਮ੍ਰਿਤਸਰ ਰਖਿਆ ਗਿਆ ਹੈ। ਸ੍ਰੀ ਅੰਮ੍ਰਿਤਸਰ ਦਾ ਪਵਿੱਤਰ ਨਗਰ ਸੇਵਾ ਸਿਮਰਨ ਅਤੇ ਮੁਕਤੀ ਪ੍ਰਾਪਤ ਕਰਨ ਦਾ ਕੇਂਦਰ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ, ਪਰਕਰਮਾਂ, ਹੋਰ ਪਵਿੱਤਰ ਗੁਰਧਾਮਾਂ ਦੇ ਸੰਗਮਰਮਰ ਦੇ ਫਰਸ਼ਾਂ, ਕਲਸ, ਦਰਵਾਜ਼ਿਆਂ ਉਪਰ ਲਗੇ ਸੋਨੇ, ਚਾਂਦੀ ਅਤੇ ਪਿਤਲ ਦੇ ਪੱਤਰਿਆਂ ਦੀ ਸਫਾਈ, ਧੁਲਾਈ ਅਤੇ ਪਾਲਸ਼ ਕਰਨ ਦੀ ਸੇਵਾ ਕਰਨ ਦੇ ਕਾਰਜ ਕਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਸੁਸਾਇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਿਤੀ 23 ਜੁਲਾਈ 1961 ਐਤਵਾਰ, ਅਰਦਾਸ ਕਰਕੇ ਕਾਇਮ ਕੀਤੀ ਗਈ। ਸ: ਮਨੋਹਰ ਸਿੰਘ ਮਿਸ਼ਰੀ ਬਾਜ਼ਾਰ ਵਾਲੇ ਪ੍ਰਧਾਨ ਥਾਪੇ ਗਏ। ਇਸ ਸੁਸਾਇਟੀ ਦੇ ਮੈਂਬਰ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਲਾਹੀ ਗੁਰਬਾਣੀ ਸਰਵਨ ਕਰਦੇ ਗੁਰੂ ਦਰਬਾਰ ਦਾ ਆਲਾ-ਦੁਆਲਾ ਸਾਫ਼ ਸੁਥਰਾ ਰਖਣ ਦੀ ਸੇਵਾ ਕਰਦੇ ਹਨ। ਵਖ ਵਖ ਗੁਰਧਾਮਾਂ ਦੇ ਪਵਿੱਤ੍ਰ ਸਰੋਵਰਾਂ ਦੀ ਸਫ਼ਾਈ ਕਾਰ ਸੇਵਾ ਸਿਮਰਨ ਕਰਕੇ ਕੀਤੀ ਜਾਂਦੀ ਹੈ। ਇਸ ਸੁਸਾਇਟੀ ਵਲੋਂ ਗੁਰਦੁਆਰਾ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਵਿਖੇ ਮਹਾਨ ਕਾਰ ਸੇਵਾ ਮਿਤੀ 20 ਜੂਨ 1965 ਨੂੰ ਕੀਤੀ ਗਈ। ਗੁ: ਗੁਰੂ ਕਾ ਬਾਗ ਅਜਨਾਲਾ ਰੋਡ ਦੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਮਿਤੀ 12 ਮਈ 1966 ਨੂੰ ਕੀਤੀ ਗਈ।

ਗੁਰਬਾਣੀ ਦਾ ਘਰ ਘਰ ਅੰਦਰ ਪਾਠ ਕਰਨ ਦੀ ਸੇਵਾ ਸੰਨ 1966 ਤੋਂ 1980 ਤਕ 15 ਸਾਲ ਲਗਾਤਾਰ ਹਫ਼ਤਾਵਾਰੀ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ, ਘਰ ਘਰ ਜਾ ਕੇ ਸ਼ੁਧ ਪਾਠ ਕਰਨ ਦੇ ਕਾਰਜ ਕੀਤੇ ਗਏ, ਸੈਂਕੜੇ ਪਰਵਾਰਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਇਲਾਹੀ ਸ਼ਬਦ ਕੀਰਤਨ ਦਰਬਾਰ ਸਜਾਏ ਜਾਂਦੇ, ਸੈਂਕੜੇ ਬੱਚੇ ਬੱਚੀਆਂ ਨੂੰ ਸ਼ਬਦ ਕੀਰਤਨ ਲਈ ਪ੍ਰੇਰਤ ਕੀਤਾ ਗਿਆ, ਸਿਟੇ ਵਜੋਂ ਅਨੇਕਾਂ ਅਖੰਡ ਪਾਠ, ਸ਼ਬਦ ਕੀਰਤਨ ਅਤੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਕਾਇਮ ਹੋ ਗਈਆਂ। ਗੁਰਮਤਿ ਪ੍ਰਚਾਰ ਹੋਣ ਲਗਾ।

ਸੁਸਾਇਟੀ ਵਲੋਂ 1968 ਤੋਂ ਹਰ ਪੂਰਨਮਾਸ਼ੀ ਦੀ ਰਾਤ ਨੂੰ ਭਾਰੀ

ਕੀਰਤਨ ਦਰਬਾਰ ਕਰਵਾਏ ਜਾਣ ਲਗੇ ਅਤੇ ਇਹ ਸਿਲਸਿਲਾ 1980 ਤਕ ਏੜੇ ਪ੍ਰਭਾਵਸ਼ਾਲੀ ਢੰਗ ਨਾਲ ਚਲਦਾ ਰਿਹਾ।

ਸਾਲ 1971 ਤੋਂ ਦਾਮ ਬਾਗ ਗਾਰਡਨ ਦੇ ਖੁਲੇ ਪੰਡਾਲ ਵਿਚ ਭਾਰੀ ਕੀਰਤਨ ਦਰਬਾਰ ਆਯੋਜ ਹੋਏ। ਜਿਸ ਵਿਚ 50 ਹਜ਼ਾਰ ਤੋਂ ਵਧ ਸੰਗਤਾਂ ਗੁਰੂ ਜਸ ਸਰਵਨ ਕਰਦੀਆਂ ਰਹੀਆਂ ਇਹਨਾਂ ਕੀਰਤਨ ਦਰਬਾਰਾਂ ਵਿਚ ਪੁਜਣ ਲਈ ਸਪੈਸ਼ਲ ਬੱਸਾਂ ਦਾ ਪ੍ਰਬੰਧ ਕੀਤਾ ਜਾਂਦਾ ਸੀ।

14 ਜੂਨ 1977 ਨੂੰ ਸ੍ਰੀ ਅੰਮ੍ਰਿਤਸਰ ਦੇ 400 ਸਾਲਾ ਸਥਾਪਨਾ ਦਿਵਸ ਦੇ ਸਬੰਧ ਵਿਚ ਭਾਰੀ ਕੀਰਤਨ ਦਰਬਾਰ ਦੀਵਾਨ ਅਸਥਾਨ, ਮੰਜੀ ਸਾਹਿਬ ਵਿਖੇ ਕਰਵਾਏ ਗਏ।

ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਦੇ ਬਰਾਂਡਿਆਂ ਵਿਚ ਸੰਗਤਾਂ ਦੀ ਸਹੂਲਤ ਵਾਸਤੇ ਛੱਤ ਵਾਲੇ 107 ਪਖੇ ਲਗਵਾਏ ਗਏ।

ਸੁਸਾਇਟੀ ਦੇ ਮੈਂਬਰ, ਹਰ ਗੁਰਪੁਰਬ ਸਮੇਂ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਇਲਾਹੀ ਸ਼ਬਦ ਕੀਰਤਨ ਕਰਕੇ ਹਾਜ਼ਰੀਆਂ ਭਰਦੇ ਰਹੇ। ਸ੍ਰੀ ਗੁਰੂ ਅਮਰ ਦਾਸ ਜੀ ਦੇ 500 ਸਾਲਾ ਅਵਤਾਰ ਪੁਰਬ ਸਮੇਂ ਮਿਤੀ 10 ਮਈ 1979 ਨੂੰ ਨਗਰ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਤੋਂ ਚਲ ਕੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਭਾਰੀ ਰੌਣਕਾਂ ਨਾਲ ਪਹੁੰਚਿਆ, ਸਾਰੇ ਰਸਤੇ ਹਵਾਈ ਜਹਾਜ਼ ਰਾਹੀਂ ਫੁਲਪਤੀਆਂ ਦੀ ਵਰਖਾ ਕਰਵਾਈ ਗਈ। ਸੁਸਾਇਟੀ ਦੇ ਮੈਂਬਰ ਭਾਰਤ ਵਿਚਲੇ ਹੋਰਨਾਂ ਗੁਰਧਾਮਾਂ ਦੀ ਯਾਤਰਾ ਅਤੇ ਪਾਕਿਸਤਾਨ ਵਿਚਲੇ ਪਵਿੱਤਰ ਗੁਰਧਾਮਾਂ ਦੀ ਯਾਤਰਾ ਕਰਕੇ ਉਨ੍ਹਾਂ ਗੁਰਧਾਮਾਂ ਵਿਖੇ ਵੀ ਸੇਵਾ ਕਰਦੇ ਹਨ। ਗੁਰਬਾਣੀ ਪ੍ਰਚਾਰ ਸੁਸਾਇਟੀ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਦੋ ਹਜ਼ਾਰ ਗੁਟਕੇ, ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਸੂਰਮਾ ਆਸ਼ਰਮ ਦੇ ਨੇਤਰਹੀਨਾਂ ਦੀ ਸਹੂਲਤ ਵਾਸਤੇ ਬਰੇਲ ਭਾਸ਼ਾ ਵਿਚ ਤਿਆਰ ਕਰਵਾ ਕੇ ਭੇਟਾ ਕੀਤੇ ਗਏ।

ਸਿੱਖ ਧਰਮ ਦੇ ਇਤਿਹਾਸ ਦਾ ਪ੍ਰਚਾਰ ਘਰ ਘਰ ਕਰਨ ਵਾਸਤੇ ਉਚ ਕੋਟੀ ਦੇ ਵਿਦਵਾਨਾਂ ਤੋਂ ਲੇਖ ਲੈ ਕੇ, ਸੁੰਦਰ ਸੋਵੀਨਾਰ ਛਪਵਾ ਕੇ ਵੰਡੇ ਗਏ, ਜੋ ਇਸ ਪ੍ਰਕਾਰ ਹਨ :—

1 ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ
2 ਬੈਠਾ ਸੋਢੀ ਪਾਤਸ਼ਾਹ ਰਾਮ ਦਾਸ ਸਤਿਗੁਰੁ ਕਹਾਵੈ
3 ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

4 ਭੁਲੇ ਅਮਰ ਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ
5 ਡਿਠੇ ਸਭੇ ਥਾਵ ਨਹੀ ਤੁਧ ਜੇਹਿਆ
6 ਤੇਗ ਬਹਾਦਰ ਸਿਮਰੀਏ ਘਰ ਨਉ ਨਿਧਿ ਆਵੈ ਧਾਇ
7 ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ
8 ਹਰਿਮੰਦਰ ਹਰਿ ਜੂ ਸਾਜਿਆ

**ਅੰਮ੍ਰਿਤ ਸੰਚਾਰ** :— ਹਰ ਕੀਰਤਨ ਦਰਬਾਰ ਮੇਂ ਸੰਤਾਂ ਮਹਾਪੁਰਸ਼ਾਂ ਦੇ ਸਹਿਯੋਗ ਨਾਲ ਇਲਾਕੇ ਦੀਆਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਨ ਦਾ ਪ੍ਰਚਾਰ ਕੀਤਾ ਗਿਆ ਅਤੇ ਵਖ-ਵਖ ਪ੍ਰੋਗਰਾਮਾ ਮੇਂ 092 ਪ੍ਰਾਣੀਆਂ ਨੂੰ ਮਿਤੀ 19 ਅਗਸਤ 1973 ਨੂੰ ਪਿੰਡ ਤੁੰਗਾਂ ਵਿਖੇ, 1013 ਪ੍ਰਾਣੀਆ ਨੂੰ ਗੁਰਦੁਆਰਾ ਨਾਨਕਸਰ, ਜਗਰਾਉਂ ਵਿਖੇ, 41 ਪ੍ਰਾਣੀਆਂ ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ 16 ਪ੍ਰਾਣੀਆਂ ਨੂੰ ਸ੍ਰੀ ਹੇਮ ਕੁੰਟ ਦੇ 12 ਯਾਤਰੂਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਕੇ ਸਿੰਘ ਸਜਾਇਆ ਗਿਆ।

**1984 ਦੇ ਪੀੜਤ ਪਰਵਾਰਾਂ ਨੂੰ ਮਾਲੀ ਸਹਾਇਤਾ** :— ਪੀੜਤ ਪਰਿਵਾਰਾਂ ਨੂੰ ਸਿਲਾਈ ਮਸ਼ੀਨਾਂ, ਤੇਲ, ਸਾਬਨ ਆਦਿ ਦਿਤਾ ਗਿਆ, ਰੋਜ਼ਾਨਾ ਅਜੀਤ ਜਲੰਧਰ ਦੇ ਫੰਡ ਵਿੱਚ 32 ਹਜ਼ਾਰ ਰੁਪਏ ਦਿਤੇ ਗਏ, ਸੰਤ ਮਖਣ ਸਿਘ ਜੀ ਦੇ ਫੰਡ ਵਿੱਚ 4265 ਰੁਪਏ ਦਿਤੇ ਗਏ।

**ਮੈਡੀਕਲ ਕੈਂਪ** :— ਆਮ ਗਰੀਬ ਲੋਕਾਂ ਨੂੰ ਡਾਕਟਰੀ ਸਹੂਲਤਾਂ ਦੇਣ ਵਾਸਤੇ ਵਖ-ਵਖ ਪ੍ਰਕਾਰ ਦੇ ਰੋਗੀਆਂ ਵਾਸਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਵਖ-ਵਖ ਅਸਥਾਨਾਂ, ਸਕੂਲਾਂ ਵਿਖੇ 26 ਮੈਡੀਕਲ ਕੈਂਪ ਲਗਾ ਕੇ ਅੱਖਾਂ ਦੇ ਟੈਸਟ, ਉਪਰੇਸ਼ਨ ਕਰਵਾ ਕੇ ਚਾਹ ਰੋਟੀ ਲੰਗਰ, ਦਵਾਈਆਂ ਪਟੀਆਂ, ਐਨਕਾਂ ਲਗਵਾਉਣ ਦੇ ਪ੍ਰਬੰਧ ਵੀ ਕੀਤੇ ਗਏ। ਨਕ, ਕੰਨ, ਗਲੇ, ਟੀ. ਬੀ., ਰਸੌਲੀ, ਬਵਾਸੀਰ, ਪੋਲੀਉ, ਜੋੜਾਂ ਦੇ ਦਰਦ, ਖੂਨ ਦੀ ਕਮੀ, ਈ. ਸੀ. ਜੀ., ਐਕਸਰੇ, ਖੂਨ ਟੈਸਟ ਆਦਿ ਦੀਆਂ ਸਹੂਲਤਾਂ ਹਜ਼ਾਰਾਂ ਮਰੀਜਾਂ ਰੋਗੀਆਂ ਲਈ ਪ੍ਰਦਾਨ ਕੀਤੀਆਂ ਗਈਆਂ। ਹਰ ਬੀਮਾਰੀ ਰੋਗ ਦੇ ਮਾਹਰ ਡਾਕਟਰਾਂ ਦੀਆਂ ਸੇਵਾਵਾਂ, ਇਨਾਂ ਕੈਂਪਾਂ ਸਮੇਂ ਪ੍ਰਾਪਤ ਕੀਤੀਆਂ ਗਈਆਂ ਜਿਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਰਾਮ ਦਾਸ, ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਸ਼ਹਿਰ ਦੇ ਪ੍ਰਸਿਧ ਡਾਕਟਰਾਂ ਦੀਆਂ

ਟੀਮਾਂ ਨੇ ਨਿਸ਼ਕਾਮ ਸੇਵਾ ਕੀਤੀ। ਇਹ ਸੁਸਾਇਟੀ ਪਾਸੋਂ ਸੋਢੀ ਸੁਲਤਾਨ ਗੁਰੂ ਰਾਮ ਦਾਸ ਜੀ ਮਹਾਰਾਜ ਪਿਛਲੇ 30 ਸਾਲ ਤੋਂ ਗੁਰਮਤਿ ਪ੍ਰਚਾਰ ਅਤੇ ਸਮਾਜ ਦੇ ਗਰੀਬਾਂ ਅਨਾਥਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਅਤੇ ਨਿਮਾਣੇ ਸੇਵਕਾਂ ਪਾਸੋਂ ਕਰਵਾ ਰਹੇ ਹਨ। ਸੁਸਾਇਟੀ ਦੇ ਕੁਲ ਮੈਂਬਰ 42 ਅਤੇ ਸ: ਮਨੋਹਰ ਸਿੰਘ ਮੁਖ ਸੇਵਾਦਾਰ, ਸ: ਭੁਪਿੰਦਰ ਸਿੰਘ ਮੀਤ ਪ੍ਰਧਾਨ,ਸ: ਖਜਿੰਦਰ ਸਿੰਘ ਜਨਰਲ ਸਕੱਤਰ,ਸ: ਹਰਦੀਪ ਸਿੰਘ ਸਕੱਤਰ, ਸ: ਗੁਰਚਰਨ ਸਿੰਘ ਵਾਲੀਆ ਪ੍ਰਚਾਰ ਸਕੱਤਰ, ਸੁਸਾਇਟੀ ਦੇ ਮੈਂਬਰਾਂ ਵਲੋਂ ਗੁਰੂ ਪ੍ਰਚਾਰ ਸੇਵਾ ਦੇ ਕਾਰਜ ਕਰਨ ਲਈ ਦਾਨੀ ਸੱਜਣਾਂ ਵਲੋਂ ਹਰ ਤਰ੍ਹਾਂ ਦਾ ਪੂਰਾ ਸਹਿਯੋਗ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ।

26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਸਮੇਂ ਫਸਟ ਏਡ ਡਾਕਟਰੀ ਸਹਾਇਤਾ ਲਈ ਦਰਬਾਰ ਸਾਹਿਬ ਵਿਖੇ ਹੀ ਕੈਂਪ ਲਗਾ ਕੇ ਲੋੜਵੰਦ ਮਰੀਜਾਂ ਨੂੰ ਦਵਾਈਆਂ ਸਹੂਲਤਾਂ ਦਿਤੀਆਂ ਗਈਆਂ। 1 ਮਾਰਚ 1991 ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਕਲਸ਼ ਅਤੇ ਹੋਰ ਥਾਵਾਂ ਤੇ ਸੋਨੇ, ਚਾਂਦੀ, ਪਿਤਲ ਦੇ ਲਗੇ ਪਤਰਿਆਂ ਨੂੰ ਸਾਫ਼ ਕਰਨ ਅਤੇ ਪਾਲਸ਼ ਕਰਨ ਦਾ ਕਾਰਜ ਸ਼ੁਰੂ ਕਰਕੇ 8 ਮਈ 1991 ਤਕ ਸੇਵਾ ਕਰਕੇ ਸ਼ੁਕਰਾਨਾ ਕੀਤਾ ਗਿਆ। ਇਸੇ ਸੁਸਾਇਟੀ ਵਲੋਂ 22 ਸਾਲ ਪਹਿਲੇ ਵੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸ੍ਰੀ ਦਰਬਾਰ ਸਹਿਬ ਤਰਨ-ਤਾਰਨ, ਸ੍ਰੀ ਹਜ਼ੂਰ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਵਿਖੇ ਸੋਨੇ ਦੀ ਸੇਵਾ ਕੀਤੀ ਗਈ ਸੀ। ਆਓ ! ਸਾਰੇ ਮਿਲ ਕੇ ਅਕਾਲ ਪੁਰਖ ਅਗੇ ਅਰਦਾਸ ਕਰੀਏ ਕਿ ਆਪਣੇ ਸੇਵਕਾਂ ਤੋਂ ਨਿਸ਼ਕਾਮ ਤੌਰ ਤੇ ਸੇਵਾ ਲੈਣ ਦਾ ਬਲ ਬਖਸ਼ੀ ਰੱਖਣ :

"ਸੇਵਾ ਕਰਤ ਹੋਇ ਨਿਹਕਾਮੀ ਤਿਸ ਕੌ ਹੋਤੁ ਪ੍ਰਾਪਤ ਸੁਆਮੀ"

ਸੁਸਾਇਟੀ ਵਲੋਂ ਅਕਤੂਬਰ 91 ਵਿੱਚ ਭਾਰੀ ਕੀਰਤਨ ਦਰਦਾਰ ਕਰਵਾਇਆ ਜਾਵੇਗਾ ਅੱਤੇ ਇਕ ਸੁੰਦਰ ਸੁਵੀਨਾਰ ਵੀ ਛਾਪ ਕੇ ਸੰਗਤਾਂ ਦੀ ਭੇਟ ਕੀਤਾ ਜਾਵੇਗਾ ।

ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥

# ਕਥਨੀ ਅਤੇ ਕਰਨੀ

ਸਤਿਗੁਰੂ ਨਾਨਕ ਦੇਵ ਜੀ ਨੇ ਧਾਰਮਕ, ਸਮਾਜਕ ਆਗੂਆਂ ਦੀ, ਆਮ ਗਰੀਬ ਲੋਕਾਂ ਤੋਂ ਮਾਇਆ ਬਟੋਰਨ ਦੀ ਹਾਲਤ ਵੇਖੀ ਤੇ ਕਿਹਾ ਅਕਾਲ ਪੁਰਖ ਦਾ ਗਿਆਨ ਤਾਂ ਕਿਸੇ ਨੂੰ ਨਹੀਂ ਹੈ, ਹਰ ਕੋਈ ਆਪਣੀ ਵਡਿਆਈ ਪੂਜਾ ਹੀ ਕਰਵਾਈ ਜਾ ਰਿਹਾ ਹੈ, ਗੁਰੂ ਦੇ ਗਿਆਨ ਤੋਂ ਬਿਨਾਂ ਹੀ ਇਹ ਆਪਸੀ ਜ਼ਾਤ ਪਾਤ, ਉੂਚ ਨੀਚ, ਹਉਮੈਂ ਵਿਕਾਰਾਂ ਦੇ ਵਿਤਕਰੇ ਕਲੇਸ਼ ਹਨ, ਇਨ੍ਹਾਂ ਸਾਰੀਆਂ ਸਮਸਿਆਵਾਂ ਦਾ ਹੱਲ ਆਮ ਲੋਕਾਂ ਨੂੰ ਇਸ ਬ੍ਰਹਮੰਡ, ਸਾਰੀ ਸਿਰਜਨਾ ਦੇ ਮਾਲਕ, ਅਕਾਲ ਪੁਰਖ ਦੀ ਸੂਝ ਗਿਆਨ ਦਿਤਾ, ਸਭਨਾ ਜੀਆ ਕਾ ਏਕੋ ਦਾਤਾ, ਸਾਰੇ ਇਨਸਾਨ ਉਸ ਦੇ ਬਾਲਕ ਹਨ, ਆਪਸੀ ਪਿਆਰ ਸਾਂਝ ਨਾਲ ਰਹਿਣ ਸਾਰੇ ਹੀ ਕੇਵਲ ਇਕ ਅਕਾਲ ਪੁਰਖ ਜੋ ਜੋਤਿ ਪ੍ਰਕਾਸ਼ ਹੈ, ਹਰ ਕਿਸੇ ਦੇ ਅੰਦਰ ਹੈ, ਦੀ ਵਡਿਆਈ ਪੂਜਾ ਕਰਨ, ਉਸ ਦੇ ਹੁਕਮ ਵਿਚ ਹੀ ਸਭ ਕੁਝ ਵਾਪਰ ਰਿਹਾ ਹੈ, ਇਸ ਕਰਕੇ ਉਸ ਦੇ ਹੁਕਮ ਵਿਚ ਸਬਰ ਸੰਤੋਖ ਨਾਲ ਹੀ ਰਹਿਣ। ਉਸ ਦਾ ਨਾਮ ਹੀ ਅੰਮ੍ਰਿਤ ਹੈ, ਉਸ ਦਾ ਸ਼ਬਦ ਹੀ ਗੁਰੂ ਹੈ, ਉਸ ਦੀ ਕੋਈ ਸ਼ਕਲ ਸਰੀਰ ਜ਼ਾਤ ਰੰਗ ਨਸਲ ਨਹੀਂ ਹੈ, ਸ਼ਬਦ ਅਤੇ ਸੁਰਤ ਦਾ ਮੇਲ ਕਰਨਾ ਹੈ, ਉਸ ਦੀ ਕਿਰਪਾ ਦੁਆਰਾ ਹੀ ਆਵਾਗਵਨ ਦੇ ਗੇੜ ਤੋਂ ਮੁਕਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਹ ਉਪਦੇਸ਼ ਹਰ ਇਲਾਕੇ, ਜ਼ਾਤ, ਫ਼ਿਰਕੇ ਦੇ ਸਾਰੇ ਲੋਕਾਂ ਨੂੰ ਦਿਤੇ, ਆਪ ਗਰੀਬ ਕਿਰਤੀ ਲੋਕ ਭਾਈ ਲਾਲੋ ਦੇ ਘਰ ਰਹਿ ਕੇ ਵਡੇ ਵਡੇ ਹਾਕਮਾਂ, ਹੰਕਾਰੀਆਂ ਦੇ ਹੰਕਾਰ ਖਤਮ ਕੀਤੇ। ਆਪ ਕਿਸੇ ਤੋਂ ਆਪਣੀ ਵਡਿਆਈ ਪੂਜਾ ਨਹੀਂ ਕਰਵਾਈ, ਨਾ ਹੀ ਕੋਈ ਸਨਮਾਨ ਪ੍ਰਾਪਤ ਕੀਤੇ, ਭਾਈ ਮਰਦਾਨਾ ਜੀ ਭਾਵੇਂ ਖਾਨਦਾਨੀ ਡੂਮ ਮੀਰ ਮਿਰਾਸੀ ਸਨ, ਸਾਰੀ ਉਮਰ ਇਲਾਹੀ ਸ਼ਬਦ ਦਾ ਕੀਰਤਨ ਕਰਦੇ ਰਹੇ ਪਰ ਕਿਸੇ ਤੋਂ ਵੀ ਸ਼ਬਦ ਭੇਟ ਮਾਇਆ ਦੀ ਕੋਈ ਝਾਕ ਨਹੀਂ ਕੀਤੀ, ਕਿਉਂਕਿ ਮਾਇਆ ਤਾਂ ਰੁਕਾਵਟ ਹੈ। ਕਿਸੇ ਗੁਰੂ ਸਾਹਿਬ ਨੇ ਵੀ ਆਪਣੀ ਵਡਿਆਈ ਪੂਜਾ ਨਹੀਂ ਕਰਵਾਈ, ਗੁਰਬਾਣੀ ਅਨੁਸਾਰ ਜੀਵਨ, ਨਿਰਮਲ ਕਰਮ ਕਰਨ ਦੇ ਉਪਦੇਸ਼ ਦਿਤੇ ਹਨ, ਆਪ ਕੁਰਬਾਨੀਆਂ ਦਿਤੀਆਂ ਹਨ। ਘਰ ਘਰ ਅੰਦਰਿ ਧਰਮਸਾਲ ਦਾ ਉਪਦੇਸ਼ ਦਿਤਾ ਹੈ ਹਰ ਘਰ ਵਿਚ ਗੁਰਬਾਣੀ ਦਾ ਪ੍ਰਕਾਸ਼ ਰੋਜ਼ਾਨਾ ਹੋਵੇ ਆਪਣੇ ਗੁਰੂ ਦੀ ਸੇਵਾ ਕਰਨੀ ਸਫਲ ਹੈ।

ਅਸੀਂ ਪੜ੍ਹਦੇ ਜ਼ਰੂਰ ਹਾਂ, ਬਾਣੀ ਗੁਰੂ ਗੁਰੂ ਹੈ ਬਾਣੀ; ਬ੍ਰਹਮ ਗਿਆਨੀ ਆਪ

ਪਰਮੇਸ਼ਵਰ, ਸੰਤ ਜਪਾਵੈ ਨਾਮ, ਸੰਤ ਕਾ ਮਾਰਗ ਧਰਮ ਕੀ ਪਉੜੀ, ਪਰ ਅੱਜ ਹਰ ਇਲਾਕੇ ਵਿਚ ਸੰਤਾਂ ਮਹੰਤਾਂ ਦੇ ਡੇਰੇ ਹਨ, ਇਨ੍ਹਾਂ ਡੇਰਿਆਂ ਵਿਚ ਵਧੇਰੇ ਕਰਕੇ ਔਰਤਾਂ ਹੀ ਜਾਂਦੀਆਂ ਹਨ, ਹਰ ਔਰਤ ਦੀ ਵਡੀ ਇਛਾ ਹੁੰਦੀ ਹੈ ਕਿ ਉਸ ਦਾ ਪਤੀ, ਘਰ ਵਾਲਾ ਉਸ ਦੇ ਵਸ, ਕਾਬੂ ਵਿਚ ਰਹੇ, ਸਾਰੀ ਕਮਾਈ ਉਸ ਦੇ ਹਵਾਲੇ ਕਰਕੇ, ਫਿਰ ਰੋਜ਼ ਮੰਗਤੇ ਵਾਂਗ ਮੰਗੇ ਅਤੇ ਕੀਤੇ ਖਰਚ ਦਾ ਹਿਸਾਬ ਦੇਵੇ. ਹਰ ਔਰਤ ਦੀ ਵੱਡੀ ਇੱਛਾ ਹੁੰਦੀ ਹੈ ਕਿ ਉਸ ਦੇ ਘਰ ਲੜਕਾ ਹੋਵੇ, ਉਸ ਦਾ ਪੋਤਰਾ, ਦੋਹਤਰਾ ਹੋਵੇ, ਜੇ ਕਰ ਕੋਈ ਹੋਰ ਦੁੱਖ, ਤਕਲੀਫ਼ ਹੋਵੇ ਤਾਂ ਉਹ ਦੂਰ ਹੋਵੇ, ਇਸ ਕਰਕੇ ਉਹ ਸੰਤਾਂ ਦੇ ਡੇਰੇ ਧਾਗੇ, ਤਵੀਤ. ਜੰਤਰ ਮੰਤਰ, ਟੂਣੇ, ਰਖਾਂ ਲੈਣ ਵਾਸਤੇ ਜਾਂਦੀਆਂ ਹਨ, ਅਗੋਂ ਸੰਤ ਆਪਣੇ ਲਾਲਚੀ ਮਕਾਰ ਚੇਲਿਆਂ, ਸੇਵਾਦਾਰਾਂ ਰਾਹੀਂ ਆਪਣੀ ਵਡਿਆਈ ਪੂਜਾ ਕਰਵਾਉਂਦੇ, ਭੇਟਾ ਚੜ੍ਹਾਵੇ ਮਾਇਆ ਬਟੋਰਦੇ, ਕਾਲੇ ਰੰਗ ਦੇ ਧਾਗੇ ਵੱਟ ਵੱਟ ਕੇ ਅਤੇ ਕਾਗਜ਼ਾਂ ਉਪਰ ਸ਼ਬਦ ਮੰਤਰ ਲਿਖ ਲਿਖ ਕੇ ਦੇਂਦੇ, ਥਾਪੜੇ ਫੇਰ ਕੇ ਕਾਮ ਠਰਕ ਵੀ ਪੂਰਾ ਕਰਦੇ ਹਨ, ਇਹ ਅੰਧ ਵਿਸਵਾਸ਼ੀ ਲੋਕ ਉਥੇ ਸ਼ਬਦ ਗੁਰੂ ਦੀ ਵਿਆਖਿਆ, ਸ਼ੁਧ ਪਾਠ ਕਰਨ ਦੀ ਸੂਝ, ਕਥਾ ਕੀਰਤਨ ਅਰਦਾਸ ਕਰਨ ਦੀ ਸਿਖਲਾਈ ਪ੍ਰਾਪਤ ਕਰਨ ਵਲ ਕੋਈ ਧਿਆਨ ਨਹੀਂ ਦੇਂਦੇ ਸਗੋਂ ਐਵੇਂ ਹੀ ਕਹੀ ਜਾਣਗੇ ਸਾਡੇ ਸੰਤ ਤਾਂ ਬ੍ਰਹਮ ਗਿਆਨੀ ਹਨ ਬੜੇ ਪਹੁੰਚੇ ਹੋਏ ਹਨ, ਇਨ੍ਹਾਂ ਦੀਆਂ ਲੱਤਾਂ, ਗੋਡੇ, ਪਟ ਘੁੱਟਣ ਨਾਲ ਸਾਰੀਆਂ ਸੁਖਣਾਂ, ਮੰਤਾਂ ਪੂਰੀਆਂ ਹੋ ਜਾਂਦੀਆਂ ਹਨ ਅਜਿਹੇ ਮਕਾਰ ਪਖੰਡੀ ਲਾਲਚੀ ਸੰਤਾਂ ਦੀ ਫੋਟੋ ਘਰਾਂ ਵਿਚ ਰਖ ਕੇ ਧਿਆਨ ਧਰਨ ਵਲ ਭਰਮਾਉਂਦੇ ਹਨ, ਅਕਾਲ ਪੁਰਖ ਦੀ ਬਰਾਬਰੀ ਕਰਦੇ ਹਨ। ਆਪ ਸਰਮਾਏਦਾਰਾਂ ਦੇ ਬੰਗਲਿਆਂ ਕਾਰਾਂ ਵਿਚ ਬੈਠ ਕੇ ਕਾਲਾ ਧੰਦਾ ਕਰਦੇ ਉਨ੍ਹਾਂ ਸਰਮਾਏਦਾਰਾਂ ਸਮਗਲਰਾਂ ਦੀ ਵਡਿਆਈ ਕਰਦੇ ਹਨ। ਅਜਿਹੇ ਸੰਤ ਕਿਸੇ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਵਲ ਜਾਣ ਲਈ ਕਦੇ ਸੋਚ ਹੀ ਨਹੀਂ ਸਕਦੇ। ਅਸੀਂ ਪੜ੍ਹਦੇ ਤਾਂ ਹਾਂ ਕਾਚਾ ਧੰਨ ਸੰਚੈ ਮੂਰਖ ਗਾਵਾਰ, ਮਾਇਆ ਕਾਰਣ ਧਾਵਈ ਮੂਰਖ ਲੋਕ ਅਜਾਣ। ਮਾਇਆ ਧਾਰੀ ਅਤਿ ਅਨ੍ਹਾ ਬੋਲਾ।

ਅਸੀਂ ਗੁਰਬਾਣੀ ਪੜ੍ਹਦੇ ਤਾਂ ਹਾਂ ਕਿ ਦਯਾ ਧਰਮ ਕਾ ਮੂਲ ਹੈ, ਗਰੀਬ ਦਾ ਮੂੰਹ ਗੁਰੂ ਦੀ ਗੋਲਕ, ਖਾਲਸਾ ਸੋ ਜੋ ਨਿਰਧਨ ਕੋ ਪਾਲੈ। ਪਰ ਅਸੀਂ ਹਰ ਰੋਜ਼ ਆਪਣੇ ਸਾਹਮਣੇ ਹਜ਼ਾਰਾਂ ਅਨਾਥ ਲੋਕ ਸੜਕਾਂ ਤੇ ਪਏ ਕੁਰਲਾਉਂਦੇ ਵੀ ਵੇਖਦੇ ਹਾਂ, ਕਦੇ ਕਿਸੇ ਅਨਾਥ ਆਸ਼ਰਮ, ਨੇਤਰਹੀਨ ਵਿਧਵਾ, ਬਿਰਧ ਯਤੀਮ ਖ਼ਾਨੇ ਵਲ ਕੋਈ ਦਯਾ ਕਰਨ ਲਈ ਨਹੀਂ ਜਾਂਦੇ। ਅਲੈਕਸ਼ਨਾਂ ਦੇ ਚੋਣ ਪ੍ਰਚਾਰ ਸਮੇਂ ਹਰ ਕੋਈ ਉਮੀਦਵਾਰ ਸ਼ਰਾਬ ਵਿਸਕੀ ਡਕਾਰ ਕੇ ਫੋਕੇ ਨਾਅਰੇ ਤਾਂ ਲਗਾਉਂਦਾ ਹੈ ਹਮ ਗਰੀਬਾਂ ਕੇ ਸੱਚੇ ਹਮਦਰਦ, ਪਰ ਸਾਰੀ ਉਮਰ ਵਿਚ ਕਦੇ ਕਿਸੇ ਗਰੀਬ, ਅਨਾਥ ਨੂੰ ਦੋ ਰੁਪਏ ਵੀ ਨਹੀਂ ਦੇਂਦੇ, ਹਰ ਕੋਈ ਮੁਖ ਮੰਤਰੀ ਬਣ ਕੇ ਹੋਰ ਕੁਰਪਸ਼ਨ ਕਰਕੇ ਬੰਗਲੇ, ਏਅਰ ਕੰਡੀਸ਼ਨ ਕਾਰਾਂ,

ਕਾਰਖਾਨੇ, ਅਯਾਸੀ ਕਲਬਾਂ ਦੇ ਮੈਂਬਰ ਹੀ ਬਣਨ ਦੇ ਸੁਪਨੇ ਲੈਂਦਾ ਹੈ। ਪੰਥ ਦਾ ਮਾਲਕ ਅਕਾਲ ਪੁਰਖ ਆਪ ਹੈ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਪੰਥ, ਸੰਤ ਸਿਪਾਹੀਆਂ ਦੀ ਸਾਜਨਾ ਕੀਤੀ, ਅੱਜ ਹੁਣ ਕਿਤਨੇ ਹੀ ਸ਼੍ਰੋਮਣੀ ਦਲ ਪੰਥ ਬਣ ਚੁਕੇ ਹਨ. ਪਰ ਕੋਈ ਵੀ ਜਥੇਦਾਰ ਸ਼ਬਦ ਗੁਰੂ ਦਾ ਪ੍ਰਚਾਰ ਘਰ ਘਰ ਨਹੀਂ ਕਰ ਰਿਹਾ, ਨਾ ਹੀ ਕੋਈ ਅੰਮ੍ਰਿਤ ਛਕਾ ਕੇ ਘਰ ਘਰ ਗੁਰੂ ਵਾਲੇ ਬਣਨ ਦੀ ਲਹਿਰ ਚਲਾ ਰਿਹਾ ਹੈ। ਅੱਜ ਦਾ ਯੁਗ ਪ੍ਰਚਾਰ ਦਾ ਯੁਗ ਹੈ ਹੋਰ ਹਰ ਧਰਮ ਵਾਲੇ ਆਪਣੇ ਵਿਚਾਰਾਂ ਦੇ ਪ੍ਰਚਾਰ ਕਰਦੇ ਹਨ।

ਅਸੀਂ ਗੁਰਬਾਣੀ ਪੜ੍ਹਦੇ ਤਾਂ ਹਾਂ ਕਿ ਇਹ ਜਨਮ ਤੁਮਾਰੇ ਲੇਖੇ, ਤਨ ਮਨ ਧਨ ਸਭਿ ਸਉਂਪ ਗੁਰ ਕਉ, ਕਿਰਤ ਕਰਨਾ ਨਾਮ ਜਪਣਾ ਵੰਡ ਛੱਕਣਾ, ਘਾਲਿ ਖਾਇ ਕਿਛੁ ਹਥਹੁ ਦੇਹੁ, ਵਿਦਿਆ ਵੀਚਾਰੀ ਤਾਂ ਪਰਉਪਕਾਰੀ। ਗਿਆਨੀ ਵਿਦਵਾਨ ਉਹ ਹੈ ਜਿਸ ਨੇ ਮਨੁੱਖਾ ਜੀਵਨ ਦਾ ਮੰਤਵ ਸਮਝ ਲਿਆ ਹੈ, ਇਸ ਜਗੁ ਮਹਿ ਆਏ ਕੇ ਕਿਆ ਤੁਧ ਕਰਮ ਕਮਾਇਆ, ਜੀਵਨ ਮੁਕਤ ਹੋ ਗਿਆ ਹੈ, ਕਾਮ, ਕਰੋਧ, ਈਰਖਾ ਨਿੰਦਾ ਚੁਗਲੀ ਹੰਕਾਰ ਤੇ ਕਾਬੂ ਪਾ ਲਿਆ ਹੈ, ਪਰ ਅੱਜ ਦੇ ਯੂਨੀਵਰਸਿਟੀਆਂ ਦੇ ਡਾਕਟਰੇਟ ਦੀਆਂ ਡਿਗਰੀਆਂ ਪ੍ਰਾਪਤ ਸਕਾਲਰਾਂ ਵਿਚ ਕਿਤਨੀ ਹਉਮੈ, ਲਾਲਚ, ਈਰਖਾ ਹੈ, ਪੜ੍ਹਿਆ ਮੂਰਖ ਆਖੀਐ ਜਿਸ ਲਬੁ ਲੋਭੁ ਅਹੰਕਾਰਾ! ਅੱਜ ਹਰ ਕੋਈ ਵਿਦਵਾਨ ਅਜਿਹੇ ਮਹਿਕਮਿਆਂ ਵਿਚ ਨੌਕਰੀ ਕਰਨ ਵਾਸਤੇ ਭਾਰੀ ਰਿਸ਼ਵਤਾਂ ਸਿਫਾਰਸ਼ਾਂ ਅਡੀ ਚੋਟੀ ਦਾ ਜ਼ੋਰ ਲਗਾਉਂਦਾ ਹੈ ਜਿਥੇ ਵਧੇਰੇ ਕੁਰਪਸ਼ਨ ਹੈ ਅਤੇ ਸ਼ਾਦੀ ਕਰਵਾਉਣ ਲਈ ਦਾਜ ਦਾ ਲਾਲਚ। ਕੋਈ ਗੁਰੂ ਉਪਦੇਸ਼ਾਂ ਵਾਲਾ ਜੀਵਨ ਧਾਰਨ ਕਰਕੇ, ਗੁਰਬਾਣੀ ਦਾ ਪ੍ਰਚਾਰ ਨਿਸ਼ਕਾਮ ਤੌਰ ਤੇ ਕਰਨ ਲਈ ਨਹੀਂ ਸੋਚਦਾ। ਸਾਡੇ ਸਮਾਜਕ ਅਤੇ ਧਾਰਮਕ ਜਥੇਦਾਰ ਵੀ ਕਥਨੀ ਅਤੇ ਕਰਨੀ ਦੇ ਸੁਚੇ ਮਾਲਕ ਨਹੀਂ। ਦਸਵੰਧ ਵੀ ਨਹੀਂ ਕਢਦੇ।

ਅਸੀਂ ਹਰ ਰੋਜ਼ ਅਰਦਾਸ ਤਾਂ ਕਰਦੇ ਹਾਂ ਰਾਜ ਕਰੇਗਾ ਖਾਲਸਾ ਅਤੇ ਸਰਬੱਤ ਦਾ ਭਲਾ ਪਰ ਸਾਰੇ ਪਾਸੇ ਛਲ, ਕਪਟ, ਫਰੇਬ, ਮਕਾਰੀ, ਹੁਸ਼ਿਆਰੀ ਕਿਤਨੀ ਹੈ ਕਿ ਆਪਸੀ ਪਿਆਰ, ਸਹਿਜ, ਸਬਰ, ਸੰਤੋਖ ਹੀ ਨਹੀਂ ਕਿਸੇ ਵਡੇ ਦਾ ਸਤਿਕਾਰ ਨਹੀਂ। ਹਰ ਕੋਈ ਵੱਡੀਆਂ ਵੱਡੀਆਂ ਕੋਠੀਆਂ ਬਣਾਉਂਦਾ ਹੈ ਪਰ ਪਾਠ ਪੂਜਾ ਸਿਮਰਨ ਭਗਤੀ ਵਾਸਤੇ ਆਪਣੇ ਇਸ਼ਟ ਸ਼ਬਦ ਗੁਰੂ ਦਾ ਰੋਜ਼ਾਨਾ ਪ੍ਰਕਾਸ਼ ਨਹੀਂ ਕਰਦਾ। ਆਗੂ ਖਾਲਸਾ ਜੀਵਨ ਵਾਲੇ ਚਾਹੀਦੇ ਹਨ। ਅੱਜ ਹਜ਼ਾਰਾ ਲੀਡਰ, ਜਥੇਦਾਰ ਵੱਖ ਵੱਖ ਧੜੇ ਗਰੁਪ ਹਨ, ਸ੍ਰੀ ਅਕਾਲ ਤਖਤ ਸਾਹਿਬ ਪਿਛਲੇ ਤਿੰਨ ਸਾਲਾਂ ਤੋਂ ਅਧੂਰਾ ਹੀ ਖੜਾ ਹੈ; ਸੰਗਤਾਂ ਉਸਾਰੀ ਸੇਵਾ ਕਰਨ ਲਈ ਉਤਾਵਲੀਆਂ ਹਨ ਪਰ ਕੋਈ ਵੀ ਪ੍ਰਬੰਧਕ ਉਸਾਰੀ ਸ਼ੁਰੂ ਹੀ ਨਹੀਂ ਕਰਵਾਉਂਦਾ ਹਰ ਕੋਈ ਆਪਣੇ ਸੰਗਮਰਮਰ ਦੇ ਬੰਗਲੇ ਤਾਂ ਉਸਾਰ ਰਿਹਾ ਹੈ। ਜਿਨ ਮਨਿ ਹੋਰੁ ਮੁਖਿ ਹੋਰ ਸੇ ਕਾਂਢੇ ਕਚਿਆ। ਪੰਜਾਬੀ ਸਾਹਿਤ ਸਭਾਵਾਂ ਦੇ ਵਿਦਵਾਨ ਲੇਖਕ, ਲੋਕ ਨਾਚ,


ਭੰਗੜੇ, ਗਿਧੇ, ਡਰਾਮੇ, ਮਹਿਫਲਾਂ, ਸੈਮੀਨਾਰ, ਲਚਰ ਲਿਟਰੇਚਰ ਦਾ ਬਹੁਤਾ ਪ੍ਰਚਾਰ ਕਰਦੇ ਸ਼ਰਾਬ ਵਿਸਕੀਆਂ ਡਕਾਰਦੇ ਪਰ ਗੁਰਬਾਣੀ ਵਾਲਾ ਨਿਰਮਲ ਜੀਵਨ ਅਤੇ ਅੰਮ੍ਰਿਤ ਛੱਕਣ ਤੋਂ ਦੂਰ ਹੀ ਰਹਿੰਦੇ ਹਨ।

ਮਾਇਆ ਦੇ ਲਾਲਚੀ ਸੰਤਾਂ ਦੇ ਡੇਰੇ ਅਖੰਡ ਪਾਠਾਂ ਦੀਆਂ ਲੜੀਆਂ ਤਾਂ ਹੁੰਦੀਆਂ ਹਨ ਪਰ ਪਾਠ ਸੁਣਨ ਵਾਲੇ ਨਹੀਂ ਹੁੰਦੇ। ਜਿਥੇ ਰਾਗੀ ਜਥਾ ਕੀਰਤਨ ਕਰਦਾ ਹੈ ਉਸ ਦੀ ਝਾਕ ਸ਼ਬਦ ਭੇਟਾ ਪ੍ਰਵਾਨ ਕਰਨ ਲੋਕਾਂ ਦੀ ਪ੍ਰਸੰਸਾ ਕਰਨ ਵਲ ਰਹਿੰਦੀ ਹੈ ਆਨੰਦ ਸਾਹਿਬ ਪੜ੍ਹਦੇ ਹੀ ਸਮਾਗਮ ਵਿਚੋਂ ਦੌੜ ਜਾਂਦੇ ਹਨ, ਅਰਦਾਸ ਵਿਚ ਖੜੇ ਹੋਣਾ ਗੁਨਾਹ ਸਮਝਦੇ ਹਨ। ਇਹ ਮਰਯਾਦਾ ਕਿਸ ਤਰ੍ਹਾਂ ਦੀ ਹੈ ?

ਅੱਜ ਅਸੀਂ ਅਕਾਲ ਪੁਰਖ ਨੂੰ ਪਿਤਾ ਪ੍ਰਤਿਪਾਲਕ ਸਮਝ ਕੇ ਉਸ ਵਿਚ ਵਿਸਵਾਸ਼ ਨਹੀਂ ਕਰਦੇ. ਸਗੋਂ ਲੱਖ ਠਗੀਆਂ, ਹੇਰਾ ਫੇਰੀਆਂ, ਕਰਕੇ ਮਾਇਆ ਇਕੱਠੀ ਕਰਦੇ ਹਾਂ, ਚਿੰਤਾ ਫ਼ਿਕਰਾਂ ਵਿਚ ਰੋਗੀ ਹੋ ਰਹੇ ਹਾਂ। ਹਰ ਥਾਂ ਕਲਿਨਿਕ, ਡਿਸਪੈਂਸਰੀਆਂ ਹਸਪਤਾਲ ਬਣ ਰਹੇ ਹਨ, ਸਾਡੀ ਸਿਹਤ ਕਮਜ਼ੋਰ ਅਤੇ ਉਮਰ ਵੀ ਘਟ ਹੋ ਰਹੀ ਹੈ। ਅਸੀਂ ਬੀਮੇ ਕਰਵਾਉਂਦੇ ਹਾਂ। ਸਾਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਗੁਰਬਾਣੀ ਉਪਦੇਸ਼ਾਂ ਨੂੰ ਚੰਗੀ ਤਰਾਂ ਪੜ੍ਹਨ ਸਮਝਣ ਵਿਚਾਰਨ ਅਤੇ ਅਮਲ ਕਰਨ ਦੀ ਲੋੜ ਹੈ। ਆਪਣੇ ਦਸਵੰਧ ਗੁਰੂ ਕਾਰਜਾਂ ਲਈ ਲਗਾਉਣੇ ਜ਼ਰੂਰੀ ਹਨ, ਸੇਵਾ ਸਿਮਰਨ ਨਾਲ ਹੀ ਹਉਮੈ ਦਾ ਰੋਗ ਖਤਮ ਹੋ ਸਕਦਾ ਹੈ। ਸਰਬ ਰੋਗ ਕਾ ਅਉਖਦੁ ਨਾ ਮੁ


ਸਿੱਖ ਧਰਮ ਸੰਸਾਰ ਦੇ ਹੋਰਨਾਂ ਸਾਰੇ ਧਰਮਾਂ ਨਾਲੋਂ ਮਹਾਨ ਪਵਿਤਰ ਹੈ, ਇਸ ਦਾ 500 ਸਾਲਾਂ ਦਾ ਕੁਰਬਾਨੀਆਂ ਭਰਿਆ ਗੌਰਵਮਈ ਵਿਰਸਾ ਹੈ, ਇਸ ਮਹਾਨ ਵਿਰਸੇ ਦੀ ਜਾਣਕਾਰੀ ਦਾ ਪ੍ਰਚਾਰ ਹਰ ਘਰ ਹਰ ਪਰਵਾਰ ਤਕ ਹੋਣਾ ਜ਼ਰੂਰੀ ਹੈ, ਇਤਿਹਾਸਕ ਡਾਇਰੈਕਟਰੀ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ 432 ਪੰਨੇ ਸੁੰਦਰ ਤਸਵੀਰਾਂ ਸਮੇਤ, ਕੇਵਲ ਲਾਗਤ ਖਰਚ ਤੇ ਹੀ ਪ੍ਰਾਪਤ ਕਰਕੇ, ਆਪਣੇ ਦਸਵੰਧ ਦੀ ਮਾਇਆ ਸਫਲ ਕੀਤੀ ਜਾਵੇ ਤਾਂ ਜੋ ਹਰ ਘਰ ਪਰਵਾਰ ਤਕ ਪ੍ਰਚਾਰ ਹੋਵੇ। ਗੁਰਸਿਖਾ ਕੈ ਮਨ ਭਾਵੰਦੀ ਗੁਰ ਸਤਿਗੁਰ ਕੀ ਵਡਿਆਈ।

ਸਾਡੇ ਅਖੌਤੀ ਲੀਡਰ ਤਾਂ ਸਾਰੇ ਫੰਡ ਅਲੈਕਸ਼ਨਾਂ, ਵਿਸਕੀਆਂ, ਇਸ਼ਤਿਹਾਰ ਬਾਜੀ ਵਲ ਨਸ਼ਟ ਕਰਕੇ ਲੜ ਮਰ ਰਹੇ ਹਨ, ਸੋ ਹਰ ਸਿੱਖ ਨੂੰ ਆਪਣੇ ਗੁਰੂ ਦੇ ਪ੍ਰਚਾਰ ਲਈ ਸਹਿਯੋਗ ਦੇ ਕੇ ਦਸਵੰਧ ਦੀ ਮਾਇਆ ਸਫਲ ਕਰਨੀ ਹੈ ਜਾ ਰਹਣਾ ਨਾਹੀ ਐਤੁ ਜਗਿ ਕਾਇਤੁ ਗਾਰਬਿ ਹੰਢੀਐ।



ਬੀਬੀ ਭਾਨੀ ਨੇਤਰਹੀਨ ਕਿਰਤ ਕੇਂਦਰ, ਪਲਾਟ ਨੰ: 57,

ਸੰਨ੍ਹ ਸਾਹਿਬ ਰੋਡ,ਛੇਹਰਟਾ(ਅੰਮ੍ਰਿਤਸਰ) ☎ 8314



ਸ: ਚਾਨਣ ਸਿੰਘ ਜੀ, ਬੀਬੀ ਭਾਨੀ ਨੇਤਰਹੀਨ ਕਿਰਤ ਕੇਂਦਰ
ਵਿਖੇ ਬੰਬੀ ਲਗਵਾਉਣ ਦੀ ਸੇਵਾ ਦਾ ਟੱਕ ਲਗਾਉਂਦੇ ਹੋਏ

☎ : 29979

ਨੇਤਰਹੀਨਾਂ ਦੀ ਮਹਾਨ ਸੰਸਥਾ

# ਭਾਰਤ ਨੇਤਰਹੀਨ ਸੇਵਕ ਸਮਾਜ (ਰਜਿ:)

ਗਲੀ ਨੰ: 7, ਦਸ਼ਮੇਸ਼ ਨਗਰ, ਗਿੱਲ ਰੋਡ, ਲੁਧਿਆਣਾ-3

ਆਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਹਰ ਮਨੁੱਖ ਲਈ ਬਰਾਬਰੀ ਦੇ ਅਧਿਕਾਰ ਹਨ ਪਰ ਨੇਤਰਹੀਨਾ ਉਤੇ ਹਰ ਪੱਖ ਤੋਂ ਧਕਾ ਹੋਣ ਲਗਾ ਤਾਂ ਸੁਰਗਵਾਸੀ ਗਿ: ਲਛਮਨ ਸਿੰਘ ਜੀ ਗੰਧਰਵ ਦੀ ਅਗਵਾਈ ਹੇਠ ਮਿਤੀ 8 ਜੁਲਾਈ, 1964 ਨੂੰ ਲੁਧਿਆਣਾ ਵਿਖੇ ਸ: ਰਾਮ ਦਿਆਲ ਸਿੰਘ ਜੀ ਦੇ ਮਕਾਨ ਵਿੱਚ ਸੰਤ ਸਰਵਨ ਸਿੰਘ ਜੀ ਗੰਧਰਵ, ਡੁਮੇਲੀ, ਜ਼ਿਲ੍ਹਾ ਕਪੂਰਥਲਾ ਦੀ ਪ੍ਰਧਾਨਗੀ ਅਧੀਨ 150 ਨੇਤਰਹੀਨਾ ਦੀ ਇਕ ਮੀਟਿੰਗ ਹੋਈ, ਨੇਤਰਹੀਨਾ ਦੀ ਤਰਸਜੋਗ ਹਾਲਤ ਦਾ ਸੁਧਾਰ ਕੀਤੇ ਜਾਣ ਲਈ, ਭਾਰਤ ਨੇਤਰਹੀਨ ਸੇਵਕ ਸਮਾਜ ਕਾਇਮ ਕੀਤੀ ਗਈ ਇਸ ਸੰਸਥਾ ਲਈ ਗਿਲ ਰੋਡ ਵਿਖੇ 6 ਮਰਲੇ ਜ਼ਮੀਨ ਖ਼ਰੀਦ ਕਰਕੇ ਇਕ ਆਸ਼ਰਮ ਦੀ ਉਸਾਰੀ ਸ਼ੁਰੂ ਕੀਤੀ ਗਈ ਅਤੇ ਲਾਇਬਰੇਰੀ ਕਾਇਮ ਕਾਇਮ ਕੀਤੀ ਗਈ। ਇਕ ਸੰਗੀਤ ਸਿਖਿਆ ਕੇਂਦਰ ਜਿਥੋਂ ਬਹੁਤ ਸਾਰੇ ਨੇਤਰਹੀਨ ਸੰਗੀਤ ਦੀ ਵਿਦਿਆ ਪ੍ਰਾਪਤ ਕਰਕੇ ਅਨੇਕਾਂ ਥਾਵਾਂ ਦੇ ਗੁਰਦੁਆਰਿਆਂ ਅਤੇ ਸੰਸਥਾਵਾਂ ਵਿੱਚ ਪੂਰੀ ਤਰ੍ਹਾਂ ਕੰਮ ਕਰਕੇ ਆਪਣਾ ਰੋਜ਼ਗਾਰ ਕਮਾ ਰਹੇ ਹਨ।

ਮਿਤੀ 2 ਜੂਨ, 1976 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਇਸ ਸੰਸਥਾ ਦੀ ਬ੍ਰਾਂਚ ਕਾਇਮ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਮਿਤੀ 5 ਜੁਲਾਈ, 1976 ਨੂੰ ਟਿਕ ਸੌ ਨੇਤਰਹੀਨਾ ਦੀ ਇਕਤਰਤਾ ਗੁਰਦੁਆਰਾ ਸੈਂਟਰਲ ਖਾਲਸਾ ਯਤੀਮਖਾਨਾ, ਪੁਤਲੀਘਰ ਵਿਖੇ ਭਾਈ ਦਰਸ਼ਨ ਸਿੰਘ ਕੇਂਦਰੀ ਜਨਰਲ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਨੂੰ ਪ੍ਰਧਾਨ ਥਾਪਿਆ ਗਿਆ। 8 ਅਗਸਤ, 1976 ਨੂੰ ਮੀਟਿੰਗ ਕੀਤੀ ਗਈ ਅਤੇ 12 ਸਤੰਬਰ, 1976 ਨੂੰ ਡੈਲੀਗੇਟ ਕਾਨਫ੍ਰੰਸ ਕੀਤੀ ਗਈ। ਮਿਤੀ 15-17 ਅਕਤੂਬਰ 1976 ਨੂੰ ਇਕ ਵਿਸ਼ਾਲ ਨੇਤਰਹੀਨ ਕਾਨਫ੍ਰੰਸ, ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਕੀਤੀ ਗਈ, 400 ਨੇਤਰਹੀਨ ਇੱਕਠੇ ਹੋਏ, ਪ੍ਰੋ: ਕਿਰਪਾਲ ਸਿੰਘ ਕਸੇਲ, ਡਾ: ਵੇਦ ਪ੍ਰਕਾਸ਼ ਵਰਮਾ, ਸ: ਅਜਾਇਬ ਸਿੰਘ ਮਚਾਕੀ ਚੇਅਰਮੈਨ ਬਿਜਲੀ ਬੋਰਡ, ਸ੍ਰੀ ਰਘੂਨੰਦਨ ਲਾਲ ਭਾਟੀਆ ਐਮ. ਪੀ., ਜਥੇਦਾਰ ਸੋਹਨ ਸਿੰਘ ਜਲਾਲ ਉਸਮਾਨ, ਸ: ਸੁਜਾਨ ਸਿੰਘ ਸਡਾਨਾ, ਸ: ਦਿਲਬੀਰ ਸਿੰਘ ਚੀਫ਼ ਖਾਲਸਾ ਦੀਵਾਨ, ਸ: ਭਾਗ ਸਿੰਘ 'ਅਣਖੀ' ਸ਼ਾਮਲ ਹੋਏ ਮਤੇ ਪਾਸ ਕਰਕੇ ਸਰਕਾਰ ਤੋਂ ਨਿਮਨ ਸਹੂਲਤਾਂ ਦਿਤੇ ਜਾਣ ਦੀ ਮੰਗ ਕੀਤੀ ਗਈ :--

* ਨੇਤਰਹੀਨਾ ਨੂੰ ਸਰਕਾਰੀ ਨੌਕਰੀਆਂ ਵਿੱਚ ਰੀਜ਼ਰਵੇਸ਼ਨ ਦਿੱਤੀ ਜਾਵੇ ।
* ਬਸਾਂ ਵਿੱਚ ਮੁਫ਼ਤ ਯਾਤਰਾ ਕਰਨ ਦੀ ਸਹੂਲਤ ਦਿੱਤੀ ਜਾਵੇ ।
* ਐਚ. ਐਮ. ਟੀ. ਦੀਆਂ ਬਰੇਲ ਘੜੀਆ ਬਣਾ ਕੇ ਦਿਤੀਆਂ ਜਾਣ ।
* ਹਾਊਸ ਟੈਕਸ ਮਾਫ਼ ਕੀਤਾ ਜਾਵੇ ।
* ਨੇਤਰਹੀਨ ਸਕੂਲਾਂ ਨੂੰ ਹੋਰਨਾਂ ਸਕੂਲਾਂ ਵਾਂਗ 95 ਫੀਸਦੀ ਗ੍ਰਾਂਟ ਦਿਤੀ ਜਾਵੇ ।
* ਮਕਾਨ ਬਣਾਉਣ ਲਈ ਪਲਾਟ ਦਿਤੇ ਜਾਣ ਅਤੇ ਮਕਾਨ ਬਣਾਉਣ ਲਈ ਸਸਤੀਆਂ ਦਰਾਂ ਤੇ ਕਰਜੇ ਵੀ ਦਿਤੇ ਜਾਣ ।

ਇਸ ਬੇਨਤੀ ਦੇ ਸਿੱਟੇ ਵਜੋਂ 3 ਫੀਸਦੀ ਕੋਟਾ ਰੀਜ਼ਰਵ ਪ੍ਰਵਾਨ ਹੋ ਗਿਆ । ਹਰ ਜ਼ਿਲ੍ਹੇ ਵਿਚ ਬਰੇਲ ਲਾਇਬਰੇਰੀ ਹੋਵੇ । ਪੰਜਾਬ ਵਿੱਚ ਇਕ ਬਰੇਲ ਪ੍ਰੈਸ ਲਗਾਈ ਜਾਵੇ ਅਤੇ ਬਰੇਲ ਪੁਸਤਕਾਂ ਛਾਪੀਆਂ ਜਾਣ ਇਹ ਬੇਨਤੀ ਵੀ ਪ੍ਰਵਾਨ ਹੋ ਚੁਕੀ ਹੈ, ਪਰ ਹਾਲੀ ਤੱਕ ਇਹ ਪ੍ਰੈਸ ਲਗ ਨਹੀਂ ਸਕੀ । ਨੇਤਰਹੀਨਾਂ ਵਾਸਤੇ ਟਰੇਨਿੰਗ ਸੈਂਟਰ ਅਤੇ ਪਰੋਡਕਸ਼ਨ ਸੈਂਟਰ ਕਾਇਮ ਕੀਤੇ ਜਾਣ, ਹਰ ਨੇਤਰਹੀਨ ਬਚੇ ਨੂੰ ਨੇਤਰਹੀਨ ਵਿਦਿਆਲੇ ਵਿੱਚ ਦਾਖਲ ਕਰਨਾ ਲਾਜ਼ਮੀ ਕੀਤਾ ਜਾਵੇ ।

ਨੇਤਰਹੀਨਾ ਦਾ ਸਰਵੇਖਣ ਕਰਕੇ ਪੂਰੀ ਗਿਣਤੀ ਦੇ ਵੇਰਵੇ ਦਰਜ ਕੀਤੇ ਜਾਣ, ਨੇਤਰਹੀਨਾ ਨਾਲ ਸ਼ਾਦੀ ਕਰਵਾਉਣ ਵਾਲੇ ਲੜਕੇ–ਲੜਕੀਆਂ ਨੂੰ ਉਤਸਾਹ ਦਿਤਾ ਜਾਵੇ। ਨੇਤਰਹੀਨਾਂ ਨੂੰ ਸਟੇਟ ਅਵਾਰਡ ਦੇਣ ਦਾ ਪ੍ਰਬੰਧ ਹੋਵੇ ।

ਨੇਤਰਹੀਨ ਬਚਿਆਂ ਨੂੰ ਆਪਣੇ ਮਾਤਾ–ਪਿਤਾ ਦੀ ਜਾਇਦਾਦ ਵਿਚੋਂ ਪੂਰਾ ਅਧਿਕਾਰ ਦਿਵਾਏ ਜਾਣ । ਨੇਤਰਹੀਨ ਨੂੰ ਅੰਨ੍ਹਾਂ ਕਹਿ ਕੇ ਅਪਮਾਨ ਕਰਨ ਵਾਲੇ ਹੰਕਾਰੀ ਲੋਕਾਂ ਵਿਰੁਧ ਸਖ਼ਤ ਸਜਾ ਦੇ ਪ੍ਰਬੰਧ ਹੋਣ ।

ਹਰ ਵਿਦਿਅਕ ਅਦਾਰੇ ਵਿਚ ਸੰਗੀਤ ਦੀ ਸਿਖਿਆ ਲਾਜ਼ਮੀ ਕੀਤੀ ਜਾਵੇ ਅਤੇ ਨੇਤਰਹੀਨ ਸੰਗੀਤ ਅਧਿਆਪਕ ਰਖੇ ਜਾਣ ।

ਹਰ ਜ਼ਿਲ੍ਹੇ ਵਿਚ ਸੰਗੀਤ ਵਿਦਿਆਲੇ ਕਾਇਮ ਕੀਤੇ ਜਾਣ ਅਤੇ ਨੇਤਰਹੀਨਾਂ ਨੂੰ ਦਾਖਲ ਕਰਕੇ ਸੰਗੀਤ ਸਿਖਲਾਈ ਦਿਤੀ ਜਾਵੇ ।

ਨੇਤਰਹੀਨਾਂ ਨੂੰ ਹਰ ਟਰੇਡ ਕਿਤੇ ਵਿੱਚ ਸਿਖਲਾਈ ਦੀ ਰੀਜ਼ਰਵੇਸ਼ਨ ਹੋਵੇ, I.T.I. ਅਤੇ ਪਾਲੀਟੈਕਨਿਕ ਵਿਚ ਵੀ ਦਾਖਲੇ ਰੀਜ਼ਰਵੇਸ਼ਨ ਹੋਵੇ ।

ਬੇ–ਰੋਜ਼ਗਾਰ ਨੇਤਰਹੀਨਾਂ ਨੂੰ ਘਟੋ ਘਟ 500/– ਰੁਪਏ ਮਹੀਨਾ ਬੇ–ਰੋਜ਼ਗਾਰੀ ਭੱਤਾ ਦੇਣ ਦਾ ਪ੍ਰਬੰਧ ਕੀਤਾ ਜਾਵੇ ।

5 ਦਸੰਬਰ 1979 ਵਿਚ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਕਾਨਫਰੰਸ ਹੋਈ ਸ: ਰਵੀਇੰਦਰ ਸਿੰਘ ਸਪੀਕਰ ਪੰਜਾਬ ਵਿਧਾਨ ਸਭਾ ਵਲੋਂ ਪ੍ਰਧਾਨਗੀ ਹੋਈ ਅਤੇ ਉਨ੍ਹਾਂ ਨੇ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਵਿਸ਼ਵਾਸ ਦਿਵਾਕੇ ਕਿਹਾ ਕਿ ਟੈਕਨੀਕਲ ਵਿਦਿਆ ਦੇਣ ਤੇ ਜ਼ੋਰ ਦਿਤਾ ਜਾਵੇ ਫਰੀਦਾਬਾਦ ਫ਼ੈਕਟਰੀਆਂ ਵਿਚ ਕੰਮ ਕਰ ਰਹੇ ਨੇਤਰਹੀਨਾਂ ਦੀ ਸ਼ਲਾਘਾ ਕੀਤੀ । ਸੂਰਮਾ ਸਿੰਘ ਆਸ਼ਰਮ ਨੂੰ 42 ਹਜ਼ਾਰ ਰੁਪਏ ਦੀ ਗਰਾਂਟ ਦਿਤੀ ਅਤੇ ਇਥੇ ਖਰਾਦ ਲਗਾ ਕੇ Computerised ਸਿਖਿਆ ਦੇਣ ਤੇ ਜ਼ੋਰ ਦਿਤਾ ।

27 ਦਸੰਬਰ 1981 ਨੂੰ ਨੇਤਰਹੀਨਾਂ ਦੀ ਭਾਰੀ ਕਾਨਫਰੰਸ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਹੋਈ। ਸ: ਸਰਦਾਰਾ ਸਿੰਘ ਕਥੂਰੀਆ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਪ੍ਰਧਾਨਗੀ ਕੀਤੀ, ਬੀਬੀ ਭਾਨੀ ਇਸਤਰੀ ਨੇਤਰਹੀਨ ਕਿਰਤ ਅਤੇ ਸਿਖਲਾਈ ਕੇਂਦਰ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਕੁਮਾਰੀ ਸੁਰਿੰਦਰ ਕੌਰ ਧੀਰ ਡਿਪਟੀ ਡਾਇਰੈਕਟਰ ਸਮਾਜ ਭਲਾਈ. ਭਗਤ ਪੂਰਨ ਸਿੰਘ, ਪ੍ਰੋ: ਐਸ. ਬਿੰਦਰਾ ਅੰਧ ਵਿਦਿਆਲਾ ਅੰਮ੍ਰਿਤਸਰ ਅਤੇ ਪ੍ਰੋ: ਐਸ. ਐਲ. ਤਲਵਾੜ ਨੂੰ ਸਨਮਾਨਤ ਕੀਤਾ ਗਿਆ।

20 ਜਨਵਰੀ 1985 ਨੂੰ ਸੰਨ੍ਹ ਸਾਹਿਬ ਰੋਡ ਵਿਖੇ ਦੋ ਕਨਾਲ ਜ਼ਮੀਨ ਖਰੀਦ ਕੀਤੀ ਗਈ 26 ਮਾਰਚ 1985 ਨੂੰ ਸੰਤ ਬਾਬਾ ਖੜਕ ਸਿੰਘ ਦੀ ਸ਼ਰਪਰਸਤੀ ਵਿਚ ਸੰਤ ਬਾਬਾ ਦਰਸਨ ਸਿੰਘ ਬੀੜ ਸਾਹਿਬ ਨੇ ਕੇਂਦਰ ਦਾ ਟੱਕ ਲਗਾਇਆ ਗਿਆ।

19 ਅਪ੍ਰੈਲ 1985 ਨੂੰ ਸ: ਗੁਰਦਿਆਲ ਸਿੰਘ ਮਾਨ ਗੁਰਦੁਆਰਾ ਛੇਹਰਟਾ ਵਲੋਂ ਕੇਂਦਰ ਦੀ ਨੀਂਹ ਰਖ ਕੇ ਉਸਾਰੀ ਸ਼ੁਰੂ ਕਰਵਾਈ ਗਈ।

8 ਅਕਤੂਬਰ 1987 ਕੈਪਟਨ ਨਰਿੰਦਰ ਸਿੰਘ ਪੀ. ਸੀ. ਐਸ. ਵਲੋਂ ਕੇਂਦਰ ਦੇ ਦਫਤਰ ਦਾ ਉਦਘਾਟਨ ਕੀਤਾ ਅਤੇ 5 ਹਜ਼ਾਰ ਰੁਪਏ ਰੈੱਡ ਕਰਾਸ ਵਲੋਂ ਦਿਤੇ ਗਏ ਹਰ ਸਾਲ ਮਾਰਚ ਅਤੇ ਅਕਤੂਬਰ ਦੇ ਮਹੀਨੇ ਗੁਰਮਤਿ ਸਮਾਗਮ ਕੀਤੇ ਜਾਂਦੇ ਰਹੇ।

26 ਮਾਰਚ 1990 ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ: ਪੂਰਨ ਸਿੰਘ ਜੋਸ਼ ਦਸ ਹਜ਼ਾਰ ਰਪਏ ਕੇਂਦਰ ਵਾਸਤੇ ਦਿਤੇ ਗਏ। 26 ਮਾਰਚ 1991 ਦੇ ਸਮਾਗਮ ਸਮੇਂ ਡਾ: ਦਵਿੰਦਰ ਪ੍ਰੀਤਮ ਸਿੰਘ ਅਤੇ ਈਸਟ ਮੋਹਨ ਨਗਰ ਇਸਤਰੀ ਸਤਸੰਗ ਵਲੋਂ ਕਾਫੀ ਰਕਮ ਕੇਂਦਰ ਨੂੰ ਸਹਾਇਤਾ ਵਜੋਂ ਦਿਤੀ ਗਈ।

ਇਸ ਕੇਂਦਰ ਵਿਖੇ ਇਕ ਵਡਾ ਹਾਲ ਅਤੇ 7 ਕਮਰੇ, ਗੁਸਲਖਾਨੇ ਆਦਿ ਤਿਆਰ ਹੋ ਚੁਕੇ ਹਨ, ਇਸ ਸਮੇਂ 5 ਨੇਤਰਹੀਨ ਲੜਕੀਆਂ ਦਾਖਲ ਹਨ, ਇਨ੍ਹਾਂ ਦੇ ਹਰ ਤਰ੍ਹਾਂ ਦੇ ਖਰਚ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਇਨ੍ਹਾਂ ਨੂੰ ਬਰੇਲ ਦੀ ਸਿਖਲਾਈ, ਸੰਗੀਤ ਦੀ ਸਿਖਲਾਈ ਅਤੇ ਕੇਨਿੰਗ ਦੀ ਸਿਖਲਾਈ ਕਰਵਾਈ ਜਾਂਦੀ ਹੈ। ਕੇਂਦਰ ਵਿਖੇ ਟੈਲੀਫੋਨ ਨੰ: 8314 ਹੈ। ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿਸ ਕਿਸੇ ਨੂੰ ਕਿਸੇ ਨੇਤਰਹੀਨ ਬੱਚੀ ਇਸਤਰੀ ਦਾ ਪਤਾ ਲਗੇ ਉਹ ਉਸ ਨੂੰ ਇਸ ਕੇਂਦਰ ਵਿਚ ਦਾਖਲ ਕਰਵਾਉਣ ਦਾ ਉਪਰਾਲਾ ਕਰੇ ਤਾਂ ਜੋ ਉਸ ਦਾ ਜੀਵਨ ਸੁਧਰ ਸਕੇ।

ਹਰ ਮਾਈ ਭਾਈ ਨੂੰ ਪੁਰਜ਼ੋਰ ਸ਼ਬਦਾਂ ਵਿਚ ਅਪੀਲ ਕੀਤੀ ਜਾਂਦੀ ਹੈ ਕਿ ਇਸ ਕੇਂਦਰ ਦੇ ਨੇਤਰਹੀਨਾਂ ਦੀ ਹਾਲਤ ਵੇਖ ਕੇ ਤਸੱਲੀ ਕਰਨ ਅਤੇ ਵਧ ਤੋਂ ਵਧ ਸਹਾਇਤਾ ਦਿਤੀ ਜਾਵੇ। ਗਰੀਬਾਂ ਅਨਾਥਾ ਤੇਰਾ ਮਾਣਾ।

---

ਪ੍ਰਿੰਟ—ਗੁਰਦੁਆਰਾ ਪ੍ਰਿੰਟਿੰਗ ਪ੍ਰੈਸ 1–216, ਲਾਕਟ ਪ੍ਰਿੰਟਿੰਗ ਪ੍ਰੈਸ 217-420 ਅਤੇ ਗੁਰਸੇਵਕ ਪ੍ਰਿੰਟਿੰਗ ਪ੍ਰੈਸ 420–436 ਅੰਮ੍ਰਿਤਸਰ।

# ਧਰਮ ਬਿਨਾਂ ਸਭ ਦਲੇ ਮਲੇ ਹੈਂ

ਅੱਜ ਅਸੀਂ ਪਿਛਲੇ 45 ਸਾਲਾਂ ਤੋਂ ਆਪਣੇ ਰਾਜ ਅਭਿਮਾਨੀ ਅਖੌਤੀ ਪੰਥਕ ਦਲਾਂ ਦੇ ਰਾਜੇ ਮਹਾਰਾਜੇ, ਕਾਰਖਾਨੇਦਾਰ, ਮਾਇਆਧਾਰੀ ਅਤਿ ਅਨ੍ਹੇ ਬੋਲੇ, ਮਕਾਰ, ਪਖੰਡੀ, ਹੰਕਾਰੀ ਲੀਡਰਾਂ ਦੇ ਚਲਿਤਰ ਵੇਖ ਹੀ ਰਹੇ ਹਾਂ ਕਿ ਇਹ ਪੰਥਕ ਹਿੱਤਾਂ ਲਈ ਆਪਸੀ ਏਕਤਾ ਹੀ ਨਹੀਂ ਕਰ ਰਹੇ ਅਤੇ ਨਾ ਹੀ ਕੋਈ ਗੁਰਮਤਿ ਦੇ ਜੀਵਨ ਸੇਵਾ ਸਿਮਰਨ, ਕੁਰਬਾਨੀ, ਤਿਆਗ, ਸਰਬੱਤ ਦੇ ਭਲੇ, ਨਿਰਮਲ ਕਰਮ ਕਰਨ, ਰਾਜ ਕਰੇਗਾ ਖਾਲਸਾ, ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਛਕਾਉਣ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਘਰ ਘਰ ਪ੍ਰਕਾਸ਼ ਕਰਵਾਉਣ, ਗੁਰਬਾਣੀ ਦਾ ਸ਼ੁਧ ਪਾਠ ਕਰਨ ਸ਼ਬਦ ਕੀਰਤਨ ਦੀਆਂ ਕਲਾਸਾਂ ਲਗਾਉਣ, ਨਸ਼ਿਆਂ ਤੋਂ ਪਰਹੇਜ਼ ਕਰਵਾਉਣ, ਸਾਬਤ ਸੂਰਤ ਰਹਿਣ, ਗੁਰਮਤਿ ਅਤੇ ਇਤਿਹਾਸਕ ਲਿਟਰੇਚਰ ਛਾਪਣ ਅਤੇ ਘਰ ਘਰ ਵੰਡਣ ਦੀ ਸੇਵਾ ਨਿਸ਼ਕਾਮ ਤੌਰ ਤੇ ਕਰਨ, ਗਰੀਬਾਂ ਅਨਾਥਾਂ ਵਾਸਤੇ ਆਸ਼ਰਮ, ਕੰਮ ਧੰਦੇ ਰੋਜ਼ਗਾਰ ਦੇ ਸਾਧਨ ਜੁਟਾਉਣ ਵਲ ਕੋਈ ਧਿਆਨ ਹੀ ਨਹੀਂ ਦੇ ਰਿਹਾ। "ਅੰਧੇ ਧੇਈ ਨਾਨਕਾ ਖਸਮਹੁ ਘੁਥੇ ਜਾਹਿ।" (954)


ਸਾਨੂੰ ਇਹ ਵੀ ਵੇਖਣਾ ਹੈ ਕਿ ਹਰ ਮੁਸਲਮਾਨ ਆਪਣੇ ਘਰ ਵਿਚ ਕੁਰਾਨ ਰਖਣਾ, ਪੜ੍ਹਨਾ ਸਮਝਣਾ, ਨਮਾਜ਼, ਰੋਜ਼ੇ ਜ਼ਰੂਰੀ ਸਮਝਦਾ ਹੈ, ਸ਼ਰਾਬ ਤੋਂ ਨਫ਼ਰਤ ਕਰਦਾ ਹੈ, ਹਰ ਈਸਾਈ ਆਪਣੇ ਘਰ ਬਾਈਬਲ ਰਖਦਾ ਪੜ੍ਹਦਾ ਸਮਝਦਾ ਹੈ, ਇਹ ਆਪਣੇ ਧਰਮ ਦਾ ਪ੍ਰਚਾਰ ਹਰ ਦੇਸ਼ ਦੀ ਭਾਸ਼ਾ ਵਿਚ ਕਰਨਾ ਆਪਣਾ ਪਹਿਲਾ ਫਰਜ਼ ਸਮਝ ਕੇ ਕਰਦੇ ਹਨ।

ਅਸੀਂ ਕਿਸ ਤਰ੍ਹਾਂ ਦੇ ਸਿੱਖ ਹਾਂ ਕਿ ਇਲਾਹੀ ਗੁਰਬਾਣੀ ਧਰਮ ਕੇਂਦਰ, ਪੰਜਾਬੀ ਮਾਂ ਬੋਲੀ ਗੁਰੂ ਸਾਹਿਬਾਨ ਦੇ ਪਵਿਤਰ ਚਰਨਾ ਅਤੇ ਬੋਲਾਂ ਨਾਲ ਵਰੋਸਾਈ ਧਰਤੀ ਦਾ ਤਿਆਗ ਕਰਕੇ ਬਦੇਸ਼ਾਂ ਦੇ ਅਯਾਸੀ ਕਲਬਾਂ, ਭਰਿਸ਼ਟ, ਮਕਾਰ ਅਤੇ ਹੰਕਾਰੀ ਜੀਵਨ ਦੀ ਦੌੜ ਵਿੱਚ ਹਾਂ :—

"ਸੁਖੁ ਨਾਹੀ ਬਹੁਤੈ ਧਨਿ ਖਾਟੇ,
ਸੁਖੁ ਨਾਹੀ ਬਹੁ ਦੇਸ ਕਮਾਏ"। (1147)

"ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ" (1427)

ਅੱਜ ਹਰ ਮਾਈ ਭਾਈ ਨੂੰ ਆਪਣੇ ਗੌਰਵਮਈ ਵਿਰਸੇ ਦੇ ਪ੍ਰਚਾਰ ਲਈ ਸਹਿਯੋਗ ਦੇਣ ਦੀ ਲੋੜ ਹੈ ਤਾਂ ਹੀ ਘਰ ਘਰ ਤਕ ਪ੍ਰਚਾਰ ਹੋ ਸਕਦਾ ਹੈ।



B-1672

